
ਹਰਿ ਬੋਲੌ ਹਰਿ ਬੋਲ



ਓਸ਼ੋ

ਹਰਿ ਬੋਲੋ ਹਰਿ ਬੋਲ!


ਇਕ ਹੀ ਸੁਹੱਪਣ ਹੈ ਇਸ ਜਗਤ ਵਿਚ—ਪਰਮਾਤਮਾ ਦੀ ਤਲਾਸ਼ ਦਾ ਸੁਹੱਪਣ। ਇਕ ਹੀ ਪ੍ਰਸਾਦ ਹੈ ਇਸ ਜਗਤ ਵਿਚ—ਪਰਮਾਤਮਾ ਨੂੰ ਪਾਣ ਦੀ ਚਾਹਨਾ ਦਾ ਪ੍ਰਸਾਦ। ਧੰਨਭਾਗੀ ਹਨ ਉਹ, ਉਹ ਹੀ ਕੇਵਲ 'ਸੁੰਦਰ' ਹਨ, ਜਿਨ੍ਹਾਂ ਦੀਆਂ ਅੱਖਾਂ ਵਿਚ ਪਰਮਾਤਮਾ ਦੀ ਤਸਵੀਰ ਵਸਦੀ ਹੈ। ਤੁਹਾਡੀਆਂ ਅੱਖਾਂ ਸੁੰਦਰ ਨਹੀਂ ਹੁੰਦੀਆਂ ਹਨ; ਤੁਹਾਡੀਆਂ ਅੱਖਾਂ ਵਿਚ ਕੌਣ ਵਸਿਆ ਹੈ, ਉਸ ਵਿਚ ਸੁੰਦਰਤਾ ਹੁੰਦੀ ਹੈ। ਤੁਹਾਡੇ ਰੰਗ-ਰੂਪ ਵਿਚ ਕਿਸਦੀ ਚਾਹਤ ਵਸੀ ਹੈ, ਉਥੇ ਹੀ ਸੁੰਦਰਤਾ ਹੁੰਦੀ ਹੈ। ਅਤੇ ਤੁਹਾਨੂੰ ਵੀ ਕਦੇ ਕਦੇ ਲੱਗਿਆ ਹੋਵੇਗਾ ਕਿ ਪਰਮਾਤਮਾ ਦੀ ਖੋਜ ਵਿਚ ਚੱਲਣ ਵਾਲੇ ਆਦਮੀ ਵਿਚ ਅਨੋਖਾ ਸੁਹੱਪਣ ਪਰਗਟ ਹੋਣ ਲਗਦਾ ਹੈ। ਉਸਦੇ ਉਠਣ-ਬੈਠਣ ਵਿਚ, ਉਸਦੇ ਬੋਲਣ ਵਿਚ, ਉਸਦੇ ਚੁੱਪ ਹੋਣ ਵਿਚ, ਉਸਦੇ ਹੱਥ ਦੇ ਇਸ਼ਾਰਿਆਂ ਵਿਚ—ਇਕ ਸੁਹੱਪਣ ਪਰਗਟ ਹੋਣ ਲਗਦਾ ਹੈ, ਜੋ ਇਸ ਜਗਤ ਦਾ ਨਹੀਂ ਹੈ।

ਤੁਸੀਂ ਦੇਖੋ ਆਪਣੇ ਚਾਰੇ ਪਾਸੇ, ਜੋ-ਜੋ ਤੁਸੀਂ ਚਾਹੁੰਦੇ ਹੋ, ਦੂਜਿਆਂ ਨੂੰ ਮਿਲ ਗਿਆ ਹੈ। ਉਹਨਾਂ ਦੀ ਤੜਫ ਨਹੀਂ ਮਿਟੀ ਹੈ। ਤੁਹਾਡੀ ਵੀ ਤੜਫ ਨਹੀਂ ਮਿਟੇਗੀ। ਸਫਲ ਲੋਕਾਂ ਦੀਆਂ ਅਸਫਲਤਾਵਾਂ ਤਾਂ ਦੇਖੋ! ਧਨੀਆਂ ਦੀ ਨਿਰਧਨਤਾ ਤਾਂ ਦੇਖੋ! ਜਿਨ੍ਹਾਂ ਦੇ ਵੱਡੇ ਨਾਂ ਹਨ ਉਹਨਾਂ ਦੇ ਛੋਟੇ ਕੰਮ ਤਾਂ ਦੇਖੋ! ਜਿਨ੍ਹਾਂ ਨੇ ਕਿਸੇ ਤਰ੍ਹਾਂ ਆਪਣੀ ਪ੍ਰਸਿੱਧੀਆਂ ਬਣਾ ਲਈਆਂ, ਆਪਣੇ ਹੰਕਾਰ ਖੜ੍ਹੇ ਕਰ ਲਏ, ਉਹਨਾਂ ਦੇ ਅੰਦਰ ਦਾ ਖੋਖਲਾਪਣ ਤਾਂ ਦੇਖੋ ਤੁਸੀਂ?

ਅਕਸਰ ਲੋਕ ਇਉਂ ਹੀ ਜ਼ਿੰਦਗੀ ਗੁਜ਼ਾਰ ਰਹੇ ਹਨ। ਜੀਵਨ ਦਾ ਇੰਤਜ਼ਾਮ ਚਲਦਾ ਹੈ, ਜੀਵਨ ਦਾ ਅਨੁਭਵ ਕਿਥੇ? ਤੁਸੀਂ ਵੀ ਤੜਫ ਰਹੇ ਹੋ, ਸਾਰੀ ਦੁਨੀਆਂ ਤੜਫ ਰਹੀ ਹੈ, ਪਰ ਤੜਫ ਦਾ ਕਾਰਨ ਕੀ ਹੈ? ਜਿਹੜੇ ਜਾਣਦੇ ਹਨ ਉਹਨਾਂ ਤੋਂ ਪੁੱਛੋ। ਜਿਹੜੇ ਜਾਗ ਗਏ, ਉਹਨਾਂ ਤੋਂ ਪੁੱਛੋ।

ਸੁੰਦਰਦਾਸ ਦਾ ਹੱਥ ਫੜੋ। ਉਹ ਤੁਹਾਨੂੰ ਲੈ ਚੱਲਣਗੇ ਉਸ ਸਰੋਵਰ ਦੇ ਕੋਲ, ਜਿਸਦੀ ਇਕ ਘੁੱਟ ਵੀ ਸਦਾ ਲਈ ਤ੍ਰਿਪਤ ਕਰ ਜਾਂਦੀ ਹੈ...। ਲੇਕਿਨ ਬਸ ਸਰੋਵਰ ਦੇ ਕੋਲ ਲੈ ਚੱਲਣਗੇ, ਸਰੋਵਰ ਸਾਹਮਣੇ ਕਰ ਦੇਣਗੇ। ਚੂਲੀ ਤਾਂ ਤੁਹਾਨੂੰ ਬਣਾਉਣੀ ਪਏਗੀ ਆਪਣੀ। ਝੁਕਣਾ ਤਾਂ ਤੁਹਾਨੂੰ ਹੀ ਪਏਗਾ। ਪੀਣਾ ਤਾਂ ਤੁਹਾਨੂੰ ਹੀ ਪਏਗਾ...। ਅੱਪਰ ਜੇਕਰ ਸੁੰਦਰ ਨੂੰ ਸਮਝਿਆ ਤਾਂ ਰਾਹ ਵਿਚ ਉਹ ਪਿਆਸ ਨੂੰ ਜਗਾਉਂਦੇ ਚੱਲਣਗੇ। ਤੁਹਾਡੇ ਅੰਦਰ ਸੁੱਤੇ ਪਏ ਚਕੋਰ ਨੂੰ ਪੁਕਾਰਨਗੇ, ਜੋ ਚੰਦ ਨੂੰ ਦੇਖਣ ਲੱਗੇ। ਤੁਹਾਡੇ ਅੰਦਰ ਸੁੱਤੇ ਹੋਏ ਚਾਤ੍ਰਿਕ ਨੂੰ ਜਗਾਉਣਗੇ, ਜਿਹੜਾ ਸਵਾਤੀ ਦੀ ਬੂੰਦ ਦੀ ਖ਼ਾਤਰ ਤੜਫਣ ਲੱਗੇ। ਤੁਹਾਨੂੰ ਸਮਝਾਉਣਗੇ ਕਿ ਤੁਸੀਂ ਮੱਛੀ ਦੇ ਵਾਂਗ ਹੋ ਜਿਸਦਾ ਸਾਗਰ ਖੋ ਗਿਆ ਹੈ ਅਤੇ ਜੋ ਕੰਢੇ ਉਤੇ ਤੜਫ ਰਹੀ ਹੈ।

ਹਰਿ ਬੋਲੋ ਹਰਿ ਬੋਲ!



ਭਗਵਾਨ ਸ਼੍ਰੀ ਰਜਨੀਸ਼ ਹੁਣ ਸਿਰਫ ਓਸ਼ੋ ਦੇ ਨਾਉਂ ਨਾਲ ਜਾਣੇ ਜਾਂਦੇ ਹਨ। ਓਸ਼ੋ ਦੇ ਮੁਤਾਬਕ ਉਹਨਾਂ ਦਾ ਨਾਉਂ ਵਿਲੀਅਮ ਜੇਮਜ਼ ਦੇ ਸ਼ਬਦ 'ਓਸ਼ਨਿਕ' ਦੀ ਉਪਜ ਹੈ ਜਿਸ ਦਾ ਅਰਥ ਹੈ ਸਮੁੰਦਰ ਵਿਚ ਸਮਾ ਜਾਣਾ।

ਓਸ਼ਨਿਕ ਤੋਂ ਅਨੁਭਵ ਦੇ ਅਰਥ ਤਾਂ ਨਿਕਲਦੇ ਹੀ ਹਨ ਪ੍ਰੰਤੂ ਉਹ ਕਹਿੰਦੇ ਹਨ ਕਿ ਅਨੁਭਵੀ ਦੇ ਬਾਰੇ ਕੀ ਕਿਹਾ ਜਾ ਸਕਦਾ ਹੈ। ਉਹਦੇ ਵਾਸਤੇ ਅਸੀਂ ਓਸ਼ੋ ਸ਼ਬਦ ਦਾ ਇਸਤੇਮਾਲ ਕਰਦੇ ਹਾਂ। ਬਾਅਦ ਵਿਚ ਉਹਨਾਂ ਨੂੰ ਪਤਾ ਚੱਲਿਆ ਕਿ ਇਤਿਹਾਸਕ ਤੌਰ 'ਤੇ ਪੂਰਬ ਵਿਚ ਵੀ ਓਸ਼ੋ ਸ਼ਬਦ ਵਰਤਿਆ ਜਾਂਦਾ ਰਿਹਾ ਹੈ ਜਿਸ ਤੋਂ ਭਾਵ ਹੈ ਬੁੱਧਤਵ ਨੂੰ ਪਹੁੰਚਿਆ ਹੋਇਆ ਵਿਅਕਤੀ ਜਿਸ ਉਤੇ ਅੰਬਰ ਫੁੱਲਾਂ ਦਾ ਮੀਂਹ ਵਰ੍ਹਾਉਂਦਾ ਹੈ।

ਕੀ ਕਿਥੇ ਹੈ ਪ੍ਰੇਮੀਓ!

HARI BOLO HARI BOL

OSHO

ਪੰਜਾਬੀ ਰੂਪ : ਸੁਆਮੀ ਜੀਵਨ ਰਸਵੰਤ

ਸੰਪਾਦਨ : ਸੁਆਮੀ ਅਨੁਰਾਗ ਅੰਮ੍ਰਿਤ

ਸਹਿਯੋਗ ਕਰਤਾ : ਸੁਆਮੀ ਅਮਾਨੋ ਸੁਰਧਾਮ

ਪ੍ਰਕਾਸ਼ਕ : ਜ਼ੋਰਬਾ ਪਬਲੀਕੇਸ਼ਨਜ਼,
1620, ਕਰੀਮਪੁਰਾ, ਲੁਧਿਆਣਾ-141 008

ਥੋਕ ਵਿਕਰੇਤਾ : ਨਈਅਰ ਬੁੱਕ ਸ਼ਾਪ, ਸਾਹਮਣੇ ਲੋਕਲ ਬਸ ਸਟੈਂਡ,
ਨੇੜੇ ਲਕਸ਼ਮੀ ਸਿਨੇਮਾ, ਲੁਧਿਆਣਾ

ਪਹਿਲਾ ਐਡੀਸ਼ਨ : 1998

ਮੁੱਲ : 230 ਰੁਪਏ

ਕੰਪਿਊਟਰ ਟਾਈਪਸੈਟਿੰਗ : ਜ਼ੋਰਬਾ ਗ੍ਰਾਫਿਕਸ ਐਂਡ ਲੇਜ਼ਰ ਟਾਈਪਸੈਟਿੰਗ
ਲੁਧਿਆਣਾ।

ਛਾਪਕ : ਸਰਤਾਜ ਪ੍ਰੈੱਸ, ਜਲੰਧਰ

ਮੁਖ ਵਾਕ

ਸੰਤ ਸੁੰਦਰਦਾਸ ਦਾਦੂ ਦੇ ਸ਼ਿਸ਼ ਸਨ। ਓਸ਼ੋ ਦਾ ਕਹਿਣਾ ਹੈ ਦਾਦੂ ਨੇ ਬਹੁਤ ਲੋਕ ਜਾਗ੍ਰਤ ਕੀਤੇ। ਦਾਦੂ ਮਹਾਂਗੁਰੂਆਂ ਵਿਚੋ ਇਕ ਹਨ। ਜਿੰਨੇ ਵਿਅਕਤੀ ਦਾਦੂ ਤੋਂ ਜਾਗੇ ਉੱਨੇ ਭਾਰਤੀ ਸੰਤਾਂ ਵਿਚੋਂ ਕਿਸੇ ਤੋਂ ਨਹੀਂ ਜਾਗੇ।

ਸੁੰਦਰਦਾਸ ਉਤੇ ਉਹਨਾਂ ਦੇ ਬਾਲਪੁਣੇ ਵਿਚ ਹੀ ਦਾਦੂ ਦੀ ਕਿਰਪਾ ਹੋਈ। ਦਾਦੂ ਦਾ ਸੁੰਦਰਦਾਸ ਦੇ ਪਿੰਡ ਧੌਸਾ ਵਿਚ ਆਉਣਾ ਹੋਇਆ। ਸੁੰਦਰਦਾਸ ਨੇ ਉਸ ਅਪੂਰਵ ਛਿਨ ਦਾ ਜ਼ਿਕਰ ਇਹਨਾਂ ਸ਼ਬਦਾਂ ਵਿਚ ਕੀਤਾ ਹੈ—

ਦਾਦੂ ਜੀ ਜਬ ਧੌਸਾ ਆਏ
ਬਾਲਪਨ ਹਮ ਦਰਸਨ ਪਾਏ।
ਤਿਨਕੇ ਚਰਨਨਿ ਨਾਯੋ ਮਾਥਾ
ਉਨ ਦੀਯੋ ਮੇਰੇ ਸਿਰ ਹਾਥਾ।

ਇਹ ਕ੍ਰਾਂਤੀ ਦਾ ਛਿਨ ਜਦ ਸੁੰਦਰ ਦੀ ਜ਼ਿੰਦਗੀ ਵਿਚ ਆਇਆ ਤਦ ਉਹ ਸੱਤ ਸਾਲ ਦੇ ਹੀ ਸਨ। ਸੱਤ ਸਾਲ ! ਲੋਕ ਹਨ ਕਿ ਸੱਤਰ ਸਾਲ ਦੇ ਹੋ ਜਾਂਦੇ ਹਨ ਤਾਂ ਵੀ ਸੰਨਿਆਸੀ ਨਹੀਂ ਹੁੰਦੇ। ਯਕੀਨਨ ਹੀ ਅਪੂਰਵ ਪ੍ਰਤਿਭਾ ਰਹੀ ਹੋਵੇਗੀ। ਸੁੰਦਰ ਦੀ !

ਓਸ਼ੋ ਦਾ ਕਹਿਣਾ ਹੈ—

ਦਾਦੂ ਧੌਸਾ ਗਏ, ਵਧੇਰੇ ਸੰਭਾਵਨਾ ਇਹੀ ਹੈ ਕਿ ਸੁੰਦਰਦਾਸ ਦੇ ਲਈ ਗਏ। ਇਹੀ ਇਕ ਹੀਰਾ ਸੀ ਉਥੇ ਜਿਸਦੀ ਚਮਕ ਦਾਦੂ ਤਕ ਪਹੁੰਚ ਰਹੀ ਹੋਵੇਗੀ; ਜੋ ਪੱਥਰਾਂ ਦੇ ਦਰਮਿਆਨ ਰੋਸ਼ਨ ਦੀਵੇ ਦੀ ਤਰ੍ਹਾਂ ਮਲੂਮ ਪੈ ਰਿਹਾ ਹੋਵੇਗਾ।

ਸੁੰਦਰਦਾਸ ਨੇ ਕਿਹਾ ਹੈ—

ਸੁੰਦਰ ਸਤਗੁਰੁ ਆਪਨੈਂ, ਕਿਯਾ ਅਨੁਗ੍ਰਹ ਆਇ।
ਮੋਹ ਨਿਸਾ ਮੇਂ ਸੋਵਤੇ, ਹਮਕੋ ਲਿਯਾ ਜਗਾਇ॥

ਦਾਦੂ ਨੇ ਦੇਖ ਲਈ ਹੋਵੇਗੀ ਝਲਕ। ਚੁੱਕ ਲਿਆ ਹੋਵੇਗਾ ਇਸ ਬੱਚੇ ਨੂੰ ਹੀਰੇ ਦੀ ਤਰ੍ਹਾਂ। ਅਤੇ ਹੀਰੇ ਦੀ ਤਰ੍ਹਾਂ ਸੁੰਦਰ ਨੂੰ ਸੰਭਾਲਿਆ। ਇਸਲਈ 'ਸੁੰਦਰ' ਨਾਂ ਦਿਤਾ ਉਸਨੂੰ। ਸੁੰਦਰ ਹੀ ਰਿਹਾ ਹੋਵੇਗਾ ਬੱਚਾ।

ਇਕ ਹੀ ਸੁੰਦਰਤਾ ਹੈ ਇਸ ਜਗਤ ਵਿਚ—ਪਰਮਾਤਮਾ ਦੀ ਖੋਜ ਦੀ ਸੁੰਦਰਤਾ।

ਇਕ ਹੀ ਪ੍ਰਸਾਦ ਹੈ ਇਸ ਜਗਤ ਵਿਚ—ਪਰਮਾਤਮਾ ਨੂੰ ਪਾਣ ਦੀ ਚਾਹਨਾ ਦਾ ਪ੍ਰਸਾਦ।

ਧੰਨਭਾਗੀ ਹਨ ਉਹ—ਉਹ ਹੀ ਸਿਰਫ ਸੁੰਦਰ ਹਨ—ਜਿਨ੍ਹਾਂ ਦੀਆਂ ਅੱਖਾਂ ਵਿਚ ਪਰਮਾਤਮਾ ਦੀ ਤਸਵੀਰ

ਵੱਸਦੀ ਹੈ।

ਤੁਹਾਡੀਆਂ ਅੱਖਾਂ ਸੁੰਦਰ ਨਹੀਂ ਹੁੰਦੀਆਂ ਹਨ; ਤੁਹਾਡੀਆਂ ਅੱਖਾਂ ਵਿਚ ਕੌਣ ਵਸਿਆ ਹੈ, ਉਸ ਵਿਚ ਸੁੰਦਰਤਾ ਹੁੰਦੀ ਹੈ।

ਤੁਹਾਡਾ ਰੰਗ–ਰੂਪ ਸੁਦੰਰ ਨਹੀਂ ਹੁੰਦਾ; ਤੁਹਾਡੇ ਰੰਗ–ਰੂਪ ਵਿਚ ਕਿਸਦੀ ਚਾਹਤ ਵਸੀ ਹੈ, ਉਸ ਵਿਚ ਸੁੰਦਰਤਾ ਹੁੰਦੀ ਹੈ।

ਅਤੇ ਤੁਹਾਨੂੰ ਵੀ ਕਦੇ–ਕਦੇ ਲੱਗਿਆ ਹੋਵੇਗਾ ਕਿ ਪਰਮਾਤਮਾ ਦੀ ਖੋਜ ਵਿਚ ਚੱਲਣ ਵਾਲੇ ਆਦਮੀ ਵਿਚ ਇਕ ਅਪੂਰਵ ਸੁਹੱਪਣ ਪਰਗਟ ਹੋਣ ਲਗਦਾ ਹੈ। ਉਸਦੇ ਉਠਣ–ਬੈਠਣ ਵਿਚ, ਉਸਦੇ ਬੋਲਣ ਵਿਚ, ਉਸਦੇ ਚੁੱਪ ਹੋਣ ਵਿਚ, ਉਸ ਦੀਆਂ ਅੱਖਾਂ ਵਿਚ, ਉਸਦੇ ਹੱਥ ਦੇ ਇਸ਼ਾਰਿਆਂ ਵਿਚ—ਇਕ ਸੁਹੱਪਣ ਪਰਗਟ ਹੋਣ ਲਗਦਾ ਹੈ, ਜੋ ਇਸ ਜਗਤ ਦਾ ਨਹੀਂ ਹੈ।

'ਹਰਿ ਬੋਲੌ ਹਰਿ ਬੋਲ' ਵਿਚ ਸੰਗ੍ਰਹਿ ਇਹ ਦਸ ਪ੍ਰਵਚਨ ਉਸ ਅਪੂਰਵ ਸੁਹੱਪਣ ਦੇ ਵੱਲ ਨਿਓਂਦਾ ਹਨ—ਉਹਨਾਂ ਨੂੰ ਜਿਨ੍ਹਾਂ ਦੇ ਹਿਰਦੇ ਵਿਚ ਇਸਦੀ ਪਿਆਸ ਜਾਗੀ ਹੈ ਅਤੇ ਜਿਹੜੇ ਇਸ ਪਿਆਸ ਦੀ ਖ਼ਾਤਰ ਜ਼ਿੰਦਗੀ ਨੂੰ ਦਾਅ 'ਤੇ ਲਾ ਸਕਦੇ ਹਨ।

'ਸੁੰਦਰਦਾਸ ਦਾ ਹੱਥ ਫੜੋ। ਉਹ ਤੁਹਾਨੂੰ ਲੈ ਚੱਲਣਗੇ ਉਸ ਸਰੋਵਰ ਦੇ ਕੋਲ, ਜਿਸਦੀ ਇਕ ਘੁੱਟ ਵੀ ਸਦਾ ਲਈ ਤ੍ਰਿਪਤ ਕਰ ਜਾਂਦੀ ਹੈ।...ਲੇਕਿਨ ਬਸ ਸਰੋਵਰ ਦੇ ਕੋਲ ਲੈ ਚੱਲਣਗੇ, ਸਰੋਵਰ ਸਾਹਮਣੇ ਕਰ ਦੇਣਗੇ। ਚੂਲੀ ਤਾਂ ਤੁਹਾਨੂੰ ਬਣਾਉਣੀ ਪਏਗੀ ਆਪਣੀ। ਝੁਕਣਾ ਤਾਂ ਤੁਹਾਨੂੰ ਹੀ ਪਏਗਾ। ਪੀਣਾ ਤਾਂ ਤੁਹਾਨੂੰ ਹੀ ਪਏਗਾ।...ਅੱਪਰ ਜੇਕਰ ਸੁੰਦਰ ਨੂੰ ਸਮਝਿਆ ਤਾਂ ਰਾਹ ਵਿਚ ਵੀ ਉਹ ਪਿਆਸ ਨੂੰ ਜਗਾਉਂਦੇ ਚੱਲਣਗੇ। ਤੁਹਾਡੇ ਅੰਦਰ ਸੁੱਤੇ ਪਏ ਚਕੋਰ ਨੂੰ ਪੁਕਾਰਨਗੇ, ਜੋ ਚੰਦ ਨੂੰ ਦੇਖਣ ਲੱਗੇ। ਤੁਹਾਡੇ ਅੰਦਰ ਸੁੱਤੇ ਹੋਏ ਚਾਤ੍ਰਿਕ ਨੂੰ ਜਗਾਉਣਗੇ, ਜਿਹੜਾ ਸਵਾਤੀ ਦੀ ਬੂੰਦ ਦੀ ਖ਼ਾਤਰ ਤੜਫਣ ਲੱਗੇ। ਤੁਹਾਨੂੰ ਸਮਝਾਉਣਗੇ ਕਿ ਤੁਸੀਂ ਮੱਛੀ ਦੇ ਵਾਂਗ ਹੋ ਜਿਸਦਾ ਸਾਗਰ ਖੋ ਗਿਆ ਹੈ ਅਤੇ ਜੋ ਕੰਢੇ ਉਤੇ ਤੜਫ ਰਹੀ ਹੈ।'

—ਓਸ਼ੋ

ਓਸ਼ੋ ਦਾ ਪੰਜਾਬੀ ਸਾਹਿਤ

1. ਇਕ ਵੱਡੀ ਵੰਗਾਰ (ਮਨੁੱਖ ਦਾ ਸੁਨਹਿਰਾ ਭਵਿੱਖ)
2. ਪੰਡਤ, ਪ੍ਰੋਹਿਤ ਤੇ ਰਾਜਨੇਤਾ (ਮਾਨਵ ਆਤਮਾ ਦੇ ਲੁਟੇਰੇ)
3. ਕੀ ਈਸ਼ਵਰ ਮਰ ਗਿਆ ਹੈ?
4. ਨਹੀਂ ਜੋਗ ਨਹੀਂ ਜਾਪ (ਕਬੀਰ ਬਾਣੀ)
5. ਗੁਰੂ ਗੋਬਿੰਦ ਦੋਊ ਖੜ੍ਹੇ (ਕਬੀਰ ਬਾਣੀ)
6. ਹੀਰਾ ਪਾਇਓ ਗਾਂਠ ਗਠਿਆਇਓ (ਕਬੀਰ ਬਾਣੀ)
7. ਤੇਰਾ ਸਾਈਂ ਤੁਝ ਮੇਂ (ਕਬੀਰ ਬਾਣੀ)
8. ਸੁਨੋ ਭਾਈ ਸਾਧੋ (ਕਬੀਰ ਬਾਣੀ ਡੀਲਕਸ ਐਡੀਸ਼ਨ)
9. ਐਸੀ ਭਗਤਿ ਕਰੇ ਰੈਦਾਸਾ (ਰਵਿਦਾਸ ਬਾਣੀ)
10. ਛੱਡ ਖਾਹਿਸਾਂ ਜੱਗ ਜਹਾਨ ਕੂੜਾ (ਬੁੱਲ੍ਹੇ ਸ਼ਾਹ ਦੀਆਂ ਕਾਫੀਆਂ)
11. ਧਿਆਨ ਯੋਗ (ਧਿਆਨ ਵਿਧੀਆਂ 'ਤੇ ਆਧਾਰਤ)
12. ਧਿਆਨ ਸੂਤਰ
13. ਜਿਨ ਖੋਜਾ ਤਿਨ ਪਾਇਆ ਗਹਿਰੇ ਪਾਨੀ ਪੈਠ
14. ਸਾਧਨਾ ਪਥ
15. ਸੱਚ ਦੀ ਖੋਜ
16. ਅੰਤਰਯਾਤਰਾ
17. ਕੁੰਡਲਿਨੀ ਜਾਗਰਣ ਅਤੇ ਸ਼ਕਤੀਪਾਤ
18. ਸੰਭੋਗ ਤੋਂ ਸਮਾਧੀ ਵੱਲ
19. ਮੈਂ ਮੌਤ ਸਿਖਾਉਂਦਾ ਹਾਂ
20. ਗੁਰੂ ਪਰਤਾਪ ਸਾਧ ਕੀ ਸੰਗਤਿ (ਭੀਖਾ ਬਾਣੀ ਡੀਲਕਸ ਐਡੀਸ਼ਨ)
21. ਭਾਰਤ ਦੇ ਭਖਦੇ ਮਸਲੇ
22. ਮੈਂ ਧਾਰਮਕਤਾ ਸਿਖਾਂਦਾ ਹਾਂ ਧਰਮ ਨਹੀਂ
23. ਹਸਿਬਾ ਖੇਲਿਬਾ ਧਰਿਬਾ ਧਿਆਨਮ
24. ਧਰਮ ਅਤੇ ਰਾਜਨੀਤੀ
25. ਪੀਵਤ ਰਾਮਰਸ ਲਗੀ ਖ਼ੁਮਾਰੀ
26. ਸਾਧੂ, ਅਸਾਧੂ ਅਤੇ ਸੰਤ
27. ਮੈਂ ਕਹਿਤਾ ਆਂਖਨ ਦੇਖੀ
28. ਗਹਿਰੇ ਪਾਨੀ ਪੈਠ
29. ਕ੍ਰਾਂਤੀ ਸੂਤਰ
30. ਸੰਨਿਆਸ ਅਤੇ ਸੰਸਾਰ
31. ਨਾਨਕ ਦੁਖੀਆ ਸਭ ਸੰਸਾਰ
32. ਕਹੈ ਕਬੀਰ ਦੀਵਾਨਾ (ਕਬੀਰ-ਬਾਣੀ ਡੀਲਕਸ ਐਡੀਸ਼ਨ)
33. ਸਾਧਨਾ ਸੂਤਰ
34. ਪ੍ਰਭੂ ਦੁਆਰ
35. ਧਿਆਨ ਦਰਸ਼ਨ
36. ਹਰਿ ਬੋਲੌ ਹਰਿ ਬੋਲ
37. ਇਕ ਇਕ ਕਦਮ

1

ਨੀਰ ਬਿਨੁ ਮੀਨ ਦੁਖੀ

ਨੀਰ ਬਿਨੁ ਮੀਨ ਦੁਖੀ, ਛੀਰ ਬਿਨੁ ਸ਼ਿਸ਼ੁ ਜੈਸੇ,
ਪੀਰ ਜਾਕੇ ਔਸ਼ਧ ਬਿਨੁ ਕੈਸੇ ਰਹਯੋ ਜਾਤ ਹੈ।
ਚਾਤਕ ਜਿਓਂ ਸਵਾਤਿ ਬੂੰਦ, ਚੰਦ ਕੋ ਚਕੋਰ ਜੈਸੇ,
ਚੰਦਨ ਕੀ ਚਾਹਿ ਕਰਿ ਸਰਪ ਅਕੁਲਾਤ ਹੈ।
ਨਿਰਧਨ ਜਿਓਂ ਧਨ ਚਾਹੇ, ਕਾਮਿਨੀ ਕੋ ਕੰਤ ਚਾਹੇ,
ਐਸੀ ਜਾਕੋ ਚਾਹ ਤਾਕੋ ਕਛੂ ਨਾ ਸੁਹਾਤ ਹੈ।
ਪ੍ਰੇਮ ਕੋ ਪ੍ਰਭਾਵ ਐਸੋ, ਪ੍ਰੇਮ ਤਹਾਂ ਨੇਮ ਕੈਸੋ,
ਸੁੰਦਰ ਕਹਤ ਯਹ ਪ੍ਰੇਮ ਹੀ ਕੀ ਬਾਤ ਹੈ।

ਪ੍ਰੇਮ ਭੱਕਤਿ ਯਹ ਮੈਂ ਕਹੀ, ਜਾਨੈ ਬਿਰਲਾ ਕੋਇ।
ਹ੍ਰਿਦਯ ਕਲੁਸ਼ਤਾ ਕਿਓਂ ਰਹੈ, ਜਾ ਘਟ ਐਸੀ ਹੋਇ।।
ਸਤੱਯ ਸੁ ਦੋਇ ਪ੍ਰਕਾਰ, ਏਕ ਸੱਤਯ ਜੋ ਬੋਲਿਯੇ।
ਮਿੱਥਯਾ ਸਬ ਸੰਸਾਰ, ਦੂਸਰ ਸੱਤਯ ਸੁ ਬ੍ਰੱਹਮ ਹੈ।।

ਸੁੰਦਰ ਦੇਖਾ ਸੋਧਿਕੈ, ਸਬ ਕਾਹੂ ਕਾ ਗਿਆਨ।
ਕੋਈ ਮਨ ਮਾਨੈ ਨਹੀਂ, ਬਿਨਾ ਨਿਰੰਜਨ ਧਿਆਨ।।
ਸ਼ਟ ਦਰਸਨ ਹਮ ਖੋਜਿਯਾ, ਯੋਗੀ ਜੰਗਮ ਸ਼ੇਖ।
ਸੰਨਿਆਸੀ ਅਰੁ ਸੇਵੜਾ, ਪੰਡਿਤ ਭੱਕਤਾ ਭੇਖ।।

ਤੋ ਭੱਕਤ ਨਾ ਭਾਵੈਂ, ਦੂਰਿ ਬਤਾਵੈਂ, ਤੀਰਥ ਜਾਵੈਂ, ਫਿਰਿ ਆਵੈਂ।
ਜੀ ਕ੍ਰਿਤ੍ਰਿਮ ਗਾਵੈਂ, ਪੂਜਾ ਲਾਵੈਂ, ਝੂਠ ਦਿੜ੍ਹਾਵੈਂ, ਬਹਿਕਾਵੈਂ।।
ਅਰੁਮਾਲਾ ਨਾਵੈਂ, ਤਿਲਕ ਬਨਾਵੈਂ, ਕਿਓਂ ਪਾਵੈਂ ਗੁਰੂ ਬਿਨ ਗੈਲਾ।
ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ।।

ਹਰਿ ਬੋਲੌ ਹਰਿ ਬੋਲ !...ਬੋਲਣ-ਯੋਗ ਕੁਝ ਹੋਰ ਹੈ ਵੀ ਨਹੀਂ, ਨਾ ਸੁਣਨ-ਯੋਗ ਕੁਝ ਹੋਰ ਹੈ। ਬੋਲੋ ਤਾਂ ਹਰਿ ਬੋਲੋ, ਚੁੱਪ ਰਹੋ ਤਾਂ ਹਰਿ ਵਿਚ ਹੀ ਚੁੱਪ ਰਹੋ। ਅੰਦਰ ਜਾਂਦਾ ਸਾਹ ਹਰਿ ਵਿਚ ਡੁੱਬਿਆ ਹੋਵੇ, ਬਾਹਰ ਜਾਂਦਾ ਸਾਹ ਹਰਿ ਵਿਚ ਡੁੱਬਿਆ ਹੋਵੇ। ਉਠੋ ਤਾਂ ਹਰਿ ਵਿਚ, ਸੌਂਵੋ ਤਾਂ ਹਰਿ ਵਿਚ। ਜਦ ਹਰਿ ਤੁਹਾਨੂੰ ਸਭ ਤਰਫ ਤੋਂ ਘੇਰ ਲਵੇ, ਜਦ ਹਰਿ ਤੁਹਾਡੀ ਪਰਕਰਮਾ ਕਰੇ, ਜਦ ਤੁਸੀਂ ਹਰਿ ਦਾ ਵਾਸਾ ਹੋ ਜਾਵੋ... ਜਾਗਣ ਵਿਚ ਉਹੀ ਤੁਹਾਡੀ ਦ੍ਰਿਸ਼ਟੀ ਵਿਚ ਹੋਵੇ, ਸੁਫਨੇ ਵਿਚ ਉਹੀ ਤੁਹਾਡਾ ਸੁਫਨਾ ਵੀ ਬਣੇ, ਤੁਹਾਡਾ ਰੋਮ-ਰੋਮ ਉਸੇ ਵਿਚ ਗੜੂੰਦ ਹੋ ਜਾਵੇ, ਤੁਹਾਡੇ ਕੋਲ ਜਗ੍ਹਾ ਵੀ ਨਾ ਬਚੇ ਜੋ ਉਸਦੇ ਇਲਾਵਾ ਕਿਸੇ ਹੋਰ ਨੂੰ ਸਮੋ ਲਵੇ-ਜਦ ਅਜੇਹਾ ਹਰਿ ਵਿਆਪਤ ਹੋ ਜਾਂਦਾ ਹੈ ਤਦੇ ਮਿਲਦਾ ਹੈ।

ਥੋੜ੍ਹੀ ਵੀ ਜਗ੍ਹਾ ਰਹੀ ਹਰਿ ਨਾਲੋਂ ਗੈਰ-ਭਰੀ ਤਾਂ ਤੁਸੀਂ ਸੰਸਾਰ ਬਣਾ ਲਵੋਗੇ। ਅਤੇ ਇਕ ਛੋਟੀ-ਜਿਹੀ ਬੂੰਦ ਸੰਸਾਰ ਦਾ ਸਾਗਰ ਬਣ ਜਾਂਦੀ ਹੈ। ਇਕ ਛੋਟਾ-ਜਿਹਾ ਬੀਜ, ਵਿਗਿਆਨਕ ਆਖਦੇ ਹਨ, ਪੂਰੀ ਪ੍ਰਿਥਵੀ ਨੂੰ ਹਰਿਆਵਲ ਨਾਲ ਭਰ ਸਕਦਾ ਹੈ। ਇਕ ਛੋਟਾ-ਜਿਹਾ ਬੀਜ, ਜਿਥੇ ਤੁਹਾਡੇ ਅੰਦਰ ਹਰਿ ਨਹੀਂ ਹੈ, ਕਾਫੀ ਹੈ ਤੁਹਾਨੂੰ ਭਟਕਾਣ ਨੂੰ, ਜਨਮਾਂ-ਜਨਮਾਂ ਤਕ ਭਟਕਾਣ ਨੂੰ।

ਹਰਿ ਦੇ ਇਲਾਵਾ ਕੁਝ ਹੋਰ ਨਾ ਬਚੇ, ਅਜੇਹੀ ਇਸ ਨਵੀਂ ਯਾਤਰਾ ਉਤੇ ਸੁੰਦਰਦਾਸ ਦੇ ਨਾਲ ਅਸੀਂ ਚੱਲਾਂਗੇ। ਸੰਤਾਂ ਵਿਚ... ਕਵਿਤਾਵਾਂ ਤਾਂ ਬਹੁਤ ਸੰਤਾਂ ਨੇ ਕੀਤੀਆਂ ਹਨ, ਔਪਰ ਕਾਵਿ ਦੇ ਹਿਸਾਬ ਨਾਲ ਸੁੰਦਰਦਾਸ ਨੂੰ ਹੀ ਸਿਰਫ ਕਵੀ ਕਿਹਾ ਜਾ ਸਕਦਾ ਹੈ। ਬਾਕੀਆਂ ਦੇ ਕੋਲ ਕੁਝ ਗਾਣ ਨੂੰ ਸੀ, ਤਾਂ ਗਾਇਆ ਹੈ। ਪਰ ਸੁੰਦਰਦਾਸ ਦੇ ਕੋਲ ਕੁਝ ਗਾਣ ਨੂੰ ਵੀ ਹੈ ਅਤੇ ਗਾਣ ਦੀ ਕਲਾ ਵੀ ਹੈ। ਸੁੰਦਰਦਾਸ ਇਕੱਲੇ, ਸਾਰੇ ਨਿਰਗੁਣ ਸੰਤਾਂ ਵਿਚ, ਮਹਾਂਕਵੀ ਦੀ ਪਦਵੀ ਉਤੇ ਸੁਸ਼ੋਭਤ ਹੋ ਸਕਦੇ ਹਨ। ਜੋ ਕਿਹਾ ਹੈ ਉਹ ਤਾਂ ਅਪੂਰਵ ਹੈ ਹੀ; ਜਿਵੇਂ ਕਿਹਾ ਹੈ, ਉਹ ਵੀ ਅਪੂਰਵ ਹੈ। ਸੰਦੇਸ਼ ਤਾਂ ਪਿਆਰਾ ਹੈ ਹੀ, ਸੰਦੇਸ਼ ਦੇ ਸ਼ਬਦ-ਸ਼ਬਦ ਵੀ ਬੜੇ ਬਹੁਮੁੱਲੇ ਹਨ।

ਤੁਸੀਂ ਇਕ ਮਹੱਤਵਪੂਰਨ ਮੁਹਿੰਮ ਉਤੇ ਨਿਕਲ ਰਹੇ ਹੋ। ਇਸ ਤੋਂ ਪਹਿਲਾਂ ਕਿ ਅਸੀਂ ਸੁੰਦਰਦਾਸ ਦੇ ਸੂਤਰਾਂ ਵਿਚ ਉਤਰਨਾ ਸ਼ੁਰੂ ਕਰੀਏ... ਅਤੇ ਪੌੜੀ-ਪੌੜੀ ਤੁਹਾਨੂੰ ਬੜੀਆਂ ਗਹਿਰਾਈਆਂ ਵਿਚ ਉਹ ਸੂਤਰ ਲੈ ਜਾਣਗੇ। ਐਨ ਜਲ-ਸੋਮੇ ਤਕ ਪੁਜਾ ਦੇਣਗੇ। ਪੀਣਾ ਹੋਵੇ ਤਾਂ ਪੀ ਲੈਣਾ। ਕਿਉਂਕਿ ਸੰਤ ਕੇਵਲ ਪਿਆਸ ਜਗਾ ਸਕਦੇ ਹਨ। ਕਹਾਵਤ ਹੈ ਨਾ, ਘੋੜੇ ਨੂੰ ਨਦੀ ਲੈ ਜਾ ਸਕਦੇ ਹੋ, ਘੋੜੇ ਨੂੰ ਪਾਣੀ ਦਿਖਾ ਸਕਦੇ ਹੋ, ਲੇਕਿਨ ਪਾਣੀ ਪਿਆ ਨਹੀਂ ਸਕਦੇ।

ਸੁੰਦਰਦਾਸ ਦਾ ਹੱਥ ਫੜੋ। ਉਹ ਤੁਹਾਨੂੰ ਲੈ ਚੱਲਣਗੇ ਉਸ ਸਰੋਵਰ ਦੇ ਕੋਲ, ਜਿਸਦੀ ਇਕ ਘੁੱਟ ਵੀ ਸਦਾ ਲਈ ਤ੍ਰਿਪਤ ਕਰ ਦਿੰਦੀ ਹੈ। ਪਰ ਬਸ ਸਰੋਵਰ ਦੇ ਕੋਲ ਲੈ ਚੱਲਣਗੇ। ਸਰੋਵਰ ਸਾਹਮਣੇ ਕਰ ਦੇਣਗੇ। ਚੂਲੀ ਤਾਂ ਤੁਹਾਨੂੰ ਹੀ ਬਨਾਉਣੀ ਪਏਗੀ ਆਪਣੀ। ਝੁਕਣਾ ਤਾਂ ਤੁਹਾਨੂੰ ਹੀ ਪਏਗਾ। ਪੀਣਾ ਤਾਂ ਤੁਹਾਨੂੰ ਹੀ ਪਏਗਾ। ਲੇਕਿਨ

ਜੇਕਰ ਸੁੰਦਰ ਨੂੰ ਸਮਝਿਆ ਤਾਂ ਰਾਹ ਵਿਚ ਉਹ ਪਿਆਸ ਨੂੰ ਵੀ ਜਗਾਉਂਦੇ ਚੱਲਣਗੇ। ਤੁਹਾਡੇ ਅੰਦਰ ਸੁੱਤੇ ਹੋਏ ਚਕੋਰ ਨੂੰ ਪੁਕਾਰਨਗੇ, ਜਿਹੜਾ ਚੰਦ ਨੂੰ ਦੇਖਣ ਲੱਗੇ। ਤੁਹਾਡੇ ਅੰਦਰ ਸੁੱਤੇ ਹੋਏ ਚਾਤ੍ਰਿਕ ਨੂੰ ਜਗਾਉਣਗੇ, ਜਿਹੜਾ ਸਵਾਤੀ ਦੀ ਬੂੰਦ ਖ਼ਾਤਰ ਤੜਫਣ ਲੱਗੇ। ਤੁਹਾਨੂੰ ਸਮਝਾਉਣਗੇ ਕਿ ਤੁਸੀਂ ਮੱਛੀ ਦੇ ਵਾਂਗ ਹੋ, ਜਿਸਦਾ ਸਾਗਰ ਖੋ ਗਿਆ ਹੈ ਅਤੇ ਜੋ ਕੰਢੇ 'ਤੇ ਤੜਫ ਰਹੀ ਹੈ।

ਸਾਗਰ ਦਾ ਤੁਹਾਨੂੰ ਪਤਾ ਹੋਵੇ ਜਾਂ ਨਾ ਹੋਵੇ, ਇਕ ਗੱਲ ਦਾ ਤਾਂ ਤੁਹਾਨੂੰ ਪਤਾ ਹੈ ਜਿਸ ਨਾਲ ਤੁਹਾਨੂੰ ਰਜ਼ਾਮੰਦ ਹੋਣਾ ਪਏਗਾ ਕਿ ਤੁਸੀਂ ਤੜਫ ਰਹੇ ਹੋ, ਕਿ ਤੁਸੀਂ ਪਰੇਸ਼ਾਨ ਹੋ ਰਹੇ ਹੋ, ਕਿ ਤੁਸੀਂ ਪੀੜਤ ਹੋ, ਕਿ ਤੁਸੀਂ ਬੇਚੈਨ ਹੋ, ਕਿ ਤੁਹਾਡੀ ਜ਼ਿੰਦਗੀ ਵਿਚ ਕੋਈ ਰਾਹਤ ਦੀ ਘੜੀ ਨਹੀਂ ਹੈ, ਕਿ ਤੁਸੀਂ ਜ਼ਿੰਦਗੀ ਵਿਚ ਕੋਈ ਸੁਖ ਦੀ ਕਿਰਨ ਨਹੀਂ ਜਾਣੀ। ਆਸ ਕੀਤੀ ਹੈ। ਸੁਖ ਮਿਲਿਆ ਕਦ? ਸੋਚਿਆ ਹੈ ਮਿਲੇਗਾ, ਮਿਲੇਗਾ, ਹੁਣ ਮਿਲਿਆ ਕਿ ਹੁਣ ਮਿਲਿਆ; ਪਰ ਸਦਾ ਧੋਖਾ ਹੁੰਦਾ ਰਿਹਾ ਹੈ। ਖੋਜਿਆ ਬਹੁਤ ਹੈ। ਨਹੀਂ ਕਿ ਤੁਸੀਂ ਘਟ ਖੋਜਿਆ ਹੈ—ਜਨਮਾਂ—ਜਨਮਾਂ ਤੋਂ ਖੋਜਿਆ ਹੈ। ਪਰ ਤੁਹਾਡੇ ਹੱਥ ਖ਼ਾਲੀ ਹਨ। ਤੁਹਾਡੀ ਖੋਜ ਗ਼ਲਤ ਦਿਸ਼ਾਵਾਂ ਵਿਚ ਚਲਦੀ ਰਹੀ ਹੈ। ਤੁਹਾਡੀ ਖੋਜ ਤੁਹਾਨੂੰ ਸਰੋਵਰ ਦੇ ਕੋਲ ਨਹੀਂ ਲਿਆਈ—ਹੋਰ—ਹੋਰ ਦੂਰ ਲੈ ਗਈ ਹੈ। ਅਤੇ ਹੌਲੀ—ਹੌਲੀ ਤੁਹਾਡੇ ਅਨੁਭਵ ਨੇ ਤੁਹਾਡੇ ਅੰਦਰ ਇਹ ਗੱਲ ਗਹਿਰਾ ਦਿਤੀ ਹੈ ਕਿ ਸ਼ਾਇਦ ਇਥੇ ਮਿਲਣ ਨੂੰ ਕੁਝ ਵੀ ਨਹੀਂ ਹੈ। ਕਿਉਂਕਿ ਪੈਰ ਥੱਕ ਜਾਣਗੇ। ਤੁਸੀਂ ਟੁੱਟ ਕੇ ਡਿੱਗ ਪਵੋਗੇ।

ਸੁੰਦਰ ਤੁਹਾਨੂੰ ਯਾਦ ਦਿਵਾਉਣਗੇ : ਇਥੇ ਮਿਲਣ ਨੂੰ ਬਹੁਤ ਕੁਝ ਹੈ। ਸਿਰਫ ਖੋਜਣ ਦੀ ਕਲਾ ਚਾਹੀਦੀ ਹੈ। ਸਹੀ ਦਿਸ਼ਾ, ਸਹੀ ਆਯਾਮ। ਇਥੇ ਪਾਣ ਨੂੰ ਬਹੁਤ ਕੁਝ ਹੈ। ਖ਼ੁਦ ਪਰਮਾਤਮਾ ਇਥੇ ਛੁਪਿਆ ਹੈ। ਪਰ ਤੁਸੀਂ ਗ਼ਲਤ ਖੋਜਦੇ ਰਹੇ ਹੋ। ਤੁਸੀਂ ਕੰਕਰ—ਪੱਥਰ ਚੁਗ ਰਹੇ ਹੋ, ਜਿਥੇ ਹੀਰੇ ਦੀਆਂ ਖਾਨਾਂ ਹਨ। ਤੁਹਾਡੀ ਪਿਆਸ ਜਗਾਉਣਗੇ, ਤੁਹਾਡੇ ਚਾਤ੍ਰਿਕ ਨੂੰ ਜਗਾਉਣਗੇ। ਤੁਹਾਡੇ ਅੰਦਰ ਇਕ ਭਖਦੀ ਅੱਗ ਪੈਦਾ ਕਰਨਗੇ। ਅਜੇਹੀ ਘੜੀ ਤੁਹਾਡੇ ਅੰਦਰ ਪਿਆਸ ਦੀ ਆ ਜਾਏਗੀ ਜ਼ਰੂਰ, ਜਦ ਪਤਾ ਨਹੀਂ ਕਿਸ ਗਹਿਰਾਈ ਵਿਚੋਂ ਹਰਿ ਬੋਲੋ ਹਰਿ ਬੋਲ, ਅਜੇਹੇ ਬੋਲ ਤੁਹਾਡੇ ਅੰਦਰੋਂ ਉਠਣਗੇ। ਤਦੇ ਤੁਸੀਂ ਇਹਨਾਂ ਸੂਤਰਾਂ ਨੂੰ ਸਮਝ ਪਾਉਗੇ।

ਇਹ ਸੂਤਰ ਉਪਰ—ਉਪਰ ਨਹੀਂ ਹਨ, ਇਹ ਪ੍ਰਾਣਾਂ ਦੇ ਅੰਤਰਤਮ ਦਾ ਨਿਵੇਦਨ ਹਨ।

ਇਸ ਤੋਂ ਪਹਿਲਾਂ ਕਿ ਅਸੀਂ ਸੂਤਰਾਂ ਵਿਚ ਚੱਲੀਏ, ਸੁੰਦਰਦਾਸ ਦੇ ਸਬੰਧ ਵਿਚ ਦੋ—ਚਾਰ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ; ਉਹ ਸਹਿਯੋਗੀ ਹੋਣਗੀਆਂ।

ਸੰਜੋਗ ਦੀ ਹੀ ਗੱਲ ਆਖੋ, ਸੁੰਦਰਦਾਸ ਦੇ ਪਿਤਾ ਦਾ ਨਾਂ ਸੀ ਪਰਮਾਨੰਦ ਅਤੇ ਮਾਂ ਦਾ ਨਾਂ ਸੀ ਸਤੀ। ਪਰਮਾਨੰਦ ਅਤੇ ਸਤੀ—ਅਜੇਹੀਆਂ ਦੋ ਜੀਵਨ—ਧਾਰਾਵਾਂ ਦੇ ਮਿਲਾਪ ਤੋਂ ਇਹ ਅਪੂਰਵ ਵਿਅਕਤੀ ਪੈਦਾ ਹੋਇਆ। ਤੁਹਾਡੇ ਅੰਦਰ ਵੀ ਇਹ ਜਨਮ ਹੋਵੇਗਾ, ਔਪਰ ਇਹ ਦੋ ਧਾਰਾਵਾਂ ਤੁਹਾਡੇ ਅੰਦਰ ਮਿਲਣੀਆਂ ਚਾਹੀਦੀਆਂ ਹਨ—ਅਨੰਦ

ਅਤੇ ਸੱਚ। ਅਨੰਦ ਨੂੰ ਤਲਾਸ਼ੋ ਤਾਂ ਸੱਚ ਮਿਲ ਜਾਂਦਾ ਹੈ, ਸੱਚ ਨੂੰ ਤਲਾਸ਼ੋ ਤਾਂ ਅਨੰਦ ਮਿਲ ਜਾਂਦਾ ਹੈ। ਉਹ ਇਕ-ਦੂਜੇ ਦੇ ਨਾਲ ਜੁੜੇ ਹਨ—ਇਕ-ਹੀ ਸਿੱਕੇ ਦੇ ਦੋ ਪਹਿਲੂ ਹਨ।

ਇਹ ਸੰਜੋਗ ਦੀ ਹੀ ਗੱਲ ਹੈ ਕਿ ਪਿਤਾ ਦਾ ਨਾਂ ਪਰਮਾਨੰਦ ਸੀ, ਮਾਂ ਦਾ ਨਾਂ ਸਤੀ ਸੀ। ਲੇਕਿਨ ਸਾਰੇ ਹੀ ਸੰਤ ਸੱਚ ਅਤੇ ਅਨੰਦ ਦੇ ਮੇਲ ਤੋਂ ਪੈਦਾ ਹੁੰਦੇ ਹਨ। ਪੁਰਾਣੇ ਲੋਕ ਨਾਂ ਵੀ ਬੜੇ ਸੋਚ ਕੇ ਰਖਦੇ ਸੀ। ਅਕਸਰ ਤਾਂ ਇਹ ਹੁੰਦਾ ਸੀ ਕਿ ਸਾਰੇ ਨਾਂ ਹੀ ਪਰਮਾਤਮਾ ਦੇ ਨਾਂ ਹੁੰਦੇ ਸਨ। ਹਿੰਦੂਆਂ ਦੇ ਪੁਰਾਣੇ ਨਾਂ ਸੋਚੋ, ਤਾਂ ਉਹ ਸਾਰੇ ਉਹ ਹੀ ਨਾਂ ਹਨ ਜੋ ਵਿਸ਼ਨੂੰ ਸੱਹਸਤ੍ਰਨਾਮ ਵਿਚ ਉਪਲਬੱਧ ਹਨ। ਪਰਮਾਤਮਾ ਦੇ ਹਜ਼ਾਰ ਨਾਂ, ਉਹਨਾਂ ਨੂੰ ਹੀ ਅਸੀਂ ਰਖ ਲੈਂਦੇ ਸੀ ਆਦਮੀਆਂ ਦੇ ਨਾਂ। ਕੋਈ ਰਾਮ, ਕੋਈ ਕ੍ਰਿਸ਼ਨ ਹੈ, ਕੋਈ ਵਿਸ਼ਨੂੰ ਹੈ। ਮੁਸਲਮਾਨਾਂ ਦੇ ਨਾਂ ਸੋਚੋ, ਤਾਂ ਮੁਸਲਮਾਨਾਂ ਵਿਚ ਸੌ ਨਾਂ ਪਰਮਾਤਮਾ ਦੇ ਹਨ। ਜੇਕਰ ਉਹਨਾਂ ਦੇ ਨਾਂ ਤੁਸੀਂ ਖੋਜਣ ਚੱਲੋਗੇ ਤਾਂ ਤੁਸੀਂ ਪਾਉਗੇ ਸਾਰੇ ਨਾਂ ਪਰਮਾਤਮਾ ਦੇ ਨਾਂ ਤੋਂ ਬਣੇ ਹਨ। ਫਿਰ ਭਾਵੇਂ ਰਹੀਮ ਹੋਵੇ ਭਾਵੇਂ ਰਹਿਮਾਨ ਹੋਵੇ, ਭਾਵੇਂ ਅਬਦੁੱਲਾਹ ਹੋਵੇ—ਇਹ ਸਭ ਪਰਮਾਤਮਾ ਦੇ ਹੀ ਨਾਂ ਹਨ। ਅਬਦੁੱਲਾਹ ਯਾਹੀ ਅਬੱਦ ਅਲਾਹ।

ਪੁਰਾਣੇ ਲੋਕ ਆਦਮੀ ਨੂੰ ਪਰਮਾਤਮਾ ਦਾ ਨਾਂ ਦਿੰਦੇ ਸੀ। ਕਿਉਂ? ਕਿਉਂਕਿ ਵਾਰ-ਵਾਰ ਪੁਕਾਰੇ ਜਾਣ 'ਤੇ ਚੋਟ ਪੈਂਦੀ ਹੈ। ਅਤੇ ਤੁਹਾਡਾ ਨਾਂ ਰਾਮ ਹੈ ਤਾਂ ਰਾਵਣ ਹੋਣਾ ਕਠਨ ਹੋ ਜਾਏਗਾ। ਅਤੇ ਕੌਣ ਜਾਣੇ, ਕਿਸ ਸ਼ੁਭ ਘੜੀ ਵਿਚ ਤੁਹਾਡਾ ਨਾਂ ਹੀ ਤੁਹਾਡੇ ਅੰਦਰ ਤੀਰ ਦੀ ਤਰ੍ਹਾਂ ਚੁਭ ਜਾਵੇ। ਸ਼ੁਰੂ ਤਾਂ ਨਾਂ ਤੋਂ ਹੋਇਆ ਸੀ। ਕਿਸ ਦਿਨ ਇਹ ਨਾਂ ਸੱਚ ਬਣ ਜਾਵੇ, ਕੋਈ ਵੀ ਨਹੀਂ ਕਹਿ ਸਕਦਾ। ਇਹ ਨਾਂ ਸੱਚ ਬਣ ਸਕਦਾ ਹੈ।

ਇਸਲਈ ਮੈਂ ਵੀ ਤੁਹਾਨੂੰ ਸੰਨਿਆਸ ਦਿੰਦਾ ਹਾਂ ਤਾਂ ਤੁਹਾਨੂੰ ਨਵੇਂ ਨਾਂ ਦਿੰਦਾ ਹਾਂ। ਨਾਂ ਅਜੇਹੇ, ਜਿਹੜੇ ਪਰਮ ਨਾਲ ਜੁੜੇ ਹਨ। ਤੁਸੀਂ ਬਹੁਤ ਦੂਰ ਹੋ ਅਜੇ ਉਥੋਂ ਤੋਂ। ਪਰ ਤੁਹਾਨੂੰ ਯਾਦ ਤਾਂ ਦਿਵਾਉਣੀ ਜ਼ਰੂਰੀ ਹੈ ਕਿ ਤੁਸੀਂ ਕਿੰਨੇ ਹੀ ਦੂਰ ਹੋਵੋ, ਮੰਜ਼ਲ ਤੁਹਾਡੀ ਉਥੇ ਹੈ, ਜਾਣਾ ਉਥੇ ਹੈ, ਪਹੁੰਚਣਾ ਉਥੇ ਹੈ। ਉਥੇ ਨਹੀਂ ਪਹੁੰਚੇ ਤਾਂ ਜ਼ਿੰਦਗੀ ਅਜਾਂਈ ਗਈ, ਕਚਰੇ ਵਿਚ ਗਈ।

ਯਾਦ ਰੱਖਣਾ, ਨਾਂ ਇਕ ਯਾਦਾਂਸ਼ਤ ਹੈ। ਲੇਕਿਨ ਇਹ ਸੰਜੋਗ ਦੀ ਗੱਲ ਹੈ ਕਿ ਸੁੰਦਰਦਾਸ ਦਾ ਜਨਮ ਹੋਇਆ—ਮਾਂ ਸੀ ਸਤੀ, ਪਿਤਾ ਸਨ ਪਰਮਾਨੰਦ। ਤਹਾਡੇ ਅੰਦਰ ਵੀ ਇਹਨਾਂ ਦੋਹਾਂ ਦਾ ਮਿਲਾਪ ਹੋ ਸਕਦਾ ਹੈ, ਤੁਹਾਡਾ ਵੀ ਸੰਤਤੱਵ ਜਨਮ ਸਕਦਾ ਹੈ।

ਸੁੰਦਰਦਾਸ ਦਾ ਸੰਨਿਆਸ ਬਹੁਤ ਅਨੋਖਾ ਹੈ, ਭਰੋਸੇ-ਯੋਗ ਨਹੀਂ। ਤੁਸੀਂ ਚੌਂਕੋਗੇ ਜਾਣੋਗੇ ਤਾਂ। ਸੱਤ ਸਾਲ ਦੇ ਸਨ, ਤਦ ਉਹ ਸੰਨਿਆਸੀ ਹੋਏ। ਸੱਤ ਸਾਲ! ਲੋਕ ਸੱਤਰ ਸਾਲ ਵਿਚ ਵੀ ਸੰਨਿਆਸੀ ਨਹੀਂ ਹੁੰਦੇ। ਅਪੂਰਵ ਪ੍ਰਤਿਭਾ ਰਹੀ ਹੋਵੇਗੀ।

ਪ੍ਰਤਿਭਾ ਦਾ ਲੱਛਣ ਕੀ ਹੈ? ਪ੍ਰਤਿਭਾ ਦਾ ਲੱਛਣ ਹੈ ਇਕ ਹੀ, ਕਿ ਦੂਸਰੇ ਜਿਸ ਗੱਲ ਨੂੰ ਅਨੁਭਵ ਨਾਲ ਨਹੀਂ

ਸਮਝ ਪਾਉਂਦੇ, ਉਸਨੂੰ ਪ੍ਰਤਿਭਾਸ਼ਾਲੀ ਦੂਸਰਿਆਂ ਦੇ ਅਨੁਭਵ ਤੋਂ ਸਮਝ ਲੈਂਦਾ ਹੈ। ਬੁੱਧੂ ਆਪਣੇ ਅਨੁਭਵ ਤੋਂ ਨਹੀਂ ਸਮਝ ਪਾਉਂਦੇ, ਬੁੱਧੀਮਾਨ ਦੂਸਰਿਆਂ ਦੇ ਅਨੁਭਵ ਤੋਂ ਸਮਝ ਲੈਂਦਾ ਹੈ।

ਯਯਾਤੀ ਦੀ ਕਥਾ ਹੈ ਉਪਨਿਸ਼ਦਾਂ ਵਿਚ। ਯਯਾਤੀ ਦੀ ਮੌਤ ਆਈ। ਉਹ ਸੌ ਸਾਲ ਦਾ ਹੋ ਗਿਆ ਸੀ। ਪਰ ਰੋਣ ਲੱਗਿਆ, ਗਿੜਗਿੜਾਉਣ ਲੱਗਿਆ। ਮੌਤ ਦੇ ਚਰਨ ਫੜ ਲਏ। ਆਖਿਆ, ਮੈਨੂੰ ਮਾਫ ਕਰ! ਮੈਂ ਤਾਂ ਭੁੱਲ ਹੀ ਗਿਆ ਸੀ ਕਿ ਮਰਨਾ ਹੈ। ਮੈਂ ਤਾਂ ਕੁਝ ਕਰ ਹੀ ਨਹੀਂ ਪਾਇਆ। ਰਾਮ-ਨਾਮ ਵੀ ਨਹੀਂ ਲੈ ਪਾਇਆ। ਇਹ ਸੋਚ ਕੇ ਕਿ ਸੌ ਸਾਲ ਤਾਂ ਜੀਣਾ ਹੈ, ਛੇਤੀ ਕੀ ਹੈ, ਲੈ ਲਵਾਂਗੇ, ਟਾਲਦਾ ਰਿਹਾ। ਹੋਰ ਹਜ਼ਾਰ ਕੰਮਾਂ ਵਿਚ ਉਲਝ ਗਿਆ। ਬਜ਼ਾਰ ਵਿਚ ਹੀ ਪਿਆ ਰਿਹਾ। ਇਹ ਵਧੀਕੀ ਹੋ ਜਾਏਗੀ, ਮੈਨੂੰ ਮਾਫ ਕਰ! ਭੁੱਲ ਮੇਰੀ ਹੈ। ਮੈਨੂੰ ਮਾਫ ਕਰ। ਸੌ ਸਾਲ ਮੈਨੂੰ ਹੋਰ ਚਾਹੀਦੇ ਹਨ।

ਮੌਤ ਨੇ ਕਿਹਾ, ਕਿਸੇ ਨੂੰ ਤਾਂ ਲਿਜਾਣਾ ਪਏਗਾ। ਤੇਰਾ ਕੋਈ ਬੇਟਾ ਜਾਣ ਨੂੰ ਰਾਜ਼ੀ ਹੋਵੇ ਤਾਂ ਚਲਿਆ ਚੱਲੇ, ਤਾਂ ਮੈਂ ਤੈਨੂੰ ਛੱਡ ਦਿਆਂ।

ਮੌਤ ਨੂੰ ਭਰੋਸਾ ਸੀ ਕਿ ਜਦ ਸੌ ਸਾਲ ਦਾ ਬੁੱਢਾ ਜਾਣ ਨੂੰ ਰਾਜ਼ੀ ਨਹੀਂ ਹੈ ਤਾਂ ਉਸਦੇ ਬੇਟੇ ਜਾਣ ਨੂੰ ਕਿਉਂ ਰਾਜ਼ੀ ਹੋਣਗੇ। ਯਯਾਤੀ ਦੇ ਸੌ ਬੇਟੇ ਸਨ। ਅਨੇਕਾਂ ਰਾਣੀਆਂ ਸਨ ਉਸ ਦੀਆਂ। ਸਮਰਾਟ ਸੀ। ਉਸਨੇ ਆਪਣੇ ਬੇਟਿਆਂ ਦੀ ਤਰਫ ਦੇਖਿਆ, ਕੋਈ ਸੱਤਰ ਸਾਲ ਦਾ ਸੀ, ਕੋਈ ਪਝੱਤਰ ਸਾਲ ਦਾ ਸੀ। ਉਹਨਾਂ ਨੇ ਸਭ ਨੇ ਸਿਰ ਝੁਕਾ ਲਏ। ਇਕ ਬੇਟੇ ਨੇ ਜਿਸਦੀ ਉਮਰ ਅਜੇ ਜ਼ਿਆਦਾ ਨਹੀਂ ਸੀ, ਅਠਾਰਾਂ ਹੀ ਸਾਲ ਸੀ, ਸਭ ਤੋਂ ਛੋਟਾ ਬੇਟਾ ਸੀ, ਉਹ ਖੜ੍ਹਾ ਹੋ ਗਿਆ, ਉਸਨੇ ਕਿਹਾ ਕਿ ਮੈਂ ਚਲਦਾ ਹਾਂ। ਮੌਤ ਨੂੰ ਵੀ ਦਯਾ ਆ ਗਈ। ਮੌਤ ਨੂੰ ਉਂਜ ਦਯਾ ਨਹੀਂ ਆਉਂਦੀ। ਦਯਾ ਆਉਣ ਲੱਗੇ ਤਾਂ ਮੌਤ ਦਾ ਕੰਮ ਨਾ ਚੱਲੇ। ਮੌਤ ਦੀ ਤਾਂ ਗੱਲ ਛੱਡੋ, ਮੌਤ ਦੇ ਨਾਲ ਜਿਹੜੇ ਲੋਕ ਕੰਮ ਕਰਦੇ ਹਨ—ਡਾਕਟਰ ਵਗੈਰਾ। ਡਾਕਟਰ ਨੂੰ ਦਯਾ ਆਉਣ ਲੱਗੇ ਤਾਂ ਖ਼ੁਦ ਦੀ ਹੀ ਫਾਂਸੀ ਲੱਗ ਜਾਵੇ। ਚੌਵੀ ਘੰਟੇ ਮੌਤ ਦਾ ਧੰਦਾ ਕਰਦੇ-ਕਰਦੇ ਬੀਮਾਰੀ ਨਾਲ ਲੜਦੇ-ਲੜਦੇ ਕਠੋਰ ਹੋ ਜਾਂਦਾ ਹੈ। ਹੋ ਹੀ ਜਾਣਾ ਪੈਂਦਾ ਹੈ। ਜੇਕਰ ਹਰ ਬੀਮਾਰੀ ਵਿਚ ਬੈਠ ਕੇ ਰੋਣ ਲੱਗੇ ਡਾਕਟਰ ਵੀ, ਅਤੇ ਜਦ ਵੀ ਕੋਈ ਮਰੀਜ਼ ਆਵੇ ਉਸਨੂੰ ਮੁਸ਼ਕਲ ਖੜ੍ਹੀ ਹੋ ਜਾਵੇ, ਭਾਵ-ਵੇਗ ਨਾਲ ਭਰ ਜਾਵੇ, ਤਾਂ ਜੀਣਾ ਮੁਸ਼ਕਲ ਹੋ ਜਾਵੇ; ਮਰੀਜ਼ ਤਾਂ ਦੂਰ, ਉਹ ਖ਼ੁਦ ਹੀ ਮਰੀਜ਼ ਹੋ ਜਾਵੇ।

ਸੋ ਮੌਤ ਤਾਂ ਜਨਮਾਂ-ਜਨਮਾਂ ਤੋਂ ਲੋਕਾਂ ਨੂੰ ਲੈ ਜਾਂਦੀ ਰਹੀ ਹੈ। ਲੈ ਜਾਣਾ ਉਸਦਾ ਕੰਮ ਹੈ। ਪਰ ਕਹਿੰਦੇ ਹਨ ਉਸਨੂੰ ਵੀ ਦਯਾ ਆ ਗਈ। ਦਯਾ ਆ ਗਈ ਇਸ ਭੋਲੇ-ਭਾਲੇ ਲੜਕੇ ਉਤੇ। ਅਜੇ ਇਸਨੇ ਜ਼ਿੰਦਗੀ ਦੇਖੀ ਨਹੀਂ। ਅਜੇ ਇਸਨੂੰ ਕੁਝ ਪਤਾ ਹੀ ਨਹੀਂ ਹੈ। ਉਸਨੇ ਉਸ ਲੜਕੇ ਦੇ ਕੰਨ 'ਚ ਕਿਹਾ, ਪਾਗਲਾ! ਤੇਰਾ ਬਾਪ ਸੌ ਸਾਲ ਦਾ ਹੋ ਕੇ ਨਹੀਂ ਮਰਨਾ ਚਾਹੁੰਦਾ, ਅਤੇ ਤੂੰ ਹਾਲੇ ਅਠਾਰਾਂ ਦਾ ਹੈਂ, ਕੁਝ ਤਾਂ ਸੋਚ! ਤੇਰੇ ਭਰਾ, ਕੋਈ ਸੱਤਰ, ਕੋਈ ਪਝੱਤਰ, ਉਹ ਵੀ ਨਹੀਂ ਮਰਨਾ ਚਾਹੁੰਦੇ, ਤੂੰ ਕੁਝ ਤਾਂ ਸੋਚ, ਤੂੰ ਅਜੇ ਜ਼ਿੰਦਗੀ ਦੇਖੀ ਨਹੀਂ ਕੁਝ...!

ਉਸ ਲੜਕੇ ਨੇ, ਪਤਾ ਹੈ, ਮੌਤ ਨੂੰ ਕੀ ਕਿਹਾ! ਉਸ ਲੜਕੇ ਨੇ ਕਿਹਾ, ਜਦ ਮੇਰੇ ਪਿਤਾ ਸੌ ਸਾਲ ਦੇ ਹੋ ਕੇ ਵੀ ਜੀਵਨ ਤੋਂ ਤ੍ਰਿਪਤ ਨਹੀਂ ਹੋਏ, ਮੇਰੇ ਭਰਾ ਪਝੱਤਰ ਸਾਲ ਦੇ ਹੋ ਕੇ ਜੀਵਨ ਤੋਂ ਤ੍ਰਿਪਤ ਨਹੀਂ ਹੋਏ, ਸੱਤਰ ਸਾਲ ਦੇ ਹੋ ਕੇ ਜੀਵਨ ਤੋਂ ਤ੍ਰਿਪਤ ਨਹੀਂ ਹੋਏ, ਤਾਂ ਮੈਂ ਜਿਉਂ ਕੇ ਕੀ ਕਰਾਂਗਾ? ਇਹਨਾਂ ਦਾ ਅਨੁਭਵ ਕਾਫੀ ਹੈ। ਅਤ੍ਰਿਪਤ ਹੀ ਜਾਣਾ ਹੈ, ਸੌ ਸਾਲ ਦੇ ਬਾਅਦ ਜਾਣਾ ਹੈ, ਤਾਂ ਇੰਨੀ ਦਿਨ ਹੋਰ ਕਿਉਂ ਪਰੇਸ਼ਾਨ ਹੋਣਾ? ਮੈਂ ਹੁਣੇ ਚੱਲਣ ਨੂੰ ਤਿਆਰ ਹਾਂ।

ਇਸਨੂੰ ਕਹਿੰਦੇ ਹਨ ਪ੍ਰਤਿਭਾ! ਦੂਜੇ ਦੇ ਅਨੁਭਵ ਤੋਂ ਸਿੱਖ ਲਿਆ। ਅਤੇ ਤੁਹਾਨੂੰ ਪਤਾ ਹੈ, ਯਯਾਤੀ ਸੌ ਸਾਲ ਜੀਵਿਆ। ਇਹ ਬੇਟਾ ਚਲਿਆ ਗਿਆ। ਸੌ ਸਾਲ ਜਦ ਜੀਣਾ ਸੀ, ਤਾਂ ਫਿਰ ਬੇਫਿਕਰ ਹੋ ਗਿਆ ਹੁਣ ਕਾਹਲੀ ਕੀ ਹੈ। ਫਿਰ ਮੌਤ ਆਈ ਅਤੇ ਫਿਰ ਉਹੀ ਘਟਨਾ ਵਾਪਰੀ। ਫਿਰ ਗਿੜਗਿੜਾਉਣ ਲੱਗਿਆ ਕਿ ਮੈਨੂੰ ਮਾਫ ਕਰ। ਮੈਂ ਤਾਂ ਇਹ ਸੋਚ ਕੇ ਕਿ ਸੌ ਸਾਲ ਜੀਣਾ ਹੈ, ਫਿਰ ਭੁੱਲ ਗਿਆ। ਇਕ ਵਾਰ ਮੌਕਾ ਹੋਰ ਦੇ ਦੇ।

ਅਤੇ ਅਜੇਹਾ ਕਹਿੰਦੇ ਹਨ ਯਯਾਤੀ ਨੂੰ ਦਸ ਵਾਰ ਮੌਕੇ ਦਿੱਤੇ ਗਏ। ਉਹ ਹਜ਼ਾਰ ਸਾਲ ਜੀਵਿਆ, ਪਰ ਹਜ਼ਾਰਵੇਂ ਸਾਲ ਵੀ ਉਹ ਮੌਤ ਦੇ ਪੈਰੀਂ ਗਿੜਗਿੜਾ ਰਿਹਾ ਸੀ। ਮੌਤ ਨੇ ਕਿਹਾ, ਹੁਣ ਬਹੁਤ ਹੋ ਗਿਆ। ਇਕ ਹੱਦ ਹੁੰਦੀ ਹੈ।

ਅਤੇ ਤੁਸੀਂ ਯਯਾਤੀ ਦੀ ਕਹਾਣੀ ਨੂੰ ਕਹਾਣੀ ਹੀ ਨਾ ਸਮਝਣਾ। ਇਹ ਤੁਹਾਡੀ ਕਹਾਣੀ ਹੈ। ਤੁਸੀਂ ਕਿੰਨੀ ਵਾਰ ਜਿਉਂ ਚੁੱਕੇ ਹੋ। ਕਿੰਨੀ ਵਾਰ ਤੁਸੀਂ ਜ਼ਿੰਦਗੀ ਮੰਗ ਲਈ ਹੈ—ਫਿਰ, ਫਿਰ, ਫਿਰ! ਹਰ ਵਾਰ ਮਰੇ ਹੋ, ਫਿਰ ਜ਼ਿੰਦਗੀ ਮੰਗ ਕੇ ਆ ਗਏ ਹੋ। ਇਹੀ ਤਾਂ ਆਦਮੀ ਦੀ ਕਹਾਣੀ ਹੈ। ਆਦਮੀ ਮਰ ਰਿਹਾ ਹੈ, ਮੰਜੇ 'ਤੇ ਪਿਆ ਹੈ ਅਤੇ ਜ਼ਿੰਦਗੀ ਨੂੰ ਮੰਗ ਰਿਹਾ ਹੈ, ਪਕੜ ਰਿਹਾ ਹੈ ਪੈਰ ਮੌਤ ਦੇ, ਕਿ ਇਕ ਵਾਰ ਹੋਰ। ਪਰਤ ਜਾਏਗਾ, ਛੇਤੀ ਕਿਸੇ ਗਰਭ ਵਿਚ ਸਮਾ ਜਾਵੇਗਾ, ਛੇਤੀ ਫਿਰ ਵਾਪਸ ਆ ਜਾਏਗਾ।...ਇੰਜ ਤੁਸੀਂ ਕਿੰਨੀ ਹੀ ਵਾਰ ਆ ਗਏ ਹੋ ਅਤੇ ਜਿਵੇਂ ਯਯਾਤੀ ਭੁੱਲ-ਭੁੱਲ ਗਿਆ ਸੀ, ਤੁਸੀਂ ਵੀ ਭੁੱਲ-ਭੁੱਲ ਗਏ ਹੋ।

ਬੁੱਧੀਮਾਨ ਦੂਜੇ ਦੇ ਅਨੁਭਵ ਤੋਂ ਸਿੱਖ ਲੈਂਦਾ ਹੈ। ਉਸ ਬੇਟੇ ਨੇ ਠੀਕ ਕਿਹਾ ਕਿ ਜਦ ਇਹ ਸਭ ਮੇਰੇ ਭਾਈ, ਨਿੰਨਵੇਂ ਮੇਰੇ ਭਰਾ, ਮੇਰਾ ਪਿਤਾ, ਇਹ ਇੰਨੇ ਦਿਨ ਜਿਉਂ ਕੇ ਕੁਝ ਨਹੀਂ ਪਾ ਸਕੇ ਅਤੇ ਗਿੜਗਿੜਾ ਰਹੇ ਹਨ ਪਿਤਾ, ਸੌ ਸਾਲ ਦੇ ਬਾਅਦ ਕੀ ਗਿੜਗਿੜਾਉਣਾ, ਹੁਣੇ ਸ਼ਾਨ ਨਾਲ ਚੱਲਣ ਨੂੰ ਨਾਲ ਤਿਆਰ ਹਾਂ। ਗੱਲ ਫਜ਼ੂਲ ਹੋ ਗਈ ਮੇਰੇ ਲਈ। ਇਥੇ ਕੁਝ ਮਿਲਣ ਵਾਲਾ ਹੀ ਨਹੀਂ ਹੈ। ਇਥੇ ਸਿਰਫ ਭਟਕਣਾ ਹੈ, ਦੌੜਨਾ ਹੈ ਅਤੇ ਡਿੱਗਣਾ ਹੈ। ਡਿੱਗਣ ਤੋਂ ਪਹਿਲਾਂ ਜਾਣ ਦੀ ਤਿਆਰੀ ਹੈ ਮੇਰੀ। ਮੈਂ ਚੱਲਦਾ ਹਾਂ। ਮੇਰੇ ਲਈ ਸੰਸਾਰ ਫਜ਼ੂਲ ਹੋ ਗਿਆ।

ਅਜੇਹੀ ਹੀ ਘਟਨਾ ਕੋਈ ਵਾਪਰੀ ਸੁੰਦਰ ਦੀ ਜ਼ਿੰਦਗੀ ਵਿਚ। ਦਾਦੂ ਦਾ ਪਿੰਡ ਵਿਚ ਆਉਣਾ ਹੋਇਆ। ਜਿਵੇਂ ਦਾਦੂ ਨੇ ਰੱਜਬ ਨੂੰ ਜਗਾਇਆ, ਇਵੇਂ ਹੀ ਸੁੰਦਰਦਾਸ ਨੂੰ ਵੀ ਜਗਾਇਆ। ਦਾਦੂ ਨੇ ਬਹੁਤ ਲੋਕ ਜਗਾਏ। ਦਾਦੂ

ਮਹਾਂਗੁਰੂਆਂ ਵਿਚ ਇਕ ਹਨ। ਜਿੰਨ ਵਿਅਕਤੀ ਦਾਦੂ ਤੋਂ ਜਾਗੇ ਉਨ ਭਾਰਤੀ ਸੰਤਾਂ ਵਿਚ ਕਿਸੇ ਤੋਂ ਨਹੀਂ ਜਾਗੇ।

ਦਾਦੂ ਦਾ ਪਿੰਡ ਵਿਚ ਆਉਣਾ ਹੋਇਆ। ਰਾਜਸਥਾਨ ਦਾ ਛੋਟਾ-ਜਿਹਾ ਪਿੰਡ ਧੌਸਾ। ਕਿਹਾ ਹੈ ਸੁੰਦਰਦਾਸ ਨੇ—

ਦਾਦੂ ਜੀ ਜਬ ਧੌਸਾ ਆਏ। ਬਾਲਪਨ ਹਮ ਦਰਸਨ ਪਾਏ।
ਤਿਨਕੇ ਚਰਨਨ ਨਾਯੋ ਮਾਥਾ, ਉਨ ਦੀਯੋ ਮੇਰੇ ਸਿਰ ਹਾਥਾ।

ਸੱਤ ਸਾਲ ਦੇ ਸਨ।

ਖ਼ਿਆਲ ਕਰੋ, ਮਨੁੱਖ ਦੇ ਜੀਵਨ ਵਿਚ ਹਰੇਕ ਸੱਤ ਸਾਲਾਂ ਦੇ ਬਾਅਦ ਕ੍ਰਾਂਤੀ ਦਾ ਛਿਨ ਹੁੰਦਾ ਹੈ ਜਿਵੇਂ ਚੌਵੀ
ਘੰਟੇ ਵਿਚ ਦਿਨ ਦਾ ਇਕ ਚੱਕਰ ਪੂਰਾ ਹੁੰਦਾ ਹੈ, ਇਵੇਂ ਸੱਤ ਸਾਲਾਂ ਵਿਚ ਚਿੱਤ ਦੀਆਂ ਸਾਰੀਆਂ ਬਿਰਤੀਆਂ ਦਾ
ਚੱਕਰ ਪੂਰਾ ਹੁੰਦਾ ਹੈ। ਹਰ ਸੱਤਾਂ ਸਾਲਾਂ ਵਿਚ ਉਹ ਘੜੀ ਹੁੰਦੀ ਹੈ ਕਿ ਜੇਕਰ ਚਾਹੇ ਤਾਂ ਭੱਜ ਨਿਕਲੇ। ਹਰ ਸੱਤਾਂ ਸਾਲਾਂ
ਵਿਚ ਉਹ ਘੜੀ ਹੁੰਦੀ ਹੈ ਕਿ ਜੇਕਰ ਚਾਹੇ ਤਾਂ ਭੱਜ ਨਿਕਲੇ। ਹਰ ਸੱਤਾਂ ਸਾਲਾਂ ਵਿਚ ਇਕ ਵਾਰ ਦੁਆਰ ਖੁਲ੍ਹਦਾ ਹੈ।
ਸੱਤ ਸਾਲ ਦਾ ਜਦ ਬੱਚਾ ਹੁੰਦਾ ਹੈ ਤਦ ਦੁਆਰ ਖੁਲ੍ਹਦਾ ਹੈ। ਫਿਰ ਚੌਦਾਂ ਸਾਲ ਦਾ ਹੁੰਦਾ ਹੈ ਤਦ ਦੁਆਰ ਖੁਲ੍ਹਦਾ ਹੈ,
ਫਿਰ ਇੱਕੀ ਸਾਲ ਦਾ ਹੁੰਦਾ ਹੈ ਤਦ ਦੁਆਰ ਖੁਲ੍ਹਦਾ ਹੈ। ਹਰ ਸੱਤਾਂ ਸਾਲਾਂ 'ਚ ਇਕ ਵਾਰ ਦੁਆਰ ਖੁਲ੍ਹਦਾ ਹੈ। ਅਤੇ
ਜੇਕਰ ਚੁੱਕ ਗਏ ਤਾਂ ਫਿਰ ਸੱਤ ਸਾਲ ਦੇ ਲਈ ਗੂਹੜੀ ਨੀਂਦ ਹੋ ਜਾਂਦੀ ਹੈ।

ਹਰ ਸੱਤਾਂ ਸਾਲਾਂ ਵਿਚ ਤੁਸੀਂ ਪਰਮਾਤਮਾ ਦੇ ਬਹੁਤ ਕਰੀਬ ਹੁੰਦੇ ਹੋ। ਜ਼ਰਾ-ਕੁ ਹੱਥ ਵਧਾਉ ਕਿ ਪਾ ਲਵੋ। ਇਸੇ
ਸੱਤ ਸਾਲਾਂ ਨੂੰ ਹਿਸਾਬ ਵਿਚ ਰਖ ਕੇ ਹਿੰਦੂਆਂ ਨੇ ਤੈਅ ਕੀਤਾ ਸੀ ਕਿ ਪੰਜਾਹ ਸਾਲ ਦੀ ਉਮਰ ਵਿਚ ਵਿਅਕਤੀ ਨੂੰ
ਵਾਨਪ੍ਰਸਥ ਹੋ ਜਾਣਾ ਚਾਹੀਦਾ ਹੈ। ਉਣਵੰਜਾ ਸਾਲਾਂ ਵਿਚ ਸੱਤਵਾਂ ਚੱਕਰ ਪੂਰਾ ਹੁੰਦਾ ਹੈ। ਤਾਂ ਪੰਜਾਹਵੇਂ ਸਾਲ ਦਾ
ਮਤਲਬ ਹੈ, ਉਣਵੰਜਾ ਸਾਲਾਂ ਦੇ ਬਾਅਦ, ਛੁੱਟੀ ਕਰ ਲੈਣੀ ਚਾਹੀਦੀ ਹੈ। ਆਦਮੀ ਹੁਣ ਸੱਤਰ ਸਾਲ ਜੀਂਦਾ ਹੈ। ਉਹ
ਸੌ ਸਾਲ ਦੇ ਹਿਸਾਬ ਵਿਚ ਵੰਡਿਆ ਗਿਆ ਸੀ। ਹੁਣ ਆਦਮੀ ਸੱਤਰ ਸਾਲ ਜੀਂਦਾ ਹੈ।

ਤਾਂ ਤੁਹਾਡੇ ਜੀਵਨ ਵਿਚ ਥੋੜ੍ਹੇ ਮੌਕੇ ਨਹੀਂ ਆਉਂਦੇ, ਬਹੁਤ ਮੌਕੇ ਆਉਂਦੇ ਹਨ, ਪਰ ਹਰ ਮੌਕਾ ਆਪਣੇ ਨਾਲ
ਬੜੇ ਆਕਰਸ਼ਣ ਵੀ ਲੈ ਕੇ ਆਉਂਦਾ ਹੈ; ਦਰਵਾਜ਼ਾ ਵੀ ਖੁਲ੍ਹਦਾ ਹੈ ਅਤੇ ਸੰਸਾਰ ਵੀ ਆਪਣੀ ਪੂਰੀ ਮਨਮੋਹਕਤਾ
ਵਿਚ ਪਰਗਟ ਹੁੰਦਾ ਹੈ। ਸੱਤ ਸਾਲ ਦਾ ਬੱਚਾ ਜੇਕਰ ਜ਼ਰਾ ਜਾਗ ਜਾਵੇ, ਤਾਂ ਸਤਿਗੁਰੂ ਦਾ ਸਾਥ ਮਿਲ ਜਾਵੇ, ਤਾਂ
ਕ੍ਰਾਂਤੀ ਵਾਪਰ ਸਕਦੀ ਹੈ, ਕਿਉਂਕਿ ਇਹ ਘੜੀ ਹੈ ਜਦ ਹੰਕਾਰ ਪੈਦਾ ਹੁੰਦਾ ਹੈ। ਅਤੇ ਇਹੀ ਘੜੀ ਹੈ ਕਿ ਜੇਕਰ ਇਸੇ
ਘੜੀ ਵਿਚ ਕੋਈ ਖ਼ੁਦ ਨੂੰ ਸੰਭਾਲ ਲਵੇ ਤਾਂ ਹਮੇਸ਼ਾ ਲਈ ਨਿਰਹੰਕਾਰੀ ਹੋ ਜਾਂਦਾ ਹੈ। ਹੰਕਾਰ ਦੇ ਪੈਦਾ ਹੋਣ ਦਾ ਮੌਕਾ
ਹੀ ਨਹੀਂ ਆਉਂਦਾ।

ਸੱਤ ਸਾਲ ਦੇ ਬਾਅਦ ਬੱਚੇ ਦੇ ਅੰਦਰ ਹੰਕਾਰ ਪੈਦਾ ਹੁੰਦਾ ਹੈ ਕਿ ਮੈਂ ਕੁਝ ਹਾਂ, ਮੈਨੂੰ ਆਪਣਾ ਐਲਾਨ ਕਰਨਾ ਹੈ
ਜਗਤ ਦੇ ਸਾਹਮਣੇ। ਬੱਚਾ ਹਮਲਾਵਰ ਹੋਣ ਲਗਦਾ ਹੈ। ਇਹੀ ਘੜੀ ਹੈ ਜਦ ਹੰਕਾਰ ਜਨਮ ਲੈਂਦਾ ਹੈ। ਅਤੇ ਜਦ

ਹੰਕਾਰ ਜਨਮ ਲੈਂਦਾ ਹੈ, ਉਸੇ ਦਾ ਦੂਜਾ ਪਹਿਲੂ ਹੈ : ਜੇਕਰ ਸੰਜੋਗ ਮਿਲ ਜਾਵੇ, ਸੁਭਾਗ ਹੋਵੇ, ਸਮਰੱਥਾ ਹੋਵੇ, ਪ੍ਰਤਿਭਾ ਹੋਵੇ, ਤਾਂ ਬੰਦਾ ਨਿਰਹੰਕਾਰ ਵਿਚ ਸਰਕ ਜਾ ਸਕਦਾ ਹੈ।

ਇਹ ਖ਼ਿਆਲ ਰਖਣਾ। ਦੋਵੇਂ ਚੀਜ਼ਾਂ ਇਕੱਠੀਆਂ ਹੁੰਦੀਆਂ ਹਨ—ਜਾਂ ਤਾਂ ਹੰਕਾਰ ਵਿਚ ਸਰਕਣਾ ਹੋਵੇਗਾ ਅਤੇ ਜਾਂ ਨਿਰਹੰਕਾਰ ਵਿਚ। ਜਾਂ ਤਾਂ ਦਰਵਾਜ਼ੇ ਤੋਂ ਬਾਹਰ ਨਿਕਲ ਜਾਓ ਜਾਂ ਦਰਵਾਜ਼ਾ ਬੰਦ ਕਰ ਲਉ, ਦਰਵਾਜ਼ੇ ਦੇ ਉਲਟ ਚੱਲ ਲਵੋ। ਅਜੇਹਾ ਹੀ ਫਿਰ ਚੌਦਾਂ ਸਾਲ ਵਿਚ ਹੁੰਦਾ ਹੈ, ਕਾਮਵਾਸਨਾ ਦਾ ਜਨਮ ਹੁੰਦਾ ਹੈ। ਜਾਂ ਤਾਂ ਕਾਮਵਾਸਨਾ ਵਿਚ ਉਤਰ ਜਾਵੇ ਅਤੇ ਜਾਂ ਬ੍ਰਹਮਚਰਜ ਵਿਚ। ਉਹ ਸੰਭਾਵਨਾ ਵੀ ਕਰੀਬ ਹੈ। ਉਨੀ ਹੀ ਕਰੀਬ ਹੈ।

ਅਜੇਹਾ ਹੀ ਫਿਰ ਇੱਕੀ ਸਾਲ ਵਿਚ ਹੁੰਦਾ ਹੈ। ਜਾਂ ਤਾਂ ਮੁਕਾਬਲੇਬਾਜੀ ਵਿਚ ਉਤਰ ਜਾਵੇ ਜਗਤ ਦੀ—ਈਰਖਾ, ਸੰਘਰਸ਼, ਮੁਕਾਬਲਾ, ਦ੍ਵੇਸ਼—ਅਤੇ ਜਾਂ ਅਣਮੁਕਾਬਲੇਬਾਜ਼ ਹੋ ਜਾਵੇ।

ਅਜੇਹਾ ਹੀ ਫਿਰ ਅਠਾਈ ਸਾਲ ਦੀ ਉਮਰ ਵਿਚ ਹੁੰਦਾ ਹੈ। ਜਾਂ ਤਾਂ ਸੰਗ੍ਰਹਿ ਵਿਚ ਪੈ ਜਾਵੇ, ਮੋਹ ਵਿਚ ਪੈ ਜਾਵੇ—ਇਕੱਠਾ ਕਰ ਲਵਾਂ, ਇਕੱਠਾ ਕਰ ਲਵਾਂ, ਇਕੱਠਾ ਕਰ ਲਵਾਂ—ਜਾਂ ਅਣਮੋਹੀ ਹੋ ਜਾਵੇ, ਦੇਖ ਲਵੇ ਕਿ ਇਕੱਠਾ ਕਰਨ ਨਾਲ ਕੀ ਇਕੱਠਾ ਹੋਵੇਗਾ ? ਮੈਂ ਅੰਦਰ ਤਾਂ ਗਰੀਬ ਹਾਂ ਅਤੇ ਗਰੀਬ ਰਹਾਂਗਾ। ਅਜੇਹਾ ਹੀ ਫਿਰ ਪੈਂਤੀ ਸਾਲ ਦੀ ਉਮਰ ਵਿਚ ਹੁੰਦਾ ਹੈ। ਪੈਂਤੀ ਸਾਲ ਦੀ ਉਮਰ ਵਿਚ ਤੁਸੀਂ ਆਪਣੀ ਮੱਧ—ਅਵਸਥਾ ਵਿਚ ਆ ਜਾਂਦੇ ਹੋ। ਦੁਪਹਿਰ ਆਉਂਦੀ ਹੈ ਜੀਵਨ ਦੀ। ਜਾਂ ਤਾਂ ਤੁਸੀਂ ਸਮਝੋ ਕਿ ਹੁਣ ਢਲਾਣ ਦੇ ਦਿਨ ਆ ਗਏ, ਹੁਣ ਰੂਪ—ਪਰਤਣਾ ਕਰਾਂ। ਹੁਣ ਵੇਲਾ ਆ ਗਿਆ, ਉਤਾਰ ਦੀ ਘੜੀ ਆ ਗਈ। ਹੁਣ ਜ਼ਿੰਦਗੀ ਨਿੱਤ—ਨਿੱਤ ਢਲੇਗੀ। ਹੁਣ ਸੂਰਜ ਢਲੇਗਾ ਅਤੇ ਸ਼ਾਮ ਨੇੜੇ ਆਉਣ ਲੱਗੀ।

ਪੈਂਤੀ ਸਾਲ ਦੀ ਉਮਰ ਵਿਚ ਸਵੇਰ ਵੀ ਉਨੀ ਦੂਰ ਹੈ, ਸ਼ਾਮ ਵੀ ਉਨੀ ਦੂਰ ਹੈ। ਤੁਸੀਂ ਠੀਕ ਦਰਮਿਆਨ ਵਿਚ ਖੜ੍ਹੇ ਹੋ। ਪਰ ਵਧੇਰੇ ਲੋਕ ਬਜਾਇ ਸਮਝਣ ਦੇ ਕਿ ਮੌਤ ਨੇੜੇ ਆ ਰਹੀ ਹੈ, ਹੁਣ ਅਸੀਂ ਮੌਤ ਦੀ ਤਿਆਰੀ ਕਰੀਏ; ਮੌਤ ਨੇੜੇ ਆ ਰਹੀ ਹੈ, ਇਹ ਸੋਚ ਕੇ ਅਸੀਂ ਕਿਵੇਂ ਮੌਤ ਤੋਂ ਬਚੀਏ, ਇਸਦੀ ਚੇਸ਼ਟਾ ਵਿਚ ਲੱਗ ਜਾਂਦੇ ਹਾਂ। ਇਸਲਈ ਦੁਨੀਆਂ ਦੀਆਂ ਸਭ ਤੋਂ ਵਧ ਬੀਮਾਰੀਆਂ ਪੈਂਤੀ ਸਾਲ ਅਤੇ ਬਿਆਲੀ ਸਾਲ ਦੇ ਵਿਚਕਾਰ ਪੈਦਾ ਹੁੰਦੀਆਂ ਹਨ। ਤੁਸੀਂ ਲੜਨ ਲਗਦੇ ਹੋ ਮੌਤ ਨਾਲ। ਮੌਤ ਨਾਲ ਲੜੋਗੇ, ਜਿੱਤੋਗੇ ਕਿਥੇ ? ਜਿੰਨੇ ਹਾਰਟ—ਅਟੈਕ ਹੁੰਦੇ ਹਨ, ਜਿੰਨੇ ਮਾਨਸਕ ਤਣਾਓ ਹੁੰਦੇ ਹਨ, ਉਹ ਪੈਂਤੀ ਅਤੇ ਬਿਆਲੀ ਦੇ ਵਿਚਕਾਰ ਹੁੰਦੇ ਹਨ। ਇਹ ਬੜੇ ਸੰਘਰਸ਼ ਦਾ ਸਮਾਂ ਹੈ।

ਜੇਕਰ ਪੈਂਤੀ ਸਾਲ ਦੀ ਉਮਰ ਵਿਚ ਇਕ ਵਿਅਕਤੀ ਸਮਝ ਲਵੇ ਕਿ ਮੌਤ ਤਾਂ ਆਉਣੀ ਹੀ ਹੈ; ਲੜਨਾ ਕਿਥੇ ਹੈ, ਸਵੀਕਾਰ ਕਰ ਲਵੇ; ਨਾ ਸਿਰਫ ਸਵੀਕਾਰ ਕਰ ਲਵੇ ਬਲਕਿ ਮੌਤ ਦੀ ਤਿਆਰੀ ਕਰਨ ਲੱਗੇ, ਮੌਤ ਦਾ ਅਯੋਜਨ ਕਰਨ ਲੱਗੇ..। ਅਤੇ ਧਿਆਨ ਰਖਣਾ, ਜਿਵੇਂ ਜੀਵਨ ਦੀ ਸਿਖਲਾਈ ਹੈ, ਇਵੇਂ ਹੀ ਮੌਤ ਦੀ ਵੀ ਸਿਖਲਾਈ ਹੈ। ਚੰਗੀ ਦੁਨੀਆਂ ਹੋਵੇਗੀ ਕਦੇ—ਅਤੇ ਕਦੇ ਉਹੋ—ਜਿਹੀ ਦੁਨੀਆਂ ਸੀ ਵੀ—ਤਾਂ ਜਿਵੇਂ ਜੀਵਨ ਨੂੰ ਸਿਖਾਉਣ ਵਾਲੇ

ਵਿਦਿਆਪੀਠ ਹਨ, ਉਵੇਂ ਹੀ ਮੌਤ ਨੂੰ ਸਿਖਾਉਣ ਵਾਲੇ ਵਿਦਿਆਪੀਠ ਵੀ ਸਨ। ਅਜੇ ਦੁਨੀਆਂ ਦੀ ਸਿੱਖਿਆ ਅਧੂਰੀ ਹੈ। ਇਹ ਤੁਹਾਨੂੰ, ਜੀਣਾ ਕਿਵੇਂ, ਇਹ ਤਾਂ ਸਿਖਾ ਦਿੰਦੀ ਹੈ, ਪਰ ਇਹ ਨਹੀਂ ਸਿਖਾਉਂਦੀ ਕਿ ਮਰਨਾ ਕਿਵੇਂ। ਅਤੇ ਮਰਨਾ ਹੈ ਅੰਤ ਵਿਚ।

ਤਾਂ ਤੁਹਾਡਾ ਗਿਆਨ ਅਧੂਰਾ ਹੈ। ਤੁਹਾਡੀ ਕਿਸ਼ਤੀ ਅਜੇਹੀ ਹੈ ਕਿ ਤੁਹਾਡੇ ਹੱਥ ਵਿਚ ਇਕ ਚੱਪੂ ਫੜਾ ਦਿਤਾ ਹੈ ਅਤੇ ਦੂਜਾ ਚੱਪੂ ਨਹੀਂ ਹੈ। ਤੁਸੀਂ ਕਦੇ ਦੇਖਿਐ, ਇਕ ਚੱਪੂ ਨਾਲ ਕਿਸ਼ਤੀ ਚਲਾ ਕੇ ਦੇਖੀ? ਜੇ ਤੁਸੀਂ ਇਕ ਚੱਪੂ ਨਾਲ ਕਿਸ਼ਤੀ ਚਲਾਉਗੇ ਤਾਂ ਕਿਸ਼ਤੀ ਗੋਲ-ਗੋਲ ਘੁੰਮੇਗੀ, ਕਿਤੇ ਜਾਏਗੀ ਨਹੀਂ। ਉਸ ਪਾਰ ਤਾਂ ਜਾ ਹੀ ਨਹੀਂ ਸਕਦੀ, ਬਸ ਗੋਲ-ਗੋਲ ਚੱਕਰ ਕਢੇਗੀ। ਦੋ ਚੱਪੂ ਚਾਹੀਦੇ ਹਨ। ਦੋਹਾਂ ਦੇ ਸਹਾਰੇ ਉਸ ਪਾਰ ਜਾਇਆ ਜਾ ਸਕਦਾ ਹੈ। ਲੋਕਾਂ ਨੂੰ ਜੀਵਨ ਦੀ ਸਿੱਖਿਆ ਤੁਸੀਂ ਦੇ ਦਿੰਦੇ ਹੋ। ਬਸ ਕਿਸ਼ਤੀ ਉਹਨਾਂ ਦੀ ਗੋਲ-ਗੋਲ ਘੁੰਮਣ ਲਗਦੀ ਹੈ। ਉਹ ਜੀਵਨ ਦੇ ਚੱਕਰ ਵਿਚ ਪੈ ਜਾਂਦੇ ਹਨ।

ਸੰਸਾਰ ਦਾ ਅਰਥ ਹੁੰਦਾ ਹੈ : ਚੱਕਰ ਵਿਚ ਪੈ ਜਾਣਾ।

ਪੈਂਤੀ ਸਾਲ ਦੀ ਉਮਰ ਵਿਚ ਮੌਕਾ ਹੈ; ਫਿਰ ਦੁਆਰ ਖੁਲ੍ਹਦਾ ਹੈ ਇਕ ਘੜੀ ਲਈ। ਮੌਤ ਦੀਆਂ ਝਲਕਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜ਼ਿੰਦਗੀ ਉਤੋਂ ਹੱਥ ਖਿਸਕਣੇ ਸ਼ੁਰੂ ਹੋ ਜਾਂਦੇ ਹਨ। ਭੈ ਦੇ ਕਾਰਨ ਲੋਕ ਜ਼ੋਰ ਨਾਲ ਫੜਨ ਲਗਦੇ ਹਨ ਜ਼ਿੰਦਗੀ ਨੂੰ ਅਤੇ ਜ਼ੋਰ ਨਾਲ ਫੜੋਗੇ ਤਾਂ ਬੁਰੀ ਤਰ੍ਹਾਂ ਹਾਰੋਗੇ, ਟੁੱਟੋਗੇ। ਆਪਣੀ ਮੌਜ ਨਾਲ ਛੱਡ ਦਿਉ ਤਾਂ ਕੋਈ ਤੁਹਾਨੂੰ ਤੋੜਨ ਵਾਲਾ ਨਹੀਂ ਹੈ। ਸਮਝ ਕੇ ਛੱਡ ਦਿਉ।

ਅਤੇ ਬਿਆਲੀ ਸਾਲ ਦੀ ਉਮਰ ਵਿਚ ਕਾਮਵਾਸਨਾ ਮੱਧਮ ਹੋਣ ਲਗਦੀ ਹੈ। ਜਿਵੇਂ ਚੌਦਾਂ ਸਾਲ ਦੀ ਉਮਰ ਵਿਚ ਕਾਮਵਾਸਨਾ ਪੈਦਾ ਹੁੰਦੀ ਹੈ ਉਵੇਂ ਬਿਆਲੀ ਸਾਲ ਦੀ ਉਮਰ ਵਿਚ ਕਾਮਵਾਸਨਾ ਮੱਧਮ ਹੁੰਦੀ ਹੈ। ਇਹ ਕੁਦਰਤੀ ਕਰਮ ਹੈ। ਪਰ ਆਦਮੀ ਪਰੇਸ਼ਾਨ ਹੋ ਜਾਂਦਾ ਹੈ ਬਿਆਲੀ ਸਾਲ ਵਿਚ ਕਿ ਜਦ ਉਹ ਪਾਂਦਾ ਹੈ ਕਾਮਵਾਸਨਾ ਮੱਧਮ ਹੋਣ ਲੱਗੀ—ਅਤੇ ਉਹੀ ਤਾਂ ਉਸਦੀ ਜ਼ਿੰਦਗੀ ਰਹੀ ਹੁਣ ਤੱਕ—ਤਾਂ ਚੱਲਿਆ ਇਲਾਜ-ਕਰਤਾਵਾਂ ਦੇ ਕੋਲ। ਚੱਲਿਆ ਡਾਕਟਰਾਂ ਦੇ ਕੋਲ, ਹਕੀਮਾਂ ਦੇ ਕੋਲ।

ਤੁਸੀਂ ਕੰਧਾਂ 'ਤੇ ਜੋ ਪੋਸਟਰ ਲੱਗੇ ਦੇਖੇ ਹਨ—'ਸ਼ਕਤੀ ਵਧਾਉਣ ਦੇ ਉਪਾਅ'; 'ਗੁਪਤ ਰੋਗਾਂ ਨੂੰ ਦੂਰ ਕਰਨ ਦੇ ਉਪਾਅ'—ਜੇ ਤੁਸੀਂ ਉਹਨਾਂ ਡਾਕਟਰਾਂ ਦੇ ਕੋਲ ਜਾ ਕੇ ਦੇਖੋ ਤਾਂ ਤੁਸੀਂ ਹੈਰਾਨ ਹੋਵੋਗੇ। ਉਹਨਾਂ ਕੋਲ ਤੁਸੀਂ ਜਿਹੜੇ ਲੋਕ ਪਾਉਗੇ ਉਹ ਬਿਆਲੀ ਸਾਲ ਦੀ ਉਮਰ ਦੇ ਕਰੀਬ ਦੇ ਲੋਕ ਪਾਉਗੇ, ਉਹਨਾਂ ਦੇ ਬੈਠਕਖਾਨੇ ਵਿਚ ਜੋ ਤੁਹਾਨੂੰ ਬੈਠੇ ਮਿਲਣਗੇ। ਕਿਉਂਕਿ ਕਾਮਵਾਸਨਾ ਮੱਧਮ ਹੋ ਰਹੀ ਹੈ, ਸਰੀਰ ਤੋਂ ਊਰਜਾ ਜਾ ਰਹੀ ਹੈ, ਹੁਣ ਉਹ ਚਾਹੁੰਦੇ ਹਨ ਕਿ ਕੋਈ ਚਮਤਕਾਰ ਹੋ ਜਾਵੇ, ਕੋਈ ਜੜੀ-ਬੂਟੀ ਮਿਲ ਜਾਵੇ, ਕੋਈ ਦਵਾਈ ਮਿਲ ਜਾਵੇ। ਨਹੀਂ ਕੋਈ ਦਵਾਈ ਹੈ, ਪਰ ਇਹਨਾਂ ਦਾ ਸ਼ੋਸ਼ਣ ਕਰਨ ਦੀ ਖ਼ਾਤਰ ਲੋਕ ਬੈਠੇ ਹੋਏ ਹਨ—ਵੈਦ, ਇਲਾਜ-ਕਰਤਾ, ਹਕੀਮ... ਹਕੀਮ ਵੀਰੂਮਲ! ਇਸ ਤਰ੍ਹਾਂ ਦੇ ਲੋਕ ਬੈਠੇ ਹੋਏ ਹਨ। ਅਤੇ ਇਹ ਧੰਦਾ ਅਜੇਹਾ ਹੈ ਕਿ ਇਸ ਵਿਚ ਫੜਵਾਇਆ ਨਹੀਂ ਜਾ ਸਕਦਾ,

ਕਿਉਂਕਿ ਜਿਹੜਾ ਆਦਮੀ ਆਉਂਦਾ ਹੈ ਉਹ ਪਹਿਲਾਂ ਤਾਂ ਲੁਕ–ਛਿਪ ਕੇ ਆਉਂਦਾ ਹੈ। ਉਹ ਕਿਸੇ ਨੂੰ ਦੱਸਣਾ ਵੀ ਨਹੀਂ ਚਾਹੁੰਦਾ ਕਿ ਮੈਂ ਜਾ ਕਿਸਲਈ ਰਿਹਾ ਹਾਂ। ਉਹ ਜਦ ਉਸਨੂੰ ਕੋਈ ਸਫਲਤਾ ਨਹੀਂ ਮਿਲਦੀ, ਤਾਂ ਦੂਜੇ ਵੈਦ ਦਾ ਦੁਆਰ ਖੜਕਾਏਗਾ। ਪਰ ਕਹਿ ਵੀ ਨਹੀਂ ਸਕਦਾ ਕਿਸੇ ਨੂੰ ਕਿ ਇਸ ਦਵਾਈ ਨੇ ਕੰਮ ਨਹੀਂ ਕੀਤਾ। ਦਵਾਈਆਂ ਕਦੇ ਕੰਮ ਆਈਆਂ ਹਨ? ਪਾਗਲਪਣ ਹੈ।

ਅਤੇ ਕਿਸੇ ਵੀ ਤਰ੍ਹਾਂ ਦੀਆਂ ਮੂੜ੍ਹਤਾ ਦੀਆਂ ਗੱਲਾਂ ਚਲਦੀਆਂ ਹਨ–ਮੰਤਰ ਚਲਦੇ, ਤੰਤਰ ਚਲਦੇ, ਤਵੀਤ ਚਲਦੇ, ਤਾਂਤਰਿਕਾਂ ਦੀ ਸੇਵਾ ਚਲਦੀ ਕਿ ਸ਼ਾਇਦ ਕੋਈ ਚਮਤਕਾਰ ਕਰ ਦੇਵੇਗਾ। ਅਤੇ ਜਿਹੜੀ ਜੀਵਨ–ਊਰਜਾ ਜਾ ਰਹੀ ਹੈ ਮੇਰੇ ਹੱਥ 'ਚੋਂ, ਉਹ ਮੈਂ ਵਾਪਸ ਪਾ ਲਵਾਂਗਾ, ਫਿਰ ਮੈਂ ਜਵਾਨ ਹੋ ਜਾਵਾਂਗਾ!

ਬਿਆਲੀ ਸਾਲ ਦੀ ਉਮਰ ਘੜੀ ਹੈ ਕਿ ਆ ਗਿਆ ਛਿਨ, ਜਦ ਤੁਸੀਂ ਕਾਮਵਾਸਨਾ ਨੂੰ ਜਾਣ ਦਿਉ। ਹੁਣ ਰਾਮ ਦੀ ਵਾਸਨਾ ਦੇ ਜਗਣ ਦਾ ਛਿਨ ਆ ਗਿਆ। ਕਾਮ ਜਾਵੇ ਤਾਂ ਰਾਮ ਦੀ ਆਮਦ ਹੋਵੇ। ਫਿਰ ਦੁਆਰ ਖੁਲ੍ਹਦਾ ਹੈ, ਪਰ ਤੁਸੀਂ ਚੁੱਕ ਜਾਂਦੇ ਹੋ।

ਇਵੇਂ ਹੀ ਹਰ ਸੱਤ ਸਾਲ 'ਤੇ ਦੁਆਰ ਖੁਲ੍ਹਦਾ ਚਲਿਆ ਜਾਂਦਾ ਹੈ। ਜਿਹੜਾ ਪਹਿਲੇ ਹੀ ਸੱਤ ਸਾਲ 'ਤੇ ਜਾਗ ਗਿਆ ਹੈ ਉਹ ਅਪੂਰਵ ਪ੍ਰਤਿਭਾ ਦਾ ਧਨੀ ਰਿਹਾ ਹੋਵੇਗਾ। ਹੋ ਸਕਦਾ ਹੈ, ਦਾਦੂ ਇਸ ਛੋਟੇ ਬੱਚੇ ਦੀ ਤਲਾਸ਼ ਵਿਚ ਹੀ ਘੁੰਸਾ ਆਏ ਹੋਣ। ਕਿਉਂਕਿ ਸਤਿਗੁਰੂ ਐਵੇਂ ਹੀ ਨਹੀਂ ਆਉਂਦੇ।

ਕਹਾਣੀ ਹੈ ਬੁੱਧ ਦੇ ਜੀਵਨ ਵਿਚ ਕਿ ਉਹ ਇਕ ਪਿੰਡ ਗਏ। ਉਹਨਾਂ ਦੇ ਸ਼ਿੱਸ਼ਾਂ ਨੇ ਕਿਹਾ ਵੀ ਕਿ ਉਸ ਪਿੰਡ ਵਿਚ ਜਾਣ ਦਾ ਕੋਈ ਅਰਥ ਨਹੀਂ ਹੈ। ਛੋਟੇ–ਮੋਟੇ ਲੋਕ ਹਨ, ਕਿਸਾਨ ਹਨ। ਕੋਈ ਸਮਝੇਗਾ ਵੀ ਨਹੀਂ ਤੁਹਾਡੀ ਗੱਲ। ਵੈਸ਼ਾਲੀ ਕਰੀਬ ਹੈ, ਤੁਸੀਂ ਰਾਜਧਾਨੀ ਚੱਲੋ। ਇਸ ਛੋਟੇ ਪਿੰਡ ਵਿਚ ਠਹਿਰਨ ਦੀ ਜਗ੍ਹਾ ਵੀ ਨਹੀਂ ਹੈ। ਐਪਰ ਬੁੱਧ ਨੇ ਤਾਂ ਜ਼ਿਦ ਬੰਨ੍ਹ ਰਖੀ ਹੈ ਕਿ ਉਸੇ ਪਿੰਡ ਜਾਣਾ ਹੈ। ਉਸ ਪਿੰਡ ਜਾਏ ਬਿਨਾਂ ਵੈਸ਼ਾਲੀ ਨਹੀਂ ਜਾਵਾਂਗੇ। ਨਾਹੱਕ ਦਾ ਚੱਕਰ ਹੈ। ਉਸ ਪਿੰਡ ਵਿਚ ਜਾਣ ਦਾ ਮਤਲਬ ਦਸ–ਵੀਹ ਮੀਲ ਹੋਰ ਪੈਦਲ ਤੁਰਨਾ ਪਏਗਾ। ਨਹੀਂ ਮੰਨੇ, ਤਾਂ ਗਏ। ਜਦ ਪਿੰਡ ਦੇ ਕਰੀਬ ਪਹੁੰਚ ਰਹੇ ਸਨ ਤਦ ਇਕ ਛੋਟੀ ਲੜਕੀ ਨੇ, ਉਸਦੀ ਉਮਰ ਕੋਈ ਪੰਦਰਾਂ ਸਾਲ ਤੋਂ ਵਧ ਨਹੀਂ ਰਹੀ ਹੋਣੀ, ਉਹ ਖੇਤ ਵਲ ਜਾ ਰਹੀ ਸੀ ਆਪਣੇ ਪਿਤਾ ਦੀ ਖ਼ਾਤਰ ਭੋਜਨ ਲੈ ਕੇ, ਉਹ ਰਾਹ ਵਿਚ ਮਿਲੀ, ਉਸਨੇ ਬੁੱਧ ਦੇ ਚਰਨਾਂ ਵਿਚ ਸਿਰ ਝੁਕਾਇਆ ਅਤੇ ਕਿਹਾ ਕਿ ਪ੍ਰਵਚਨ ਸ਼ੁਰੂ ਨਾ ਕਰ ਦੇਣਾ ਜਦ ਤਕ ਮੈਂ ਨਾ ਆ ਜਾਵਾਂ। ਹੋਰ ਕਿਸੇ ਨੇ ਤਾਂ ਧਿਆਨ ਹੀ ਨਾ ਦਿਤਾ ਇਸ ਗੱਲ 'ਤੇ। ਪਿੰਡ ਵਿਚ ਪਹੁੰਚ ਗਏ, ਲੋਕ ਇਕੱਠੇ ਹੋ ਗਏ। ਛੋਟਾ ਪਿੰਡ ਹੈ ਲੇਕਿਨ ਬੁੱਧ ਆਏ, ਇਹ ਸੁਭਾਗ ਹੈ। ਸੋਚਿਆ ਵੀ ਨਹੀਂ ਸੀ ਕਿ ਇਸ ਪਿੰਡ ਵਿਚ ਬੁੱਧ ਦੀ ਆਮਦ ਹੋਵੇਗੀ। ਸਾਰਾ ਪਿੰਡ ਇਕੱਠਾ ਹੋ ਗਿਆ। ਸਭ ਬੈਠੇ ਹਨ ਕਿ ਹੁਣ ਬੁੱਧ ਕੁਝ ਬੋਲਣ। ਅਤੇ ਬੁੱਧ ਬੈਠੇ ਹਨ ਕਿ ਉਹ ਦੇਖ ਰਹੇ ਹਨ।

ਆਖ਼ਰ ਕਿਸੇ ਨੇ ਖੜ੍ਹੇ ਹੋ ਕੇ ਕਿਹਾ ਕਿ ਮਹਾਰਾਜ, ਤੁਸੀਂ ਕੁਝ ਬੋਲੋ। ਉਹਨਾਂ ਨੇ ਕਿਹਾ ਕਿ ਮੈਂ ਕਿਸੇ ਦੀ ਉਡੀਕ ਕਰ ਰਿਹਾ ਹਾਂ। ਉਸ ਆਦਮੀ ਨੇ ਚਾਰੇ ਪਾਸੇ ਦੇਖਿਆ; ਉਸਨੇ ਕਿਹਾ, ਪਿੰਡ ਦੇ ਹਰ ਬੰਦੇ ਨੂੰ ਮੈਂ ਪਛਾਣਦਾ ਹਾਂ। ਥੋੜ੍ਹੇ

ਹੀ ਲੋਕ ਹਨ, ਸੌ-ਪੰਜਾਹ। ਸਭ ਇਥੇ ਮੌਜੂਦ ਹਨ, ਤੁਸੀਂ ਕਿਸਦੀ ਉਡੀਕ ਕਰ ਰਹੇ ਹੋ?

ਬੁੱਧ ਨੇ ਕਿਹਾ, ਤੂੰ ਠਹਿਰ। ਉਹ ਲੜਕੀ ਭੱਜਦੀ ਹੋਈ ਆਈ। ਅਤੇ ਜਿਵੇਂ ਹੀ ਉਹ ਲੜਕੀ ਆ ਕੇ ਬੈਠੀ, ਬੁੱਧ ਬੋਲੇ। ਬੁੱਧ ਨੇ ਕਿਹਾ, ਮੈਂ ਇਸ ਲੜਕੀ ਦੀ ਉਡੀਕ ਕਰਦਾ ਸੀ। ਸੱਚ ਤਾਂ ਇਹ ਹੈ, ਮੈਂ ਇਸੇ ਦੀ ਖ਼ਾਤਰ ਆਇਆ ਹਾਂ।

ਦਾਦੂ ਧੌਸਾ ਗਏ, ਬਹੁਤੀ ਸੰਭਾਵਨਾ ਇਹੀ ਹੈ ਕਿ ਉਹ ਸੁੰਦਰਦਾਸ ਦੇ ਲਈ ਗਏ। ਇਹੀ ਇਕ ਹੀਰਾ ਸੀ ਉਥੇ, ਜਿਸਦੀ ਚਮਕ ਦਾਦੂ ਤਕ ਪਹੁੰਚ ਰਹੀ ਹੋਵੇਗੀ; ਜੋ ਪੱਥਰ ਦੇ ਵਿਚ ਰੋਸ਼ਨ ਦੀਵੇ ਦੀ ਤਰ੍ਹਾਂ ਮਲੂਮ ਪੈ ਰਿਹਾ ਹੋਵੇਗਾ। ਉਸਦੀ ਤਲਾਸ਼ ਵਿਚ ਗਏ ਸਨ।

ਸੁੰਦਰਦਾਸ ਨੇ ਕਿਹਾ ਹੈ—

ਸੁੰਦਰ ਸਤਗੁਰੂ ਆਪਨੇਂ, ਕਿਯਾ ਅਨੁਗ੍ਰਹ ਆਇ।
ਮੋਹ—ਨਿਸਾ ਮੇਂ ਸੋਵਤੇ ਹਮਕੋ ਲਿਯਾ ਜਗਾਇ।

ਸੱਤ ਸਾਲ ਦੇ ਬੱਚੇ ਨੂੰ ਸੰਨਿਆਸ ਦਿਤਾ। ਅਜੇਹੇ ਕੁਝ ਛੋਟੇ ਬੱਚੇ ਇਥੇ ਵੀ ਹਨ। ਮੈਥੋਂ ਲੋਕ ਆ ਕੇ ਪੁਛਦੇ ਹਨ ਕਿ ਤੁਸੀਂ ਇੰਨੇ-ਕੁ ਬੱਚੇ ਨੂੰ ਕਿਉਂ ਸੰਨਿਆਸ ਦੇ ਰਹੇ ਹੋ? ਤੁਸੀਂ ਦਾਦੂ ਤੋਂ ਪੁਛਿਆ ਹੁੰਦਾ ਕਿ ਸੁੰਦਰ ਨੂੰ ਕਿਉਂ ਸੰਨਿਆਸ ਦੇ ਰਹੇ ਹੋ? ਸੱਤ ਸਾਲ ਦਾ ਬੱਚਾ ਹੈ, ਅਜੇ ਇਸਨੇ ਦੇਖਿਆ ਕੀ, ਜਾਣਿਆ ਕੀ? ਪਰ ਸੱਚ ਇਹ ਹੈ ਕਿ ਇਥੇ ਕੌਣ ਹੈ ਜੋ ਬੱਚਾ ਹੈ? ਜਨਮਾਂ-ਜਨਮਾਂ ਦੀ ਲੰਮੀ ਯਾਤਰਾ ਹਰੇਕ ਦੇ ਪਿਛੇ ਹੈ। ਸਭ ਜਾਣਿਆ ਜਾ ਚੁਕਿਆ, ਬਹੁਤ ਵਾਰ ਜਾਣਿਆ ਜਾ ਚੁਕਿਆ। ਇਥੇ ਛੋਟਾ ਬੱਚਾ ਕੌਣ ਹੈ? ਇਹ ਜਗਤ ਕੋਈ ਨਵਾਂ ਤਾਂ ਨਹੀਂ ਹੈ; ਬਹੁਤ ਪੁਰਾਣਾ ਹੈ, ਬਹੁਤ ਪੁਰਾਣਾ ਹੈ। ਬੜਾ ਪੁਰਾਤਨ ਹੈ। ਅਤੇ ਤੁਸੀਂ ਇਥੇ ਸਦਾ ਤੋਂ ਹੋ। ਇਹ ਦੇਹ ਤੁਹਾਡੀ ਪਹਿਲੀ ਦੇਹ ਤਾਂ ਨਹੀਂ। ਪਤਾ ਨਹੀਂ ਕਿੰਨੀਆਂ ਦੇਹਾਂ ਵਿਚ ਤੁਸੀਂ ਵਸੇ ਹੋ। ਹੋ ਸਕਦਾ ਹੈ, ਇਸ ਦੇਹ ਵਿਚ ਨਵੇਂ ਮਲੂਮ ਹੋ ਰਹੇ ਹੋਵੋ; ਦੇਹ ਨਵੀਂ ਹੋਵੇਗੀ, ਪਰ ਤੁਸੀਂ ਨਵੇਂ ਨਹੀਂ ਹੋ।

ਦਾਦੂ ਨੇ ਦੇਖ ਲਈ ਹੋਵੇਗੀ ਝਲਕ। ਚੁਕ ਲਿਆ ਹੋਵੇਗਾ ਇਸ ਬੱਚੇ ਨੂੰ ਹੀਰੇ ਦੀ ਤਰ੍ਹਾਂ। ਅਤੇ ਹੀਰੇ ਦੀ ਤਰ੍ਹਾਂ ਸੁੰਦਰ ਨੂੰ ਸੰਭਾਲਿਆ। ਇਸਲਈ 'ਸੁੰਦਰ' ਨਾਂ ਦਿਤਾ ਉਸਨੂੰ। ਸੁੰਦਰ ਹੀ ਰਿਹਾ ਹੋਵੇਗਾ ਬੱਚਾ।

ਇਹੀ ਸੁੰਦਰਤਾ ਹੈ ਇਕੋ-ਇਕ ਕਿ ਆਦਮੀ ਪਰਮਾਤਮਾ ਦੀ ਪਿਆਸ ਵਿਚ ਤੜਫੇ। ਅਤੇ ਤੜਫ ਅਜੇਹੀ ਹੋਵੇ ਕਿ ਸਾਰੇ ਜੀਵਨ ਨੂੰ ਦਾਅ 'ਤੇ ਲਾ ਦੇਵੇ। ਸੱਤਰ ਸਾਲ ਦਾ ਆਦਮੀ ਵੀ ਦਾਅ 'ਤੇ ਲਾਉਣ ਲਈ ਤਿਆਰ ਨਹੀਂ; ਕੋਲ ਬਚਿਆ ਵੀ ਨਹੀਂ ਕੁਝ ਦਾਅ ਲਾਉਣ ਨੂੰ। ਕੁਝ ਗੰਵਾਣ ਦਾ ਵੀ ਨਹੀਂ ਹੈ, ਹੁਣ, ਸਭ ਗੰਵਾ ਹੀ ਚੁਕਿਆ। ਚੱਲੀ-ਚਲਾਈ ਕਾਰਤੂਸ ਹੈ। ਪਰ ਫਿਰ ਵੀ ਫਣ ਖਲਾਰ ਕੇ ਬੈਠਾ ਹੈ ਚੱਲੀ-ਚਲਾਈ ਕਾਰਤੂਸ ਉਤੇ ਕਿ ਬਚਾ ਲਵਾਂ, ਕੁਝ ਖੁੰਝ ਨਾ ਜਾਵੇ, ਕੁਝ ਛੁੱਟ ਨਾ ਜਾਵੇ ਹੱਥ ਵਿਚੋਂ।

ਅਜੇ ਇਹ ਬੱਚਾ ਤਾਂ ਨਵਾਂ-ਨਵਾਂ ਸੀ। ਦਾਦੂ ਨੇ ਇਸਨੂੰ ਸੁੰਦਰ ਨਾਂ ਦਿਤਾ। ਇਕ ਹੀ ਸੁਹੱਪਣ ਹੈ ਇਸ ਜਗਤ ਵਿਚ—ਪਰਮਾਤਮਾ ਦੀ ਤਲਾਸ਼ ਦਾ ਸੁਹੱਪਣ। ਇਕ ਹੀ ਪ੍ਰਸਾਦ ਹੈ ਇਸ ਜਗਤ ਵਿਚ—ਪਰਮਾਤਮਾ ਨੂੰ ਪਾਣ ਦੀ

ਚਾਹਨਾ ਦਾ ਪ੍ਰਸਾਦ। ਧੰਨਭਾਗੀ ਹਨ ਉਹ, ਉਹ ਹੀ ਕੇਵਲ 'ਸੁੰਦਰ' ਹਨ, ਜਿਨ੍ਹਾਂ ਦੀਆਂ ਅੱਖਾਂ ਵਿਚ ਪਰਮਾਤਮਾ ਦੀ ਤਸਵੀਰ ਵਸਦੀ ਹੈ। ਤੁਹਾਡੀਆਂ ਅੱਖਾਂ ਸੁੰਦਰ ਨਹੀਂ ਹੁੰਦੀਆਂ ਹਨ; ਤੁਹਾਡੀਆਂ ਅੱਖਾਂ ਵਿਚ ਕੌਣ ਵਸਿਆ ਹੈ, ਉਸ ਵਿਚ ਸੁੰਦਰਤਾ ਹੁੰਦੀ ਹੈ। ਤੁਹਾਡਾ ਰੰਗ-ਰੂਪ ਸੁੰਦਰ ਨਹੀਂ ਹੁੰਦਾ; ਤੁਹਾਡੇ ਰੰਗ-ਰੂਪ ਵਿਚ ਕਿਸਦੀ ਚਾਹਤ ਵਸੀ ਹੈ, ਉਥੇ ਹੀ ਸੁੰਦਰਤਾ ਹੁੰਦੀ ਹੈ। ਅਤੇ ਤੁਹਾਨੂੰ ਵੀ ਕਦੇ ਕਦੇ ਲੱਗਿਆ ਹੋਵੇਗਾ ਕਿ ਪਰਮਾਤਮਾ ਦੀ ਖੋਜ ਵਿਚ ਚੱਲਣ ਵਾਲੇ ਆਦਮੀ ਵਿਚ ਇਕ ਅਪੂਰਵ ਸੁਹੱਪਣ ਪਰਗਟ ਹੋਣ ਲਗਦਾ ਹੈ। ਉਸਦੇ ਉਠਣ-ਬੈਠਣ ਵਿਚ, ਉਸਦੇ ਬੋਲਣ ਵਿਚ, ਉਸਦੇ ਚੁੱਪ ਹੋਣ ਵਿਚ, ਉਸਦੇ ਹੱਥ ਦੇ ਇਸ਼ਾਰਿਆਂ ਵਿਚ—ਇਕ ਸੁਹੱਪਣ ਪਰਗਟ ਹੋਣ ਲਗਦਾ ਹੈ, ਜੋ ਇਸ ਜਗਤ ਦਾ ਨਹੀਂ ਹੈ।

ਦਾਦੂ ਨੇ ਸੁੰਦਰ ਨੂੰ ਬੜੇ ਪ੍ਰੇਮ ਨਾਲ ਪਾਲਿਆ-ਪੋਸਿਆ। ਖ਼ੂਬ ਪ੍ਰੇਮ ਦੀ ਵਰਖਾ ਕੀਤੀ ਉਸ ਉਤੇ। ਹੀਰਾ ਸੀ, ਖ਼ੂਬ ਨਿਖਾਰਿਆ ਉਸਨੂੰ। ਅਤੇ ਆਪਣੇ ਸਾਰੇ ਸ਼ਿੱਸ਼ਾਂ ਨੂੰ ਕਿਹਾ ਸੀ, ਸੁੰਦਰ ਦੀ ਚਿੰਤਾ ਲਵੋ, ਸੁੰਦਰ ਦੀ ਫਿਕਰ ਕਰੋ, ਇਸ ਵਿਚੋਂ ਕੁਝ ਮਹਿਮਾਸ਼ਾਲੀ ਪਰਗਟ ਹੋਣ ਵਾਲਾ ਹੈ। ਅਤੇ ਮਹਿਮਾਸ਼ਾਲੀ ਪਰਗਟ ਹੋਇਆ।

ਦਾਦੂਦਯਾਲ ਦੀ ਮੌਤ ਦੇ ਬਾਅਦ ਦਾਦੂ ਸੌਂਪ ਗਏ ਸਨ ਰੱਜਬ ਨੂੰ ਕਿ ਸੁੰਦਰ ਨੂੰ ਸੰਭਾਲਣਾ। ਅਤੇ ਜਿਵੇਂ ਰੱਜਬ ਦੇ ਜੀਵਨ ਵਿਚ ਘਟਨਾ ਵਾਪਰੀ, ਕਿ ਦਾਦੂਦਯਾਲ ਦੀ ਮੌਤ ਦੇ ਬਾਅਦ ਰੱਜਬ ਨੇ ਫਿਰ ਅੱਖਾਂ ਨਹੀਂ ਖੋਲ੍ਹੀਆਂ। ਕਿਹਾ ਕਿ ਹੁਣ ਕੀ ਅੱਖ ਖੋਲ੍ਹਣੀ? ਜੋ ਦੇਖਣ-ਯੋਗ ਸੀ, ਦੇਖ ਲਿਆ। ਜੋ ਦੇਖਣ ਵਿਚ ਨਹੀਂ ਆਉਂਦਾ, ਉਹ ਦੇਖ ਲਿਆ। ਜੋ ਅੱਖਾਂ ਦੇ ਪਾਰ ਹੈ ਉਹ ਅੱਖਾਂ ਵਿਚ ਝਲਕ ਗਿਆ। ਹੁਣ ਕੀ ਅੱਖ ਖੋਲ੍ਹਣੀ? ਹੁਣ ਇਸ ਜਗਤ ਵਿਚ ਕੀ ਰਖਿਆ ਹੈ? ਰਹੇ ਕੁਝ ਵਰ੍ਹੇ ਜੀਂਦੇ, ਪਰ ਫਿਰ ਅੱਖ ਨਹੀਂ ਖੋਲ੍ਹੀ। ਜੀਂਦੇ ਰਹੇ ਅਤੇ ਅੰਨ੍ਹੇ ਦੀ ਤਰ੍ਹਾਂ ਰਹੇ।

ਜਿਵੇਂ ਇਹ ਰੱਜਬ ਦੇ ਜੀਵਨ ਵਿਚ ਅਪੂਰਵ ਘਟਨਾ ਵਾਪਰੀ ਕਿ ਦਾਦੂ ਦੇ ਮਰ ਜਾਣ ਦੇ ਬਾਅਦ ਉਹਨਾਂ ਨੇ ਅੱਖ ਨਹੀਂ ਖੋਲ੍ਹੀ...। ਉਸ ਪਿਆਰੇ ਗੁਰੂ ਦੇ ਜਾਣ ਦੇ ਬਾਅਦ ਅੱਖ ਖੋਲ੍ਹਣ ਦਾ ਕੋਈ ਕਾਰਨ ਨਹੀਂ ਰਿਹਾ। ਬਹੁਤ ਲੋਕਾਂ ਨੇ ਸਮਝਾਇਆ ਕਿ ਸੂਰਜ ਬਹੁਤ ਸੁੰਦਰ ਹੈ, ਚੰਦ-ਤਾਰੇ ਬਹੁਤ ਸੁੰਦਰ ਹਨ, ਫੁੱਲ ਖਿੜੇ ਹਨ। ਲੋਕ ਆਉਂਦੇ, ਲੇਕਿਨ ਰੱਜਬ ਆਖਦੇ, ਹੁਣ ਕੋਈ ਫੁੱਲ ਜ਼ਿਆਦਾ ਸੁੰਦਰ ਨਹੀਂ ਹੋ ਸਕਦਾ ਅਤੇ ਹੁਣ ਕੋਈ ਸੂਰਜ ਉਸ ਤੋਂ ਜ਼ਿਆਦਾ ਪ੍ਰਕਾਸ਼ਵਾਨ ਨਹੀਂ ਹੋ ਸਕਦਾ। ਹੁਣ ਤੁਸੀਂ ਚੰਦ-ਤਾਰਿਆਂ ਦੀ ਗੱਲ ਨਾ ਕਰੋ, ਮੈਂ ਚੰਦ-ਤਾਰਿਆਂ ਦੇ ਮਾਲਕ ਨੂੰ ਦੇਖਿਆ ਹੈ। ਅੱਖ ਬੰਦ ਕਰਕੇ ਹੁਣ ਮੈਨੂੰ ਉਸੇ ਦੇ ਨਾਲ ਰਹਿਣ ਦਿਉ। ਹੁਣ ਬਾਹਰ ਦੇਖਣ ਨੂੰ ਮੇਰੇ ਲਈ ਕੁਝ ਨਹੀਂ। ਅੱਖ ਖੋਲ੍ਹਦਾ ਇਸਲਈ ਸੀ ਕਿ ਦਾਦੂ ਸਨ, ਹੁਣ ਕੀ ਖੋਲ੍ਹਣੀ? ਹੁਣ ਦੇਹ ਅਲੋਪ ਹੋ ਗਈ ਦਾਦੂ ਦੀ। ਹੁਣ ਤਾਂ ਅੰਦਰ ਹੀ ਦੇਖ ਲੈਂਦਾ ਹਾਂ। ਹੁਣ ਤਾਂ ਅੰਦਰ ਹੀ ਉਹਨਾਂ ਦੇ ਨਾਲ ਮੈਨੂੰ ਰਚਿਆ ਰਹਿਣ ਦਿਉ।

ਅਜੇਹੀ ਹੀ ਘਟਨਾ ਫਿਰ ਸੁੰਦਰ ਦੇ ਜੀਵਨ ਵਿਚ ਵਾਪਰੀ। ਦਾਦੂ ਤਾਂ ਛੇਤੀ ਚਲ ਵਸੇ, ਬੱਚਾ ਛੋਟਾ ਸੀ, ਦਾਦੂ ਬਿਰਧ ਸਨ। ਰੱਜਬ ਨੂੰ ਸੌਂਪ ਗਏ ਸਨ। ਰੱਜਬ ਨੇ ਸੰਭਾਲਿਆ। ਐਪਰ ਛੋਟਾ ਬੱਚਾ ਸੀ, ਰੱਜਬ ਵੀ ਚਲ ਵਸੇ ਇਕ ਦਿਨ। ਤਦ ਦਾਦੂ ਦੇ ਚਲੇ ਜਾਣ ਪਿਛੋਂ, ਫਿਰ ਰੱਜਬ ਦੇ ਚਲੇ ਜਾਣ ਦੇ ਬਾਅਦ, ਸੁੰਦਰ 'ਤੇ ਕੀ ਵਾਪਰੀ। ਫਿਰ ਇਕ

ਅਨੋਖੀ ਘਟਨਾ ਵਾਪਰੀ। ਇਹ ਘਟਨਾਵਾਂ ਸਮਝਣ ਜਿਹੀਆਂ ਹਨ। ਕਿਉਂਕਿ ਇਹ ਘਟਨਾਵਾਂ ਤੁਹਾਡੇ ਅਤੇ ਮੇਰੇ ਵਿਚਾਲੇ ਵਾਪਰ ਰਹੀਆਂ ਹਨ ਅਤੇ ਵਾਪਰਨਗੀਆਂ, ਇਸਲਈ ਸਮਝ ਲੈਣਾ ਉਪਯੋਗੀ ਹੈ। ਜਦ ਰੱਜਬ ਚੱਲ ਵਸੇ ਤਾਂ ਰੱਜਬ ਦੇ ਚਲਾਣੇ ਤੋਂ ਕੁਝ ਹੀ ਦਿਨ ਪਹਿਲਾਂ—ਦੂਰ ਸੀ ਸੁੰਦਰ, ਕਾਸ਼ੀ ਵਿਚ ਸੀ—ਇਕਦਮ ਦੌੜਨਾ ਸ਼ੁਰੂ ਕੀਤਾ ਕਾਸ਼ੀ ਤੋਂ। ਰੱਜਬ ਤਾਂ ਸਨ ਰਾਜਸਥਾਨ ਵਿਚ—ਸਾਂਗਨੇਰ ਵਿਚ। ਲੰਮੀ ਯਾਤਰਾ ਸੀ। ਮਿੱਤਰਾਂ ਨੇ ਕਿਹਾ, ਸ਼ਿਸ਼ਾਂ ਨੇ ਕਿਹਾ—ਹੁਣ ਤਾਂ ਸੁੰਦਰ ਦੇ ਵੀ ਸ਼ਿਸ਼ ਸਨ, ਉਸਦੇ ਪਿਛੇ ਵੀ ਪਿਆਸੇ ਇਕੱਠੇ ਹੋਣ ਲੱਗੇ ਸਨ—ਉਹਨਾਂ ਨੇ ਕਿਹਾ, ਕਿਥੇ ਦੌੜੇ ਜਾਂਦੇ ਹੋ, ਇੰਨੀ ਛੇਤੀ ਕੀ ਹੈ? ਪਰ ਸੁੰਦਰ ਨੇ ਕਿਹਾ, ਹੁਣ ਦੇਰ ਨਹੀਂ। ਰੁਕਦੇ ਵੀ ਨਹੀਂ ਸਨ ਅਰਾਮ ਕਰਨ ਨੂੰ ਰਾਹਾਂ ਵਿਚ। ਕਿਸੇ ਤਰ੍ਹਾਂ ਬਸ ਪਹੁੰਚ ਜਾਣਾ ਹੈ ਸਾਂਗਨੇਰ। ਅਤੇ ਇਧਰ ਰੱਜਬ ਦੇ ਸਾਹ ਅਟਕੇ ਸਨ। ਅਤੇ ਉਹ ਵਾਰ-ਵਾਰ ਅੱਖ ਖੋਲ੍ਹ ਕੇ ਦੇਖਦੇ ਸਨ, ਪੁੱਛਦੇ ਸਨ : 'ਸੁੰਦਰ ਪਹੁੰਚਿਆ, ਨਹੀਂ ਪਹੁੰਚਿਆ ?' ਅਤੇ ਜਿਵੇਂ ਹੀ ਸੁੰਦਰ ਦਾ ਆਉਣਾ ਹੋਇਆ ਅਤੇ ਰੱਜਬ ਨੇ ਸੁੰਦਰ ਨੂੰ ਦੇਖਿਆ, ਨੇੜੇ ਲਿਆ। ਦੇਖਿਆ... ਬਾਹਰ ਦੀ ਅੱਖ ਤਾਂ ਉਹ ਖੋਲ੍ਹਦੇ ਨਹੀਂ ਸਨ, ਅੰਦਰ ਦੀ ਅੱਖ ਨਾਲ ਹੀ ਦੇਖਿਆ। ਰੱਜਬ ਨੂੰ ਸ਼ਾਂਤੀ ਮਿਲੀ, ਉਹ ਲੇਟ ਗਏ। ਸੁੰਦਰ ਦਾ ਹੱਥ ਹੱਥ ਵਿਚ ਲੈ ਲਿਆ ਅਤੇ ਚਲ ਵਸੇ।

ਸੁੰਦਰ ਉਤੇ ਕੀ ਗੁਜ਼ਰੀ? ਸੁੰਦਰ ਜਵਾਨ ਸੀ, ਪੂਰੀ ਤਰ੍ਹਾਂ ਤੰਦਰੁਸਤ ਸੀ, ਪਰ ਉਸੇ ਛਿਨ ਤੋਂ ਬੀਮਾਰ ਹੋ ਗਿਆ। ਜਿਸ ਬਿਸਤਰ 'ਤੇ ਰੱਜਬ ਮਰੇ, ਉਸੇ ਬਿਸਤਰ 'ਤੇ ਸੁੰਦਰ ਮਰਿਆ। ਉਥੇ-ਈ ਬੀਮਾਰ ਹੋ ਗਿਆ। ਇਹ ਬੀਮਾਰੀ ਇੰਨੀ ਅੱਚਣਚੇਤੀ ਸੀ। ਪੁਛਿਆ ਮਿੱਤਰਾਂ ਨੇ, ਕੀ ਹੋਇਆ? ਸ਼ਿਸ਼ਾਂ ਨੇ ਪੁਛਿਆ, ਕੀ ਹੋਇਆ? ਚੰਗੇ-ਭਲੇ ਆਏ ਸੀ। ਲੇਕਿਨ ਸੁੰਦਰ ਨੇ ਕਿਹਾ : ਹੁਣ... ਹੁਣ ਜੀਣ ਦਾ ਕੋਈ ਕਾਰਨ ਨਹੀਂ। ਹੁਣ ਜੀਣ ਦੀ ਕੋਈ ਰੁਚੀ ਨਹੀਂ। ਆਪਣੀ ਤਰਫ ਤੋਂ ਰੁਚੀ ਚਲੀ ਹੀ ਗਈ ਸੀ। ਆਪਣੀ ਤਰਫ ਤੋਂ ਤਾਂ ਜੀਣ ਦਾ ਕੋਈ ਕਾਰਨ ਨਹੀਂ ਸੀ। ਪਰ ਰੱਜਬ ਬੁੱਢੇ ਹਨ, ਮੈਂ ਮਰ ਜਾਵਾਂ ਤਾਂ ਇਹਨਾਂ ਨੂੰ ਧੱਕਾ ਨਾ ਲੱਗੇ, ਇਸਲਈ ਜਿਉਂ ਰਿਹਾ ਸੀ। ਹੁਣ ਕੋਈ ਵਜ੍ਹਾ ਨਹੀਂ, ਹੁਣ ਕੋਈ ਕਾਰਨ ਨਹੀਂ ਹੈ। ਦਾਦੂ ਗਏ, ਰੱਜਬ ਗਏ, ਹੁਣ ਮੈਂ ਵੀ ਜਾਂਦਾ ਹਾਂ।

ਸਾਂਗਨੇਰ ਵਿਚ ਇਕ ਸ਼ਿਲਾਲੇਖ ਮਿਲਿਆ ਹੈ, ਜਿਸ ਉਤੇ ਇਹ ਬਚਨ ਉੱਕਰੇ ਹਨ—

ਸੰਵਤ ਸਤ੍ਰਾਸੈ ਛੀਯਾਲਾ। ਕਾਤੀ ਸੁਦੀ ਅਸ਼ਟਮੀ ਉਜੀਯਾਲਾ।
ਤੀਜੇ ਪਹਰ ਬ੍ਰਹਸਪਤਵਾਰ। ਸੁੰਦਰ ਮਿਲਿਯਾ ਸੁੰਦਰਦਾਸ।

ਪਿਆਰਾ ਬਚਨ ਹੈ—ਸੁੰਦਰ ਮਿਲਿਯਾ ਸੁੰਦਰਦਾਸ! ਮੌਤ ਦੀ ਗੱਲ ਹੀ ਨਹੀਂ ਕੀਤੀ। ਸੁੰਦਰਦਾਸ ਨੂੰ ਸੁੰਦਰ ਮਿਲ ਗਿਆ—ਪਰਮ ਸੁੰਦਰ ਨੂੰ ਮਿਲ ਗਿਆ! ਜਿਸਦੀ ਤਲਾਸ਼ ਸੀ ਉਸ ਵਿਚ ਡੁੱਬ ਗਿਆ। ਦੇਹ ਦੀ ਛੋਟੀ-ਜਿਹੀ, ਬਰੀਕ-ਜਿਹੀ ਓਟ ਸੀ, ਉਹ ਵੀ ਛੁੱਟੀ।

ਮੌਤ ਨੂੰ ਇਉਂ ਹੀ ਦੇਖਣਾ—ਸੁੰਦਰ ਮਿਲਿਯਾ ਸੁੰਦਰਦਾਸ! ਮੌਤ ਦੁਸ਼ਮਣ ਨਹੀਂ ਹੈ। ਮੌਤ ਤੁਹਾਥੋਂ ਕੁਝ ਵੀ ਖੋਂਹਦੀ ਨਹੀਂ, ਸਿਰਫ ਵਿਚਕਾਰਲੇ ਪਰਦੇ ਹਟਾਉਂਦੀ ਹੈ। ਮੌਤ ਤੁਹਾਨੂੰ ਕੁਝ ਦੇਣ ਆਉਂਦੀ ਹੈ, ਲੈਣ ਨਹੀਂ ਆਉਂਦੀ। ਅੰਪਰ

ਤੁਸੀਂ ਇੰਨੇ ਜ਼ੋਰ ਨਾਲ ਫੜਿਆ ਹੋਇਆ ਹੈ ਫਜ਼ੂਲ ਦੀਆਂ ਚੀਜ਼ਾਂ ਨੂੰ ਕਿ ਤੁਹਾਨੂੰ ਲਗਦਾ ਹੈ ਕਿ ਮੌਤ ਕੁਝ ਖੋਹਣ ਆਉਂਦੀ ਹੈ। ਤੁਸੀਂ ਮੌਤ ਨੂੰ ਦੁਸ਼ਮਣ ਮੰਨ ਕੇ ਬੈਠੇ ਹੋ, ਉਹ ਤੁਹਾਡੇ ਜੀਵਨ ਦੇ ਪ੍ਰਤੀ ਸਿਰਫ ਮੋਹ ਦੇ ਕਾਰਨ। ਜਿਸ ਦਿਨ ਜੀਵਨ ਦਾ ਮੋਹ ਨਹੀਂ, ਮੌਤ ਮਿੱਤਰ ਹੈ—ਪਰਮ ਮਿੱਤਰ ਹੈ—ਪਰਮ ਕਲਿਆਣਕਾਰੀ ਹੈ।

ਸੁੰਦਰ ਮਿਲਿਯਾ ਸੁੰਦਰਦਾਸ। ਹੁਣ ਤਕ ਤਾਂ ਸੁੰਦਰ ਦੇ ਦਾਸ ਸੀ, ਸੁੰਦਰਦਾਸ ਨੇ ਕਿਹਾ, ਹੁਣ ਸੁੰਦਰ ਹੋਏ। ਅਜੇ ਤਾਂ ਸੁੰਦਰ ਕੇਵਲ ਉਸਦੇ ਦਾਸ ਹੋਣ ਦੇ ਕਾਰਨ ਸੀ, ਅਜੇ ਤਾਂ ਪਰਗਟ ਹੁੰਦਾ ਸੀ ਉਸਦਾ ਨੂਰ। ਅਜੇ ਤਾਂ ਥੋੜ੍ਹੀ-ਥੋੜ੍ਹੀ ਝਲਕ ਉਸਦੀ ਪੈਂਦੀ ਸੀ। ਥੋੜ੍ਹੀ-ਥੋੜ੍ਹੀ ਗੀਤ ਦੀ ਕੜੀ ਪਕੜ ਵਿਚ ਆਉਂਦੀ ਸੀ। ਹੁਣ ਉਸੇ ਵਿਚ ਡੁੱਬ ਗਏ। ਹੁਣ ਮਹਾਂਪ੍ਰਕਾਸ਼ ਹੋ ਗਏ।

ਉਹਨਾਂ ਦੇ ਅੰਤਮ ਬਚਨ ਜੋ ਉਹਨਾਂ ਨੇ ਮਰਨ ਤੋਂ ਪਹਿਲਾਂ ਕਹੇ—

ਨਿਰਾਲੰਬ ਨਿਰਵਾਸਨਾ ਇੱਛਾਚਾਰੀ ਯੇਹ
ਸੰਸਕਾਰ—ਪਵਨਹਿ ਫਿਰੈ, ਸ਼ੁਸ਼ਕਪਰਣ ਜਿਓਂ ਦੇਹ
ਵੈਦ ਹਮਾਰੇ ਰਾਮ ਜੀ, ਔਸ਼ਧਹੂ ਹਰਿਨਾਮ
ਸੁੰਦਰ ਯਹੇ ਉਪਾਯ ਅਬ, ਸੁਮਰਣ ਆਠੋਂ ਜਾਮ
ਸੁੰਦਰ ਸੰਸਯ ਕੋ ਨਹੀਂ, ਬੜੀ ਮਹੋਚੱਛਵ ਯੇਹ
ਆਤਮ ਪਰਮਾਤਮ ਮਿੱਲਯੋ, ਰਹੋ ਕਿ ਬਿਨਸੋ ਦੇਹ
ਸਾਤ ਬਰਸ ਸੌ ਮੇਂ ਘਟੈ, ਇਤਨੇ ਦਿਨ ਕੀ ਦੇਹ
ਸੁੰਦਰ ਆਤਮ ਅਮਰ ਹੈ, ਦੇਹ ਖੇਹ ਕੀ ਖੇਹ।

ਸਮਝੋ—ਨਿਰਾਲੰਬ ਨਿਰਵਾਸਨਾ ਇੱਛਾਚਾਰੀ ਯੇਹ।

ਸੰਸਾਰ ਹੈ ਇੱਛਿਆ। ਪਰਮਾਤਮਾ ਹੈ ਨਿਰਵਾਸਨਾ। ਸੰਸਾਰ ਹੈ ਵਾਸਨਾ ਦੀ ਦੌੜ—ਅਰਥਾਤ ਤੁਸੀਂ ਬੇਮੁਖ ਹੋ ਪਰਮਾਤਮਾ ਤੋਂ। ਪਰਮਾਤਮਾ ਹੈ ਨਿਰਵਾਸਨਾ, ਤਦ ਤੁਸੀਂ ਸਨਮੁਖ ਹੁੰਦੇ ਹੋ ਪਰਮਾਤਮਾ ਦੇ।

ਸੰਸਕਾਰ—ਪਵਨਹਿ ਫਿਰੈ, ਸ਼ੁਸ਼ੱਕਪਰਣ ਜਿਓਂ ਦੇਹ। ਸੁੱਕੇ ਪੱਤੇ ਨੂੰ ਹਵਾ ਵਿਚ ਉਡਦਿਆਂ ਦੇਖਿਐ? ਇਵੇਂ ਹੀ ਤੁਸੀਂ ਸੰਸਕਾਰਾਂ ਅਤੇ ਆਦਤਾਂ ਦੀ ਹਵਾ ਵਿਚ ਉਡਦੇ ਫਿਰਦੇ ਹੋ। ਤੁਸੀਂ ਅਜੇ ਆਪਣੇ ਪੈਰਾਂ ਨਾਲ ਆਪਣੀ ਦਿਸ਼ਾ ਵਿਚ ਨਹੀਂ ਚੱਲ ਰਹੇ ਹੋ। ਹਵਾ ਵਿਚ ਉਡਦੇ ਹੋਏ ਪੱਤੇ ਹੋ। ਦੁਰਘਟਨਾ ਤੁਹਾਡੀ ਜੀਵਨ ਦੀ ਵਿਵਸਥਾ ਹੈ। ਸੰਜੋਗ ਨਾਲ ਜਿਉਂ ਰਹੇ ਹੋ। ਅਜੇ ਤੁਹਾਡੀ ਦਿਸ਼ਾ ਨਿਰਧਾਰਤ ਨਹੀਂ ਹੈ। ਅਜੇ ਤੁਸੀਂ ਕਿਥੇ ਜਾ ਰਹੇ ਹੋ, ਤੁਹਾਨੂੰ ਪਤਾ ਵੀ ਨਹੀਂ ਹੈ। ਕਿਉਂ ਜਾ ਰਹੇ ਹੋ, ਇਹ ਵੀ ਪਤਾ ਨਹੀਂ; ਕਿਥੋਂ ਆ ਰਹੇ ਹੋ, ਇਹ ਵੀ ਪਤਾ ਨਹੀਂ।

ਸੰਸਕਾਰ—ਪਵਨਹਿ ਫਿਰੈ, ਸ਼ੁਸ਼ਕਪਰਣ ਜਿਓਂ ਦੇਹ। ਇਹ ਦੇਹ ਤਾਂ ਸੁੱਕਾ ਪੱਤਾ ਹੈ, ਪੁਰਾਣੀਆਂ ਆਦਤਾਂ, ਪੁਰਾਣੇ ਸੰਸਕਾਰਾਂ ਨਾਲ ਚੱਲਦਾ ਰਹਿੰਦਾ ਹੈ। ਤੁਸੀਂ ਜਾਗੋ, ਪੁਰਾਣੀਆਂ ਆਦਤਾਂ, ਪੁਰਾਣੇ ਸੰਸਕਾਰਾਂ ਤੋਂ ਉਪਰ ਉਠੋ।

ਵੈਦ ਹਮਾਰੇ ਰਾਮਜੀ। ਅਤੇ ਇਹ ਜੋ ਬੀਮਾਰੀ ਹੈ ਭਟਕਣ ਦੀ, ਇਸ ਵਿਚ ਇਕ ਹੀ ਵੈਦ ਹੈ, ਉਹ ਰਾਮ ਹੈ।

...ਔਸ਼ਧਹੂ ਹਰਿਨਾਮ। ਅਤੇ ਔਸ਼ਧੀ ਵੀ ਇਕ ਹੀ ਹੈ—ਉਸ ਪਿਆਰੇ ਦਾ ਨਾਮ, ਉਸ ਪਿਆਰੇ ਦੀ ਯਾਦ, ਉਸ ਪਿਆਰੇ ਦਾ ਚੇਤਾ। ਅਜੇਹੀ ਭਰ ਜਾਵੇ, ਅਜੇਹੀ ਰੋਮ–ਰੋਮ ਵਿਚ ਸਮਾ ਜਾਵੇ ਕਿ ਉਸਦੇ ਇਲਾਵਾ ਹੋਰ ਕੁਝ ਵੀ ਨਾ ਬਚੇ। ਫਿਰ ਤੁਹਾਡੀ ਜ਼ਿੰਦਗੀ ਵਿਚ ਦਿਸ਼ਾ ਹੋਵੇਗੀ, ਅਰਥ ਹੋਵੇਗਾ। ਫਿਰ ਤੁਹਾਡੀ ਦਿਸ਼ਾ ਅਜੇਹੀਆਂ ਹੀ ਘਟਨਾਵਾਂ ਦੇ ਧੱਕੇ ਵਿਚ ਨਹੀਂ ਵਾਪਰਦੀ ਰਹੇਗੀ। ਫਿਰ ਤੁਸੀਂ ਐਵੇਂ ਹੀ ਭੀੜ ਦੇ ਧੱਕਮ–ਧੱਕੇ ਵਿਚ ਨਹੀਂ ਚੱਲਦੇ ਰਹੋਗੇ। ਫਿਰ ਤੁਸੀਂ ਚੱਲੋਗੇ ਇਕ ਤੀਰ ਦੀ ਤਰ੍ਹਾਂ—ਅਜੇਹੇ ਤੀਰ ਦੀ ਤਰ੍ਹਾਂ, ਜੋ ਪਰਮਾਤਮਾ ਨੂੰ ਵਿੰਨ੍ਹ ਦਿੰਦਾ ਹੈ।

ਸੁੰਦਰ ਯਹੇ ਉਪਾਯ ਅਬ, ਸੁਮਰਣ ਆਠੋਂ ਜਾਮ

ਸੁੰਦਰ ਸੰਸਯ ਕੋ ਨਹੀਂ, ਬੜੀ ਮਹੋੱਚਛਵ ਯੇਹ।

ਮਰ ਰਹੇ ਹਨ, ਮੌਤ ਆ ਰਹੀ ਹੈ; ਮਿੱਤਰ, ਸ਼ਿਸ਼, ਪ੍ਰੇਮੀਜਨ ਰੋਣ ਲੱਗੇ ਹੋਣਗੇ। ਸੁੰਦਰ ਤੋਂ ਬਹੁਤਿਆਂ ਨੂੰ ਸੁੰਦਰ ਦੀ ਯਾਦ ਮਿਲੀ ਸੀ। ਸੁੰਦਰ ਤੋਂ ਬਹੁਤਿਆਂ ਦੇ ਅੰਦਰ ਸੁੰਦਰ ਦੀ ਚਾਹਨਾ ਜਾਗੀ ਸੀ। ਉਹ ਸਭ ਰੋਣ ਲੱਗੇ ਹੋਣਗੇ, ਉਹ ਸਭ ਪੀੜਤ ਹੋਣਗੇ। ਸੁੰਦਰ ਉਹਨਾਂ ਨੂੰ ਕਹਿ ਰਹੇ ਹਨ—ਸੁੰਦਰ ਸੰਸਯ ਕੋ ਨਹੀਂ, ਬੜੀ ਮਹੋੱਚਛਵ ਯੇਹ। ਇਹ ਬੜਾ ਮਹਾਂਉਤਸਵ ਹੈ, ਤੁਸੀਂ ਰੋਂਦੇ ਕਿਉਂ ਹੋ, ਸੰਸਾ ਕੀ ਹੈ? ਮੈਂ ਮਰ ਥੋੜ੍ਹਾ–ਈ ਰਿਹਾ ਹਾਂ। ਮੈਂ ਉਹ ਨਹੀਂ ਹਾਂ ਜੋ ਮਰ ਸਕਦਾ ਹੈ।

ਵੇਦ ਕਹਿੰਦੇ ਹਨ, ਅਮ੍ਰਿਤੱਸਯ ਪੁਤ੍ਰਹ। ਤੁਸੀਂ ਅੰਮ੍ਰਿਤ ਦੇ ਪੁੱਤਰ ਹੋ। ਮ੍ਰਿਤ ਦੇ ਨਾਲ ਸਬੰਧ ਜੋੜ ਲਿਆ, ਇਸਲਈ ਤੁਹਾਨੂੰ ਭੁਲੇਖਾ ਹੋ ਰਿਹਾ ਹੈ। ਅਜੇਹਾ ਹੀ ਸਮਝੋ ਕਿ ਕੱਚੇ ਰੰਗ ਦੇ ਕੱਪੜੇ ਪਹਿਨ ਲਏ ਅਤੇ ਵਰਖਾ ਹੋ ਗਈ ਅਤੇ ਰੰਗ ਵਗਣ ਲੱਗਿਆ। ਤਾਂ ਤੁਹਾਡਾ ਰੰਗ ਥੋੜ੍ਹਾ–ਈ ਵਗ ਰਿਹਾ ਹੈ। ਤੁਹਾਡਾ ਕੋਈ ਰੰਗ ਹੀ ਨਹੀਂ ਹੈ। ਕੱਚੇ ਕੱਪੜੇ ਹਨ, ਉਹਨਾਂ ਦਾ ਰੰਗ ਵਗ ਰਿਹਾ ਹੈ। ਪਰ ਜੇ ਕੋਈ ਵਸਤਰਾਂ ਤੋਂ ਹੀ ਆਪਣੇ–ਆਪ ਨੂੰ ਸਮਝ ਲਵੇ—ਅਤੇ ਬਹੁਤਿਆਂ ਨੇ ਸਮਝ ਲਿਆ ਹੈ। ਆਪਣੇ ਵਸਤਰਾਂ ਤੋਂ ਹੀ ਆਪਣੇ ਨੂੰ ਸਮਝ ਲਿਆ ਹੈ। ਉਹਨਾਂ ਦੇ ਵਸਤਰ ਖੋਹ ਲਵੋ ਤਾਂ ਤੁਸੀਂ ਉਹਨਾਂ ਦਾ ਸਭ ਖੋਹ ਲਿਆ। ਫਿਰ ਉਹਨਾਂ ਕੋਲ ਕੁਝ ਬਚਦਾ ਨਹੀਂ। ਕਿਸੇ ਨੇ ਅਹੁਦੇ ਨਾਲ ਆਪਣੇ–ਆਪ ਨੂੰ ਇਕ ਸਮਝ ਲਿਆ ਹੈ। ਅਹੁਦਾ ਖੋਹ ਲਵੋ ਉਸਦਾ, ਸਭ ਗਿਆ। ਕਿਸੇ ਨੇ ਧਨ ਨਾਲ ਆਪਣੇ–ਆਪ ਨੂੰ ਇਕ ਸਮਝ ਲਿਆ ਹੈ। ਉਸਦਾ ਧਨ ਗਿਆ ਕਿ ਉਹ ਆਤਮਹੱਤਿਆ ਕਰ ਲੈਂਦਾ ਹੈ ਕੁੱਦ ਕੇ: ਹੁਣ ਕੀ ਜੀਣ ਦਾ ਸਾਰ ਹੈ! ਤੁਸੀਂ ਕਿਹੋ–ਜਿਹੀਆਂ ਨਗੂਣਤਾਵਾਂ ਨਾਲ ਆਪਣੀਆਂ ਇਕਮਿਕਤਾਵਾਂ ਕਰ ਲਈਆਂ ਹਨ!

ਸੁੰਦਰ ਕਹਿੰਦੇ ਹਨ—ਸੁੰਦਰ ਸੰਸਯ ਕੋ ਨਹੀਂ ਬੜੀ ਮਹੋਚੱਛਵ ਯੇਹ। ਇਹ ਬੜਾ ਮਹਾਂਉਤਸਵ ਹੈ, ਤੁਸੀਂ ਰੋਵੋ ਨਾ। ਤੁਸੀਂ ਚਿੰਤਤ ਨਾ ਹੋਵੋ, ਸੰਸਾ ਨਾ ਕਰੋ। ਮੈਂ ਮਰ ਨਹੀਂ ਰਿਹਾ ਹਾਂ। ਮੈਂ ਪਰਮ ਜੀਵਨ ਵਿਚ ਜਾ ਰਿਹਾ ਹਾਂ।

ਆਤਮ ਪਰਮਾਤਮ ਮਿੱਲਯੋ ਰਹੋ ਕਿ ਬਿਨਸੋ ਦੇਹ।

ਦੇਹ ਰਹੀ ਕਿ ਗਈ, ਇਸ ਤੋਂ ਕੀ ਲੈਣਾ-ਦੇਣਾ? ਆਤਮ ਪਰਮਾਤਮ ਮਿੱਲਯੋ...। ਇਹ ਬੂੰਦ ਹੁਣ ਸਾਗਰ ਵਿਚ ਜਾ ਰਹੀ ਹੈ। ਬੂੰਦ ਦੀ ਤਰ੍ਹਾਂ ਤਾਂ ਨਹੀਂ ਬਚੇਗੀ, ਫਰਕ ਕੀ ਪੈਂਦਾ ਹੈ? ਸਾਗਰ ਦੇ ਵਾਂਗ ਰਹੇਗੀ ਹੁਣ।

ਸਾਤ ਬਰਸ ਸੌ ਮੇਂ ਘਟੇ...। ਫਿਰ ਸੱਤ ਸਾਲ ਵਿਚ ਵਾਪਰੇ ਕਿ ਸੌ ਸਾਲ ਦੇ ਬਾਅਦ ਵਾਪਰੇ, ਕੀ ਫਰਕ ਪੈਂਦਾ ਹੈ?...ਇਤਨੇ ਦਿਨ ਕੀ ਦੇਹ। ਦਿਨਾਂ ਦੀ ਤਾਂ ਗਿਣਤੀ ਹੈ। ਇਤਨੇ ਦਿਨ ਕੀ ਦੇਹ। ਇਸਦੀ ਤਾਂ ਸੀਮਾ ਹੈ, ਸਮਾਂ ਹੈ। ਸਮਾਂ ਚੁੱਕ ਹੀ ਜਾਏਗਾ।

ਸੁੰਦਰ ਆਤਮ ਅਮਰ ਹੈ, ਦੇਹ ਖੇਹ ਕੀ ਖੇਹ।

ਉਸਨੂੰ ਪਕੜੋ ਜੋ ਅੰਮ੍ਰਿਤ ਹੈ। ਉਸਨੂੰ ਹੱਥ ਵਿਚ ਲਵੋ ਜੋ ਅੰਮ੍ਰਿਤ ਹੈ। ਅਮਿਟ ਨਾਲ ਆਪਣੇ ਨੂੰ ਜੋੜੋ। ਛਿਨਭੰਗਰ ਨਾਲ ਜੋੜੋਗੇ, ਦੁਖੀ ਰਹੋਗੇ। ਕਿਉਂਕਿ ਇਹ ਪਾਣੀ ਦੇ ਬੁਲਬੁਲੇ ਫੁੱਟਦੇ ਰਹਿਣਗੇ, ਫੁੱਟਦੇ ਰਹਿਣਗੇ ਅਤੇ ਦੁਖ ਅਤੇ ਪੀੜ ਦਿੰਦੇ ਰਹਿਣਗੇ।

ਇਹ ਉਹਨਾਂ ਦੇ ਅੰਤਮ ਬਚਨ ਸਨ। ਅਜੇਹੇ ਇਸ ਪਿਆਰੇ ਆਦਮੀ ਦੇ ਬਚਨਾਂ ਦੀ ਅਸੀਂ ਯਾਤਰਾ ਸ਼ੁਰੂ ਕਰਦੇ ਹਾਂ

ਨੀਰ ਬਿਨੁ ਮੀਨ ਦੁਖੀ, ਛੀਰ ਬਿਨੁ ਸ਼ਿਸ਼ੁ ਜੈਸੇ,
ਪੀਰ ਜਾਕੇ ਔਸ਼ਧ ਬਿਨੁ ਕੈਸੇ ਰਹਯੋ ਜਾਤ ਹੈ।।

ਜਿਵੇਂ ਮੱਛੀ ਬਿਨਾਂ ਪਾਣੀ ਦੇ ਤੜਫੇ, ਤੁਸੀਂ ਵੀ ਬਿਨਾਂ ਪਾਣੀ ਦੇ ਹੋ। ਅਤੇ ਅਸਚਰਜ ਇਹੀ ਹੈ ਕਿ ਤੜਫ ਵੀ ਰਹੇ ਹੋ ਅਤੇ ਤੁਹਾਨੂੰ ਯਾਦ ਵੀ ਨਹੀਂ। ਤੜਫ ਵੀ ਰਹੇ ਹੋ ਤਾਂ ਤੁਸੀਂ ਅਜੇਹੇ ਕਾਰਨ ਖੋਜ ਲੈਂਦੇ ਹੋ ਜੋ ਤੜਫਣ ਦੇ ਕਾਰਨ ਨਹੀਂ ਹਨ। ਜੇ ਤੁਸੀਂ ਤੜਫਦੇ ਹੋ ਤਾਂ ਤੁਸੀਂ ਕਹਿੰਦੇ ਹੋ ਤੜਫਾਂ ਕਿਵੇਂ ਨਾ—ਧਨ ਚਾਹੀਦਾ ਹੈ! ਇਵੇਂ ਹੀ ਜਿਵੇਂ ਕੋਈ ਮੱਛੀ ਤੜਫਦੀ ਘਾਟ 'ਤੇ ਪਈ ਹੋਈ ਤਪਦੀ ਰੇਤ ਵਿਚ, ਅਤੇ ਸੋਚੇ ਕਿ ਮੈਂ ਤੜਫ ਰਹੀ ਹਾਂ ਇਸਲਈ ਕਿ ਧਨ ਨਹੀਂ ਹੈ। ਹੀਰੇ ਮਿਲ ਜਾਂਦੇ ਤਾਂ ਤੜਫ ਮਿਟ ਜਾਂਦੀ। ਕਿ ਪਦਵੀ ਮਿਲ ਜਾਂਦੀ ਤਾਂ ਤੜਫ ਮਿਟ ਜਾਂਦੀ। ਯਸ਼ ਮਿਲ ਜਾਂਦਾ, ਤੜਫ ਮਿਟ ਜਾਂਦੀ। ਲੇਕਿਨ ਯਸ਼ ਮਿਲ ਜਾਏਗਾ, ਤੜਫ ਮਿਟੇਗੀ ਮੱਛੀ ਦੀ? ਪਦਵੀ ਮਿਲ ਜਾਏਗੀ, ਤੜਫ ਮਿਟੇਗੀ ਮੱਛੀ ਦੀ? ਧਨ ਮਿਲ ਜਾਏਗਾ, ਤੜਫ ਮਿਟੇਗੀ ਮੱਛੀ ਦੀ?

ਤੁਸੀਂ ਦੇਖੋ ਆਪਣੇ ਚਾਰੇ ਪਾਸੇ, ਜੋ-ਜੋ ਤੁਸੀਂ ਚਾਹੁੰਦੇ ਹੋ, ਦੂਜਿਆਂ ਨੂੰ ਮਿਲ ਗਿਆ ਹੈ। ਉਹਨਾਂ ਦੀ ਤੜਫ ਨਹੀਂ ਮਿਟੀ ਹੈ। ਤੁਹਾਡੀ ਵੀ ਤੜਫ ਨਹੀਂ ਮਿਟੇਗੀ। ਸਫਲ ਲੋਕਾਂ ਦੀਆਂ ਅਸਫਲਤਾਵਾਂ ਤਾਂ ਦੇਖੋ! ਧਨੀਆਂ ਦੀ ਨਿਰਧਨਤਾ ਤਾਂ ਦੇਖੋ! ਜਿਨ੍ਹਾਂ ਦੇ ਵੱਡੇ ਨਾਂ ਹਨ ਉਹਨਾਂ ਦੇ ਛੋਟੇ ਕੰਮ ਤਾਂ ਦੇਖੋ! ਜਿਨ੍ਹਾਂ ਨੇ ਕਿਸੇ ਤਰ੍ਹਾਂ ਆਪਣੀ ਪ੍ਰਸਿੱਧੀਆਂ ਬਣਾ ਲਈਆਂ, ਆਪਣੇ ਹੰਕਾਰ ਖੜ੍ਹੇ ਕਰ ਲਏ, ਉਹਨਾਂ ਦੇ ਅੰਦਰ ਦਾ ਖੋਖਲਾਪਣ ਤਾਂ ਦੇਖੋ? ਜਿਨ੍ਹਾਂ ਨੂੰ ਤੁਸੀਂ ਮਹਾਨ ਸਮਝਦੇ ਹੋ ਉਹਨਾਂ ਦੇ ਹੋਛੇਪਣ ਨੂੰ ਤਾਂ ਜ਼ਰਾ ਪਛਾਣੋ!

ਤੁਸੀਂ ਹੈਰਾਨ ਹੋਵੋਗੇ, ਜੇਕਰ ਤੁਸੀਂ ਆਦਮੀ ਦਾ ਸਭ ਤੋਂ ਜ਼ਿਆਦਾ ਹੋਛਾਪਣ ਦੇਖਣਾ ਹੋਵੇ ਤਾਂ ਕਿਸੇ ਵੀ

ਰਾਜਧਾਨੀ ਵਿਚ ਜਾ ਕੇ ਉਸਦੀ ਪਾਰਲੀਮੈਂਟ ਵਿਚ ਦੇਖ ਲਵੋ। ਦਿੱਲੀ ਚਲੇ ਜਾਉ, ਜੇ ਆਦਮੀ ਦੇ ਹੋਛੇਪਣ ਦੇਖਣੇ ਹੋਣ। ਨਗੁਣਤਾਵਾਂ ਦੇਖਣੀਆਂ ਹੋਣ, ਚਾਲਬਾਜ਼ੀਆਂ ਦੇਖਣੀਆਂ ਹੋਣ, ਬੇਈਮਾਨੀਆਂ ਦੇਖਣੀਆਂ ਹੋਣ, ਗਲਾਘੁੱਟ ਮੁਕਾਬਲੇਬਾਜ਼ੀ ਦੇਖਣੀ ਹੋਵੇ, ਇਕ-ਦੂਜੇ ਦੀ ਟੰਗ ਖਿੱਚਣਾ ਅਤੇ ਇਕ-ਦੂਜੇ ਨੂੰ ਡੇਗਣ ਦੀ ਚੇਸ਼ਟਾ ਦੇਖਣੀ ਹੋਵੇ—ਦਿੱਲੀ ਚਲੇ ਗਏ।

ਜਦ ਵੀ ਤੁਹਾਨੂੰ ਸੰਸਾਰ ਨਾਲ ਲਗਾਅ ਹੋਣ ਲੱਗੇ, ਦਿੱਲੀ ਚਲੇ ਗਏ। ਦੇਖ ਕੇ ਇਕਦਮ ਵਿਰਾਗ ਪੈਦਾ ਹੋਵੇਗਾ।

ਜ਼ਰਾ ਧਨੀ ਆਦਮੀ ਦੀਆਂ ਚਿੰਤਾਵਾਂ ਵਿਚ ਉਤਰ ਕੇ ਦੇਖੋ। ਉਸਦੇ ਜ਼ਹਿਰੀਲੇ ਜੀਵਨ ਨੂੰ ਦੇਖੋ। ਉਸਦੇ ਅੰਦਰ ਦੇ ਸੱਖਣੇਪਣ ਨੂੰ ਪਛਾਣੋ। ਜ਼ਰਾ ਦੇਖੋ ਕਿ ਉਹ ਸੌਂ ਵੀ ਨਹੀਂ ਪਾਂਦਾ ਰਾਤੀਂ, ਨੀਂਦ ਕਿਥੇ? ਜ਼ਰਾ ਦੇਖੋ ਕਿ ਜਿਉਂ ਵੀ ਕਿਥੇ ਪਾਂਦਾ ਹੈ! ਜੀਣ ਦਾ ਅਯੋਜਨ ਕਰਨ ਵਿਚ ਹੀ ਜੀਵਨ ਬੀਤ ਜਾਂਦਾ ਹੈ, ਜੀਣ ਦਾ ਸਮਾਂ ਕਿਥੇ ਮਿਲਦਾ ਹੈ? ਤਿਆਰੀ ਹੀ ਤਿਆਰੀ ਲੋਕ ਕਰਦੇ ਰਹਿੰਦੇ ਹਨ।

ਮੈਂ ਸੁਣਿਆ ਹੈ, ਜਰਮਨੀ ਵਿਚ ਇਕ ਵੱਡਾ ਵਿਚਾਰਕ ਸੀ। ਉਸਨੂੰ ਇਕ ਹੀ ਧੁਨ ਸੀ ਕਿ ਦੁਨੀਆਂ ਵਿਚ ਜੋ ਵੀ ਸਭ ਤੋਂ ਚੰਗੀਆਂ ਕਿਤਾਬਾਂ ਹਨ ਉਹ ਪੜ੍ਹਨੀਆਂ ਹਨ। ਤਾਂ ਉਸਨੇ ਵੱਡੀ ਲਾਇਬਰੇਰੀ ਖੜ੍ਹੀ ਕਰ ਲਈ। ਉਹ ਦੁਨੀਆਂ ਭਰ ਵਿਚ ਘੁੰਮਦਾ ਫਿਰਦਾ ਸੀ, ਜਿਥੇ ਵੀ ਕੋਈ ਕਿਤਾਬ ਮਿਲਦੀ, ਕਿਸੇ ਵੀ ਭਾਸ਼ਾ ਵਿਚ ਹੋਵੇ, ਮਹੱਤਵਪੂਰਨ ਹੋਵੇ, ਉਹ ਖ਼ਰੀਦ ਕੇ ਆਪਣੇ ਦੇਸ਼ ਪੁਜਾਉਂਦਾ। ਕਿਤਾਬਾਂ ਤਾਂ ਇਕੱਠੀਆਂ ਹੋ ਗਈਆਂ, ਪਰ ਤਦ ਤਕ ਪੜ੍ਹਨ ਦਾ ਸਮਾਂ ਨਾ ਬਚਿਆ। ਜਦ ਉਹ ਮਰਿਆ ਤਾਂ ਲੱਖਾਂ ਕਿਤਾਬਾਂ ਛੱਡ ਗਿਆ। ਐਪਰ ਉਸ ਵਿਚੋਂ ਪੜ੍ਹੀ ਉਸਨੇ ਇਕ ਵੀ ਨਹੀਂ ਸੀ। ਇੰਤਜ਼ਾਮ ਹੀ ਕਰਨ ਵਿਚ ਸਾਰਾ ਸਮਾਂ ਚਲਿਆ ਗਿਆ।

ਮੈਂ ਇਕ ਹੋਰ ਪੁਰਾਣੀ ਸੂਫ਼ੀ ਕਹਾਣੀ ਪੜ੍ਹੀ ਹੈ ਜੋ ਇਸ ਨਾਲ ਮਿਲਦੀ-ਜੁਲਦੀ ਹੈ। ਇਕ ਆਦਮੀ ਨੇ ਦੇਸ਼ ਦੇ ਸਾਰੇ ਸ਼ਾਸਤਰਾਂ ਵਿਚ ਜੋ ਵੀ ਸਾਰ ਹੈ ਉਹ ਜਾਣਨਾ ਚਾਹਿਆ। ਉਹ ਬਹੁਤ ਅਮੀਰ ਸੀ। ਉਸਨੇ ਹਜ਼ਾਰਾਂ ਪੰਡਤ ਲਾ ਦਿਤੇ। ਉਸਨੇ ਕਿਹਾ, ਮੈਨੂੰ ਤਾਂ ਵਿਹਲ ਨਹੀਂ ਹੈ ਪੜ੍ਹਨ ਦਾ, ਤੁਸੀਂ ਸਾਰ ਕਢ ਕੇ ਲੈ ਆਉ। ਸੰਖੇਪ ਡਾਇਜੇਸਟ। ਸਭ ਧਰਮਾਂ ਦਾ ਸਾਰ ਕਢ ਛੱਡੋ। ਪੰਡਤ ਲੱਗੇ, ਉਹਨਾਂ ਨੇ ਬੜੀ ਮਿਹਨਤ ਕੀਤੀ, ਵਰ੍ਹੇ ਲੱਗ ਗਏ ਸਾਰ ਕਢਣ ਵਿਚ। ਪਰ ਸਾਰ ਵੀ ਨਿਕਲਿਆ ਤਾਂ ਬੜੇ ਪੋਥੇ ਤਿਆਰ ਹੋਏ। ਕਿਉਂਕਿ ਕਿੰਨੇ ਸ਼ਾਸਤਰ ਹਨ, ਉਹਨਾਂ ਦਾ ਸਾਰ ਵੀ ਕਢੋ...। ਹਜ਼ਾਰ ਸ਼ਾਸਤਰ ਦਾ ਇਕ ਕਰੋਗੇ, ਤਾਂ ਹਜ਼ਾਰਾਂ ਸ਼ਾਸਤਰ ਹਨ। ਉਸ ਆਦਮੀ ਨੇ ਦੇਖੇ ਉਹ ਵੱਡੇ-ਵੱਡੇ ਪੋਥੇ, ਉਸਨੇ ਕਿਹਾ, ਇੰਨੇ ਨਾਲ ਕੰਮ ਨਹੀਂ ਚੱਲਣਾ। ਹੁਣ ਮੈਂ ਬੁੱਢਾ ਵੀ ਹੋ ਗਿਆ ਹਾਂ। ਮੇਰੇ ਕੋਲ ਇੰਨਾ ਸਮਾਂ ਵੀ ਨਹੀਂ ਹੈ। ਫਿਰ ਮੈਨੂੰ ਧਨ ਕਮਾਉਣ ਤੋਂ ਸਹੂਲਤ ਵੀ ਨਹੀਂ ਹੈ, ਵਿਹਲ ਵੀ ਨਹੀਂ ਹੈ। ਹੋਰ ਸੰਖੇਪ ਕਰੋ। ਇਕ ਹੀ ਕਿਤਾਬ ਬਣਾ ਲਿਆਉ। ਸਾਰੇ, ਸਭ ਦਾ ਇੰਤਜ਼ਾਮ ਇਸ ਵਿਚ ਆ ਜਾਣਾ ਚਾਹੀਦਾ ਹੈ।

ਫਿਰ ਹੋਰ ਵਰ੍ਹੇ ਲੱਗ ਗਏ, ਆਖ਼ਰ ਉਹ ਇਕ ਕਿਤਾਬ ਬਣਾ ਕੇ ਲੈ ਆਏ, ਤਦ ਤਕ ਉਹ ਆਦਮੀ ਮੰਜੇ 'ਤੇ

ਧਿਆ ਸੀ। ਉਹਨਾਂ ਨੇ ਪੁਛਿਆ ਕਿ ਹੁਣ ਇਹ ਇਕ ਕਿਤਾਬ ਬਣ ਗਈ ਹੈ...। ਉਸਨੇ ਕਿਹਾ ਕਿ ਹੁਣ ਬਹੁਤ ਦੇਰ ਹੋ
ਗਈ, ਹੁਣ ਤਾਂ ਇਹ ਇਕ ਕਿਤਾਬ ਪੜ੍ਹਨ ਦਾ ਵੀ ਸਮਾਂ ਨਹੀਂ ਹੈ। ਤੁਸੀਂ ਤਾਂ ਸੰਖੇਪ ਵਿਚ ਇਕ ਕਾਗਜ਼ ਉਤੇ, ਇਕ
ਵਰਕੇ ਉਤੇ ਸਾਰ ਲਿਖ ਲਿਆਉ।

ਹੁਣ ਇਕ ਕਿਤਾਬ ਨੂੰ ਇਕ ਵਰਕੇ ਵਿਚ ਉਤਾਰਨਾ ਕਠਨ ਮਾਮਲਾ ਸੀ। ਉਂਜ ਹੀ ਕਿਤਾਬ ਸੰਖੇਪ ਹੁੰਦੀ-ਹੁੰਦੀ
ਹੁੰਦੀ-ਹੁੰਦੀ ਬਹੁਤ ਸੰਖੇਪ ਹੋ ਗਈ ਸੀ, ਹੁਣ ਤਾਂ ਉਸ ਵਿਚ ਸੂਤਰ ਹੀ ਸੂਤਰ ਬਚੇ ਸਨ। ਹੁਣ ਉਹਨਾਂ ਵਿਚੋਂ ਵੀ
ਛਾਂਟਣਾ ਬਹੁਤ ਮੁਸ਼ਕਲ ਗੱਲ ਸੀ। ਫਿਰ ਵੀ ਛਾਂਟਣਾ ਚਲਿਆ, ਜਦ ਉਹ ਛਾਂਟ ਕੇ ਇਕ ਵਰਕੇ 'ਤੇ ਪਹੁੰਚੇ ਤਦ
ਉਹ ਆਦਮੀ ਮਰ ਰਿਹਾ ਸੀ। ਉਸਨੇ ਕਿਹਾ, ਹੁਣ ਬਹੁਤ ਦੇਰ ਹੋ ਗਈ। ਹੁਣ ਇਕ ਵਰਕਾ ਵੀ ਪੜ੍ਹਨ ਦੀ ਮੇਰੇ ਕੋਲ
ਸਹੂਲਤ ਨਹੀਂ। ਹੁਣ ਤਾਂ ਤੁਸੀਂ ਇਕ ਬਚਨ ਮੇਰੇ ਕੰਨ ਵਿਚ ਬੋਲ ਦਿਉ।

ਤਾਂ ਉਹਨਾਂ ਨੇ ਕਿਹਾ, ਸਾਨੂੰ ਕੁਝ ਸਮਾਂ ਲੱਗੇਗਾ। ਹੁਣ ਇਸ ਵਿਚੋਂ ਫਿਰ ਇਕ ਬਚਨ ਬਣਾਉਣਾ; ਜਦ ਤਕ ਉਹ
ਇਕ ਬਚਨ ਬਣਾ ਕੇ ਲਿਆਏ, ਉਹ ਆਦਮੀ ਮਰ ਚੁਕਿਆ ਸੀ।

ਅਕਸਰ ਲੋਕ ਇਉਂ ਹੀ ਜ਼ਿੰਦਗੀ ਗੁਜ਼ਾਰ ਰਹੇ ਹਨ। ਜੀਵਨ ਦਾ ਇੰਤਜ਼ਾਮ ਚਲਦਾ ਹੈ, ਜੀਵਨ ਦਾ ਅਨੁਭਵ
ਕਿਥੇ? ਤੁਸੀਂ ਵੀ ਤੜਫ ਰਹੇ ਹੋ, ਸਾਰੀ ਦੁਨੀਆਂ ਤੜਫ ਰਹੀ ਹੈ, ਪਰ ਤੜਫ ਦਾ ਕਾਰਨ ਕੀ ਹੈ? ਜਿਹੜੇ ਜਾਣਦੇ
ਹਨ ਉਹਨਾਂ ਤੋਂ ਪੁਛੋ। ਜਿਹੜੇ ਜਾਗ ਗਏ, ਉਹਨਾਂ ਤੋਂ ਪੁਛੋ। ਉਹ ਕਹਿੰਦੇ ਹਨ : ਤੁਹਾਡੇ ਤੜਫਣ ਦਾ ਕਾਰਨ ਇਹ
ਨਹੀਂ ਹੈ ਕਿ ਤੁਹਾਡੇ ਕੋਲ ਧਨ ਘਟ ਹੈ, ਕਿ ਤੁਹਾਡੇ ਕੋਲ ਯਸ਼ ਘਟ ਹੈ, ਅਹੁਦਾ ਘਟ ਹੈ। ਤੁਹਾਡੇ ਤੜਫਣ ਦਾ
ਕਾਰਨ ਇਹ ਹੈ ਕਿ ਤੁਸੀਂ ਮੱਛੀ ਹੋ ਅਤੇ ਸਾਗਰ ਖੋ ਗਿਆ ਹੈ। ਅਤੇ ਤੁਸੀਂ ਰੇਤ ਉਤੇ ਪਏ ਹੋ।

ਨੀਰ ਬਿਨੁ ਮੀਨ ਦੁਖੀ...। ਸਾਗਰ ਹੈ ਪਰਮਾਤਮਾ : ਤੁਸੀਂ ਸਾਗਰ, ਉਸ ਪਰਮਾਤਮਾ ਦੇ ਸਾਗਰ ਦੀ ਮੱਛੀ ਹੋ।
ਆਤਮਾ ਇਉਂ ਜਿਵੇਂ ਸਾਗਰ ਵਿਚ ਮੱਛੀ। ਜਿਵੇਂ ਮੱਛੀ ਖ਼ੁਸ਼ ਹੁੰਦੀ ਹੈ ਸਾਗਰ ਵਿਚ, ਇਵੇਂ ਹੀ ਆਤਮਾ ਖ਼ੁਸ਼ ਹੁੰਦੀ ਹੈ
ਪਰਮਾਤਮਾ ਵਿਚ। ਜਿਉਂ ਹੀ ਦੂਰ ਹੋ ਜਾਂਦੇ ਹੋ ਉਵੇਂ ਹੀ ਬੇਚੈਨੀ ਸ਼ੁਰੂ ਹੋ ਜਾਂਦੀ ਹੈ। ਜਿੰਨੇ ਦੂਰ ਉਨੀ ਬੇਚੈਨੀ। ਜਿੰਨਾ ਦੁਖੀ
ਆਦਮੀ ਪਾਉ, ਸਮਝ ਲੈਣਾ ਪਰਮਾਤਮਾ ਤੋਂ ਉਨਾ ਹੀ ਦੂਰ ਨਿਕਲ ਗਿਆ ਹੈ। ਇਹ ਪੂਰਬ ਦੀ ਲਾਸਾਨੀ ਖੋਜ ਹੈ। ਜੇ
ਤੁਸੀਂ ਪੱਛਮ ਵਿਚ ਹੋ, ਦੁਖੀ ਹੋ ਅਤੇ ਤੁਸੀਂ ਜਾਉ ਮਾਹਰ ਦੇ ਕੋਲ, ਤਾਂ ਹਰ ਦੁਖ ਦੀ ਉਹ ਅਲੱਗ-ਅਲੱਗ ਦਵਾਈ
ਦੱਸਦਾ ਹੈ। ਪੂਰਬ ਵਿਚ ਅਜੇਹਾ ਨਹੀਂ ਹੈ : ਜੇ ਪੂਰਬ ਵਿਚ ਤੁਸੀਂ ਦੁਖੀ ਹੋ ਅਤੇ ਤੁਸੀਂ ਗਿਆਨੀ ਦੇ ਕੋਲ ਜਾਉ ਤਾਂ
ਉਹ ਦਵਾਈ ਇਕ ਹੀ ਦੱਸਦਾ ਹੈ।

ਵੈਦ ਹਮਾਰੇ ਰਾਮਜੀ, ਔਸ਼ਧਹੁ ਹਰਿਨਾਮ।

ਉਹ ਕਹਿੰਦਾ ਹੈ ਕਿ ਠੀਕ, ਦੁਖ-ਦਾਖ ਦਾ ਲੰਮਾ ਹਿਸਾਬ ਨਾ ਦੱਸੋ। ਤੁਹਾਡੇ ਦੁਖ ਨਾਲ ਕੋਈ ਫਰਕ ਨਹੀਂ
ਪੈਂਦਾ। ਅਸੀਂ ਜਾਣਦੇ ਹਾਂ ਤੁਹਾਡਾ ਦੁਖ ਕੀ ਹੈ। ਸਾਨੂੰ ਸਭ ਮੱਛੀਆਂ ਦਾ ਦੁਖ ਪਤਾ ਹੈ ਕਿ ਉਹਨਾਂ ਦਾ ਸਾਗਰ ਖੋ ਗਿਆ
ਹੈ। ਰਾਮ ਦੇ ਸਾਗਰ ਵਿਚ ਫਿਰ ਟੁੱਬੀ ਮਾਰੋ। ਹਰਿ ਬੋਲੌ ਹਰਿ ਬੋਲ!

ਨੀਰ ਬਿਨੁ ਮੀਨ ਦੁਖੀ, ਛੀਰ ਬਿਨੁ ਸ਼ਿਸ਼ੁ ਜੈਸੇ।

ਜਿਵੇਂ ਛੋਟਾ ਬੱਚਾ ਹੈ, ਜਿਸਨੂੰ ਦੁੱਧ ਨਹੀਂ ਮਿਲਿਆ ਹੈ... ਸ਼ਾਇਦ ਛੋਟੇ ਬੱਚੇ ਨੂੰ ਇਹ ਪਤਾ ਵੀ ਨਾ ਹੋਵੇ ਕਿ ਮੈਂ ਰੋ ਕਿਉਂ ਰਿਹਾ ਹਾਂ। ਉਹ ਪਹਿਲੀ ਦਫਾ ਜਦ ਬੱਚਾ ਪੈਦਾ ਹੁੰਦਾ ਹੈ ਤਾਂ ਉਸਨੂੰ ਪਤਾ ਵੀ ਕਿਵੇਂ ਹੋਵੇਗਾ ਕਿ ਮੈਂ ਦੁੱਧ ਦੀ ਕਮੀ ਦੇ ਕਾਰਨ ਰੋ ਰਿਹਾ ਹਾਂ? ਦੁੱਧ ਤਾਂ ਅਜੇ ਚਖਿਆ ਹੀ ਨਹੀਂ ਹੈ। ਜੇਕਰ ਇਹ ਬੱਚਾ ਬੋਲ ਸਕੇ ਤਾਂ ਵੀ ਦੱਸ ਨਹੀਂ ਸਕੇਗਾ ਕਿ ਮੈਂ ਕਿਸਲਈ ਰੋ ਰਿਹਾ ਹਾਂ। ਮੋਢੇ ਉਚਕਾਏਗਾ। ਕਹੇਗਾ : ਪਤਾ ਨਹੀਂ, ਪਰ ਰੋਣ ਆ ਰਿਹਾ ਹੈ। ...'ਕੀ ਚਾਹੁੰਦਾ ਹੈਂ?' ਤਾਂ ਕੀ ਤੁਸੀਂ ਸਮਝਦੇ ਹੋ ਕਿ ਬੱਚਾ ਜਵਾਬ ਦੇ ਸਕੇਗਾ ਕਿ ਮੈਂ ਕੀ ਚਾਹੁੰਦਾ ਹਾਂ? ਜੋ ਕਦੇ ਜਾਣਿਆ ਨਹੀਂ, ਪਛਾਣਿਆ ਨਹੀਂ, ਜਿਸਨੂੰ ਕਦੇ ਚਖਿਆ ਨਹੀਂ, ਸੁਆਦ ਨਹੀਂ ਲਿਆ—ਕਿਵੇਂ ਕਹੇਗਾ? ਪਰ ਉਸਦੇ ਰੋਣ ਨੂੰ ਵੇਖ ਕੇ ਮਾਂ ਪਛਾਣ ਲੈਂਦੀ ਹੈ ਕਿ ਕਿਉਂ ਰੋ ਰਿਹਾ ਹੈ। ਉਸਨੂੰ ਦੁੱਧ ਚਾਹੀਦਾ ਹੈ, ਉਸਨੂੰ ਥਣ ਚਾਹੀਦਾ ਹੈ। ਦੁੱਧ ਮਿਲਦਿਆਂ ਹੀ ਬੱਚਾ ਨਿਸਚਿੰਤ ਹੋ ਜਾਂਦਾ ਹੈ। ਫਿਰ ਸੌਂ ਜਾਂਦਾ ਹੈ—ਗੂਹੜੀ ਨੀਂਦ ਵਿਚ, ਵਿਸਰਾਮ ਵਿਚ। ਜਦ ਫਿਰ ਭੁੱਖ ਲਗਦੀ ਹੈ ਕਿ ਤਦ ਫਿਰ ਰੋਣ ਲਗਦਾ ਹੈ। ਹੌਲੀ-ਹੌਲੀ ਉਸਨੂੰ ਵੀ ਪਤਾ ਲੱਗਣ ਲਗਦਾ ਹੈ ਕਿ ਮੈਂ ਕਿਉਂ ਰੋਂਦਾ ਹਾਂ, ਕਿ ਭੁੱਖ ਲਗਦੀ ਹੈ। ਹੌਲੀ-ਹੌਲੀ ਉਸਨੂੰ ਵੀ ਪਤਾ ਲੱਗ ਜਾਏਗਾ ਕਿ ਜਦ ਭੁੱਖ ਲਗਦੀ ਹੈ ਤਾਂ ਮੈਨੂੰ ਦੁੱਧ ਚਾਹੀਦਾ ਹੈ।

ਪਰ ਜੇ ਚਾਹੋ ਤਾਂ ਬੱਚੇ ਨੂੰ ਧੋਖਾ ਦੇ ਸਕਦੇ ਹੋ। ਬਹੁਤ-ਸਾਰੀਆਂ ਮਾਂਵਾਂ ਦਿੰਦੀਆਂ ਹਨ। ਬੱਚਾ ਰੋ ਰਿਹਾ ਹੈ, ਉਸਨੂੰ ਪਕੜਾ ਦਿਤਾ, ਝੂਠਾ ਰਬੜ ਦਾ ਥਣ ਉਸਦੇ ਮੂੰਹ ਵਿਚ ਦੇ ਦਿਤਾ। ਬੱਚਾ ਉਸੇ ਨੂੰ ਪੀ ਰਿਹਾ ਹੈ ਅਤੇ ਸੋਚ ਰਿਹਾ ਹੈ ਕਿ ਬੜਾ ਅਨੰਦ ਆ ਰਿਹਾ ਹੈ। ਉਸੇ ਨੂੰ ਚੂਸਦੇ-ਚੂਸਦੇ ਸੌਂ ਜਾਂਦਾ ਹੈ। ਭੁਲੇਖਾ ਖੜ੍ਹਾ ਕਰ ਲੈਂਦਾ ਹੈ। ਪੁਸ਼ਟੀ ਤਾਂ ਨਹੀਂ ਮਿਲਦੀ ਕੁਝ, ਪੌਸ਼ਟਕਤਾ ਤਾਂ ਨਹੀਂ ਮਿਲਦੀ ਕੁਝ, ਭੋਜਨ ਵੀ ਕੁਝ ਨਹੀਂ ਮਿਲਦਾ। ਰਬੜ ਦੀ ਚੂਸਣੀ ਨੂੰ ਚੂਸ ਕੇ ਮਿਲੇਗਾ ਵੀ ਕੀ? ਲੇਕਿਨ ਨਿਸਚਿੰਤ ਮਲੂਮ ਹੁੰਦਾ ਹੈ। ਜ਼ਿਆਦਾ ਦਿਨ ਧੋਖਾ ਨਹੀਂ ਚੱਲੇਗਾ। ਕਦੇ-ਕਦੇ ਦਿੰਦੇ ਰਹੋ ਤਾਂ ਚੱਲੇਗਾ। ਜੇਕਰ ਕੁਝ ਵੀ ਨਹੀਂ ਹੁੰਦਾ ਕੋਲ ਤਾਂ ਆਪਣਾ ਅੰਗੂਠਾ ਹੀ ਚੂਸਣ ਲਗਦਾ ਹੈ। ਹੁਣ ਅੰਗੂਠੇ 'ਚੋਂ ਕੁਝ ਵੀ ਨਿਕਲਦਾ ਨਹੀਂ।

ਦੁਨੀਆਂ ਵਿਚ ਤੁਸੀਂ ਅਜੇਹੇ ਹੀ ਲੋਕ ਪਾਉਗੇ। ਕੋਈ ਰਬੜ ਦੀ ਚੂਸਣੀ ਚੂਸ ਰਹੇ ਹਨ। ਕੋਈ ਆਪਣਾ ਅੰਗੂਠਾ ਹੀ ਚੂਸ ਰਹੇ ਹਨ। ਇਹ ਮੈਂ ਬੱਚਿਆਂ ਦੀ ਗੱਲ ਨਹੀਂ ਕਰ ਰਿਹਾ, ਇਹ ਮੈਂ ਤੁਹਾਡੀ ਗੱਲ ਕਰ ਰਿਹਾ ਹਾਂ। ਜੋ ਮਿਲ ਗਿਆ, ਉਹੀ ਚੂਸ ਰਹੇ ਹਨ। ਇਕ ਚੂਸਣ ਦੀ ਧੁਨ ਹੈ, ਲਗਦਾ ਹੈ ਕਿ ਚੂਸਣ ਤੋਂ ਤ੍ਰਿਪਤੀ ਮਿਲਦੀ ਹੈ। ਪਰ ਥਣ ਹੋਵੇ ਤਾਂ ਹੀ ਚੂਸਣ ਤੋਂ ਤ੍ਰਿਪਤੀ ਮਿਲਦੀ ਹੈ। ਦੁੱਧ ਵਗਦਾ ਹੋਵੇ ਉਥੇ, ਤਾਂ ਹੀ ਚੂਸਣ ਤੋਂ ਤ੍ਰਿਪਤੀ ਮਿਲਦੀ ਹੈ।

ਭਗਤ ਚੂਸਦਾ ਹੈ ਪਰਮਾਤਮਾ ਦੀ ਜੀਵਨ-ਧਾਰਾ ਤੋਂ; ਅਭਗਤ ਸੰਸਾਰ ਵਿਚ ਖੇਡ-ਖਿਡਾਉਣਿਆਂ ਤੋਂ ਚੂਸਦੇ ਰਹਿੰਦੇ ਹਨ। ਕੋਈ ਧਨ ਤੋਂ ਚੂਸ ਰਿਹਾ ਹੈ—ਇਹ ਰਬੜ ਦੀ ਚੂਸਣੀ ਹੈ। ਕੋਈ ਚੱਲੇ ਹਨ ਕਿ ਪ੍ਰਧਾਨ ਮੰਤਰੀ ਬਣਨਾ ਹੈ—ਇਹ ਰਬੜ ਦੀ ਚੂਸਣੀ ਹੈ। ਫਿਰ ਚੂਸਣੀ ਕਿੰਨੀ ਹੀ ਵੱਡੀ ਹੋਵੇ, ਕਿ ਕ੍ਰੇਨ ਨਾਲ ਚੁੱਕਣੀ ਪਵੇ, ਇਸ ਨਾਲ ਵੀ

ਕੁਝ ਫਰਕ ਨਹੀਂ ਪੈਂਦਾ। ਛੋਟੀ-ਵੱਡੀ ਦਾ ਕੋਈ ਸਵਾਲ ਨਹੀਂ ਹੈ—ਉਸਦੇ ਪਿਛੇ ਜੀਵਨ ਦੀ ਧਾਰਾ ਹੈ ਕਿ ਨਹੀਂ? ਉਸਦੇ ਅੰਦਰ ਪ੍ਰੇਮ ਵਗ ਰਿਹਾ ਹੈ ਕਿ ਨਹੀਂ?

ਇਸਲਈ ਇਸ ਜੀਵਨ ਵਿਚ ਇਕ ਅਪੂਰਵ ਘਟਨਾ ਵਾਪਰਦੀ ਹੈ : ਲੋਕ ਜ਼ਿੰਦਗੀ ਭਰ ਚੂਸਦੇ ਹਨ ਅਤੇ ਭੁੱਖੇ ਦੇ ਭੁੱਖੇ। ਅਤੇ ਜਦ ਦੇਖੋ ਤਦ ਰੋ ਰਹੇ ਹਨ। ਤੁਹਾਨੂੰ ਅਨੁਭਵ ਹੈ ਭਲੀਭਾਂਤ। ਤੁਸੀਂ ਜਦ ਵੀ ਗੱਲ ਕਰਦੇ ਹੋ, ਕੀ ਕਰਦੇ ਹੋ—ਰੋਂਦੇ ਹੋ। ਦੂਜਾ ਵੀ ਰੋਂਦਾ ਹੈ। ਲੋਕਾਂ ਦੀ ਗੱਲਬਾਤ ਸੁਣੋ ਜ਼ਰਾ—ਬਸ ਬੈਠੇ ਹਨ ਅਤੇ ਰੋ ਰਹੇ ਹਨ! ਦੁਨੀਆਂ-ਭਰ ਦੀਆਂ ਸ਼ਿਕਾਇਤਾਂ ਕਰ ਰਹੇ ਹਨ—'ਇਹ ਗ਼ਲਤ, ਇਹ ਗ਼ਲਤ, ਇਹ ਗ਼ਲਤ...! ਸਭ ਤਰਫ ਗ਼ਲਤੀ ਹੋ ਰਹੀ ਹੈ। ਜ਼ਿੰਦਗੀ ਦੁੱਭਰ ਹੋ ਗਈ ਹੈ। ਪਹਿਲਾਂ ਵਾਲੇ ਦਿਨ ਹੁਣ ਕਿਥੇ ਰਹੇ।' ਪਹਿਲਾਂ ਵਾਲੇ ਦਿਨਾਂ ਦੀ ਵੀ ਇਸੇ ਤਰ੍ਹਾਂ ਯਾਦ ਕਰ ਰਹੇ ਹਨ ਤਾਂ ਜੋ ਮਨ ਨੂੰ ਸਮਝਾ ਲੈਣ। ਅਤੇ ਅੱਗੇ ਦੇ ਦਿਨਾਂ ਦੀ ਸੋਚ ਰਹੇ ਹਨ ਕਿ ਕਦੇ ਤਾਂ ਸਮਾਜਵਾਦ ਆਏਗਾ। ਕਦੇ ਤਾਂ ਅਜੇਹਾ ਹੋਵੇਗਾ ਕਿ ਚੂਸਣੀ ਵਿਚੋਂ ਦੁੱਧ ਵਗੇਗਾ। ਐਪਰ ਚੂਸਣੀਆਂ ਵਿਚੋਂ ਦੁੱਧ ਵਗਦਾ ਹੀ ਨਹੀਂ। ਨਾ ਸਮਾਜਵਾਦ ਵਿਚ ਵਗਦਾ ਹੈ, ਨਾ ਰਾਮਰਾਜ ਵਿਚ ਵਗਿਆ। ਕਦੇ ਨਹੀਂ ਵਗਦਾ। ਵਿਅਕਤੀ ਨੂੰ ਪਰਮਾਤਮਾ ਨਾਲ ਸਬੰਧ ਜੋੜਨਾ ਪਏਗਾ, ਤਾਂ ਹੀ ਜੀਵਨ ਵਿਚ ਤ੍ਰਿਪਤੀ ਦੀ ਧਾਰਾ ਸ਼ੁਰੂ ਹੁੰਦੀ ਹੈ।

ਨੀਰ ਬਿਨੁ ਮੀਨ ਦੁਖੀ, ਛੀਰ ਬਿਨੁ ਸ਼ਿਸ਼ੁ ਜੈਸੇ।
ਪੀਰ ਜਾਕੇ ਔਸ਼ਧ ਬਿਨੁ, ਕੈਸੇ ਰਹਯੋ ਜਾਤ ਹੈ।

ਅਤੇ ਪੀਰ ਹੈ ਭਾਰੀ। ਪੀੜ ਹੈ ਬਹੁਤ। ਔਸ਼ਧੀ ਦੇ ਬਿਨਾਂ ਕਿਵੇਂ ਰਹਿ ਰਹੇ ਹੋ ਤੁਸੀਂ? ਸੁੰਦਰ ਪੁਛ ਰਹੇ ਹਨ ਤੁਹਾਥੋਂ ਇਹ ਕਿ ਮੈਂ ਹੈਰਾਨ ਹਾਂ ਕਿ ਤੁਸੀਂ ਔਸ਼ਧੀ ਕਿਉਂ ਨਹੀਂ ਭਾਲਦੇ! ਅਤੇ ਔਸ਼ਧੀ ਉਪਲਬਧ ਹੈ—ਹਰਿ ਬੋਲੋ ਹਰਿ ਬੋਲ!

ਚਾਤਕ ਜਿਓਂ ਸਵਾਤਿ ਬੂੰਦ, ਚੰਦ ਕੌ ਚਕੋਰ ਜੈਸੇ।

ਚੰਦ ਦੇਖਦਾ ਹੈ... ਚਕੋਰ ਲੱਗਾ ਹੈ, ਚੰਦ ਦੇ ਵਲ ਅੱਖਾਂ ਟਿਕਾਈਆਂ ਹਨ। ਚਾਤ੍ਰਿਕ ਉਡੀਕ ਕਰਦਾ ਹੈ ਸਵਾਤੀ ਦੀ ਬੂੰਦ ਦੀ। ਇਵੇਂ ਹੀ ਭਗਤ ਕੂੜ-ਕਬਾੜ ਵਿਚ ਨਹੀਂ ਉਲਝਦਾ, ਉਸ ਦੀਆਂ ਅੱਖਾਂ ਅਕਾਸ਼ 'ਤੇ ਲੱਗੀਆਂ ਹੁੰਦੀਆਂ ਹਨ। ਉਸ ਦੀਆਂ ਅੱਖਾਂ ਚੰਦ ਦੇ ਪ੍ਰਕਾਸ਼ 'ਤੇ ਲੱਗੀਆਂ ਹੁੰਦੀਆਂ ਹਨ।

ਭਗਤ ਚਕੋਰ ਹੈ, ਅਤੇ ਭਗਤ ਚਾਤ੍ਰਿਕ ਹੈ। ਉਹ ਹਰ ਕਿਸੇ ਗੰਦੀ ਛੱਪੜੀ ਦਾ ਪਾਣੀ ਨਹੀਂ ਪੀਂਦਾ ਫਿਰਦਾ। ਉਹ ਉਡੀਕ ਕਰਦਾ ਹੈ ਸਵਾਤੀ-ਨਛੱਤਰ ਦੀ ਬੂੰਦ ਦੀ। ਇਕ ਬੂੰਦ ਕਾਫੀ ਹੈ ਉਸ ਨਛੱਤਰ ਵਿਚ, ਕਿਉਂਕਿ ਉਸ ਇਕ ਬੂੰਦ ਨਾਲ ਹੀ ਮੋਤੀ ਬਣ ਜਾਂਦੇ ਹਨ। ਅਤੇ ਇਥੇ ਕਿੰਨਾ ਹੀ ਪੀਵੋ, ਪਿਆਸ ਬੁਝਦੀ ਕਿਥੇ ਹੈ? ਜਿੰਨਾ ਪੀਵੋ ਉਨੀ ਪਿਆਸ ਭੜਕਦੀ ਹੈ, ਉਨੀ ਪਿਆਸ ਵਧਦੀ ਹੈ।

ਤੁਸੀਂ ਦੇਖਿਆ ਨਹੀਂ, ਜਿੰਨਾ ਧਨ ਵਧਦਾ ਹੈ ਉਨਾ ਹੋਰ ਧਨ ਪਾਣ ਦੀ ਪਿਆਸ ਵਧਦੀ ਹੈ! ਜਿੰਨੀ ਕਾਮਵਾਸਨਾ ਵਿਚ ਉਤਰੋ ਉਨੀ ਕਾਮਵਾਸਨਾ ਵਧਦੀ ਹੈ। ਜਿੰਨਾ ਕ੍ਰੋਧ ਕਰੋ, ਉਨਾ ਕ੍ਰੋਧ ਵਧਦਾ ਹੈ। ਇਹ ਬੜਾ ਉਲਟਾ ਗਣਿਤ ਹੈ। ਕਰਨ ਵਾਲਾ ਮੁਕ ਜਾਣਾ ਚਾਹੀਦਾ ਹੈ। ਮੁੱਕਦਾ ਨਹੀਂ ਮਲੂਮ ਪੈਂਦਾ। ਅਭਿਆਸ ਨਾਲ ਆਦਤ ਮਜ਼ਬੂਤ ਹੁੰਦੀ

ਚਲੀ ਜਾਂਦੀ ਹੈ।

ਚੰਦਨ ਕੀ ਚਾਹ ਕਰਿ, ਸਰਪ ਅਕੁਲਾਤ ਹੈ।

ਅਤੇ ਜਿਵੇਂ-ਜਿਵੇਂ ਚੰਦਨ ਦੀ ਸੁਗੰਧੀ ਮਿਲ ਗਈ ਹੋਵੇ ਅਤੇ ਸੱਪ ਲਹਿਰਾਉਣ ਲੱਗਿਆ ਹੋਵੇ, ਇਵੇਂ ਹੀ ਭਗਤ ਦੀ ਮਸਤੀ ਹੈ। ਭਗਤ ਚੰਦਨ ਦੀ ਰਾਹ ਵਿਚ ਚੱਲਿਆ ਹੋਇਆ ਸੱਪ ਹੈ। ਸਵਾਤੀ ਦੀ ਬੂੰਦ ਦੀ ਉਡੀਕ ਕਰਦਾ ਹੋਇਆ ਚਾਤ੍ਰਿਕ ਹੈ। ਅਕਾਸ਼ ਦੇ ਵਲ ਅੱਖਾਂ ਚੁੱਕੀ, ਪ੍ਰੇਮ ਵਿਚ ਡੁੱਬਿਆ ਹੋਇਆ ਚਕੋਰ ਹੈ।

ਨਿਰਧਨ ਜਿਓਂ ਧਨ ਚਾਹੇ, ਕਾਮਿਨੀ ਕੋ ਕੰਤ ਚਾਹੇ।

ਜਿਵੇਂ ਪ੍ਰੇਮਿਕਾ ਪ੍ਰੇਮੀ ਨੂੰ ਲੱਭਦੀ ਹੈ, ਪ੍ਰੇਮੀ ਪ੍ਰੇਮਿਕਾ ਨੂੰ ਲੱਭਦਾ ਹੈ, ਜਿਵੇਂ ਨਿਰਧਨ ਧਨ ਨੂੰ ਲੱਭਦਾ ਹੈ, ਜਿਵੇਂ ਹੀਣਾ ਪਦਵੀ ਨੂੰ ਲੱਭਦਾ ਹੈ, ਜਿਵੇਂ ਨਿਰਬਲ ਬਲ ਲੱਭਦਾ ਹੈ-ਇਹ ਸਾਰੀਆਂ ਚੀਜ਼ਾਂ ਭਗਤ ਨਹੀਂ ਲੱਭਦਾ। ਭਗਤ ਤਾਂ ਸਿਰਫ ਭਗਵਾਨ ਨੂੰ ਲੱਭਦਾ ਹੈ। ਉਸਦਾ ਧਨ ਭਗਵਾਨ, ਉਸਦੀ ਪਦਵੀ ਭਗਵਾਨ, ਉਸਦਾ ਪ੍ਰੇਮੀ ਭਗਵਾਨ। ਉਸਨੇ ਆਪਣੀਆਂ ਸਾਰੀਆਂ ਚਾਹਨਾਵਾਂ ਦਾ ਇਕ ਇਕੱਠਾ ਪ੍ਰਵਾਹ ਪਰਮਾਤਮਾ ਦੀ ਤਰਫ ਵਹਾ ਦਿਤਾ ਹੈ। ਉਹ ਛੋਟੀਆਂ-ਛੋਟੀਆਂ ਧਾਰਾਵਾਂ ਵਿਚ ਨਹੀਂ ਵਹਿੰਦਾ-ਉਸਨੇ ਗੰਗਾ ਬਣਾ ਲਈ ਹੈ ਅਤੇ ਚੱਲ ਪਿਆ ਹੈ ਸਾਗਰ ਦੇ ਵਲ।

ਐਸੀ ਜਾਕੋ ਚਾਹ ਤਾਕੋ ਕਛੁ ਨਾ ਸੁਹਾਤ ਹੈ।

ਅਤੇ ਜਿਸਦੀ ਅਜੇਹੀ ਚਾਹ ਜਾਗੀ ਹੋਵੇ, ਉਸਨੂੰ ਫਿਰ ਕੁਝ ਨਹੀਂ ਸੁਹਾਂਦਾ। ਤੁਸੀਂ ਭਗਤ ਨੂੰ ਕਹੋ ਕਿ ਅਸੀਂ ਤੇਰੀ ਬੜੀ ਪ੍ਰਸਿਧੀ ਕਰਾਂਗੇ, ਉਸਨੂੰ ਕੁਝ ਗੱਲ ਜਚਦੀ ਨਹੀਂ। ਤੁਸੀਂ ਪ੍ਰਸਿਧੀ ਕਰੋ ਕਿ ਨਾਪ੍ਰਸਿਧੀ, ਤੁਸੀਂ ਸਨਮਾਨ ਕਰੋ ਕਿ ਗਾਲ੍ਹ ਕਢੋ, ਫਰਕ ਨਹੀਂ ਪੈਂਦਾ। ਉਸਦੀ ਦੌੜ ਕਿਤੇ ਹੋਰ ਹੈ, ਉਹ ਜਾ ਕਿਤੇ ਹੋਰ ਰਿਹਾ ਹੈ। ਤੁਹਾਨੂੰ ਦੇਖਦਾ ਕਿਥੇ! ਨਾ ਤੁਹਾਡੀ ਪ੍ਰਸੰਸਾ ਦੇਖਦਾ, ਨਾ ਤੁਹਾਡੀਆਂ ਮਾਲਾਵਾਂ। ਤੁਹਾਡੀਆਂ ਮਾਲਾਵਾਂ ਦਾ ਮੁੱਲ ਕਿੰਨਾ ਹੈ? ਤੁਹਾਡੀਆਂ ਮਾਲਾਵਾਂ ਨਾਲ ਤਾਂ ਤੁਹਾਡੇ ਵਰਗੇ ਹੀ ਨਾਸਮਝ ਖ਼ੁਸ਼ ਹੁੰਦੇ ਹਨ।

ਮੈਂ ਸੁਣਿਆ ਹੈ, ਇਕ ਰਾਜਨੇਤਾ ਦਾ ਇਕ ਪਿੰਡ ਵਿਚ ਸਵਾਗਤ ਕੀਤਾ ਗਿਆ। ਮਾਲਾਵਾਂ ਉਤੇ ਮਾਲਾਵਾਂ ਚੜ੍ਹੀਆਂ, ਗੁਲਦਸਤਿਆਂ ਉਤੇ ਗੁਲਦਸਤੇ ਦਿਤੇ ਗਏ। ਜਦ ਮਾਲਾਵਾਂ ਚੜ੍ਹ ਚੁੱਕੀਆਂ, ਗੁਲਦਸਤੇ ਦਿਤੇ ਜਾ ਚੁੱਕੇ, ਤਦ ਵੀ ਰਾਜਨੇਤਾ ਦਾ ਸੈਕ੍ਰਟਰੀ ਕੁਝ ਪਰੇਸ਼ਾਨ ਸੀ, ਕਿਉਂਕਿ ਰਾਜਨੇਤਾ ਦੇ ਚੇਹਰੇ 'ਤੇ ਕ੍ਰੋਧ ਹੈ, ਮੱਥੇ 'ਤੇ ਤਿਊੜੀ ਹੈ। ਉਸਨੇ ਪੁਛਿਆ, ਤੁਸੀਂ ਨਰਾਜ਼ ਜਿਹੇ ਕਿਉਂ ਦਿਖਾਈ ਪੈਂਦੇ ਹੋ? ਇੰਨੀਆਂ ਮਾਲਾਵਾਂ ਚੜ੍ਹੀਆਂ, ਇੰਨੇ ਫੁੱਲ, ਇੰਨਾ ਸਵਾਗਤ-ਸਨਮਾਨ..!

ਉਸਨੇ ਕਿਹਾ, ਬਕਵਾਸ! ਮੈਂ ਤੀਹ ਮਾਲਾਵਾਂ ਦਾ ਮੁੱਲ ਦਿਤਾ ਸੀ, ਉਨੱਤੀ ਹੀ ਆਈਆਂ ਹਨ।

ਇਹ ਦੁਨੀਆਂ ਬੜੀ ਅਜੀਬ ਹੈ। ਇਥੇ ਪੈਸੇ ਵੀ ਅਦਾ ਕਰਨੇ ਪੈਂਦੇ ਹਨ ਕਿ ਸਾਨੂੰ ਮਾਲਾ ਚੜ੍ਹਾਉ, ਉਸਦੇ ਪੈਸੇ ਪਹਿਲਾਂ ਦੇਣੇ ਪੈਂਦੇ ਹਨ। ਅਤੇ ਤੀਹ ਦੇ ਦਿਤੇ ਸੀ ਤੇ ਉਨੱਤੀ ਹੀ ਆਈਆਂ ਹਨ! ਉਹ ਗਿਣਤੀ ਕਰ ਰਿਹਾ ਹੈ।

ਆਪਣੇ ਹੱਥੀਂ ਆਪ ਨੂੰ ਹੀ ਚੜ੍ਹਾ ਲੈਂਦੇ। ਕਾਹਤੋਂ ਇੰਨਾ ਕਸ਼ਟ ਕੀਤਾ?

ਅਤੇ ਫਿਰ ਮੈਂ ਇਕ ਫ਼ਕੀਰ ਦੀ ਕਹਾਣੀ ਸੁਣੀ ਹੈ। ਉਹ ਇਕ ਪਿੰਡ ਵਿਚ ਗਿਆ। ਅਤੇ ਪਿੰਡ ਦੇ ਲੋਕ ਉਸ ਨਾਲ ਨਰਾਜ਼ ਸਨ। ਲੋਕ ਫ਼ਕੀਰਾਂ ਨਾਲ ਸਦਾ ਨਰਾਜ਼ ਰਹੇ। ਕਿਉਂਕਿ ਉਹ ਗੱਲਾਂ ਅਜੇਹੀਆਂ ਕਹਿ ਦਿੰਦੇ ਹਨ ਜੋ ਤੁਹਾਨੂੰ ਬੇਚੈਨ ਕਰ ਜਾਂਦੀਆਂ ਹਨ। ਲੋਕ ਬੜੇ ਖ਼ਫਾ ਸਨ। ਉਹਨਾਂ ਨੇ ਜੁੱਤੀਆਂ ਦੀ ਇਕ ਮਾਲਾ ਬਣਾ ਕੇ ਉਸਨੂੰ ਪਹਿਨਾ ਦਿੱਤੀ। ਅਤੇ ਫ਼ਕੀਰ ਨੱਚਣ ਲੱਗਿਆ। ਅਤੇ ਲੋਕ ਹੋਰ ਮੁਸ਼ਕਲ ਵਿਚ ਪਏ। ਲੋਕਾਂ ਨੇ ਪੁਛਿਆ ਕਿ ਸਮਝ ਰਿਹਾ ਹੈਂ, ਹੋਸ਼ ਹੈ ਕੁਝ, ਜੁੱਤੀਆਂ ਦੀ ਮਾਲਾ ਪਹਿਨਾਈ ਹੈ! ਉਸਨੇ ਕਿਹਾ ਕਿ ਮੈਂ ਨੱਚ ਕਿਸਲਈ ਰਿਹਾ ਹਾਂ, ਇਸਲਈ ਤਾਂ। ਪਰਮਾਤਮਾ ਨੂੰ ਕਹਿ ਰਿਹਾ ਹਾਂ : ਵਾਹ ਬਈ ਵਾਹ! ਹੁਣ ਤਕ ਬਹੁਤ ਪਿੰਡਾਂ ਵਿਚ ਗਿਆ, ਮਾਲੀਆਂ ਦੇ ਪਿੰਡ ਰਹੇ ਹੋਣਗੇ, ਚਮਾਰਾਂ ਦੇ ਪਿੰਡ ਵਿਚ ਪਹਿਲੀ ਵਾਰ ਆਇਆ। ਇਹ ਵੀ ਵਾਹਵਾ ਰਹੀ! ਆਖ਼ਰ ਆਦਮੀ ਉਹੀ ਤਾਂ ਚੜ੍ਹਾਏਗਾ ਨਾ ਜੋ ਉਸਦੇ ਕੋਲ ਹੈ!... ਹੇ ਚਮਾਰ ਭਰਾਵੋ! ਤੁਸੀਂ ਬੜੀ ਕਿਰਪਾ ਕੀਤੀ। ਇੰਜ ਹੀ ਕਰਦੇ ਰਹਿਣਾ, ਕਿਉਂਕਿ ਮੈਂ ਤਾਂ ਇਥੋਂ ਤੋਂ ਆਉਂਦਾ ਜਾਂਦਾ ਹੀ ਰਹਾਂਗਾ। ਅਤੇ ਮੇਰੀ ਜੁੱਤੀ ਉਂਜ ਵੀ ਟੁੱਟ ਗਈ ਸੀ। ਸੋ ਤੁਸੀਂ ਇਕ-ਦੋ ਨਹੀਂ, ਕਈ ਜੁੱਤੀਆਂ ਦੇ ਦਿੱਤੀਆਂ। ਜ਼ਿੰਦਗੀ ਲੰਘ ਜਾਏਗੀ ਇਸ ਨਾਲ ਤਾਂ ਮੇਰੀ। ਤੁਹਾਡਾ ਬਹੁਤ-ਬਹੁਤ ਧੰਨਵਾਦ। ਅਤੇ ਫੁੱਲ ਤਾਂ ਕੁਮਲਾ ਜਾਂਦੇ ਹਨ ਤਾਂ ਸੁੱਟਣੇ ਪੈਂਦੇ ਹਨ, ਜੁੱਤੀਆਂ ਕੁਮਲਾਉਂਦੀਆਂ ਨਹੀਂ। ਮੇਰੇ ਵੀ ਕੰਮ ਆਉਣਗੀਆਂ, ਮੇਰੇ ਸ਼ਿਸ਼ਾਂ ਦੇ ਵੀ ਕੰਮ ਆਉਣਗੀਆਂ। ਧੰਨਵਾਦ! ਪਰ ਮੈਨੂੰ ਇਹ ਪਤਾ ਨਹੀਂ ਸੀ ਕਿ ਇਹ ਬਸਤੀ ਪੂਰੇ ਚਮਾਰਾਂ ਦੀ ਹੈ।

ਜਿਹੜਾ ਚੱਲ ਪਿਆ ਪਰਮਾਤਮਾ ਦੀ ਤਰਫ, ਉਸਦੇ ਜੀਵਨ ਦੇ ਪੈਮਾਨੇ ਬਦਲ ਜਾਂਦੇ ਹਨ।

ਐਸੀ ਜਾਕੋ ਚਾਹ ਤਾਕੋ ਕਛੁ ਨਾ ਸੁਹਾਤ ਹੈ।
ਪ੍ਰੇਮ ਕੋ ਪ੍ਰਭਾਵ ਐਸੋ, ਪ੍ਰੇਮ ਤਹਾਂ ਨੇਮ ਕੈਸੋ।

ਇਹ ਬਚਨ ਅਨੋਖਾ ਹੈ। ਇਸਨੂੰ ਖ਼ੂਬ ਹਿਰਦੇ ਵਿਚ ਗੱਡ ਕੇ ਰਖ ਲੈਣਾ। ਜਿੰਨਾ ਡੂੰਘਾ ਲਿਜਾ ਸਕੋ, ਲੈ ਜਾਣਾ। ਪ੍ਰੇਮ ਕੋ ਪ੍ਰਭਾਵ ਐਸੋ...। ਪ੍ਰੇਮ ਇਸ ਜਗਤ ਵਿਚ ਸਭ ਤੋਂ ਵੱਡਾ ਜਾਦੂ ਹੈ। ਅਤੇ ਤੁਸੀਂ ਤਾਂ ਪ੍ਰੇਮ ਅਜੇ ਜਾਣਿਆਂ ਨਹੀਂ। ਤੁਸੀਂ ਜਿਸਨੂੰ ਪ੍ਰੇਮ ਕਹਿੰਦੇ ਹੋ ਉਹ ਤਾਂ ਕੁਝ ਹੋਰ ਹੈ। ਪ੍ਰੇਮ ਨਹੀਂ ਹੈ। ਇਸਲਈ ਤੁਹਾਡੀ ਜ਼ਿੰਦਗੀ ਵਿਚ ਜਾਦੂ ਨਹੀਂ ਵਾਪਰਿਆ ਹੈ। ਅਤੇ ਤੁਹਾਡੀ ਜ਼ਿੰਦਗੀ ਵਿਚ ਪਰਲੋਕੀ ਦੀ ਚਮਕ ਨਹੀਂ ਆਈ ਹੈ।

ਪ੍ਰੇਮ ਕੋ ਪ੍ਰਭਾਵ ਐਸੋ, ਪ੍ਰੇਮ ਤਹਾਂ ਨੇਮ ਕੈਸੋ।

ਪ੍ਰੇਮ ਦਾ ਪ੍ਰਭਾਵ ਅਜੇਹਾ ਹੈ, ਅਜੇਹਾ ਅਨੋਖਾ ਜਾਦੂ ਹੈ ਪ੍ਰੇਮ ਦਾ ਕਿ ਜਿਸਦੇ ਜੀਵਨ ਵਿਚ ਪਰਮਾਤਮਾ ਦਾ ਨੇਮ ਆ ਗਿਆ, ਉਸਨੂੰ ਫਿਰ ਕਿਸੇ ਨਿਯਮ ਨੂੰ ਮੰਨਣ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ। ਨਾ ਉਹਦੇ ਲਈ ਕੋਈ ਆਚਰਣ ਹੈ, ਨਾ ਕੋਈ ਸ਼ੀਲ।

ਪ੍ਰੇਮ ਭਰਪੂਰ ਆਚਰਣ ਹੈ।

...ਪ੍ਰੇਮ ਤਹਾਂ ਨੇਮ ਕੈਸੋ। ਨਿਯਮ ਕੇਹਾ, ਮਰਿਯਾਦਾ ਕੇਹੀ? ਪ੍ਰੇਮ ਕਾਫੀ ਹੈ।

ਜੀਸਸ ਨੇ ਕਿਹਾ ਹੈ : ਤੁਸੀਂ ਸੁਣੀਆਂ ਹਨ ਦਸ ਆਗਿਆਵਾਂ ਜੋ ਮੋਜ਼ਿਜ਼ ਨੇ ਦਿਤੀਆਂ, ਮੈਂ ਤੁਹਾਨੂੰ ਗਿਆਰਵੀਂ ਆਗਿਆ ਦਿੰਦਾ ਹਾਂ। ਪ੍ਰੇਮ ਕਰੋ, ਉਹੋ-ਜਿਹਾ ਹੀ ਜਿਹੋ-ਜਿਹਾ ਮੈਂ ਕੀਤਾ ਹੈ। ਅਤੇ ਗਿਆਰਵੀਂ ਕਾਫੀ ਹੈ। ਅਤੇ ਜਿਹੜਾ ਗਿਆਰਵੀਂ ਪੂਰੀ ਕਰੇਗਾ, ਉਹਦੇ ਲਈ ਦਸ ਦੀ ਫਿਕਰ ਛੱਡ ਦੇਵੇ। ਦਸ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਚੋਰੀ ਨਾ ਕਰਨਾ, ਬੇਈਮਾਨੀ ਨਾ ਕਰਨਾ, ਝੂਠ ਨਾ ਬੋਲਣਾ, ਧੋਖਾ ਨਾ ਦੇਣਾ, ਹਿੰਸਾ ਨਾ ਕਰਨਾ—ਇਹ ਸਭ ਬਕਵਾਸ ਹੈ, ਜਿਸਨੂੰ ਪ੍ਰੇਮ ਆ ਗਿਆ। ਪ੍ਰੇਮ ਕੇ ਪ੍ਰਭਾਵ ਐਸੇ! ਜਿਸਦੇ ਮਨ ਵਿਚ ਪ੍ਰੇਮ ਆ ਗਿਆ, ਉਹ ਕਿਵੇਂ ਹਿੰਸਾ ਕਰੇਗਾ?

ਅਤੇ ਇਕ ਗੱਲ ਹੋਰ ਵੀ ਖਿਆਲ ਰਖਣਾ। ਜ਼ਰੂਰੀ ਨਹੀਂ ਕਿ ਤੁਸੀਂ ਹਿੰਸਾ ਨਾ ਕਰੋ ਤਾਂ ਤੁਹਾਡੇ ਜੀਵਨ ਵਿਚ ਪ੍ਰੇਮ ਆ ਜਾਵੇ। ਜ਼ਰੂਰੀ ਨਹੀਂ ਹੈ। ਪ੍ਰੇਮ ਆ ਜਾਵੇ ਤਾਂ ਹਿੰਸਾ ਚਲੀ ਜਾਂਦੀ ਹੈ। ਪ੍ਰੇਮ ਆ ਜਾਵੇ ਤਾਂ ਚੋਰੀ ਚਲੀ ਜਾਂਦੀ ਹੈ। ਪ੍ਰੇਮ ਆ ਜਾਵੇ ਤਾਂ ਬੇਈਮਾਨੀ ਚਲੀ ਜਾਂਦੀ ਹੈ। ਪਰ ਬੇਈਮਾਨੀ ਚਲੀ ਜਾਵੇ ਤਾਂ ਪ੍ਰੇਮ ਆ ਜਾਂਦਾ ਹੈ, ਅਜੇਹਾ ਨਹੀਂ ਹੈ।

ਇਸਲਈ ਤੁਸੀਂ ਬਹੁਤ ਲੋਕ ਪਾਓਗੇ ਜਿਨ੍ਹਾਂ ਨੇ ਬੇਈਮਾਨੀ ਛੱਡ ਦਿਤੀ ਹੈ, ਚੋਰੀ ਛੱਡ ਦਿਤੀ ਹੈ, ਵਿਭਚਾਰ ਛੱਡ ਦਿਤਾ ਹੈ, ਅਨਾਚਰਣ ਛੱਡ ਦਿਤਾ ਹੈ, ਪਰ ਉਹਨਾਂ ਦੇ ਜੀਵਨ ਵਿਚ ਕੋਈ ਪ੍ਰੇਮ ਦਾ ਕਮਲ ਨਹੀਂ ਖਿੜਿਆ ਹੈ। ਉਲਟਾ ਸੁੱਕ ਗਏ, ਸਭ ਸੁੱਕ ਗਿਆ, ਉਹਨਾਂ ਦੇ ਜੀਵਨ ਦਾ ਸਰੋਵਰ ਹੀ ਸੁੱਕ ਗਿਆ। ਕਦੇ-ਕਦੇ ਤਾਂ ਅਜੇਹਾ ਹੋ ਜਾਏਗਾ ਕਿ ਸਧਾਰਨ ਆਦਮੀ ਜਿਹੜਾ ਕਦੇ ਥੋੜ੍ਹੀ-ਬਹੁਤੀ ਬੇਈਮਾਨੀ ਵੀ ਕਰ ਲੈਂਦਾ ਹੈ, ਝੂਠ ਵੀ ਬੋਲ ਦਿੰਦਾ ਹੈ, ਕਦੇ ਮੌਕਾ ਪੈ ਜਾਵੇ ਤਾਂ ਝਗੜ ਵੀ ਲੈਂਦਾ ਹੈ—ਇਸ ਆਦਮੀ ਦੀ ਜ਼ਿੰਦਗੀ ਵਿਚ ਸ਼ਾਇਦ ਤੁਹਾਨੂੰ ਕਦੇ ਕੁਝ ਰਸ ਦੀ ਧਾਰ ਮਿਲ ਵੀ ਜਾਵੇ, ਪਰ ਜਿਨ੍ਹਾਂ ਲੋਕਾਂ ਨੇ ਬਿਲਕੁਲ ਹਿੰਸਾ ਛੱਡ ਦਿਤੀ, ਬੇਈਮਾਨੀ ਛੱਡ ਦਿਤੀ, ਜਿਨ੍ਹਾਂ ਨੇ ਸਭ ਤਰ੍ਹਾਂ ਦੇ ਆਚਰਣ ਵਿਚ ਆਪਣੇ-ਆਪ ਨੂੰ ਕਸ ਲਿਆ ਹੈ, ਇਹਨਾਂ ਦੀ ਜ਼ਿੰਦਗੀ ਵਿਚ ਤਾਂ ਤੁਸੀਂ ਪੱਥਰ ਪਾਓਗੇ, ਫੁੱਲ ਨਹੀਂ।

ਇਕ ਵੱਡੀ ਭੁੱਲ ਹੋ ਰਹੀ ਹੈ। ਭੁੱਲ ਇਹ ਹੈ : ਜਿਵੇਂ ਦੀਵਾ ਜਗੇ ਤਾਂ ਹਨੇਰਾ ਚਲਿਆ ਜਾਂਦਾ ਹੈ, ਇਹ ਸੱਚ ਹੈ। ਐਪਰ ਦੂਜੀ ਗੱਲ ਸੱਚ ਨਹੀਂ ਹੈ ਕਿ ਹਨੇਰਾ ਜਾਵੇ ਤਾਂ ਦੀਵਾ ਜਗ ਜਾਵੇ। ਸੱਚ ਤਾਂ ਇਹ ਹੈ ਕਿ ਹਨੇਰਾ ਜਾ ਹੀ ਨਹੀਂ ਸਕਦਾ, ਤੁਸੀਂ ਸਿਰਫ ਭੁਲੇਖਾ ਪੈਦਾ ਕਰ ਸਕਦੇ ਹੋ ਕਿ ਹਨੇਰਾ ਚਲਿਆ ਗਿਆ। ਤਾਂ ਅਕਸਰ ਤੁਹਾਨੂੰ ਅਜੇਹਾ ਹੋ ਜਾਏਗਾ ਕਿ ਅਖੌਤੀ ਅਹਿੰਸਕਾਂ ਵਿਚ ਤੁਹਾਨੂੰ ਬੜੇ ਕਠੋਰ ਲੋਕ ਮਿਲ ਜਾਣਗੇ ਅਤੇ ਅਖੌਤੀ ਈਮਾਨਦਾਰ ਆਦਮੀਆਂ ਵਿਚ ਤੁਹਾਨੂੰ ਅਜੇਹੇ ਆਦਮੀ ਮਿਲ ਜਾਣਗੇ ਜਿਨ੍ਹਾਂ ਦੇ ਨਾਲ ਘੜੀ-ਭਰ ਗੁਜ਼ਾਰਨੀ ਅਸੰਭਵ ਹੋ ਜਾਵੇ। ਤੁਹਾਡੇ ਅਖੌਤੀ ਸੰਤਾਂ ਦੇ ਨਾਲ ਚੌਵੀ ਘੰਟੇ ਰਹਿ ਲਵੋ ਤਾਂ ਫਿਰ ਤੁਸੀਂ ਦੁਬਾਰਾ ਕਦੇ ਸੰਤਾਂ ਦਾ ਸਤਿਸੰਗ ਨਾ ਕਰੋਗੇ। ਬੜਾ ਹੰਕਾਰ ਦਾ ਜਨਮ ਹੁੰਦਾ ਹੈ। ਪ੍ਰੇਮ ਦਾ ਕਿਥੇ ਜਨਮ ਹੁੰਦਾ ਹੈ? ਉਲਟਿਆਂ ਹੰਕਾਰ ਦਾ ਜਨਮ ਹੁੰਦਾ ਹੈ। ਅਤੇ ਹੰਕਾਰ ਪ੍ਰੇਮ ਤੋਂ ਉਲਟੀ ਦਿਸ਼ਾ ਹੈ।

ਭਗਤ ਅੰਤਸ ਤੋਂ ਚਲਦਾ ਹੈ, ਆਚਰਣ ਨੂੰ ਬਦਲਦਾ ਹੈ। ਅਤੇ ਤੁਸੀਂ ਅਕਸਰ ਆਚਰਣ ਬਦਲ ਕੇ ਸੋਚਦੇ ਹੋ ਕਿ ਅੰਤਸ ਬਦਲ ਜਾਵੇ। ਨਹੀਂ, ਇਹ ਨਾ ਕਦੇ ਹੋਇਆ ਹੈ, ਨਾ ਹੋ ਸਕਦਾ ਹੈ। ਸੂਤਰ ਖਿਆਲ ਵਿਚ ਰਖੋ : ਅੰਦਰ ਤੋਂ ਬਾਹਰ ਦੀ ਤਰਫ ਬਦਲਾਅ ਹੁੰਦੇ ਹਨ, ਬਾਹਰ ਤੋਂ ਅੰਦਰ ਦੀ ਤਰਫ ਬਦਲਾਅ ਨਹੀਂ ਹੁੰਦੇ। ਜੇਕਰ ਤੁਹਾਡੇ ਅੰਦਰ ਅਨੰਦ ਹੋਵੇ ਤਾਂ ਤੁਹਾਡੇ ਆਚਰਣ ਵਿਚ ਵੀ ਅਨੰਦ ਦੀਆਂ ਕਿਰਨਾਂ ਫੁੱਟਣਗੀਆਂ। ਜੇਕਰ ਤੁਹਾਡੇ ਹਿਰਦੇ ਵਿਚ ਹਾਸਾ ਹੋਵੇ, ਤਾਂ ਬੁੱਲ੍ਹਾਂ ਤਕ ਵੀ ਚਲਿਆ ਜਾਇਗਾ। ਲੇਕਿਨ ਇਸ ਨਾਲੋਂ ਉਲਟਾ ਨਾ ਸੋਚਣਾ ਕਿ ਬੁੱਲ ਹਾਸੇ ਦੇ ਮਲੂਮ ਹੋਣ। ਬਿਲਕੁਲ ਕਾਰਟਰ ਵਰਗਾ ਹਾਸਾ ਹੋਵੇ, ਸਾਰੇ ਦੰਦ ਕਢ ਦਿਉ ਬਿਲਕੁਲ, ਤਾਂ ਵੀ ਜ਼ਰੂਰੀ ਨਹੀਂ ਕਿ ਹਿਰਦੇ ਵਿਚ ਕੋਈ ਹਾਸਾ ਹੋਵੇ।

ਤੁਸੀਂ ਕਦੇ ਹਸਪਤਾਲ ਵਿਚ ਜਾ ਕੇ ਖੋਪਰੀਆਂ ਦੇਖੀਆਂ ? ਸਭ ਖੋਪਰੀਆਂ ਹੱਸਦੀਆਂ ਮਲੂਮ ਹੁੰਦੀਆਂ ਹਨ। ਕਿਉਂਕਿ ਦੰਦ ਬਿਲਕੁਲ ਕਾਰਟਰ ਵਰਗੇ ਨਿਕਲੇ ਹੁੰਦੇ ਹਨ, ਸਾਫ। ਚਮੜੀ ਵਗੈਰਾ ਤਾਂ ਖੋ ਹੀ ਗਈ, ਹੁਣ ਚਮੜੀ ਵਗੈਰਾ ਤਾਂ ਬਚਦੀ ਹੀ ਨਹੀਂ। ਇਸਲਈ ਮੁਰਦੇ ਦੀ ਖੋਪਰੀ ਦੇਖ ਕੇ ਡਰ ਲਗਦਾ ਹੈ। ਕਿਉਂਕਿ ਮੁਰਦਾ ਅਤੇ ਹੱਸ ਰਿਹਾ ਹੈ, ਬਹੁਤ ਘਬਰਾਹਟ ਪੈਦਾ ਹੁੰਦੀ ਹੈ। ਸਭ ਮੁਰਦੇ ਹੱਸਦੇ ਹਨ, ਪਰ ਇਸ ਤੋਂ ਕੋਈ ਇਹ ਪਤਾ ਨਹੀਂ ਲਗਦਾ ਕਿ ਹਿਰਦੇ ਤੋਂ ਆ ਰਿਹਾ ਹੈ। ਹੁਣ ਹਿਰਦਾ ਹੈ ਹੀ ਨਹੀਂ। ...ਕਿ ਆਤਮਾ ਤੋਂ ਉਠ ਰਹੀ ਹੈ ਇਹ ਅਵਾਜ਼। ਹੁਣ ਕੋਈ ਆਤਮਾ ਵਗੈਰਾ ਹੈ ਵੀ ਨਹੀਂ। ਹੁਣ ਤਾਂ ਉਥੇ ਕੁਝ ਵੀ ਨਹੀਂ ਹੈ। ਮੁਰਦਾ ਹੁਣ ਤੁਹਾਡੇ ਉਤੇ ਹੱਸ ਰਿਹਾ ਹੈ ਅਤੇ ਆਪਣੇ ਉਤੇ ਹੱਸ ਰਿਹਾ ਹੈ, ਕਿ ਅਸੀਂ ਬੁੱਧੂ ਸੀ, ਅਤੇ ਤੁਸੀਂ ਬੁੱਧੂ ਹੋ।

ਲੇਕਿਨ ਲੋਕ ਉਪਰ ਤੋਂ ਚਿਪਕਾਉਣਾ ਸਿੱਖ ਗਏ ਹਨ। ਹਾਸਾ ਚਿਪਕਾ ਲੈਂਦੇ ਹਨ। ਕਰੁਣਾ ਚਿਪਕਾ ਲੈਂਦੇ ਹਨ। ਸਭ ਕਾਗਜ਼ੀ ਚੇਹਰੇ ਬਣਾ ਲੈਂਦੇ ਹਨ। ਲੋਕ ਨਾਟਕ ਕਰਨ ਵਿਚ ਕੁਸ਼ਲ ਹੋ ਗਏ ਹਨ। ਮੁਖੌਟੇ ਪਹਿਨੇ ਹੋਏ ਹਨ।

ਪ੍ਰੇਮ ਕੋ ਪ੍ਰਭਾਵ ਐਸੋ, ਪ੍ਰੇਮ ਤਹਾਂ ਨੇਮ ਕੈਸੋ।

ਇਸਲਈ ਭਗਤ ਨਿਯਮ ਜਾਣਦਾ ਹੀ ਨਹੀਂ। ਭਗਤੀ ਦੇ ਸ਼ਾਸਤਰ ਵਿਚ ਨਿਯਮਾਂ ਦਾ ਜ਼ਿਕਰ ਹੀ ਨਹੀਂ ਹੁੰਦਾ— ਕਿ ਤੁਸੀਂ ਇੰਜ ਕਰੋ, ਤੁਸੀਂ ਉਂਜ ਕਰੋ, ਤੁਸੀਂ ਇਉਂ ਨਾ ਕਰਨਾ, ਪਾਣੀ ਛਾਣ ਕੇ ਪੀਣਾ, ਰਾਤੀਂ ਖਾਣਾ ਨਾ ਖਾ ਲੈਣਾ। ਇਸ ਸਭ ਦੀ ਕੋਈ ਚਰਚਾ ਹੀ ਨਹੀਂ ਹੁੰਦੀ। ਇਸਲਈ ਭਗਤਾਂ ਨੂੰ ਜੇਕਰ ਤੁਸੀਂ ਤਪੱਸਵੀਆਂ ਕੋਲੋਂ ਜਾ ਕੇ ਪੁੱਛੋਗੇ ਤਾਂ ਉਹ ਕਹਿਣਗੇ ਸਭ ਭ੍ਰਿਸ਼ਟ। ਕਿਉਂਕਿ ਨਿਯਮ ਦੀ ਕੋਈ ਗੱਲ ਹੀ ਨਹੀਂ—ਬਸ, ਹਰਿ ਬੋਲੌ ਹਰਿ ਬੋਲ !... ਨਿਯਮ ਤਾਂ ਹੋਣਾ ਚਾਹੀਦਾ ਹੈ ! ਉਹਨਾਂ ਨੂੰ ਪਤਾ ਹੀ ਨਹੀਂ ਹੈ ਕਿ ਜਿਨ੍ਹਾਂ ਦੇ ਜੀਵਨ ਵਿਚ 'ਹਰਿ ਬੋਲੌ ਹਰਿ ਬੋਲ' ਦਾਖ਼ਲ ਹੋ ਗਿਆ, ਸਭ ਨਿਯਮ ਆਪਣੇ—ਆਪ ਪੂਰੇ ਹੋ ਜਾਂਦੇ ਹਨ। ਪਰਮ ਨਿਯਮ ਆ ਗਿਆ, ਤਾਂ ਬਾਕੀ ਸਭ ਨਿਯਮ ਆਪਣੇ—ਆਪ ਚਲੇ ਆਉਂਦੇ ਹਨ। ਮਾਲਕ ਆ ਗਿਆ ਤਾਂ ਬਾਕੀ ਸਭ ਗ਼ੁਲਾਮ ਹਨ। ਉਹ ਉਸਦੇ ਪਿਛੇ ਚਲੇ ਆਉਂਦੇ ਹਨ।

ਪ੍ਰੇਮ ਕੋ ਪ੍ਰਭਾਵ ਐਸੋ...। ਜਾਦੂ ਅਜੇਹਾ ਹੈ ਪ੍ਰੇਮ ਦਾ, ਉਸਦੀ ਪ੍ਰਭਾਵਨਾ ਅਜੇਹੀ ਹੈ।

ਪ੍ਰੇਮ ਤਹਾਂ ਨੇਮ ਕੈਸੋ।

ਸੁੰਦਰ ਕਹਤ ਯਹ ਪ੍ਰੇਮ ਹੀ ਕੀ ਬਾਤ ਹੈ।

ਸੁੰਦਰ ਕਹਿ ਰਹੇ ਹਨ ਕਿ ਜੋ ਮੈਂ ਕਹਿ ਰਿਹਾ ਹਾਂ, ਇਹ ਪ੍ਰੇਮ ਦੀ ਗੱਲ ਹੈ। ਤੁਸੀਂ ਇਸ ਵਿਚ ਨਿਯਮ ਭਾਲਣ ਨਾ ਲੱਗ ਜਾਣਾ। ਆਚਰਣ, ਸਾਧਨਾ ਆਦਿ ਦੇ ਚੱਕਰ ਵਿਚ ਨਾ ਪੈ ਜਾਣਾ। ਮੈਂ ਤਾਂ ਸਿਰਫ ਪ੍ਰੇਮ ਦੀ ਗੱਲ ਕਰ ਰਿਹਾ ਹਾਂ। ਮੈਂ ਪ੍ਰੇਮ ਤੋਂ ਪਾਇਆ। ਦਾਦੂ ਦੇ ਪ੍ਰੇਮ ਵਿਚ ਪਿਆ ਅਤੇ ਦਾਦੂ ਦੇ ਪ੍ਰੇਮ ਨੇ ਮੈਨੂੰ ਪਰਮਾਤਮਾ ਦੇ ਪ੍ਰੇਮ ਨਾਲ ਜੁੜਾ ਦਿਤਾ। ਅਤੇ ਮੈਂ ਪ੍ਰੇਮ ਕੀ ਪਾਇਆ ਕਿ ਸਭ ਪਾ ਲਿਆ। ਸਭ ਸੁਗੰਧ ਆਪਣੇ-ਆਪ ਆ ਗਈ।

ਪ੍ਰੇਮ-ਭੱਕਤਿ ਯਹ ਮੈਂ ਕਹੀ, ਜਾਨੈ ਬਿਰਲਾ ਕੋਇ।

ਹ੍ਰਿਦਯ ਕਲੁਸ਼ਤਾ ਕਿਓਂ ਰਹੇ, ਜਾ ਘਟ ਐਸੀ ਹੋਇ।।

ਜਿਥੇ ਪ੍ਰੇਮ ਵਾਪਰ ਜਾਵੇ ਉਥੇ ਕਾਲਖ ਬਚੇਗੀ ਕਿਥੇ? ਦੀਵਾ ਜਗ ਗਿਆ, ਹੁਣ ਹਨੇਰਾ ਬਚੇਗਾ ਕਿਥੇ?

ਮੈਂ ਸੁਣਿਆ ਹੈ, ਮੁੱਲਾ ਨਸਰੁਦੀਨ ਇਕ ਨਵਾਬ ਦੇ ਘਰ ਨੌਕਰ ਸੀ। ਅਤੇ ਨਵਾਬ ਨੇ ਉਸਨੂੰ ਕਿਹਾ... ਸਰਦ ਸਵੇਰ ਲਖਨਊ ਦੀ, ਨਵਾਬ ਦੀ ਉਠਣ ਦੀ ਇੱਛਿਆ ਨਹੀਂ ਹੋ ਰਹੀ... ਉਸਨੇ ਨਸਰੁੱਦੀਨ ਨੂੰ ਕਿਹਾ ਕਿ ਨਸਰੁੱਦੀਨ ਜ਼ਰਾ ਬਾਹਰ ਜਾ ਕੇ ਦੇਖ, ਸੂਰਜ ਨਿਕਲਿਆ ਕਿ ਨਹੀਂ? ਰਾਤ ਕਟੀ ਕਿ ਨਹੀਂ?

ਨਸਰੁੱਦੀਨ ਬਾਹਰ ਗਿਆ, ਮੁੜ ਕੇ ਆਇਆ ਅਤੇ ਉਹ ਆ ਕੇ ਛੇਤੀ ਨਾਲ ਲਾਲਟੇਨ ਜਗਾਉਣ ਲਗਿਆ। ਤਾਂ ਉਸ ਤੋਂ ਪੁਛਿਆ ਨਵਾਬ ਨੇ, ਕੀ ਕਰ ਰਿਹਾ ਹੈਂ? ਉਸਨੇ ਕਿਹਾ, ਮੈਂ ਬਾਹਰ ਗਿਆ, ਪਰ ਹਨੇਰਾ ਬਹੁਤ ਹੈ, ਸੂਰਜ ਦਿਖਾਈ ਨਹੀਂ ਪੈਂਦਾ। ਲਾਲਟੇਨ ਜਗਾ ਕੇ ਜਾ ਰਿਹਾ ਹਾਂ।

ਸੂਰਜ ਜੇਕਰ ਹੋਵੇ, ਤਾਂ ਲਾਲਟੇਨ ਜਗਾ ਕੇ ਨਹੀਂ ਦੇਖਣਾ ਪੈਂਦਾ। ਸੂਰਜ ਹੋਵੇ ਤਾਂ ਹਨੇਰਾ ਕਿਵੇਂ ਹੋ ਸਕਦਾ ਹੈ?... ਪ੍ਰੇਮ ਕੋ ਪ੍ਰਭਾਵ ਐਸੋ।

ਪ੍ਰੇਮ ਭੱਕਤਿ ਯਹ ਮੈਂ ਕਹੀ, ਜਾਨੈ ਬਿਰਲਾ ਕੋਇ।

ਬਹੁਤ ਵਿਰਲੇ ਲੋਕ ਇਸ ਪ੍ਰੇਮ-ਭਗਤੀ ਨੂੰ ਪਛਾਣਦੇ ਹਨ। ਇਹ ਇਸ ਜਗਤ ਦਾ ਸਭ ਤੋਂ ਮਹੱਤਵਪੂਰਨ ਰਹੱਸ ਹੈ। ਲੋਕ ਤਾਂ ਛੋਟੀਆਂ-ਛੋਟੀਆਂ ਗੱਲਾਂ ਵਿਚ ਪਏ ਹਨ— ਕੀ ਖਾਣਾ, ਕੀ ਪੀਣਾ, ਕਿਵੇਂ ਉਠਣਾ, ਕਿਵੇਂ ਬੈਠਣਾ, ਕਿਥੇ ਸੌਣਾ, ਕਿਥੇ ਨਹੀਂ ਸੌਣਾ। ਅਸਲੀ ਗੱਲ ਖੁੰਝੀ ਜਾ ਰਹੀ ਹੈ। ਇਸੇ ਨਿਗੂਣੇ ਵਿਚ ਉਲਝ ਕੇ ਸਾਰਾ ਜੀਵਨ ਬਤੀਤ ਹੋ ਜਾਂਦਾ ਹੈ। ਅਜੇਹੀ ਭੁੱਲ ਤੁਹਾਥੋਂ ਨਾ ਹੋਵੇ, ਅਜੇਹੀ ਭੁੱਲ ਵਿਚ ਨਾ ਪੈਣਾ। ਬਸ, ਪ੍ਰੇਮ ਕਰੋ।

ਹ੍ਰਿਦਯ ਕਲੁਸ਼ਤਾ ਕਿਓਂ ਰਹੇ, ਜਾ ਘਟ ਐਸੀ ਹੋਇ।।

ਸਤੱਯ ਸੁ ਦੋਇ ਪ੍ਰਕਾਰ, ਏਕ ਸਤੱਯ ਜੋ ਬੋਲਿਯੇ।

ਮਿੱਥਯਾ ਸਬ ਸੰਸਾਰ, ਦੂਸਰ ਸਤੱਯ ਸੁ ਬ੍ਰਹਮ ਹੈ।।

ਸੱਚ ਦੋ ਤਰ੍ਹਾਂ ਦੇ ਹੁੰਦੇ ਹਨ, ਉਹ ਕਹਿੰਦੇ ਹਨ। ਇਕ ਸੱਚ ਤਾਂ ਉਹ ਹੈ ਜੋ ਬੋਲਿਆ ਜਾਂਦਾ ਹੈ। ਉਹ ਸਿਰਫ ਨਿਗੂਣਾ ਹੈ, ਉਪਰ-ਉਪਰ ਹੈ। ਕਦੇ-ਕਦੇ ਤਾਂ ਅਜੇਹਾ ਵੀ ਹੋ ਸਕਦਾ ਹੈ ਕਿ ਤੁਸੀਂ ਸੱਚ ਬੋਲਦੇ ਹੀ ਇਸਲਈ ਹੋ ਕਿ

ਦੂਜੇ ਨੂੰ ਚੋਟ ਪਹੁੰਚੇ। ਸੱਚ ਤੁਸੀਂ ਬੋਲਦੇ ਹੀ ਇਸਲਈ ਹੋ ਕਿ ਦੂਜਾ ਫਸੇ। ਤੁਹਾਡਾ ਸੱਚ ਜ਼ਰੂਰੀ ਨਹੀਂ ਕਿ ਧਾਰਮਕ ਹੋਵੇ। ਤੁਹਾਡੇ ਸੱਚ ਦੇ ਪਿਛੇ ਬੜਾ ਅਧਰਮ ਛੁਪਿਆ ਹੋ ਸਕਦਾ ਹੈ। ਉਸ ਸੱਚ ਦਾ ਕੋਈ ਮੁੱਲ ਨਹੀਂ ਹੈ। ਅਸਲੀ ਸੱਚ ਦੂਜਾ ਹੈ। ਉਹ ਹੈ ਤੁਹਾਡੇ ਅੰਦਰ ਬ੍ਰਹਮ ਦਾ ਪ੍ਰਗਟਾਅ ਹੋਵੇ, ਫਿਰ ਗੱਲ ਹੋਰ ਹੈ। ਫਿਰ ਤੁਸੀਂ ਸੱਚ ਬੋਲੋਗੇ, ਲੇਕਿਨ ਉਹ ਸੱਚ ਤੁਹਾਡੇ ਅੰਦਰਲੇ ਅੰਦਰੋਂ ਆਏਗਾ। ਅਜੇ ਤਾਂ ਤੁਸੀਂ ਸੱਚ ਦੇ ਨਾਲ ਵੀ ਰਾਜਨੀਤੀ ਕਰੋਗੇ, ਕੂਟਨੀਤੀ ਕਰੋਗੇ, ਹਿਸਾਬ–ਕਿਤਾਬ ਬਿਠਾਉਗੇ।

ਤੁਸੀਂ ਕਦੇ ਖ਼ਿਆਲ ਕੀਤਾ, ਜੇਕਰ ਕਿਸੇ ਦੀ ਨਿੰਦਿਆ ਕਰਨੀ ਹੋਵੇ ਤਾਂ ਤੁਸੀਂ ਕੀ ਕਹਿੰਦੇ ਹੋ—ਬਈ ਅਸੀਂ ਤਾਂ ਸੱਚੋ–ਸੱਚ ਕਹਿ ਰਹੇ ਹਾਂ; ਜਿਵੇਂ ਹੈ, ਉਵੇਂ ਹੀ ਕਹਿ ਰਹੇ ਹਾਂ। ਮਜ਼ਾ ਨਿੰਦਿਆ ਦਾ ਲੈ ਰਹੇ ਹੋ, ਮਜ਼ਾ ਸੱਚ ਦਾ ਨਹੀਂ ਹੈ। ਮਜ਼ਾ ਤਾਂ ਇਸਦਾ ਹੈ ਕਿ ਕਿੰਨਾ ਨੀਵਾਂ ਇਕ ਆਦਮੀ ਨੂੰ ਸੁੱਟੋ। ਮਜ਼ਾ ਤਾਂ ਕਾਲਖ ਭਰਿਆ ਹੈ, ਪਰ ਬਹਾਨਾ ਸੱਚ ਦਾ ਹੈ।

ਇਕ ਹੋਰ ਸੱਚ ਹੈ ਜੋ ਬਾਹਰ ਨਾਲ ਜਿਸਦਾ ਕੋਈ ਸਬੰਧ ਨਹੀਂ। ਕਹਿਣ ਨਾਲ ਜਿਸਦਾ ਕੋਈ ਸਬੰਧ ਨਹੀਂ, ਹੋਣ ਨਾਲ ਜਿਸਦਾ ਸਬੰਧ ਹੈ। ਸੱਚ ਹੋ ਜਾਉ। ਫਿਰ ਸੱਚ ਆਪਣੇ–ਆਪ ਪਰਗਟ ਹੋਵੇਗਾ। ਫਿਰ ਉਹ ਜੋ ਵੀ ਰੂਪ ਲਵੇਗਾ ਉਹ ਠੀਕ ਹੀ ਹੋਣਗੇ। ਅਸਲੀ ਗੱਲ ਦੂਜੀ ਹੈ।

ਮਿਥਯਾ ਸਬ ਸੰਸਾਰ, ਦੂਸਰ ਸੱਤਯ ਸੁ ਬ੍ਰਹਮ ਹੈ।

ਉਸ ਦੂਜੇ ਸੱਚ ਉਤੇ ਖ਼ਿਆਲ ਰਖੋ, ਉਹ ਛੁਪਿਆ ਹੋਇਆ ਸੱਚ ਹੈ। ਉਹ ਪ੍ਰੇਮ ਨਾਲ ਹੀ ਪਰਗਟ ਹੁੰਦਾ ਹੈ।

ਸੁੰਦਰ ਦੇਖਾ ਸੋਧਿਕੈ, ਸਬ ਕਾਹੂ ਕਾ ਗਿਆਨ।

ਸੁੰਦਰ ਕਹਿੰਦੇ ਹਨ, ਮੈਂ ਸਭ ਤਰ੍ਹਾਂ ਦੇ ਗਿਆਨ ਪਰਖ ਛੱਡੇ, ਸੋਧ ਕੇ ਦੇਖ ਛੱਡੇ। ਸ਼ਾਸਤਰਾਂ ਵਿਚ ਗਿਆ, ਪੰਡਤਾਂ ਦੇ ਕੋਲ ਬੈਠਾ। ਸੱਤ ਸਾਲ ਦਾ ਬੱਚਾ ਸੀ, ਜਦ ਸੰਨਿਆਸੀ ਹੋਇਆ। ਤਾਂ ਦਾਦੂ ਨੇ ਉਸਨੂੰ ਭੇਜ ਦਿਤਾ ਕਾਸ਼ੀ ਕਿ ਤੂੰ ਖ਼ੂਬ ਪੜ੍ਹ, ਸੰਸਕ੍ਰਿਤ ਪੜ੍ਹ, ਸ਼ਾਸਤਰ ਪੜ੍ਹ, ਗਿਆਨੀਆਂ ਦੇ ਕੋਲ ਬੈਠ। ਅਠਾਰਾਂ ਸਾਲ ਸੁੰਦਰ ਕਾਸ਼ੀ ਵਿਚ ਅਧਿਐਨ ਕਰਦੇ ਰਹੇ। ਲੇਕਿਨ ਸਭ ਸ਼ਾਸਤਰਾਂ ਦੇ ਅਧਿਐਨ ਦੇ ਬਾਅਦ ਪਾਇਆ ਕਿ ਜੋ ਦਾਦੂ ਦੇ ਕੋਲ ਸੀ ਉਹ ਕਾਸ਼ੀ ਵਿਚ ਨਹੀਂ ਹੈ। ਭੇਜਿਆ ਹੀ ਇਸਲਈ ਸੀ ਦਾਦੂ ਨੇ, ਕਿਉਂਕਿ ਛੋਟਾ ਬੱਚਾ ਹੈ, ਅਜੇ ਦੇਖ ਹੀ ਲਵੇ ਠੀਕ ਤਰ੍ਹਾਂ ਕਿ ਅਸਲੀ ਚੀਜ਼ ਕਿਥੇ ਹੈ, ਗਿਆਨ ਵਿਚ ਹੈ ਜਾਂ ਪ੍ਰੇਮ ਵਿਚ ਹੈ?

ਤਾਂ ਬੜੇ ਪੰਡਤਾਂ ਦੇ ਕੋਲੋਂ ਪੰਡਤ ਹੋ ਕੇ ਮੁੜਿਆ। ਪਰ ਆਉਣਾ ਪਿਆ ਵਾਪਸ ਦਾਦੂ ਦੇ ਕੋਲ।

ਸੁੰਦਰ ਦੇਖਾ ਸੋਧਿਕੈ, ਸਬ ਕਾਹੂ ਕਾ ਗਿਆਨ।
ਕੋਈ ਮਨ ਮਾਨੈ ਨਹੀਂ ਬਿਨਾ ਨਿਰੰਜਨ ਧਿਆਨ।।

ਦਾਦੂ ਨੂੰ ਦੇਖ ਲਿਆ ਹੋਵੇ ਤਾਂ ਫਿਰ ਕੋਈ ਸ਼ਾਸਤਰ ਮਨ ਨੂੰ ਭਰਮਾ ਨਹੀਂ ਸਕਦਾ, ਨਾ ਕੋਈ ਪੰਡਤਾਈ ਕੰਮ ਆ ਸਕਦੀ ਹੈ। ਫਿਰ ਕਿੰਨੀਆਂ ਹੀ ਗੱਲਾਂ ਸੁੰਦਰ ਹੋਣ, ਸਭ ਲੱਫ਼ਾਜ਼ੀ ਹੈ।

ਕੋਈ ਮਨ ਮਾਨੈ ਨਹੀਂ...। ਮਨ ਵਿਚ ਕੋਈ ਰਮਦਾ ਨਹੀਂ, ਜੰਮਦਾ ਨਹੀ। ਭੇਜਿਆ ਹੀ ਇਸਲਈ ਸੀ ਤਾਂ ਜੋ ਦਾਦੂ ਨੂੰ ਠੀਕ–ਠੀਕ ਸਮਝ ਲਵੇ ਸੁੰਦਰ, ਠੀਕ–ਠੀਕ ਪਛਾਣ ਲਵੇ। ਵਿਅਰਥ ਨੂੰ ਦੇਖ ਲਵੇ ਤਾਂ ਸਾਰਥਕ ਨੂੰ ਪਛਾਣਨ ਵਿਚ ਅਸਾਨੀ ਹੋ ਜਾਂਦੀ ਹੈ। ਵਿਅਰਥ ਨੂੰ ਨਾ ਪਛਾਣੋ ਤਾਂ ਸਾਰਥਕ ਨੂੰ ਕਿਵੇਂ ਪਛਾਣੋਗੇ?

ਕੋਈ ਮਨ ਮਾਨੈ ਨਹੀਂ, ਬਿਨਾਂ ਨਿਰੰਜਨ ਧਿਆਨ।

ਗਿਆਨ ਨਾਲ ਕੁਝ ਨਹੀਂ ਮਿਲਦਾ। ਗਿਆਨ ਕੂੜ–ਕਬਾੜ ਹੈ, ਉਧਾਰਾ ਹੈ, ਬਾਸਾ ਹੈ, ਪਰਾਇਆ ਹੈ। ਧਿਆਨ ਨਾਲ ਮਿਲਦਾ ਹੈ। ਧਿਆਨ ਆਪਣਾ ਹੈ, ਨਿੱਜ ਦਾ ਹੈ। ਅਤੇ ਭਗਤੀ ਦੇ ਰਾਹ 'ਤੇ ਧਿਆਨ ਦਾ ਅਰਥ ਹੈ, ਪ੍ਰੇਮ ਦੀ ਦਸ਼ਾ—ਹਰਿ ਬੋਲੌ ਹਰਿ ਬੋਲ।

ਸ਼ਟ ਦਰਸ਼ਨ ਹਮ ਖੋਜਿਯਾ, ਯੋਗੀ ਜੰਗਮ ਸ਼ੇਖ।

ਆ ਗਏ ਕਾਸ਼ੀ ਤੋਂ ਮੁੜ ਕੇ ਦਾਦੂ ਦੇ ਕੋਲ, ਪਰ ਦਾਦੂ ਨੇ ਕਿਹਾ ਅਜੇ ਹੋਰ ਖੋਜ। ਕਾਸ਼ੀ ਨਿੱਬੜ ਗਿਆ, ਹੁਣ ਠੀਕ ਹੈ; ਹੁਣ ਜਾਹ ਯੋਗੀਆਂ ਦੇ ਕੋਲ ਬੈਠ। ਬੜੇ ਪ੍ਰਸਿੱਧ ਸ਼ੇਖ ਹਨ, ਉਹਨਾਂ ਕੋਲ ਬੈਠ।

ਸੰਨਿਆਸੀ ਅਰੁ ਸੇਵੜਾ...। ਸੇਵੜਾ ਕਹਿੰਦੇ ਹਨ ਜੈਨ ਸੰਨਿਆਸੀ ਨੂੰ, ਜੈਨ ਸਾਧੂ ਨੂੰ। ਸੰਨਿਆਸੀ ਅਰੁ ਸੇਵੜਾ, ਪੰਡਿਤ ਭਕਤਾ ਭੇਖ। ਜਾਹ ਸਭ ਤਰ੍ਹਾਂ ਦੇ ਭੇਖ ਵਾਲਿਆਂ ਦੇ ਕੋਲ ਬੈਠ। ਸਭ ਵਿਚ ਤਲਾਸ਼, ਟੋਹ ਲੈ।

ਹੁਣ ਸੇਵੜਾ ਜੋ ਹੈ, ਜੈਨ ਸੰਨਿਆਸੀ ਜੋ ਹੈ, ਉਹ ਤਾਂ ਬਿਲਕੁਲ ਆਚਰਣ ਨਾਲ ਹੀ ਜੀਂਦਾ ਹੈ। ਉਹ ਤਾਂ ਨਿਯਮ ਨਾਲ ਹੀ ਜੀਂਦਾ ਹੈ। ਪ੍ਰੇਮ ਦੀ ਤਾਂ ਉਥੇ ਕੋਈ ਗੱਲ ਹੀ ਨਹੀਂ। ਪ੍ਰੇਮ ਸ਼ਬਦ ਨਾਲ ਤਾਂ ਉਥੇ ਘਬਰਾਹਟ ਪੈਦਾ ਹੋ ਜਾਂਦੀ ਹੈ। ਪ੍ਰੇਮ ਨਹੀਂ—ਨੇਮ, ਨਿਯਮ। ਇੰਜ ਉਠੋ, ਇੰਜ ਬੈਠੋ, ਇੰਜ ਕਰੋ, ਇੰਜ ਤੁਰੋ—ਹਰ ਚੀਜ਼ ਦਾ ਨਿਯਮ। ਜੈਨ ਸ਼ਾਸਤਰਾਂ ਨੂੰ ਦੇਖੋ ਤਾਂ ਨਿਯਮਾਂ ਹੀ ਨਿਯਮਾਂ ਨਾਲ ਭਰੇ ਹਨ। ਅਜੇਹਾ ਲਗਦਾ ਹੈ ਜਿਵੇਂ ਕਿ ਕੋਈ ਕਾਨੂੰਨਦਾਨ ਲੋਕਾਂ ਨੇ ਇਹ ਕਿਤਾਬਾਂ ਲਿਖੀਆਂ ਹੋਣ। ਜਿਵੇਂ ਕਾਨੂੰਨ ਦੀਆਂ ਕਿਤਾਬਾਂ ਹੁੰਦੀਆਂ ਹਨ—ਨਿਯਮ, ਅਤੇ ਨਿਯਮ, ਅਤੇ ਉਸ ਵਿਚੋਂ ਉਪਨਿਯਮ, ਅਤੇ ਸਭ ਤਰ੍ਹਾਂ ਦਾ ਇੰਤਜ਼ਾਮ ਕਰ ਦੇਣਾ ਹੈ—ਕੋਈ ਨਿਕਲ ਨਾ ਜਾਵੇ! ਪਰ ਨਿਕਲਣ ਵਾਲੇ ਬਚਦੇ ਹਨ ਕਿਤੇ ਇਉਂ! ਫਿਰ ਵਕੀਲ ਕਿਸਲਈ ਹਨ? ਵਕੀਲ ਦੱਸ ਦਿੰਦੇ ਹਨ ਕਿ ਇਹ ਤਰਕੀਬ ਹੈ ਇਸ ਵਿਚੋਂ ਨਿਕਲਣ ਦੀ।

ਦਿੱਲੀ ਵਿਚ ਕਾਨੂੰਨ ਬਣ ਵੀ ਨਹੀਂ ਪਾਂਦਾ ਕਿ ਵਕੀਲ ਤਰਕੀਬਾਂ ਕਢ ਲੈਂਦੇ ਹਨ। ਕਾਨੂੰਨ ਬਣ ਹੀ ਰਿਹਾ ਹੈ, ਕਿ ਤਰਕੀਬਾਂ ਕਢ ਲਈਆਂ ਜਾਂਦੀਆਂ ਹਨ। ਉਹ ਕਹਿੰਦਾ ਹੈ ਕਿ ਘਬਰਾਉ ਨਾ। ਕੁਝ ਨਾ ਕੁਝ ਛੇਕ ਹਰ ਜਗ੍ਹਾ ਰਹਿ ਜਾਂਦੇ ਹਨ। ਆਦਮੀ ਦੀ ਬਣਾਈ ਹੋਈ ਚੀਜ਼ ਪੂਰਨ ਤਾਂ ਹੋ ਨਹੀਂ ਸਕਦੀ। ਰਾਹ ਨਿਕਲ ਹੀ ਆਏਗਾ। ਜ਼ਰਾ ਉਲਟਾ–ਸਿੱਧਾ ਜਾਣਾ ਪਏਗਾ, ਟੇਢਾ–ਵਿੰਗਾ ਚੱਲਣਾ ਪਏਗਾ, ਰਾਹ ਤਾਂ ਨਿਕਲ ਹੀ ਆਏਗਾ। ਜਿਵੇਂ ਵਕੀਲ ਰਾਹ ਕਢ ਲੈਂਦੇ ਹਨ, ਇਵੇਂ ਪੰਡਤ ਰਾਹ ਸ਼ਾਸਤਰਾਂ ਵਿਚੋਂ ਦੀ ਕਢ ਲੈਂਦੇ ਹਨ।

....ਭੇਜਿਆ। ਰਾਜਸਥਾਨ ਤਾਂ... ਸੇਵੜਿਆਂ ਦਾ ਕਾਫੀ ਪ੍ਰਭਾਵ ਰਿਹਾ ਹੈ ਰਾਜਸਥਾਨ ਵਿਚ। ਤਾਂ ਭੇਜਿਆ ਸੁੰਦਰ

ਨੂੰ ਕਿ ਜਾਹ ਸੇਵੜਿਆਂ ਦੇ ਕੋਲ ਬੈਠ। ਸੇਵੜਾ ਕਿਉਂ ਆਖਦੇ ਹਨ? ਕਿਉਂਕਿ ਜੈਨੀ ਰਾਜਸਥਾਨ ਵਿਚ ਜਦ ਜਾਂਦੇ ਹਨ ਸਾਧੂ ਨੂੰ ਮਿਲਣ ਤਾਂ ਉਹ ਕਹਿੰਦੇ ਹਨ ਕਿ ਸੇਵਾ ਕਰਨ ਜਾ ਰਹੇ ਹਾਂ। ਜਿਸਦੀ ਸੇਵਾ ਕਰਨ ਜਾਣਾ ਪੈਂਦਾ ਹੈ, ਉਹ ਸੇਵੜਾ। ਸਾਧੂ ਮਹਾਰਾਜ ਆਏ, ਉਹਨਾਂ ਦੀ ਸੇਵਾ ਕਰਨ ਜਾ ਰਹੇ ਹਾਂ।

ਸ਼ਟ ਦਰਸਨ ਹਮ ਖੋਜਿਯਾ, ਯੋਗੀ ਜੰਗਮ ਸ਼ੇਖ।
ਸੰਨਿਆਸੀ ਅਰੁ ਸੇਵੜਾ, ਪੰਡਿਤ ਭੱਕਤਾ ਭੇਖ।।

ਸਭ ਤਰ੍ਹਾਂ ਦੇ ਭੇਖ ਵਾਲਿਆਂ ਦੇ ਕੋਲ ਜਾਹ ਸੁੰਦਰ! ਬੈਠ, ਸਮਝ! ਵਿਅਰਥ ਨੂੰ ਠੀਕ ਤਰ੍ਹਾਂ ਪਛਾਣ ਲੈ। ਫਿਰ ਮੁੜ ਆਵੀਂ। ਤਾਂ ਤੇਰੀ ਅੱਖ ਫਿਰ ਹੀਰੇ ਤੋਂ ਨਹੀਂ ਖੁੰਝੇਗੀ। ਤੂੰ ਹੀਰੇ ਨੂੰ ਦੇਖ ਲਵੇਂਗਾ।

ਤੇ ਭੱਕਤ ਨਾ ਭਾਵੇਂ, ਦੂਰਿ ਬਤਾਵੇਂ, ਤੀਰਥ ਜਾਵੇਂ, ਫਿਰਿ ਆਵੇਂ।

ਤਾਂ ਸੁੰਦਰ ਗਏ ਸਭ ਜਗ੍ਹਾ। ਜਿਥੇ–ਜਿਥੇ ਭੇਜਿਆ ਉਥੇ–ਉਥੇ ਗਏ। ਫਿਰ–ਫਿਰ ਮੁੜ ਆਏ।

ਤੇ ਭੱਕਤ ਨਾ ਭਾਵੇਂ, ਦੂਰਿ ਬਤਾਵੇਂ, ਤੀਰਥ ਜਾਵੇਂ, ਫਿਰਿ ਆਵੇਂ।
ਜੀ ਕ੍ਰਿਤ੍ਰਿਮ ਗਾਵੇਂ, ਪੂਜਾ ਲਾਵੇਂ, ਝੂਠ ਦਿੜ੍ਹਾਵੇਂ, ਬਹਿਕਾਵੇਂ।
ਅਰੁਮਾਲਾ ਨਾਂਵੇਂ, ਤਿਲਕ ਬਨਾਵੇਂ, ਕਿਓਂ ਪਾਵੇਂ ਗੁਰੂ ਬਿਨ ਗੈਲਾ।
ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ।।

ਇਹ ਸਭ ਖੇਲ ਦੀ ਤਰ੍ਹਾਂ ਸੁੰਦਰ ਨੇ ਲਿਆ। ਇਹ ਸਭ ਜਾਣਾ–ਆਉਣਾ, ਠੀਕ। ਗੁਰੂ ਕਹਿੰਦਾ ਹੈ ਤਾਂ ਜਾਉ। ਛੇਤੀ ਹੀ ਦਿਖਾਈ ਪੈਣ ਲੱਗੇਗਾ ਕਿ ਸਭ ਖੇਡ ਹੈ, ਮਰਜ਼ੀ ਗੁਰੂ ਦੀ ਕੁਝ ਹੋਰ ਹੈ। ਗੁਰੂ ਜੋ ਦਿਖਾਉਣਾ ਚਾਹੁੰਦਾ ਹੈ ਕਿ ਦੇਖ, ਤੈਨੂੰ ਕੌਣ ਮਿਲ ਗਿਆ ਹੈ! ਕੰਕਰਾਂ–ਪੱਥਰਾਂ ਵਿਚ ਭੇਜਦਾ ਹੈ ਤਾਂ ਜੋ ਹੀਰੇ ਦੀ ਪਛਾਣ ਆਵੇ। ਹਨੇਰੇ ਵਿਚ ਭੇਜਦਾ ਹੈ ਤਾਂ ਜੋ ਰੋਸ਼ਨੀ ਦੀ ਪਛਾਣ ਆਵੇ। ਨਿਯਮਾਂ ਦੇ ਜਗਤ ਵਿਚ ਭੇਜਦਾ ਹੈ ਤਾਂ ਜੋ ਪ੍ਰੇਮ ਦੀ ਸਮਝ ਆਵੇ।

ਇਹ ਬਚਨ ਸਮਝੋ–ਤੇ ਭੱਕਤ ਨਾ ਭਾਵੇਂ, ਦੂਰਿ ਬਤਾਵੇਂ...।

ਸੁੰਦਰ ਆਖਦੇ ਹਨ, ਉਹ ਆਦਮੀ ਜਿਹੜਾ ਕਹਿੰਦਾ ਹੈ ਪਰਮਾਤਮਾ ਦੂਰ ਹੈ, ਸਾਨੂੰ ਨਹੀਂ ਭਾਉਂਦਾ, ਕਿਉਂਕਿ ਅਸੀਂ ਉਸਨੂੰ ਬਹੁਤ ਨੇੜੇ ਤੋਂ ਵੀ ਨੇੜੇ ਦੇਖਿਆ। ਅਸੀਂ ਦਾਦੂ ਵਿਚ ਝਾਕਿਆ ਅਤੇ ਨੇੜੇ ਤੋਂ ਵੀ ਨੇੜੇ ਦੇਖਿਆ।... ਤੇ ਭੱਕਤ ਨਾ ਭਾਵੇਂ...। ਤਾਂ ਜਿਹੜਾ ਭਗਤ ਇਹ ਕਹਿੰਦਾ ਹੈ ਕਿ ਦੂਰ ਹੈ ਪਰਮਾਤਮਾ, ਬਹੁਤ ਦੂਰ ਹੈ, ਕਠਨ ਹੈ, ਦੁਰਗਮ ਹੈ, ਪਾਣਾ ਮੁਸ਼ਕਲ ਹੈ, ਖੰਡੇ ਦੀ ਧਾਰ ਹੈ.... ਇਹ ਗੱਲਾਂ ਸਾਨੂੰ ਨਹੀਂ ਜਚਦੀਆਂ, ਕਿਉਂਕਿ ਅਸੀਂ ਪ੍ਰੇਮ ਦਾ ਰਾਹ ਦੇਖਿਆ ਹੈ, ਜੋ ਫੁੱਲਾਂ ਦਾ ਰਾਹ ਹੈ। ਕਿਥੋਂ ਦੀ ਖੰਡੇ ਦੀ ਧਾਰ? ਅਤੇ ਦੂਰ ਪਰਮਾਤਮਾ ਨਹੀਂ ਹੈ। ਨੇੜੇ ਤੋਂ ਵੀ ਨੇੜੇ ਹੈ, ਝੁਕਣ ਦੀ ਤਿਆਰੀ ਚਾਹੀਦੀ ਹੈ। ਹੱਥ ਵਧਾਉ,ਉਸਦਾ ਹੱਥ ਤੁਹਾਡੇ ਹੱਥ ਵਿਚ ਆਉਣ ਨੂੰ ਤਤਪਰ ਹੈ।

ਤੇ ਭੱਕਤ ਨਾ ਭਾਵੇਂ, ਦੂਰਿ ਬਤਾਵੇਂ...।

ਜਿਥੇ ਵੀ ਦੂਰੀ ਦੱਸੀ ਜਾ ਰਹੀ ਹੈ, ਸਮਝ ਲੈਣਾ ਬੇਈਮਾਨੀ ਹੈ। ਦੂਰੀ ਉਥੇ ਹੀ ਦੱਸੀ ਜਾਂਦੀ ਹੈ ਜਿਥੇ ਆਦਮੀ ਨੂੰ

ਪਤਾ ਨਹੀਂ ਹੈ। ਫਿਰ ਪਤਾ ਨਾ ਹੋਵੇ ਤਾਂ ਬਚਣ ਦਾ ਇਕ ਹੀ ਉਪਾਅ ਹੈ ਕਿ ਦੂਰ ਹੈ, ਬਹੁਤ ਦੂਰ ਹੈ।

ਖ਼ਲੀਨ ਜਿਬ੍ਰਾਨ ਦੀ ਇਕ ਕਹਾਣੀ ਹੈ। ਇਕ ਆਦਮੀ ਪਿੰਡ-ਪਿੰਡ ਘੁੰਮਦਾ ਸੀ। ਉਹ ਵੱਡਾ ਸੰਨਿਆਸੀ ਸੀ ਅਤੇ ਵੱਡਾ ਦਾਰਸ਼ਨਿਕ। ਅਤੇ ਲੋਕਾਂ ਨੂੰ ਸਮਝਾਉਂਦਾ ਸੀ ਕਿ ਆਉ ਮੇਰੇ ਨਾਲ ਜਿਸਨੇ ਵੀ ਪਰਮਾਤਮਾ ਤਕ ਚੱਲਣਾ ਹੈ। ਪਰ ਰਾਹ ਬੜਾ ਕਠਨ ਹੈ। ਰਾਹ ਇੰਨਾ ਕਠਨ ਹੈ ਕਿ ਵਿਰਲੇ ਹੀ ਪਹੁੰਚ ਪਾਂਦੇ ਹਨ। ਬੁਲਾਂਦਾ ਸੀ ਕਿ ਆਉ ਮੇਰੇ ਨਾਲ, ਪਰਮਾਤਮਾ ਦੀ ਤਰਫ ਚੱਲੋ। ਫਿਰ ਰਾਹ ਦੀ ਕਠਨਾਈ ਇੰਨੀ ਦੱਸਦਾ ਕਿ ਲੋਕ ਸੋਚਦੇ, ਇਹ ਤਾਂ ਝੰਜਟ ਦੀ ਗੱਲ ਹੈ, ਇੰਨੀ ਕਠਨਾਈ! ਤਾਂ ਲੋਕ ਆਖਦੇ ਕਿ ਠੀਕ, ਤੁਸੀਂ ਠੀਕ ਕਹਿੰਦੇ ਹੋ। ਜ਼ਰੂਰ ਹੋਵੇਗਾ; ਪਰ ਇੰਨਾ ਕਠਨ ਹੈ, ਸਾਡੇ ਵੱਸ ਦੇ ਬਾਹਰ ਹੈ।

ਉਹ ਕਠਨਾਈ ਇਸੇਲਈ ਦੱਸੀ ਜਾਂਦੀ ਹੈ, ਕਿਉਂਕਿ ਤੁਹਾਡੇ ਵੱਸ ਦੇ ਬਾਹਰ ਦੱਸਣਾ ਜ਼ਰੂਰੀ ਹੈ। ਨਹੀਂ ਤਾਂ ਛੇਤੀ ਹੀ ਤੁਸੀਂ ਪਛਾਣ ਲਉਗੇ ਕਿ ਉਹ ਦਾਅਵੇਦਾਰ ਝੂਠਾ ਹੈ। ਤੁਹਾਨੂੰ ਜੇਕਰ ਪਰਮਾਤਮਾ ਦੀ ਥੋੜ੍ਹੀ ਝਲਕ ਮਿਲ ਜਾਵੇ, ਤਾਂ ਫਿਰ ਤੁਹਾਨੂੰ ਕੋਈ ਝੂਠਾ ਦਾਅਵੇਦਾਰ ਧੋਖਾ ਨਹੀਂ ਦੇ ਸਕਦਾ।

ਸੋ ਉਸ ਦਾਰਸ਼ਨਿਕ ਦੀ ਵਾਹਵਾ ਪ੍ਰਸੰਸਾ ਵਧਦੀ ਜਾਂਦੀ ਸੀ, ਯਸ਼ ਵਧਦਾ ਜਾਂਦਾ ਸੀ, ਹਜ਼ਾਰਾਂ ਲੋਕ ਉਸਨੂੰ ਸੁਣਦੇ ਸਨ। ਇਕ ਪਿੰਡ ਵਿਚ ਇਕ ਝੱਖੀ ਆਦਮੀ ਸੀ, ਪਾਗਲ-ਜਿਹਾ ਆਦਮੀ ਸੀ। ਉਹ ਖੜ੍ਹਾ ਹੋ ਗਿਆ। ਉਸਨੇ ਕਿਹਾ, ਚੰਗੀ ਗੱਲ, ਕਿੰਨਾ ਹੀ ਕਠਨ ਹੈ, ਜਦ ਤੂੰ ਚਲਿਆ ਗਿਆ ਤਾਂ ਅਸੀਂ ਵੀ ਚਲੇ ਜਾਵਾਂਗੇ। ਤਾਂ ਅਸੀਂ ਤੇਰੇ ਪਿਛੇ ਚਲਦੇ ਹਾਂ। ਮੈਨੂੰ ਸ਼ਿਸ਼ ਬਣਾ।

ਦਾਰਸ਼ਨਿਕ ਥੋੜ੍ਹਾ-ਕੁ ਡਰਿਆ ਕਿ ਇਹ ਝੰਜਟ ਦੀ ਗੱਲ ਹੈ। ਦਾਰਸ਼ਨਿਕ ਸ਼ਿੱਸ਼ ਬਣਾਉਣ ਵਿਚ ਡਰਦੇ ਹਨ, ਕਿਉਂਕਿ ਸ਼ਿੱਸ਼ ਅੱਜ ਨਹੀਂ ਕਲ੍ਹ ਕਸੌਟੀ ਬਣ ਜਾਏਗਾ। ਅੱਜ ਨਹੀਂ ਕਲ੍ਹ ਸ਼ਿਸ਼ ਪੁਛੇਗਾ, ਬਹੁਤ ਦਿਨ ਹੋ ਗਏ, ਅਜੇ ਤਕ ਦਰਸ਼ਨ ਨਹੀਂ ਹੋਏ; ਤੁਸੀਂ ਜੋ ਕਹਿੰਦੇ ਹੋ, ਮੈਂ ਸਭ ਕਰ ਰਿਹਾ ਹਾਂ, ਅਜੇ ਤਕ ਦਰਸ਼ਨ ਨਹੀਂ ਹੋਏ। ਸ਼ਿਸ਼ ਝੰਜਟ ਦੀ ਗੱਲ ਹੈ। ਸ਼ਿਸ਼ ਨੂੰ ਬਣਾਉਣ ਦਾ ਮਤਲਬ ਹੀ ਇਹ ਹੈ ਕਿ ਅੱਜ ਨਹੀਂ ਕਲ੍ਹ ਸ਼ਿਸ਼ ਉਤੇ ਹੀ ਤੁਹਾਡਾ ਨਿਰਨਾ ਟੰਗਿਆ ਜਾਏਗਾ।

ਦਾਰਸ਼ਨਿਕ ਨੇ ਸੋਚਿਆ ਕਿ ਭਟਕਾਵਾਂਗਾ, ਇਸਨੂੰ ਖ਼ੂਬ ਭਟਕਾਵਾਂਗਾ, ਖ਼ੂਬ ਚੱਕਰ ਲਗਵਾਂਵਾਂਗਾ, ਖ਼ੂਬ ਉਲਟੇ-ਸਿੱਧੇ ਰਾਹ ਤੋਰਾਂਗਾ, ਥੱਕ ਜਾਏਗਾ, ਰਾਹ 'ਤੇ ਅਕਲ ਆ ਜਾਏਗੀ, ਵਾਪਸ ਮੁੜ ਆਏਗਾ। ਪਰ ਉਹ ਆਦਮੀ ਵੀ ਜ਼ਿੱਦੀ ਸੀ। ਆਦਮੀ ਵਰਗਾ ਆਦਮੀ ਸੀ। ਉਸਨੇ ਕਿਹਾ ਕਿ ਠੀਕ ਹੈ ਲਗਵਾ ਚੱਕਰ। ਜੋ ਗੁਰੂ ਕਹੇ ਉਹ ਕਰੇ, ਅਤੇ ਜਿਥੇ ਗੁਰੂ ਜਾਵੇ ਉਥੇ-ਈ ਜਾਵੇ। ਕਹਾਣੀ ਕਹਿੰਦੀ ਹੈ ਕਿ ਚਲਦੇ-ਚਲਦੇ, ਚਲਦੇ-ਚਲਦੇ, ਚਲਦੇ-ਚਲਦੇ ਛੇ ਸਾਲ ਬੀਤ ਗਏ। ਅਤੇ ਉਹ ਵਾਰ-ਵਾਰ ਪੁਛੇ ਕਿ ਹੋਰ ਕਿੰਨੀ ਦੂਰ? ਉਹ ਤਾਂ ਥੱਕੇ ਹੀ ਨਹੀਂ। ਝੱਖੀ ਆਦਮੀ, ਉਹ ਕਾਹਤੋਂ ਥੱਕੇ! ਉਹ ਕਹੇ, ਕਿੰਨੀ ਦੂਰ? ਲੇਕਿਨ ਗੁਰੂ ਥੱਕਣ ਲੱਗਿਆ, ਕਿਉਂਕਿ ਇਸਦੇ ਕਾਰਨ

ਝੰਜਟ ਖੜ੍ਹੀ ਹੋ ਗਈ। ਜ਼ਿੰਦਗੀ ਮਜ਼ੇ ਨਾਲ ਚੱਲ ਰਹੀ ਸੀ, ਹੁਣ ਇਹ ਇਕ ਝੰਜਟ ਖੜ੍ਹੀ ਕਰ ਲਈ ਪਿਛੇ। ਛੇ ਸਾਲ ਬੀਤਦੇ-ਬੀਤਦੇ ਇਕ ਦਿਨ ਗੁਰੂ ਨੇ ਆਪਣਾ ਮੱਥਾ ਪਿੱਟ ਲਿਆ ਅਤੇ ਕਿਹਾ ਕਿ ਮੈਨੂੰ ਉਸਦਾ ਰਾਹ ਪਤਾ ਸੀ, ਪਰ ਤੇਰੇ ਸਤਿਸੰਗ ਵਿਚ ਉਸਦਾ ਰਾਹ ਖੋ ਗਿਆ। ਤੂੰ ਮੈਨੂੰ ਮਾਫ ਕਰ, ਤੂੰ ਮੇਰਾ ਖਹਿੜਾ ਛੱਡ।

ਸਮਝਾਉਣ ਵਾਲੇ ਤੁਹਾਨੂੰ ਸਮਝਾਈ ਚਲੇ ਜਾਂਦੇ ਹਨ ਕਿ ਬਹੁਤ ਦੂਰ ਹੈ, ਇੰਨੀ ਦੂਰ ਹੈ ਕਿ ਅਸੀਂ ਹੀ ਬਾਮੁਸ਼ਕਲ ਪਹੁੰਚੇ ਹਾਂ। ਤੁਸੀਂ ਕੀ ਪਹੁੰਚ ਪਾਉਗੇ? ਤੁਹਾਡੀ ਕੀ ਹਸਤੀ? ਤੁਸੀਂ ਹੋ ਕਿਸ ਖੇਤ ਦੀ ਮੂਲੀ? ਉਹ ਤੁਹਾਨੂੰ ਇਹ ਸਮਝਾਉਂਦੇ ਹਨ। ਇਸ ਸਮਝਾਉਣ ਤੋਂ ਤੁਸੀਂ ਕਹਿੰਦੇ ਹੋ ਕਿ ਬਈ ਮਾਮਲਾ ਇੰਨਾ ਕਠਨ ਹੈ, ਝੰਜਟ ਵਿਚ ਪੈਣਾ...। ਉਂਜ ਹੀ ਜ਼ਿੰਦਗੀ ਕਠਨਾਈ ਵਿਚ ਗੁਜ਼ਰ ਰਹੀ ਹੈ। ਇੰਜ ਹੀ ਤਾਂ ਕਿਸੇ ਤਰ੍ਹਾਂ ਪਾਰ ਨਹੀਂ ਪਾ ਰਹੇ ਹਾਂ, ਹੋਰ ਇਹ ਝੰਜਟ ਕਿਥੇ ਲੈਣੀ! ਸੋ ਠੀਕ ਆਖਦੇ ਹੋ, ਮਹਾਰਾਜ! ਹੁਣ ਅਗਲੇ ਜਨਮ ਵਿਚ ਦੇਖਾਂਗੇ। ਜਦ ਸਹੂਲਤ ਹੋਵੇਗੀ, ਤਦ ਦੇਖਾਂਗੇ। ਅਜੇ ਤਾਂ ਮੌਕਾ ਨਹੀਂ ਹੈ।

ਨਾ ਤੁਸੀਂ ਪਿਛੇ ਚਲਦੇ ਹੋ, ਨਾ ਕਦੇ ਗੁਰੂਆਂ ਦੀ ਕਸੌਟੀ ਹੁੰਦੀ ਹੈ।

ਤੇ ਭੱਕਤ ਨਾ ਭਾਵੈਂ, ਦੂਰਿ ਬਤਾਵੈਂ...।

ਦਾਦੂ ਦੇ ਕੋਲ ਬੈਠ ਕੇ ਸੁੰਦਰ ਨੇ ਸੁਣਿਆ ਸੀ। ਸੁਣਿਆ ਨਹੀਂ-ਦੇਖਿਆ, ਜਾਣਿਆਂ, ਪਛਾਣਿਆਂ, ਅਨੁਭਵ ਕੀਤਾ ਸੀ। ਛੋਹ ਲੱਗੀ ਸੀ ਕਿ ਇੰਨਾ ਨੇੜੇ ਹੈ-ਨੇੜੇ ਤੋਂ ਵੀ ਨੇੜੇ ਹੈ। ਤੁਹਾਡਾ ਹਿਰਦਾ ਵੀ ਉਂਨਾ ਨੇੜੇ ਨਹੀਂ ਜਿੰਨਾ ਪਰਮਾਤਮਾ ਨੇੜੇ ਹੈ। ਦੂਰੀ ਕਿਥੇ, ਦੂਰੀ ਕੇਹੀ? ਅਸੀਂ ਉਸੇ ਵਿਚ ਪੈਦਾ ਹੁੰਦੇ ਹਾਂ, ਉਸੇ ਵਿਚ ਜੀਂਦੇ ਹਾਂ, ਉਸੇ ਵਿਚ ਇਕ ਦਿਨ ਅਲੋਪ ਹੋ ਜਾਂਦੇ ਹਾਂ। ਉਹ ਸਾਡੇ ਪ੍ਰਾਣਾਂ ਦਾ ਪ੍ਰਾਣ ਹੈ।

ਸੋ ਇਹ ਗੱਲਾਂ ਜਚਦੀਆਂ ਨਹੀਂ...ਤੀਰਥ ਜਾਵੈਂ, ਫਿਰਿ ਆਵੈਂ... ਤਾਂ ਭੇਜਦੇ ਹਨ ਗੁਰੂ ਤਾਂ ਚਲਿਆ ਜਾਂਦਾ ਹੈ। ਹੁਣ ਗੁਰੂ ਦੀ ਆਗਿਆ ਹੈ ਕਿ ਜਾਹ, ਕੁੰਭ ਦਾ ਮੇਲਾ ਹੋ ਰਿਹਾ ਹੈ, ਕਰ ਆ। ਹੁਣ ਉਥੇ ਦੇਖਦੇ ਹਾਂ ਸਭ ਤਰ੍ਹਾਂ ਦਾ ਪਖੰਡ, ਸਭ ਤਰ੍ਹਾਂ ਦੀਆਂ ਵਿਅਰਥਤਾਵਾਂ ਅਤੇ ਮੂੜ੍ਹਤਾਵਾਂ। ਫਿਰ-ਫਿਰ ਮੁੜ ਕੇ ਆ ਜਾਂਦਾ ਹੈ।

ਗੁਰੂ ਮਿਲ ਗਿਆ ਤਾਂ ਤੀਰਥ ਮਿਲ ਗਿਆ। ਹੁਣ ਹੋਰ ਕਿਥੇ ਤੀਰਥ ਹੈ? ਹੁਣ ਕਿਥੇ ਕਾਅਬਾ, ਕਿਥੇ ਕਾਸ਼ੀ?

ਜੀ ਕ੍ਰਿਤ੍ਰਿਮ ਗਾਵੈਂ...।

ਜਗ੍ਹਾ-ਜਗ੍ਹਾ ਜਾ ਕੇ ਦੇਖਿਆ। ਜਿਸਨੇ ਦਾਦੂ ਨੂੰ ਗਾਉਂਦਿਆਂ ਸੁਣ ਲਿਆ ਸੀ, ਹੁਣ ਹੋਰ ਕਿਸੇ ਦਾ ਗੀਤ ਉਸਨੂੰ ਸਮਝ ਵਿਚ ਨਹੀਂ ਆਏਗਾ। ਕ੍ਰਿਤ੍ਰਿਮ ਗਾਵੈਂ...। ਗਾ ਰਹੇ ਹਨ। ਨਾ ਗੀਤ ਆਪਣਾ ਹੈ, ਨਾ ਗੀਤ ਵਿਚ ਪ੍ਰਾਣ ਹਨ, ਨਾ ਗੀਤ ਵਿਚ ਜੀਵਨ ਹੈ। ਸ਼ਬਦ ਸਭ ਉਧਾਰੇ ਅਤੇ ਬਾਸੇ ਹਨ। ਬੁੱਲ੍ਹਾਂ-ਬੁੱਲ੍ਹਾਂ ਉਤੇ ਹਨ। ਹਿਰਦਾ ਕਦੇ ਛੋਂਹਦਾ ਵੀ ਨਹੀਂ ਉਹਨਾਂ ਨਾਲ। ਨਾ ਖ਼ੁਦ ਦਾ ਛੋਂਹਦਾ ਹੈ, ਨਾ ਦੂਜੇ ਦਾ ਛੋਂਹਦਾ ਹੈ।

ਜਿਸਨੇ ਦਾਦੂ ਨੂੰ ਗਾਉਂਦਿਆਂ ਦੇਖਿਆ ਹੋਵੇ... ਅਤੇ ਦਾਦੂ ਕੋਈ ਗਾਇਕ ਥੋੜ੍ਹਾ-ਈ ਹਨ-ਫੱਕਰ ਫ਼ਕੀਰ! ਪਰ ਜੋ ਸ਼ਬਦਾਂ ਵਿਚ ਧਾਰ ਹੈ, ਕਿਉਂਕਿ ਸ਼ਬਦਾਂ ਦੇ ਪਿਛੇ ਖੜ੍ਹਾ ਹੋਇਆ ਇਕ ਅਨੁਭਵ ਹੈ! ਸ਼ਬਦਾਂ ਦਾ ਚਮਕਦਾ

ਲਿਸ਼ਕਾਰਾ ਹੈ। ਸ਼ਬਦਾਂ ਨੂੰ ਵੀ ਸੁਣੋ ਤਾਂ ਥੋੜ੍ਹੀ ਨਿਰਸ਼ਬਦ ਦੀ ਝਲਕ ਆ ਜਾਂਦੀ ਹੈ।

ਜਿਸਨੇ ਮੀਰਾ ਨੂੰ ਨੱਚਦੇ ਦੇਖਿਆ ਹੈ, ਫਿਰ ਕਿਹੜਾ ਨਾਚ ਉਸਨੂੰ ਸੁਹਾਏਗਾ! ਅਤੇ ਅਜੇਹਾ ਨਹੀਂ ਹੈ ਕਿ ਮੀਰਾ ਕੋਈ ਨਿਰਤਕੀ ਹੈ। ਨਾ ਕਿਸੇ ਵਿਦਿਆਪੀਠ ਵਿਚ ਸਿੱਖਣ ਗਈ, ਨਾ ਕਿਸੇ ਉਸਤਾਦ ਦੇ ਕੋਲ ਬੈਠੀ। ਮਸਤੀ ਨਾਲ ਨੱਚ ਰਹੀ ਹੈ, ਕੋਈ ਬੋਧ ਨਾਲ ਨੱਚ ਰਹੀ ਹੈ—ਨੱਚਣ ਦੀ ਜਾਣਕਾਰੀ ਨਾਲ ਨਹੀਂ। ਜਿਸਨੇ ਮੀਰਾ ਨੂੰ ਨੱਚਦੇ ਦੇਖਿਆ, ਫਿਰ ਸਭ ਨਾਚ ਫਿੱਕੇ ਪੈ ਜਾਣਗੇ।

ਦੇਖਿਆ ਹੋਵੇਗਾ ਦਾਦੂ ਨੂੰ ਕਦੇ ਮਸਤ ਹੋ ਕੇ ਗਾਉਂਦੇ—ਠੋਕ ਕੇ ਖੰਜਰੀ, ਆਪਣੇ ਟੁੱਟੇ-ਟੁੱਟੇ ਸ਼ਬਦਾਂ ਵਿਚ, ਜਗਾਉਂਦਿਆਂ ਲੋਕਾਂ ਨੂੰ, ਯਾਦ ਦਿਵਾਉਂਦਿਆਂ ਲੋਕਾਂ ਨੂੰ। ਬੈਠ ਕੇ ਦਾਦੂ ਦੀ ਲਹਿਰ ਨੂੰ ਅਨੁਭਵ ਕੀਤਾ ਹੋਵੇਗਾ! ਦਾਦੂ ਦੀ ਹਵਾ ਵਿਚ ਜੀਵਿਆ ਸੀ। ਛੋਟਾ ਸੀ, ਤਦ ਤੋਂ ਜੀਵਿਆ ਸੀ। ਸੱਤ ਸਾਲ ਦਾ ਸੀ, ਤਦ ਤੋਂ ਦਾਅ ਲਾ ਦਿਤਾ ਸੀ।

ਜੀ ਕ੍ਰਿਤ੍ਰਿਮ ਗਾਵੈਂ, ਪੂਜਾ ਲਾਵੈਂ...।

ਸੋ ਦੇਖਦੇ ਹਾਂ ਕਿ ਪੂਜਾ ਵੀ ਲਾਉਂਦੇ ਹੋ, ਐਪਰ ਪੂਜਾ ਲਾਉਣ ਵਾਲਾ ਕਿਥੇ ਹੈ? ਮੌਜੂਦ ਕਿਥੇ ਹੈ? ਉਂਜ ਹੀ ਚਲੇ ਆਉਂਦੇ ਹਨ ਮੁਰਦੇ ਦੀ ਤਰ੍ਹਾਂ, ਪੂਜਾ ਵੀ ਲਾ ਦਿੰਦੇ ਹਨ। ਦੇਖਿਆ ਹੋਵੇਗਾ ਦਾਦੂ ਨੂੰ ਨੱਚਦੇ ਮੰਦਰ ਵਿਚ। ਦੇਖਿਆ ਹੋਵੇਗਾ ਦਾਦੂ ਨੂੰ ਪੂਜਾ ਲਾਉਂਦਿਆਂ। ਜਿਸਨੇ ਰਾਮਕ੍ਰਿਸ਼ਨ ਨੂੰ ਭੋਗ ਲਾਉਂਦਿਆਂ ਦੇਖ ਲਿਆ, ਫਿਰ ਸਭ ਭੋਗ ਫਿੱਕੇ ਪੈ ਜਾਣਗੇ, ਫਿਰ ਸਭ ਪੁਜਾਰੀ ਫਿੱਕੇ ਪੈ ਜਾਣਗੇ।

ਰਾਮਕ੍ਰਿਸ਼ਨ ਦਾ ਭੋਗ ਲਾਉਣਾ ਅਜੇਹਾ ਸੀ ਕਿ ਪਹਿਲਾਂ ਆਪ ਨੂੰ ਲਾਉਂਦੇ। ਮੰਦਰ ਵਿਚ ਖੜ੍ਹੇ ਹਨ ਥਾਲੀ ਸਜਾ ਕੇ ਅਤੇ ਚਖ਼ ਰਹੇ ਹਨ। ਮਾਮਲਾ ਚੱਲਿਆ ਸੀ। ਮੰਦਰ ਦੇ ਟ੍ਰਸੱਟੀਆਂ ਨੇ ਕਿਹਾ ਕਿ ਇਹ ਗੱਲ ਤਾਂ ਗ਼ਲਤ ਹੈ। ਕਦੇ ਕਿਸੇ ਸ਼ਾਸਤਰ ਵਿਚ ਲਿਖਿਆ ਹੈ ਕਿ ਪਹਿਲਾਂ ਭੋਗ ਖ਼ੁਦ ਨੂੰ ਲਾਵੋ? ਫਿਰ ਜੂਠਾ ਭੋਗ ਭਗਵਾਨ ਨੂੰ ਖੁਆਵੇ? ਸਭ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਪਹਿਲਾਂ ਭਗਵਾਨ ਨੂੰ ਭੋਗ ਲਾਉ, ਫਿਰ ਤੁਸੀਂ ਲਾ ਸਕਦੇ ਹੋ ਖ਼ੁਦ ਨੂੰ। ਰਾਮਕ੍ਰਿਸ਼ਨ ਨੇ ਕਿਹਾ, ਤਾਂ ਰਖੋ ਤੁਹਾਡੇ ਸ਼ਾਸਤਰ, ਅਤੇ ਇਹ ਰਹੀ ਤੁਹਾਡੀ ਨੌਕਰੀ। ਜਦ ਮੇਰੀ ਮਾਂ ਮੈਨੂੰ ਖੁਆਉਂਦੀ ਸੀ ਤਾਂ ਪਹਿਲਾਂ ਖ਼ੁਦ ਚਖਦੀ ਸੀ। ਮੈਂ ਉਸ ਕੋਲੋਂ ਸਿੱਖਿਆ ਹਾਂ। ਇਹ ਸ਼ਾਸਤਰ ਦਾ ਸਵਾਲ ਨਹੀਂ—ਇਹ ਪ੍ਰੇਮ ਦਾ ਸਵਾਲ ਹੈ।

ਪ੍ਰੇਮ ਕੋ ਪ੍ਰਭਾਵ ਐਸੋ, ਪ੍ਰੇਮ ਤਹਾਂ ਨੇਮ ਕੈਸੋ।

ਮੇਰੀ ਮਾਂ ਚਖ਼ਦੀ ਸੀ ਪਹਿਲਾਂ ਕਿ ਹੈ ਵੀ ਸੁਆਦੀ ਕਿ ਨਹੀਂ? ਬੇਟੇ ਨੂੰ ਦੇਵਾਂ ਕਿ ਨਾ ਦੇਵਾਂ। ਤਾਂ ਕੀ ਮੈਂ ਉਸ ਤੋਂ ਵੀ ਗਿਆ-ਬੀਤਿਆ ਹਾਂ ਕਿ ਬਿਨਾਂ ਚਖ਼ੇ ਅਤੇ ਭੋਗ ਲਾ ਦੇਵਾਂ? ਅਤੇ ਭੋਗ ਹੋਵੇ, ਜਿਸ ਵਿਚ ਸੁਆਦ ਵੀ ਨਾ ਹੋਵੇ? ਇਹ ਨਹੀਂ ਹੋਵੇਗਾ।

ਹੁਣ ਇਹ ਕੋਈ ਪੂਜਾ ਹੈ? ਤੁਸੀਂ ਵੀ ਸੋਚੋਗੇ ਕਿ ਇਹ ਤਾਂ ਗੱਲ ਗੜਬੜ ਹੋ ਗਈ। ਇਹ ਕੇਹੀ ਪੂਜਾ! ਲੇਕਿਨ,

ਜੇਕਰ ਤੁਸੀਂ ਰਾਮਕ੍ਰਿਸ਼ਨ ਨੂੰ ਭੋਗ ਲਾਉਂਦਿਆਂ ਦੇਖ ਲਿਆ, ਫਿਰ ਸਾਰੇ ਮੰਦਰ ਫਿੱਕੇ ਪੈ ਜਾਣਗੇ। ਕਿਉਂਕਿ ਉਥੇ ਤੁਸੀਂ ਇਕ ਲਪਟ ਪਾਉਗੇ। ਇਕ ਅਨੰਦ-ਭਾਵ ਪਾਉਗੇ। ਪ੍ਰੇਮ ਦੀ ਧਾਰਾ ਵਗਦੀ ਹੋਈ ਪਾਉਗੇ।

ਫਿਰ ਰਾਮਕ੍ਰਿਸ਼ਨ ਕਦੇ-ਕਦੇ ਪੂਜਾ ਕਰਦੇ ਤਾਂ ਦਿਨ-ਭਰ ਪੂਜਾ ਚਲਦੀ। ਸਵੇਰੇ ਸ਼ੁਰੂ ਹੁੰਦੀ, ਰਾਤ ਹੋਣ ਨੂੰ ਆ ਗਈ; ਦੇਖਣ ਆਏ ਸੀ ਸਵੇਰੇ, ਉਹ ਲੋਕ ਚਲੇ ਗਏ; ਦੁਪਹਿਰੇ ਆਏ, ਉਹ ਚਲੇ ਗਏ; ਸ਼ਾਮੀਂ ਆਏ, ਉਹ ਚਲੇ ਗਏ-ਚੱਲ ਹੀ ਰਹੀ ਹੈ ਪੂਜਾ। ਆਖ਼ਰ ਟ੍ਰਸਟੀਆਂ ਨੇ ਕਿਹਾ ਕਿ ਬਈ ਤੂੰ ਹੋਸ਼ ਵਿਚ ਹੈਂ ਕਿ ਬੇਹੋਸ਼? ਕੋਈ ਨਿਯਮ ਹੁੰਦਾ ਹੈ ਹਰ ਚੀਜ਼ ਦਾ। ਅਤੇ ਕਦੇ ਅਜੇਹਾ ਹੁੰਦਾ ਕਿ ਦੋ-ਚਾਰ ਦਿਨ ਜਿੰਦਰਾ ਮਾਰ ਦਿੰਦੇ ਅਤੇ ਮੰਦਰ ਵਿਚ ਪੂਜਾ ਨਾ ਹੁੰਦੀ, ਟੱਲ ਵੀ ਨਾ ਵੱਜਦਾ।

ਤਾਂ ਰਾਮਕ੍ਰਿਸ਼ਨ ਨੇ ਕਿਹਾ ਕਿ ਜਦ ਮੌਜ ਹੁੰਦੀ ਹੈ, ਜਦ ਮੇਰੇ ਅੰਦਰ ਤੋਂ ਆਉਂਦੀ ਹੈ, ਤਦ ਕਰਦਾ ਹਾਂ। ਅਤੇ ਜਦ ਮੇਰੀ ਮੌਜ ਨਹੀਂ ਹੁੰਦੀ ਤਾਂ ਮੈਂ ਜੜ ਦਿੰਦਾ ਜਿੰਦਰਾ ਕਿ ਹੁਣ ਰਹਿ ਅੰਦਰ। ਹੁਣ ਹੋ ਗਈ ਪੂਜਾ ਬਹੁਤ। ਹੁਣ ਪਿਆ ਰਹਿ ਉਥੇ। ਲੇਕਿਨ ਜੋ ਵੀ ਹੁੰਦਾ ਹੈ ਹਿਰਦੇ ਤੋਂ ਹੁੰਦਾ ਹੈ। ਹਿਰਦੇ ਤੋਂ ਹੀ ਹੋਵੇ ਤਾਂ ਹੀ ਸੱਚਾਈ ਹੈ।

...ਪੂਜਾ ਲਾਵੈਂ, ਭੂਠ ਦਿੜਾਵੈਂ, ਬਹਿਕਾਵੈਂ।

ਭਗਵਾਨ ਤਕ ਨੂੰ ਧੋਖਾ ਦੇ ਰਹੇ ਹਨ ਲੋਕ! ਬੰਦਿਆਂ ਦੀ ਤਾਂ ਗੱਲ ਛੱਡੋ, ਤੁਸੀਂ ਜਦ ਮੰਦਰ ਪੂਜਾ ਚੜ੍ਹਾਉਣ ਗਏ ਹੋ, ਤੁਹਾਡੇ ਹਿਰਦੇ ਵਿਚ ਚੜ੍ਹਾਉਣ ਦਾ ਕੋਈ ਭਾਵ ਸੀ? ਤੁਸੀਂ ਸੱਚ ਵਿਚ ਆਪਣਾ ਹਿਰਦਾ ਚੜ੍ਹਾਇਆ ਸੀ? ਉਹਨਾਂ ਫੁੱਲਾਂ ਦੇ ਨਾਲ ਤੁਹਾਡਾ ਵੀ ਕੁਝ ਚੜ੍ਹਿਆ ਸੀ, ਕਿ ਬਸ ਉਂਜ ਹੀ ਇਕ ਰਸਮ ਪੂਰੀ ਕਰ ਆਏ ਸੀ? ਕਿਸਨੂੰ ਧੋਖਾ ਦੇ ਰਹੇ ਹੋ? ਘਟੋ-ਘਟ ਉਸਨੂੰ ਤਾਂ ਧੋਖਾ ਨਾ ਦਿਉ।

...ਅਰੁ ਮਾਲਾ ਨਾਵੈਂ।

ਅਤੇ ਲੋਕ ਹਨ ਕਿ ਮਾਲਾ ਫੇਰ ਰਹੇ ਹਨ। ਅਤੇ ਭੇਜ ਦਿੰਦੇ ਹਨ ਦਾਦੂ ਉਹਨਾਂ ਨੂੰ ਕਿ ਜਾਹ। ਲੋਕ ਮਾਲਾ ਫੇਰ ਰਹੇ ਹਨ ਅਤੇ ਅੰਦਰ ਸੰਸਾਰ ਫਿਰ ਰਿਹਾ ਹੈ।

...ਤਿਲਕ ਬਣਾਵੈਂ...।

ਅਤੇ ਲੋਕ ਤਿਲਕ ਬਣਾ ਰਹੇ ਹਨ। ਅਤੇ ਉਹ ਤਿਲਕ ਉਹੋ-ਜਿਹਾ ਹੀ ਹੈ ਜਿਵੇਂ ਇਸਤ੍ਰੀਆਂ ਆਪਣੇ ਸੁਹੱਪਣ ਦਾ ਸ਼ਿੰਗਾਰ ਸਾਧਨ ਕਰ ਰਹੀਆਂ ਹਨ, ਜਿਸ ਵਿਚ ਕੋਈ ਮੁੱਲ ਨਹੀਂ ਹੈ। ਹੰਕਾਰ ਹੈ, ਪਦਵੀ-ਪ੍ਰਸਿੱਧੀ ਹੈ, ਆਕੜ ਹੈ।

...ਕਿਓਂ ਪਾਵੈਂ ਗੁਰੁ ਬਿਨੁ ਗੈਲਾ।

ਜਗ੍ਹਾ-ਜਗ੍ਹਾ ਜਾ ਕੇ ਇਕ ਗੱਲ ਲੱਗੀ ਸਾਫ ਸੁੰਦਰ ਨੂੰ ਕਿ ਬਿਨਾਂ ਗੁਰੂ ਦੇ ਗੈਲ ਨਹੀਂ ਮਿਲਦੀ। ਇਹ ਸਭ ਬਿਨਾਂ ਗੁਰੂ ਦੇ ਚੱਲ ਰਹੇ ਹਨ। ਇਹੀ ਇਹਨਾਂ ਦੀ ਅੜਿੱਚਣ ਹੈ। ਸ਼ਾਸਤਰ ਵੀ ਪੜ੍ਹ ਲੈਂਦੇ ਹਨ, ਐਪਰ ਸ਼ਾਸਤਾ ਕਿਥੇ ਹੈ ਜੋ ਸ਼ਾਸਤਰ ਵਿਚ ਅਰਥ ਪਾਵੇ? ਪੂਜਾ ਵੀ ਕਰ ਲੈਂਦੇ ਹਨ, ਪਰ ਕਿਸੇ ਪਿਆਰੇ ਨਾਲ ਮਿਲਾਪ ਨਹੀਂ ਹੋਇਆ ਹੈ, ਜੋ ਪੂਜਾ ਨੂੰ ਜੀਵਨ-ਭਰਪੂਰ ਬਣਾਵੇ। ਮਾਲਾ ਵੀ ਫੇਰ ਲੈਂਦੇ ਹਨ, ਪਰ ਕਿਸੇ ਅਜੇਹੇ ਆਦਮੀ ਨਾਲ ਮਿਲਣਾ ਨਹੀਂ

ਹੋਇਆ ਹੈ, ਜਿਸਦੀ ਸੁਆਸ ਵਿਚ 'ਹਰਿ ਬੋਲੌ ਹਰਿ ਬੋਲ' ਦੀ ਮਾਲਾ ਫਿਰ ਰਹੀ ਹੋਵੇ।

...ਕਿਓਂ ਪਾਵੈਂ ਗੁਰੁ ਬਿਨੁ ਗੈਲਾ।

ਗੈਲਾ ਸ਼ਬਦ ਦੇ ਦੋ ਅਰਥ ਹਨ। ਇਕ ਅਰਥ ਤਾਂ ਹੁੰਦਾ ਹੈ—ਰਾਹ, ਗੈਲ। ਅਤੇ ਇਕ ਅਰਥ ਹੁੰਦਾ ਹੈ, ਮੂੜ੍ਹ। ਦੋਵੇਂ ਹੀ ਅਰਥ ਸਾਰਥਕ ਹਨ ਇਥੇ। ਕਿਉਂ ਪਾਵੈਂ ਗੁਰੂ ਬਿਨ ਗੈਲਾ। ਇਹ ਮੂੜ੍ਹ ਬਿਨਾਂ ਗੁਰੂ ਦੇ ਨਹੀਂ ਪਾ ਸਕਣਗੇ। ਜਾਂ ਬਿਨਾਂ ਗੁਰੂ ਦੇ ਕੋਈ ਰਾਹ ਨਹੀਂ ਮਿਲਦਾ।

ਅਸਲ ਵਿਚ ਰਾਹ ਤਾਂ ਉਸ ਤੋਂ ਹੀ ਮਿਲ ਸਕਦਾ ਹੈ, ਜਿਸਨੂੰ ਮਿਲ ਗਿਆ ਹੋਵੇ। ਜੋ ਪਹੁੰਚ ਗਿਆ, ਜੋ ਸਿਖਰ 'ਤੇ ਚੜ੍ਹ ਗਿਆ, ਉਸਦੀ ਹੀ ਪੁਕਾਰ ਤੁਹਾਡੇ ਹਨੇਰ-ਭਰੇ ਜੰਗਲਾਂ ਤੋਂ ਤੁਹਾਨੂੰ ਬਾਹਰ ਲਿਆ ਸਕੇਗੀ।

ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ।

ਤਾਂ ਗਏ। ਤੇ ਭੱਕਤ ਨਾ ਭਾਵੈਂ, ਦੂਰਿ ਬਤਾਵੈਂ, ਤੀਰਥ ਜਾਵੈਂ, ਫਿਰਿ ਆਵੈਂ। ਤਾਂ ਮੁੜ-ਮੁੜ ਆਉਂਦੇ। ਫਿਰ ਉਥੇ-ਈ ਆ ਜਾਂਦੇ। ਸੁਆਦ ਲੱਗ ਗਿਆ ਗੁਰੂ ਦਾ। ਦਾਦੂ ਕਾ ਚੇਲਾ! ਗੁਰੂ ਮਿਲ ਗਿਆ। ਸ਼ਿਸ਼ਤਵ ਦਾ ਅਨੁਭਵ ਹੋ ਗਿਆ। ਭਰਮ ਪਛੇਲਾ। ਸਾਰੇ ਭਰਮ ਤੋੜ ਸੁੱਟੇ ਗੁਰੂ ਨੇ। ਇਹਨਾਂ ਹੀ ਭਰਮਾਂ ਨੂੰ ਤੋੜਨ ਦੇ ਲਈ ਜਗ੍ਹਾ-ਜਗ੍ਹਾ ਭੇਜਿਆ। ਅਠਾਰਾਂ ਸਾਲ ਕਾਸ਼ੀ ਰਹਿਣ ਨੂੰ ਕਿਹਾ। ਸੁੰਦਰ ਨਿਆਰਾ ਹ੍ਵੈ ਖੇਲਾ। ਅਤੇ ਹੌਲੀ-ਹੌਲੀ ਸੁੰਦਰ ਨੂੰ ਸਭ ਸਮਝ ਵਿਚ ਆ ਗਿਆ ਕਿ ਬਾਕੀ ਸਭ ਸੰਸਾਰ ਗੁਰੂ ਦੇ ਬਿਨਾਂ ਨਾਟਕ ਹੈ। ਖੇਡੋ ਖ਼ੂਬ! ਜਾਣ ਕੇ ਖੇਡੋ, ਗਵਾਹ-ਭਾਵ ਨਾਲ ਖੇਡੋ। ਸੁੰਦਰ ਨਿਆਰਾ ਹ੍ਵੈ ਖੇਲਾ। ਇਕ ਗੱਲ ਜਾਣ ਲਵੋ ਕਿ ਤੁਸੀਂ ਨਿਆਰੇ ਹੋ, ਭਿੰਨ ਹੋ, ਜੁਦਾ ਹੋ। ਬਸ ਉਨੀ ਗੱਲ ਤੁਹਾਡੀ ਸਮਝ ਵਿਚ ਆ ਜਾਵੇ ਕਿ ਸਭ ਸਮਝ ਵਿਚ ਆ ਗਿਆ। ਗਵਾਹ ਆ ਗਿਆ ਤਾਂ ਸਭ ਸਮਝ ਵਿਚ ਆ ਗਿਆ।

ਇਸ ਜਗਤ ਨੂੰ ਭੋਗਤਾ ਵਾਂਗ ਨਾ ਜੀਵੋ, ਕਰਤਾ ਵਾਂਗ ਨਾ ਜੀਵੋ, ਦ੍ਰਿਸ਼ਟਾ ਦੀ ਤਰ੍ਹਾਂ ਜੀਵੋ। ਅਤੇ ਪ੍ਰੇਮ ਨਾਲ ਇਹ ਚਮਤਕਾਰ ਵਾਪਰਦਾ ਹੈ ਕਿ ਤੁਸੀਂ ਦ੍ਰਿਸ਼ਟਾ ਹੋ ਜਾਂਦੇ ਹੋ।

ਪ੍ਰੇਮ ਕੇ ਪ੍ਰਭਾਵ ਐਸੋ, ਪ੍ਰੇਮ ਤਹਾਂ ਨੇਮ ਕੈਸੋ
ਸੁੰਦਰ ਕਹਤ ਯਹ ਪ੍ਰੇਮ ਹੀ ਕੀ ਬਾਤ ਹੈ।

ਅੱਜ ਇੰਨਾ ਹੀ।

2

ਸੰਸਾਰ ਅਰਥਾਤ ਮੂਰਛਾ

ਗਿਆਨੀ ਪਰਮਾਤਮਾ ਨੂੰ ਪਰਮ ਨਿਯਮ ਕਹਿੰਦੇ ਹਨ, ਅਤੇ ਕਹਿੰਦੇ ਹਨ ਕਿ ਇਹ ਨਿਯਮ ਬੜਾ ਹੀ ਨਿਆਂਪੂਰਨ ਅਤੇ ਕਠੋਰ ਹੈ। ਦੂਜੇ ਪਾਸੇ ਭਗਤ ਪਰਮਾਤਮਾ ਨੂੰ ਪਰਮ–ਪ੍ਰੇਮ ਕਹਿੰਦੇ ਹਨ ਅਤੇ ਪਰਮ ਕਿਰਪਾਲੂ। ਇਸ ਬੁਨਿਆਦੀ ਦ੍ਰਿਸ਼ਟੀ–ਭੇਤ ਉੱਤੇ ਕੁਝ ਕਹਿਣ ਦੀ ਕਿਰਪਾ ਕਰੋ।

ਕਹਿੰਦੇ ਹਨ ਕਿ ਖੇਡ ਦੇ ਵੀ ਨਿਯਮ ਹੁੰਦੇ ਹਨ। ਫਿਰ ਇਹ ਕੇਹਾ ਕਿ ਪ੍ਰੇਮ ਵਿਚ ਕੋਈ ਨਿਯਮ ਨਾ ਹੋਵੇ?

ਓਸ਼ੋ, ਪ੍ਰੇਮ ਸਵੀਕਾਰ ਨਾ ਹੋਵੇ ਤਾਂ...?

ਸੰਸਾਰ ਵਿਚ ਅਸਫਲਤਾ ਲਾਜ਼ਮੀ ਕਿਉਂ ਹੈ?

ਮੈਂ ਮਹਾਂਪਾਪੀ ਹਾਂ, ਮੈਨੂੰ ਉਭਾਰੋ!

ਪਹਿਲਾ ਸਵਾਲ : ਗਿਆਨੀ ਪਰਮਾਤਮਾ ਨੂੰ ਪਰਮ ਨਿਯਮ ਕਹਿੰਦੇ ਹਨ, ਅਤੇ ਕਹਿੰਦੇ ਹਨ ਕਿ ਇਹ ਰਿਤ, ਨਿਯਮ ਬੜਾ ਹੀ ਨਿਆਂਪੂਰਨ ਅਤੇ ਕਠੋਰ ਹੈ। ਦੂਜੇ ਪਾਸੇ ਭਗਤ ਪਰਮਾਤਮਾ ਨੂੰ ਪਰਮ-ਪ੍ਰੇਮ ਕਹਿੰਦੇ ਹਨ ਅਤੇ ਪਰਮ ਕਿਰਪਾਲੂ। ਇਸ ਬੁਨਿਆਦੀ ਦ੍ਰਿਸ਼ਟੀ-ਭੇਤ ਉਤੇ ਕੁਝ ਕਹਿਣ ਦੀ ਕਿਰਪਾ ਕਰੋ।

ਗਿਆਨੀ ਦੀ ਭਾਸ਼ਾ ਗਣਿਤ ਦੀ ਭਾਸ਼ਾ ਹੈ। ਗਣਿਤ ਦੀ ਭਾਸ਼ਾ ਕਠੋਰ ਹੋਵੇਗੀ। ਪਰਮਾਤਮਾ ਕਠੋਰ ਨਹੀਂ ਹੈ। ਗਣਿਤ ਦੀ ਭਾਸ਼ਾ ਤੋਂ ਦੇਖੋਗੇ ਪਰਮਾਤਮਾ ਨੂੰ ਤਾਂ ਕਠੋਰ ਦਿਖਾਈ ਪਏਗਾ। ਗਣਿਤ ਦੀ ਭਾਸ਼ਾ ਤੁਹਾਡੀ ਅੱਖ ਉਤੇ ਚਸ਼ਮਾ ਹੈ।

ਪਰਮਾਤਮਾ ਨਾ ਤਾਂ ਕਠੋਰ ਹੈ ਅਤੇ ਨਾ ਦਯਾਵਾਨ ਹੈ; ਨਾ ਤਾਂ ਦਯਾਲੂ ਹੈ, ਨਾ ਕ੍ਰੋਧੀ। ਦ੍ਵੰਧ ਨਾਲ ਭਰੇ ਸ਼ਬਦਾਂ ਵਿਚ ਪਰਮਾਤਮਾ ਨੂੰ ਵੰਡਣ ਦਾ ਕੋਈ ਉਪਾਅ ਨਹੀਂ ਹੈ। ਪਰਮਾਤਮਾ ਹੈ ਦ੍ਵੰਧ ਤੋਂ ਪਾਰ। ਲੇਕਿਨ ਮਨੁੱਖ ਤਾਂ ਜਦ ਵੀ ਸੋਚੇਗਾ ਤਾਂ ਦੋ ਹੀ ਉਪਾਅ ਹਨ ਉਸ ਕੋਲ-ਜਾਂ ਤਾਂ ਦਲੀਲ ਦੀ ਭਾਸ਼ਾ, ਜਾਂ ਪ੍ਰੇਮ ਦੀ ਭਾਸ਼ਾ; ਜਾਂ ਤਾਂ ਗਣਿਤ ਦੀ ਭਾਸ਼ਾ ਜਾਂ ਕਾਵਿ ਦੀ ਭਾਸ਼ਾ। ਗਿਆਨੀ ਨੇ ਗਣਿਤ ਦੀ ਭਾਸ਼ਾ ਚੁਣੀ ਹੈ। ਗਣਿਤ ਦੀ ਭਾਸ਼ਾ ਦੀਆਂ ਕੁਝ ਖ਼ੂਬੀਆਂ ਹਨ ਅਤੇ ਕੁਝ ਹਾਨੀਆਂ ਵੀ। ਖ਼ੂਬੀ-ਕਿ ਸਾਫ-ਸੁਥਰੀ ਹੁੰਦੀ ਹੈ, ਸਪੱਸ਼ਟ ਹੁੰਦੀ ਹੈ। ਖ਼ਤਰਾ-ਕਿਉਂਕਿ ਸਪੱਸ਼ਟ ਹੈ, ਸਾਫ-ਸੁਥਰੀ ਹੈ, ਖ਼ੁਦ ਨਿਯਮਬੱਧ ਹੈ, ਇਸਲਈ ਉਸਦੇ ਵਿਚੋਂ ਦੀ ਦੇਖਿਆ ਗਿਆ ਵੀ ਕਠੋਰ ਅਤੇ ਨਿਯਮਬੱਧ ਮਲੂਮ ਪਵੇਗਾ।

ਪ੍ਰੇਮ ਦੀ ਭਾਸ਼ਾ ਦਾ ਵੀ ਆਪਣਾ ਲਾਭ ਹੈ, ਆਪਣੀ ਹਾਨੀ ਹੈ। ਲਾਭ ਹੈ ਕਿ ਪਰਮਾਤਮਾ ਕਠੋਰ ਨਹੀਂ ਮਲੂਮ ਪਵੇਗਾ-ਦਯਾਲੂ ਮਲੂਮ ਹੋਵੇਗਾ, ਦਯਾਵਾਨ ਮਲੂਮ ਹੋਵੇਗਾ। ਤੁਸੀਂ ਉਸਦੀ ਖੋਜ ਵਿਚ ਸੌਖ ਨਾਲ ਨਿਕਲ ਸਕੋਗੇ। ਯਾਤਰਾ ਬਹੁਤੀ ਦੁਰਗਮ ਨਹੀਂ ਮਲੂਮ ਹੋਵੇਗੀ। ਲੇਕਿਨ ਹਾਨੀ ਵੀ ਹੈ। ਕਿਉਂਕਿ ਤੁਸੀਂ ਬਹੁਤ ਹੀ ਭਾਵ ਨਾਲ ਭਰ ਕੇ ਪਰਮਾਤਮਾ ਦੇ ਵਲ ਦੇਖੋਗੇ, ਤੁਸੀਂ ਜੀਵਨ ਵਿਚ, ਛੇਤੀ ਨਾਲ ਕੁਝ ਕਰ ਲੈਣਾ ਹੈ, ਇਸਦੀ ਪ੍ਰਤੀਤਿ ਘਟ ਹੋਵੇਗੀ; ਆਲਸ ਘੇਰ ਲਵੇਗਾ, ਤਮਸ ਘੇਰ ਲਵੇਗਾ।

ਗਿਆਨੀ ਦਾ ਖ਼ਤਰਾ ਹੈ ਕਿ ਉਹ ਸੁੱਕਾ ਹੋ ਜਾਂਦਾ ਹੈ। ਅਤੇ ਭਗਤ ਦਾ ਖ਼ਤਰਾ ਹੈ ਕਿ ਉਹ ਆਲਸੀ ਹੋ ਜਾਂਦਾ ਹੈ-ਪਰਮਾਤਮਾ ਦਯਾਵਾਨ ਹੈ, ਕਾਹਲੀ ਕੀ ਹੈ? ਉਸਦੀ ਕਿਰਪਾ ਅਨੰਤ ਹੈ, ਮਿਲ ਹੀ ਜਾਏਗੀ। ਪੁਕਾਰਨ ਦੀ ਹੀ ਗੱਲ ਹੈ।

ਗਿਆਨੀ ਜੀਵਨ ਨੂੰ ਬਦਲਣ ਵਿਚ ਲੱਗ ਜਾਂਦਾ ਹੈ, ਕਿਉਂਕਿ ਡਰਿਆ ਹੁੰਦਾ ਹੈ। ਕਠੋਰ ਨਿਯਮ ਹਨ, ਖੁੰਝਿਆ ਤਾਂ ਖ਼ਤਰਾ ਹੈ। ਮਹਾਂਨਰਕ ਵਿਚ ਪੈਣਾ ਹੋਵੇਗਾ। ਗਿਆਨੀ ਜੀਵਨ ਨੂੰ ਚੰਗੀ ਤਰ੍ਹਾਂ ਦਰਿੜ੍ਹ ਕਰਨ ਵਿਚ ਲੱਗ ਜਾਂਦਾ ਹੈ, ਘੜਦਾ ਹੈ, ਰੰਗ ਦਿੰਦਾ ਹੈ, ਸ਼ਕਲ ਦਿੰਦਾ ਹੈ, ਰੂਪ ਦਿੰਦਾ ਹੈ-ਅਤੇ ਤੀਬਰਤਾ ਨਾਲ ਦਿੰਦਾ ਹੈ।

ਜਿਵੇਂ ਛਾਤੀ ਉਤੇ ਨੰਗੀ ਤਲਵੀਰ ਲਈ ਕੋਈ ਖੜ੍ਹਾ ਹੈ।

ਭਗਤ ਸੌਂ ਜਾਂਦਾ ਹੈ। ਭਗਤ ਕਹਿੰਦਾ ਹੈ, ਕਾਹਲੀ ਕੀ ਹੈ? ਉਸ ਪਿਆਰੇ ਦੇ ਹੱਥਾਂ ਵਿਚ ਸਭ ਹੈ। ਮੇਰੇ ਪਾਪਾਂ ਦੀ ਗਿਣਤੀ ਕੀ ਹੈ?

ਇਹ ਲਾਭ ਹਨ, ਹਾਨੀਆਂ ਵੀ ਜੁੜੀਆਂ ਹੋਈਆਂ ਹਨ ਨਾਲ-ਨਾਲ। ਗਿਆਨੀ ਪਰਮਾਤਮਾ ਨੂੰ ਨਿਯਮ ਦੀ ਤਰ੍ਹਾਂ ਦੇਖਦਾ ਹੈ, ਆਪ ਵੀ ਸੁੱਕ ਜਾਂਦਾ ਹੈ। ਤੁਹਾਡਾ ਜਿਹੋ-ਜਿਹਾ ਪਰਮਾਤਮਾ ਹੋਵੇਗਾ, ਉਹੋ-ਜਿਹੇ ਹੀ ਤੁਸੀਂ ਹੋ ਜਾਉਗੇ। ਉਸਦੇ ਜੀਵਨ ਵਿਚ ਗਣਿਤ ਦਾ ਇਕ ਸੁਥਰਾਪਣ ਤਾਂ ਹੁੰਦਾ ਹੈ, ਪਰ ਕੋਈ ਕਾਵਿ ਨਹੀਂ ਜਨਮਦਾ। ਉਸਦੇ ਜੀਵਨ ਵਿਚ ਕੋਈ ਗੀਤ ਨਹੀਂ ਗੂੰਜਦਾ। ਉਸਦੇ ਹਿਰਦੇ ਵਿਚ ਕੋਈ ਨਾਚ ਨਹੀਂ ਹੁੰਦਾ, ਉਤਸਵ ਨਹੀਂ ਹੁੰਦਾ। ਉਹ ਗੰਭੀਰ ਹੋ ਜਾਂਦਾ ਹੈ, ਉਦਾਸ ਹੋ ਜਾਂਦਾ ਹੈ, ਚਿੰਤਤ ਹੋ ਜਾਂਦਾ ਹੈ। ਹੁਣ ਪਰਮਾਤਮਾ ਦੀ ਤਰਫ ਚੱਲਣ ਵਾਲਾ ਬੰਦਾ ਚਿੰਤਤ ਹੋ ਜਾਵੇ, ਤਾਂ ਪਹੁੰਚੇਗਾ ਕਿਵੇਂ? ਭੈਮਾਨ ਹੋ ਜਾਂਦਾ ਹੈ। ਅਤੇ ਜਿਥੇ ਭੈ ਹੈ ਉਥੇ ਮੁਕਤੀ ਕਿਥੇ? ਜੋ ਭੈਮਾਨ ਹੈ, ਉਹ ਸੁੰਗੜ ਜਾਂਦਾ ਹੈ, ਫੈਲਣਾ ਬੰਦ ਹੋ ਜਾਂਦਾ ਹੈ। ਅਤੇ ਫੈਲਾਅ ਵਿਚ ਹੀ ਉਸ ਨਾਲ ਮਿਲਾਪ ਹੋ ਸਕਦਾ ਹੈ। ਉਹ ਫੈਲਾਅ ਹੈ। ਸਾਰਾ ਵਜੂਦ ਉਸੇ ਦਾ ਫੈਲਾਅ ਹੈ। ਜਦ ਅਸੀਂ ਵੀ ਫੈਲਾਂਗੇ ਤਾਂ ਉਸ ਨਾਲ ਮਿਲਾਂਗੇ। ਉਸ ਵਰਗੇ ਹੋਵਾਂਗੇ ਤਾਂ ਉਸ ਨਾਲ ਮਿਲਾਂਗੇ।

ਸੋ ਗਿਆਨੀ ਸੁੰਗੜ ਜਾਂਦਾ ਹੈ, ਕਠੋਰ ਹੋ ਜਾਂਦਾ ਹੈ। ਆਪਣੇ ਉਤੇ ਹੀ ਕਠੋਰ ਨਹੀਂ ਹੋ ਜਾਂਦਾ, ਦੂਜੇ ਉਤੇ ਵੀ ਕਠੋਰ ਹੋ ਜਾਂਦਾ ਹੈ। ਗਿਆਨੀ ਦੇ ਹੱਥ ਵਿਚ ਪੈ ਜਾਵੋ ਤਾਂ ਤੁਹਾਨੂੰ ਸਤਾਉਣ ਲੱਗੇਗਾ। ਤੁਹਾਨੂੰ ਇਸ ਤਰ੍ਹਾਂ ਢਾਲਣ ਲੱਗੇਗਾ ਕਿ ਤੁਸੀਂ ਮਸ਼ੀਨ ਵਾਂਗ ਹੋ ਜਾਉਗੇ। ਖ਼ੁਦ ਵੀ ਮਸ਼ੀਨ ਹੋ ਜਾਂਦਾ ਹੈ, ਤੁਹਾਨੂੰ ਵੀ ਮਸ਼ੀਨ ਵਰਗਾ ਕਰ ਦਿੰਦਾ ਹੈ। ਇਹ ਖ਼ਤਰਾ ਹੈ ਗਿਆਨ ਦਾ।

ਭਗਤ ਸਰਲ ਹੁੰਦਾ ਹੈ, ਸਹਿਜ ਹੁੰਦਾ ਹੈ, ਭਰੋਸਾਧਾਰੀ ਹੁੰਦਾ ਹੈ, ਚਿੰਤਾਮੁਕਤ ਹੁੰਦਾ ਹੈ। ਭੈਮਾਨ ਨਹੀਂ ਹੁੰਦਾ। ਜਦ ਉਸਦਾ ਪਿਆਰਾ ਹੀ ਸਾਰੇ ਜਗਤ ਦੇ ਕੇਂਦਰ ਵਿਚ ਬੈਠਾ ਹੈ ਤਾਂ ਭੈ ਕੇਹਾ? ਉਸਦੀ ਕਲਪਨਾ ਵਿਚ ਕੋਈ ਨਰਕ ਨਹੀਂ ਹੁੰਦੇ; ਨਰਕਾਂ ਵਿਚ ਜਲਣ ਵਾਲੀਆਂ ਅੱਗਾਂ ਨਹੀਂ ਹੁੰਦੀਆਂ। ਫੈਲਦਾ ਹੈ, ਅਸਾਨੀ ਨਾਲ ਫੈਲਦਾ ਹੈ। ਨੱਚਦਾ ਹੈ, ਗਾਉਂਦਾ ਹੈ, ਉਤਸਵ ਮਨਾਉਂਦਾ ਹੈ। ਪਰਮਾਤਮਾ ਹੈ ਤਾਂ ਉਤਸਵ ਹੀ ਜੀਵਨ ਹੋਣਾ ਚਾਹੀਦਾ ਹੈ। ਉਸਦੇ ਅੰਦਰ ਤੋਂ ਰਸਧਾਰ ਵਗਦੀ ਹੈ।

ਇਹ ਤਾਂ ਲਾਭ ਹਨ। ਲੇਕਿਨ, ਨਾਸਮਝ ਵੀ ਦੁਨੀਆਂ ਵਿਚ ਹਨ, ਜਿਹੜੇ ਹਰ ਚੀਜ਼ ਵਿਚੋਂ ਹਾਨੀ ਉਠਾ ਲੈਂਦੇ ਹਨ। ਨਾਸਮਝ ਹਨ ਜਿਹੜੇ ਚਾਦਰ ਤਾਣ ਕੇ ਸੌਂ ਜਾਂਦੇ ਹਨ। ਉਹ ਕਹਿੰਦੇ ਹਨ, ਜਦ ਉਹੀ ਹੈ ਅਤੇ ਉਸਦੀ ਕਰੁਣਾ ਅਪਾਰ ਹੈ, ਤਾਂ ਅਸੀਂ ਕਿਉਂ ਚਿੰਤਾ ਲਈਏ? ਅਸੀਂ ਕਿਉਂ ਫਿਕਰ ਕਰੀਏ?

ਧਿਆਨ ਰਖਣਾ, ਇਹ ਭਾਸ਼ਾਵਾਂ ਦੇ ਫਰਕ ਵੀ ਮਹਿੰਗੇ ਪੈ ਸਕਦੇ ਹਨ! ਸਭ ਤੁਹਾਡੇ ਉਤੇ ਨਿਰਭਰ ਹੈ-ਤੁਸੀਂ

ਕਿਵੇਂ ਉਪਯੋਗ ਕਰੋਗੇ? ਬੁੱਧੀਮਾਨ ਬੰਦਾ ਗ਼ਲਤ ਹਾਲਤ ਦਾ ਵੀ ਅਜੇਹਾ ਇਸਤੇਮਾਲ ਕਰ ਲੈਂਦਾ ਹੈ ਕਿ ਸਹੀ ਨਤੀਜੇ ਹੋਣ ਅਤੇ ਬੁੱਧੂ ਸਹੀ ਹਾਲਤ ਦੀ ਵੀ ਅਜੇਹੀ ਵਰਤੋਂ ਕਰਦਾ ਹੈ ਕਿ ਮਾੜੇ ਨਤੀਜੇ ਹੋ ਜਾਂਦੇ ਹਨ। ਐਪਰ ਇਹ ਫਰਕ ਸਿਰਫ ਭਾਸ਼ਾ ਦੇ ਹਨ। ਇਹਨਾਂ ਦੇ ਜ਼ਰੀਏ ਪਰਮਾਤਮਾ ਦੇ ਸਬੰਧ ਵਿਚ ਕੁਝ ਪਤਾ ਨਹੀਂ ਲਗਦਾ: ਇਹਨਾਂ ਦੇ ਜ਼ਰੀਏ ਪਰਮਾਤਮਾ ਦੀ ਖੋਜ ਵਿਚ ਨਿਕਲੇ ਹੋਏ ਬੰਦੇ ਦੇ ਸਬੰਧ ਵਿਚ ਪਤਾ ਲਗਦਾ ਹੈ।

ਜੇਕਰ ਮਹਾਂਵੀਰ ਦੇ ਬਚਨ ਸੁਣੋ ਤਾਂ ਇਕ ਗੱਲ ਸਾਫ ਹੁੰਦੀ ਹੈ ਕਿ ਮਹਾਂਵੀਰ ਸ਼ੁੱਧ ਗਣਿਤ ਹਨ। ਇਸ ਨਾਲ ਮਹਾਂਵੀਰ ਦੇ ਪਰਮਾਤਮਾ ਦੇ ਸਬੰਧ ਵਿਚ ਕੁਝ ਪਤਾ ਨਹੀਂ ਲਗਦਾ, ਕਿਉਂਕਿ ਪਰਮਾਤਮਾ ਤਾਂ ਇਕ ਹੈ; ਮਹਾਂਵੀਰ ਦਾ ਹੋਵੇ ਕਿ ਮੀਰਾ ਦਾ ਹੋਵੇ, ਕੋਈ ਫਰਕ ਨਹੀਂ ਪੈਂਦਾ। ਪਰ ਮਹਾਂਵੀਰ ਗਣਿਤ ਦੇ ਜਾਣਕਾਰ ਵਰਗੇ ਸਾਫ-ਸੁਥਰੇ ਹਨ। ਜਿਹੜੇ ਲੋਕ ਖੋਜ-ਬੀਣ ਕਰਦੇ ਹਨ ਦਰਸ਼ਨ ਦੇ ਇਤਿਹਾਸ ਦੀ ਉਹ ਕਹਿੰਦੇ ਹਨ : ਜਿਹੜੀ ਗੱਲ ਅਲਬਰਟ ਆਈਨਸਟੀਨ ਨੇ ਪੰਝੀ ਸੌ ਸਾਲ ਬਾਅਦ ਆਖੀ, ਉਹੀ ਗੱਲ ਮਹਾਂਵੀਰ ਨੇ ਪੰਝੀ ਸੌ ਸਾਲ ਪਹਿਲਾਂ ਆਖੀ ਸੀ-ਸਾਪੇਖਵਾਦ ਦਾ ਸਿਧਾਂਤ-ਦਿ ਥਿਊਰੀ ਆੱਫ ਰਿਲੇਟਿਵਿਟੀ।

ਮਹਾਂਵੀਰ ਅਤੇ ਆਈਨਸਟੀਨ ਵਿਚ ਕੁਝ ਤਾਲਮੇਲ ਹੈ। ਦੋਹਾਂ ਦੇ ਦੇਖਣ ਦਾ ਢੰਗ ਇਕੋ-ਜਿਹਾ ਹੈ-ਸਹੀ ਬੱਝਿਆ ਹੋਇਆ, ਸਹੀ ਦਲੀਲ-ਪੂਰਨ। ਅਤੇ ਮਹਾਂਵੀਰ ਨੇ ਕੋਈ ਹਾਨੀ ਨਹੀਂ ਉਠਾਈ। ਮਹਾਂਵੀਰ ਨਾ ਤਾ ਸੁੱਕੇ, ਨਾ ਉਦਾਸ ਹੋਏ। ਉਹਨਾਂ ਜਿਹੀ ਮਸਤੀ ਕਿਥੇ? ਉਹਨਾਂ ਜਿਹਾ ਅਨੰਦ ਧੰਨਵਾਦੀ ਭਾਵ ਕਿਥੇ। ਕੁਝ ਹਾਨੀ ਨਹੀਂ ਹੋਈ ਮਹਾਂਵੀਰ ਨੂੰ। ਮਹਾਂਵੀਰ ਸਹੀ ਬੱਝੀ ਗਣਿਤ ਦੀ ਵਰਤੋਂ ਕਰਕੇ ਵੀ ਪੌੜੀ-ਦਰ-ਪੌੜੀ ਪਰਮਾਤਮਾ ਤਕ ਪਹੁੰਚ ਗਏ-ਪਰਮਾਤਮਾ ਹੋ ਗਏ।

ਲੇਕਿਨ ਫਿਰ ਮਹਾਂਵੀਰ ਦੇ ਪਿਛੇ ਚੱਲਣ ਵਾਲੇ, ਸੇਵੜੇ, ਉਹ ਕਿਤੇ ਪਹੁੰਚਦੇ ਮਲੂਮ ਨਹੀਂ ਹੁੰਦੇ। ਗਣਿਤ ਉਹਨਾਂ ਦੇ ਗਲੇ ਵਿਚ ਫਾਹੇ ਵਾਂਗ ਲੱਗ ਗਿਆ ਹੈ। ਬਸ ਉਹ ਹਿਸਾਬ-ਕਿਤਾਬ ਹੀ ਬਿਠਾ ਰਹੇ ਹਨ, ਬਹੀ-ਖਾਤੇ ਠੀਕ ਕਰ ਰਹੇ ਹਨ, ਪਾਪ-ਪੁੰਨ ਦਾ ਲੇਖਾ-ਜੋਖਾ ਕਰ ਰਹੇ ਹਨ। ਕਿਸ ਗੱਲ ਦੇ ਕਰਨ ਨਾਲ ਕਿੰਨਾ ਪਾਪ ਹੋ ਜਾਏਗਾ ਅਤੇ ਕਿਸ ਗੱਲ ਦੇ ਕਰਨ ਨਾਲ ਕਿੰਨਾ ਪੁੰਨ ਹੋ ਜਾਏਗਾ, ਇਸੇ ਵਿਚ ਪਏ ਹੋਏ ਹਨ। ਸੇਵੜਿਆਂ ਦੀ ਜ਼ਿੰਦਗੀ ਵਿਚ ਮਹਾਂਵੀਰ ਵਰਗਾ ਰਸ ਨਹੀਂ ਦਿਖਾਈ ਪੈਂਦਾ, ਨਾ ਮਸਤੀ ਦਿਖਾਈ ਪੈਂਦੀ ਹੈ। ਉਹ ਮਹਾਂਵੀਰ ਦੀ ਚਾਲ, ਉਹ ਪ੍ਰਸਾਦ ਕਿਤੇ ਦਿਖਾਈ ਨਹੀਂ ਪੈਂਦਾ। ਹਾਲਾਂਕਿ ਮਹਾਂਵੀਰ ਨਗਨ ਹਨ, ਲੇਕਿਨ ਕ੍ਰਿਸ਼ਨ ਵੀ ਆਪਣੇ ਸੁੰਦਰ ਤੋਂ ਸੁੰਦਰ ਵਸਤਰਾਂ ਵਿਚ ਇੰਨੇ ਸੁੰਦਰ ਕਿਥੇ ਸੀ? ਮੰਨਿਆਂ ਕਿ ਉਹਨਾਂ ਨੇ ਮੋਰ-ਮੁਕਟ ਬੰਨ੍ਹਿਆਂ ਹੈ, ਪਰ ਬੰਨ੍ਹਣ ਕਿਉਂ? ਸੁਹੱਪਣ ਨਗਨ ਵੀ ਸੁਹੱਪਣ ਹੈ। ਮਹਾਂਵੀਰ ਵਿਚ ਸੁਹੱਪਣ ਦੀ ਕਮੀ ਨਹੀਂ ਹੈ। ਕਹਿੰਦੇ ਹਨ, ਮਹਾਂਵੀਰ ਵਰਗਾ ਸੋਹਣਾ ਆਦਮੀ ਪ੍ਰਿਥਵੀ ਉਤੇ ਦੁਬਾਰਾ ਨਹੀਂ ਚੱਲਿਆ। ਸ਼ਾਇਦ ਸੋਹਣੇ ਇੰਨੇ ਸਨ ਕਿ ਵਸਤਰਾਂ ਦੀ ਵੀ ਲੋੜ ਨਹੀਂ ਸੀ। ਇਹੀ ਕਾਰਨ ਹੋਵੇਗਾ ਕਿ ਨਗਨ ਹੋਏ। ਸੋਹਣੇ ਇੰਨੇ ਸਨ ਕਿ ਦੇਹ ਉਤੇ ਕੁਝ ਵੀ ਹੋਰ ਰੱਖਣਾ ਦੇਹ ਨੂੰ ਕੋਝਾ ਕਰਨਾ ਹੁੰਦਾ।

ਤੁਸੀਂ ਦੇਖਿਐ, ਅਸੁੰਦਰ ਇਸਤ੍ਰੀਆਂ ਵਧੇਰੇ ਜ਼ੇਵਰਾਂ ਵਿਚ ਰੁਚੀ ਲੈਂਦੀਆਂ ਹਨ। ਸੁੰਦਰ ਇਸਤ੍ਰੀਆਂ ਜੇਵਰਾਂ ਤੋਂ ਮੁਕਤ ਹੋ ਜਾਂਦੀਆਂ ਹਨ। ਜਦ ਵੀ ਕਿਸੇ ਜਾਤੀ ਦੀਆਂ ਇਸਤ੍ਰੀਆਂ ਸੋਹਣੀਆਂ ਹੋਣ ਲਗਦੀਆਂ ਹਨ, ਜ਼ੇਵਰ ਵਿਦਾ ਹੋ ਜਾਂਦੇ ਹਨ। ਜ਼ੇਵਰਾਂ ਨਾਲ ਲੱਦੀ ਇਸਤ੍ਰੀ ਸਿਰਫ ਆਪਣੇ ਕੋਝ ਦੀ ਖ਼ਬਰ ਦਿੰਦੀ ਹੈ, ਹੋਰ ਕੁਝ ਵੀ ਨਹੀਂ। ਜ਼ੇਵਰਾਂ ਦੇ ਜ਼ਰੀਏ ਉਹ ਆਪਣੇ ਕੋਝ ਨੂੰ ਛੁਪਾਂਦੀ ਹੈ, ਜ਼ੇਵਰਾਂ ਦੇ ਉਧਾਰੇ ਸੁਹੱਪਣ ਨੂੰ ਆਪਣੇ ਉਪਰ ਅਰੋਪਤ ਕਰਦੀ ਹੈ। ਜਿਸਦੇ ਚੇਹਰੇ ਵਿਚ ਸੁਹੱਪਣ ਨਹੀਂ ਹੈ, ਉਸਦੀ ਨੱਕ 'ਤੇ ਲੱਗਿਆ ਹੋਇਆ ਹੀਰਾ, ਜੜਿਆ ਹੋਇਆ ਹੀਰਾ, ਤੁਹਾਨੂੰ ਮੋਹਤ ਕਰ ਲਵੇਗਾ। ਘਟੋ-ਘਟ ਹੀਰਾ ਤਾਂ ਮੋਹਤ ਕਰੇਗਾ, ਹੀਰੇ ਦੀ ਚਮਕ ਮੋਹਤ ਕਰੇਗੀ। ਜਿਸਦੇ ਹੱਥ ਸੋਹਣੇ ਨਹੀਂ ਹਨ ਉਸਦੇ ਹੱਥ ਵਿਚ ਛਣਕਦੀਆਂ ਵੰਗਾਂ ਦਾ ਛਣਕਾਟਾ ਸ਼ਾਇਦ ਸੰਗੀਤ ਦਾ ਅਹਿਸਾਸ ਦੇਵੇ। ਜੋ ਸੁੰਦਰ ਨਹੀਂ ਹੈ, ਵਸਤਰਾਂ ਵਿਚ ਲਿਪਟਣ 'ਤੇ ਸ਼ਾਇਦ ਸੁੰਦਰਤਾ ਦਾ ਭਰਮ ਪੈਦਾ ਹੋ ਸਕੇ।

ਜਿੰਨਾ ਕੋਝ ਉੱਨੇ ਜ਼ੇਵਰ, ਉੱਨਾ ਪ੍ਰਸਾਧਨ, ਉੱਨਾ ਇੰਤਜ਼ਾਮ। ਸੋਹਣੀ ਇਸਤ੍ਰੀ ਆਪਣੇ-ਆਪ ਵਿਚ ਹੀ ਸੋਹਣੀ ਹੈ। ਜ਼ੇਵਰ ਉਸਦੇ ਸੁਹੱਪਣ ਨੂੰ ਖੰਡਤ ਕਰਨਗੇ।

ਇਸਲਈ ਸ਼ਾਇਦ ਇਹੀ ਕਾਰਨ ਸੀ ਕਿ ਮਹਾਂਵੀਰ ਨਗਨ ਖੜ੍ਹੇ ਹੋਏ। ਅਪੂਰਵ ਸੁਹੱਪਣ ਸੀ ਉਹਨਾਂ ਦਾ। ਅਪੂਰਵ ਪ੍ਰਸਾਦ ਸੀ ਉਹਨਾਂ ਦੀ ਸ਼ਖਸੀਅਤ ਦਾ! ਗਣਿਤ ਦੀ ਦ੍ਰਿਸ਼ਟੀ ਨੇ ਉਹਨਾਂ ਨੂੰ ਮਾਰਿਆ ਨਹੀਂ, ਉਹਨਾਂ ਨੂੰ ਨੁਕਸਾਨ ਨਹੀਂ ਪੁਜਾਇਆ। ਬੁੱਧੀਮਾਨ ਬੰਦੇ ਨੂੰ ਕੋਈ ਚੀਜ਼ ਨੁਕਸਾਨ ਨਹੀਂ ਪੁਜਾਉਂਦੀ। ਉਹ ਜ਼ਹਿਰ ਤੋਂ ਵੀ ਦਵਾਈ ਬਣਾ ਲੈਂਦਾ ਹੈ। ਪਰ ਉਹਨਾਂ ਦੇ ਪਿਛੇ ਚੱਲਣ ਵਾਲੇ ਲੋਕ ਸਿਰਫ ਗਣਿਤ ਦੇ ਹਿਸਾਬ-ਕਿਤਾਬ ਵਿਚ ਲੱਗੇ ਹਨ। ਉਹਨਾਂ ਦੀ ਜ਼ਿੰਦਗੀ ਹਿਸਾਬ-ਕਿਤਾਬ ਵਿਚ ਜਾ ਰਹੀ ਹੈ। ਉਹ ਭੁੱਲ ਹੀ ਗਏ ਮਸਤੀ। ਮਸਤੀ ਦੀ ਵਿਹਲ ਕਿਥੇ? ਨੱਚਣ ਕਦੋਂ? ਹਿਸਾਬ ਹੀ ਪੂਰਾ ਨਹੀਂ ਬੈਠ ਪਾਂਦਾ। ਗੀਤ ਕਦੋਂ ਗਾਉਣ। ਵੀਣਾ ਕਦੋਂ ਵਜਾਉਣ? ਬੰਸਰੀ ਕਦੋਂ ਚੁੱਕਣ?

ਅਤੇ ਧਿਆਨ ਰਖਣਾ, ਬੰਸਰੀ ਵਜਾਉਣ ਦੇ ਲਈ ਬੰਸਰੀ ਬੁੱਲਾਂ 'ਤੇ ਰੱਖਣੀ ਲਾਜ਼ਮੀ ਨਹੀਂ ਹੈ। ਬੰਸਰੀ ਚੁੱਪੀ ਵਿਚ ਵੀ ਵੱਜ ਸਕਦੀ ਹੈ। ਅਜੇਹੀ ਹੀ ਮਹਾਂਵੀਰ ਦੀ ਵੱਜੀ ਸੀ। ਪਰ ਬੰਸਰੀ ਯਕੀਨੀ ਵੱਜ ਰਹੀ ਸੀ। ਇਕ ਅਪੂਰਵ ਆਕਰਸ਼ਣ ਸੀ ਉਸ ਸ਼ਖਸੀਅਤ ਵਿਚ। ਬਿਨਾਂ ਕਿਸੇ ਅਡੰਬਰ ਦੇ ਆਕਰਸ਼ਣ ਸੀ।

ਫਿਰ ਮੀਰਾ ਹੈ, ਜਿਹੜੀ ਨੱਚੀ, ਜਿਸਨੇ ਗਾਇਆ, ਜਿਸਨੇ ਭਾਵ ਨਾਲ ਪਰਮਾਤਮਾ ਨੂੰ ਦੇਖਿਆ। ਉਹਦੇ ਲਈ ਪਰਮਾਤਮਾ ਨਿਯਮ ਨਹੀਂ ਹੈ। ਨਿਯਮ ਅਦਾਲਤਾਂ ਵਿਚ ਹੁੰਦੇ ਹਨ। ਪਰਮਾਤਮਾ ਉਹਦੇ ਲਈ ਜੱਜ ਨਹੀਂ ਹੈ। ਜੱਜ ਨਾਲ ਕੋਈ ਪ੍ਰੇਮ ਹੋ ਸਕਦਾ ਹੈ? ਜੱਜ ਤਾਂ ਸਖ਼ਤ। ਜੱਜ ਤਾਂ ਬਿਲਕੁਲ ਅਜੇਹਾ ਹੁੰਦਾ ਹੈ ਜਿਵੇਂ ਕਿ ਉਸ ਵਿਚ ਸ਼ਖਸੀਅਤ ਤਾਂ ਹੋਣੀ ਹੀ ਨਹੀਂ ਚਾਹੀਦੀ, ਤਦੇ ਉਸਦਾ ਨਿਆਂ ਪੱਖਪਾਤ-ਰਹਿਤ ਹੋਵੇਗਾ। ਜੇਕਰ ਉਸਦਾ ਜ਼ਰਾ ਵੀ ਪ੍ਰੇਮ-ਭਾਵ ਹੈ ਤਾਂ ਨਿਆਂ ਡਾਵਾਂਡੋਲ ਹੋ ਜਾਏਗਾ। ਜੇਕਰ ਕੋਈ ਸਾਹਮਣੇ ਖੜ੍ਹਾ ਹੈ ਵਿਅਕਤੀ, ਜਿਸ ਨਾਲ ਉਸਦਾ

ਲਗਾਅ ਹੈ, ਤਾਂ ਫਿਰ ਢਿਲ ਆ ਜਾਏਗੀ ਨਿਆਂ ਵਿਚ। ਫਿਰ ਨਿਆ ਪੂਰਾ ਨਹੀਂ ਹੋ ਪਾਏਗਾ। ਜਾਂ ਉਸਦੀ ਦੁਸ਼ਮਣੀ ਹੈ, ਵਿਰੋਧ ਹੈ, ਤਾਂ ਵੀ ਨਿਆਂ ਗੜਬੜ ਹੋ ਜਾਏਗਾ। ਤਦ ਬੜਾ ਹੀ ਕਠੋਰ ਹੋ ਜਾਵੇਗਾ। ਨਿਆਂ-ਅਧਿਕਾਰੀ ਨੂੰ ਤਾਂ ਪ੍ਰੇਮ ਤੋਂ, ਲਗਾਅ ਤੋਂ ਮੁਕਤ ਹੋਣਾ ਚਾਹੀਦਾ ਹੈ, ਨਿਰਪੱਖ ਹੋਣਾ ਚਾਹੀਦਾ ਹੈ। ਕੋਈ ਭਾਵਲਿਪਤ ਹਾਲਤ ਨਹੀਂ ਹੋਣੀ ਚਾਹੀਦੀ।

ਤੁਸੀਂ ਦੇਖਿਐ, ਸਾਰੀ ਦੁਨੀਆਂ ਵਿਚ ਨਿਆਂ-ਅਧਿਕਾਰੀ ਦੇ ਲਈ ਅਸਾਂ ਨੇ ਉਚੇਚੇ ਵਸਤਰ ਬਣਾ ਰਖੇ ਹਨ। ਵਸਤਰ ਹੀ ਨਹੀਂ, ਉਸਦੇ ਸਿਰ ਉਤੇ ਪਹਿਨਣ ਦੇ ਲਈ ਝੂਠੇ ਵਾਲ ਵੀ ਤਿਆਰ ਕਰਵਾ ਦਿੰਦੇ ਹਾਂ ਤਾਂ ਜੋ ਉਸਦੀ ਸ਼ਖਸੀਅਤ ਵਿਦਾ ਹੋ ਜਾਵੇ। ਆਖਰ ਆਦਮੀ ਆਦਮੀ ਹੈ। ਉਸਦੀ ਪਤਨੀ ਹੈ, ਬੱਚੇ ਹਨ, ਮਿੱਤਰ ਹਨ, ਵੈਰੀ ਹਨ-ਆਦਮੀ ਜਿਹਾ ਆਦਮੀ ਹੈ। ਅਸੀਂ ਉਸ ਦੀਆਂ ਸਾਰੀਆਂ ਸ਼ਖਸੀਅਤਾਂ ਉਸ ਕੋਲੋਂ ਖੋਹ ਲੈਂਦੇ ਹਾਂ। ਅਸੀਂ ਉਸਨੂੰ ਨਕਲੀ ਆਦਮੀ ਬਣਾ ਕੇ ਬਿਠਾ ਦਿੰਦੇ ਹਾਂ। ਅਸੀਂ ਉਸਨੂੰ ਇਹ ਕਹਿ ਦਿੰਦੇ ਹਾਂ ਕਿ ਹੁਣ ਤੂੰ ਭੁੱਲ ਜਾਂ ਕਿ ਤੂੰ ਸਮਾਜ ਦਾ ਹਿੱਸਾ ਹੈਂ। ਤੇਰਾ ਵਿਗ, ਤੇਰੇ ਕੱਪੜੇ, ਤੇਰੇ ਬੈਠਣ ਦਾ ਢੰਗ, ਵਕੀਲ ਤੈਨੂੰ ਜਿਸ ਤਰ੍ਹਾਂ ਸੰਬੋਧਨ ਕਰਨਗੇ-ਮਾਈ ਲਾਰਡ! ਹੂੰ... ਜਿਵੇਂ ਪਰਮਾਤਮਾ ਬੈਠਾ ਹੋਵੇ! ਹੁਣ ਵਕੀਲ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਮਾਈ ਲਾਰਡ ਜਿਹਾ ਕੁਝ ਵੀ ਨਹੀਂ ਹੈ, ਪਰ ਹੁਣ ਐਲਾਨ ਅਜੇਹਾ ਕਰਨਾ ਹੈ ਜਿਵੇਂ ਕਿ ਕਠੋਰ ਪਰਮਾਤਮਾ ਬੈਠਾ ਹੋਇਆ ਹੈ-ਨਿਰਪੱਖ, ਦੂਰ, ਜਿਸ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ, ਜੋ ਸ਼ੁਧ ਨਿਯਮ ਨਾਲ ਚੱਲੇਗਾ।

ਮੀਰਾ ਦਾ ਪਰਮਾਤਮਾ ਨਿਆਂ ਅਧਿਕਾਰੀ ਨਹੀਂ ਹੈ। ਮੀਰਾ ਦਾ ਪਰਮਾਤਮਾ ਪ੍ਰੇਮੀ ਹੈ। ਮੀਰਾ ਦੇ ਨਾਲ ਨੱਚ ਰਿਹਾ ਹੈ। ਮੀਰਾ ਦੇ ਨਾਲ ਰਾਸ ਰਚਾ ਰਿਹਾ ਹੈ। ਮੀਰਾ ਦੇ ਹੱਥ ਵਿਚ ਹੱਥ ਪਾਇਆ ਹੈ। ਮੀਰਾ ਉਸਦੀ ਹੀ ਧੁਨ ਉਤੇ ਨੱਚ ਰਹੀ ਹੈ। ਇਹ ਬੜੇ ਲਗਾਅ ਦਾ, ਬੜੇ ਪ੍ਰੇਮ ਦਾ, ਬੜਾ ਰਸਭਿੰਨਾਂ ਸਬੰਧ ਹੈ। ਪਰ ਮੀਰਾ ਵਿਚ ਕੁਝ ਕਮੀ ਨਹੀਂ ਹੈ-ਮਹਾਂਵੀਰ ਨਾਲੋਂ ਜ਼ਰਾ ਵੀ ਕਮੀ ਨਹੀਂ ਹੈ। ਇੰਨੀ ਰਸਭਿੰਨੀ ਹੋ ਕੇ, ਇੰਨੀ ਪ੍ਰੀਤਿਪੂਰਨ ਹੋ ਕੇ, ਇੰਨ ਭਾਵ ਅਤੇ ਪ੍ਰਾਣਾਂ ਨਾਲ ਪਰਮਾਤਮਾ ਨੂੰ ਪੁਕਾਰ ਕੇ ਵੀ ਮੀਰਾ ਉਥੇ ਪਹੁੰਚ ਗਈ ਜਿਥੇ ਮਹਾਂਵੀਰ ਆਪਣੇ ਕਠੋਰ-ਕਠੋਰ ਨਿਯਮ ਨਾਲ ਪਹੁੰਚੇ। ਜਿਥੇ ਮਹਾਂਵੀਰ ਤਪੱਸਿਆ ਨਾਲ ਪਹੁੰਚੇ ਉਥੇ ਮੀਰਾ ਗੀਤ ਗਾਉਂਦੇ ਹੋਏ ਪਹੁੰਚ ਗਈ। ਜਿਥੇ ਮਹਾਂਵੀਰ ਉਪਵਾਸ ਨਾਲ ਪਹੁੰਚੇ ਹਨ ਉਥੇ ਮੀਰਾ ਉਤਸਵ ਵਿਚ ਪਹੁੰਚ ਗਈ ਹੈ।

ਲੇਕਿਨ ਫਿਰ ਭਗਤ ਬਹੁਤ ਹਨ, ਭਗਤ ਦੇ ਨਾਂ ਨਾਲ ਚਲਦੇ ਹਨ ਦੁਨੀਆਂ ਵਿਚ ਬਹੁਤ ਲੋਕ, ਜਿਹੜੇ ਸਿਰਫ ਚਾਦਰ ਤਾਣ ਕੇ ਸੌਂ ਰਹੇ ਹਨ; ਜਿਹੜੇ ਕਹਿੰਦੇ ਹਨ : 'ਕਰਨਾ ਕੀ ਹੈ? ਸਾਡਾ ਪਿਆਰਾ ਤਾਂ ਸਭ ਨੂੰ ਦੇਖਣ ਵਾਲਾ ਹੈ; ਉਹ ਤਾਂ ਸਭ ਕਰਨ ਵਾਲਾ ਹੈ। ਸਾਡਾ ਪਾਪ ਵੀ ਕੀ ਹੈ, ਖਿਮਾ ਕਰ ਦੇਵੇਗਾ। ਜਦ ਮਿਲਣਾ ਹੋਵੇਗਾ, ਝੁਕ ਜਾਵਾਂਗੇ ਚਰਨਾਂ ਵਿਚ, ਮਾਫੀ ਮੰਗ ਲਵਾਂਗੇ। ਸਾਡੇ ਪਾਪ ਹੀ ਛੋਟੇ-ਮੋਟੇ ਹਨ, ਉਸਦੀ ਕਰੁਣਾ ਤਾਂ ਅਪਾਰ ਹੈ। ਸਾਡੇ ਪਾਪਾਂ ਦੀ ਗਿਣਤੀ ਕੀ ਹੈ? ਉਹ ਤਾਂ ਮਾਫ ਕਰ ਦੇਵੇਗਾ। ਅਸੀਂ ਕਿਉਂ ਪਰੇਸ਼ਾਨ ਹੋਈਏ? ਆਲਸ ਪੈਦਾ ਹੋ ਰਿਹਾ ਹੈ। ਤਮਸ

ਪੈਦਾ ਹੋ ਰਿਹਾ ਹੈ।

ਭਗਤ ਦੀ ਭੁੱਲ ਜੇਕਰ ਪੈਦਾ ਹੋ ਜਾਵੇ ਤਾਂ ਤਮਸ ਪੈਦਾ ਹੁੰਦਾ ਹੈ। ਗਿਆਨੀ ਦੀ ਭੁੱਲ ਜੇਕਰ ਪੈਦਾ ਹੋ ਜਾਵੇ ਤਾਂ ਉਦਾਸੀ, ਸੁੱਕਾਪਣ, ਮਾਰੂਥਲ। ਸਭ ਹਰਿਆਵਲ ਵਿਦਾ ਹੋ ਜਾਂਦੀ ਹੈ ਸਭ ਫੁੱਲ ਖਿੜਨੇ ਬੰਦ ਹੋ ਜਾਂਦੇ ਹਨ। ਬਸੰਤ ਫਿਰ ਨਹੀਂ ਆਉਂਦਾ।

ਭੁੱਲਾਂ ਤੋਂ ਬਚਣਾ। ਕਿਹੜੀ ਭਾਸ਼ਾ ਤੁਸੀਂ ਚੁਣਦੇ ਹੋ, ਇਸਦੀ ਬਹੁਤੀ ਚਿੰਤਾ ਨਹੀਂ ਹੈ। ਇੰਨਾ ਹੀ ਖ਼ਿਆਲ ਰਖਣਾ ਕਿ ਉਸ ਤੋਂ ਕੋਈ ਗ਼ਲਤ ਨਤੀਜਾ ਨਾ ਲੈ ਲੈਣਾ। ਤਾਂ ਤੁਸੀਂ ਕਿਸੇ ਵੀ ਰਾਹ ਤੋਂ ਪਹੁੰਚ ਸਕਦੇ ਹੋ।

ਗਿਆਨੀ ਆਪਣੇ ਸਬੰਧ ਵਿਚ ਕਹਿ ਰਿਹਾ ਹੈ ਕਿ ਪਰਮਾਤਮਾ ਨਿਯਮ ਹੈ। ਸੱਚ ਤਾਂ ਇਹ ਹੈ, ਅਸੀਂ ਜਦ ਵੀ ਪਰਮਾਤਮਾ ਦੇ ਸਬੰਧ ਵਿਚ ਕੁਝ ਕਹਿੰਦੇ ਹਾਂ ਤਾਂ ਆਪਣੇ ਸਬੰਧ ਵਿਚ ਕੁਝ ਕਹਿੰਦੇ ਹਾਂ। ਪਰਮਾਤਮਾ ਦੇ ਸਬੰਧ ਵਿਚ ਕੁਝ ਵੀ ਨਹੀਂ ਕਿਹਾ ਜਾ ਸਕਦਾ। ਬਚਨਾਂ ਤੋਂ ਪਾਰ ਹੈ। ਵਿਆਖਿਆ ਤੋਂ ਪਾਰ ਹੈ। ਅਤੇ, ਜੇਕਰ ਪਰਮਾਤਮਾ ਦੇ ਸਬੰਧ ਵਿਚ ਕੁਝ ਕਹਿਣਾ ਹੋਵੇ ਤਾਂ ਸਾਡੇ ਕੋਈ ਸ਼ਬਦ ਕੰਮ ਨਹੀਂ ਆ ਸਕਦੇ—ਨਾ ਤਾਂ ਪ੍ਰੇਮ, ਅਤੇ ਨਾ ਨਿਯਮ। ਕਿਉਂਕਿ ਸਾਡੇ ਸਾਰੇ ਸ਼ਬਦ ਸਾਡੇ ਹਨ—ਛੋਟੇ–ਛੋਟੇ ਸ਼ਬਦ; ਜਿਵੇਂ ਸਾਡੇ ਛੋਟੇ–ਛੋਟੇ ਵਿਹੜੇ। ਇਹਨਾਂ ਛੋਟੇ–ਛੋਟੇ ਵਿਹੜਿਆਂ ਵਿਚ ਕਿਵੇਂ ਅਕਾਸ਼ ਨੂੰ ਸਮਾਉਗੇ? ਅਤੇ ਅਜੇਹਾ ਵੀ ਨਹੀਂ ਹੈ ਕਿ ਤੁਹਾਡੇ ਵਿਹੜੇ ਵਿਚ ਅਕਾਸ਼ ਨਹੀਂ ਹੈ—ਬਸ ਅਕਾਸ਼ ਦਾ ਇਕ ਅੰਸ਼ਮਾਤਰ ਹੈ, ਪੂਰਾ ਅਕਾਸ਼ ਨਹੀਂ ਹੋ ਸਕਦਾ ਹੈ। ਇਵੇਂ ਸਾਡੇ ਹਰ ਸ਼ਬਦ ਵਿਚ ਪਰਮਾਤਮਾ ਦਾ ਇਕ ਅੰਸ਼ਮਾਤਰ ਹੋ ਸਕਦਾ ਹੈ, ਪੂਰਾ ਪਰਮਾਤਮਾ ਨਹੀਂ ਹੋ ਸਕਦਾ।

ਲੇਕਿਨ ਆਦਮੀ ਦਾ ਭੁਲੇਖਾ, ਵਿਚਾਰਨਾ ਦਾ ਅੰਨ੍ਹਾਪਣ ਅਜੇਹਾ ਹੈ ਕਿ ਜਦ ਉਹ ਦਾਅਵਾ ਕਰਦਾ ਹੈ ਤਾਂ ਅਤਿਕਥਣੀ ਪੂਰਨ ਕਰ ਦਿੰਦਾ ਹੈ। ਫਿਰ ਉਹ ਭੁੱਲ ਹੀ ਜਾਂਦਾ ਹੈ ਕਿ ਇਹ ਛੋਟਾ ਵਿਹੜਾ, ਮੈਂ ਇਸਨੂੰ ਹੀ ਪੂਰਾ ਅਕਾਸ਼ ਕਹਾਂ? ਤਾਂ ਭਗਤ ਵੀ ਉਹੋ–ਜਿਹੀ ਭੁੱਲ ਕਰ ਦਿੰਦਾ ਹੈ ਕਿ ਆਪਣੇ ਛੋਟੇ ਵਿਹੜੇ ਨੂੰ ਪੂਰਾ ਅਕਾਸ਼ ਕਹਿ ਦਿੰਦਾ ਹੈ—ਕਿ ਬਸ, ਪਰਮਾਤਮਾ ਅਜੇਹਾ ਹੈ, ਕਿ ਪਰਮਾਤਮਾ ਪ੍ਰੇਮ ਹੈ, ਅਤੇ ਹੋਰ ਕੁਝ ਨਹੀਂ ਹੈ। ਅਤੇ ਗਿਆਨੀ ਵੀ ਭੁੱਲ ਕਰ ਦਿੰਦਾ ਹੈ। ਕਹਿੰਦਾ ਹੈ, ਬਸ ਪਰਮਾਤਮਾ ਨਿਯਮ ਹੈ, ਹੋਰ ਕੁਝ ਨਹੀਂ ਹੈ।

ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ, ਪਰਮਾਤਮਾ ਦੇ ਸਬੰਧ ਵਿਚ ਜਿੰਨੀਆਂ ਗੱਲਾਂ ਕਹੀਆਂ ਗਈਆਂ ਹਨ, ਸਭ ਸੱਚ ਹਨ। ਅਤੇ ਜਿੰਨੀਆਂ ਗੱਲਾਂ ਅਜੇ ਨਹੀਂ ਕਹੀਆਂ ਗਈਆਂ ਹਨ, ਕਹੀਆਂ ਜਾਣਗੀਆਂ ਕਦੇ, ਉਹ ਵੀ ਸੱਚ ਹਨ। ਅਤੇ ਅਜੇਹੀਆਂ ਵੀ ਗੱਲਾਂ ਹਨ ਜੋ ਨਾ ਕਹੀਆਂ ਗਈਆਂ ਹਨ ਅਤੇ ਨਾ ਕਹੀਆਂ ਜਾ ਸਕਣਗੀਆਂ, ਉਹ ਵੀ ਸੱਚ ਹਨ। ਪਰਮਾਤਮਾ ਵਿਰਾਟ ਹੈ, ਅਨੰਤ ਹੈ। ਅਸੀਂ ਕਹਿ–ਕਹਿ ਕੇ ਉਸਨੂੰ ਮੁੱਕਦਾ ਨਹੀਂ ਕਰ ਪਾਵਾਂਗੇ। ਸਾਡੀਆਂ ਸਭ ਭਾਸ਼ਾਵਾਂ ਛੋਟੀਆਂ ਪੈ ਜਾਣਗੀਆਂ। ਸਾਡੇ ਸਭ ਪੈਮਾਨੇ ਛੋਟੇ ਪੈ ਜਾਣਗੇ। ਸਾਡੀਆਂ ਛੋਟੀਆਂ–ਛੋਟੀਆਂ ਪਿਆਲੀਆਂ ਵਿਚ ਅਸੀਂ ਕਿੰਨਾ ਉਸਨੂੰ ਭਰਾਂਗੇ? ਸਾਗਰ ਵੱਡਾ ਹੈ।

ਅਰਿੱਸਤੋਤਲ ਘੁੰਮਦਾ ਸੀ ਸਾਗਰ ਦੇ ਤਟ 'ਤੇ, ਉਸਨੇ ਇਕ ਆਦਮੀ ਨੂੰ ਦੇਖਿਆ। ਬੜਾ ਪਾਗਲ ਆਦਮੀ ਮਲੂਮ ਪਿਆ ਉਹ। ਉਹ ਇਕ ਛੋਟੀ-ਜਿਹੀ ਪਿਆਲੀ ਵਿਚ, ਚਾਹ ਪੀਣ ਵਾਲੀ ਪਿਆਲੀ ਵਿਚ ਸਾਗਰ ਦਾ ਪਾਣੀ ਭਰ ਕੇ ਲਿਆਉਂਦਾ ਸੀ ਅਤੇ ਇਕ ਛੋਟਾ-ਜਿਹਾ ਟੋਆ ਪੁੱਟ ਰਖਿਆ ਸੀ ਉਸਨੇ ਕੰਢੇ 'ਤੇ, ਉਸ ਵਿਚ ਪਾ ਦਿੰਦਾ ਸੀ। ਫਿਰ ਦੌੜ ਜਾਂਦਾ, ਫਿਰ ਪਾਉਂਦਾ। ਫਿਰ ਦੌੜਦਾ ਜਾਂਦਾ, ਫਿਰ ਪਾਉਂਦਾ। ਅਰਿੱਸਤੋਤਲ ਘੁੰਮਦਾ ਰਿਹਾ, ਘੁੰਮਦਾ ਰਿਹਾ; ਵਿਚਾਲੇ ਬੋਲਣਾ ਨਹੀਂ ਹੈ—ਕਿਸੇ ਦੂਜੇ ਆਦਮੀ ਦੇ ਕੰਮ ਵਿਚ ਕਿਉਂ ਵਿਘਨ ਪਾਉਣਾ? ਲੇਕਿਨ ਫਿਰ ਉਸਦੀ ਜਿਗਿਆਸਾ ਪਰਬਲ ਹੋ ਉਠੀ। ਨਹੀਂ ਰੋਕ ਸਕਿਆ ਆਪਣੇ-ਆਪ ਨੂੰ। ਕਿਹਾ ਕਿ ਬਈ ਮੈਨੂੰ ਤੇਰੇ ਕੰਮ ਵਿਚ ਵਿਘਨ ਨਹੀਂ ਪਾਉਣਾ ਚਾਹੀਦਾ, ਪਰ ਮੇਰੀ ਸਮਝ ਵਿਚ ਨਹੀਂ ਆ ਰਿਹਾ, ਤੂੰ ਕੀ ਕਰ ਰਿਹਾ ਹੈਂ? ਤੂੰ ਇਹ ਪਿਆਲੀ-ਭਰ ਪਾਣੀ ਭਰ ਲਿਆਉਂਦਾ ਹੈਂ, ਇਸ ਰੇਤ ਵਿਚ ਪੁਟੇ ਟੋਏ ਵਿਚ ਪਾਉਂਦਾ ਹੈਂ, ਉਹ ਖੋ ਜਾਂਦਾ ਹੈ। ਫਿਰ ਤੂੰ ਦੌੜ ਜਾਂਦਾ ਹੈਂ, ਜਦ ਤਕ ਤੂੰ ਮੁੜਦਾ ਹੈਂ, ਉਹ ਪਹਿਲਾਂ ਵਾਲਾ ਪਾਣੀ ਤਾਂ ਰੇਤ ਪੀ ਗਈ। ਤੂੰ ਕਰ ਕੀ ਰਿਹਾ ਹੈਂ? ਇਸ ਤੋਂ ਮਕਸਦ ਕੀ ਹੈ?

ਉਸ ਆਦਮੀ ਨੇ ਕਿਹਾ, ਮੈਂ ਤੈਅ ਕੀਤਾ ਹੈ ਕਿ ਪੂਰੇ ਸਾਗਰ ਨੂੰ ਇਸ ਟੋਏ ਵਿਚ ਉਲਟਾਵਾਂਗਾ। ਅਰਿੱਸਤੋਤਲ ਹੱਸਣ ਲੱਗਿਆ। ਉਸਨੇ ਕਿਹਾ, ਤੂੰ ਪਾਗਲ ਹੈਂ। ਅਜੇਹਾ ਸੁਣ ਕੇ ਉਹ ਆਦਮੀ ਹੋਰ ਵੀ ਜ਼ੋਰ ਨਾਲ ਹੱਸਿਆ। ਅਤੇ ਉਸਨੇ ਕਿਹਾ, ਜੇ ਮੈਂ ਪਾਗਲ ਹਾਂ ਅਰਿੱਸਤੋਤਲ,. ਤਾਂ ਜ਼ਰਾ ਆਪਣੇ ਸਬੰਧ ਵਿਚ ਵਿਚਾਰ ਕਰ ਲਵੀਂ। ਤੂੰ ਕੀ ਕਰ ਰਿਹਾ ਹੈਂ? ਇਹ ਖੋਪਰੀ ਆਦਮੀ ਦੀ ਕੋਈ ਚਾਹ ਪੀਣ ਦੀ ਪਿਆਲੀ ਤੋਂ ਬਹੁਤੀ ਵੱਡੀ ਹੈ? ਇਸ ਵਿਚ ਭਰ-ਭਰ ਕੇ ਤੂੰ ਪਰਮਾਤਮਾ ਨੂੰ ਮੁਕਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈਂ।

ਇਹੀ ਅਰਿੱਸਤੋਤਲ ਕਰ ਰਿਹਾ ਸੀ ਜੀਵਨ-ਭਰ। ਤਰਕਸ਼ੀਲ ਆਦਮੀ ਸੀ। ਤਰਕ ਦਾ ਜਨਮਦਾਤਾ ਸੀ ਪੱਛਮ ਵਿਚ। ਤਰਕ ਦਾ ਪਿਤਾ। ਉਸਦਾ ਕੰਮ ਹੀ ਇਹੀ ਸੀ ਕਿ ਸਾਰਾ ਵਜੂਦ ਤਰਕ ਦੀ ਪ੍ਰਣਾਲੀ ਨਾਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇ। ਉਸ ਆਦਮੀ ਨੇ ਅਰੱਸਤੂ ਨੂੰ ਇਕ ਧੱਕਾ ਦੇ ਦਿਤਾ। ਉਹ ਆਦਮੀ ਪਰਮ ਗਿਆਨੀ ਰਿਹਾ ਹੋਵੇਗਾ। ਰਿਹਾ ਹੋਵੇਗਾ ਕੋਈ ਮਸਤ ਫ਼ਕੀਰ, ਜੋ ਅਰਿੱਸਤੋਤਲ ਨੂੰ ਜਗਾਉਣ ਆਇਆ ਸੀ। ਉਸ ਦਿਨ ਤੋਂ ਅਰਿੱਸਤੋਤਲ ਦੇ ਜੀਵਨ ਵਿਚ ਬੜਾ ਫਰਕ ਪਿਆ। ਪੁਰਾਣੀ ਆਕੜ ਨਾ ਰਹੀ। ਜਦ ਵੀ ਸੋਚਣ ਬੈਠਦਾ, ਤਦੇ ਉਸ ਆਦਮੀ ਦੀ ਯਾਦ ਆਉਂਦੀ—ਉਹ ਪਿਆਲੀ, ਸਾਗਰ ਦਾ ਪਾਣੀ ਭਰਨਾ, ਟੋਏ ਵਿਚ ਪਾਉਣਾ।

ਆਦਮੀ ਦੀ ਬੁੱਧੀ ਹੋਰ ਜ਼ਿਆਦਾ ਕਰ ਵੀ ਕੀ ਸਕਦੀ ਹੈ? ਆਦਮੀ ਜੋ ਵੀ ਕਹਿੰਦਾ ਹੈ ਪਰਮਾਤਮਾ ਦੇ ਸਬੰਧ ਵਿਚ, ਆਪਣੇ ਸਬੰਧ ਵਿਚ ਕਹਿੰਦਾ ਹੈ। ਆਪਣੀ ਅੱਖ ਦੇ ਸਬੰਧ ਵਿਚ ਕਹਿੰਦਾ ਹੈ। ਆਪਣੇ ਦੇਖਣ ਦੇ ਢੰਗ ਦੇ ਸਬੰਧ ਵਿਚ ਕਹਿੰਦਾ ਹੈ। ਆਪਣੇ ਜੀਣ-ਢੰਗ ਦੇ ਸਬੰਧ ਵਿਚ ਕਹਿੰਦਾ ਹੈ।

ਤੁਹਾਨੂੰ ਜੋ ਜਚ ਜਾਵੇ, ਉਸਦੇ ਮੁਤਾਬਕ ਚੱਲ ਪੈਣਾ। ਪਰ ਇੰਨਾ ਹੀ ਖ਼ਿਆਲ ਰਖਣਾ, ਹਰ ਰਾਹ ਦੇ ਲਾਭ ਹਨ,

ਹਰ ਰਾਹ ਦੀਆਂ ਹਾਨੀਆਂ ਹਨ। ਹਾਨੀਆਂ ਤੋਂ ਸਾਵਧਾਨ ਰਹਿਣਾ। ਅਜੇਹਾ ਕੋਈ ਵੀ ਰਾਹ ਨਹੀਂ ਹੈ ਜਿਸ ਦੀਆਂ ਹਾਨੀਆਂ ਨਾ ਹੋਣ ਅਤੇ ਜਿਸ ਉਤੇ ਹਾਨੀ ਦੀ ਸੰਭਾਵਨਾ ਨਾ ਹੋਵੇ। ਜਿੰਨਾ ਲਾਭ ਹੋਵੇ ਉਨੀ ਹੀ ਹਾਨੀ ਦੀ ਸੰਭਾਵਨਾ ਹੈ। ਜਿੰਨਾ ਜ਼ਿਆਦਾ ਲਾਭ ਹੋਵੇ ਉਨੀ ਹੀ ਜ਼ਿਆਦਾ ਹਾਨੀ ਦੀ ਸੰਭਾਵਨਾ ਹੈ। ਲਾਭ ਅਤੇ ਹਾਨੀ ਸਦਾ ਅਨੁਪਾਤ ਵਿਚ ਹੁੰਦੇ ਹਨ।

ਦੂਜਾ ਸਵਾਲ ਵੀ ਪਹਿਲੇ ਨਾਲ ਕੁਝ ਸਬੰਧਤ ਹੈ। ਦੂਜਾ ਸਵਾਲ ਹੈ: ਕਹਿੰਦੇ ਹਨ ਕਿ ਖੇਡ ਦੇ ਵੀ ਨਿਯਮ ਹੁੰਦੇ ਹਨ। ਫਿਰ ਇਹ ਕੇਹਾ ਕਿ ਪ੍ਰੇਮ ਵਿਚ ਕੋਈ ਨਿਯਮ ਨਾ ਹੋਵੇ?

ਸੁੰਦਰਦਾਸ ਨੇ ਕਲ੍ਹ ਕਿਹਾ ਕਿ ਪ੍ਰੇਮ ਵਿਚ ਕੋਈ ਨਿਯਮ ਨਹੀਂ। ਇਸਲਈ ਪੁਛਿਆ ਹੈ : ਕਹਿੰਦੇ ਹਨ ਕਿ ਖੇਡ ਦੇ ਵੀ ਨਿਯਮ ਹੁੰਦੇ ਹਨ।

ਖੇਡ ਦੇ ਨਿਯਮ ਹੁੰਦੇ ਹਨ, ਜ਼ਰੂਰ ਹੁੰਦੇ ਹਨ। ਅਤੇ ਖੇਡ ਦੇ ਵੀ ਨਿਯਮ ਹੁੰਦੇ ਹਨ, ਅਜੇਹਾ ਨਹੀਂ; ਜੇਕਰ ਠੀਕ ਤਰ੍ਹਾਂ ਸਮਝੋਗੇ ਤਾਂ ਖੇਡ ਦੇ ਹੀ ਨਿਯਮ ਹੁੰਦੇ ਹਨ। ਅਤੇ ਪ੍ਰੇਮ ਖੇਡ ਨਹੀਂ ਹੈ। ਅਤੇ ਜਦ ਪ੍ਰੇਮ ਖੇਡ ਨਹੀਂ ਹੁੰਦਾ, ਤਦੇ ਪ੍ਰਾਰਥਨਾ ਦਾ ਜਨਮ ਹੁੰਦਾ ਹੈ।

ਤੁਸੀਂ ਜਿਸਨੂੰ ਪ੍ਰੇਮ ਸਮਝ ਰਹੇ ਹੋ, ਉਹ ਤਾਂ ਖੇਡ ਹੈ, ਉਸਦੇ ਤਾਂ ਨਿਯਮ ਹਨ। ਪਤੀ-ਪਤਨੀ ਦੇ ਦਰਮਿਆਨ ਨਿਯਮ ਹੁੰਦੇ ਹਨ। ਨਹੀਂ ਤਾਂ ਵਿਆਹ ਕੀ ਹੈ? ਸਭ ਨਿਯਮ ਨਾਲ ਖੇਡ ਚੱਲ ਰਹੀ ਹੈ। ਬੈਂਡ-ਬਾਜਾ ਵੱਜੇਗਾ। ਘੋੜੇ ਉਤੇ ਸਵਾਰ ਹੋਵੇਗਾ ਲਾੜਾ, ਲਾੜੀ ਸਜੇਗੀ, ਬਰਾਤ ਨਿਕਲੇਗੀ। ਇਹ ਸਭ ਨਿਯਮ ਹਨ। ਇਹਨਾਂ ਨਿਯਮਾਂ ਦੇ ਜ਼ਰੀਏ ਇਕ ਗੱਲ ਗਹਿਰਾਈ ਜਾ ਰਹੀ ਹੈ ਮਨ ਵਿਚ, ਕੋਈ ਬਹੁਤ ਮਹੱਤਵਪੂਰਨ ਕਾਰਜ ਹੋ ਰਿਹਾ ਹੈ? ਉਂਜ ਘੋੜੇ ਉਤੇ ਬੈਠੇ ਨਹੀਂ ਸੀ। ਹੁਣ ਘੋੜੇ ਉਤੇ ਬੈਠੇ ਹਨ। ਲਾੜੇ ਨੂੰ ਆਖਦੇ ਹਨ-'ਲਾੜਾ ਰਾਜਾ!' ਮੋਰ ਬੰਨ੍ਹਿਆਂ ਹੋਇਆ ਹੈ। ਤਲਵਾਰ ਲਮਕਾਈ ਹੋਈ ਹੈ। ਤਲਵਾਰ-ਜਿਸ ਨਾਲ ਸਬਜ਼ੀ ਵੀ ਨਾ ਕੱਟੀ ਜਾਵੇ! ਐਪਰ ਆਕੜ ਦੇਣ ਦੀ ਖ਼ਾਤਰ। ਵਸਤਰ ਪਹਿਨਾਏ ਹੋਏ ਹਨ-ਉਚੇਚੇ, ਜਿਵੇਂ ਜੇਕਰ ਅਜੇਹੇ ਹੀ ਪਹਿਨ ਕੇ ਨਿਕਲੋ ਤਾਂ ਲੋਕ ਭੀੜ ਲਾ ਕੇ ਦੇਖਣ ਅਤੇ ਆਖਣ ਕਿ ਦਿਮਾਗ਼ ਖ਼ਰਾਬ ਹੋ ਗਿਆ ਹੈ ਜਾਂ ਕੀ ਗੱਲ ਹੈ? ਇਕ ਉਚੇਚ ਦੇਣ ਦੇ ਲਈ, ਤਾਂ ਜੋ ਤੁਹਾਡੇ ਮਨ ਵਿਚ ਇਹ ਛਾਪ ਪਈ ਰਹਿ ਜਾਵੇ ਕਿ ਕੋਈ ਮਹੱਤਵਪੂਰਨ ਕਾਰਜ ਹੋਇਆ ਹੈ।

ਫਿਰ ਮੰਤਰ-ਜਾਪ ਹੈ, ਪੂਜਾ-ਪਾਠ ਹੈ, ਹਵਨ ਹੈ, ਫਿਰ ਹਵਨ ਦੇ ਚਾਰੇ ਪਾਸੇ ਸੱਤ ਫੇਰੇ ਹਨ। ਪੰਡਤਾਂ ਦਾ ਸੰਸਕ੍ਰਿਤ ਦਾ ਉਚਾਰ, ਜੋ ਤੁਹਾਨੂੰ ਕੁਝ ਸਮਝ ਵਿਚ ਨਹੀਂ ਆਉਂਦਾ ਕਿ ਕੀ ਕਿਹਾ ਜਾ ਰਿਹਾ ਹੈ, ਕਿਉਂ ਕਿਹਾ ਜਾ ਰਿਹਾ ਹੈ। ਨਾ ਪੰਡਤ ਨੂੰ ਪਤਾ ਹੈ, ਨਾ ਤੁਹਾਨੂੰ ਪਤਾ ਹੈ।... ਕੁਝ ਉਚੇਚਾ ਹੋ ਰਿਹਾ ਹੈ! ਇਕ ਉਚੇਚਤਾ ਦੀ ਹਵਾ ਪੈਦਾ ਕੀਤੀ ਜਾ ਰਹੀ ਹੈ। ਸੱਤ ਚੱਕਰ ਲਗਾ ਦਿਤੇ ਗਏ, ਇਕ ਗੰਢ ਬੰਨ੍ਹ ਦਿਤੀ ਗਈ, ਕਸਮ ਖੁਆ ਦਿਤੀ ਗਈ-ਸਮਾਜ ਦੇ ਸਾਹਮਣੇ, ਸਾਰੇ ਲੋਕ ਮੌਜੂਦ ਹਨ। ਸਮਾਜ ਨੇ ਸੀਲ-ਮੋਹਰ ਲਾ ਦਿਤੀ। ਇਹ ਸਭ ਖੇਡ ਦੇ ਨਿਯਮ ਹਨ।

ਇਕ ਸੱਜਣ ਮੇਰੇ ਕੋਲ ਆਉਂਦੇ ਹਨ, ਉਹ ਕਹਿੰਦੇ ਹਨ ਕਿ ਬੜਾ ਪਰੇਸ਼ਾਨ ਹਾਂ। ਵਰ੍ਹੇ ਬੀਤ ਗਏ. ਇਸ ਇਸਤ੍ਰੀ ਦੇ ਨਾਲ ਜਿਸ ਦਿਨ ਤੋਂ ਮੇਰਾ ਵਿਆਹ ਹੋਇਆ ਹੈ, ਸ਼ਾਂਤੀ ਨਹੀਂ ਜਾਣੀ। ਤਾਂ ਮੈਂ ਉਹਨਾਂ ਨੂੰ ਕਿਹਾ ਕਿ ਕੋਈ ਰਾਹ ਨਾ ਬਣਦਾ ਹੋਵੇ ਤਾਂ ਛੁੱਟ ਜਾਉ, ਅਲੱਗ ਹੋ ਜਾਉ। ਉਹ ਕਹਿਣ ਲੱਗੇ, ਕਿਵੇਂ ਛੁੱਟ ਜਾਉ? ਸੱਤ ਫੇਰੇ ਪੈ ਚੁਕੇ ਹਨ। ਤਾਂ ਮੈਂ ਕਿਹਾ, ਉਲਟੇ ਫੇਰੇ ਲਾ ਲਵੋ, ਹੋਰ ਕੀ ਕਰੋਗੇ? ਆਖਰ ਫੇਰੇ ਹੀ ਪਏ ਹਨ ਨਾ, ਸੋ ਰਾਹ ਤਾਂ ਹੈ ਹੀ। ਫਿਰ ਬੈਂਡ-ਬਾਜਾ ਵਜਵਾ ਦਿਉ, ਫਿਰ ਬੈਠ ਜਾਉ ਘੋੜੇ ਉਤੇ। ਇਸ ਵਾਰੀ ਉਲਟੇ ਬੈਠ ਜਾਣਾ। ਫਿਰ ਇਕੱਠੇ ਕਰ ਲਵੋ ਲੋਕਾਂ ਨੂੰ ਅਤੇ ਉਲਟੇ ਚੱਕਰ ਲਾ ਲੈਣਾ ਅਤੇ ਗੰਢ ਖੋਲ੍ਹ ਕੇ ਕਹਿਣਾ ਕਿ ਨਿਮਸਕਾਰ।

ਐਪਰ ਅਸੀਂ ਇਸੇਲਈ ਸਦੀਆਂ ਤਕ ਤਲਾਕ ਦਾ ਮੌਕਾ ਨਹੀਂ ਦਿਤਾ ਸੀ, ਕਿਉਂਕਿ ਜੇਕਰ ਤਲਾਕ ਦਾ ਮੌਕਾ ਹੋਵੇ ਤਾਂ ਵਿਆਹ ਦੀ ਖੇਡ ਦੀ ਗੰਭੀਰਤਾ ਨਸ਼ਟ ਹੋ ਜਾਂਦੀ ਹੈ। ਫਿਰ ਅਜੇਹਾ ਲਗਦਾ ਹੈ, ਇਹ ਖੇਡ ਤਾਂ ਤੋੜੀ ਵੀ ਜਾ ਸਕਦੀ ਹੈ। ਤਾਂ ਫਿਰ ਲੱਗਣ ਲਗਦਾ ਹੈ ਕਿ ਇਹ ਖੇਡ ਹੀ ਹੈ। ਜਦ ਤਲਾਕ ਹੋ ਸਕਦਾ ਹੈ ਤਾਂ ਵਿਆਹ ਖੇਡ ਮਲੂਮ ਹੋਣ ਲਗਦਾ ਹੈ। ਤਲਾਕ ਹੋ ਹੀ ਨਹੀਂ ਸਕਦਾ, ਤਾਂ ਫਿਰ ਵਿਆਹ ਖੇਡ ਨਹੀਂ ਹੈ।

ਖੇਡ ਦੇ ਬਾਹਰ ਤਾਂ ਤੁਸੀਂ ਆ ਸਕਦੇ ਹੋ। ਤਾਸ਼ ਖੇਡਣ ਬੈਠੇ, ਨਹੀਂ ਖੇਡਣਾ ਤਾਂ ਉਠ ਗਏ। ਖੇਡ ਨੂੰ ਤਾਂ ਕਦੇ ਵੀ ਬੰਦ ਕੀਤਾ ਜਾ ਸਕਦਾ ਹੈ। ਵਿਆਹ ਖੇਡ ਨਹੀਂ ਹੈ, ਅਜੇਹੀ ਤੁਹਾਡੇ ਮਨ ਵਿਚ ਧਾਰਨਾ ਬਿਠਾਉਣ ਦੇ ਲਈ, ਤਲਾਕ ਨੂੰ ਰੋਕਿਆ ਗਿਆ ਸੀ। ਅਤੇ ਜਿਨ੍ਹਾਂ-ਜਿਨ੍ਹਾਂ ਦੇਸ਼ਾਂ ਵਿਚ ਤਲਾਕ ਨੂੰ ਸਹੂਲਤ ਮਿਲ ਗਈ ਹੈ, ਉਹਨਾਂ-ਉਹਨਾਂ ਦੇਸ਼ਾਂ ਵਿਚ ਵਿਆਹ ਵਿਦਾ ਹੋ ਰਿਹਾ ਹੈ। ਹੋ ਹੀ ਜਾਵੇਗਾ, ਕਿਉਂਕਿ ਜਦ ਖੇਡ ਹੀ ਹੈ ਤਾਂ ਜਦ ਤਕ ਖੇਡਣਾ ਹੈ ਖੇਡੋ, ਜਦ ਨਹੀਂ ਖੇਡਣਾ ਹੈ ਤਾਂ ਖ਼ਤਮ ਕਰੋ। ਕਸ਼ਟ ਝੱਲਣ ਦੀ ਕੋਈ ਲੋੜ ਨਹੀਂ ਹੈ।

ਪ੍ਰੇਮ-ਜਿਸ ਪ੍ਰੇਮ ਦੀ ਗੱਲ ਸੁੰਦਰਦਾਸ ਕਰ ਰਹੇ ਹਨ ਜਾਂ ਮੈਂ ਕਰ ਰਿਹਾ ਹਾਂ-ਖੇਡ ਦੀ ਗੱਲ ਨਹੀਂ ਹੈ। ਖੇਡ ਦੇ ਪਾਰ ਉਠਣ ਦੀ ਗੱਲ ਹੈ। ਇਸ ਜਗਤ ਵਿਚ ਇਕ ਹੀ ਤਾਂ ਚੀਜ਼ ਹੈ ਜੋ ਖੇਡ ਨਹੀਂ ਹੈ, ਉਹ ਪਰਮਾਤਮਾ ਹੈ। ਬਾਕੀ ਸਭ ਖੇਡ ਹੈ। ਪਰਮਾਤਮਾ ਨਾਲ ਜੁੜਨ ਦਾ ਨਾਂ ਪ੍ਰੇਮ ਹੈ। ਉਥੇ ਕੇਹੇ ਨਿਯਮ? ਕਿਉਂਕਿ ਜੇ ਉਥੇ ਵੀ ਨਿਯਮ ਹੋਣ ਤਾਂ ਨਿਯਮ ਬਚਾਏ ਜਾ ਸਕਦੇ ਹਨ। ਜੇ ਨਿਯਮ ਹੋਣ ਤਾਂ ਨਿਯਮ ਤੋਂ ਬਚਣ ਦੀਆਂ ਤਰਕੀਬਾਂ ਕਢੀਆਂ ਜਾ ਸਕਦੀਆਂ ਹਨ। ਹਰ ਨਿਯਮ ਵਿਚੋਂ ਉਪਾਅ ਕਢਿਆ ਜਾ ਸਕਦਾ ਹੈ।

ਲੇਕਿਨ ਪਰਮਾਤਮਾ ਅਤੇ ਮਨੁੱਖ ਦੇ ਵਿਚਲਾ ਸਬੰਧ ਨਿਯਮ ਦਾ ਸਬੰਧ ਨਹੀਂ ਹੈ-ਕੁਦਰਤ ਦਾ ਸਬੰਧ ਹੈ। ਇਹ ਕੋਈ ਨਿਯਮ ਨਹੀਂ ਹੈ ਕਿ ਆਦਮੀ ਪਰਮਾਤਮਾ ਨਾਲ ਜੁੜਿਆ ਹੈ। ਇਹ ਪ੍ਰਾਲਬੱਧ ਹੈ। ਅਜੇਹਾ ਵਜੂਦ ਦਾ ਇੰਤਜ਼ਾਮ ਹੈ। ਇਹ ਕੋਈ ਨਿਯਮ ਨਹੀਂ ਹੈ ਕਿ ਬਿਰਛ ਪ੍ਰਿਥਵੀ ਨਾਲ ਜੁੜਿਆ ਹੈ। ਬਿਰਛ ਪ੍ਰਿਥਵੀ ਦਾ ਹੀ ਰੂਪ ਹੈ, ਪ੍ਰਿਥਵੀ ਦਾ ਹੀ ਰੰਗ ਹੈ। ਪ੍ਰਿਥਵੀ ਨੇ ਹੀ ਆਪਣੇ ਹਰੇ ਰੰਗ ਨੂੰ ਬਿਰਛ ਵਿਚ ਪਲਟਾਇਆ ਹੈ। ਅਤੇ ਪ੍ਰਿਥਵੀ ਨੇ ਆਪਣੇ ਲਾਲ ਰੰਗ ਨੂੰ ਬਿਰਛ ਵਿਚ ਫੁੱਲ ਬਣਾਇਆ ਹੈ, ਅਤੇ ਪ੍ਰਿਥਵੀ ਵਿਚ ਛੁਪੀ ਹੋਈ ਸੁਗੰਧ ਬਿਰਛ-ਬਿਰਛ ਵਿਚ ਆ ਕੇ

ਪਰਗਟ ਹੋਈ ਹੈ। ਬਿਰਛ ਪ੍ਰਿਥਵੀ ਦਾ ਹੀ ਫੈਲਿਆ ਹੋਇਆ ਹੱਥ ਹੈ ਅਸਮਾਨ ਦੀ ਤਰਫ। ਇਹ ਪ੍ਰਿਥਵੀ ਦੀ ਚਾਹਨਾ ਹੈ ਚੰਦ ਤਾਰਿਆਂ ਨੂੰ ਛੋਹਣ ਦੀ। ਇਹ ਪ੍ਰਿਥਵੀ ਦੇ ਨੱਚਣ ਦਾ ਭਾਵ ਹੈ। ਇਹ ਪ੍ਰਿਥਵੀ ਮਸਤ ਹੋਣਾ ਚਾਹੁੰਦੀ ਹੈ। ਇਹ ਬਿਰਛ ਕਿਸੇ ਨਿਯਮ ਦੇ ਕਾਰਨ ਪ੍ਰਿਥਵੀ ਨਾਲ ਨਹੀਂ ਜੁੜਿਆ ਹੈ—ਇਹ ਪ੍ਰਿਥਵੀ ਦਾ ਹੀ ਹਿੱਸਾ ਹੈ।

ਜਿਵੇਂ ਬਿਰਛ ਪ੍ਰਿਥਵੀ ਦੇ ਨਾਲ ਇਕ ਹੈ, ਇਵੇਂ ਹੀ ਮਨੁੱਖ ਪਰਮਾਤਮਾ ਦੇ ਨਾਲ ਇਕ ਹੈ। ਮਨੁੱਖ ਪਰਮਾਤਮਾ ਦਾ ਹੀ ਫੈਲਾਅ ਹੈ, ਉਸੇ ਦਾ ਵਿਸਥਾਰ ਹੈ। ਜਿਸ ਦਿਨ ਇਹ ਗੱਲ ਪਛਾਣ ਵਿਚ ਆਉਂਦੀ ਹੈ, ਉਸ ਦਿਨ ਪ੍ਰੇਮ ਜਾਗਿਆ। ਉਸ ਪ੍ਰੇਮ ਦਾ ਕੋਈ ਨਿਯਮ ਨਹੀਂ ਹੁੰਦਾ। ਉਹ ਆਪ ਹੀ ਆਪਣਾ ਨਿਯਮ ਹੈ।

ਤੂੰ ਪੁਛਦਾ ਹੈਂ : 'ਕਹਿੰਦੇ ਹਨ ਖੇਡ ਦੇ ਵੀ ਨਿਯਮ ਹੁੰਦੇ ਹਨ।' ਖੇਡ ਦੇ ਤਾਂ ਨਿਯਮ ਹੁੰਦੇ ਹੀ ਹਨ। ਸੱਚ ਤਾਂ ਇਹ ਹੈ, ਖੇਡ ਨਿਯਮ ਉਤੇ ਹੀ ਨਿਰਭਰ ਹੁੰਦੀ ਹੈ। ਇਸਲਈ ਖੇਡ ਵਿਚ ਲੋਕ ਨਿਯਮ ਨੂੰ ਤੋੜਦੇ ਨਹੀਂ। ਨਿਯਮ ਨੂੰ ਤੋੜੋ ਤਾਂ ਖੇਡ ਖ਼ਤਮ। ਕੋਈ ਵੀ ਨਿਯਮ ਤੋੜ ਦਿਉ ਤਾਂ ਖੇਡ ਖ਼ਤਮ।

ਤੁਸੀਂ ਤਾਸ਼ ਖੇਡਣ ਬੈਠੇ ਹੋ ਤਾਂ ਤੁਹਾਨੂੰ ਮੰਨਣਾ ਪੈਂਦਾ ਹੈ ਕਿ ਇਹ ਰਾਜਾ ਹੈ, ਇਹ ਰਾਣੀ ਹੈ। ਅਤੇ ਤੁਸੀਂ ਵੀ ਜਾਣਦੇ ਹੋ ਕਿ ਕਾਗਜ਼ ਦਾ ਪੱਤਾ ਹੈ—ਨਾ ਕੋਈ ਰਾਜਾ ਹੈ, ਨਾ ਕੋਈ ਰਾਣੀ ਹੈ। ਹੁਣ ਤੁਸੀਂ ਇਹ ਨਹੀਂ ਕਹਿ ਸਕਦੇ ਖੜ੍ਹੇ ਹੋ ਕੇ ਕਿ ਅਸੀਂ ਰਾਜਾ-ਰਾਣੀ ਵਿਚ ਨਹੀਂ ਮੰਨਦੇ, ਕਿਉਂਕਿ ਅਸੀਂ ਤਾਂ ਲੋਕਤੰਤਰ ਵਿਚ ਮੰਨਦੇ ਹਾਂ। ਤਾਂ ਖੇਡ ਖ਼ਤਮ। ਤਾਂ ਫਿਰ ਗੱਲ ਬੰਦ ਹੋ ਗਈ। ਹੁਣ ਕੀ ਖੇਡੋਗੇ? ਰਾਜਾ-ਰਾਣੀ ਦੇ ਬਿਨਾਂ ਖੇਡ ਨਹੀਂ ਚੱਲ ਸਕੇਗੀ। ਹਾਲਾਂਕਿ ਜ਼ਿੰਦਗੀ ਤੋਂ ਵਿਦਾ ਹੋ ਗਏ, ਪਰ ਤਾਸ਼ ਦੇ ਪੱਤਿਆਂ ਵਿਚ ਹਾਲੇ ਹਨ। ਤਾਸ਼ ਦੇ ਪੱਤਿਆਂ ਵਿਚ ਰਹਿਣਗੇ।

ਕਹਿੰਦੇ ਹਨ, ਆਉਣ ਵਾਲੀ ਦੁਨੀਆਂ ਵਿਚ ਬਸ ਪੰਜ ਹੀ ਰਾਜਾ-ਰਾਣੀ ਰਹਿਣਗੇ—ਚਾਰ ਤਾਸ਼ ਦੇ ਪੱਤਿਆਂ ਦੇ ਅਤੇ ਇਕ ਇੰਗਲੈਂਡ ਦਾ। ਬਾਕੀ ਤਾਂ ਸਭ ਗਏ, ਕਿਉਂਕਿ ਇੰਗਲੈਂਡ ਦੀ ਰਾਣੀ ਹੋਵੇ ਜਾਂ ਰਾਜਾ, ਉਹ ਵੀ ਤਾਸ਼ ਦੇ ਪੱਤਿਆਂ ਵਰਗਾ ਹੈ। ਉਸ ਵਿਚ ਕੋਈ ਬਲ ਨਹੀਂ ਹੈ। ਸਿਰਫ ਨਾਂ-ਮਾਤਰ ਹੈ। ਖੇਡ ਦਾ ਇਕ ਹਿੱਸਾ ਹੈ। ਤੋੜਨ ਦੀ ਕੋਈ ਜ਼ਰੂਰਤ ਨਹੀਂ।

ਖੇਡਾਂ ਤਾਂ ਨਿਯਮ ਉਤੇ ਹੀ ਨਿਰਭਰ ਹੁੰਦੀਆਂ ਹਨ। ਤੁਸੀਂ ਆਪਣੇ ਨਿਯਮ ਨਹੀਂ ਚਲਾ ਸਕਦੇ। ਖੇਡ ਵਿਚ ਤਾਂ ਮੰਨ ਲਿਆ ਗਿਆ ਨਿਯਮ ਹੁੰਦਾ ਹੈ। ਤੁਸੀਂ ਜੇਕਰ ਸ਼ਤਰੰਜ ਖੇਡ ਰਹੇ ਹੋ ਤਾਂ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਅਸੀਂ ਆਪਣੀ ਹੀ ਚਾਲ ਤੈਅ ਕਰਾਂਗੇ—ਕਿ ਘੋੜਾ ਕਿਵੇਂ ਚੱਲੇ, ਊਠ ਕਿਵੇਂ ਚੱਲੇ, ਵਜ਼ੀਰ ਕਿਵੇਂ ਚੱਲੇ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਕੋਈ ਲਾਜ਼ਮ ਥੋੜ੍ਹਾ-ਈ ਹੈ ਕਿ ਵਜ਼ੀਰ ਇਉਂ ਹੀ ਚੱਲੇ ਕਿ ਘੋੜਾ ਇਉਂ ਹੀ ਚੱਲੇ; ਅਸੀਂ ਆਪਣਾ ਨਿਯਮ ਬਣਾਵਾਂਗੇ। ਦੂਜਾ ਬੰਦਾ ਆਪਣਾ ਨਿਯਮ ਬਣਾਏਗਾ, ਖੇਡ ਖ਼ਤਮ ਹੋ ਗਈ।

ਖੇਡ ਤਾਂ ਨਿਯਮ ਉਤੇ ਨਿਰਭਰ ਹੁੰਦੀ ਹੈ। ਉਹ ਤਾਂ ਸਮਝੌਤਾ ਹੈ। ਉਹ ਤਾਂ ਇਸ ਗੱਲ ਦੀ ਰਜ਼ਾਮੰਦੀ ਹੈ ਕਿ ਅਸੀਂ ਦੋਵੇਂ ਰਾਜ਼ੀ ਹਾਂ ਨਿਯਮ ਉਤੇ, ਤਾਂ ਹੀ ਖੇਡ ਚਲਦੀ ਹੈ।

ਜਿਨ੍ਹਾਂ ਦੀ ਜ਼ਿੰਦਗੀ ਨਿਯਮ ਦੇ ਮੁਤਾਬਕ ਚਲਦੀ ਹੈ, ਉਹਨਾਂ ਦੀ ਜ਼ਿੰਦਗੀ ਤਾਸ਼ ਦੇ ਪੱਤਿਆਂ ਜਿਹੀ ਖੇਡ ਹੈ, ਸ਼ਤਰੰਜ ਦੀ ਖੇਡ ਹੈ। ਕੁਝ ਜ਼ਿੰਦਗੀ ਵਿਚ ਖੋਜੋ ਜੋ ਨਿਯਮ ਨਹੀਂ ਹੈ। ਕੁਝ ਅਜੇਹਾ ਖੋਜੋ ਜੋ ਨਿਯਮ ਨਹੀਂ ਹੈ। ਉਹੀ ਸੱਚ ਹੈ। ਕੁਝ ਅਜੇਹਾ ਖੋਜੋ, ਜਿਸਦੇ ਲਈ ਤੁਸੀਂ ਕੋਈ ਸਮਝੌਤਾ ਨਹੀਂ ਕੀਤਾ। ਕੁਝ ਅਜੇਹਾ ਖੋਜੋ ਕਿ ਤੁਹਾਡੇ ਸਮਝੌਤਾ ਤੋੜਨ ਨਾਲ ਟੁੱਟ ਨਹੀਂ ਜਾਏਗਾ। ਕੁਝ ਅਜੇਹਾ ਖੋਜੋ ਜੋ ਤੁਹਾਡਾ ਕਾਂਨਟ੍ਰੈਕਟ ਨਹੀਂ ਹੈ। ਸਭ ਖੇਡ ਕਾਂਨਟ੍ਰੈਕਟ ਹੈ।

ਤਾਂ ਮੈਂ ਤੈਨੂੰ ਕਹਿਣਾ ਚਾਹਾਂਗਾ... ਪੁਛਿਐ ਤੂੰ : 'ਕਹਿੰਦੇ ਹਨ ਖੇਡ ਦੇ ਵੀ ਨਿਯਮ ਹੁੰਦੇ ਹਨ।' ਮੈਂ ਕਹਿਣਾ ਚਾਹੁੰਦਾ ਹਾਂ ਕਿ ਖੇਡ ਦੇ ਹੀ ਨਿਯਮ ਹੁੰਦੇ ਹਨ। ਅਤੇ ਜੇਕਰ ਤੁਹਾਡੀ ਜ਼ਿੰਦਗੀ ਵਿਚ ਨਿਯਮ ਹੀ ਨਿਯਮ ਹਨ ਤਾਂ ਤੁਸੀਂ ਖੇਡ ਹੀ ਖੇਡ ਵਿਚ ਪਏ ਹੋ। ਤੁਹਾਨੂੰ ਅਸਲੀਅਤ ਦਾ ਪਤਾ ਕਦੋਂ ਲੱਗੇਗਾ, ਕਿਵੇਂ ਲੱਗੇਗਾ? ਕੁਝ ਖੋਜੋ, ਜੋ ਨਿਯਮ ਦੇ ਬਾਹਰ ਹੈ, ਜੋ ਨਿਯਮ ਵਿਚ ਨਹੀਂ ਸਮਾਂਦਾ। ਉਥੋਂ ਤੋਂ ਹੀ ਦੁਆਰ ਮਿਲੇਗਾ। ਉਸੇ ਨੂੰ ਪ੍ਰੇਮ ਕਿਹਾ ਹੈ ਸੁੰਦਰਦਾਸ ਨੇ। ਅਤੇ ਉਸਦੀ ਸੰਭਾਵਨਾ ਹੈ।

ਅੜਿੱਚਣ ਇਹ ਆ ਰਹੀ ਹੈ ਕਿ ਤੁਸੀਂ ਜਿਸਨੂੰ ਪ੍ਰੇਮ ਸਮਝ ਰਖਿਆ ਹੈ, ਉਹ ਖੇਡ ਹੈ। ਅਤੇ ਤੁਸੀਂ ਬੜੇ ਡੁੱਬ ਕੇ ਖੇਡਦੇ ਹੋ, ਇਸ ਵਿਚ ਕੋਈ ਸ਼ੱਕ ਨਹੀਂ। ਲੋਕਾਂ ਸ਼ਤਰੰਜ ਖੇਡਣ ਵਿਚ ਤਲਵਾਰਾਂ ਖਿੱਚ ਲਈਆਂ ਹਨ। ਤਾਸ਼ ਦੇ ਪੱਤਿਆਂ ਵਿਚ ਝਗੜੇ ਹੋ ਗਏ ਹਨ ਜੋ ਜ਼ਿੰਦਗੀ-ਭਰ ਚਲੇ ਹਨ। ਲੋਕ ਬੜੀ ਗੰਭੀਰਤਾ ਨਾਲ ਖੇਡਦੇ ਹਨ। ਖੇਡ ਨੂੰ ਗੰਭੀਰਤਾ ਨਾਲ ਹੀ ਖੇਡਣਾ ਪੈਂਦਾ ਹੈ, ਨਹੀਂ ਤਾਂ ਤੁਹਾਨੂੰ ਦਿਸ ਹੀ ਜਾਏਗਾ ਕਿ ਖੇਡ ਹੈ, ਅਸੀਂ ਵੀ ਕੀ ਕਰ ਰਹੇ ਹਾਂ? ਜੇਕਰ ਤੁਸੀਂ ਖੇਡ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਤਾਂ ਤੁਹਾਨੂੰ ਮੂਰਖਤਾ ਮਲੂਮ ਪਏਗੀ।

ਜ਼ਰਾ ਸੋਚੋ ਕਿ ਪੁਲਾੜ ਤੋਂ ਕੋਈ ਯਾਤਰੂ ਉਤਰਦਾ ਹੈ—ਉਤਰੇਗਾ ਛੇਤੀ, ਕਿਉਂਕਿ ਉੜਨ-ਤਸ਼ਤਰੀਆਂ ਉੱਡ ਰਹੀਆਂ ਹਨ—ਕੋਈ ਪੁਲਾੜ ਦਾ ਯਾਤਰੂ ਉਤਰਦਾ ਹੈ ਅਤੇ ਤੁਹਾਡੇ ਖੇਡ ਦੇਖੇ। ਸਮਝੋ ਕਿ ਫੁਟਬਾਲ ਖੇਡ ਰਹੇ ਹੋ, ਕਿ ਵਾਲੀਬਾਲ ਖੇਡ ਰਹੇ ਹੋ। ਉਹ ਬੜਾ ਹੈਰਾਨ ਹੋਵੇਗਾ ਕਿ ਇਹਨਾਂ ਦਾ ਦਿਮਾਗ ਤਾਂ ਨਹੀਂ ਖ਼ਰਾਬ ਹੋ ਗਿਆ? ਗੇਂਦ ਨੂੰ ਇਧਰ ਤੋਂ ਉਧਰ ਸੁੱਟਦੇ, ਉਧਰ ਤੋਂ ਇਧਰ ਸੁੱਟਦੇ, ਇਹਨਾਂ ਦਾ ਦਿਮਾਗ ਤਾਂ ਖ਼ਰਾਬ ਨਹੀਂ ਹੋ ਗਿਆ? ਅਤੇ ਇਹਨਾਂ ਦਾ ਤਾਂ ਹੋ ਗਿਆ ਸੋ ਹੋ ਗਿਆ ਅਤੇ ਇਹ ਜੋ ਹਜ਼ਾਰਾਂ ਲੋਕ ਦੇਖਣ ਆਏ ਹਨ, ਇਹ ਕੀ ਦੇਖ ਰਹੇ ਹਨ? ਅਤੇ ਬੜਾ ਰੌਲਾ-ਰੱਪਾ ਮਚਾਉਂਦੇ ਹਨ, ਦੰਗੇ-ਫਸਾਦ ਹੋ ਜਾਂਦੇ ਹਨ। ਉਹਨਾਂ ਦੀ ਸਮਝ ਵਿਚ ਨਹੀਂ ਆਏਗਾ ਇਕਦਮ ਨਾਲ ਕਿ ਇਹ ਕੀ ਹੋ ਰਿਹਾ ਹੈ! ਇਹ ਕਿਹੜੀ ਚੀਜ਼ ਹੋ ਰਹੀ ਹੈ? ਇਹ ਕਿਸਲਈ ਹੋ ਰਹੀ ਹੈ? ਇਕ ਦਫਾ ਗੇਂਦ ਨੂੰ ਉਧਰ ਸੁੱਟਣਾ ਹੋਵੇ ਤਾਂ ਉਧਰ ਸੁੱਟ ਦਿਉ, ਇਧਰ ਸੁੱਟਣਾ ਹੋਵੇ ਤਾਂ ਇਧਰ ਸੁੱਟ ਦਿਉ। ਆਪਣੇ ਘਰ ਜਾਉ। ਜਾਂ ਜ਼ਿਆਦਾ ਦਿੱਕਤ ਹੋਵੇ ਤਾਂ ਦੋ ਗੇਂਦਾਂ ਰਖੋ, ਆਪੋ-ਆਪਣੀ ਸੁੱਟਦੇ ਰਹੋ, ਮਜ਼ਾ ਕਰੋ। ਔਪਰ ਇਹ ਇੰਨੀ ਝੰਜਟ ਅਤੇ ਇੰਨੀ ਝੰਜਟ ਇੰਨੇ ਲੋਕ ਦੇਖਣ ਵੀ ਆਏ ਹਨ, ਸਾਰ ਕਿਥੇ ਹੈ? ਅਰਥ ਕੀ ਹੈ?

ਅਰਥ ਤਾਂ ਕੁਝ ਵੀ ਨਹੀਂ ਹੈ। ਖੇਡ ਨੂੰ ਅਸੀਂ ਗੰਭੀਰਤਾ ਦੇ ਦਿਤੀ ਹੈ। ਭਾਰੀ ਗੰਭੀਰਤਾ ਦਿਤੀ ਹੈ। ਖੇਡ ਸਾਡੀ

ਇਕ ਤਰਕੀਬ ਹੈ, ਜਿਸ ਨਾਲ ਅਸੀਂ ਅਸਲੀ ਹਿੰਸਾ ਨੂੰ ਬਚਾਉਣਾ ਚਾਹੁੰਦੇ ਹਾਂ। ਖੇਡ ਦੇ ਜ਼ਰੀਏ ਅਸੀਂ ਝੂਠੀ ਹਿੰਸਾ ਕਰਕੇ ਹਿੰਸਾ ਕਰਨ ਦੀ ਤ੍ਰਿਪਤੀ ਪਾ ਲੈਂਦੇ ਹਾਂ—ਹਰਾ ਦਿਤਾ ਦੂਜੇ ਨੂੰ! ਹੁਣ ਇਹ ਜ਼ਰਾ ਭੈੜਾ ਲਗਦਾ ਹੈ ਕਿ ਉਸਦੀ ਛਾਤੀ ਉੱਤੇ ਚੜ੍ਹ ਕੇ ਬੈਠੋ ਅਤੇ ਘਸੁੰਨ ਮਾਰੋ। ਇਹ ਜ਼ਰਾ ਭੈੜਾ ਲਗਦਾ ਹੈ। ਉਹ ਵੀ ਚਲਦਾ ਹੈ, ਪਰ ਭੈੜਾ ਲਗਦਾ ਹੈ। ਸੋ ਅਸੀਂ ਕੁਝ ਤਰਕੀਬਾਂ ਕਢ ਲਈਆਂ ਹਨ ਕਿ ਅਸੀਂ ਤੁਹਾਨੂੰ ਘਸੁੰਨ ਨਹੀਂ ਮਾਰਾਂਗੇ, ਲੇਕਿਨ ਤੁਹਾਡੀ ਪਿੱਦੀ ਨੂੰ ਕੁੱਟ ਦੇਵਾਂਗੇ। ਉਹ ਪ੍ਰਤੀਕ ਹੈ ਕਿ ਕੁੱਟ ਦਿਤੀ ਪਿੱਦੀ, ਤੁਸੀਂ ਕੁੱਟੇ ਗਏ। ਅਜੇਹੀ ਅਸਾਂ ਨੇ ਤਰਕੀਬ ਕਢ ਲਈ। ਸਿੱਧਾ ਘਸੁੰਨ ਮਾਰੀਏ ਕਿਸੇ ਨੂੰ, ਤਾਂ ਜ਼ਰਾ ਅਸੱਭਯ ਮਲੂਮ ਹੁੰਦਾ ਹੈ। ਅਸੀਂ ਬਹਾਨੇ ਕਢ ਲਏ। ਹੁਸ਼ਿਆਰ ਹੈ ਆਦਮੀ, ਕੁਸ਼ਲਤਾ ਨਾਲ ਬਹਾਨੇ ਕਢ ਲੈਂਦਾ ਹੈ।

ਮੈਂ ਸੁਣਿਆ ਹੈ, ਅਦਾਲਤ ਵਿਚ ਇਕ ਮੁਕੱਦਮਾ ਸੀ। ਦੋ ਆਦਮੀਆਂ ਵਿਚ ਸਿਰ-ਪਾਟਣ ਹੋ ਗਈ। ਮਜਿਸਟ੍ਰੇਟ ਉਹਨਾਂ ਤੋਂ ਪੁਛੇ ਕਿ ਗੱਲ ਕੀ ਸੀ। ਅਤੇ ਉਹ ਦੋਵੇਂ ਹੀ ਇਕ-ਦੂਜੇ ਦੇ ਵਲ ਦੇਖਣ ਅਤੇ ਕਹਿਣ ਕਿ ਤੂੰ ਹੀ ਦੱਸ ਦੇ। ਆਖ਼ਰ ਮਜਿਸਟ੍ਰੇਟ ਨੇ ਕਿਹਾ, ਬੋਲਦੇ ਹੋ ਕਿ ਨਹੀਂ, ਨਹੀਂ ਤਾਂ ਦੋਹਾਂ ਦਾ ਕੁਟਾਪਾ ਕਰਵਾਇਆ ਜਾਇਗਾ ਅਤੇ ਜੇਲ੍ਹ ਵਿਚ ਡੱਕ ਦਿਤਾ ਜਾਇਗਾ। ਬੋਲੋ, ਮਾਮਲਾ ਕੀ ਹੈ? ਝਗੜਾ ਸ਼ੁਰੂ ਕਿਵੇਂ ਹੋਇਆ?

ਉਹਨਾਂ ਨੇ ਕਿਹਾ ਕਿ ਹੁਣ ਅਸੀਂ ਕੀ ਦੱਸੀਏ ਤੁਹਾਨੂੰ। ਅਸੀਂ ਦੋਵੇਂ ਦੋਸਤ ਹਾਂ। ਨਦੀ ਦੇ ਕੰਢੇ ਬੈਠੇ ਸੀ ਰੇਤ ਵਿਚ, ਗਪਸ਼ਪ ਕਰ ਰਹੇ ਸੀ। ਇਸਨੇ ਕਿਹਾ ਕਿ ਇਹ ਆਦਮੀ ਇਕ ਮੱਝ ਖ਼ਰੀਦਣ ਜਾ ਰਿਹਾ ਹੈ। ਮੈਂ ਇਸਨੂੰ ਕਿਹਾ, ਮੱਝ ਨਾ ਖ਼ਰੀਦ ਭਰਾਵਾ, ਕਿਉਂਕਿ ਕਦੇ ਮੇਰੇ ਖੇਤ ਵਿਚ ਵੜ ਜਾਏਗੀ। ਆਪਣੀ ਪੁਰਾਣੀ ਦੋਸਤੀ ਹੈ। ਟੰਟਾ-ਝਗੜਾ ਹੋਵੇਗਾ। ਮੈਂ ਬਰਦਾਸ਼ਤ ਨਹੀਂ ਕਰ ਸਕਾਂਗਾ। ਮੇਰੇ ਖੇਤ ਵਿਚ ਮੈਂ ਮੱਝ ਕਿਸੇ ਦੀ ਬਰਦਾਸ਼ਤ ਕਰ ਹੀ ਨਹੀਂ ਸਕਦਾ। ਮੈਂ ਮੱਝ ਦਾ ਕੁਟਾਪਾ ਕਰ ਦਿਆਂਗਾ। ਤੂੰ ਵੀ ਆਦਮੀ ਜ਼ਿੱਦੀ ਹੈਂ, ਤੂੰ ਵੀ ਆਪਣੀ ਮੱਝ ਦਾ ਕੁਟਾਪਾ ਨਹੀਂ ਦੇਖ ਸਕੇਂਗਾ। ਨਾਹਕ ਪੁਰਾਣੀ ਦੋਸਤੀ ਖ਼ਰਾਬ ਹੋ ਜਾਏਗੀ। ਤੂੰ ਮੱਝ ਨਾ ਖ਼ਰੀਦ। ਉਸ ਆਦਮੀ ਨੇ ਕਿਹਾ : 'ਕੌਣ ਮੈਨੂੰ ਰੋਕ ਸਕਦਾ ਹੈ ਦੁਨੀਆਂ ਵਿਚ ਮੱਝ ਖ਼ਰੀਦਣ ਤੋਂ। ਕਲ੍ਹ ਖ਼ਰੀਦਦਾ ਸੀ ਤਾਂ ਅੱਜ ਖ਼ਰੀਦਾਂਗਾ। ਅਤੇ ਤੂੰ ਕੀ ਹੈਂ, ਤੇਰਾ ਖੇਤ ਕੀ ਹੈ? ਅਤੇ ਮੱਝ ਵੜੇਗੀ ਅਜੇਹੀ ਕਲਪਨਾ ਨਾ ਕਰ—ਵੜੇਗੀ ਹੀ! ਅਤੇ ਕਰ ਲਵੀਂ ਜੋ ਕਰਨਾ ਹੋਵੇ। ਦੇਖ ਲਏ ਬਹੁਤ ਅਜੇਹੀਆਂ ਗੱਲਾਂ ਕਰਨ ਵਾਲੇ। ਭੌਂਕਣ ਵਾਲੇ ਕੁੱਤੇ ਵੱਢਦੇ ਨਹੀਂ ਹਨ। ਅਤੇ ਇਸਨੇ ਬੜੀ ਤੇਜ਼ੀ ਉੱਤੇ ਗੱਲ ਚੜ੍ਹਾ ਦਿਤੀ। ਗੱਲ ਇਥੋਂ ਤਕ ਵਧ ਗਈ ਕਿ ਮੈਂ ਆਪਣੇ ਹੱਥ ਨਾਲ ਲਕੀਰ ਖਿੱਚ ਦਿਤੀ ਰੇਤ ਵਿਚ ਕਿ ਇਹ ਰਿਹਾ ਮੇਰਾ ਖੇਤ, ਵਾੜ ਇਸ ਵਿਚ ਮੱਝ। ਅਤੇ ਇਸਨੇ ਵੀ ਇਕ ਲਕੀਰ ਹੱਥ ਨਾਲ ਖਿੱਚ ਕੇ ਕਿਹਾ ਕਿ ਇਹ ਵੜ ਗਈ ਮੇਰੀ ਮੱਝ, ਅਤੇ ਕਰ ਲਵੇ ਕੌਣ ਮੇਰਾ ਕੀ ਕਰਦਾ ਹੈ! ਬਸ, ਉਸੇ ਵਿਚ ਸਿਰ-ਪਾਟਣ ਹੋ ਗਿਆ, ਇਕ-ਦੂਜੇ ਦਾ ਸਿਰ ਖੁਲ੍ਹ ਗਿਆ। ਹੁਣ ਅਸੀਂ ਤੁਹਾਨੂੰ ਕੀ ਕਹੀਏ? ਨਾ ਇਸਨੇ ਮੱਝ ਖ਼ਰੀਦੀ ਹੈ, ਨਾ ਮੇਰਾ ਅਜੇ ਖੇਤ ਹੈ। ਮੈਂ ਖੇਤ ਖ਼ਰੀਦਣ ਦੀ ਸੋਚ ਰਿਹਾ ਹਾਂ।

ਆਦਮੀ ਬਹਾਨੇ ਲੱਭ ਲੈਂਦਾ ਹੈ, ਹਿੰਸਾ ਸਹਾਰੇ ਲੈ ਕੇ ਨਿਕਲ ਆਉਂਦੀ ਹੈ। ਤੁਹਾਡੀਆਂ ਖੇਡਾਂ ਵਿਚ ਤੁਹਾਡੀ ਜੋ ਰੁਚੀ ਹੈ, ਉਸਦੇ ਪਿਛੇ ਹੋਰ ਕਾਰਨ ਹਨ। ਕਿਤੇ ਮੁਕਾਬਲੇਬਾਜ਼ੀ ਹੈ, ਕਿਤੇ ਹੀਣਤਾ ਦਾ ਭਾਵ ਹੈ, ਕਿਤੇ ਜ਼ਿੰਦਗੀ ਵਿਚ ਕੁੱਟ ਗਏ ਹਾਂ। ਤਾਂ ਹੁਣ ਕਿਤੇ ਹੋਰ...।

ਤੁਸੀਂ ਜੇਕਰ ਜਾਓ ਯੂਨੀਵਰਸਿਟੀ ਵਿਚ, ਤਾਂ ਤੁਸੀਂ ਇਕ ਗੱਲ ਦੇਖ ਕੇ ਹੈਰਾਨ ਹੋਵੋਗੇ : ਉਥੇ ਤੁਹਾਨੂੰ ਜਿੰਨੇ ਚੰਗੇ ਖਿਡਾਰੀ ਮਿਲਣਗੇ, ਸਭ ਗਧੇ ਹਨ, ਉਹ ਕਾਰਨ ਹੈ। ਉਹ ਕੁੱਟੇ ਗਏ ਇਕ ਜਗ੍ਹਾ—ਗਣਿਤ ਵਿਚ ਫਾਡੀ, ਭਾਸ਼ਾ ਵਿਚ ਫਾਡੀ, ਵਿਗਿਆਨ ਵਿਚ ਫਾਡੀ ਰਹੇ—ਹੁਣ ਉਹ ਕਿਤੇ ਤਾਂ ਕੁੱਟਣ! ਆਖ਼ਰ ਉਹਨਾਂ ਨੇ ਵੀ ਤਾਂ ਜੀਂਦੇ ਰਹਿਣਾ ਹੈ। ਆਖ਼ਰ ਕੁਝ ਆਤਮ—ਸਨਮਾਨ ਬਚਾਉਣਾ ਹੈ। ਉਹ ਫੁਟਬਾਲ ਕੁੱਟ ਰਹੇ ਹਨ, ਹਾੱਕੀ ਚਲਾ ਰਹੇ ਹਨ। ਜਿੰਨੇ ਡਟੇ ਹੋਏ ਗਧੇ ਯੂਨੀਵਰਸਿਟੀ ਵਿਚ ਹੁੰਦੇ ਹਨ...। ਮੈਂ ਯੂਨੀਵਰਸਿਟੀ ਵਿਚ ਬਹੁਤ ਦਿਨ ਰਿਹਾ ਹਾਂ, ਇਸਲਈ ਜਾਣਦਾ ਹਾਂ। ਜਿਨ੍ਹਾਂ ਨੂੰ ਉਘੇ ਖਿਡਾਰੀ ਸਮਝਿਆ ਜਾਂਦਾ ਹੈ, ਉਹ ਉਹੀ ਲੋਕ ਹੁੰਦੇ ਹਨ ਜੋ ਪ੍ਰੀਖਿਆ ਵਿਚ ਕਦੇ ਪਾਸ ਹੁੰਦੇ ਹੀ ਨਹੀਂ। ਪਰ ਉਹ ਵੀ ਆਪਣਾ ਰਾਹ ਕਢ ਲੈਂਦੇ ਹਨ। ਅਤੇ ਉਹਨਾਂ ਦਾ ਵੀ ਬੜਾ ਸਨਮਾਨ ਹੁੰਦਾ ਹੈ। ਇਥੋਂ ਤਕ ਸਨਮਾਨ ਹੁੰਦਾ ਹੈ ਕਿ ਉਹ ਪਾਸ ਨਹੀਂ ਵੀ ਹੁੰਦੇ ਤਾਂ ਵੀ ਉਹਨਾਂ ਨੂੰ ਪਾਸ ਕੀਤਾ ਜਾਂਦਾ ਹੈ, ਕਿ ਉਹ ਕਿਤੇ ਦੂਜੀ ਯੂਨੀਵਰਸਿਟੀ ਜਾਂ ਦੂਜੇ ਕਾਲਜ ਵਿਚ ਨਾ ਚਲੇ ਜਾਣ, ਕਿਉਂਕਿ ਉਹਨਾਂ ਦੇ ਹੀ ਨਾਲ ਟ੍ਰਾਫ਼ੀ ਜੁੜੀ ਹੈ। ਉਹਨਾਂ ਦੇ ਹੀ ਨਾਲ ਮੁਕਾਬਲੇਬਾਜ਼ੀ ਜੁੜੀ ਹੈ। ਕਾਲਜ ਦਾ ਨਾਂ.ਵੀ ਉਹਨਾਂ ਦੇ ਨਾਲ ਜੁੜਿਆ ਹੈ। ਉਹਨਾਂ ਨੂੰ ਰੋਕਿਆ ਜਾਂਦਾ ਹੈ, ਸਮਝਾਇਆ ਜਾਂਦਾ ਹੈ ਕਿ ਰੁਕੇ ਰਹੋ। ਉਹਨਾਂ ਦੀ ਫੀਸ ਮਾਫ ਕੀਤੀ ਜਾਂਦੀ ਹੈ, ਸਕਾੱਲਰਸ਼ਿਪ ਦਿਤੀ ਜਾਂਦੀ ਹੈ। ਅਤੇ ਸਕਾੱਲਰ ਜਿਹਾ ਉਹਨਾਂ ਵਿਚ ਕੁਝ ਵੀ ਨਹੀਂ ਹੈ, ਇਸਲਈ ਉਹ ਖਿਡਾਰੀ ਹਨ।

ਅੱਪਰ ਹਰ ਆਦਮੀ ਆਪਣਾ ਕੋਈ ਰਾਹ ਕਢ ਲੈਂਦਾ ਹੈ, ਕੋਈ ਤਰਕੀਬ ਕਢ ਲੈਂਦਾ ਹੈ। ਇਸ ਦੁਨੀਆਂ ਵਿਚ ਸਭ ਤਰ੍ਹਾਂ ਦੀ ਖੇਡ ਚੱਲ ਰਹੀ ਹੈ, ਲੇਕਿਨ ਖੇਡਾਂ ਦੇ ਪਿਛੇ ਹੋਰ ਛੁਪੀਆਂ ਖੇਡਾਂ ਹਨ। ਕੋਈ ਇਕ—ਅੱਧ ਚੀਜ਼ ਤਾਂ ਖੋਜੋ ਜੋ ਖੇਡ ਨਾ ਹੋਵੇ; ਜਿਸ ਵਿਚ ਤੁਹਾਡਾ ਹੰਕਾਰ ਨਾ ਜੁੜਿਆ ਹੋਵੇ; ਜਿਸ ਵਿਚ ਤੁਹਾਡੀ ਹਿੰਸਾ ਨਾ ਜੁੜੀ ਹੋਵੇ; ਹੀਣਤਾ ਦਾ ਭਾਵ ਨਾ ਜੁੜਿਆ ਹੋਵੇ; ਈਰਖਾ, ਮੁਕਾਬਲੇਬਾਜ਼ੀ ਆਦਿ ਨਾ ਜੁੜੀ ਹੋਵੇ। ਕੋਈ ਇਕ ਚੀਜ਼ ਖੋਜੋ। ਉਸਨੂੰ ਹੀ ਸੁੰਦਰਦਾਸ ਪ੍ਰੇਮ ਕਹਿੰਦੇ ਹਨ। ਉਸ ਪ੍ਰੇਮ ਦੇ ਕੋਈ ਨਿਯਮ ਨਹੀਂ। ਉਹ ਪ੍ਰੇਮ ਕਾਫੀ ਹੈ। ਉਹ ਜਿਸਦੇ ਜੀਵਨ ਵਿਚ ਉਤਰ ਆਉਂਦਾ ਹੈ, ਉਸਦੇ ਜੀਵਨ ਵਿਚ ਬਾਕੀ ਸਭ ਆਪਣੇ—ਆਪ ਆ ਜਾਂਦਾ ਹੈ। ਉਸਦੇ ਜੀਵਨ ਵਿਚ ਇਕ ਸੁਹੱਪਣ ਹੁੰਦਾ ਹੈ, ਇਕ ਸੱਚ ਹੁੰਦਾ ਹੈ—ਸਾਧਿਆ ਹੋਇਆ ਨਹੀਂ। ਸਾਧੇ ਹੋਏ ਸੱਚ ਦੀ ਤਾਂ ਕੋਈ ਕੀਮਤ ਨਹੀਂ ਹੈ। ਉਸਦੇ ਜੀਵਨ ਵਿਚ ਇਕ ਆਚਰਣ ਹੁੰਦਾ ਹੈ—ਅਭਿਆਸ ਕੀਤਾ ਹੋਇਆ ਨਹੀਂ। ਕਿਉਂਕਿ ਅਭਿਆਸ ਕੀਤੇ ਹੋਏ ਆਚਰਣ ਦਾ ਤਾਂ ਕੋਈ ਵੀ ਮੁੱਲ ਨਹੀਂ ਹੈ। ਉਹ ਤਾਂ ਪਖੰਡ ਹੈ। ਉਸਦੇ ਅੰਦਰ ਇਕ ਸਹਿਜ—ਫੁਰਿਆ ਆਚਰਣ ਹੁੰਦਾ ਹੈ। ਜਿਸਨੇ ਪਰਮਾਤਮਾ ਨੂੰ ਪ੍ਰੇਮ ਕੀਤਾ, ਉਸਦੇ ਜੀਵਨ ਵਿਚ ਇਕ ਸਹਿਜ—ਫੁਰਿਆ ਨੂਰ ਹੁੰਦਾ ਹੈ। ਉਹ ਪਰਮਾਤਮਾ

ਦੇ ਕਾਰਨ ਹੀ ਹੋ ਜਾਂਦਾ ਹੈ। ਉਸ ਵਿਚ ਇਕ ਸ਼ਾਲੀਨਤਾ ਹੁੰਦਾ ਹੈ—ਇਕ ਦਿੱਬਤਾ, ਜੋ ਅਭਿਆਸ ਨਾਲ ਕੀਤੀ ਗਈ ਦਿੱਬਤਾ ਨਹੀਂ ਹੈ,ਅਤੇ ਨਾ ਅਭਿਆਸ ਨਾਲ ਕੀਤਾ ਗਿਆ ਕਿਸੇ ਤਰ੍ਹਾਂ ਦਾ ਚਰਿੱਤਰ ਹੈ। ਚਰਿੱਤਰ ਤਾਂ ਉਸ ਵਿਚ ਹੁੰਦਾ ਨਹੀਂ। ਜਿਸਨੂੰ ਤੁਸੀਂ ਚਰਿੱਤਰ ਕਹਿੰਦੇ ਹੋ ਉਹੋ-ਜਿਹਾ ਚਰਿੱਤਰ ਨਹੀਂ ਹੁੰਦਾ ਉਸ ਵਿਚ। ਉਸ ਵਿਚ ਇਕ ਨਿਆਰੇ ਢੰਗ ਦਾ ਚਰਿੱਤਰ ਹੁੰਦਾ ਹੈ, ਜਿਸਨੂੰ ਕਹਿਣ ਲਈ ਸਾਡੇ ਕੋਲ ਸ਼ਬਦ ਨਹੀਂ ਹਨ। ਇਕ 'ਸਹਿਜ' ਸ਼ਬਦ ਹੈ ਜੋ ਉਸਨੂੰ ਪਰਗਟ ਕਰਦਾ ਹੈ। ਉਹੋ-ਜਿਹਾ ਵਿਅਕਤੀ ਸਹਿਜਿਯਾ ਹੁੰਦਾ ਹੈ। ਛਿਨ-ਛਿਨ ਜੀਂਦਾ ਹੈ, ਸਹਿਜ-ਭਾਵ ਨਾਲ ਜੀਂਦਾ ਹੈ।

ਸੁਕਰਾਤ ਨੂੰ ਜ਼ਹਿਰ ਦਿਤੇ ਜਾਣ ਦਾ ਦਿਨ ਆਇਆ। ਸਜ਼ਾ ਅਦਾਲਤ ਨੇ ਦਿਤੀ ਸੀ, ਉਸ ਦਿਨ ਤੋਂ ਉਸਦੇ ਪੈਰਾਂ ਵਿਚ ਅਤੇ ਹੱਥਾਂ ਵਿਚ ਜ਼ੰਜੀਰਾਂ ਪਾ ਦਿਤੀਆਂ ਗਈਆਂ। ਜਦ ਜ਼ਹਿਰ ਦੇਣ ਦਾ ਦਿਨ ਆਇਆ, ਮਾਰਨ ਦਾ ਦਿਨ ਆਇਆ, ਤਾਂ ਉਸ ਸਵੇਰ ਉਸ ਦੀਆਂ ਜ਼ੰਜੀਰਾਂ ਕੱਟ ਕੇ ਕਢ ਦਿਤੀਆਂ ਗਈਆਂ, ਹੱਥਾਂ ਤੋਂ, ਪੈਰਾਂ ਤੋਂ ਬੇੜੀਆਂ ਅਲੱਗ ਕਰ ਦਿਤੀਆਂ ਗਈਆਂ। ਉਸਦੇ ਇਕ ਸ਼ਿੱਸ਼ ਨੇ ਉਸਨੂੰ ਖ਼ਬਰ ਦਿਤੀ... ਸ਼ਿੱਸ਼ ਰੋਂਦਾ ਹੋਇਆ ਆਇਆ ਕਿ ਮੈਨੂੰ ਖ਼ਬਰ ਮਿਲੀ ਹੈ ਕਿ ਅੱਜ ਤੁਹਾਡੇ ਪੈਰਾਂ ਦੀਆਂ ਬੇੜੀਆਂ ਅਤੇ ਹੱਥਾਂ ਦੀਆਂ ਜ਼ੰਜੀਰਾਂ ਅਲੱਗ ਕਰ ਦਿਤੀਆਂ ਜਾਣਗੀਆਂ, ਕਿਉਂਕਿ ਅੱਜ ਸ਼ਾਮ ਉਹਨਾਂ ਨੇ ਤੁਹਾਨੂੰ ਮਾਰ ਸੁੱਟਣ ਦੇ ਲਈ ਸਮਾਂ ਤੈਅ ਕਰ ਲਿਆ ਹੈ। ਉਹ ਰੋ ਰਿਹਾ ਹੈ ਕਿ ਸੁਕਰਾਤ ਮਾਰਿਆ ਜਾਏਗਾ। ਅਤੇ ਸੁਕਰਾਤ ਨੇ ਕਿਹਾ, ਬਈ ਤੂੰ ਰੋਂਦਾ ਕਿਉਂ ਹੈ? ਇਹ ਬੜਾ ਚੰਗਾ ਹੋਇਆ।

ਅਤੇ ਜਦ ਉਸ ਦੀਆਂ ਜ਼ੰਜੀਰਾਂ ਤੋੜੀਆਂ ਗਈਆਂ ਤਾਂ ਉਹ ਬੜਾ ਖ਼ੁਸ਼ ਸੀ। ਉਸਦੇ ਸ਼ਿੱਸ਼ ਰੋ ਰਹੇ ਸਨ ਕਿ ਮੌਤ ਕਰੀਬ ਆ ਗਈ ਅਤੇ ਉਹ ਖ਼ੁਸ਼ ਸੀ। ਅਤੇ ਉਸਨੇ ਕਿਹਾ, ਤੁਸੀਂ ਰੋ ਕਿਉਂ ਰਹੇ ਹੋ ਪਾਗਲੋ? ਜ਼ਰਾ ਦੇਖੋ ਤਾਂ ਮੇਰਾ ਅਨੰਦ! ਇਹਨਾਂ ਜ਼ੰਜੀਰਾਂ ਦੀ ਵਜ੍ਹਾ ਨਾਲ ਤੁਰ ਵੀ ਨਹੀਂ ਸਕਦਾ ਸੀ। ਹੱਥਾਂ ਵਿਚ ਖੱਡੇ ਪੈ ਗਏ ਹਨ, ਪੈਰਾਂ ਵਿਚ ਜ਼ਖ਼ਮ ਹੋ ਗਏ ਹਨ। ਦਰਦ ਹੋ ਰਿਹਾ ਸੀ ਇਹਨਾਂ ਜ਼ੰਜੀਰਾਂ ਦੇ ਕਾਰਨ। ਦਰਦ ਮਿਟਿਆ, ਅਤੇ ਤਸੀਂ ਰੋ ਰਹੇ ਹੋ!

ਉਹਨਾਂ ਵਿਚੋਂ ਇਕ ਨੇ ਕਿਹਾ, ਤੁਸੀਂ ਵੀ ਕੀ ਗੱਲ ਕਰ ਰਹੇ ਹੋ? ਇਹ ਦਰਦ ਕੁਝ ਮਾਮਲਾ ਨਹੀਂ ਹੈ। ਸ਼ਾਮੀਂ ਜ਼ਹਿਰ ਦਿਤਾ ਜਾਏਗਾ ਅਤੇ ਮੌਤ ਹੋਵੇਗੀ।

ਸੁਕਰਾਤ ਨੇ ਕਿਹਾ, ਸ਼ਾਮ ਅਜੇ ਬਹੁਤ ਦੂਰ ਹੈ। ਕੀ ਮੈਂ ਤੁਹਾਨੂੰ ਜੀਵਨ-ਭਰ ਨਹੀਂ ਕਿਹਾ ਕਿ ਛਿਨ-ਛਿਨ ਜੀਵੋ। ਸ਼ਾਮ ਅਜੇ ਬੜੀ ਦੂਰ ਹੈ—ਆਵੇ ਨਾ ਆਵੇ, ਕੌਣ ਜਾਣੇ! ਜਦ ਆਏਗੀ ਤਦ ਦੇਖਾਂਗੇ।

ਇਹ ਸਹਿਜ ਜੀਵਨ ਹੈ। ਇਸ ਛਿਨ ਵਿਚ, ਜੋ ਸਹਿਜਤਾ ਨਾਲ ਹੋ ਰਿਹਾ ਹੈ। ਸੁਕਰਾਤ ਖ਼ੁਸ਼ ਹੈ, ਕਿਉਂਕਿ ਬੇੜੀਆਂ ਕੱਟੀਆਂ ਗਈਆਂ। ਫਿਰ ਸ਼ਾਮ ਨੂੰ ਜ਼ਹਿਰ ਦੇਣ ਦਾ ਸਮਾਂ ਆਇਆ, ਸੁਕਰਾਤ ਲੇਟ ਗਿਆ ਹੈ, ਉਡੀਕ ਕਰ ਰਿਹਾ ਹੈ ਜ਼ਹਿਰ ਦੀ। ਵਾਰ-ਵਾਰ ਉਠਦਾ ਹੈ, ਜਾ ਕੇ ਖਿੜਕੀ ਵਿਚੋਂ ਦੀ ਝਾਕਦਾ ਹੈ, ਬਾਹਰ ਜ਼ਹਿਰ ਘੋਟਿਆ ਜਾ ਰਿਹਾ ਹੈ। ਅਤੇ ਉਹ ਪੁਛਦਾ ਹੈ, ਭਰਾ, ਕਿੰਨੀ ਦੇਰ ਹੋਰ? ਆਖ਼ਰ ਉਸ ਜ਼ਹਿਰ ਘੋਟਣ ਵਾਲੇ ਨੇ ਕਿਹਾ ਕਿ ਮੈਂ ਬਹੁਤ ਲੋਕਾਂ

ਨੂੰ ਜ਼ਹਿਰ ਘੋਟ ਕੇ ਦਿਤਾ ਹੈ, ਇਹੀ ਮੇਰਾ ਕੰਮ ਹੈ ਜ਼ਿੰਦਗੀ-ਭਰ ਤੋਂ। ਅਦਾਲਤ ਜਿਨ੍ਹਾਂ ਨੂੰ ਵੀ ਮੌਤ ਦੀ ਸਜ਼ਾ ਦਿੰਦੀ ਹੈ, ਮੈਂ ਹੀ ਉਹਨਾਂ ਦਾ ਜ਼ਹਿਰ ਤਿਆਰ ਕਰਦਾ ਹਾਂ। ਪਰ ਤੂੰ ਪਹਿਲਾਂ ਆਦਮੀ ਹੈਂ ਜਿਹੜਾ ਵਾਰ-ਵਾਰ ਪੁਛ ਰਿਹਾ ਹੋਵੇ, ਜਿਵੇਂ ਕਿ ਕੋਈ ਬੜੇ ਸੁਭਾਗ ਦਾ ਛਿਨ ਹੋ ਰਿਹਾ ਹੈ। ਅਤੇ ਮੈਨੂੰ ਤੇਰੇ ਨਾਲ ਪ੍ਰੇਮ ਹੈ। ਮੈਂ ਤੇਰੀਆਂ ਗੱਲਾਂ ਸੁਣੀਆਂ ਹਨ। ਅਤੇ ਮੈਂ ਤੇਰੀਆਂ ਗੱਲਾਂ ਤੋਂ ਬੜਾ ਅਨੰਦ ਪਾਇਆ ਹੈ। ਤਾਂ ਮੈਂ ਦੇਰ ਲਾ ਰਿਹਾ ਹਾਂ ਕਿ ਇੰਨੀ ਦੇਰ ਤੂੰ ਹੋਰ ਜਿਉਂ ਲਵੇਂ। ਹੌਲੀ-ਹੌਲੀ ਘੋਟ ਰਿਹਾ ਹਾਂ ਜ਼ਹਿਰ ਕਿ ਘੜੀ-ਅੱਧੀ-ਘੜੀ ਸੁਕਰਾਤ ਹੋਰ ਜਿਉਂ ਲਵੇ। ਤੈਨੂੰ ਕੀ ਛੇਤੀ ਪਈ ਹੈ?

ਸੁਕਰਾਤ ਨੇ ਕਿਹਾ, ਛੇਤੀ ਇਹੀ ਕਿ ਜ਼ਿੰਦਗੀ ਤਾਂ ਖ਼ੂਬ ਦੇਖੀ, ਹੁਣ ਮੌਤ ਨੂੰ ਦੇਖਣਾ ਹੈ। ਜ਼ਿੰਦਗੀ ਤਾਂ ਖ਼ੂਬ ਜੀਵੀ, ਹੁਣ ਮੌਤ ਨੂੰ ਜੀਣਾ ਹੈ। ਇਹ ਮੌਤ ਕੀ ਹੈ! ਇਸਨੂੰ ਦੇਖਣ ਲਈ ਮੈਂ ਤਾਂਘਵਾਨ ਹਾਂ। ਇਹ ਮੇਰੀ ਜਿਗਿਆਸਾ ਹੈ।

ਇਹ ਇਕ ਆਚਰਣ ਹੈ, ਜੋ ਅਪੂਰਵ ਹੈ।

ਫਿਰ ਜ਼ਹਿਰ ਦਿਤਾ ਗਿਆ ਸੁਕਰਾਤ ਨੂੰ। ਉਸਦੇ ਸ਼ਿਸ਼ ਰੋ ਰਹੇ ਹਨ। ਅਤੇ ਉਹ ਉਹਨਾਂ ਨੂੰ ਕਹਿੰਦਾ ਹੈ, ਰੋਵੋ ਨਾ। ਮੈਂ ਮਰ ਜਾਵਾਂਗਾ, ਫਿਰ ਤੁਸੀਂ ਖ਼ੂਬ ਰੋ ਲੈਣਾ, ਫਿਰ ਕਾਫੀ ਸਮਾਂ ਹੋਵੇਗਾ। ਅਜੇ ਤਾਂ ਮੇਰੇ ਨਾਲ ਰਹਿ ਲਵੋ, ਅਜੇ ਤਾਂ ਜ਼ਰਾ ਮੇਰਾ ਸਾਹ ਹੈ, ਅਜੇ ਤਾਂ ਜ਼ਹਿਰ ਦੇ ਚੜ੍ਹਨ ਵਿਚ ਸਮਾਂ ਲੱਗੇਗਾ, ਜ਼ਹਿਰ ਦਾ ਨਤੀਜਾ ਹੋਣ ਵਿਚ ਸਮਾਂ ਲੱਗੇਗਾ। ਇੰਨੀ ਦੇਰ ਤੁਸੀਂ ਮੇਰੇ ਨਾਲ ਹੋਰ ਹੋ ਲਵੋ। ਕਿਸੇ ਨੇ ਕੁਝ ਪੁਛਣਾ ਹੋਵੇ ਤਾਂ ਪੁਛ ਲਵੋ। ਫਿਰ ਰੋਣ ਦੇ ਲਈ ਤਾਂ ਜ਼ਿੰਦਗੀ ਪਈ ਹੈ, ਤੁਸੀਂ ਰੋ ਲੈਣਾ, ਮੈਂ ਤਾਂ ਚਲਿਆ ਜਾਵਾਂਗਾ। ਘਟੋ-ਘਟ ਮੇਰੇ ਸਾਹਮਣੇ ਤਾਂ ਨਾ ਰੋਵੋ। ਜ਼ਿੰਦਗੀ-ਭਰ ਮੈਂ ਸਿਖਾਇਆ ਹੈ ਕਿ ਹੱਸੋ, ਨੱਚੋ-ਗਾਉ, ਅਤੇ ਤੁਸੀਂ ਰੋ ਰਹੇ ਹੋ!

ਚੁੱਪ ਹੋ ਕੇ ਸ਼ਿਸ਼ ਬੈਠ ਗਏ—ਕਿਸੇ ਤਰ੍ਹਾਂ ਛਾਤੀ ਵਿਚ ਹੰਝੂਆਂ ਨੂੰ ਸੰਭਾਲ ਕੇ। ਅਤੇ ਸੁਕਰਾਤ ਉਹਨਾਂ ਨੂੰ ਕਹਿਣ ਲੱਗਿਆ, ਹੁਣ ਮੇਰੇ ਗੋਡਿਆਂ ਤਕ ਜ਼ਹਿਰ ਆ ਗਿਆ, ਮੇਰੇ ਗੋਡੇ ਠੰਡੇ ਪੈ ਗਏ ਹਨ। ਤਾਂ ਇੰਨਾ ਹਿੱਸਾ ਮਰ ਗਿਆ। ਪਰ ਮੈਂ ਇਕ ਗੱਲ ਤੁਹਾਨੂੰ ਕਹਿੰਦਾ ਹਾਂ, ਮੈਨੂੰ ਅੰਦਰ ਅਜੇ ਜ਼ਰਾ ਵੀ ਨਹੀਂ ਲੱਗ ਰਿਹਾ ਹੈ ਕਿ ਮੈਂ ਮਰ ਗਿਆ ਹਾਂ। ਹੁਣ ਮੇਰੀ ਕਮਰ ਤਕ ਸਰੀਰ ਮਰ ਗਿਆ।

ਚੂੰਢੀ ਲਢ-ਵਢ ਕੇ ਦੇਖਦਾ ਹੈ ਆਪਣੇ-ਆਪ ਨੂੰ। ਉਹ ਕਹਿੰਦਾ ਹੈ, ਬੜੀ ਹੈਰਾਨੀ ਦੀ ਗੱਲ ਹੈ, ਕਮਰ ਤਕ ਮੈਂ ਮਰ ਚੁਕਿਆ ਹਾਂ, ਪਰ ਮੈਂ ਆਪਣੇ ਅੰਦਰ ਮਹਿਸੂਸ ਕਰ ਰਿਹਾ ਹਾਂ—ਮੈਂ ਉੱਨੇ ਦਾ ਉੱਨਾ ਹਾਂ, ਕੁਝ ਘਟ ਨਹੀਂ ਹੋਇਆ। ਹੁਣ ਮੇਰੇ ਹੱਥ ਵੀ ਠੰਡੇ ਪੈ ਗਏ। ਅਤੇ ਹੁਣ ਮੇਰੇ ਦਿਲ ਦੀ ਧੜਕਣ ਠੰਡੀ ਪੈਣ ਲੱਗੀ। ਹੁਣ ਮੇਰੀ ਜੀਭ ਲੜਖੜਾ ਰਹੀ ਹੈ।

ਆਖ਼ਰੀ ਗੱਲ, ਜੋ ਸੁਕਰਾਤ ਨੇ ਕਹੀ, ਉਹ ਇਹ ਕਿ-ਹੁਣ ਮੇਰੀ ਜੀਭ ਲੜਖੜਾ ਰਹੀ ਹੈ, ਸ਼ਾਇਦ ਮੈਂ ਦੂਸਰੇ ਸ਼ਬਦ ਅੱਗੋਂ ਨਹੀਂ ਬੋਲ ਸਕਾਂਗਾ; ਲੇਕਿਨ ਮੇਰੀ ਇਹ ਵਸੀਅਤ ਰਹੇ ਕਿ ਮੈਂ ਤੁਹਾਨੂੰ ਕਹਿੰਦਾ ਹਾਂ, ਮੈਂ ਅੰਦਰ ਹੁਣ ਵੀ ਖ਼ੁਦ ਨੂੰ ਪੂਰੇ ਦਾ ਪੂਰਾ ਮਹਿਸੂਸ ਕਰ ਰਿਹਾ ਹਾਂ, ਜ਼ਰਾ ਵੀ ਕਮੀ ਨਹੀਂ ਹੋਈ ਹੈ। ਸੋ ਜੇਕਰ ਇੰਨਾ ਦੇਹ ਦੇ ਮਰ ਜਾਣ ਦੇ

ਬਾਅਦ ਵੀ ਮੈਂ ਹਾਂ ਤਾਂ ਸ਼ਾਇਦ ਪੂਰੀ ਦੇਹ ਦੇ ਮਰ ਜਾਣ ਪਿਛੋਂ ਵੀ ਮੈਂ ਰਹਾਂਗਾ। ਮੇਰੀ ਪੂਰਨਤਾ ਅਖੰਡਤ ਹੈ।

ਸੁਕਰਾਤ ਨੇ ਕਦੇ ਐਲਾਨ ਨਹੀਂ ਕੀਤਾ ਸੀ ਕਿ ਆਤਮਾ ਅਮਰ ਹੈ, ਕਿਉਂਕਿ ਉਹ ਕਹਿੰਦਾ ਸੀ, ਮੈਂ ਮਰ ਕੇ ਨਹੀਂ ਦੇਖਿਆ ਤਾਂ ਕਿਵੇਂ ਕਹਾਂ? ਸੁਕਰਾਤ ਨੇ ਆਤਮਾ ਦੀ ਅਮਰਤਾ ਦਾ ਸਿਧਾਂਤ ਸਥਾਪਤ ਨਹੀਂ ਕੀਤਾ। ਲੇਕਿਨ ਇਸ ਨਾਲੋਂ ਸੁੰਦਰ ਹੋਰ ਕੋਈ ਪ੍ਰਗਟਾਅ ਹੋਵੇਗਾ ਆਤਮਾ ਦੀ ਅਮਰਤਾ ਦਾ?

ਇਹ ਸਹਿਜ ਐਲਾਨ ਹੈ, ਇਹ ਕੋਈ ਸਿਧਾਂਤ ਨਹੀਂ ਹੈ। ਇਹ ਕੋਈ ਦਲੀਲ ਦੇ ਜ਼ਰੀਏ ਕਢਿਆ ਗਿਆ ਸਿੱਟਾ ਨਹੀਂ ਹੈ—ਜੀਂਦਾ-ਜਾਗਦਾ ਅਨੁਭਵ ਹੈ।

ਸੋ ਜਿਸ ਵਿਅਕਤੀ ਨੇ ਪਰਮਾਤਮਾ ਨਾਲ ਆਪਣਾ ਸਬੰਧ ਜੋੜ ਲਿਆ ਉਸਦੇ ਜੀਵਨ ਵਿਚ ਅਨੁਭਵ ਹੋਣੇ ਸ਼ੁਰੂ ਹੁੰਦੇ ਹਨ। ਉਹ ਅਨੁਭਵ ਸਭ ਬਦਲ ਜਾਂਦੇ ਹਨ। ਪੁਰਾਣਾ ਕੂੜ-ਕਬਾੜ ਆਪਣੇ-ਆਪ ਵਹਿ ਜਾਂਦਾ ਹੈ, ਜਿਵੇਂ ਹੜ੍ਹ ਜਦ ਆਉਂਦਾ ਹੈ ਤਾਂ ਨਦੀ ਦੇ ਕੰਢਿਆਂ 'ਤੇ ਇਕੱਠਾ ਹੋਇਆ ਸਾਰਾ ਕੂੜਾ, ਸਾਰੀ ਗੰਦਗੀ ਰੋੜ੍ਹ ਲੈ ਜਾਂਦਾ ਹੈ। ਇਵੇਂ ਹੀ ਉਸਦੇ ਪ੍ਰੇਮ ਦਾ ਜਦ ਹੜ੍ਹ ਆਉਂਦਾ ਹੈ ਤਾਂ ਸਭ ਰੋੜ੍ਹ ਕੇ ਲੈ ਜਾਂਦਾ ਹੈ। ਤੁਹਾਨੂੰ ਆਪਣੇ ਚਰਿੱਤਰ ਨੂੰ ਠੀਕ-ਠਾਕ ਨਹੀਂ ਕਰਨਾ ਪੈਂਦਾ। ਤੁਸੀਂ ਤਾਂ ਠੀਕ-ਠਾਕ ਕਰੋਗੇ ਵੀ ਤਾਂ ਗ਼ਲਤ ਹੀ ਰਹੇਗਾ, ਕਰਨ ਵਾਲੇ ਹੀ ਤੁਸੀਂ ਰਹੋਗੇ। ਤੁਸੀਂ ਹੀ ਗ਼ਲਤ ਹੋ। ਤੁਸੀਂ ਜੋ ਵੀ ਕਰੋਗੇ ਉਸ ਵਿਚ ਗੜਬੜ ਹੋਵੇਗੀ। ਤੁਸੀਂ ਧੋਖੇਬਾਜ ਹੋ। ਤੁਸੀਂ ਹੋਰਨਾਂ ਨੂੰ ਧੋਖਾ ਦਿਤਾ ਹੈ, ਤੁਸੀਂ ਖ਼ੁਦ ਨੂੰ ਵੀ ਧੋਖਾ ਦੇ ਲਵੋਗੇ। ਤੁਸੀਂ ਬੇਈਮਾਨ ਹੋ। ਤੁਸੀਂ ਆਪਣੇ-ਆਪ ਨਾਲ ਵੀ ਬੇਈਮਾਨੀਆਂ ਕਰਨ ਤੋਂ ਬਚੋਗੇ ਨਹੀਂ। ਤੁਹਾਡੇ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਸ ਉਤੇ ਭਰੋਸਾ ਹੈ।

ਭਗਤਾਂ ਦਾ ਭਰੋਸਾ ਉਸ ਉਤੇ ਹੈ। ਅਸੀਂ ਉਸਦੀ ਤਰਫ ਆਪਣੇ-ਆਪ ਨੂੰ ਖੋਲ੍ਹ ਦੇਈਏ—ਆਏ ਉਸਦੀ ਕਿਰਨ, ਆਏ ਉਸਦੀ ਲਹਿਰ ਅਤੇ ਸਾਨੂੰ ਬਦਲ ਜਾਵੇ। ਬਦਲ ਜਾਂਦੀ ਹੈ। ਕੋਈ ਨਿਯਮ ਦੀ ਲੋੜ ਨਹੀਂ ਹੁੰਦੀ। ਪ੍ਰੇਮ ਮਹਾਂ ਨਿਯਮ ਹੈ।

ਲੇਕਿਨ ਇਕ ਤੁਹਾਡਾ ਪ੍ਰੇਮ ਹੈ; ਉਸ ਪ੍ਰੇਮ ਨਾਲੋਂ ਤੁਸੀਂ ਸੁੰਦਰਦਾਸ ਦੇ ਪ੍ਰੇਮ ਦੇ ਫਰਕ ਨੂੰ ਸਮਝ ਲੈਣਾ।

ਤੀਜਾ ਸਵਾਲ ਵੀ ਸਬੰਧਤ ਹੈ, ਉਸਨੂੰ ਵੀ ਨਾਲ ਹੀ ਲੈ ਲਈਏ। ਤੀਜਾ ਸਵਾਲ ਹੈ : *ਓਸ਼ੋ! ਪ੍ਰੇਮ ਸਵੀਕਾਰ ਨਾ ਹੋਵੇ ਤਾਂ..?*

ਅਜੇਹਾ ਮੈਂ ਕਦੇ ਸੁਣਿਆ ਨਹੀਂ ਕਿ ਪਰਮਾਤਮਾ ਨਾਲ ਪ੍ਰੇਮ ਕਰੋ ਅਤੇ ਸਵੀਕਾਰ ਨਾ ਹੋਵੇ। ਤਾਂ ਇਹ ਦੂਸਰੇ ਹੀ ਪ੍ਰੇਮ ਦੀ ਗੱਲ ਚੱਲ ਰਹੀ ਹੈ। ਕਿਸੇ ਇਸਤ੍ਰੀ ਨਾਲ ਕੀਤਾ ਹੋਵੇਗਾ ਅਤੇ ਸਵੀਕਾਰ ਨਹੀਂ ਹੋਇਆ ਹੋਵੇਗਾ। ਤੂੰ ਧੰਨਭਾਗੀ ਹੈਂ। ਅਸਲੀ ਕਠਨਾਈ ਤਾਂ ਤਦ ਆਉਂਦੀ ਹੈ ਜਦ ਸਵੀਕਾਰ ਹੋ ਜਾਂਦਾ ਹੈ। ਫਿਰ ਤੂੰ ਕਹਿੰਦਾ ਕਿ ਓਸ਼ੋ, ਜੇਕਰ ਪ੍ਰੇਮ ਸਵੀਕਾਰ ਹੋ ਜਾਵੇ ਤਾਂ...? ਫਿਰ ਤੂੰ ਬੜੀ ਮੁਸ਼ਕਲ ਵਿਚ ਪੈਂਦਾ।

ਚੰਗਾ ਹੀ ਹੋਇਆ, ਇਸ ਤੋਂ ਪਰੇਸ਼ਾਨੀ ਨਾ ਲੈ। ਉਸ ਇਸਤ੍ਰੀ ਨੇ ਤੇਰੇ ਉਤੇ ਬੜੀ ਦਯਾ ਕੀਤੀ। ਆਮ ਤੌਰ 'ਤੇ

ਇਸਤ੍ਰੀਆਂ ਇੰਨੀ ਦਯਾ ਨਹੀਂ ਕਰਦੀਆਂ। ਕੋਈ ਦਯਾਵਾਨ ਦੇਵੀ ਮਿਲ ਗਈ ਹੋਵੇਗੀ, ਜਿਸਨੇ ਕਿਹਾ : ਕਿਉਂ ਵਿਚਾਰੇ ਨੂੰ ਉਲਝਾਉ!

ਮੈਂ ਸੁਣਿਆ ਹੈ—

ਵਿਵਾਹ ਸੇ ਪੂਰਵ
ਪਿਤਾ ਜੀ ਨੇ ਕਹਾ ਥਾ
ਬੇਟਾ!
ਵਿਵਾਹ ਤੋ ਕਰ ਰਹੇ ਹੋ
ਲੇਕਿਨ ਵਿਵਾਹ ਕੇ ਬਾਦ
ਘਰ ਮੇਂ ਸ਼ਾਂਤਿ ਕਾ
ਸਾਮਰਾੱਜਯ ਰਹਿਨਾ ਚਾਹਿਏ।
ਵਿਵਾਹ ਕੇ ਉਪਰਾਂਤ
ਪੁਤ੍ਰ ਨੇ ਉਨਕੇ ਆਦੇਸ਼ ਕਾ
ਅੱਕਛਰਸ਼ਹ ਪਾਲਨ ਕਿਯਾ
ਔਰ ਪਤਨੀ ਕਾ ਨਾਮ
ਸ਼ਾਂਤਿ ਰਖ ਦਿਯਾ।

ਹੋਰ ਕੀ ਕਰੋਗੇ?...ਸ਼ਾਂਤੀ ਦਾ ਸਾਮਰਾਜ ਹੋ ਗਿਆ! ਅਤੇ ਫਿਰ ਅੱਗੇ ਹੋਰ ਉਲਝਣਾਂ ਵਧਦੀਆਂ ਹਨ, ਕੁਝ ਘਟ ਨਹੀਂ ਹੁੰਦੀਆਂ।

ਦੂਜੀ ਗੱਲ ਵੀ ਮੈਂ ਸੁਣੀ ਹੈ—

ਗਣਿਤ ਕੀ ਕਿਤਾਬ ਖੋਲਤੇ ਹੁਏ
ਦਸਵੇਂ ਪੁੱਤ੍ਰ ਨੇ
ਅਪਨੇ ਪਿਤਾ ਸੇ
ਨਮ੍ਰਤਾਪੂਰਵਕ ਪੂਛਾ—
ਏਕ ਔਰ ਏਕ ਮਿਲਕਰ
ਹੋਤੇ ਹੈਂ ਕਿਤਨੇ?
ਪਹਿਲੇ ਦੋ, ਫਿਰ ਗਿਆਰਹ!

ਬਾਪ ਨੇ ਫਰਮਾਇਆ।

ਪਹਿਲਾਂ ਦੋ ਹੋ ਜਾਂਦੇ ਹਨ, ਫਿਰ ਗਿਆਰਾਂ। ਫਿਰ ਹੋਰ ਫਸਦਾ ਮੁਸ਼ਕਲ ਵਿਚ, ਫਿਰ ਪੂਰਾ ਸੰਸਾਰ ਖਤਰਾ ਹੋ ਜਾਂਦਾ ਹੈ।

...ਜਾਨ ਬਚੀ ਔਰ ਲਾਖੋ ਪਾਏ, ਲੌਟ ਕੇ ਬੁੱਧੂ ਘਰ ਕੋ ਆਏ। ਤੂੰ ਕਾਹਦੇ ਲਈ ਪਰੇਸ਼ਾਨ ਹੋ ਰਿਹਾ ਹੈਂ? ਹੁਣ ਤੂੰ ਪੁਛਣ ਬੈਠਾ ਹੈਂ ਕਿ ਪ੍ਰੇਮ ਸਵੀਕਾਰ ਨਾ ਹੋਵੇ ਤਾਂ...? ਤਦ ਉਸ ਪ੍ਰੇਮ ਨੂੰ ਤਲਾਸ਼ ਕਰ ਜੋ ਸਦਾ ਸਵੀਕਾਰ ਹੁੰਦਾ ਹੈ–ਜੋ ਸਵੀਕਾਰ ਹੀ ਹੈ! ਹੁਣ ਜ਼ਰਾ ਅਕਾਸ਼ ਦੇ ਵਲ ਅੱਖਾਂ ਚੁੱਕ। ਜ਼ਮੀਨ ਉਤੇ ਬਹੁਤ ਰੀਂਘ ਲਿਆ। ਕਿੰਨੀ ਵਾਰ ਪ੍ਰੇਮ ਸਵੀਕਾਰ ਵੀ ਹੋ ਚੁਕਿਆ ਹੈ, ਪਾਇਆ ਕੀ? ਨਾ ਸਵੀਕਾਰ ਕਰਨ ਵਾਲਿਆਂ ਨੂੰ ਕੁਝ ਮਿਲਿਆ ਹੈ, ਨਾ ਜਿਨ੍ਹਾਂ ਦਾ ਨਹੀਂ ਸਵੀਕਾਰ ਹੋਇਆ, ਉਹਨਾਂ ਨੂੰ ਕੁਝ ਮਿਲਿਆ ਹੈ। ਇਥੇ ਮਿਲਣ ਨੂੰ ਕੁਝ ਹੈ ਹੀ ਨਹੀਂ। ਇਸ ਸੰਸਾਰ ਵਿਚ ਮਿਲਣ ਜਿਹੀ ਕੋਈ ਚੀਜ਼ ਹੀ ਨਹੀਂ ਹੈ। ਇਥੇ ਸਿਰਫ ਮਿਲਣ ਦੇ ਭਰਮ ਹਨ। ਉਸ ਪ੍ਰੇਮ ਨੂੰ ਤਲਾਸ਼ੋ, ਜੋ ਸਦਾ ਕਬੂਲ ਹੈ। ਸਿਰਫ ਤੁਹਾਡੀ ਤਲਾਸ਼ ਦੀ ਜ਼ਰੂਰਤ ਹੈ। ਉਸ ਤਰਫ ਹੱਥ ਚੁੱਕੋ, ਉਸ ਤਰਫ ਦਾਮਨ ਫੈਲਾਉ–ਜਿਥੋਂ ਤੋਂ ਸੰਪਦਾ ਬਰਸਣ ਨੂੰ ਤਾਂਘਵਾਨ ਹੈ।

ਲੇਕਿਨ ਨਹੀਂ, ਮਾਲਕ ਦੀ ਤਰਫ ਤਾਂ ਅੱਖਾਂ ਵੀ ਨਹੀਂ ਉਠਾਉਂਦੇ। ਇਥੇ–ਈ ਇਕ–ਦੂਜੇ ਮੰਗਤੇ ਕੋਲੋਂ ਮੰਗਦੇ ਹੋ। ਉਸਦੇ ਕੋਲ ਹੀ ਹੁੰਦਾ ਪ੍ਰੇਮ, ਜਿਸ ਤੋਂ ਤੂੰ ਮੰਗਿਆ, ਤਾਂ ਵੀ ਠੀਕ ਸੀ, ਉਸਦੇ ਕੋਲ ਵੀ ਕਿਥੇ ਹੈ? ਉਹ ਕਿਸੇ ਹੋਰ ਕੋਲੋਂ ਮੰਗਦੀ ਹੋਵੇਗੀ। ਅਜੇਹੇ ਮੰਗਤੇ ਮੰਗਤਿਆਂ ਕੋਲੋਂ ਮੰਗ ਰਹੇ ਹਨ। ਕਿਸੇ ਦੀ ਝੋਲੀ ਭਰਦੀ ਦਿਖਾਈ ਨਹੀਂ ਪੈਂਦੀ।

ਜਿਨ੍ਹਾਂ ਦਾ ਪ੍ਰੇਮ ਕਬੂਲ ਹੋ ਗਿਆ ਹੈ, ਜ਼ਰਾ ਉਹਨਾਂ ਦੇ ਕੋਲ ਜਾ ਕੇ ਉਹਨਾਂ ਦੀ ਦਸ਼ਾ ਵੀ ਤਾਂ ਦੇਖੋ!...ਦੁਰਦਸ਼ਾ! ਅਤੇ ਅਜੇਹਾ ਨਹੀਂ ਹੈ ਕਿ ਸਿਰਫ ਪੁਰਸ਼ਾਂ ਦੀ ਦੁਰਦਸ਼ਾ ਹੁੰਦੀ ਹੈ, ਇਸਤ੍ਰੀਆਂ ਦੀ ਉਨੀ ਹੀ ਦੁਰਦਸ਼ਾ ਹੋ ਰਹੀ ਹੈ। ਇਹ ਇਸਤ੍ਰੀ–ਪੁਰਸ਼ ਦਾ ਸਵਾਲ ਨਹੀਂ ਹੈ। ਤੁਸੀਂ ਜਿਸਨੂੰ ਪ੍ਰੇਮ ਕਹਿੰਦੇ ਹੋ ਉਹ ਇਕ ਤਰ੍ਹਾਂ ਦਾ ਭੁਲੇਖਾ ਹੈ। ਤੁਸੀਂ ਨਕਲੀ ਨੂੰ ਅਸਲੀ ਮੰਨ ਕੇ ਚੱਲ ਪੈਂਦੇ ਹੋ। ਫਿਰ ਅੱਜ ਨਹੀਂ ਕਲ੍ਹ, ਕਲ੍ਹ ਨਹੀਂ ਪਰਸੋਂ, ਭਰਮ ਟੁੱਟੇਗਾ।

ਇਕ ਪਾਗਲਖਾਨੇ ਵਿਚ ਅਜੇਹਾ ਹੋਇਆ, ਇਕ ਰਾਜਨੇਤਾ ਦੇਖਣ ਆਇਆ, ਨਿਰੀਖਣ ਦੇ ਲਈ ਆਇਆ। ਇਕ ਕੋਠੜੀ ਵਿਚ ਸਾਹਮਣੇ ਹੀ ਇਕ ਆਦਮੀ ਬੰਦ ਸੀ ਅਤੇ ਇਕ ਪੁਰਾਣੀ, ਪਾਟੀ–ਜਿਹੀ ਤਸਵੀਰ ਹੱਥ ਵਿਚ ਫੜ ਰਖੀ ਸੀ, ਉਸਨੂੰ ਛਾਤੀ ਨਾਲ ਲਾ ਰਿਹਾ ਸੀ, ਰੋ ਰਿਹਾ ਸੀ ਅਤੇ ਛਾਤੀ ਪਿੱਟ ਰਿਹਾ ਸੀ। ਉਸਨੇ ਪੁਛਿਆ, ਇਸਨੂੰ ਕੀ ਹੋ ਗਿਆ ਹੈ? ਤਾਂ ਸੁਪਰਿਨਟੇਂਡੇਂਟ ਨੇ ਕਿਹਾ ਕਿ ਹੱਥ ਵਿਚ ਤਸਵੀਰ ਦੇਖਦੇ ਹੋ, ਇਹ ਇਸਤ੍ਰੀ ਦੇ ਪ੍ਰੇਮ ਵਿਚ ਸੀ–ਇਸੇ ਇਸਤ੍ਰੀ ਦੇ ਪ੍ਰੇਮ ਵਿਚ ਸੀ। ਉਸਨੇ ਇਸਦਾ ਪ੍ਰੇਮ ਸਵੀਕਾਰ ਨਹੀਂ ਕੀਤਾ। ਸੋ ਇਹ ਪਾਗਲ ਹੋ ਗਿਆ।

ਅੱਗੇ ਵਧੇ, ਦੂਜੀ ਕੋਠੜੀ ਵਿਚ ਇਕ ਆਦਮੀ ਸਲਾਖਾਂ ਨਾਲ ਸਿਰ ਮਾਰ ਰਿਹਾ ਸੀ, ਕੰਧ ਤੋੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਭਿਆਨਕ ਦੀਵਾਨਾ ਸੀ, ਭਿਆਨਕ ਪਾਗਲ ਸੀ। ਖ਼ਤਰਨਾਕ ਸੀ। ਹੱਥਾਂ–ਪੈਰਾਂ ਵਿਚ ਜ਼ੰਜੀਰਾਂ ਵੀ

ਪਈਆਂ ਸਨ ਅਤੇ ਉਸ ਉੱਤੇ ਪਹਿਰਾ ਵੀ ਲੱਗਿਆ ਸੀ। ਉਸ ਰਾਜਨੇਤਾ ਨੇ ਪੁੱਛਿਆ, ਅਤੇ ਇਸ ਵਿਚਾਰੇ ਦਾ ਕੀ ਹੋਇਆ? ਉਸ ਸੁਪਰਿਨਟੇਂਡੇਂਟ ਨੇ ਕਿਹਾ, ਹੁਣ ਤੁਸੀਂ ਇਹ ਨਾ ਹੀ ਪੁਛੋ ਤਾਂ ਚੰਗਾ ਹੈ। ਉਸ ਇਸਤ੍ਰੀ ਨੇ ਇਸ ਨਾਲ ਪ੍ਰੇਮ ਕਰ ਲਿਆ ਅਤੇ ਇਸ ਨਾਲ ਵਿਆਹ ਵੀ ਕਰ ਲਿਆ।

ਪਹਿਲਾ ਤੜਫ ਰਿਹਾ ਹੈ, ਕਿਉਂਕਿ ਉਸਨੂੰ ਇਸਤ੍ਰੀ ਮਿਲੀ ਨਹੀਂ ਅਤੇ ਇਹ ਦੂਜਾ ਤੜਫ ਰਿਹਾ ਹੈ, ਕਿਉਂਕਿ ਇਸਨੂੰ ਉਹੀ ਇਸਤ੍ਰੀ ਮਿਲੀ।

ਇਥੇ ਮਿਲਣ ਵਾਲੇ ਵੀ ਤੜਫਦੇ ਹਨ, ਇਥੇ ਨਾ ਮਿਲਣ ਵਾਲੇ ਵੀ ਤੜਫਦੇ ਹਨ।

ਤੂੰ ਉਲਝਣ ਤੋਂ ਬਚ ਗਿਆ, ਹਾਲਾਂਕਿ ਮੈਂ ਸੋਚਦਾ ਹਾਂ ਕਿ ਤੂੰ ਕਿਸੇ ਹੋਰ ਉਲਝਣ ਵਿਚ ਜ਼ਰੂਰ ਪੈ ਗਿਆ ਹੋਵੇਂਗਾ। ਕਿਉਂਕਿ ਕੋਈ ਇੰਨੀ ਛੇਤੀ ਥੋੜ੍ਹਾ-ਈ ਬਚਦਾ ਹੈ। ਇਕ ਜਾਲ ਤੋਂ ਬਚੇ ਤਾਂ ਕਿਸੇ ਦੂਜੇ ਜਾਲ ਨੂੰ ਲੱਭ ਲਿਆ ਹੋਵੇਗਾ। ਅਤੇ ਸ਼ਾਇਦ ਇਸੇਲਈ ਵੀ ਪਹਿਲੇ ਜਾਲ ਦੀ ਯਾਦ ਵਾਰ-ਵਾਰ ਆਉਂਦੀ ਹੈ, ਕਿ ਇਹ ਦੂਜਾ ਤਾਂ ਜਾਲ ਸਿੱਧ ਹੋਇਆ, ਮੁਕਤੀ ਪਹਿਲੇ ਵਿਚ ਸੀ।

ਮੁਕਤੀ ਕਿਤੇ ਵੀ ਨਹੀਂ ਹੈ। ਮੁਕਤੀ ਜਾਲ ਵਿਚ ਹੁੰਦੀ ਹੀ ਨਹੀਂ ਹੈ। ਇਸ ਜਗਤ ਦੇ ਕਿਸੇ ਸਬੰਧ ਵਿਚ ਮੁਕਤੀ ਨਹੀਂ ਹੋ ਸਕਦੀ। ਇਸ ਜਗਤ ਦਾ ਸਬੰਧ ਹੀ ਸੁਭਾਵਕ ਤੌਰ 'ਤੇ ਬੰਧਨ ਵਿਚ ਲੈ ਜਾਂਦਾ ਹੈ।

ਅਤੇ ਮੈਂ ਤੁਹਾਨੂੰ ਇਹ ਨਹੀਂ ਕਹਿ ਰਿਹਾ ਹਾਂ ਕਿ ਜੇ ਤੁਹਾਡੀ ਪਤਨੀ ਹੈ ਤਾਂ ਛਡ ਕੇ ਨੱਸ ਜਾਣਾ, ਜਾਂ ਤੁਹਾਡਾ ਪਤੀ ਹੈ ਤਾਂ ਛੱਡ ਕੇ ਨੱਸ ਜਾਣਾ। ਇੰਨਾ ਹੀ ਸਮਝ ਲੈਣਾ ਕਿ ਹੁਣ ਅੱਖਾਂ ਉਪਰ ਚੁੱਕਣ ਦਾ ਸਮਾਂ ਆ ਗਿਆ। ਤੁਸੀਂ ਵੀ ਅੱਖ ਉਪਰ ਚੁੱਕੋ, ਪਤਨੀ ਨੂੰ ਵੀ ਅੱਖ ਉਪਰ ਚੁੱਕਣ ਦਿਉ। ਹੁਣ ਦੋਵੇਂ ਬਹੁਤ ਕਰ ਚੁੱਕੇ ਇਕ-ਦੂਜੇ ਨਾਲ ਪ੍ਰੇਮ ਅਤੇ ਸਤਾ ਚੁੱਕੇ ਇਕ-ਦੂਜੇ ਨੂੰ ਕਾਫੀ। ਹੁਣ ਜ਼ਰਾ ਅੱਖਾਂ ਉਪਰ ਚੁੱਕੋ। ਹੁਣ ਦੋਵੇਂ ਉਸ ਨਾਲ ਪ੍ਰੇਮ ਕਰੋ। ਅਤੇ ਤੁਸੀਂ ਹੈਰਾਨ ਹੋਵੋਗੇ, ਜੇਕਰ ਤੁਸੀਂ ਦੋਵੇਂ ਪ੍ਰਾਰਥਨਾਪੂਰਨ ਹੋ ਜਾਵੋ, ਜੇਕਰ ਤੁਸੀਂ ਦੋਵੇਂ ਪਰਮਾਤਮਾ ਦੇ ਪ੍ਰੇਮ ਵਿਚ ਪੈ ਜਾਵੋ, ਤਾਂ ਤੁਹਾਡੇ ਦੋਹਾਂ ਦੇ ਵਿਚਾਲੇ ਪ੍ਰੇਮ ਦੀ ਇਕ ਧਾਰਾ ਵਗਣ ਲੱਗੇਗੀ, ਜੋ ਕਦੇ ਨਹੀਂ ਵਗੀ ਸੀ। ਉਹ ਪਰਮਾਤਮਾ ਦੇ ਨਾਲ ਜੁੜਨ ਦਾ ਇਕ ਸਬੰਧਤ ਅੰਗ ਹੈ।

ਤੂਨੇ ਜਿਸ ਦੌਲਤ ਕੇ ਬਲ ਪਰ ਇਸ਼ਕ ਕੀ ਯਲਗਾਰ ਕੀ
ਆਜ ਉਸ ਦੌਲਤ ਕੇ ਜੀਵਨ ਪਰ ਬੁੜ੍ਹਾਪਾ ਆ ਗਯਾ
ਤੂਨੇ ਜਸ ਮਖ਼ਲੂਸ ਸੇ ਥਾਂਪੇ ਇਮਾਰਤ ਕੇ ਜੁਜਾਮ
ਹਾਦਸੋਂ ਕਾ ਹਾਥ ਉਸ ਮਖ਼ਲੂਸ ਕੋ ਉਲਟਾ ਗਯਾ
ਤੂਨੇ ਜਿਨ ਮਹਿਲੋਂ ਮੇਂ ਦੇਖੇ ਹਿੱਜਰ ਕੇ ਰੰਗੀਨ ਖ਼੍ਵਾਬ
ਵਕਤ ਕਾ ਭੂਚਾਲ ਉਨ ਮਹਿਲੋਂ ਕੇ ਗੁੰਬਦ ਢਾ ਗਯਾ

ਜਮ ਚੁਕਾ ਹੈ ਖ਼ੂਨ ਅਬ ਤੇਰੇ ਦਿਲੇ ਬੇਸਬ੍ਰ ਮੇਂ
ਦਫਨ ਹੋਣਾ ਹੈ ਤੁਝੇ ਅਬ, ਹਸਰਤੋਂ ਕੀ ਕਬ੍ਰ ਮੇਂ

ਇਥੇ ਇਸਦੇ ਸਿਵਾਇ ਕੁਝ ਵੀ ਨਹੀਂ ਹੁੰਦਾ। ਤੁਹਾਡੇ ਸਭ ਸੁਫਨਿਆਂ ਦੇ ਮਹਿਲ ਡਿਗ ਜਾਂਦੇ ਹਨ ਅਤੇ ਤੁਹਾਡੀਆਂ ਸਭ ਆਸਾਂ ਹੀ ਤੁਹਾਡਾ ਕਫਨ ਬਣਦੀਆਂ ਹਨ। ਅਤੇ ਤੁਸੀਂ ਜੋ-ਜੋ ਆਸਾਂ ਸੰਜੋਈਆਂ ਸੀ, ਉਹ ਹੀ ਤੁਹਾਡੇ ਡੁੱਬਣ ਦਾ ਕਾਰਨ ਹੋ ਜਾਂਦੀਆਂ ਹਨ। ਜਿਹੜਾ ਜਿੰਨੀ ਛੇਤੀ ਜਾਗ ਜਾਵੇ ਉਨਾ ਸ਼ੁਭ ਹੈ।

ਇਸਲਈ ਮੈਂ ਕਹਿੰਦਾ ਹਾਂ, ਪ੍ਰੇਮ ਸਵੀਕਾਰ ਨਹੀਂ ਹੋਇਆ, ਚੰਗਾ ਹੋਇਆ। ਧੰਨਵਾਦ ਦੇ ਉਸ ਇਸਤ੍ਰੀ ਨੂੰ। ਸ਼ੁਕਰਗੁਜ਼ਾਰ ਹੋ ਉਸ ਇਸਤ੍ਰੀ ਦਾ। ਅਤੇ ਹੁਣ ਪਰਮਾਤਮਾ ਦੇ ਵਲ ਅੱਖਾਂ ਚੁਕ। ਜ਼ਰਾ ਪ੍ਰਿਥਵੀ ਤੋਂ ਉਪਰ ਤਾਂ ਦੇਖ- ਚੰਦ-ਤਾਰਿਆਂ ਨਾਲ ਭਰਿਆ ਅਕਾਸ਼ ਹੈ। ਜ਼ਰਾ ਦੇਹ ਦੇ ਪਾਰ ਤਾਂ ਉਠ, ਉਥੇ ਅੰਮ੍ਰਿਤ ਦਾ ਵਾਸ ਹੈ। ਇਥੇ ਤਾਂ ਹੰਕਾਰ, ਹੋਰ ਹੰਕਾਰ ਦੀਆਂ ਖੇਡਾਂ ਹਨ। ਇੰਨਾ ਹੀ ਬਹੁਤ ਹੈ ਕਿ ਇਥੇ ਜ਼ਿਆਦਾ ਝੰਜਟ ਨਾ ਹੋਵੇ। ਜ਼ਿੰਦਗੀ ਸੌਖ ਨਾਲ ਗੁਜ਼ਰ ਜਾਵੇ। ਅਜੇਹੇ ਹੀ ਲੋਕਾਂ ਨੂੰ ਅਸੀਂ ਕਹਿੰਦੇ ਹਾਂ, ਚੰਗੇ ਪਤੀ-ਪਤਨੀ। ਕੋਈ ਸੁਖ ਤਾਂ ਮਿਲਦਾ ਨਹੀਂ, ਬਸ ਇਕ-ਦੂਜੇ ਨੂੰ ਬਹੁਤਾ ਦੁਖ ਨਾ ਦੇਣ, ਇੰਨਾ ਹੀ ਟੀਚਾ ਹੈ। ਇੰਨਾ ਹੀ ਕਾਫੀ ਹੈ। ਉਹਨਾਂ ਨੂੰ ਹੀ ਅਸੀਂ ਚੰਗੇ ਪਤੀ-ਪਤੀ ਕਹਿੰਦੇ ਹਾਂ-ਇਕ-ਦੂਜੇ ਨੂੰ ਜ਼ਿਆਦਾ ਦੁਖ ਨਹੀਂ ਦੇ ਰਹੇ। ਬਸ, ਚੱਲ ਰਿਹਾ ਹੈ ਕੰਮ। ਗੱਡੀ ਤੁਰੀ ਜਾਂਦੀ ਹੈ। ਬਹੁਤਾ ਉਪੱਦਰ ਨਹੀਂ ਹੈ। ਕਿਸੇ ਤਰ੍ਹਾਂ ਬਰਾਬਰ ਇੰਤਜ਼ਾਮ ਬਿਠਾ ਲਿਆ ਹੈ।

ਅੰਪਰ ਪਹੁੰਚੋਗੇ ਕਿਥੇ? ਇਹ ਗੱਡੀ ਕਬਰ ਵਿਚ ਡਿੱਗੇਗੀ। ਸੌਖ ਨਾਲ ਜਿਉਂ ਲਏ ਕਿ ਔਖ ਨਾਲ, ਕੀ ਫਰਕ ਪੈਂਦਾ ਹੈ? ਅੱਗੇ ਮੌਤ ਆਉਂਦੀ ਹੈ। ਮੌਤ ਦੇ ਪਹਿਲਾਂ ਅੰਮ੍ਰਿਤ ਨੂੰ ਖੋਜ ਲੈਣਾ ਜ਼ਰੂਰੀ ਹੈ। ਅੰਮ੍ਰਿਤ ਨਾਲ ਪ੍ਰੇਮ ਕਰੋ।

ਚੌਥਾ ਸਵਾਲ-

ਸੰਸਾਰ ਵਿਚ ਅਸਫਲਤਾ ਲਾਜ਼ਮੀ ਕਿਉਂ ਹੈ?

ਸੰਸਾਰ ਦਾ ਸੁਭਾਅ। ਸੁਫਨੇ ਦਾ ਸੁਭਾਅ। ਸੁਫਨਾ ਹਕੀਕਤ ਨਹੀਂ ਹੈ। ਇਸਲਈ ਸੁਫਨੇ ਵਿਚ ਕੋਈ ਸਫਲਤਾ ਨਹੀਂ ਹੋ ਸਕਦੀ।

ਤੂੰ ਅਜੇਹਾ, ਸਵਾਲ ਪੁਛ ਰਿਹਾ ਹੈਂ, ਜਿਵੇਂ ਕੋਈ ਆਦਮੀ ਕਾਗਜ਼ ਉਤੇ ਲਿਖੇ ਹੋਏ ਭੋਜਨ ਨੂੰ 'ਭੋਜਨ' ਸਮਝ ਲਵੇ; ਰਸੋਈ-ਸਿੱਖਿਆ ਦੀ ਕਿਤਾਬ ਵਿਚੋਂ ਵਰਕੇ ਪਾੜ ਲਵੇ ਅਤੇ ਚੱਬ ਜਾਵੇ, ਅਤੇ ਕਹੇ ਕਿ ਰਸੋਈ-ਸਿੱਖਿਆ ਵਿਚ ਹਰ ਤਰ੍ਹਾਂ ਦੇ ਭੋਜਨ ਲਿਖੇ ਹਨ, ਫਿਰ ਰਸੋਈ-ਸਿੱਖਿਆ ਦੇ ਵਰਕੇ ਚੱਬਣ ਨਾਲ ਤ੍ਰਿਪਤੀ ਕਿਉਂ ਨਹੀਂ ਹੁੰਦੀ?

ਕਾਗਜ਼ ਉਤੇ ਲਿਖਿਆ ਹੋਇਆ 'ਭੋਜਨ' ਭੋਜਨ ਨਹੀਂ ਹੈ। ਸੁਫਨੇ ਵਿਚ ਮਿਲਿਆ ਹੋਇਆ ਧਨ ਧਨ ਨਹੀਂ ਹੈ। ਸੰਸਾਰ ਵਿਚ ਜੋ ਵੀ ਮਿਲਦਾ ਹੈ, ਮਿਲਦਾ ਨਹੀਂ, ਬਸ ਮਿਲਿਆ ਹੋਇਆ ਮਲੂਮ ਹੁੰਦਾ ਹੈ। ਕਿਉਂਕਿ ਤੁਸੀਂ ਸੁੱਤੇ ਹੋਏ ਹੋ-ਤੁਹਾਡੇ ਸੁੱਤੇ ਹੋਏ ਹੋਣ ਦਾ ਨਾਂ ਸੰਸਾਰ ਹੈ।

ਸੰਸਾਰ ਦਾ ਕੀ ਅਰਥ ਹੈ? ਇਹ ਬਿਰਛ, ਇਹ ਚੰਦ, ਇਹ ਤਾਰੇ, ਇਹ ਸੂਰਜ, ਇਹ ਲੋਕ—ਇਹ ਸੰਸਾਰ ਹੈ? ਤਾਂ ਤੁਸੀਂ ਗ਼ਲਤ ਸਮਝ ਗਏ। ਸੰਸਾਰ ਦਾ ਮਤਲਬ ਹੈ ਤੁਹਾਡੀਆਂ ਚਾਹਨਾਵਾਂ ਦਾ ਜੋੜ: ਤੁਹਾਡੇ ਸੁਫਨਿਆਂ ਦਾ ਜੋੜ। ਸੰਸਾਰ ਤੁਹਾਡੇ ਅੰਦਰ ਹੈ, ਬਾਹਰ ਨਹੀਂ। ਤੁਹਾਡੀ ਨੀਂਦ, ਤੁਹਾਡੀ ਇਕੱਠੀ ਹੋਈ ਮੂਰਛਾ ਦਾ ਨਾਂ ਸੰਸਾਰ ਹੈ। ਮੂਰਛਾ ਵਿਚ ਤੁਸੀਂ ਜੋ ਵੀ ਕਰ ਰਹੇ ਹੋ ਉਸ ਨਾਲ ਕੋਈ ਤ੍ਰਿਪਤੀ ਨਹੀਂ ਹੋਵੇਗੀ। ਮੂਰਛਾ ਵਿਚ ਤੁਹਾਨੂੰ ਹੋਸ਼ ਹੀ ਨਹੀਂ ਕਿ ਤੁਸੀਂ ਕੀ ਕਰ ਰਹੇ ਹੋ। ਤੁਸੀਂ ਬੇਹੋਸ਼ੀ ਵਿਚ ਤੁਰੇ ਜਾ ਰਹੇ ਹੋ। ਤੁਹਾਡੀ ਹਾਲਤ ਇਕ ਸ਼ਰਾਬੀ ਵਰਗੀ ਹੈ।

ਮੁੱਲਾ ਨਸਰੁੱਦੀਨ ਇਕ ਰਾਤ ਵਧ ਪੀ ਕੇ ਘਰ ਆਇਆ। ਰਾਹ ਵਿਚ ਕਈ ਥਾਂਈਂ ਡਿਗਿਆ, ਬਿਜਲੀ ਦੇ ਖੰਭੇ ਨਾਲ ਟਕਰਾ ਗਿਆ, ਚੇਹਰੇ ਉਤੇ ਕਈ ਥਾਂ ਚੋਟ ਆ ਗਈ, ਝਰੀਟ ਲੱਗ ਗਈ। ਅੱਧੀ ਰਾਤ ਘਰ ਪਹੁੰਚਿਆ, ਸੋਚਿਆ ਪਤਨੀ ਸਵੇਰੇ ਪਰੇਸ਼ਾਨ ਕਰੇਗੀ, ਕਿ ਤੂੰ ਜ਼ਿਆਦਾ ਪੀਤੀ। ਅਤੇ ਸਬੂਤ ਸਾਫ ਹੈ, ਕਿ ਸੱਟਾਂ ਲੱਗੀਆਂ ਹਨ, ਝਰੀਟਾਂ ਲੱਗੀਆਂ ਹਨ ਚੇਹਰੇ ਉਤੇ, ਚਮੜੀ ਛਿੱਲੀ ਗਈ ਹੈ। ਤਾਂ ਉਸਨੇ ਸੋਚਿਆ ਕਿ ਕੁਝ ਇੰਤਜ਼ਾਮ ਕਰ ਲਈਏ। ਸੋ ਉਹ ਗਿਆ ਬਾਥਰੂਮ ਵਿਚ, ਬੇਲਾਡੋਨਾ ਦੀ ਪੱਟੀ ਉਸਨੇ ਲਾਈ ਸਾਰੇ ਚੇਹਰੇ ਉਤੇ ਕਿ ਸਵੇਰ ਤਕ ਕੁਝ ਤਾਂ ਰਾਹਤ ਹੋ ਜਾਏਗੀ। ਅਤੇ ਇੰਨਾ ਤਾਂ ਮੈਂ ਸਿੱਧ ਕਰ ਹੀ ਸਕਾਂਗਾ ਕਿ ਜੇ ਮੈਂ ਜ਼ਿਆਦਾ ਪੀਤੀ ਹੋਈ ਹੁੰਦੀ ਤਾਂ ਬੇਲਾਡੋਨਾ ਲਾਉਣ ਦੀ ਯਾਦ ਰਹਿੰਦੀ। ਡਿਗ ਪਿਆ ਸੀ ਰਾਹ ਵਿਚ, ਪੈਰ ਤਿਲ੍ਹਕ ਗਿਆ ਛਿੱਲੜ ਉਤੇ। ਘਰ ਆ ਕੇ ਮੈਂ ਮੱਲ੍ਹਮ–ਪੱਟੀ ਕਰ ਲਈ।

ਬੜਾ ਪ੍ਰਸੰਨ ਸੁੱਤਾ। ਸਵੇਰੇ ਪਤਨੀ ਨੇ ਕਿਹਾ ਕਿ ਇਹ ਹਾਲਤ ਚੇਹਰੇ ਦੀ ਕਿਵੇਂ ਹੋਈ? ਉਸਨੇ ਕਿਹਾ ਮੈਂ ਡਿਗ ਪਿਆ ਸੀ, ਇਕ ਕੇਲੇ ਦੇ ਛਿੱਲੜ ਉਤੇ ਪੈਰ ਤਿਲ੍ਹਕ ਗਿਆ। ਅਤੇ ਦੇਖ ਖ਼ਿਆਲ ਰੱਖੀਂ, ਮੈਂ ਕੋਈ ਜ਼ਿਆਦਾ ਵਗੈਰਾ ਨਹੀਂ ਪੀਤੀ ਸੀ। ਸਬੂਤ ਹੈ ਸਾਫ ਕਿ ਮੈਂ ਚਾਰੇ ਚੇਹਰੇ ਦੀ ਮੱਲ੍ਹਮ–ਪੱਟੀ ਕੀਤੀ।

ਉਸਨੇ ਕਿਹਾ, ਹਾਂ, ਸਬੂਤ ਹੈ, ਆ ਮੇਰੇ ਨਾਲ। ਸ਼ੀਸ਼ੇ ਉਤੇ ਕੀਤੀ ਸੀ ਉਸਨੇ ਮੱਲ੍ਹਮ–ਪੱਟੀ। ਚੇਹਰਾ ਤਾਂ ਸ਼ੀਸ਼ੇ ਵਿਚ ਦਿਖਾਈ ਪੈ ਰਿਹਾ ਸੀ। ਸਬੂਤ ਹੈ—ਉਸਦੀ ਪਤਨੀ ਨੇ ਕਿਹਾ—ਕਿ ਮੱਲ੍ਹਮ–ਪੱਟੀ ਤੂੰ ਜ਼ਰੂਰ ਕੀਤੀ ਹੈ, ਪੂਰਾ ਸ਼ੀਸ਼ਾ ਖ਼ਰਾਬ ਕਰ ਦਿਤਾ ਹੈ। ਹੁਣ ਦਿਨ–ਭਰ ਮੈਨੂੰ ਸਫਾਈ ਵਿਚ ਲੱਗੇਗਾ।

ਬੇਹੋਸ਼ ਆਦਮੀ ਜੋ ਕਰੇਗਾ, ਉਸਦਾ ਕੀ ਭਰੋਸਾ! ਕੁਝ ਨਾ ਕੁਝ ਭੁੱਲ ਹੋਵੇਗੀ ਹੀ।

ਸੰਸਾਰ ਤੁਹਾਡੀ ਬੇਹੋਸ਼ੀ ਦਾ ਨਾਂ ਹੈ। ਅਤੇ ਇਸਲਈ ਲਾਜ਼ਮੀ ਹੈ ਅਸਫਲਤਾ।

ਇਕ ਹੋਰ ਰਾਤ ਮੁੱਲਾ ਨਸਰੁਦੀਨ ਜ਼ਿਆਦਾ ਪੀ ਕੇ ਆ ਗਿਆ। ਜਿਹੜੇ–ਜਿਹੜੇ ਜ਼ਿਆਦਾ ਪੀ ਕੇ ਆਉਂਦੇ ਹਨ, ਉਹਨਾਂ ਵਿਚਾਰਿਆਂ ਨੂੰ ਘਰ ਆ ਕੇ ਕੁਝ ਹੋਰ ਇੰਤਜ਼ਾਮ ਕਰਨਾ ਪੈਂਦਾ ਹੈ। ਸਰਕਦਾ ਹੋਇਆ ਕਿਸੇ ਤਰ੍ਹਾਂ ਕਮਰੇ ਵਿਚ ਵੜ ਗਿਆ। ਅਵਾਜ਼ ਨਾ ਹੋਵੇ, ਪਰ ਫਿਰ ਵੀ ਅਵਾਜ਼ ਹੋ ਗਈ। ਪਤਨੀ ਨੇ ਪੁਛਿਆ, ਕੀ ਕਰ ਰਿਹਾ ਹੈਂ? ਉਸਨੇ ਕਿਹਾ, ਕੁਰਾਨ ਪੜ੍ਹ ਰਿਹਾ ਹਾਂ। ਹੁਣ ਅਜੇਹਾ ਚੰਗਾ ਕੰਮ ਕੋਈ ਕਰ ਰਿਹਾ ਹੋਵੇ, ਅੱਧੀ ਰਾਤ ਨੂੰ ਵੀ ਕਰੇ ਤਾਂ ਰੋਕ

ਤਾਂ ਨਹੀਂ ਸਕਦੇ। ਧਾਰਮਕ ਕੰਮ ਤਾਂ ਰੋਕਿਆ ਹੀ ਨਹੀਂ ਜਾ ਸਕਦਾ। ਪਤਨੀ ਉਠੀ ਅਤੇ ਉਸਨੇ ਸੋਚਿਆ ਕਿ ਕੁਰਾਨ ਅਤੇ ਅੱਧੀ ਰਾਤ, ਅਤੇ ਕਦੇ ਕੁਰਾਨ ਇਸਨੂੰ ਪੜ੍ਹਦਾ ਦੇਖਿਆ ਨਹੀਂ! ਜਾ ਕੇ ਦੇਖਿਆ, ਸਿਰ ਹਿਲਾ ਰਿਹਾ ਹੈ ਅਤੇ ਸਾਹਮਣੇ ਸੂਟਕੇਸ ਖੋਲ੍ਹ ਕੇ ਰਖਿਆ ਹੈ।

'ਕੁਰਾਨ ਕਿਥੇ ਹੈ?'

ਉਸਨੇ ਕਿਹਾ, ਸਾਹਮਣੇ ਰਖੀ ਹੈ।

ਆਦਮੀ ਬੇਹੋਸ਼ੀ ਵਿਚ ਜੋ ਵੀ ਕਰੇਗਾ, ਗ਼ਲਤ ਹੋਵੇਗਾ।

ਤੂੰ ਪੁੱਛਦਾ ਹੈਂ, ਸੰਸਾਰ ਵਿਚ ਅਸਫਲਤਾ ਲਾਜ਼ਮੀ ਕਿਉਂ ਹੈ?

ਕਿਉਂਕਿ ਸੰਸਾਰ ਤੁਹਾਡੀ ਬੇਹੋਸ਼ੀ ਦਾ ਨਾਂ ਹੈ। ਫਿਰ ਬੇਹੋਸ਼ੀਆਂ ਕਈ ਤਰ੍ਹਾਂ ਦੀਆਂ ਹਨ। ਕੋਈ ਸ਼ਰਾਬ ਦੀ ਹੀ ਬੇਹੋਸ਼ੀ ਨਹੀਂ ਹੁੰਦੀ। ਸ਼ਰਾਬ ਦੀ ਬੇਹੋਸ਼ੀ ਤਾਂ ਸਭ ਤੋਂ ਘਟ ਬੇਹੋਸ਼ੀ ਹੈ। ਅਸਲੀ ਬੇਹੋਸ਼ੀਆਂ ਤਾਂ ਬੜੀਆਂ ਗਹਿਰੀਆਂ ਹਨ। ਜਿਵੇਂ ਪਦਵੀ ਦੀ ਬੇਹੋਸ਼ੀ ਹੁੰਦੀ ਹੈ, ਪਦਵੀ ਦੀ ਸ਼ਰਾਬ ਹੁੰਦੀ ਹੈ—ਪਦ–ਮਦ। ਜੋ ਆਦਮੀ ਪਦਵੀ ਉਤੇ ਬੈਠ ਜਾਂਦਾ ਹੈ, ਉਸਨੂੰ ਦੇਖੋ, ਉਸਦੇ ਪੈਰ ਫਿਰ ਜ਼ਮੀਨ 'ਤੇ ਨਹੀਂ ਲਗਦੇ। ਕੋਈ ਹੋ ਗਿਆ ਪ੍ਰਧਾਨ ਮੰਤਰੀ, ਕੋਈ ਹੋ ਗਿਆ ਰਾਸ਼ਟਰਪਤੀ, ਫਿਰ ਉਹ ਜ਼ਮੀਨ ਉਤੇ ਨਹੀਂ ਤੁਰਦਾ, ਉਸਨੂੰ ਖੰਭ ਲੱਗ ਜਾਂਦੇ ਹਨ। ਪਦ–ਮਦ! ਕਿਸੇ ਨੂੰ ਧਨ ਮਿਲ ਗਿਆ ਤਾਂ ਧਨ ਦਾ ਮਦ। ਇਹ ਅਸਲੀ ਸ਼ਰਾਬਾਂ ਹਨ। ਸ਼ਰਾਬ ਤਾਂ ਕੁਝ ਵੀ ਨਹੀਂ ਇਹਨਾਂ ਦੇ ਮੁਕਾਬਲੇ। ਪੀਉਗੇ, ਘੜੀ–ਦੋ ਘੜੀ ਵਿਚ ਉਤਰ ਜਾਏਗਾ ਨਸ਼ਾ। ਇਹ ਨਸ਼ੇ ਅਜੇਹੇ ਹਨ ਕਿ ਟਿਕਦੇ ਹਨ, ਜ਼ਿੰਦਗੀ–ਭਰ ਪਿਛਾ ਕਰਦੇ ਹਨ। ਚੜ੍ਹੇ ਹੀ ਰਹਿੰਦੇ ਹਨ।

ਬਹੁਤ ਨਸ਼ੇ ਹਨ। ਅਤੇ ਜਿਸਨੇ ਜਾਗਣਾ ਹੋਵੇ ਉਸਨੂੰ ਹਰੇਕ ਨਸ਼ੇ ਤੋਂ ਸਾਵਧਾਨ ਹੋਣਾ ਪੈਂਦਾ ਹੈ। ਜਾਗਣ ਦੇ ਦੋ ਹੀ ਉਪਾਅ ਹਨ—ਜਾਂ ਤਾਂ ਧਿਆਨ ਦੀ ਤਲਵਾਰ ਲੈ ਕੇ ਆਪਣੇ ਸਾਰੇ ਨਸ਼ਿਆਂ ਦੀਆਂ ਜੜ੍ਹਾਂ ਵੱਢ ਦਿਉ: ਜਾਂ ਪਰਮਾਤਮਾ ਦੇ ਪ੍ਰੇਮ ਨਾਲ ਆਪਣੀਆਂ ਅੱਖਾਂ ਭਰ ਲਵੋ। ਬਾਕੀ ਨਸ਼ੇ ਆਪਣੇ–ਆਪ ਨੱਸ ਜਾਣਗੇ। ਉਸਦੀ ਮੌਜੂਦਗੀ ਵਿਚ ਨਹੀਂ ਟਿਕਦੇ ਹਨ। ਜਾਂ ਤਾਂ ਪਰਮਾਤਮਾ ਦੇ ਪ੍ਰੇਮ ਨਾਲ ਭਰ ਜਾਉ, ਆਤਮਾ ਦੇ ਧਿਆਨ ਨਾਲ ਭਰ ਜਾਉ। ਇਹ ਦੋ ਹੀ ਉਪਾਅ ਹਨ। ਸੰਸਾਰ ਦੇ ਬਾਹਰ ਜਾਣ ਦੇ ਇਹ ਦੋ ਹੀ ਦੁਆਰ ਹਨ। ਤੁਹਾਨੂੰ ਜੋ ਭਾ ਜਾਵੇ।

ਤੂੰ ਪੁਛਦਾ ਹੈਂ : ਸੰਸਾਰ ਵਿਚ ਅਸਫਲਤਾ ਲਾਜ਼ਮੀ ਕਿਉਂ ਹੈ?

ਸੰਸਾਰ ਦਾ ਸੁਭਾਅ ਹੈ ਅਜੇਹਾ।

ਉਮ੍ਰ ਗੰਵਾ ਕਰ ਹਮਕੋ ਇਤਨੀ ਆਜ ਹੁਈ ਪਹਿਚਾਨ।
ਚੜ੍ਹੀ ਨਦੀ ਔਰ ਉਤਰ ਗਈ, ਪਰ ਘਰ ਹੋ ਗਏ ਵੀਰਾਨ।।

ਜ਼ਿੰਦਗੀ ਆਉਂਦੀ ਹੈ, ਚਲੀ ਜਾਂਦੀ ਹੈ।

ਚੜ੍ਹੀ ਨਦੀ ਔਰ ਉਤਰ ਗਈ, ਪਰ ਘਰ ਹੋ ਗਏ ਵੀਰਾਨ।

ਜ਼ਿੰਦਗੀ ਆਉਂਦੀ ਹੈ ਅਤੇ ਚਲੀ ਜਾਂਦੀ ਹੈ, ਤੁਸੀਂ ਵਰਾਨ ਹੋ ਜਾਂਦੇ ਹੋ, ਤੁਸੀਂ ਖੰਡ੍ਹਰ ਹੋ ਜਾਂਦੇ ਹੋ। ਜ਼ਿੰਦਗੀ ਤੁਹਾਨੂੰ ਕੁਝ ਦੇ ਨਹੀਂ ਜਾਂਦੀ, ਤੁਹਾਥੋਂ ਕੁਝ ਲੈ ਜਾਂਦੀ ਹੈ। ਤੁਹਾਡੀ ਸਮਰੱਥਾ ਲੈ ਜਾਂਦੀ ਹੈ। ਤੁਹਾਡੇ ਮੌਕੇ ਲੈ ਜਾਂਦੀ ਹੈ। ਜਿਨ੍ਹਾਂ ਮੌਕਿਆਂ 'ਤੇ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਸੀ, ਉਹ ਤੁਸੀਂ ਦੋ ਕੌਡੀ ਵਿਚ ਵੇਚ ਛੱਡੇ। ਤੁਹਾਥੋਂ ਤੁਹਾਡੀ ਆਤਮਾ ਲੈ ਜਾਂਦੀ ਹੈ।

ਤਹਿ ਮੇਂ ਭੀ ਹੈ ਹਾਲ ਵਹੀ ਜੋ ਤਹਿ ਕੇ ਊਪਰ ਹਾਲ।
ਮਛਲੀ ਬਚ ਕਰ ਜਾਏ ਕਹਾਂ ਜਬ ਸਾਰਾ ਜਲ ਹੀ ਜਾਲ॥

ਇਥੇ ਸਾਰਾ ਜਲ ਹੀ ਜਾਲ ਹੈ, ਮਛਲੀ ਬਚ ਕਰ ਜਾਏ ਕਹਾਂ? ਇਹ ਖੋਜ ਹੀ ਧਰਮ ਹੈ। ਇਥੇ ਬਚੋਂ ਕਿਵੇਂ। ਇਸ ਪਾਸੇ ਜਾਉ ਤਾਂ ਜਾਲ, ਉਸ ਪਾਸੇ ਜਾਉ ਤਾਂ ਜਾਲ। ਪੂਰਬ ਜਾਉ ਤਾਂ ਜਾਲ, ਪੱਛਮ ਜਾਉ ਤਾਂ ਜਾਲ। ਧਨ ਵਿਚ ਜਾਉ, ਪਦਵੀ ਵਿਚ ਜਾਉ, ਪ੍ਰਸਿੱਧੀ ਵਿਚ ਜਾਉ—ਜਾਲ ਹੀ ਜਾਲ ਹੈ। ਹੇਠਾਂ–ਉਪਰ ਸਭ ਪਾਸੇ ਜਾਲ ਹੈ। ਐਪਰ ਇਕ ਜਗ੍ਹਾ ਹੈ ਜਿਥੇ ਜਾਲ ਨਹੀਂ ਹੈ। ਆਪਣੇ ਅੰਦਰ ਜਾਉ।

ਗਿਆਰਾਂ ਦਿਸ਼ਾਵਾਂ ਹਨ; ਦਸ ਦਿਸ਼ਾਵਾਂ ਵਿਚ ਜਾਲ ਹੈ, ਗਿਆਰਵੀਂ ਦਿਸ਼ਾ ਵਿਚ ਜਾਲ ਨਹੀਂ ਹੈ। ਅਤੇ ਜਿਹੜਾ ਗਿਆਰਵੀਂ ਦਿਸ਼ਾ ਵਿਚ ਜਾਂਦਾ ਹੈ, ਉਸਦਾ ਹੀ ਪਰਮਾਤਮਾ ਨਾਲ ਮਿਲਾਪ ਹੁੰਦਾ ਹੈ। ਪਰਮਾਤਮਾ ਗਿਆਰਵੀਂ ਦਿਸ਼ਾ ਵਿਚ ਹੈ।

ਜੇਕਰ ਜੀਵਨ ਨੂੰ ਸਮਝੋਗੇ ਤਾਂ ਇਕ ਗੱਲ ਤੁਹਾਨੂੰ ਦਿਖਾਈ ਪੈਣ ਵਿਚ ਜ਼ਿਆਦਾ ਦੇਰ ਨਹੀਂ ਲੱਗੇਗੀ—

ਆ ਗਯਾ ਰਾਸ ਸ਼ਿਕੱਸਤੋਂ ਕਾ ਸ਼ੁਮਾਰ ਆਖ਼ਿਰਕਾਰ।
ਛੁਪ ਗਏ ਯਾਦ ਕੇ ਫੂਲੋਂ ਮੇਂ ਉਮੀਦੋਂ ਕੇ ਮਜ਼ਾਰ॥
ਸੂਰਜ ਉਭਰਾ ਹੈ ਕਿ ਡੂਬਾ ਹੈ ਕਿ ਗਹਿਨਾਯਾ ਹੈ।
ਯਾ ਫ਼ਕਤ ਅਪਨੇ ਲਹੂ ਸੇ ਹੁਈ ਧਰਤੀ ਗੁਲਨਾਰ॥
ਇਤਨੀ ਅਰਜ਼ਾਂ ਤੋ ਨਾ ਥੀ ਦਰਦ ਕੀ ਦੌਲਤ ਪਹਿਲੇ।
ਜਿਸ ਤਰਫ ਜਾਈਏ ਜ਼ਖ਼ਮੋਂ ਕੇ ਲਗੇ ਹੈਂ ਬਾਜ਼ਾਰ॥
ਆਦਮੀ ਲਾਖ ਬੜ੍ਹੇ, ਫਾਸਲੇ ਘਟਤੇ ਹੀ ਨਹੀਂ।
ਹਟਤਾ ਜਾਤਾ ਹੈ ਮਗਰ, ਛਟ ਨਹੀਂ ਪਾਤਾ ਹੈ ਗ਼ੁਬਾਰ॥

ਅਜੇਹੀ ਹਾਲਤ ਹੈ। ਜਿਥੇ ਦੇਖੋ ਉਥੇ ਜ਼ਖ਼ਮਾਂ ਹੀ ਜ਼ਖ਼ਮਾਂ ਦੇ ਬਜ਼ਾਰ ਲੱਗੇ ਹਨ। ਜ਼ਰਾ ਚਾਰੇ ਪਾਸੇ ਅੱਖ ਤਾਂ ਚੁੱਕ ਕੇ ਦੇਖੋ। ਸੰਸਾਰ ਇਕ ਵੱਡਾ ਹਸਪਤਾਲ ਹੈ, ਜਿਥੇ ਹਰ ਬੰਦਾ ਬੀਮਾਰ ਹੈ। ਕਦੇ ਮੁਸ਼ਕਲ ਨਾਲ, ਕਦੇ–ਕਦਾਈਂ ਕੋਈ

ਤੰਦਰੁਸਤ ਆਦਮੀ ਮਿਲਦਾ ਹੈ—ਕੋਈ ਬੁੱਧ, ਕੋਈ ਕ੍ਰਿਸ਼ਨ, ਕੋਈ ਕਬੀਰ। ਕਦੇ—ਕਦਾਈਂ ਕੋਈ ਮਿਲ ਜਾਵੇ ਦਾਦੂ, ਕੋਈ ਰੱਜਬ, ਕੋਈ ਸੁੰਦਰਦਾਸ। ਇਸ ਪੂਰੇ ਹਸਪਤਾਲ ਵਿਚ ਸਭ ਬੀਮਾਰ ਹਨ। ਕੋਈ ਇਸ ਤਰ੍ਹਾਂ ਬੀਮਾਰ, ਕੋਈ ਉਸ ਤਰ੍ਹਾਂ ਬੀਮਾਰ—ਬੀਮਾਰੀਆਂ ਦੇ ਹਜ਼ਾਰ ਨਾਂ ਹਨ। ਅਲੱਗ—ਅਲੱਗ ਤਰ੍ਹਾਂ ਦੀਆਂ ਬੀਮਾਰੀਆਂ ਹਨ; ਲੋਕਾਂ ਨੇ ਅਰੋਪਤ ਕਰ ਲਈਆਂ ਹਨ।

ਅਤੇ ਮਜ਼ਾ ਅਜੇਹਾ ਹੈ ਕਿ ਬੀਮਾਰ ਸਿਰਫ ਬੀਮਾਰ ਨਹੀਂ ਹਨ, ਬੀਮਾਰ ਪਾਗਲ ਵੀ ਹਨ। ਕਿਉਂਕਿ ਬੀਮਾਰੀ ਦੇ ਪਾਗਲਪਣ ਦਾ ਸਬੂਤ ਇਹ ਹੈ ਕਿ ਉਹ ਆਪਣੀ ਬੀਮਾਰੀ ਨੂੰ ਬੀਮਾਰੀ ਨਹੀਂ ਮੰਨਦੇ। ਉਹ ਆਪਣੀ ਬੀਮਾਰੀ ਨੂੰ ਆਪਣਾ ਸੁਭਾਗ ਮੰਨ ਰਹੇ ਹਨ। ਉਹ ਆਪਣੀ ਬੀਮਾਰੀ ਨੂੰ ਆਪਣਾ ਜ਼ੇਵਰ ਮੰਨ ਰਹੇ ਹਨ। ਉਹ ਆਪਣੀ ਬੀਮਾਰੀ ਦਾ ਬਚਾਅ ਕਰ ਰਹੇ ਹਨ, ਰੱਖਿਆ ਕਰ ਰਹੇ ਹਨ।

ਇਧਰ ਇਹਨਾਂ ਵੀਹ ਵਰ੍ਹਿਆਂ ਵਿਚ ਪਤਾ ਨਹੀਂ ਹਜ਼ਾਰਾਂ ਲੋਕਾਂ ਦੀਆਂ ਬੀਮਾਰੀਆਂ ਦੇਖਣ ਦਾ ਮੈਨੂੰ ਮੌਕਾ ਆਇਆ। ਅਤੇ ਹਰ ਵਾਰ ਮੈਂ ਇਹ ਅਨੁਭਵ ਕਰਦਾ ਹਾਂ ਕਿ ਆਦਮੀ ਆਪਣੀਆਂ ਬੀਮਾਰੀਆਂ ਦੀ ਰੱਖਿਆ ਕਰਦਾ ਹੈ। ਜੇਕਰ ਉਸਨੂੰ ਉਪਾਅ ਦੱਸਿਆ ਜਾਵੇ ਬੀਮਾਰੀ ਤੋਂ ਮੁਕਤ ਹੋਣ ਦਾ, ਤਾਂ ਨਹੀਂ ਕਰਦਾ। ਆਪਣੀ ਬੀਮਾਰੀ ਨੂੰ ਛੁਪਾਉਂਦਾ ਹੈ, ਬਚਾਉਂਦਾ ਹੈ, ਬਹਾਨੇ ਲੱਭਦਾ ਹੈ, ਤਰਕੀਬਾਂ ਲੱਭਦਾ ਹੈ, ਦਵਾਈ ਦੇ ਖ਼ਿਲਾਫ ਹਰ ਤਰ੍ਹਾਂ ਦਾ ਅਯੋਜਨ ਕਰਦਾ ਹੈ।

ਇਤਨੀ ਅਰਜ਼ਾਂ ਤੋ ਨਾ ਥੀ ਦਰਦ ਕੀ ਦੌਲਤ ਪਹਿਲੇ।
ਜਿਸ ਤਰਫ ਜਾਈਏ ਜ਼ਖਮੋਂ ਕੇ ਲਗੇ ਹੈਂ ਬਜ਼ਾਰ।

ਜ਼ਰਾ ਗੌਰ ਨਾਲ ਦੇਖੋ ਚੁੱਕ ਕੇ ਅੱਖ, ਤੁਸੀਂ ਸਭ ਪਾਸੇ ਛਾਤੀਆਂ ਜ਼ਖਮਾਂ ਨਾਲ ਭਰੀਆਂ ਪਾਉਗੇ। ਸਭ ਅੱਖਾਂ ਹੰਝੂਆਂ ਨਾਲ ਭਰੀਆਂ ਹਨ। ਸਭ ਪੈਰ ਕੰਬ ਰਹੇ ਹਨ। ਕਿਉਂਕਿ ਮੌਤ ਆ ਰਹੀ ਹੈ, ਆ ਰਹੀ ਹੈ, ਆ ਰਹੀ ਹੈ—ਆ ਹੀ ਗਈ ਹੈ! ਅਸੀਂ ਸਭ ਮੌਤ ਦੇ ਦਰਮਿਆਨ ਖੜ੍ਹੇ ਹਾਂ। ਸਾਡੀ ਕਿਸ਼ਤੀ ਡੁੱਬਣ ਨੂੰ ਹੀ ਹੈ। ਇਕ ਗੱਲ ਚੰਗੀ ਤਰ੍ਹਾਂ ਤੈਅ ਹੈ ਕਿ ਇਹ ਕਿਸ਼ਤੀ ਡੁੱਬੇਗੀ ਜਿਸ ਵਿਚ ਅਸੀਂ ਬੈਠੇ ਹਾਂ; ਹੋਰ ਕੁਝ ਤੈਅ ਨਹੀਂ ਹੈ। ਜਨਮ ਦੇ ਬਾਅਦ ਮੌਤ ਤੋਂ ਇਲਾਵਾ ਹੋਰ ਕੋਈ ਚੀਜ਼ ਤੈਅ ਨਹੀਂ ਹੈ। ਹੋਰ ਸਭ ਅਨਿਸਚਿਤ ਹੈ, ਐਪਰ ਮੌਤ ਨਿਸਚਿਤ ਹੈ।

ਇਸ ਮੌਤ ਨਾਲ ਭਰੀ ਦੁਨੀਆਂ ਵਿਚ ਜ਼ਖਮ ਨਾ ਹੋਣਗੇ ਤਾਂ ਹੋਰ ਕੀ ਹੋਵੇਗਾ?

ਆਦਮੀ ਲਾਖ ਬੜ੍ਹੇ ਫਾਸਲੇ ਘਟਤੇ ਹੀ ਨਹੀਂ।
ਹਟਤਾ ਜਾਤਾ ਹੈ ਮਗਰ ਛਟ ਨਹੀਂ ਪਾਤਾ ਹੈ ਗ਼ੁਬਾਰ।

ਅਤੇ ਇਥੇ ਕਦੇ ਕੁਝ ਤਬਦੀਲ ਨਹੀਂ ਹੁੰਦਾ। ਜਿਵੇਂ ਤੁਸੀਂ ਦੁਮੇਲ ਨੂੰ ਛੋਹਣ ਚੱਲੋ, ਦਿਸਦਾ ਹੈ ਕਿ ਇਹ ਰਿਹਾ, ਇਹ ਰਿਹਾ, ਨੇੜੇ ਹੀ ਤਾਂ ਹੈ। ਥੋੜ੍ਹੇ ਕਦਮ ਹੋਰ, ਜ਼ਰਾ ਹੋਰ ਤੇਜ਼ ਦੌੜ ਲਈਏ—ਅਤੇ ਪਹੁੰਚ ਜਾਵਾਂਗੇ। ਲੇਕਿਨ ਦੁਮੇਲ

'ਤੇ ਤੁਸੀਂ ਕਦੇ ਨਹੀਂ ਪਹੁੰਚ ਪਾਂਦੇ, ਕਿਉਂਕਿ ਦੁਮੇਲ ਹੈ ਨਹੀਂ, ਸਿਰਫ ਭਰਮ ਹੈ। ਦਿਖਾਈ ਪੈਂਦਾ ਹੈ, ਹੈ ਨਹੀਂ। ਤੁਸੀਂ ਜਿੰਨੇ ਵਧਦੇ ਹੋ, ਦੁਮੇਲ ਤੁਹਾਥੋਂ ਦੂਰ ਹਟਦਾ ਜਾਂਦਾ ਹੈ। ਤੁਹਾਡੇ ਅਤੇ ਦੁਮੇਲ ਦੇ ਵਿਚਾਲੇ ਫਾਸਲਾ ਬਰਾਬਰ ਉਹੀ ਰਹਿੰਦਾ ਹੈ।

ਆਦਮੀ ਲਾਖ ਬੜ੍ਹੇ, ਫਾਸਲੇ ਘਟਤੇ ਹੀ ਨਹੀਂ! ਇਹ ਸੰਸਾਰ ਹੈ। ਤੁਸੀਂ ਵਧਦੇ ਰਹਿੰਦੇ ਹੋ, ਫਾਸਲਾ ਉਂਨਾ ਦਾ ਉਂਨਾ ਬਣਿਆ ਰਹਿੰਦਾ ਹੈ। ਤੁਹਾਡੇ ਕੋਲ ਦਸ ਹਜ਼ਾਰ ਰੁਪਏ ਸੀ, ਵੀਹ ਹਜ਼ਾਰ ਦੀ ਚਾਹਨਾ ਸੀ! ਹੁਣ ਵੀਹ ਹਜ਼ਾਰ ਹਨ, ਹੁਣ ਚਾਲੀ ਹਜ਼ਾਰ ਦੀ ਚਾਹਨਾ ਹੈ—ਫਾਸਲਾ ਉਂਨੇ ਦਾ ਉਂਨਾ ਹੈ। ਕਲ੍ਹ ਚਾਲੀ ਹਜ਼ਾਰ ਵੀ ਹੋ ਜਾਣਗੇ, ਅਤੇ ਅੱਸੀ ਹਜ਼ਾਰ ਦੀ ਚਾਹਨਾ ਲੈ ਆਉਣਗੇ। ਫਾਸਲਾ ਉਂਨੇ ਦਾ ਉਂਨਾ। ਦੁੱਗਣਾ। ਤੁਸੀਂ ਦੁੱਗਣਾ ਚਾਹੁੰਦੇ ਹੋ ਤਾਂ ਦੁੱਗਣਾ ਹੀ ਚਾਹੁੰਦੇ ਰਹੋਗੇ। ਤੁਸੀਂ ਦੁੱਗਣਾ ਚਾਹੁੰਦੇ ਪੈਦਾ ਹੋਏ, ਤੁਸੀਂ ਦੁੱਗਣਾ ਚਾਹੁੰਦੇ ਮਰ ਜਾਉਗੇ।

ਅਤੇ ਇਸ ਦੁੱਗਣੇ ਦੀ ਦੌੜ ਵਿਚ ਤੁਸੀਂ ਕੀ ਗੰਵਾਇਆ, ਤੁਹਾਨੂੰ ਪਤਾ ਵੀ ਨਹੀਂ। ਤੁਸੀਂ ਪਰਮਾਤਮਾ ਗੰਵਾਇਆ। ਇਸ ਦੁੱਗਣੇ ਦੀ ਦੌੜ ਵਿਚ ਤੁਸੀਂ ਕੀ ਖੋਇਆ, ਉਸਦਾ ਤੁਹਾਨੂੰ ਹਿਸਾਬ ਵੀ ਨਹੀਂ, ਕਿਉਂਕਿ ਤੁਹਾਨੂੰ ਇਹ ਪਤਾ ਨਹੀਂ ਹੈ ਕਿ ਕੀ ਮਿਲ ਸਕਦਾ ਸੀ, ਇਹ ਜੀਵਨ ਕਿਹੋ-ਜਿਹਾ ਅਪੂਰਵ ਮੌਕਾ ਸੀ! ਰਾਮ ਮਿਲੇਗਾ ਤਦ ਤੁਸੀਂ ਜਾਣੋਗੇ। ਜਿਨ੍ਹਾਂ ਨੂੰ ਮਿਲ ਗਿਆ ਹੈ ਉਹਨਾਂ ਨੂੰ ਤੁਹਾਡੇ ਉਤੇ ਕਰੁਣਾ ਆਉਂਦੀ ਹੈ। ਉਹ ਤੁਹਾਡੇ ਲਈ ਰੋਂਦੇ ਹਨ, ਕਿਉਂਕਿ ਉਹਨਾਂ ਨੂੰ ਲਗਦਾ ਹੈ ਕਿ ਤੁਹਾਨੂੰ ਵੀ ਮਿਲ ਸਕਦਾ ਹੈ। ਤੁਸੀਂ ਵੀ ਮਾਲਕ ਹੋ ਪਾਣ ਦੇ। ਪਰ ਤੁਸੀਂ ਸੁਣਦੇ ਹੀ ਨਹੀਂ। ਸੰਤ ਪੁਕਾਰੀ ਜਾਂਦੇ ਹਨ, ਤੁਸੀਂ ਸੁਣਦੇ ਕਿਥੇ? ਉਹ ਤੁਹਾਨੂੰ ਹਲੂਣੀ ਜਾਂਦੇ ਹਨ; ਸੁਣਨ ਦੀ ਤਾਂ ਗੱਲ ਦੂਰ, ਤੁਸੀਂ ਉਲਟੇ ਨਰਾਜ਼ ਹੋ ਜਾਂਦੇ ਹੋ। ਤੁਸੀਂ ਉਹਨਾਂ ਦੇ ਵਿਰੋਧ ਵਿਚ ਹੋ ਜਾਂਦੇ ਹੋ। ਤੁਸੀਂ ਕਹਿੰਦੇ ਹੋ, ਸਾਨੂੰ ਸ਼ਾਂਤੀ ਨਾਲ ਸੌਣ ਨਹੀਂ ਦਿੰਦੇ। ਤੁਸੀਂ ਕਹਿੰਦੇ ਹੋ ਕਿ ਸਾਡਾ ਪਿਛਾ ਛੱਡੋ, ਸਾਨੂੰ ਜ਼ਿੰਦਗੀ ਜਿਉਂ ਲੈਣ ਦਿਉ ਸਾਡੇ ਮਨ ਨਾਲ।

ਤੁਸੀਂ ਟੋਏ ਵਿਚ ਡਿਗ ਰਹੇ ਹੋ। ਜਿਸਨੂੰ ਟੋਆ ਦਿਖਾਈ ਪੈਂਦਾ ਹੈ ਉਹ ਜੇਕਰ ਪੁਕਾਰੇ ਨਾ ਤਾਂ ਕੀ ਕਰੇ? ਉਹ ਪੁਕਾਰਦਾ ਹੈ ਕਿ ਟੋਆ ਹੈ; ਤੁਸੀਂ ਕਹਿੰਦੇ ਹੋ, ਚੁੱਪ ਕਰ, ਕਿਉਂਕਿ ਮੈਨੂੰ ਸੋਨੇ ਦੀ ਖਾਨ ਦਿਖਾਈ ਪੈ ਰਹੀ ਹੈ।

ਉਹ ਕਹਿੰਦਾ ਹੈ, ਮੈਂ ਜਾ ਚੁੱਕਿਆ ਹਾਂ, ਦੇਖ ਚੁੱਕਿਆ ਹਾਂ, ਸੋਨੇ ਦੀ ਉਥੇ ਖਾਨ ਨਹੀਂ ਹੈ। ਦੂਰ ਤੋਂ ਚਮਕਦਾ ਹੈ ਸਭ। ਦੂਰ ਦੇ ਢੋਲ ਸੁਹਾਂਦੇ! ਤੁਸੀਂ ਫਜ਼ੂਲ ਨਾ ਦੌੜੋ।

ਪਰ ਤੁਸੀਂ ਕਹਿੰਦੇ ਹੋ ਕਿ ਤੁਸੀਂ ਚੁੱਪ ਰਹੋ। ਤੁਸੀਂ ਮੇਰੀਆਂ ਆਸਾਂ ਉਤੇ ਪਾਣੀ ਨਾ ਫੇਰੋ। ਜੇਕਰ ਮੈਂ ਤੈਨੂੰ ਕਹਾਂ—ਜਿਵੇਂ ਹੁਣੇ ਇਸਦੇ ਪਹਿਲੇ ਸਵਾਲ ਦੇ ਜਵਾਬ ਵਿਚ ਮੈਂ ਕਿਹਾ, ਚੰਗਾ ਹੋਇਆ ਕਿ ਤੇਰਾ ਪ੍ਰੇਮ ਸਵੀਕਾਰ ਨਹੀਂ ਹੋਇਆ—ਤੂੰ ਸੋਚਦਾ ਹੈਂ ਜਿਸਨੂੰ ਮੈਂ ਕਿਹਾ, ਉਹ ਖ਼ੁਸ਼ ਹੋਵੇਗਾ? ਉਹ ਮੇਰੇ ਉਤੇ ਨਰਾਜ਼ ਹੋਵੇਗਾ। ਉਹ ਕਹੇਗਾ ਕਿ ਅਸੀਂ ਆਏ ਸੀ ਦਵਾਈ ਲੈਣ, ਅਸੀਂ ਆਏ ਸੀ ਕੋਈ ਤਰਕੀਬ ਮੰਗਣ, ਅਸੀਂ ਆਏ ਸੀ ਅਸ਼ੀਰਵਾਦ ਲੈਣ ਕਿ ਤੁਹਾਡਾ ਅਸ਼ੀਰਵਾਦ ਹੋਵੇ ਤਾਂ ਵਾਪਰ ਜਾਵੇ ਗੱਲ।...

ਇਕ ਹੋਰ ਸੱਜਣ ਨੇ ਵੀ ਅਜੇਹਾ ਹੀ ਸਵਾਲ ਲਿਖਿਆ ਹੈ ਕਿ ਮੇਰੀ ਪਤਨੀ ਵੀ ਹੈ, ਪਰ ਮੈਂ ਇਕ ਦੂਜੀ ਲੜਕੀ ਦੇ 'ਸੱਚੇ ਪ੍ਰੇਮ' ਵਿਚ ਪੈ ਗਿਆ ਹਾਂ! ਤੁਸੀਂ ਅਜੇਹਾ ਅਸ਼ੀਰਵਾਦ ਦਿਉ ਕਿ ਮੇਰਾ 'ਸੱਚਾ ਪ੍ਰੇਮ', ਹਿਰਦੇ ਤੋਂ ਆਇਆ ਹੋਇਆ ਪ੍ਰੇਮ, ਉਸਦੇ ਹਿਰਦੇ ਵਿਚ ਹੀ ਮੇਰੇ ਪ੍ਰਤੀ ਸੱਚਾ ਪ੍ਰੇਮ ਪੈਦਾ ਕਰ ਦੇਵੇ!

ਹੁਣ ਇਸ ਸੱਜਣ ਨੂੰ ਮੈਂ ਕੀ ਕਹਾਂ? ਕਿਹੜਾ ਅਸ਼ੀਰਵਾਦ ਦਿਆਂ?

ਸੱਚਾ ਪ੍ਰੇਮ! ਅਤੇ ਇਕ ਲੜਕੀ ਨਾਲ ਹੋ ਗਿਆ ਹੈ! ਤਾਂ ਫਿਰ ਸੁੰਦਰਦਾਸ ਨੂੰ ਜੋ ਹੋਇਆ ਸੀ, ਉਹ ਝੂਠਾ ਪ੍ਰੇਮ ਸੀ? ਫਿਰ ਰੱਜਬ ਨੂੰ ਜੋ ਹੋਇਆ, ਉਹ ਝੂਠਾ ਪ੍ਰੇਮ ਸੀ? ਫਿਰ ਮੀਰਾ ਨੂੰ ਜੋ ਹੋਇਆ, ਉਹ ਝੂਠਾ ਪ੍ਰੇਮ ਸੀ?

ਅਤੇ ਇੰਨਾ ਹੀ ਨਹੀਂ ਕਿ ਉਹਨਾਂ ਨੂੰ ਸੱਚਾ ਪ੍ਰੇਮ ਹੋ ਗਿਆ ਹੈ; ਹੁਣ ਇਹਨਾਂ ਦੇ ਸੱਚੇ ਪ੍ਰੇਮ ਦੇ ਬਲ 'ਤੇ ਉਸ ਇਸਤ੍ਰੀ ਨੂੰ ਵੀ ਸੱਚਾ ਪ੍ਰੇਮ ਇਹਨਾਂ ਦੇ ਪ੍ਰਤੀ ਹੋਣਾ ਚਾਹੀਦਾ ਹੈ!

ਸੱਤਿਆਗ੍ਰਹਿ ਕਰੋ! ਜਾ ਕੇ ਉਸਦੇ ਘਰ ਦੇ ਸਾਹਮਣੇ ਬਿਸਤਰਾ ਵਿਛਾ ਕੇ ਲੇਟ ਜਾਉ। ਅਤੇ ਪਿੰਡ ਵਿਚ ਤਾਂ ਲਫੰਗੇ ਤਾਂ ਬਹੁਤ ਹਨ ਹੀ, ਉਹ ਆ ਜਾਣਗੇ। ਅਖ਼ਬਾਰਾਂ ਵਿਚ ਖ਼ਬਰ ਵੀ ਛਪ ਜਾਏਗੀ। ਅਜੇਹੀਆਂ ਹੀ ਅਖ਼ਬਾਰਾਂ ਵਿਚ ਤਾਂ ਖ਼ਬਰਾਂ ਛਪਦੀਆਂ ਹੀ ਹਨ। ਸੱਤਿਆਗ੍ਰਹਿ ਕਰ ਦਿਉ ਸੱਚੇ ਪ੍ਰੇਮ ਦੀ ਖ਼ਾਤਰ, ਕਿ ਜਦ ਤਕ ਇਸ ਇਸਤ੍ਰੀ ਦਾ ਪ੍ਰੇਮ ਮੇਰੇ ਨਾਲ ਨਹੀਂ ਹੋਵੇਗਾ, ਭੋਜਨ ਨਹੀਂ ਕਰਾਂਗੇ; ਜਦ ਤਕ ਇਹ ਇਸਤ੍ਰੀ ਮੁਸੰਮੀ ਦਾ ਰਸ ਲੈ ਕੇ ਖ਼ੁਦ ਨਹੀਂ ਆਏਗੀ। ...ਤਾਂ ਤੇਰਾ ਨਾਂ ਵੀ ਜਗ-ਜਾਹਰ ਹੋ ਜਾਏਗਾ, ਵੱਡੇ ਨੇਤਾਵਾਂ ਵਿਚ ਵੀ ਗਿਣਤੀ ਹੋ ਜਾਏਗੀ, ਅਤੇ ਮੌਕਾ ਲੱਗਿਆ ਤਾਂ ਕਦੇ ਕੋਈ ਪ੍ਰਧਾਨ ਮੰਤਰੀ ਵੀ ਹੋ ਸਕਦਾ ਹੈਂ। ਸੱਤਿਆਗ੍ਰਹਿ ਕਰ, ਖੁੰਝ ਨਾ।

ਅਜੇਹਾ ਹੋਇਆ ਇਕ ਪਿੰਡ ਵਿਚ। ਹੋ ਚੁੱਕਿਆ ਹੈ, ਇਸਲਈ ਕਹਿ ਰਿਹਾ ਹਾਂ। ਇਕ ਸੱਜਣ ਨੂੰ ਅਜੇਹਾ ਹੀ ਸੱਚਾ ਪ੍ਰੇਮ ਹੋ ਗਿਆ ਸੀ ਜਿਹੋ-ਜਿਹਾ ਤੈਨੂੰ ਹੋਇਆ ਹੈ। ਅਜੇਹੇ ਦੁਰਭਾਗ ਕਈਆਂ ਨੂੰ ਵਾਪਰਦੇ ਹਨ। ਅਜੇਹੀਆਂ ਮੁਸੀਬਤਾਂ ਸਭ ਨੂੰ ਹੀ ਆਉਂਦੀਆਂ ਹਨ। ਪਹੁੰਚ ਗਿਆ ਕਿਸੇ ਰਾਜਨੀਤਕ ਨੇਤਾ ਤੋਂ ਸਲਾਹ ਲੈਣ ਕਿ ਹੁਣ ਕੀ ਕਰਾਂ, ਹੁਣ ਤੁਸੀਂ ਹੀ ਦੱਸੋ, ਕਿ ਤੁਸੀਂ ਤਾਂ ਹਰ ਚੀਜ਼ ਦਾ ਉਪਾਅ ਕਢ ਲੈਂਦੇ ਹੋ। ਅਤੇ ਰਾਜਨੇਤਾ ਕੀ ਜਾਣੇ, ਉਸਨੇ ਕਿਹਾ, ਸੱਤਿਆਗ੍ਰਹਿ ਦੇ ਸਿਵਾਇ ਹੋਰ ਕੋਈ ਉਪਾਅ ਨਹੀਂ! ਅਤੇ ਜੇ ਪ੍ਰੇਮ ਸੱਚਾ ਹੋਵੇ ਤਾਂ ਸੱਤਿਆਗ੍ਰਹਿ ਕਰਨਾ ਹੀ ਚਾਹੀਦਾ ਹੈ। ਤੂੰ ਬਿਸਤਰਾ ਲਾ ਦੇ ਉਸਦੇ ਸਾਹਮਣੇ, ਝਟ ਕੇ ਬੈਠ ਜਾ ਅਤੇ ਦਸ-ਪੰਜ ਲੋਕਾਂ ਨੂੰ ਇਕੱਠ ਕਰ ਲੈ ਜਿਹੜੇ ਰੌਲਾ-ਰੱਪਾ ਕੁੱਟਣ, ਅਤੇ ਪਿੰਡ ਵਿਚ ਖ਼ਬਰ ਕਰਨ ਕਿ ਸੱਤਿਆਗ੍ਰਹਿ ਹੋ ਰਿਹਾ ਹੈ। ਅਤੇ ਜਦ ਤਕ ਉਹ ਇਸਤ੍ਰੀ ਵਿਆਹ ਦੇ ਲਈ ਰਾਜ਼ੀ ਨਹੀਂ ਹੋਵੇਗੀ, ਸੱਤਿਆਗ੍ਰਹਿ ਜਾਰੀ ਰਖ। ਬਦਨਾਮੀ ਤੋਂ ਘਬਰਾਏਗਾ ਬਾਪ, ਮਾਂ, ਅਤੇ ਇਹ ਵੀ ਡਰ ਲੱਗੇਗਾ ਕਿ ਹੁਣ ਇਹ ਸਾਰੇ ਪਿੰਡ ਵਿਚ ਖ਼ਬਰ ਹੋ ਗਈ, ਹੁਣ ਦੂਜੇ ਕਿਸੇ ਹੋਰ ਨਾਲ ਵਿਆਹ ਕਰਨਾ ਵੀ ਮੁਸ਼ਕਲ ਹੋ ਜਾਏਗਾ। ਮੁਸੀਬਤ ਖੜ੍ਹੀ ਕਰ ਦੇ। ਅਤੇ ਬਿਲਕੁਲ ਪਿਆ ਰਹੀਂ ਅੱਖਾਂ ਬੰਦ ਕਰਕੇ ਕਿ ਮਰ ਹੀ ਜਾਏਂਗਾ।

ਉਸ ਆਦਮੀ ਨੇ ਇਹੀ ਕੀਤਾ। ਬਾਪ ਘਬਰਾਇਆ, ਭੀੜ-ਭਾੜ ਇਕੱਠੀ ਹੋਣ ਲੱਗੀ, ਅਤੇ ਲੋਕ ਨਾਅਰੇ

ਲਾਉਣ ਲੱਗੇ ਕਿ ਸੱਚੇ ਪ੍ਰੇਮ ਦੀ ਜਿੱਤ ਹੋਣੀ ਚਾਹੀਦੀ ਹੈ! ...ਜੇ ਸੱਚਾ ਪ੍ਰੇਮ ਹੋਵੇ ਤਾਂ ਜਿੱਤ ਹੋਣੀ ਹੀ ਚਾਹੀਦੀ ਹੈ। ਵਿਚਾਰੇ ਬਾਪ ਦੀ ਕੌਣ ਸੁਣੇ! ਇਹ ਪ੍ਰੇਮੀ ਬਿਲਕੁਲ ਮਰ ਰਿਹਾ ਹੈ। ਜਦ ਵੀ ਕੋਈ ਆਦਮੀ ਮਰਨ ਲੱਗੇ ਤਾਂ ਫਿਰ ਇਸਦੀ ਫਿਕਰ ਨਹੀਂ ਕਰਦੇ ਕਿ ਕੀ ਹੈ ਸਹੀ, ਕੀ ਹੈ ਗ਼ਲਤ—ਮਰਨ ਵਾਲੇ ਦੀ ਸੁਣਦੇ ਹਨ। ਇਹੀ ਤਾਂ ਸੱਤਿਆਗ੍ਰਹਿ ਦੀ ਕੁੰਜੀ ਹੈ। ਮਰਨ ਵਾਲਾ ਇਕਦਮ ਠੀਕ ਹੋ ਜਾਂਦਾ ਹੈ। ਜਦ ਦਾਅ 'ਤੇ ਲਾ ਰਿਹਾ ਹੈ ਆਪਣੀ ਪੂਰੀ ਜ਼ਿੰਦਗੀ, ਤਾਂ ਇਸਦੀ ਗੱਲ ਠੀਕ ਹੋਵੇਗੀ ਹੀ। ਦੇਖੋ ਤਾਂ ਵਿਚਾਰਾ! ਮਜਨੂੰ ਅਤੇ ਫਰਿਹਾਦ ਨੇ ਵੀ ਜੋ ਨਹੀਂ ਕੀਤਾ, ਇਹ ਆਧੁਨਿਕ ਮਜਨੂੰ ਕਰ ਰਿਹਾ ਹੈ। ਮਜਨੂੰ, ਫਰਿਹਾਦ ਨੂੰ ਸੱਤਿਆਗ੍ਰਹਿ ਦਾ ਪਤਾ ਨਹੀਂ ਸੀ। ਗਾਂਧੀ ਬਾਬਾ ਤਦ ਤਕ ਨਹੀਂ ਹੋਏ ਸਨ।

ਬਾਪ ਬਹੁਤ ਘਬਰਾਇਆ। ਉਸਨੇ ਕਿਹਾ, ਹੁਣ ਕਰਨਾ ਕੀ ਹੈ? ਆਪਣੇ ਮਿੱਤਰਾਂ ਤੋਂ ਪੁਛਿਆ, ਹੁਣ ਮੈਂ ਕਰਾਂ ਕੀ? ਅਖ਼ਬਾਰਾਂ ਵਿਚ ਖ਼ਬਰਾਂ ਛਪਣ ਲੱਗੀਆਂ, ਦਬਾਅ ਪੈਣ ਲੱਗਿਆ, ਫੋਨ ਆਉਣ ਲੱਗੇ ਅਤੇ ਘਰ ਦੇ ਚਾਰੇ ਪਾਸੇ ਲੋਕ ਘੇਰਾ ਪਾਉਣ ਲੱਗੇ, ਕਿ ਇਹ ਤਾਂ ਹੁਣ ਸੱਤਿਆਗ੍ਰਹਿ ਤਾਂ ਪੂਰਾ ਕਰਨਾ ਹੀ ਪਏਗਾ, ਆਦਮੀ ਦੀ ਜਾਨ ਦਾ ਸਵਾਲ ਹੈ। ਉਸਨੇ ਪੁਛਿਆ ਕਿ ਇਸਨੂੰ ਸਲਾਹ ਕਿਸਨੇ ਦਿਤੀ ਹੈ? ਪਤਾ ਲੱਗਿਆ, ਫਲਾਣੇ ਰਾਜਨੇਤਾ ਨੇ, ਤਾਂ ਉਸਨੇ... ਉਸਦੇ ਵਿਰੋਧੀ ਦੇ ਕੋਲ ਜਾ ਕੇ ਸਲਾਹ ਲੈ ਲੈਣੀ ਚਾਹੀਦੀ ਹੈ ਕਿ ਹੁਣ ਕੀ ਕਰਨਾ? ਕਿਉਂਕਿ ਰਾਜਨੇਤਾਵਾਂ ਨੂੰ ਪਤਾ ਹੁੰਦਾ ਹੈ ਕਿ ਇਕ-ਦੂਜੇ ਦੀਆਂ ਤਰਕੀਬਾਂ ਬਾਬਤ। ਉਸਦੇ ਵਿਰੋਧੀ ਨੇ ਕਿਹਾ, ਕੋਈ ਫਿਕਰ ਨਾ ਕਰ। ਇਕ ਵੇਸਵਾ ਨੂੰ ਮੈਂ ਜਾਣਦਾ ਹਾਂ। ਬਸ ਮਰਨ ਦੇ ਕਰੀਬ ਹੀ ਹੈ ਉਹ। ਮਰ ਵੀ ਗਈ ਤਾਂ ਕੁਝ ਹਰਜ਼ ਨਹੀਂ। ਅਤੇ ਵੇਸਵਾ ਹੈ, ਸਠ ਚੁੱਕੀ ਹੈ। ਉਸਨੂੰ ਲੈ ਆ, ਦਸ-ਪੰਜ ਰੁਪੇ ਦਾ ਖ਼ਰਚਾ ਹੈ। ਉਸਦਾ ਵੀ ਬਿਸਤਰਾ ਲੁਆ ਦੇ। ਅਤੇ ਇਹ ਆਦਮੀ ਪੁਛੇ ਕਿ ਬਈ, ਮਾਈ, ਤੂੰ ਇਥੇ ਬਿਸਤਰਾ ਕਿਉਂ ਲਾ ਰਹੀ ਹੈਂ, ਤਾਂ ਉਸਨੂੰ ਕਹਿਣਾ ਕਿ ਮੈਨੂੰ ਤੇਰੇ ਨਾਲ ਸੱਚਾ ਪ੍ਰੇਮ ਹੋ ਗਿਆ ਹੈ। ਤੂੰ ਵੀ ਸੱਤਿਆਗ੍ਰਹਿ ਕਰਵਾ ਦੇ, ਹੁਣ ਇਸਦੇ ਸਿਵਾਇ ਕੋਈ ਉਪਾਅ ਨਹੀਂ ਹੈ ਹੋਰ। ਇਹ ਆਦਮੀ ਨੱਸ ਜਾਏਗਾ, ਰਾਤ ਨੂੰ ਹੀ, ਕਿਉਂਕਿ ਜੇਕਰ ਦੋ ਸੱਤਿਆਗ੍ਰਹਿ ਹੋ ਜਾਣ ਤਾਂ ਬੜਾ ਮੁਸ਼ਕਲ ਹੋ ਜਾਂਦਾ ਹੈ।

ਇਹੀ ਹੋਇਆ। ਜਦ ਮਾਈ ਨੇ ਆ ਕੇ ਬਿਸਤਰਾ ਵਿਛਾ ਦਿਤਾ, ਉਸ ਆਦਮੀ ਨੇ ਪੁਛਿਆ ਕਿ ਮਾਈ ਤੂੰ ਇਹ ਕੀ ਕਰ ਰਹੀ ਹੈਂ? ਉਸਨੇ ਕਿਹਾ ਕਿ ਮੈਨੂੰ ਤੇਰੇ ਨਾਲ ਪ੍ਰੇਮ ਹੋ ਗਿਆ ਹੈ। ਤੇਰੇ ਸੱਤਿਆਗ੍ਰਹਿ ਦੀ ਖ਼ਬਰ ਮੈਂ ਕੀ ਸੁਣੀ, ਸੱਚਾ ਪ੍ਰੇਮ ਮੇਰੇ ਹਿਰਦੇ ਵਿਚ ਜਾਗ ਗਿਆ।

ਉਸਨੇ ਕਿਹਾ, ਤੇਰੇ ਵਿਚ ਤਾਂ ਮੈਂ ਪ੍ਰੇਮ ਜਗਾਉਣਾ ਵੀ ਨਹੀਂ ਚਾਹੁੰਦਾ ਸੀ। ਇਹ ਤਾਂ ਤੀਰ ਕੁਝ ਗ਼ਲਤ ਜਗ੍ਹਾ ਲੱਗ ਗਿਆ।

ਪਰ ਉਸ ਇਸਤ੍ਰੀ ਨੇ ਕਿਹਾ ਕਿ ਜਦ ਤਕ ਤੂੰ ਮੁਸੰਮੀ ਦਾ ਰਸ ਨਹੀਂ ਪਿਆਏਂਗਾ, ਤਦ ਤਕ ਮੈਂ ਹੁਣ ਹਟਣ ਵਾਲੀ ਨਹੀਂ, ਭਾਵੇਂ ਮਰ ਹੀ ਨਾ ਜਾਵਾਂ। ਉਹ ਤਾਂ ਮਰਨ ਦੇ ਕਰੀਬ ਸੀ। ਰਾਤ ਨੂੰ ਬੋਰੀ-ਬਿਸਤਰਾ ਬੰਨ੍ਹ ਕੇ ਉਹ ਯੁਵਕ ਨੱਸ ਗਿਆ। ਉਸ ਪਿੰਡ ਵਿਚੋਂ ਹੀ ਨੱਸ ਗਿਆ, ਕਿਉਂਕਿ ਹੁਣ ਉਹ ਸਾਰਾ ਪਾਸਾ ਪਲਟ ਗਿਆ।

ਤੂੰ ਪੁਛ ਰਿਹਾ ਹੈਂ ਕਿ ਤੇਰਾ ਸੱਚਾ ਪ੍ਰੇਮ ਕਿਸੇ ਇਸਤ੍ਰੀ ਨਾਲ ਹੋ ਗਿਆ ਹੈ। ...ਸੱਤਿਆਗ੍ਰਹਿ ਕਰ ਭਰਾਵਾ ! ਮੇਰੀ ਗੱਲ ਤੁਹਾਨੂੰ ਚੰਗੀ ਨਹੀਂ ਲੱਗੇਗੀ। ਤੁਸੀਂ ਆਪਣੀਆਂ ਬੀਮਾਰੀਆਂ ਤੋਂ ਛੁਟਣਾ ਹੀ ਨਹੀਂ ਚਾਹੁੰਦੇ। ਤੁਸੀਂ ਤਾਂ ਆਪਣੀਆਂ ਬੀਮਾਰੀਆਂ ਨੂੰ ਚੰਗੇ-ਚੰਗੇ ਨਾਂ ਦਿੰਦੇ ਹੋ।

ਤੁਹਾਡਾ ਪ੍ਰੇਮ ਕਿੰਨਾ ਪ੍ਰੇਮ ਹੈ। ਤੁਹਾਡੇ ਪ੍ਰੇਮ ਦੀ ਗਹਿਰਾਈ ਕੀ, ਸੱਚਾਈ ਕੀ ? ਅੱਜ ਹੈ, ਕਲ੍ਹ ਹਵਾ ਹੋ ਜਾਂਦਾ ਹੈ। ਕਪੂਰ ਦੀ ਤਰ੍ਹਾਂ ਉਡ ਜਾਂਦਾ ਹੈ। ਛਿਨਭੰਗਰ ਹੈ। ਪਾਣੀ ਦਾ ਬੁਲਬੁਲਾ ਹੈ। ਵੱਡੇ-ਵੱਡੇ ਪ੍ਰੇਮ ਇਥੇ ਮਿੱਟੀ ਵਿਚ ਪਏ ਸੜ ਗਏ ਹਨ। ਸੱਚਾ ਪ੍ਰੇਮ ਹੀ ਜੇਕਰ ਹੋਵੇ ਤਾਂ ਪ੍ਰਾਰਥਨਾ ਬਣਦਾ ਹੈ। ਹੋਰ ਕੋਈ ਦੂਜਾ ਉਪਾਅ ਨਹੀਂ।

ਅਜੇਹੇ ਪ੍ਰੇਮ ਵਿਚ ਅਸਫਲਤਾ ਹੋਵੇਗੀ, ਅਜੇਹੇ ਮੋਹ ਵਿਚ ਅਸਫਲਤਾ ਹੋਵੇਗੀ। ਪਰ ਮਨ ਮੰਨਦਾ ਨਹੀਂ—ਮਨ ਕਹਿੰਦਾ ਹੈ, ਹੋਰਨਾਂ ਨੂੰ ਹੋਈ ਹੋਵੇਗੀ; ਮੈਨੂੰ ਹੀ ਹੋਵੇ, ਇਹ ਜ਼ਰੂਰੀ ਕੀ ? ਮਨ ਸਦਾ ਇਕ ਤਰਕੀਬ ਦਾ ਉਪਯੋਗ ਕਰਦਾ ਹੈ—ਮਨ ਤੁਹਾਨੂੰ ਕਹਿੰਦਾ ਹੈ ਕਿ ਤੁਸੀਂ ਅਪਵਾਦ ਹੋ, ਤੁਸੀਂ ਉਚੇਚੇ ਹੋ।

ਇਕ ਆਦਮੀ ਸੱਤਾ ਵਿਚ ਪਹੁੰਚ ਜਾਂਦਾ ਹੈ। ਸੱਤਾ ਦੇ ਪਹਿਲਾਂ ਜਿਹੜੇ ਦੂਜੇ ਲੋਕ ਸੱਤਾ ਵਿਚ ਸਨ, ਉਹ ਚਿੱਲਾਂਦਾ ਸੀ ਕਿ ਸੱਤਾ ਨੇ ਇਹਨਾਂ ਨੂੰ ਭ੍ਰਿਸ਼ਟ ਕਰ ਦਿਤਾ। ਪਰ ਆਪਣੇ ਬਾਬਤ ਉਹ ਇਹ ਸੋਚਦਾ ਹੈ ਕਿ ਸੱਤਾ ਮੈਨੂੰ ਭ੍ਰਿਸ਼ਟ ਨਹੀਂ ਕਰ ਪਾਏਗੀ। ਸੱਤਾ ਸਭ ਨੂੰ ਹੀ ਭ੍ਰਿਸ਼ਟ ਕਰਦੀ ਹੈ। ਸੱਚ ਤਾਂ ਇਹ ਹੈ, ਜੋ ਭ੍ਰਿਸ਼ਟ ਹੋਣਾ ਚਾਹੁੰਦੇ ਹਨ ਉਹੀ ਸੱਤਾ ਵਿਚ ਤਾਂਘਵਾਨ ਹੁੰਦੇ ਹਨ। ਜਿਹੜਾ ਭ੍ਰਿਸ਼ਟ ਨਹੀਂ ਹੋਣਾ ਚਾਹੁੰਦਾ ਉਹ ਸੱਤਾ ਵਿਚ ਤਾਂਘਵਾਨ ਕਿਉਂ ਹੋਵੇਗਾ ? ਭ੍ਰਿਸ਼ਟ ਹੋਣ ਦੀ ਤਾਂਘ, ਭ੍ਰਿਸ਼ਟ ਹੋਣ ਦੀ ਸੌਖ ਹੀ ਸੱਤਾ ਦੀ ਤਲਾਸ਼ ਹੈ।

ਹਰ ਆਦਮੀ ਸੋਚਦਾ ਹੈ ਕਿ ਦੂਜਿਆਂ ਕੋਲੋਂ ਚੁੱਕ ਹੋ ਰਹੀ ਹੈ; ਦੂਜੇ ਗਲਤੀ 'ਤੇ ਹਨ, ਮੈਂ ਗਲਤੀ 'ਤੇ ਨਹੀਂ ਹਾਂ। ਅਤੇ ਸਭ ਤੋਂ ਵੱਡੀ ਗ਼ਲਤੀ ਇਹੀ ਹੈ। ਸਭ ਤੋਂ ਵੱਡੀ ਗ਼ਲਤੀ ਹੈ ਕਿ ਮੈਂ ਅਪਵਾਦ ਹਾਂ। ਇਥੇ ਕੋਈ ਵੀ ਅਪਵਾਦ ਨਹੀਂ ਹੈ। ਇਥੇ ਸਭ ਪ੍ਰੇਮ ਝੂਠੇ ਹਨ, ਸਭ ਮੋਹ ਝੂਠੇ ਹਨ। ਇਥੇ ਸਭ ਨਾਤੇ-ਰਿਸ਼ਤੇ ਝੂਠੇ ਹਨ। ਨਿਰਅਪਵਾਦ ਮੈਂ ਕਹਿ ਰਿਹਾ ਹਾਂ—ਸਭ। ਇਸ ਵਿਚ ਤੁਸੀਂ ਇਹ ਨਾ ਸੋਚ ਲੈਣਾ ਕਿ ਮੈਂ ਹੋਰਨਾਂ ਨੂੰ ਕਹਿ ਰਿਹਾ ਹਾਂ, ਤੁਹਾਨੂੰ ਨਹੀਂ ਕਹਿ ਰਿਹਾ ਹਾਂ; ਤੁਹਾਡੀ ਤਾਂ ਗੱਲ ਹੀ ਹੋਰ ਹੈ। ਕਿਸੇ ਦੀ ਗੱਲ ਹੋਰ ਨਹੀਂ ਹੈ। ਇਸ ਸੰਸਾਰ ਵਿਚ ਅਸੀਂ ਜੋ ਵੀ ਬਣਾਉਂਦੇ ਹਾਂ, ਸਭ ਝੂਠਾ ਹੈ। ਸਾਡਾ ਬਣਾਇਆ ਹੋਇਆ ਸਭ ਝੂਠਾ ਹੈ। ਪਰਮਾਤਮਾ ਦਾ ਬਣਾਇਆ ਹੋਇਆ ਸਭ ਸੱਚ ਹੈ। ਉਸਦਾ ਬਣਾਇਆ ਸੱਚ, ਸਾਡਾ ਬਣਾਇਆ ਝੂਠਾ। ਉਸ ਨਾਲ ਹੀ ਜੁੜ ਜਾਓ ਤਾਂ ਸੰਸਾਰ ਵਿਦਾ ਹੋ ਜਾਂਦਾ ਹੈ। ਉਸ ਨਾਲ ਹੀ ਜੁੜ ਜਾਓ ਤਾਂ ਅਸਫਲਤਾ ਸਮਾਪਤ ਹੋ ਜਾਂਦੀ ਹੈ। ਫਿਰ ਸਫਲਤਾ ਹੀ ਸਫਲਤਾ ਹੈ। ਉਸਦੇ ਨਾਲ ਕਦੇ ਕੋਈ ਹਾਰ ਨਹੀਂ। ਇਕੱਲੇ-ਇਕੱਲੇ ਬਸ ਹਾਰ ਹੀ ਹਾਰ ਹੈ।

ਨਿਸ ਦਿਨ ਦੀਪ ਜਲਾਏ ਪਗਲੀ ਪਾਏ ਘੋਰ ਅੰਧੇਰਾ
ਕੌਨ ਕਹੇ ਅਬ ਇਸੇ ਹਠੀਲੀ, ਅੰਤ ਯਹੀ ਹੈ ਤੇਰਾ

ਰੈਨ ਕੀ ਗੋਦੀ ਖਾਲੀ ਕਰਕੇ ਚਾਂਦ-ਸਿਤਾਰੇ ਭਾਗੇ,
ਅੰਧਿਆਰੇ ਮੇਂ ਪੀਛੇ-ਪੀਛੇ ਜਿਓਤਿ ਆਗੇ-ਆਗੇ
ਹੋਤੇ ਹੋਤੇ ਨੈਨਵਾ ਸੇ ਓਝਲ ਹੁਆ ਸਵੇਰਾ
ਛਾਯਾ ਘੋਰ ਅੰਧੇਰਾ
ਅੰਤ ਯਹੀ ਹੈ ਤੇਰਾ
ਦੂਰ-ਦੂਰ ਤਕ ਏਕ ਉਦਾਸੀ, ਸੜੀ-ਬੁਸੀ ਇਕ ਛਾਯਾ
ਧਰਤੀ ਸੇ ਆਕਾਸ਼ ਤਕ ਉੜਕਰ ਆਸ਼ਾ ਨੇ ਕਿਆ ਪਾਯਾ
ਚਾਰੋਂ ਖੂੰਟ ਚਲੀ ਅੰਧਿਆਰੀ, ਚਿੰਤਾਓਂ ਨੇ ਘੇਰਾ
ਛਾਯਾ ਘੋਰ ਅੰਧੇਰਾ
ਅੰਤ ਯਹੀ ਹੈ ਤੇਰਾ
ਕੌਨ ਚੁਨੇ ਅਬ ਟੂਟੇ ਤਾਰੇ, ਜੋਤ ਕਹਾਂ ਸੇ ਆਏ?
ਕੌਨ ਗਗਨ ਪਰ ਸੇਜ ਬਿਛਾਏ? ਫੂਲ ਤੋ ਹੈਂ ਮੁਰਝਾਏ
ਕੌਨ ਹੈ ਇਸ ਨਗਰੀ ਮੇਂ ਅਬ ਆਕਰ ਕਰੇ ਬਸੇਰਾ?
ਨਿਸ ਦਿਨ ਦੀਪ ਜਲਾਏ ਪਗਲੀ ਪਾਏ ਘੋਰ ਅੰਧੇਰਾ
ਕੌਨ ਕਹੇ ਅਬ ਇਸੇ ਹਠੀਲੀ, ਅੰਤ ਯਹੀ ਹੈ ਤੇਰਾ

ਇਥੇ ਤਾਂ ਸਭ ਦੀਵੇ ਬੁਝਣਗੇ। ਇਥੇ ਤਾਂ ਸਭ ਫੁੱਲ ਕੁਮਲਾਉਣਗੇ। ਤੁਸੀਂ ਲੱਖ ਕਰੋ ਉਪਾਅ, ਇਸ ਤੋਂ ਵੱਖਰਾ ਨਹੀਂ ਹੋ ਸਕਦੇ। ਜਿਥੇ ਤੁਸੀਂ ਹੀ ਮਿਟ ਜਾਣਾ ਹੈ ਅਤੇ ਮਰ ਜਾਣਾ ਹੈ, ਉਥੇ ਤੁਹਾਡੇ ਪ੍ਰੇਮ ਦਾ ਕੀ ਠਿਕਾਣਾ ਹੈ? ਜਦ ਤੁਸੀਂ ਹੀ ਨਹੀਂ ਬਚੋਗੇ ਤਾਂ ਤੁਹਾਡੇ ਕਰਮ ਕੀ ਬਚਣਗੇ? ਜਦ ਤੁਸੀਂ ਹੀ ਇਥੇ ਛਿਨ-ਭਰ ਨੂੰ ਹੋ, ਤਾਂ ਤੁਹਾਡੇ ਸਬੰਧ ਕਿਵੇਂ ਸਦੀਵੀਂ ਹੋ ਸਕਦੇ ਹਨ?

ਜ਼ਰਾ ਸੋਚੋ, ਤਾਂ ਸਿੱਧਾ-ਸਿੱਧਾ ਗਣਿਤ ਹੈ। ਦੋ ਛਿਨਭੰਗਰ ਲਹਿਰਾਂ ਦਾ ਸਬੰਧ ਸਦੀਵੀ ਕਿਵੇਂ ਹੋ ਸਕਦਾ ਹੈ? ਦੋਵੇਂ ਹੀ ਡਿਗ ਜਾਣ ਨੂੰ, ਮਿਟ ਜਾਣ ਨੂੰ। ਜੋੜਨਾ ਹੀ ਹੈ ਨਾਤਾ ਤਾਂ ਉਸ ਨਾਲ ਜੋੜ ਲਵੋ ਜੋ ਕਦੇ ਨਹੀਂ ਮਿਟਦਾ ਹੈ। ਸਾਗਰ ਨਾਲ ਜੋੜੋ ਨਾਤਾ। ਅਤੇ ਮਜ਼ਾ ਅਜੇਹਾ ਹੈ ਕਿ ਜੋ ਸਾਗਰ ਨਾਲ ਨਾਤਾ ਜੋੜਦਾ ਹੈ, ਉਸਦਾ ਸਭ ਲਹਿਰਾਂ ਨਾਲ ਨਾਤਾ ਆਪਣੇ-ਆਪ ਜੁੜ ਜਾਂਦਾ ਹੈ। ਅਤੇ ਜੋ ਲਹਿਰਾਂ ਨਾਲ ਨਾਤਾ ਜੋੜਨਾ ਚਾਹੁੰਦਾ ਹੈ, ਲਹਿਰ ਨਾਲ ਹੀ ਨਹੀਂ ਜੁੜ ਪਾਂਦਾ, ਸਾਗਰ ਨਾਲ ਤਾਂ ਕਿਵੇਂ ਜੁੜੇਗਾ?

ਇਸ ਰਹੱਸ ਨੂੰ ਸਮਝੋ। ਇਸ ਰਹੱਸ ਦੀ ਸਮਝ ਜੀਵਨ ਵਿਚ ਬੜੀ ਕ੍ਰਾਂਤੀ ਲੈ ਆਉਂਦੀ ਹੈ।

ਆਖ਼ਰੀ ਸਵਾਲ—

ਮੈਂ ਮਹਾਂਪਾਪੀ ਹਾਂ, ਮੈਨੂੰ ਉਭਾਰੋ!

ਪਾਪ ਵਿਚ ਵੀ ਹੰਕਾਰ—ਮਹਾਂਪਾਪੀ! ਛੋਟੇ-ਮੋਟੇ ਨਾਲ ਕੰਮ ਨਹੀਂ ਚੱਲੇਗਾ? ਆਪਣੇ-ਆਪ ਨੂੰ ਮਹਾਂਪਾਪੀ ਮੰਨਣਾ ਚਾਹੁੰਦਾ ਹੈ। ਜੇ ਕੋਈ ਦੂਜਾ ਤੁਹਾਨੂੰ ਮਿਲ ਜਾਵੇ ਅਤੇ ਕਹੇ ਕਿ ਮੈਂ ਤੈਥੋਂ ਵੀ ਵੱਡਾ ਪਾਪੀ ਹਾਂ, ਤਾਂ ਝਗੜਾ ਹੋ ਜਾਏਗਾ—ਕਿ ਤੂੰ ਹੈਂ ਕਿਸ ਖੇਤ ਦੀ ਮੂਲੀ? ਤੂੰ ਆਪਣੇ-ਆਪ ਨੂੰ ਸਮਝਿਆ ਕੀ ਹੈ? ਮੈਥੋਂ ਅਤੇ ਵੱਡਾ ਪਾਪੀ ਤੂੰ? ਮੈਥੋਂ ਵੱਡਾ ਪਾਪੀ ਕੋਈ ਵੀ ਨਹੀਂ ਹੈ।

ਆਦਮੀ ਨੂੰ ਵੱਡਾ ਹੋਣਾ ਹੀ ਚਾਹੀਦਾ ਹੈ, ਜਿਥੇ ਵੀ ਹੋਵੇ। ਧਨ ਹੋਵੇ ਤਾਂ ਸਭ ਤੋਂ ਵੱਡਾ ਧਨੀ ਹੋਣਾ ਚਾਹੀਦਾ ਹੈ। ਪਦਵੀ ਹੋਵੇ ਤਾਂ ਸਭ ਤੋਂ ਵੱਡੀ ਪਦਵੀ ਹੋਣੀ ਚਾਹੀਦੀ ਹੈ। ਅਤੇ ਜੇ ਪਾਪ ਹੋਵੇ ਤਾਂ ਵੀ ਚਲੇਗਾ। ਲੇਕਿਨ ਇਕ ਗੱਲ ਤਾਂ ਹੋਣੀ ਹੀ ਚਾਹੀਦੀ ਹੈ—ਮਹਾਂਪਾਪੀ?

ਕੀ ਪਾਪ ਕੀਤਾ ਹੈ ਤੂੰ? ਕਿਸੇ ਦੀ ਜੇਬ ਕੱਟ ਲਈ ਹੋਵੇਗੀ? ਕਿਤੇ ਡਾਕਾ ਮਾਰ ਲਿਆ ਹੋਣੈ। ਕਿਸੇ ਦੀ ਹੱਤਿਆ ਕਰ ਦਿਤੀ ਹੋਵੇਗੀ। ...ਮਹਾਂਪਾਪ? ਕੀ ਮਹਾਂਪਾਪ ਕੀਤਾ ਹੋਵੇਗਾ ਸਭ ਛੋਟੇ-ਛੋਟੇ ਕਰਮ ਹਨ। ਸਭ ਨਿਗੂਣੇ ਹਨ।

ਇਕ ਗੱਲ ਚੇਤੇ ਕਰੋ, ਹੰਕਾਰ ਹਰ ਚੀਜ਼ ਦੇ ਪਿਛੇ ਖੜ੍ਹਾ ਹੋ ਕੇ ਆਪਣਾ ਪੋਸ਼ਣ ਕਰ ਲੈਂਦਾ ਹੈ। ਤਿਆਗ ਦੇ ਪਿਛੇ ਖੜ੍ਹਾ ਹੋ ਜਾਂਦਾ ਹੈ ਅਤੇ ਕਹਿੰਦਾ ਹੈ—ਮੈਂ ਮਹਾਂਤਿਆਗੀ! ਪੁੰਨ ਦੇ ਪਿਛੇ ਖੜ੍ਹਾ ਹੋ ਜਾਂਦਾ ਹੈ, ਕਹਿੰਦਾ ਹੈ—ਮੈਂ ਮਹਾਂ ਪੁੰਨਆਤਮਾ! ਅਤੇ ਗਿਆਨ ਦੇ ਪਿਛੇ ਖੜ੍ਹਾ ਹੋ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਮਹਾਂਗਿਆਨੀ! ਜ਼ਰਾ ਦੇਖੋ, ਹੁਣ ਉਹ ਪਾਪ ਦੇ ਪਿਛੇ ਖੜ੍ਹਾ ਹੋ ਗਿਆ ਹੈ! ਉਹ ਕਹਿੰਦਾ ਹੈ—ਮੈਂ ਮਹਾਂਪਾਪੀ!

ਇਕ ਗੱਲ ਹੰਕਾਰ ਚਾਹੁੰਦਾ ਹੈ ਕਿ ਮੈਂ ਅਦੁੱਤੀ, ਮੈਂ ਉਚੇਚਾ, ਮੈਂ ਖ਼ਾਸ!

ਇਸ ਜੜ੍ਹ ਨੂੰ ਕਟੋ! ਇਹੀ ਸਾਰੇ ਪਾਪਾਂ ਦੀ ਜੜ੍ਹ ਹੈ।

ਸੋ ਪਹਿਲੀ ਤਾਂ ਗੱਲ ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ 'ਮਹਾਂ' ਸ਼ਬਦ ਛੱਡੋ। ਇਸਦੇ ਡਿਗਦੇ ਹੀ ਬੜਾ ਫਰਕ ਹੋਵੇਗਾ। ਇਹ 'ਮਹਾਂ' ਦਾ ਭਵਨ ਡਿਗ ਜਾਵੇ, ਖੰਡਰ ਰਹਿ ਜਾਵੇ, ਤਾਂ ਨੜ੍ਹਿੰਨਵੇਂ ਫੀ ਸਦੀ ਕ੍ਰਾਂਤੀ ਤਾਂ ਹੋ ਹੀ ਗਈ। ਕਿਉਂਕਿ ਆਦਮੀ ਪਾਪ ਵੀ ਕਰਦਾ ਹੈ ਤਾਂ ਇਸੇ ਹੰਕਾਰ ਦੇ ਕਾਰਨ ਕਰਦਾ ਹੈ।

ਬੁੱਧ ਦੇ ਸਮੇਂ ਵਿਚ ਅੰਗੁਲੀਮਾਲ ਹੋਇਆ। ਉਹ ਦੁਨੀਆਂ ਦਾ ਸਭ ਤੋਂ ਵੱਡਾ ਹੱਤਿਆਰਾ ਆਪਣੇ-ਆਪ ਨੂੰ ਸਿੱਧ ਕਰਨਾ ਚਾਹੁੰਦਾ ਸੀ। ਉਸਨੇ ਤੈਅ ਕਰ ਰਖਿਆ ਸੀ ਕਿ ਇਕ ਹਜ਼ਾਰ ਲੋਕਾਂ ਨੂੰ ਵੱਢ ਕੇ ਉਹਨਾਂ ਦੀਆਂ ਉਂਗਲਾਂ ਦੀ ਮਾਲਾ ਪਹਿਨਾਂਗਾ। ਇਸਲਈ ਉਸਦਾ ਨਾਂ 'ਅੰਗੁਲੀਮਾਲ' ਪੈ ਗਿਆ। ਉਸਦਾ ਅਸਲੀ ਨਾਂ ਤਾਂ ਭੁੱਲ ਹੀ ਗਿਆ ਹੈ। ਸਭ ਤੋਂ ਵੱਡਾ ਪਾਪੀ ਹੋਣਾ ਚਾਹੁੰਦਾ ਸੀ।

ਮੈਂ ਸੁਣਿਆ ਹੈ, ਨਾਦਿਰਸ਼ਾਹ ਜਦ ਆਪਣੀਆਂ ਵਿਜੈ-ਯਾਤਰਾਵਾਂ ਤੋਂ ਵਾਪਸ ਪਰਤ ਰਿਹਾ ਸੀ ਤਾਂ ਇਕ ਪਿੰਡ

ਵਿਚ ਇਕ ਰਾਤ ਉਤਸਵ ਮਨਾਇਆ ਗਿਆ। ਉਸਦਾ ਜਨਮ-ਦਿਨ ਸੀ। ਅਤੇ ਨੇੜੇ ਦੇ ਚਾਰ-ਛੇ ਪਿੰਡ ਫਾਸਲੇ ਦੂਰ ਤੋਂ ਕੁਝ ਸੁੰਦਰ ਵੇਸਵਾਵਾਂ ਨਾਚ ਕਰਨ ਆਈਆਂ। ਜਦ ਅੱਧੀ ਰਾਤ ਉਹ ਵੇਸਵਾਵਾਂ ਵਾਪਸ ਜਾਣ ਲੱਗੀਆਂ, ਤਾਂ ਉਹ ਕੁਝ ਡਰੀਆਂ ਸਨ। ਰਾਹ ਹਨੇਰਾ ਸੀ, ਰਾਤ ਹਨੇਰੀ ਸੀ, ਮੱਸਿਆ ਦੀ ਰਾਤ ਸੀ। ਤਾਂ ਨਾਦਿਰਸ਼ਾਹ ਨੇ ਕਿਹਾ, ਤੁਸੀਂ ਭੈਮਾਨ ਕਿਉਂ ਹੋ ਰਹੀਆਂ ਹੋ? ਘਬਰਾਉ ਨਾ! ਆਪਣੇ ਸੈਨਿਕਾਂ ਨੂੰ ਕਿਹਾ ਕਿ ਇਹਨਾਂ ਦੇ ਰਾਹ ਵਿਚ ਜਿੰਨੇ ਪਿੰਡ ਪੈਂਦੇ ਹਨ, ਸਭ ਨੂੰ ਅੱਗ ਲਾ ਦਿਉ, ਤਾਂ ਜੋ ਰੋਸ਼ਨੀ ਹੋ ਜਾਵੇ।

ਸੈਨਿਕ ਵੀ ਕੁਝ ਸਹਿਮੇ ਕਿ ਇਹ ਕੋਈ ਗੱਲ ਹੋਈ? ਪਤਾ ਨਹੀਂ ਕਿੰਨੇ ਬੱਚੇ ਮਰ ਜਾਣਗੇ, ਔਰਤਾਂ ਮਰ ਜਾਣਗੀਆਂ, ਲੋਕ ਮਰ ਜਾਣਗੇ, ਖੇਤ ਸੜ ਜਾਣਗੇ! ਲੇਕਿਨ ਨਾਦਿਰਸ਼ਾਹ ਨੇ ਕਿਹਾ, ਰੁਕਣ ਦੀ ਜ਼ਰੂਰਤ ਨਹੀਂ। ਇਹ ਯਾਦ ਰਹੇ ਆਉਣ ਵਾਲੇ ਲੋਕਾਂ ਨੂੰ ਕਿ ਨਾਦਿਰਸ਼ਾਹ ਦੇ ਦਰਬਾਰ ਵਿਚ ਨੱਚੀਆਂ ਹੋਈਆਂ ਵੇਸਵਾਵਾਂ ਵੀ ਜਦ ਪਰਤਦੀਆਂ ਸਨ, ਤਾਂ ਹਨੇਰੀ ਰਾਤ ਵਿਚ ਵੀ ਉਹਨਾਂ ਦੇ ਰਾਹ ਰੋਸ਼ਨ ਕਰ ਦਿਤੇ ਜਾਂਦੇ ਸੀ! ਆਖਰ ਅੱਗ ਲਗਵਾ ਦੇਣੀ ਪਈ। ਕੋਈ ਛੇ ਪਿੰਡਾਂ ਵਿਚ ਅੱਗ ਲਗਵਾ ਦਿਤੀ ਗਈ। ਸਾਰੇ ਖੇਤ ਸਾੜ ਦਿਤੇ ਗਏ।

ਇਹ... ਆਦਮੀ ਦੇ ਅੰਦਰ ਇਹ ਰਸ-ਇਹ ਗੰਦਾ ਰਸ-ਕਿਵੇਂ ਪੈਦਾ ਹੁੰਦਾ ਹੈ? ਨਾਦਿਰਸ਼ਾਹ ਇਹ ਕਹਿਣਾ ਚਾਹੁੰਦਾ ਹੈ ਕਿ ਮੈਥੋਂ ਵੱਡਾ ਹੱਤਿਆਰਾ ਕਦੇ ਕੋਈ ਨਹੀਂ ਹੋਇਆ। ਮੈਂ ਮਹਾਂਪਾਪੀ ਹਾਂ।

ਪਾਪੀ ਸਹੀ, ਔਪਰ 'ਪਾਪੀ' ਨਾਲ ਮਨ ਨਹੀਂ ਭਰਦਾ, 'ਮਹਾਨ' ਨਾਲ ਮਨ ਭਰਦਾ ਹੈ।

'ਮਹਾਂ' ਤੋਂ ਬਚੋ। ਆਮ ਹੋਣਾ ਕਾਫੀ ਹੈ। ਅਤੇ ਆਮ ਹੋਣ ਨੂੰ ਜਿਹੜਾ ਰਾਜ਼ੀ ਹੈ, ਉਸਨੂੰ ਹੀ ਮੈਂ ਧਾਰਮਕ ਆਖਦਾ ਹਾਂ।

ਦੂਜੀ ਗੱਲ, ਤੁਹਾਡੇ ਧਰਮਾਂ ਨੇ ਤੁਹਾਨੂੰ ਸਿਖਾਇਆ ਹੈ ਕਿ ਹਰ ਚੀਜ਼ ਪਾਪ ਹੈ-ਸੁਆਦ ਪਾਪ, ਪ੍ਰੇਮ ਪਾਪ, ਹਰ ਚੀਜ਼ ਪਾਪ ਹੈ। ਹਰ ਚੀਜ਼ ਨਿੰਦਤ ਕਰ ਦਿਤੀ ਗਈ ਹੈ। ਇਸਲਈ ਤੁਸੀਂ ਜਿਉਂ ਨਹੀਂ ਪਾ ਰਹੇ ਹੋ, ਸੁੰਗੜ ਗਏ ਹੋ। ਮੈਂ ਤੁਹਾਨੂੰ ਕਹਿੰਦਾ ਹਾਂ, ਇਥੇ ਸਭ ਖੇਡ ਹੈ, ਪਾਪ ਵਗੈਰਾ ਕੁਝ ਵੀ ਨਹੀਂ ਹੈ? ਨਾ ਕੁਝ ਪਾਪ ਹੈ ਨਾ ਪੁੰਨ। ਖੇਡ ਖੇਡ ਦੀ ਗੱਲ ਹੈ। ਪੁੰਨ ਜ਼ਰਾ ਚੰਗੀ ਖੇਡ ਹੈ। ਉਸ ਵਿਚ ਦੂਜਿਆਂ ਨੂੰ ਘਟ ਤਕਲੀਫ ਹੁੰਦੀ ਹੈ। ਪਾਪ ਜ਼ਰਾ ਬੁਰੀ ਖੇਡ ਹੈ; ਇਸ ਵਿਚ ਦੂਜਿਆਂ ਨੂੰ ਤਕਲੀਫ ਹੁੰਦੀ ਹੈ। ਖੇਡ ਹੀ ਖੇਡਣੀ ਹੋਵੇ ਤਾਂ ਪੁੰਨ ਦੀ ਖੇਡਣਾ; ਔਪਰ ਧਿਆਨ ਰਖਣਾ; ਹੈ ਖੇਡ ਹੀ। ਇਥੋਂ ਦੇ ਪਾਪ ਵੀ ਝੂਠੇ, ਇਥੋਂ ਦੇ ਪੁੰਨ ਵੀ ਝੂਠੇ।

ਅਜੇਹਾ ਹੀ ਸਮਝੋ ਕਿ ਇਕ ਰਾਤ ਤੁਸੀਂ ਸੁਫਨਾ ਦੇਖਿਆ ਕਿ ਤੁਸੀਂ ਹੱਤਿਆਰੇ ਹੋ ਗਏ ਅਤੇ ਤੁਸੀਂ ਪਤਾ ਨਹੀਂ ਕਿੰਨੇ ਲੋਕ ਮਾਰ ਸੁੱਟੇ। ਅਤੇ ਸਵੇਰੇ ਜਾਗ ਕੇ ਪਾਇਆ ਕਿ ਓਹ, ਸਭ ਸੁਫਨਾ ਸੀ-ਨਾ ਕੋਈ ਮਰਿਆ, ਨਾ ਕੋਈ ਮਾਰਿਆ ਗਿਆ। ਜਾਂ ਤੁਸੀਂ ਇਕ ਰਾਤ ਸੁਫਨਾ ਦੇਖਿਆ ਕਿ ਤੁਸੀਂ ਬੁੱਧ ਹੋ ਗਏ-ਭਿਕਸ਼ਾਪਾਤਰ ਲਈ, ਰਾਜਮਹਿਲ ਛੱਡ ਦਿਤਾ ਸੋਨੇ ਵਰਗਾ! ਸੁੰਦਰ ਪਤਨੀ ਛੱਡ ਦਿਤੀ, ਬੱਚਾ ਛੱਡ ਦਿਤਾ, ਧਿਆਨ ਲਾਈ ਰਹੇ, ਬੋਧਿਬਿਰਛ ਦੇ ਹੇਠ

ਬੈਠੇ ਧਿਆਨ ਲਾਈ। ਸਵੇਰ ਹੋਈ, ਨੀਂਦ ਖੁਲ੍ਹੀ, ਪਤਾ ਲੱਗਿਆ—ਨਾ ਤਾਂ ਮਹਿਲ ਸੀ, ਨਾ ਕੋਈ ਪਤਨੀ ਸੀ, ਨਾ ਤੁਸੀਂ ਬੁੱਧ ਹੋਏ, ਨਾ ਬੋਧਿਬਿਰਛ ਸੀ, ਨਾ ਕੋਈ ਧਿਆਨ ਲਾਇਆ। ਕੀ ਇਹਨਾਂ ਦੋਹਾਂ ਸੁਫਨਿਆਂ ਵਿਚ ਤੁਸੀਂ ਕੋਈ ਫਰਕ ਕਰਦੇ ਹੋ? ਸੁਫਨੇ ਤਾਂ ਦੋਵੇਂ ਸੁਫਨੇ ਹਨ। ਜਾਗੇ ਹੋਏ ਆਦਮੀ ਦੇ ਦ੍ਰਿਸ਼ਟੀਕੋਣ ਤੋਂ ਤਾਂ ਕੋਈ ਵੀ ਫਰਕ ਨਹੀਂ ਹੈ, ਲੇਕਿਨ ਸੁੱਤੇ ਹੋਏ ਆਦਮੀ ਦੇ ਦ੍ਰਿਸ਼ਟੀਕੋਣ ਤੋਂ ਫਰਕ ਹੈ।

ਤਾਂ ਮੈਂ ਤੁਹਾਨੂੰ ਕਹਿੰਦਾ ਹਾਂ, ਸੁਫਨਾ ਦੇਖਣਾ ਹੋਵੇ ਤਾਂ ਪੁੰਨ ਦਾ ਸੁਫਨਾ ਦੇਖ ਲੈਣਾ। ਐਪਰ ਫਰਕ ਸੁਫਨੇ ਹੀ ਸੁਫਨੇ ਦਾ ਹੈ, ਕੋਈ ਬਹੁਤ ਵੱਡਾ ਬੁਨਿਆਦੀ ਫਰਕ ਨਹੀਂ ਹੈ। ਸੁਫਨਾ ਹੀ ਦੇਖ ਰਹੇ ਹੋ ਤਾਂ ਚੰਗਾ ਸੁਫਨਾ ਦੇਖੋ। ਹੱਤਿਆ ਦਾ ਸੁਫਨਾ ਦੇਖੋਗੇ ਤਾਂ ਪਰੇਸ਼ਾਨ ਖ਼ੁਦ ਵੀ ਰਹੋਗੇ। ਕਿਸੇ ਦੀ ਹੱਤਿਆ ਕਰੋਗੇ, ਤਾਂ ਕੁਝ ਅਸਾਨੀ ਨਾਲ ਤਾਂ ਹੋ ਨਹੀਂ ਜਾਂਦੀ ਹੱਤਿਆ ਕਿਸੇ ਦੀ। ਸੁਫਨੇ ਵਿਚ ਵੀ ਕਰੋਗੇ ਤਾਂ ਘਬਰਾਹਟ ਲੱਗੇਗੀ, ਦੁਸ਼ਮਣ ਪਿਛਾ ਕਰਨਗੇ, ਆਪਣੀ ਛਾਤੀ ਬਚਾ ਕੇ ਰਖਣੀ ਪਏਗੀ। ਹਮੇਸ਼ਾ ਭੈ ਪਕੜੀ ਰਖੇਗਾ। ਦੁਖਦਾਈ ਸੁਫਨਾ ਹੈ। ਸੁਫਨਾ ਹੀ ਦੇਖ ਰਹੇ ਹੋ ਤਾਂ ਚੰਗਾ ਸੁਫਨਾ ਦੇਖੋ।

ਬਸ ਇੰਨਾ ਹੀ ਫਰਕ ਹੈ ਮੇਰੀ ਦ੍ਰਿਸ਼ਟੀ ਵਿਚ ਪਾਪ ਅਤੇ ਪੁੰਨ ਵਿਚ—ਚੰਗੇ ਅਤੇ ਬੁਰੇ ਸੁਫਨੇ ਦਾ। ਅਤੇ ਮੈਂ ਕਹਿ ਰਿਹਾ ਹਾਂ, ਚੰਗਾ ਹੀ ਸੁਫਨਾ ਦੇਖਣਾ ਹੈ ਜੇਕਰ ਦੇਖਣਾ ਹੀ ਹੈ, ਸੁਫਨਾ ਹੀ ਦੇਖਣਾ ਹੈ। ਲੇਕਿਨ ਅਸਲੀ ਗੱਲ ਤਾਂ ਇਹ ਹੈ ਕਿ ਸੁਫਨੇ ਤੋਂ ਜਾਗਣਾ ਹੈ, ਦੋਹਾਂ ਸੁਫਨਿਆਂ ਤੋਂ ਜਾਗਣਾ ਹੈ—ਪਾਪੀ ਪਾਪ ਤੋਂ ਜਾਗੇ, ਪੁੰਨਆਤਮਾ ਪੁੰਨ ਤੋਂ ਜਾਗੇ। ਪਾਪੀ ਪਾਪ ਦੇ ਬਾਹਰ ਆਵੇ, ਪੁੰਨਆਤਮਾ ਪੁੰਨ ਦੇ ਬਾਹਰ ਆਵੇ। ਤਦੇ ਧਰਮ ਦੀ ਸ਼ੁਰੂਆਤ ਹੁੰਦੀ ਹੈ।

ਤੁਹਾਡੇ ਪਾਪ ਦਾ ਜੋ ਦ੍ਰਸ਼ਟਾ ਹੈ, ਤੁਹਾਡੇ ਪੁੰਨ ਦਾ ਜੋ ਦ੍ਰਸ਼ਟਾ ਹੈ—ਤੁਹਾਡੇ ਅੰਦਰ ਛੁਪਿਆ ਹੈ, ਉਸਦੀ ਖੋਜ ਲਵੋ। ਸੁਫਨੇ ਵਿਚ ਬਹੁਤਾ ਨਾ ਉਲਝੋ। ਸੁਫਨੇ ਦੇ ਵੇਰਵੇ ਵਿਚ ਨਾ ਜਾਉ ਕਿ ਮੈਂ ਕੀ ਕੀਤਾ, ਕੀ ਨਹੀਂ ਕੀਤਾ, ਚੰਗਾ ਸੀ ਕਿ ਬੁਰਾ ਸੀ, ਇੰਜ ਕਰਨਾ ਸੀ, ਉਂਜ ਕਰਨਾ ਸੀ। ਇਸ ਵੇਰਵੇ ਵਿਚ ਉਲਝੇ ਤਾਂ ਪਾਰ ਨਾ ਪਾਉਗੇ।

ਹਰ ਹਾਲਤ ਵਿਚ—ਨੀਵੀਂ ਤੋਂ ਨੀਵੀਂ ਹਾਲਤ ਵਿਚ ਅਤੇ ਉਚੀ ਤੋਂ ਉਚੀ ਹਾਲਤ ਵਿਚ—ਇਕ ਦਾ ਹੀ ਵਾਸਾ ਹੈ।

ਗਤ ਮੇਂ ਚੰਦਨ—ਬਾਸ ਕਾ ਝੋਂਕਾ, ਤੋੜ ਮੇਂ ਕੁੰਦਨ ਰੂਪ।
ਨੀਚੇ ਸੁਰ ਮੇਂ ਛਾਂਵ ਭਰੀ ਹੈ, ਊਚੇ ਸੁਰ ਮੇਂ ਧੂਪ॥
ਉਸੇ ਦੀ ਸਾਰੀ ਖੇਡ ਹੈ। ਉਸੇ ਦੀ ਧੁੱਪ, ਉਸੇ ਦੀ ਛਾਂ।
ਨੀਚੇ ਸੁਰ ਮੇਂ ਛਾਂਵ ਭਰੀ ਹੈ, ਊਚੇ ਸੁਰ ਮੇਂ ਧੂਪ।

ਸਭ ਉਸਦਾ ਹੈ, ਅਤੇ ਤੁਸੀਂ ਛਾਂ ਤੋਂ ਵੀ ਮੁਕਤ ਹੋਣਾ ਹੈ, ਧੁੱਪ ਤੋਂ ਵੀ ਮੁਕਤ ਹੋਣਾ ਹੈ। ਤੁਸੀਂ ਜਾਣਨਾ ਹੈ ਕਿ ਮੈਂ ਦ੍ਰਸ਼ਟਾ ਹਾਂ, ਮੈਂ ਗਵਾਹ ਹਾਂ—ਮੈਂ ਧੁੱਪ ਦੇਖੀ, ਮੈਂ ਛਾਂ ਦੇਖੀ। ਮੈਂ ਦੋਹਾਂ ਤੋਂ ਅਲੱਗ, ਜੁਦਾ ਹਾਂ।

ਅਤੇ ਫਿਰ ਤੁਹਾਡਾ ਕਸੂਰ ਕੀ? ਤੁਹਾਨੂੰ ਪਰਮਾਤਮਾ ਨੇ ਜਿਹੋ–ਜਿਹਾ ਬਣਾਇਆ ਹੈ ਉਹੋ–ਜਿਹੇ ਤੁਸੀਂ ਹੋ। ਜਿਹੋ–ਜਿਹੇ ਸੁਫਨੇ ਦੇਖਣ ਨੂੰ ਦਿਤੇ, ਉਹੋ–ਜਿਹੇ ਤੁਸੀਂ ਦੇਖੇ। ਇਹ ਸਾਰਾ ਕਰਨਾ ਉਸਦਾ ਹੈ, ਤੁਸੀਂ ਇਸ ਵਿਚ ਕਰਤਾ ਨਾ ਬਣੋ। ਇਹ ਸਾਰੇ ਦਾ ਸਾਰੇ ਉਸ ਉਤੇ ਛਡ ਦਿਉ। ਇਹ ਭਗਤੀ ਦਾ ਰਾਹ ਹੈ।

ਹੁਸ਼ਿਆਰੀ ਨਾ ਕਰਨਾ ਕਿ ਬੁਰਾ–ਬੁਰਾ ਉਸ ਉਤੇ ਛਡ ਦਿਉ ਅਤੇ ਚੰਗਾ–ਚੰਗਾ ਆਪਣਾ ਬਚਾ ਲਵੇ। ਅਕਸਰ ਲੋਕ ਇਹੀ ਕਰਦੇ ਹਨ। ਜੇਕਰ ਸਫਲ ਹੋ ਗਏ ਤਾਂ ਉਹ ਕਹਿੰਦੇ ਹਨ, ਮੈਂ ਸਫਲ ਹੋਇਆ। ਅਤੇ ਹਾਰ ਗਏ ਤਾਂ ਉਹ ਕਹਿੰਦੇ ਹਨ, ਕਿਸਮਤ। ਜੇਕਰ ਹਾਰ ਗਏ ਤਾਂ—ਕੀ ਕਰੀਏ, ਬਿਧ ਦਾ ਲੇਖਾ! ਜੇਕਰ ਹਾਰ ਗਏ ਤਾਂ ਭਗਵਾਨ ਨੇ ਸਾਥ ਨਹੀਂ ਦਿਤਾ। ਜੇ ਜਿੱਤ ਗਏ ਤਾਂ ਭਗਵਾਨ ਦੀ ਯਾਦ ਹੀ ਨਹੀਂ ਆਉਂਦੀ। ਤਦ ਤੁਸੀਂ ਜਿੱਤਦੇ ਹੋ। ਭਗਤ ਦੋਨੋਂ ਹੀ ਉਸ ਉਤੇ ਛਡ ਦਿੰਦਾ ਹੈ। ਚੰਗਾ–ਮੰਦਾ, ਸਭ ਤੇਰਾ। ਇਉਂ ਨਿਸਚਿੰਤ ਹੋ ਜਾਂਦਾ ਹੈ।

ਇਹੀ ਤਾਂ ਕ੍ਰਿਸ਼ਨ ਨੇ ਅਰਜੁਨ ਨੂੰ ਗੀਤਾ ਵਿਚ ਕਿਹਾ, ਸਭ ਉਸ ਉਤੇ ਛਡ ਦੇ। ਸਭ ਮੇਰੇ ਉਤੇ ਛਡ—ਮਾਮ ਏਕਮ ਸ਼ਰਮਣ ਬ੍ਰਜ! ਚੰਗੇ–ਮੰਦੇ ਦੀ ਤੂੰ ਫਿਕਰ ਨਾ ਕਰ। ਜੋ ਪਰਮਾਤਮਾ ਕਰਵਾਏ, ਕਰ। ਜੋ ਪਰਮਾਤਮਾ ਦਿਖਾਏ, ਦੇਖ। ਤੂੰ ਸਾਧਨ–ਮਾਤਰ ਹੋ।

ਇਹ ਬਚਨ ਸੁਣੋ—

ਯੇ ਕਾਯਨਾਤ ਅਗਰ ਤੇਰੇ ਬਸ ਕਾ ਰੋਗ ਨਹੀਂ
ਤੋ ਕਾਯਨਾਤ ਬਨਾਈ ਥੀ ਕਿਸਲਿਏ ਤੂਨੇ
ਇਸੇ ਬਸਾ ਕੇ ਅਗਰ ਯੂੰ ਉਜਾੜ ਦੇਨਾ ਥਾ
ਤੋ ਅੰਜੁਮਨ ਯੇ ਸਜਾਈ ਥੀ ਕਿਸਲਿਏ ਤੂਨੇ
ਯੇ ਆਦਮੀ ਕੇ ਗੁਨਾਹ ਕੀ ਸਜ਼ਾ ਸਹੀ ਲੇਕਿਨ
ਇਸੇ ਗੁਨਾਹ ਕਾ ਅਹਿਸਾਸ ਕਿਓਂ ਦਿਯਾ ਤੂਨੇ
ਬਨਾ ਕੇ ਬਰਤਰੋ–ਆਲਾ ਤਮਾਮ ਚੀਜ਼ੋਂ ਸੇ
ਬਸ਼ਰ ਕੋ ਮਾਇਲੇ ਪੈਕਾਰ ਕਿਓਂ ਕਿਯਾ ਤੂਨੇ
ਖ਼ਤਾ ਮੁਆਫ ਬਸ਼ਰ ਕਾ ਕੋਈ ਕੁਸੂਰ ਨਹੀਂ
ਤੇਰੇ ਇਤਾਬ ਨੇ ਨਾਹਕ ਬਸ਼ਰ ਕੋ ਘੇਰਾ ਹੈ
ਸਬੂਤੇ–ਜੁਰਮ ਨਹੀਂ ਹੈ ਤੋ ਫਿਰ ਸਜ਼ਾ ਕੈਸੀ
ਗੁਨਾਹ ਤੂਨੇ ਕਿਯਾ ਹੈ, ਕੁਸੂਰ ਤੇਰਾ ਹੈ

ਇਹ ਪਦ ਸੁੰਦਰ, ਇਹ ਬਚਨ ਠੀਕ—ਗੁਨਾਹ ਤੂਨੇ ਕਿਯਾ ਹੈ, ਕੁਸੂਰ ਤੇਰਾ ਹੈ। ਐਪਰ ਦੂਜੀ ਗੱਲ ਵੀ ਯਾਦ

ਰਖਣਾ। ਜ਼ਿੰਦਗੀ ਵਿਚ ਜਦ ਕੁਝ ਸ਼ੁਭ ਹੋਵੇ, ਸੁੰਦਰ ਹੋਵੇ, ਅਨੰਦ ਦੀ ਵਰਖਾ ਹੋਵੇ, ਤਦ ਵੀ ਯਾਦ ਰਖਣਾ ਕਿ ਕਰੁਣਾ ਉਸਨੇ ਕੀਤੀ ਹੈ। ਪਾਪ ਵੀ ਉਸਦੇ, ਪੁੰਨ ਵੀ ਉਸਦੇ, ਚੰਗਾ ਉਸਦਾ, ਬੁਰਾ ਉਸਦਾ—ਸਭ ਉਸਦਾ। ਅਜੇਹੀ ਭਾਵਦਸ਼ਾ ਦਾ ਨਾਂ ਭਗਤੀ। ਅਤੇ ਉਸ ਭਗਤੀ ਤੋਂ ਬੜੀ ਕ੍ਰਾਂਤੀ ਵਾਪਰਦੀ ਹੈ। ਭਗਤੀ ਦਾ ਕੀਮੀਆ ਤੁਹਾਨੂੰ ਨੁਹਾ ਜਾਏਗਾ, ਧੋ ਜਾਏਗਾ, ਨਵਾਂ ਕਰ ਜਾਏਗਾ।

ਜੋ ਨਾ ਆਪਣੇ—ਆਪ ਨੂੰ ਮਹਾਂਪਾਪੀ ਸਮਝੋ, ਅਤੇ ਨਾ ਆਪਣੇ—ਆਪ ਨੂੰ ਮਹਾਂ ਪੁੰਨਆਤਮਾ ਸਮਝਣਾ ਨਾ ਮਹਾਂਪਾਪੀ ਨਾ ਮਹਾਤਮਾ—ਸਿਰਫ ਦ੍ਰੱਸ਼ਟਾ, ਸਿਰਫ ਗਵਾਹ, ਕੇਵਲ ਚੇਤਨਤਾ—ਸ਼ਾਂਤ, ਆਮ, ਚੇਤਨਤਾ। ਕਰਤਾ ਉਹੀ। ਸਾਰਾ ਭਾਰ ਉਸਦੇ ਮੋਢਿਆਂ ਉਤੇ ਦੇ ਦਿਉ। ਨਿਰਭਾਰ ਹੋ ਜਾਉ। ਅਤੇ ਫਿਰ ਦੇਖੋ, ਜ਼ਿੰਦਗੀ ਕਿੰਨੀ ਪਿਆਰੀ ਹੈ? ਅਤੇ ਫਿਰ ਦੇਖੋ, ਜ਼ਿੰਦਗੀ ਕਿਹੋ—ਜਿਹਾ ਉਤਸਵ ਹੈ!

ਅੱਜ ਇੰਨਾ ਹੀ।

3

ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ

ਤੋ ਪੰਡਿਤ ਆਏ, ਵੇਦ ਭੁਲਾਏ, ਸ਼ਟ ਕਰਮਾਏ, ਤ੍ਰਿਪਤਾਏ।
ਜੀ ਸੰਧਿਆ ਗਾਏ, ਪੜ੍ਹਿ ਉਰਝਾਏ, ਗਾਨਾਰਾਏ, ਠਗਿ ਖਾਏ॥
ਅਰੁ ਬੜੇ ਕਹਾਏ, ਗਰਵ ਨਾ ਜਾਏ, ਰਾਮ ਨਾ ਪਾਏ ਬਾਘੇਲਾ।
ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ॥

ਤੌ ਏ ਮਤ ਹੇਰੇ, ਸਬ ਹਿਤ ਕੇਰੇ, ਗਹਿਗਹਿ ਗੇਰੇ ਬਹੁਤੇਰੇ।
ਤਬ ਸਤਗੁਰੁ ਟੇਰੇ, ਕਾਨਨ ਮੇਰੇ, ਜਾਤੇ ਫੇਰੇ ਆ ਘੇਰੇ॥
ਉਨ ਸੂਰ ਸਬੇਰੇ, ਉਦੈ ਕਿਯੇ ਰੇ, ਸਬੈ ਅੰਧੇਰੇ ਨਾਸ਼ੇਲਾ।
ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ॥

ਆਦਿ ਤੁਮ ਹੀ ਹੁਤੇ ਅਵਰ ਨਹਿੰ ਕੋਈ ਜੀ।
ਅਕਹ ਅਤਿ ਅਗਹ ਅਤਿ ਬਰਨ ਨਹਿੰ ਹੋਇ ਜੀ॥
ਰੂਪ ਨਹਿੰ ਰੇਖ ਨਹਿੰ, ਸ੍ਵੇਤ ਨਹੀਂ ਸ਼ਿਆਮ ਜੀ।
ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ॥

ਪ੍ਰਥਮ ਹੀ ਆਪ ਤੈਂ ਮੂਲ ਮਾਯਾ ਕਰੀ।
ਬਹੁਰਿ ਵਹ ਕੁੱਖਿ ਕਰਿ ਤ੍ਰਿਗੁਨ ਹ੍ਵੈ ਬਿੱਸਤਰੀ॥
ਪੰਚ ਹੂ ਤੱਤ੍ਵ ਤੈ ਰੂਪ ਅਰੁ ਨਾਮ ਜੀ।
ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ॥

ਭ੍ਰਮਤ ਸੰਸਾਰ ਕਤਹੂੰ ਨਹੀਂ ਬੋਰ ਜੀ।
ਤੀਨਹੂ ਲੋਕ ਮੇਂ ਕਾਲ ਕੌ ਸੋਰ ਜੀ॥
ਮਨੁਸ਼ਤਨ ਯਹ ਬੜੇ ਭਾਗੱਯ ਤੈ ਪਾਮ ਜੀ।
ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ॥

ਪੂਰਿ ਦਸ਼ਹੂ ਦਿਸ਼ਾ ਸਰਬ ਮੇਂ ਆਪ ਜੀ।
ਸੱਤੁਤਿਹਿ ਕੋ ਕਰਿ ਸਕੈ ਪੁੰਨਯ ਨਹੀਂ ਪਾਪ ਜੀ॥
ਦਾਸ ਸੁੰਦਰ ਕਹੇ ਦੇਹੁ ਵਿਸ਼ਰਾਮ ਜੀ।
ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ॥

ਭੂਲ ਜਾਨਾ ਤੋ ਗਏ ਦੂਰ ਕਾ ਦੁਸ਼ਵਾਰ ਨਾ ਥਾ
ਏਕ ਨਾਦੀਦਾ ਖਲਿਸ਼ ਆਤੀ ਰਹੀ ਸਮਝਾਨੇ
ਰੰਗੇ ਮਾਜ਼ੀ ਸੇ ਝੁਲਸਤਾ ਰਹਾ ਦਿਲ ਕਾ ਗੁਲਸ਼ਨ
ਫੂਲ ਖਿਲਤੇ ਰਹੇ ਵੀਰਾਨੇ ਰਹੇ ਵੀਰਾਨੇ

ਖੰਦਾ-ਏ-ਜੇਰਲਬੀ ਹੈ ਗ਼ਮੇ ਪਿਨਹਾਂ ਜੈਸੇ
ਗਰਮੀ-ਏ-ਸ਼ਿੱਦਤੇ-ਅਹਿਸਾਸ ਸੇ ਜਲ ਜਾਏ ਕੋਈ
ਔਰ ਅਪਨੇ ਹੀ ਬਨਾਏ ਹੁਏ-ਮਾ 'ਬੂਦ ਕੇ ਹਾਥ
ਅਪਨਾ ਨਾਕਰਦਾ ਗੁਨਾਹੀ ਕੀ ਸਜ਼ਾ ਪਾਏ ਕੋਈ

ਯੇ ਖ਼ਯਾਲ ਆਤਾ ਹੈ ਅਬ ਮੁਝਕੋ ਤੇਰੇ ਨਾਮ ਕੇ ਸਾਥ
ਚੰਦ ਹਰਫੋਂ ਕਾ ਯੇ ਮਜਮੂਆ ਸਹੀਫ਼ਾ ਤੋ ਨਹੀਂ?

ਵੇਦ ਵਿਚ ਵੇਦ ਨਹੀਂ ਹੈ ਅਤੇ ਕੁਰਾਨ ਵਿਚ ਕੁਰਾਨ ਨਹੀਂ ਹੈ। ਸ਼ਬਦਾਂ ਦੇ ਜਮਾਅ ਵਿਚ ਨਿਰਸ਼ਬਦ ਦੀ ਝਲਕ ਕਿਥੇ?

ਯੇ ਖ਼ਯਾਲ ਆਤਾ ਹੈ ਅਬ ਮੁਝਕੋ ਤੇਰੇ ਨਾਮ ਕੇ ਸਾਥ।
ਚੰਦ ਹਰਫੋਂ ਕਾ ਯੇ ਮਜਮੂਆ ਸਹੀਫ਼ਾ ਤੋ ਨਹੀਂ?

ਇਹ ਥੋੜ੍ਹੇ-ਜਿਹੇ ਸ਼ਬਦਾਂ ਦੀ ਖੇਡ ਧਰਮਗ੍ਰੰਥ ਤਾਂ ਨਹੀਂ ਹੋ ਸਕਦੀ ਹੈ। ਐਪਰ ਮਨੁੱਖ ਸ਼ਬਦਾਂ ਦੀ ਖੇਡ ਵਿਚ ਉਲਝ ਗਿਆ ਹੈ। ਸ਼ਬਦ ਨੂੰ ਵੀ ਸੱਚ ਮੰਨ ਲਿਆ ਹੈ। ਜਿਵੇਂ ਕੋਈ 'ਪ੍ਰੇਮ' ਸ਼ਬਦ ਨੂੰ ਪ੍ਰੇਮ ਮੰਨ ਲਵੇ, ਇਵੇਂ 'ਪਰਮਾਤਮਾ' ਸ਼ਬਦ ਨੂੰ ਪਰਮਾਤਮਾ ਮੰਨ ਲਿਆ ਹੈ। ਅਨੁਭਵ ਦੀ ਤਾਂ ਗੱਲ ਭੁੱਲ ਗਈ ਹੈ, ਵਿਚਾਰ ਦੇ ਜਾਲ ਵਿਚ ਲੋਕ ਉਲਝੇ ਰਹਿ ਗਏ ਹਨ। ਅਤੇ ਬੜੇ ਜਾਲ ਹਨ ਵਿਚਾਰ ਦੇ। ਸਦੀਆਂ ਦੀ ਸੋਚ-ਵਿਚਾਰ ਉਹਨਾਂ ਜਾਲਾਂ ਦੇ ਪਿਛੇ ਖੜ੍ਹੀ ਹੈ।

ਮਨੁੱਖ ਨੂੰ ਪਰਮਾਤਮਾ ਤੋਂ ਰੋਕਣ ਵਾਲੀ ਜੋ ਵੱਡੀ-ਤੋਂ-ਵੱਡੀ ਰੁਕਾਵਟ ਹੋ ਸਕਦੀ ਹੈ ਉਹ ਸ਼ਾਸਤਰ ਹੈ। ਸੁਣ ਕੇ ਇਕਦਮ ਭਰੋਸਾ ਵੀ ਨਹੀਂ ਆਉਂਦਾ। ਕਿਉਂਕਿ ਅਸਾਂ ਤਾਂ ਇਹੀ ਸੁਣਿਆਂ ਹੈ ਵਾਰ-ਵਾਰ ਕਿ ਸ਼ਾਸਤਰ ਦੇ ਜ਼ਰੀਏ ਵੀ ਆਦਮੀ ਪਰਮਾਤਮਾ ਤਕ ਪਹੁੰਚਦਾ ਹੈ। ਲੇਕਿਨ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ; ਸ਼ਾਸਤਰ ਨਾਲ ਕੋਈ ਕਦੇ ਪਰਮਾਤਮਾ ਤਕ ਨਾ ਪਹੁੰਚਿਆ ਹੈ; ਨਾ ਪਹੁੰਚ ਸਕਦਾ ਹੈ। ਹਾਂ, ਜਿਹੜੇ ਪਰਮਾਤਮਾ ਤਕ ਪਹੁੰਚ ਜਾਂਦੇ ਹਨ, ਉਹਨਾਂ ਦੇ ਸਾਹਮਣੇ ਸ਼ਾਸਤਰ ਦਾ ਅਰਥ ਪਰਗਟ ਹੋ ਜਾਂਦਾ ਹੈ। ਐਪਰ ਪਹੁੰਚਣਾ ਪਹਿਲਾਂ ਹੈ, ਸ਼ਾਸਤਰ ਦਾ ਅਰਥ ਵਿਚੋਂ ਪਰਗਟ ਹੁੰਦਾ ਹੈ।

ਜਿਹੜਾ ਪ੍ਰੇਮ ਜਾਣ ਲੈਂਦਾ ਹੈ ਉਸਦੇ ਸਾਹਮਣੇ ਪ੍ਰੇਮ ਸ਼ਬਦ ਦਾ ਅਰਥ ਵੀ ਪਰਗਟ ਹੋ ਜਾਂਦਾ ਹੈ। ਜਿਹੜਾ

ਪਰਮਾਤਮਾ ਦੀ ਝਲਕ ਪਾ ਲੈਂਦਾ ਹੈ ਉਸ ਲਈ ਪਰਮਾਤਮਾ ਸ਼ਬਦ ਫਿਰ ਸ਼ਬਦ ਨਹੀਂ ਰਹਿ ਜਾਂਦਾ, ਇਕੱਠੀ ਹੋਈ ਉਸਦੀ ਝਲਕ ਹੋ ਜਾਂਦੀ ਹੈ। ਪਰ ਜਿਸਨੇ ਅਨੁਭਵ ਨਹੀਂ ਕੀਤਾ ਉਸਦੇ ਕੋਲ ਤਾਂ ਕੋਰਾ ਸ਼ਬਦ ਹੈ, ਖ਼ਾਲੀ ਸ਼ਬਦ ਹੈ। ਉਸ ਮੁਰਦਾ ਸ਼ਬਦ ਵਿਚ ਕੋਈ ਪ੍ਰਾਣ ਨਹੀਂ ਹੈ। ਸ਼ਬਦ ਕਿੰਨੇ ਹੀ ਪਿਆਰੇ ਹੋਣ, ਮੁਰਦਾ ਹਨ। ਅਤੇ ਜਾਨਦਾਰ ਨਾਲ ਮੁਕਤੀ ਹੈ। ਤੁਸੀਂ ਜਾਨਦਾਰ ਹੋ—ਜਾਨਦਾਰ ਤੋਂ ਹੀ ਮੁਕਤ ਹੋ ਸਕੋਗੇ। ਸ਼ਬਦਾਂ ਦੇ ਬੋਝ ਨਾਲ ਦਬ ਸਕਦੇ ਹੋ, ਮੁਕਤ ਨਹੀਂ। ਸ਼ਬਦਾਂ ਦੇ ਬੋਝ ਨਾਲ ਬੋਝਲ ਹੋ ਸਕਦੇ ਹੋ, ਨਿਰਭਾਰ ਨਹੀਂ। ਸ਼ਾਸਤਰਾਂ ਦੀ ਦੀਵਾਰ ਚੀਨ ਦੀ ਦੀਵਾਰ ਬਣ ਜਾਏਗੀ ਤੁਹਾਡੇ ਚਾਰੇ ਪਾਸੇ। ਭੁਲੇਖਾ ਬੜਾ ਪੈਦਾ ਹੋਵੇਗਾ, ਕਿਉਂਕਿ ਪਰਮਾਤਮਾ ਹੀ ਪਰਮਾਤਮਾ ਦੀ ਗੱਲ ਹੋਵੇਗੀ। ਅਤੇ ਗੱਲ ਹੀ ਗੱਲ ਵਿਚ ਪਰਮਾਤਮਾ ਖੋ ਜਾਏਗਾ।

ਭੂਲ ਜਾਨਾ ਤੋ ਗਏ ਦੂਰ ਕਾ ਦੁਸ਼ਵਾਰ ਨਾ ਥਾ
ਏਕ ਨਾਦੀਦਾ ਖਲਿਸ਼ ਆਤੀ ਰਹੀ ਸਮਝਾਨੇ

ਆਦਮੀ ਤਾਂ ਭੁੱਲ ਹੀ ਗਿਆ ਹੁੰਦਾ—ਬਿਲਕੁਲ ਭੁੱਲ ਗਿਆ ਹੁੰਦਾ। ਕਿੰਨੇ ਵੇਦ ਹਨ, ਕਿੰਨੇ ਕੁਰਾਨ, ਕਿੰਨੀ ਬਾਈਬਲ, ਕਿੰਨੇ ਧਮਪਦ! ਆਦਮੀ ਤਾਂ ਭੁੱਲ ਹੀ ਗਿਆ ਹੁੰਦਾ, ਪਰ ਕੋਈ ਇਕ ਚੋਭ ਹੈ ਜਿਹੜੀ ਆਦਮੀ ਦੇ ਅਦਰ ਉਠਦੀ ਹੀ ਰਹਿੰਦੀ ਹੈ। ਕੋਈ ਸ਼ਾਸਤਰ ਉਸ ਚੋਭ ਨੂੰ ਬੁਝਾ ਨਹੀਂ ਪਾਂਦਾ। ਉਸ ਚੋਭ ਉਤੇ ਹੀ ਭਰੋਸਾ ਕਰੋ। ਉਸ ਪਿਆਸ ਨੂੰ ਹੀ ਤਲਾਸ਼ੋ, ਉਕਸਾਉ, ਵਧਾਉ। ਉਸ ਪਿਆਸ ਨੂੰ ਹੀ ਭੜਕਾਉ। ਉਹੀ ਪਿਆਸ ਤੁਹਾਨੂੰ ਪਰਮਾਤਮਾ ਤਕ ਲੈ ਜਾਏਗੀ, ਨਹੀਂ ਤਾਂ ਤੁਸੀਂ ਪੰਡਤਾਂ ਦੇ ਹੱਥ ਵਿਚ ਸਿਰਫ ਲੁੱਟੇ—ਖਸੁੱਟੇ ਜਾਉਗੇ।

ਪੂਰੀ ਰਾਤ, ਚੰਦ ਹੋਵੇ ਅਕਾਸ਼ ਵਿਚ, ਫਿਰ ਝੀਲ ਵਿਚ ਉਸਦੀ ਤਸਵੀਰ ਬਣਦੀ ਰਹੇ, ਅਤੇ ਤੁਸੀਂ ਝੀਲ ਦੀ ਇਕ ਤਸਵੀਰ ਲਾਹ ਲਵੋ—ਅਜੇਹੀ ਹਾਲਤ ਸ਼ਾਸਤਰ ਦੀ ਹੈ। ਚੰਦ ਹੈ ਅਕਾਸ਼ ਵਿਚ, ਝੀਲ ਵਿਚ ਅਕਸ ਬਣਦਾ ਹੈ, ਫਿਰ ਤੁਸੀਂ ਝੀਲ ਦੀ ਤਸਵੀਰ ਲਾਹ ਲਈ, ਤਾਂ ਅਕਸ ਦਾ ਅਕਸ ਤੁਹਾਡੀ ਤਸਵੀਰ ਵਿਚ ਪਕੜਿਆ ਜਾਂਦਾ ਹੈ। ਚੰਦ ਕਿਥੇ, ਚੰਦ ਤਾਂ ਬਹੁਤ ਦੂਰ ਛੁੱਟ ਗਿਆ। ਚੰਦ ਤਾਂ ਝੀਲ ਦੇ ਪਰਛਾਵੇਂ ਵਿਚ ਵੀ ਨਹੀਂ ਸੀ, ਤੁਹਾਡੀ ਤਸਵੀਰ ਵਿਚ ਤਾਂ ਕਿਥੇ ਹੋਵੇਗਾ? ਤੁਹਾਡੇ ਕੋਲ ਤਾਂ ਤਸਵੀਰ ਹੀ ਤਸਵੀਰ ਹੈ। ਅਜੇਹੀ ਹੀ ਹਾਲਤ ਪਰਮਾਤਮਾ ਦੀ ਹੈ। ਕਿਸੇ ਮੁਹੰਮਦ ਵਿਚ ਕੁਰਾਨ ਉਤਰੀ, ਮੁਹੰਮਦ ਦੀ ਚੇਤਨਾ ਦੀ ਝੀਲ ਵਿਚ ਪਰਮਾਤਮਾ ਝਲਕਿਆ। ਜਾਂ ਕਿਸੇ ਰਿਸ਼ੀ ਵਿਚ ਵੇਦ ਉਤਰਿਆ, ਪਰਮਾਤਮਾ ਝਲਕਿਆ। ਫਿਰ ਜਦ ਰਿਸ਼ੀ ਬੋਲਿਆ ਤਾਂ ਝਲਕ ਦੀ ਝਲਕ, ਤਸਵੀਰ ਦੀ ਤਸਵੀਰ ਹੋ ਗਈ। ਅਤੇ ਗੱਲ ਏਥੇ ਹੀ ਖ਼ਤਮ ਨਹੀਂ ਹੁੰਦੀ। ਜਦ ਰਿਸ਼ੀਆਂ ਦੇ ਬੋਲੇ ਹੋਏ ਸ਼ਬਦ ਤੁਹਾਡੇ ਕੋਲ ਪਹੁੰਚਦੇ ਹਨ ਤਾਂ ਤੁਸੀਂ ਉਹਨਾਂ ਵਿਚੋਂ ਕੀ ਅਰਥ ਕਢੋਗੇ? ਇਹ ਤਾਂ ਮਾਮਲਾ ਹੋਰ ਵੀ ਦੂਰ ਹੋ ਗਿਆ। ਤਸਵੀਰ ਦੀ ਤਸਵੀਰ ਅਤੇ ਫਿਰ ਉਸ ਵਿਚੋਂ ਤੁਸੀਂ ਅਰਥ ਕਢੋਗੇ। ਅਤੇ ਤੁਸੀਂ ਅੰਨ੍ਹੇ ਹੋ। ਤੁਸੀਂ ਕਦੇ ਚੰਦ ਦੇਖਿਆ ਨਹੀਂ। ਤੁਸੀਂ ਸਿਰਫ ਚੰਦ ਸ਼ਬਦ ਸੁਣਿਆ ਹੈ। ਤੁਹਾਨੂੰ ਚੰਦ ਦਾ ਕੁਝ ਪਤਾ ਨਹੀਂ ਹੈ। ਤੁਸੀਂ ਇਸ ਤਸਵੀਰ ਵਿਚੋਂ ਜੋ ਅਰਥ ਕਢੋਗੇ, ਉਹ ਅਰਥ ਤੁਹਾਡਾ ਹੋਵੇਗਾ, ਉਸਦਾ ਚੰਦ ਨਾਲ ਕੋਈ ਵੀ ਸਬੰਧ ਨਹੀਂ ਰਹਿ ਜਾਏਗਾ। ਅਤੇ ਮਜ਼ਾ ਇਹ ਹੈ ਕਿ ਮੂਲ ਵਿਚ ਚੰਦ ਸੀ। ਤਸਵੀਰ ਝੀਲ ਦੀ ਹੈ; ਝੀਲ ਵਿਚ ਚੰਦ ਦੀ ਤਸਵੀਰ ਸੀ, ਚੰਦ ਹੈ। ਜੇਕਰ ਚੰਦ ਨੂੰ ਤੁਸੀਂ ਦੇਖ ਲਵੋ ਤਾਂ ਫਿਰ

ਤਸਵੀਰ ਵਿਚ ਵੀ ਪਛਾਣ ਜਾਓਗੇ।

ਇਸਲਈ ਮੈਂ ਤੁਹਾਨੂੰ ਕਹਿੰਦਾ ਹਾਂ : ਸ਼ਾਸਤਰ ਨਾਲ ਕੋਈ ਸੱਚ ਤਕ ਨਹੀਂ ਪਹੁੰਚਦਾ। ਲੇਕਿਨ ਸੱਚ ਤਕ ਪਹੁੰਚ ਜਾਵੇ, ਤਾਂ ਸਾਰੇ ਸ਼ਾਸਤਰ ਸੱਚ ਹੋ ਜਾਂਦੇ ਹਨ। ਸਾਰੇ ਸ਼ਾਸਤਰ ਗਵਾਹੀ ਬਣ ਜਾਂਦੇ ਹਨ। ਅਤੇ ਜੇਕਰ ਇਹ ਨਾ ਹੋ ਪਾਵੇ, ਤੁਹਾਡੇ ਜੀਵਨ ਵਿਚ ਪਰਮਾਤਮਾ ਦਾ ਸਿਧਾ ਅਨੁਭਵ ਨਾ ਹੋ ਪਾਵੇ, ਤਾਂ ਬੜੀਆਂ ਮੁਸ਼ਕਲਾਂ ਹੋ ਜਾਂਦੀਆਂ ਹਨ।

ਖੰਦਾ-ਏ-ਜੇਰਲਬੀ ਹੈ ਗ਼ਮੇ-ਪਿਨਹਾਂ ਜੈਸੇ
ਗਰਮੀ-ਏ-ਸ਼ਿੱਦਤੇ-ਅਹਿਸਾਸ ਸੇ ਜਲ ਜਾਏ ਕੋਈ
ਔਰ ਅਪਨੇ ਹੀ ਬਨਾਏ ਹੁਏ ਮਾ 'ਬੂਦ ਕੇ ਹਾਥ
ਅਪਨੀ ਨਾਕਰਦਾ ਗੁਨਾਹੀ ਕੀ ਸਜ਼ਾ ਪਾਏ ਕੋਈ

ਫਿਰ ਅਜੇਹਾ ਮਜ਼ਾ ਹੁੰਦਾ ਹੈ, ਆਪਣੇ ਹੀ ਹੱਥ ਨਾਲ ਤੁਸੀਂ ਬਣਾ ਲੈਂਦੇ ਹੋ ਮੂਰਤੀਆਂ ਅਤੇ ਉਹਨਾਂ ਮੂਰਤੀਆਂ ਤੋਂ ਉਹਨਾਂ ਪਾਪਾਂ ਦੀ ਸਜ਼ਾ ਪਾਂਦੇ ਹੋ ਜੋ ਤੁਸੀਂ ਕਦ ਕੀਤੇ ਨਹੀਂ। ਉਹ ਮੂਰਤੀਆਂ ਝੂਠੀਆਂ; ਤੁਹਾਡੇ ਹੱਥ ਦੀਆਂ ਬਣਾਈਆਂ ਹੋਈਆਂ ਮੂਰਤੀਆਂ ਸੱਚ ਨਹੀਂ ਹੋ ਸਕਦੀਆਂ। ਤੁਸੀਂ ਹੀ ਅਜੇ ਸੱਚ ਨਹੀਂ ਹੋ; ਤੁਹਾਡੇ ਹੱਥ, ਤੁਹਾਡੀ ਬੁਰਸ਼ੀ, ਤੁਹਾਡੀ ਛੈਣੀ-ਹਥੌੜੀ ਨਾਲ ਸੱਚ ਦੀ ਤਸਵੀਰ ਨਹੀਂ ਬਣ ਸਕਦੀ, ਸੱਚ ਦੀ ਮੂਰਤੀ ਨਹੀਂ ਬਣ ਸਕਦੀ। ਔਰ ਅਪਨੇ ਹੀ ਬਨਾਏ ਹੁਏ ਮਾ 'ਬੂਦ ਕੇ ਹਾਥ... ਅਤੇ ਫਿਰ ਆਪਣੀਆਂ ਹੀ ਬਣਾਈਆਂ ਹੋਈਆਂ ਇਹਨਾਂ ਮੂਰਤੀਆਂ ਦੇ ਸਾਹਮਣੇ ਤੁਸੀਂ ਝੁਕਦੇ ਹੋ ਅਤੇ ਉਹਨਾਂ ਪਾਪਾਂ ਦੀ ਸਜ਼ਾ ਪਾਂਦੇ ਹੋ ਜੋ ਤੁਸੀਂ ਕਦੇ ਕੀਤੇ ਵੀ ਨਹੀਂ।

ਤੁਹਾਨੂੰ ਸਮਝਾਇਆ ਗਿਆ ਹੈ : ਇਹ ਪਾਪ, ਉਹ ਪਾਪ...। ਇੰਨੇ ਪਾਪ ਤੁਹਾਨੂੰ ਸਮਝਾ ਦਿਤੇ ਗਏ ਹਨ ਕਿ ਤੁਹਾਨੂੰ ਲਗਦਾ ਹੈ, ਮੈਂ ਬਹੁਤ ਪਾਪ ਕੀਤੇ। ਤੁਹਾਡੇ ਅੰਦਰ ਅਪਰਾਧ ਦਾ ਭਾਵ ਪੈਦਾ ਹੁੰਦਾ ਹੈ ਅਤੇ ਤੁਸੀਂ ਆਪਣੇ ਹੀ ਹੱਥ ਦੀਆਂ ਬਣਾਈਆਂ ਹੋਈਆਂ ਮੂਰਤੀਆਂ ਦੇ ਸਾਹਮਣੇ ਝੁਕਦੇ ਹੋ, ਪ੍ਰਾਰਥਨਾ ਕਰਦੇ ਹੋ, ਖਿਮਾ ਮੰਗਦੇ ਹੋ, ਸਹਾਰੇ ਲੱਭਦੇ ਹੋ। ਇਹ ਦਸ਼ਾ ਬੜੀ ਸ਼ੁਦਾਅਭਰੀ ਹੈ। ਹੋਰ ਪਾਗਲਪਣ ਕੀ ਹੋਵੇਗਾ?

ਫਿਰ ਤੁਸੀਂ ਕੁਝ ਸ਼ਬਦ ਜੋੜ ਲੈਂਦੇ ਹੋ, ਇਕੱਠੇ ਕਰ ਲੈਂਦੇ ਹੋ। ਬੁੱਧ ਬੋਲੇ, ਬੁੱਧ ਨੇ ਕੁਝ ਲਿਖਿਆ ਨਹੀਂ। ਫਿਰ ਲੋਕਾਂ ਨੇ ਸ਼ਬਦ ਇਕੱਠੇ ਕਰ ਲਏ। ਮਹਾਂਵੀਰ ਬੋਲੇ, ਸ਼ਬਦ ਇਕੱਠੇ ਕਰ ਲਏ। ਮੁਹੰਮਦ ਬੋਲੇ, ਸ਼ਬਦ ਇਕੱਠੇ ਕਰ ਲਏ। ਫਿਰ ਉਹਨਾਂ ਸ਼ਬਦਾਂ ਨੂੰ ਤੁਸੀਂ ਧਰਮ-ਸ਼ਾਸਤਰ ਸਮਝ ਰਹੇ ਹੋ। ਧਰਮ ਨੂੰ ਖੋਜਣਾ ਹੋਵੇ ਤਾਂ ਪਰਮਾਤਮਾ ਦੇ ਫੈਲੇ ਵਿਕਾਸ ਵਿਚ, ਫੈਲੇ ਅਕਾਸ਼ ਵਿਚ ਖੋਜੋ। ਇਸ ਵਿਸਥਾਰ ਵਿਚ ਖੋਜੋ। ਬਿਰਛਾਂ ਉਤੇ ਉਸਦੇ ਹਸਤਾਖ਼ਰ ਹਨ। ਪਰਬਤਾਂ, ਪਹਾੜਾਂ ਉਤੇ ਉਸਦਾ ਅੰਕਣ ਹੈ। ਨਦੀਆਂ ਵਿਚ ਉਸਦੀ ਥੋੜ੍ਹੀ-ਜਿਹੀ ਝਲਕ ਹੈ। ਸਾਗਰਾਂ ਵਿਚ ਉਸਦੀ ਗਰਜਣਾ ਹੈ। ਜਦ ਅਸਮਾਨ ਵਿਚ ਬੱਦਲ ਘਿਰਨ, ਤਾਂ ਗੌਰ ਨਾਲ ਸੁਣਨਾ—ਸ਼ਾਇਦ ਵੇਦ ਦੀ ਕੋਈ ਰਿਚਾ ਪਕੜ ਵਿਚ ਆ ਜਾਵੇ। ਜਦ ਪੰਛੀ ਬੋਲਣ ਅਤੇ ਮੋਰ ਨੱਚਣ, ਤਾਂ ਜ਼ਰਾ ਗੌਰ ਨਾਲ ਦੇਖਣਾ—ਸ਼ਾਇਦ ਕ੍ਰਿਸ਼ਨ ਦੀ ਕੋਈ ਅਦਾ ਭਾ ਜਾਵੇ। ਜਦ ਕੋਇਲ ਗਾਉਣ ਲੱਗੇ ਤਾਂ ਡੁੱਬਣਾ ਉਸਦੇ ਗੀਤ ਵਿਚ—ਸ਼ਾਇਦ ਕੁਰਾਨ ਦੀ ਕੋਈ ਆਇਤ ਉਤਰਦੀ ਹੋਵੇ। ਔਪਰ ਆਦਮੀ ਦੀਆਂ ਬਣਾਈਆਂ ਹੋਈਆਂ ਕਿਤਾਬਾਂ ਵਿਚ ਉਸਨੂੰ ਖੋਜਣ ਨਾ ਜਾਣਾ। ਉਹਨਾਂ ਹੀ

ਕਿਤਾਬਾਂ ਦੇ ਜੰਗਲ ਵਿਚ ਲੋਕ ਅਟਕ ਗਏ ਹਨ।

ਸੁੰਦਰਦਾਸ ਦੇ ਅੱਜ ਦੇ ਬਚਨ ਇਸੇ ਮਹੱਤਵਪੂਰਨ ਗੱਲ ਦੀ ਤੁਹਾਨੂੰ ਯਾਦ ਦਿਵਾਉਣਾ ਚਾਹੁੰਦੇ ਹਨ।

ਤੇ ਪੰਡਿਤ ਆਏ, ਵੇਦ ਭੁਲਾਏ, ਸ਼ਟ ਕਰਮਾਏ, ਤ੍ਰਿਪਤਾਏ।

ਜੀ ਸੰਧਿਆ ਗਾਏ, ਪੜ੍ਹਿ ਉਰਝਾਏ, ਰਾਨਾਰਾਏ, ਠਗਿ ਖਾਏ॥

ਅਨੋਖੇ ਬਚਨ ਹਨ! ਜਦ ਵੀ ਇਥੇ ਕਦੇ ਕੋਈ ਗਿਆਨ ਦੀ ਜੋਤ ਜਗਦੀ ਹੈ, ਕੋਈ ਪ੍ਰਬੁੱਧ ਹੁੰਦਾ ਹੈ, ਤਾਂ ਛੇਤੀ ਹੀ ਪੰਡਤ ਘਿਰ ਆਉਂਦੇ ਹਨ, ਛੇਤੀ ਹੀ ਪੰਡਤ ਉਸਦੇ ਆਸੇ ਪਾਸੇ ਇਕੱਠੇ ਹੋ ਜਾਂਦੇ ਹਨ।

ਤੁਸੀਂ ਇਕ ਅਨੋਖੀ ਗੱਲ ਕਦੇ ਸੋਚੀ? ਜੈਨੀਆਂ ਦੇ ਚੌਵੀ ਦੇ ਚੌਵੀ ਤੀਰਥੰਕਰ ਛੱਤ੍ਰੀ ਹਨ; ਇਕ ਵੀ ਬ੍ਰਾਹਮਣ ਨਹੀਂ ਹੈ। ਲੇਕਿਨ ਹਰ ਤੀਰਥੰਕਰ ਦੇ ਆਸੇ ਪਾਸੇ ਜੋ ਉਹਨਾਂ ਦੇ ਪ੍ਰਮੁੱਖ ਸ਼ਿਸ਼ ਹਨ, ਉਹ ਸਭ ਬ੍ਰਾਹਮਣ ਹਨ। ਮਹਾਂਵੀਰ ਦੇ ਗਿਆਰਾਂ ਗਣਧਰ ਸਾਰੇ ਬ੍ਰਾਹਮਣ ਹਨ। ਮਹਾਂਵੀਰ ਛੱਤ੍ਰੀ ਹਨ। ਪਰ ਉਹਨਾਂ ਦੇ ਸ਼ਿਸ਼, ਉਹਨਾਂ ਦੇ ਆਲੇ-ਦੁਆਲੇ ਜੋ ਇਕ ਜਾਲ ਇਕੱਠਾ ਹੋ ਗਿਆ, ਉਹ ਬ੍ਰਾਹਮਣਾਂ ਦਾ ਹੈ, ਉਹ ਪੰਡਤਾਂ ਦਾ ਹੈ। ਉਹ ਮਹਾਂਵੀਰ ਦੇ ਸ਼ਬਦ ਇਕੱਠੇ ਕਰ ਰਹੇ ਹਨ। ਉਹ ਇਸ ਸ਼ਬਦ ਨਾਲ ਬੜੀ ਦੁਕਾਨ ਚਲਾਉਣਗੇ, ਇਸ ਸ਼ਬਦ ਨਾਲ ਬੜਾ ਧੰਦਾ ਚਲਾਉਣਗੇ। ਚਲਾਇਆ ਉਹਨਾਂ ਨੇ। ਇਸੇ ਸ਼ਬਦ ਦੇ ਜਾਲ ਵਿਚ ਮਹਾਂਵੀਰ ਨੂੰ ਡੋਬਿਆ ਉਹਨਾਂ ਨੇ। ਜਦ ਵੀ ਕੋਈ ਜੋਤ ਜਗਦੀ ਹੈ—ਕੋਈ ਕਬੀਰ ਉਠਿਆ, ਕੋਈ ਨਾਨਕ—ਕਿ ਛੇਤੀ ਹੀ ਪੰਡਤ ਨੂੰ ਇੰਨੀ ਗੱਲ ਸਮਝ ਵਿਚ ਆ ਜਾਂਦੀ ਹੈ। ਪੰਡਤ ਚਲਾਕ ਹੈ। ਉਸਨੂੰ ਇਹ ਗੱਲ ਸਮਝ ਵਿਚ ਆ ਜਾਂਦੀ ਹੈ ਕਿ ਇਹਨਾਂ ਸ਼ਬਦਾਂ ਵਿਚ ਹੀਰਿਆਂ ਦੀ ਝਲਕ ਹੈ। ਇਹ ਸ਼ਬਦ ਵਿਕਣਗੇ, ਇਹ ਕੰਮ ਆਉਣਗੇ। ਇਹਨਾਂ ਨੂੰ ਸੰਜੋ ਕੇ ਰਖ ਲੈਣਾ ਚਾਹੀਦਾ ਹੈ।

ਤੇ ਪੰਡਿਤ ਆਏ...। ਜਦ ਵੀ ਕੋਈ ਬੁੱਧ ਆਇਆ ਤਾਂ ਪੰਡਤ ਆਇਆ। ਜਦ ਵੀ ਕੋਈ ਗੀਤ ਉਤਰਿਆ ਕਿਸੇ ਦੇ ਪ੍ਰਾਣ ਵਿਚ ਤਾਂ ਚਲਾਕ ਅਤੇ ਚਤਰ ਲੋਕ ਇਕੱਠੇ ਹੋ ਗਏ।

ਤੇ ਪੰਡਿਤ ਆਏ, ਵੇਦ ਭੁਲਾਏ...। ਅਤੇ ਇਹਨਾਂ ਨੇ ਵੇਦ ਭੁਲਵਾ ਦਿਤੇ। ਤੁਸੀਂ ਸੋਚਦੇ ਹੋ, ਇਹ ਵੇਦ ਦੇ ਰਾਖੇ ਹਨ? ਪੰਡਤ ਅਤੇ ਵੇਦ ਦਾ ਰਾਖਾ? ਤਾਂ ਫਿਰ ਹੱਤਿਆ ਕੌਣ ਕਰੇਗਾ ਵੇਦ ਦੀ? ਫਿਰ ਹੱਤਿਆ ਕਿਸਨੇ ਕੀਤੀ ਵੇਦ ਦੀ? ਪੰਡਤਾਂ ਅਤੇ ਪੁਰੋਹਤਾਂ ਨੇ। ਉਹਨਾਂ ਨੇ ਵੇਦ ਵਿਚ ਫਿਰ ਅਜੇਹੇ-ਅਜੇਹੇ ਅਰਥ ਪਾਏ ਕਿ ਰਿਸ਼ੀ ਜੇਕਰ ਆਪਣੀਆਂ ਕਬਰਾਂ ਵਿਚੋਂ ਉਠ ਆਉਣ ਤਾਂ ਛਾਤੀ ਪਿੱਟਣ ਅਤੇ ਰੋਣ। ਫਿਰ ਉਹਨਾਂ ਨੇ ਮਹਾਂਵੀਰ ਦੀ ਬਾਣੀ ਵਿਚ ਅਜੇਹੇ-ਅਜੇਹੇ ਅਰਥ ਸੰਜੋ ਦਿਤੇ। ਅਤੇ ਕੁਸ਼ਲਤਾ ਨਾਲ, ਅਤੇ ਅਜੇਹੀ ਕੁਸ਼ਲਤਾ ਨਾਲ ਕਿ ਤੁਸੀਂ ਤਰਕ ਵੀ ਨਾ ਕਰ ਸਕੋਗੇ। ...ਬੜੀ ਤਰਕਸ਼ੀਲਤਾ ਨਾਲ। ਵੇਦ ਦੇ ਰਿਸ਼ੀਆਂ ਨੇ ਜੋ ਕਿਹਾ ਸੀ ਉਹ ਤਾਂ ਉਹਨਾਂ ਦਾ ਆਪਣੇ ਅੰਦਰ ਦਾ ਅਨੁਭਵ ਸੀ। ਪੰਡਤਾਂ ਨੇ ਉਸ ਅਨੁਭਵ ਵਿਚ ਤਰਕਜਾਲ ਫੈਲਾਏ। ਉਹਨਾਂ ਨੇ ਤਾਂ ਸਿਰਫ ਐਲਾਨ ਕੀਤੇ ਸਨ। ਉਹਨਾਂ ਐਲਾਨਾਂ ਦੇ ਪਿਛੇ ਕੋਈ ਸਬੂਤ ਨਹੀਂ ਸਨ। ਪੰਡਤਾਂ ਨੇ ਸਬੂਤ ਜੋੜੇ।

ਸ਼ਾਇਦ ਇਹ ਵੀ ਹੋ ਸਕਦਾ ਹੈ—ਕਈ ਵਾਰ ਅਜੇਹਾ ਹੁੰਦਾ ਹੈ, ਮਨੁੱਖ ਦਾ ਦੁਰਭਾਗ ਹੈ ਪਰ ਹੁੰਦਾ ਹੈ—ਕਿ ਜੇ ਤੁਹਾਨੂੰ ਕੋਈ ਵੇਦ ਦਾ ਜੀਂਦਾ-ਜਾਗਦਾ ਰਿਸ਼ੀ ਮਿਲ ਜਾਵੇ ਤਾਂ ਸ਼ਾਇਦ ਉਸਦੀ ਗੱਲ ਤੁਹਾਡੀ ਸਮਝ ਵਿਚ ਨਾ

ਆਏ। ਕਿਉਂਕਿ ਉਹ ਤੁਹਾਡੀ ਭਾਸ਼ਾ ਨਹੀਂ ਬੋਲੇਗਾ, ਉਹ ਆਪਣੇ ਲੋਕ ਦੀ ਭਾਸ਼ਾ ਬੋਲਦਾ ਹੈ। ਉਹ ਉਸ ਲੋਕ ਦੀ ਭਾਸ਼ਾ ਬੋਲਦਾ ਹੈ ਜਿਥੇ ਉਸਦਾ ਨਿਵਾਸ ਹੈ। ਉਥੋਂ ਤੋਂ ਬੋਲਦਾ ਹੈ, ਦੂਰੀ ਤੋਂ ਬੋਲਦਾ ਹੈ। ਉਹ ਉਸ ਲੋਕ ਦੀ ਭਾਸ਼ਾ ਬੋਲਦਾ ਹੈ ਜਿਥੇ ਉਸਦਾ ਨਿਵਾਸ ਹੈ। ਉਥੋਂ ਤੋਂ ਬੋਲਦਾ ਹੈ, ਦੂਰੀ ਤੋਂ ਬੋਲਦਾ ਹੈ। ਪੰਡਤ ਤੁਹਾਡੀ ਭਾਸ਼ਾ ਬੋਲਦਾ ਹੈ। ਤੁਹਾਡੇ ਤਰਕ ਅਤੇ ਗਣਿਤ ਦੀ ਵਰਤੋਂ ਕਰਦਾ ਹੈ। ਪੰਡਤ ਜਾਣਦਾ ਹੈ ਕਿਹੜੀ ਭਾਸ਼ਾ ਤੁਹਾਨੂੰ ਰੁਚੇਗੀ ਉਹੀ ਬੋਲਦਾ ਹੈ। ਰਿਸ਼ੀ ਤਾਂ ਉਹੀ ਬੋਲਦਾ ਹੈ ਜਿਵੇਂ ਹੈ। ਪੰਡਤ ਉਹ ਬੋਲਦਾ ਹੈ ਜੋ ਤੁਹਾਨੂੰ ਰੁਚੇਗਾ। ਪੰਡਤ ਤੁਹਾਡੇ ਉਤੇ ਧਿਆਨ ਰਖ ਕੇ ਬੋਲਦਾ ਹੈ। ਇਸਲਈ ਪੰਡਤ ਦੀ ਗੱਲ ਤੁਹਾਨੂੰ ਛੇਤੀ ਸਮਝ ਵਿਚ ਆ ਜਾਂਦੀ ਹੈ। ਰਿਸ਼ੀਆਂ ਤੋਂ ਤੁਸੀਂ ਚੁੱਕ ਜਾਂਦੇ ਹੋ, ਪੰਡਤਾਂ ਦੇ ਕਬਜ਼ੇ ਵਿਚ ਪੈ ਜਾਂਦੇ ਹੋ। ਅਤੇ ਪੰਡਤ ਹੈ, ਜੋ ਹੱਤਿਆ ਕਰਦਾ ਹੈ।

ਕ੍ਰਿਸ਼ਨ ਦੀ ਗੀਤਾ ਦੀਆਂ ਇਕ ਹਜ਼ਾਰ ਵਿਆਖਿਆਵਾਂ! ਇਹ ਤਾਂ ਪ੍ਰਸਿੱਧ ਵਿਆਖਿਆਵਾਂ ਹਨ। ਜੋ ਇੰਨੀਆਂ ਪ੍ਰਸਿੱਧ ਨਹੀਂ ਹਨ ਅਜੇਹੀਆਂ ਤਾਂ ਹੋਰ ਵੀ ਹਜ਼ਾਰਾਂ ਵਿਆਖਿਆਵਾਂ ਹਨ। ਅਤੇ ਜਿਸਦੀ ਵੀ ਵਿਆਖਿਆ ਤੁਸੀਂ ਪੜ੍ਹੋਗੇ, ਲੱਗੇਗਾ ਇਹੀ ਠੀਕ ਹੈ, ਇਹੀ ਕ੍ਰਿਸ਼ਨ ਨੇ ਕਿਹਾ ਹੋਵੇਗਾ। ਸਭ ਆਪਣੀ ਵਿਆਖਿਆ ਕ੍ਰਿਸ਼ਨ ਉਤੇ ਥੋਪ ਦਿੰਦੇ ਹਨ। ਜੇਕਰ ਤੁਸੀਂ ਅਦ੍ਵੈਤਵਾਦੀ ਹੋ ਤਾਂ ਤੁਸੀਂ ਕ੍ਰਿਸ਼ਨ ਵਿਚ ਅਦ੍ਵੈਤਵਾਦ ਖੋਜ ਲਵੋਗੇ, ਜੇ ਦ੍ਵੈਤਵਾਦੀ ਹੋ ਤਾਂ ਦ੍ਵੈਤਵਾਦ ਖੋਜ ਲਵੋਗੇ। ਜੇ ਭਗਤ ਹੋ ਤਾਂ ਭਗਤੀ ਖੋਜ ਲਵੋਗੇ। ਅਤੇ ਜੇ ਕਰਮ ਖੋਜਣਾ ਹੈ ਤਾਂ ਕਰਮ ਖੋਜ ਲਵੋਗੇ। ਇਕ ਗੱਲ ਸਾਫ਼ ਹੈ ਕਿ ਤੁਸੀਂ ਕ੍ਰਿਸ਼ਨ ਦੇ ਸ਼ੀਸ਼ੇ ਵਿਚ ਆਪਣੀ ਤਸਵੀਰ ਖੋਜਦੇ ਹੋ। ਕ੍ਰਿਸ਼ਨ ਦੀ ਤਸਵੀਰ ਤੋਂ ਤੁਹਾਨੂੰ ਕੁਝ ਲੈਣਾ-ਦੇਣਾ ਨਹੀਂ ਹੈ? ਤੁਸੀਂ ਜੋ ਹੋ ਉਹੀ ਖੋਜਦੇ ਹੋ। ਤੁਸੀਂ ਆਪਣੇ ਲਈ ਸਹਾਰਾ ਖੋਜਦੇ ਹੋ। ਤੁਸੀਂ ਆਪਣੇ ਲਈ ਜ਼ੇਵਰ ਖੋਜਦੇ ਹੋ। ਤੁਸੀਂ ਆਪਣੇ ਘਰ ਨੂੰ ਹੋਰ ਮਜ਼ਬੂਤ ਕਰ ਲੈਂਦੇ ਹੋ। ਤੁਸੀਂ ਆਪਣੇ ਹੰਕਾਰ ਨੂੰ ਹੋਰ ਸਜਾ ਲੈਂਦੇ ਹੋ। ਤੁਹਾਡਾ ਸ਼ਿੰਗਾਰ ਹੋਰ ਵਧ ਜਾਂਦਾ ਹੈ।

ਤੇ ਪੰਡਿਤ ਆਏ, ਵੇਦ ਭੁਲਾਏ...। ਆਮ ਤੌਰ 'ਤੇ ਅਸੀਂ ਸਮਝਦੇ ਹਾਂ, ਪੰਡਤਾਂ ਨੇ ਵੇਦ ਦੀ ਰੱਖਿਆ ਕੀਤੀ ਹੈ। ਉਹਨਾਂ ਨੇ ਹੀ, ਉਹਨਾਂ ਨੇ ਹੀ ਨਸ਼ਟ ਕੀਤਾ ਹੈ। ਉਹ ਵੀ ਜਿੰਮੇਵਾਰ ਹਨ। ਸਿੱਧੇ ਸਰਲ ਲੋਕ, ਸ਼ਾਂਤ ਲੋਕ ਜਿਨ੍ਹਾਂ ਦੇ ਮਨ ਵਿਚ ਵਿਚਾਰਾਂ ਦੀਆਂ ਤਰੰਗਾਂ ਨਹੀਂ, ਅਜੇਹੇ ਲੋਕ, ਵੇਦ ਨੂੰ ਮੁੜ ਜਨਮ ਦੇ ਸਕਦੇ ਹਨ। ਉਹ ਅਸਲੀ ਰਾਖੇ ਹਨ। ਅਤੇ ਰੱਖਿਆ ਦਾ ਇਕ ਹੀ ਉਪਾਅ ਹੈ। ਜੇ ਤੁਸੀਂ ਵੇਦ ਦੀ ਰੱਖਿਆ ਕਰਨੀ ਚਾਹੁੰਦੇ ਹੋ, ਤਾਂ ਵੇਦ ਦੀ ਰੱਖਿਆ ਨਹੀਂ ਕਰਨੀ ਪੈਂਦੀ, ਆਪਣੇ-ਆਪ ਦੇ ਅੰਦਰ ਉਹੋ-ਜਿਹੀ ਭਾਵਦਸ਼ਾ ਕਰਨੀ ਪੈਂਦੀ ਹੈ ਪੈਦਾ, ਜਿਥੇ ਵੇਦ ਮੁੜਕੇ ਪੈਦਾ ਹੋ ਸਕੇ, ਮੁੜ ਜਨਮ ਸਕੇ।

ਧਿਆਨ ਵਿਚ ਵੇਦ ਦਾ ਜਨਮ ਹੁੰਦਾ ਹੈ; ਗਿਆਨ ਵਿਚ ਦਬ ਜਾਂਦਾ ਹੈ ਅਤੇ ਮਰ ਜਾਂਦਾ ਹੈ। ਧਿਆਨ ਅਤੇ ਗਿਆਨ ਦਾ ਫਰਕ ਖ਼ੂਬ ਖਿਆਲ ਵਿਚ ਰਖ ਲੈਣਾ। ਜੇਕਰ ਬਣਨਾ ਹੋਵੇ, ਕੁਝ, ਪਾਣਾ ਹੋਵੇ ਕੁਝ, ਪਛਾਣਨਾ ਹੋਵੇ ਕੁਝ, ਜੀਵਨ ਦੇ ਰਾਜ਼ ਸਮਝਣੇ ਹੋਣ, ਤਾਂ ਧਿਆਨ ਉਤੇ ਜ਼ੋਰ ਦੇਣਾ, ਗਿਆਨ ਤੋਂ ਬਚਣਾ।

ਤੇ ਪੰਡਿਤ ਆਏ, ਵੇਦ ਭੁਲਾਏ ਸ਼ਟ ਕਰਮਾਏ, ਤ੍ਰਿਪਤਾਏ।

ਉਹਨਾਂ ਨੇ ਬੜਾ ਜਾਲ ਪੈਦਾ ਕਰ ਦਿਤਾ-ਸ਼ਟਕਰਮ, ਤਰਪਣ, ਪੂਜਾ, ਪਾਠ, ਹਵਨ! ਉਹਨਾਂ ਨੇ ਇੰਨਾ

ਉਪੱਦਰ ਖੜ੍ਹਾ ਕਰ ਦਿਤਾ ਕਿ ਉਸਦੇ ਉਪੱਦਰ ਤੋਂ ਤੁਸੀਂ ਕਦੇ ਪਾਰ ਹੀ ਨਾ ਜਾ ਪਾਓਗੇ। ਬੱਚਾ ਪੈਦਾ ਹੁੰਦਾ ਹੈ ਤਾਂ ਪੰਡਤ ਉਸਦੀ ਗਰਦਨ ਫੜ ਲੈਂਦਾ ਹੈ। ਪੈਦਾ ਹੋਣ ਤੋਂ ਮਰਨ ਤਕ, ਮਰ ਜਾਣ ਦੇ ਬਾਅਦ ਤਕ ਪੰਡਤ ਪਿੱਛਾ ਕਰਦਾ ਹੈ। ਤੁਹਾਨੂੰ ਛੱਡਦਾ ਹੀ ਨਹੀਂ। ਤੁਸੀਂ ਮਰ ਵੀ ਜਾਓਗੇ, ਤਾਂ ਤੁਹਾਡੀ ਲਾਸ਼ ਉੱਤੇ ਵੀ ਪੰਡਤ ਕਬਜ਼ਾ ਰਖਦਾ ਹੈ। ਮਰਨ ਦੇ ਬਾਅਦ ਤੀਸਰਾ ਕਰਵਾਏਗਾ ਅਤੇ ਤੇਰ੍ਹਵਾਂ ਕਰਵਾਏਗਾ। ਹੁਣ ਤੁਸੀਂ ਮਰ ਵੀ ਗਏ, ਹੁਣ ਵੀ ਪੰਡਤ ਪਿਛੇ ਲੱਗਿਆ ਹੈ। ਚੂਸ ਹੀ ਲਏਗਾ ਆਖ਼ਰੀ ਦਮ ਤਕ, ਤਣ ਜਾਣ ਦੇ ਬਾਅਦ ਵੀ ਚੂਸਦਾ ਰਹੇਗਾ। ਅਤੇ ਮਨੁੱਖ ਫਸ ਜਾਂਦਾ ਹੈ ਜਾਲ ਵਿਚ ਕਿਉਂਕਿ ਮਨੁੱਖ ਨੂੰ ਕੁਝ ਪਤਾ ਨਹੀਂ ਹੈ। ਕੀ ਹੈ ਸੱਚ, ਉਸਨੂੰ ਕੁਝ ਪਤਾ ਨਹੀਂ। ਇਸਲਈ ਕੋਈ ਵੀ ਝੂਠ ਜੇਕਰ ਵਿਵਸਥਾ ਨਾਲ, ਤਰਕ-ਭਰੇ ਢੰਗ ਨਾਲ ਪੇਸ਼ ਕੀਤਾ ਜਾਵੇ, ਤਾਂ ਆਦਮੀ ਮੰਨੇ ਨਾ ਤਾਂ ਕੀ ਕਰੇ?

ਤੇ ਪੰਡਿਤ ਆਏ, ਵੇਦ ਬੁਲਾਏ, ਸ਼ਟ ਕਰਮਾਏ, ਤ੍ਰਿਪਤਾਏ। ਅਤੇ ਤ੍ਰਿਪਤੀ ਦਿੰਦੇ ਰਹੇ, ਤੁਹਾਨੂੰ ਤਰਪਣ ਕਰਵਾਉਂਦੇ ਰਹੇ। ਅਤੇ ਤ੍ਰਿਪਤੀ ਕਿਥੇ ਹੋਈ ਹੈ? ਤੁਸੀਂ ਉਹੋ-ਜਿਹੀ ਹੀ ਪਿਆਸ ਨਾਲ ਭਰੇ ਹੋ, ਜਿਵੇਂ ਤੁਸੀਂ ਹਮੇਸ਼ਾ ਤੋਂ ਭਰੇ ਸੀ।

ਰੰਗੇ-ਮਾਜ਼ੀ ਸੇ ਝੁਲਸਤਾ ਰਹਾ ਦਿਲ ਕਾ ਗੁਲਸ਼ਨ
ਫੂਲ ਖਿਲਤੇ ਰਹੇ, ਵੀਰਾਨੇ ਰਹੇ ਵੀਰਾਨੇ

ਤ੍ਰਿਪਤੀਆਂ ਵੀ ਚੱਲ ਰਹੀਆਂ ਹਨ ਅਤੇ ਕਿਤੇ ਕੋਈ ਤ੍ਰਿਪਤੀ ਨਹੀਂ ਮਲੂਮ ਹੁੰਦੀ। ਜ਼ਰੂਰ ਫੁੱਲ ਝੂਠੇ ਖਿੜ ਰਹੇ ਹੋਣਗੇ। ਕਿਉਂਕਿ ਵੀਰਾਨੇ ਵੀਰਾਨੇ ਦੇ ਵੀਰਾਨੇ ਹਨ। ਰੇਗਿਸਤਾਨ ਰੇਗਿਸਤਾਨ ਦਾ ਰੇਗਿਸਤਾਨ ਹੈ। ਤਾਂ ਤੁਸੀਂ ਸੁਫਨੇ ਦੇਖ ਰਹੇ ਹੋ। ਪੰਡਤਾਂ ਨੇ ਤੁਹਾਨੂੰ ਸੁਫਨੇ ਦੇਖਣ ਦੀ ਕਲਾ ਸਿਖਾਈ ਹੈ।

ਜੀ ਸੰਧਿਆ ਗਾਏ, ਪੜ੍ਹਿ ਉਰਝਾਏ ਰਾਨਾਰਾਏ, ਠਗਿ ਖਾਏ। ਬੜਾ ਅਯੋਜਨ ਕੀਤਾ ਹੈ ਪੰਡਤਾਂ ਨੇ। ਸੰਧਿਆ ਗਾਏ...! ਭਜਨ ਕਰਦੇ, ਪੂਜਾ ਕਰਦੇ, ਪ੍ਰਾਰਥਨਾ ਕਰਦੇ, ਅਰਚਨ ਕਰਦੇ-ਅਤੇ ਸਭ ਝੂਠ, ਸਭ ਬੁੱਲ੍ਹਾਂ ਤਕ, ਕੰਠ ਤਕ ਵੀ ਨਹੀਂ। ਹਿਰਦੇ ਦੀ ਤਾਂ ਗੱਲ ਹੀ ਨਾ ਉਠਾਓ।

ਪੰਡਤਾਂ ਨੇ ਪੂਜਾ ਕਰਦਿਆਂ ਦੇਖਿਆ ਹੈ? ਯੱਗ ਕਰਦੇ, ਵੱਡੇ ਯੱਗ ਕਰਦੇ-ਕਰੋੜਾਂ ਰੁਪਏ ਫੂਕਵਾਉਂਦੇ ਰਹਿੰਦੇ ਹਨ। ਅਤੇ ਇਹਨਾਂ ਦੇ ਹਿਰਦੇ ਵਿਚ ਕਿਤੇ ਕੋਈ ਪੂਜਾ ਦਾ ਭਾਵ ਨਹੀਂ ਹੈ, ਨਾ ਕੋਈ ਅਰਚਨਾ ਹੈ। ਇਹਨਾਂ ਦੀਆਂ ਅੱਖਾਂ ਵਿਚ ਕਿਤੇ ਕੋਈ ਦੀਵਾ ਜਗਦਾ ਦਿਖਾਈ ਨਹੀਂ ਪੈਂਦਾ ਆਰਤੀ ਦਾ। ਨਾ ਇਹਨਾਂ ਦੇ ਜੀਵਨ ਵਿਚ ਕੋਈ ਮਹਿਕ ਦਿਖਾਈ ਪੈਂਦੀ ਹੈ। ਮੰਦਰਾਂ ਵਿਚ ਧੂਫ-ਦੀਪ ਜਗਾਉ, ਲੇਕਿਨ ਜਦ ਤਕ ਤੁਹਾਡੇ ਮਨ ਦੇ ਮੰਦਰ ਵਿਚ ਧੂਫ-ਦੀਪ ਨਹੀਂ ਜਗਣਗੇ, ਕੀ ਹੋਵੇਗਾ?...ਅਗਨੀ ਵਿਚ ਸੁੱਟਦੇ ਰਹੋ ਘਿਉ।

ਪ੍ਰਤੀਕ ਨੂੰ ਅੰਨ੍ਹੇ ਦੀ ਤਰ੍ਹਾਂ ਫੜ ਲੈਂਦੇ ਹਨ ਲੋਕ। ਘਿਉ ਪ੍ਰਤੀਕ ਹੈ ਮਨੁੱਖ ਦੇ ਹੰਕਾਰ ਦਾ। ਦੁੱਧ ਤੋਂ ਦਹੀਂ ਬਣਦਾ, ਦਹੀਂ ਤੋਂ ਮੱਖਣ ਬਣਦਾ, ਮੱਖਣ ਤੋਂ ਘਿਉ ਬਣਦਾ। ਘਿਉ ਦੁੱਧ ਦੀ ਅੰਤਮ ਪਰਕਿਰਿਆ ਹੈ-ਸੂਖਮ ਤੋਂ ਸੂਖਮ ਪਰਕਿਰਿਆ ਹੈ। ਘਿਉ ਆਖ਼ਰੀ ਫੁੱਲ ਹੈ। ਇਵੇਂ ਹੀ ਹੰਕਾਰ ਸਾਡੇ ਜੀਵਨ ਦੀ ਅੰਤਮ ਪਰਕਿਰਿਆ ਹੈ। ਅਗਨੀ ਵਿਚ ਕੁਝ ਸੁੱਟਣਾ ਹੈ ਤਾਂ ਆਪਣੇ ਹੰਕਾਰ ਨੂੰ ਸੁੱਟ ਦਿਉ; ਉਹ ਤੁਹਾਡਾ ਸੂਖਮ ਤੋਂ ਸੂਖਮ ਰੂਪ ਹੈ। ਤੁਹਾਡਾ ਹੰਕਾਰ ਸੜ ਜਾਵੇ

ਅਗਨੀ ਵਿਚ, ਯੱਗ ਪੂਰਾ ਹੋਇਆ। ਐਪਰ ਇਸ ਯੱਗ ਦੇ ਲਈ ਕਿਸੇ ਪੰਡਤ ਨੂੰ ਵਿਚਾਲੇ ਆਉਣ ਦੀ ਕੋਈ ਜ਼ਰੂਰਤ ਨਹੀਂ, ਕਿਸੇ ਦਲਾਲ ਦੀ ਕੋਈ ਜ਼ਰੂਰਤ ਨਹੀਂ। ਜੀਵਨ-ਯੱਗ ਤੁਸੀਂ ਹੀ ਕਰ ਲਉਗੇ। ਤੁਸੀਂ ਹੀ ਅਗਨੀ ਹੋ, ਤੁਸੀਂ ਹੀ ਅਗਨੀ ਵਿਚ ਪਾਏ ਜਾਣ ਵਾਲੇ ਘਿਉ ਹੋ, ਅਤੇ ਤੁਸੀਂ ਹੀ ਪੁਰੋਹਤ ਹੋ। ਤੁਸੀਂ ਹੀ ਜਜਮਾਨ। ਸਭ ਤੁਸੀਂ ਹੋ।

ਐਪਰ ਪੰਡਤ ਤੁਹਾਨੂੰ ਇਹ ਯਾਦ ਨਹੀਂ ਦਿਵਾ ਸਕਦਾ। ਪੰਡਤ ਤਾਂ ਕਹਿੰਦਾ ਹੈ, ਤੁਸੀਂ, ਇਕੱਲੇ ਤਾਂ ਭਟਕੋ ਹੋ ਅਤੇ ਭਟਕਦੇ ਰਹੋਗੇ। ਮੇਰਾ ਹੱਥ ਫੜੋ, ਮੈਂ ਤੁਹਾਨੂੰ ਲੈ ਚਲਦਾ ਹਾਂ। ਅਤੇ ਤੁਸੀਂ ਕਦੇ ਇਹ ਵੀ ਨਹੀਂ ਦੇਖਦੇ ਇਸ ਪੰਡਤ ਦੀ ਅੱਖ ਵਿਚ ਝਾਕ ਕੇ ਕਿ ਇਸਨੂੰ ਕੀ ਮਿਲਿਆ ਹੈ। ਕਦੇ ਤੁਸੀਂ ਇਸਦੇ ਹਿਰਦੇ ਵਿਚ ਟੋਂਹਦੇ ਵੀ ਨਹੀਂ। ਕਦੇ ਤੁਸੀਂ ਇਸਦੇ ਕੋਲ ਸੁਗੰਧ ਵੀ ਲੈਣ ਦੀ ਕੋਸ਼ਿਸ਼ ਨਹੀਂ ਕਰਦੇ। ਇਹ ਉਹਨਾਂ ਹੀ ਲੋਭ, ਉਹਨਾਂ ਹੀ ਮਾਯਾ, ਉਹਨਾਂ ਹੀ ਮੋਹ, ਉਹਨਾਂ ਹੀ ਉਪੱਦਰਾਂ ਵਿਚ ਘਿਰਿਆ ਹੈ, ਜਿਨ੍ਹਾਂ ਵਿਚ ਤੁਸੀਂ ਘਿਰੇ ਹੋ। ਸ਼ਾਇਦ ਜ਼ਿਆਦਾ ਹੀ ਘਿਰਿਆ ਹੋਵੇ। ਤੁਹਾਡੇ ਵਿਚ ਕੁਝ ਫਰਕ ਵੀ ਨਹੀਂ ਮਲੂਮ ਪੈਂਦਾ, ਫਿਰ ਵੀ ਤੁਸੀਂ ਇਸਦੇ ਚੱਕਰ ਵਿਚ ਪੈ ਜਾਂਦੇ ਹੋ। ਕਿਉਂਕਿ ਇਸਨੇ ਤੁਹਾਡੇ ਲੋਭ ਨੂੰ ਭੜਕਾ ਦਿਤਾ ਹੈ। ਅਤੇ ਤੁਹਾਡੇ ਭੈ ਨੂੰ ਵੀ ਬਹੁਤ ਭੜਕਾ ਦਿਤਾ ਹੈ। ਇਹ ਪੰਡਤ ਦੇ ਹੱਥ 'ਚ ਹਥਿਆਰ ਹਨ। ਇਹਨਾਂ ਦੋ ਦੇ ਅਧਾਰ 'ਤੇ ਤੁਹਾਡੀ ਲੁੱਟ-ਖਸੁੱਟ ਚੱਲੀ ਹੈ, ਚੱਲ ਰਹੀ ਹੈ। ਅਤੇ ਜਦ ਤਕ ਇਹਨਾਂ ਦੋ ਤੋਂ ਨਹੀਂ ਜਾਗੋਗੇ, ਲੁੱਟ-ਖਸੁੱਟ ਜਾਰੀ ਰਹੇਗੀ। ਇਕ ਨੇ ਤੁਹਾਨੂੰ ਭੈ ਦਿਤਾ ਹੈ ਬਹੁਤ, ਕਿ ਜੇ ਤੁਸੀਂ ਅਜੇਹਾ ਨਾ ਕੀਤਾ ਤਾਂ ਨਰਕ ਵਿਚ ਪਵੋਗੇ।...'ਹੁਣ ਤੁਹਾਡੇ ਪਿਤਾ ਚੱਲ ਵਸੇ ਹਨ, ਹੁਣ ਉਹਨਾਂ ਦੀ ਤੇਰ੍ਹਵੀਂ ਕਰੋ। ਹੁਣ ਤੁਹਾਡੇ ਪਿਤਾ ਚੱਲ ਵਸੇ ਹਨ, ਹੁਣ ਇਕ ਵਰ੍ਹਾ ਹੋ ਗਿਆ, ਹੁਣ ਬਰਸੀ ਕਰੋ।' ਹੁਣ ਜਿਹੜੇ ਚੱਲ ਵਸੇ ਹਨ, ਉਹਨਾਂ ਦੇ ਨਾਂ 'ਤੇ ਇਹ ਸ਼ੋਸ਼ਣ ਕਰ ਰਿਹਾ ਹੈ। ਉਹ ਤੁਹਾਨੂੰ ਡਰਾਉਂਦਾ ਰਹੇਗਾ, ਜੇਕਰ ਬਰਸੀ ਨਾ ਮਨਾਈ ਤਾਂ ਪਿਤਾ ਦਾ ਕਰਜ਼ਾ ਨਹੀਂ ਮੁੜੇਗਾ, ਸੜੋਗੇ ਜਨਮਾਂ-ਜਨਮਾਂ ਤਕ।

ਆਦਮੀ ਘਬਰਾਉਂਦਾ ਹੈ। ਆਦਮੀ ਉਂਜ ਹੀ ਘਬਰਾਇਆ ਹੋਇਆ ਹੈ। ਆਦਮੀ ਉਂਜ ਹੀ ਕਮਜ਼ੋਰ ਹੈ। ਉਸਦੇ ਪੈਰ ਉਂਜ ਹੀ ਕੰਬ ਰਹੇ ਹਨ। ਅਤੇ ਪੰਡਤ ਨੂੰ ਇਕ ਗੱਲ ਸਮਝ ਵਿਚ ਆ ਗਈ ਹੈ ਕਿ ਤੁਹਾਨੂੰ ਕੰਬਾਉਣ ਵਿਚ ਦੇਰ ਨਹੀਂ ਲਗਦੀ, ਜ਼ਰਾ-ਕੁ 'ਚ ਕੰਬ ਜਾਂਦੇ ਹੋ। ਬੜੇ ਸੂਖਮ ਅਯੋਜਨ ਕਰ ਲਏ, ਉਹ ਤੁਹਾਡੇ ਪੈਰ ਕੰਬਾ ਦਿੰਦਾ ਹੈ। ਉਸਨੇ ਨਰਕ ਦੇ ਬੜੇ ਹੌਲਾਨਾਕ ਚਿੱਤਰ ਖਿੱਚੇ ਹਨ—ਲਪਟਾਂ ਹਨ ਬਲਦੀਆਂ ਹੋਈਆਂ, ਉਹਨਾਂ ਵਿਚ ਸੁੱਟੇ ਜਾਉਗੇ, ਸੜੋਗੇ। ਇੰਨਾ ਖ਼ਤਰਾ ਕੌਣ ਮੁੱਲ ਲਵੇ! ਚਲੋ ਥੋੜ੍ਹਾ-ਬਹੁਤ ਖ਼ਰਚਾ ਹੁੰਦਾ ਹੈ, ਬਰਸੀ ਵੀ ਕਰਵਾ ਦਿਉ। ਸੁਰੱਖਿਆ ਰਹੇਗੀ। ਫਿਰ ਉਸਨੇ ਲੋਭ ਵੀ ਦਿਤੇ ਤੁਹਾਨੂੰ, ਕਿ ਇਉਂ ਕਰੋਗੇ ਤਾਂ ਸਵਰਗ ਵਿਚ ਅਜੇਹੇ-ਅਜੇਹੇ ਲਾਭ ਹਨ। ਅਜੇਹੇ ਗਹਿਰੇ ਲਾਲਚ ਦਿਤੇ। ਇਹਨਾਂ ਦੋਹਾਂ ਦੇ ਵਿਚਾਲੇ ਆਦਮੀ ਨੂੰ ਕਸਿਆ ਹੈ। ਇਹਨਾਂ ਚੱਕੀ ਦੇ ਦੋ ਪੁੜਾਂ ਵਿਚਾਲੇ ਆਦਮੀ ਨੂੰ ਪੀਸਿਆ ਜਾ ਰਿਹਾ ਹੈ।

ਤੋ ਪੰਡਿਤ ਆਏ, ਵੇਦ ਭੁਲਾਏ, ਸ਼ਟ ਕਰਮਾਏ, ਤ੍ਰਿਪਤਾਏ।
ਜੀ ਸੰਧਿਆ ਗਾਏ, ਪੜ੍ਹਿ ਉਰਝਾਏ...।

ਅਤੇ ਪੰਡਤ ਤੁਹਾਨੂੰ ਸੁਲਝਾਉਂਦਾ ਨਹੀਂ, ਉਲਝਾਉਂਦਾ ਹੈ। ਸੁਲਝਾਉਣ ਵਿਚ ਉਸਦਾ ਲਾਭ ਵੀ ਨਹੀਂ ਹੈ ਕੁਝ।

ਤੁਸੀਂ ਜਿੰਨਾ ਉਲਝੋ ਉਨਾ ਹੀ ਲਾਭ ਹੈ। ਇਸੇਲਈ ਤੁਸੀਂ ਦੇਖਿਐ, ਜੇਕਰ ਮੁਸਲਮਾਨ ਪੰਡਤ ਹੈ, ਮੌਲਵੀ ਹੈ, ਤਾਂ ਉਹ ਅਰਬੀ ਵਿਚ ਗੱਲ ਕਰਦਾ ਹੈ, ਅਰਬੀ ਗ੍ਰੰਥਾਂ ਦਾ ਜ਼ਿਕਰ ਕਰਦਾ ਹੈ, ਜੋ ਤੁਹਾਡੀ ਸਮਝ ਵਿਚ ਨਹੀਂ ਆਉਂਦੇ। ਹਿੰਦੂ ਹੈ ਤਾਂ ਉਹ ਸੰਸਕ੍ਰਿਤ ਦਾ ਜ਼ਿਕਰ ਕਰਦਾ ਹੈ। ਉਹਨਾਂ ਬਚਨਾਂ ਦਾ ਅਰਥ ਜੇਕਰ ਕੀਤਾ ਜਾਵੇ, ਸ਼ਾਇਦ ਤੁਹਾਨੂੰ ਉਹ ਬਚਨ ਜ਼ਿਕਰ ਕਰਨ ਜਿਹੇ ਵੀ ਨਾ ਲੱਗਣ। ਜੇ ਉਹ ਈਸਾਈ ਹੈ ਤਾਂ ਹਿਬਰੂ, ਅਰੇਮੇਕ ਦੇ ਹਵਾਲੇ ਦਿੰਦਾ ਹੈ। ਭਾਸ਼ਾਵਾਂ ਤੁਹਾਡੀ ਸਮਝ ਵਿਚ ਨਹੀਂ ਆਉਣੀਆਂ ਚਾਹੀਦੀਆਂ ਕਿਉਂਕਿ ਸਵਾਲ ਉਲਝਾਉਣ ਦਾ ਹੈ, ਸੁਲਝਾਉਣ ਦਾ ਨਹੀਂ ਹੈ।

ਜੇ ਤੁਸੀਂ ਵੇਦ ਦਾ ਅਨੁਵਾਦ ਪੜ੍ਹੋ ਤਾਂ ਤੁਸੀਂ ਬੜੇ ਹੈਰਾਨ ਹੋਵੋਗੇ, ਇਸ ਵੇਦ ਵਿਚ ਹੈ ਕੀ! ਸੌ 'ਚੋਂ ਨੜ੍ਹਿੰਨਵੇਂ ਫੀ ਸਦੀ ਕਚਰਾ ਹੈ। ਹੀਰੇ ਤਾਂ ਕਿਤੇ ਕਿਤੇ ਹਨ। ਪਰ ਜਦ ਸੰਸਕ੍ਰਿਤ ਵਿਚ ਜ਼ਿਕਰ ਕੀਤਾ ਜਾਵੇਗਾ ਤਾਂ ਤੁਹਾਡੀ ਸਮਝ ਦੇ ਬਾਹਰ ਹੁੰਦਾ ਹੈ।

ਤੁਸੀਂ ਦੇਖਦੇ ਹੋ ਤੁਸੀਂ ਡਾਕਟਰ ਕੋਲ ਜਾਂਦੇ ਹੋ ਤਾਂ ਡਾਕਟਰ ਜਦ ਨੁਸਖ਼ਾ ਲਿਖਦਾ ਹੈ... ਹਿੰਦੀ ਵਿਚ, ਮਰਾਠੀ ਵਿਚ ਲਿਖ ਦੇਵੇ, ਗੁਜਰਾਤੀ ਵਿਚ, ਤੁਹਾਨੂੰ ਖ਼ੁਦ ਹੀ ਸਮਝ ਵਿਚ ਆ ਜਾਵੇ ਕਿ ਇਹ ਦੋ ਪੈਸੇ ਦੀ ਚੀਜ਼ ਦੀ ਖ਼ਾਤਰ ਦਸ ਰੁਪਏ!—ਪਰ ਲੈਟਿਨ ਅਤੇ ਗ੍ਰੀਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਤੁਸੀਂ ਚਕਿਤ੍ਰ ਹੁੰਦੇ ਹੋ ਕਿ ਕੋਈ ਬੜੀ ਉਚੀ ਦਵਾਈ! ਚੱਲੇ ਨੁਸਖ਼ਾ ਲੈ ਕੇ ਬੜੇ ਪ੍ਰਸੰਨ, ਕਿ ਲਾਭ ਹੋਣਾ ਹੀ ਹੈ। ਫਿਰ ਦੇਖਦੇ ਹੋ ਡਾਕਟਰ ਇਸ ਢੰਗ ਨਾਲ ਲਿਖਦਾ ਹੈ ਕਿ ਸਿਵਾਇ ਦੂਜੇ ਡਾਕਟਰ ਦੇ ਕੋਈ ਪੜ੍ਹ ਵੀ ਨਾ ਸਕੇ। ਲਿਖਣ ਦੀ ਵੀ ਕਲਾ... ਕਿਉਂਕਿ ਲਿਖਿਆ ਵੀ ਇਸ ਤਰ੍ਹਾਂ ਜਾਣਾ ਚਾਹੀਦਾ ਹੈ ਕਿ ਤੁਹਾਡੀ ਸਮਝ ਵਿਚ ਨਾ ਆਵੇ, ਨਹੀਂ ਤਾਂ ਜਾ ਕੇ ਘਰ ਵਿਚ ਸ਼ਬਦਕੋਸ਼ 'ਚ ਦੇਖ ਲਵੋ ਕਿ ਹੈ ਕੀ ਇਹ ਮਾਮਲਾ! ਸੱਚ ਤਾਂ ਇਹ ਹੈ, ਡਾਕਟਰ ਇਸ ਤਰ੍ਹਾਂ ਲਿਖਦਾ ਹੈ ਕਿ ਪਤਾ ਨਹੀਂ ਖ਼ੁਦ ਵੀ ਸਮਝੇਗਾ ਕਿ ਨਹੀਂ, ਦੁਬਾਰਾ ਜਦ ਪੜ੍ਹਨਾ ਪਵੇ।

ਇਹ ਪੰਡਤਾਈ ਦਾ ਪੁਰਾਣਾ ਜਾਲ ਹੈ। ਸੰਤ ਲੋਕ–ਭਾਸ਼ਾ ਵਿਚ ਬੋਲੇ। ਸੁੰਦਰਦਾਸ ਲੋਕ–ਭਾਸ਼ਾ ਵਿਚ ਬੋਲੇ। ਲੋਕਾਂ ਦੀ ਭਾਸ਼ਾ। ਵੇਦ ਦੇ ਰਿਸ਼ੀ ਜਦ ਬੋਲੇ ਸਨ ਤਾਂ ਸੰਸਕ੍ਰਿਤ ਲੋਕਾਂ ਦੀ ਭਾਸ਼ਾ ਸੀ। ਮਹਾਂਵੀਰ ਜਦ ਬੋਲੇ ਤਾਂ ਪ੍ਰਾਕ੍ਰਿਤ ਲੋਕਾਂ ਦੀ ਭਾਸ਼ਾ ਸੀ। ਬੁੱਧ ਜਿੰਨ੍ਹਾਂ ਨੂੰ ਬੋਲੇ, ਉਹਨਾਂ ਦੀ ਪਾਲੀ ਭਾਸ਼ਾ ਸੀ। ਪਰ ਹੁਣ ਬੋਧੀ–ਭਿੱਕਛੂ ਹੁਣ ਵੀ, ਬੋਧੀ ਪੰਡਤ ਅਜੇ ਵੀ ਪਾਲੀ ਦਾ ਹਵਾਲਾ ਦੇ ਰਿਹਾ ਹੈ। ਹੁਣ ਕਿਸੇ ਦੀ ਭਾਸ਼ਾ ਨਹੀਂ ਹੈ ਪਾਲੀ। ਨਾ ਪ੍ਰਾਕ੍ਰਿਤ ਕਿਸੇ ਦੀ ਭਾਸ਼ਾ ਹੈ। ਨਾ ਸੰਸਕ੍ਰਿਤ ਕਿਸੇ ਦੀ ਭਾਸ਼ਾ ਹੈ। ਜੀਸਸ ਜਦ ਬੋਲੇ ਤਾਂ ਅਰੇਮੇਕ ਭਾਸ਼ਾ ਸੀ ਲੋਕਾਂ ਦੀ, ਇਸਲਈ ਬੋਲੇ।

ਸੰਤ ਸਦਾ ਲੋਕ–ਭਾਸ਼ਾ ਵਿਚ ਬੋਲੇ। ਬੋਲਿਆ ਜਾਂਦਾ ਹੈ ਕਿ ਲੋਕ ਸਮਝਣ, ਇਸੇਲਈ। ਇਸੇਲਈ ਤਾਂ ਨਹੀਂ ਕਿ ਲੋਕ ਸਮਝਣ ਨਾ ਪਰ ਪੰਡਤ ਹਮੇਸ਼ਾ ਉਸ ਭਾਸ਼ਾ ਵਿਚ ਬੋਲਦਾ ਹੈ ਜਿਸਨੂੰ ਲੋਕ ਨਾ ਸਮਝਣ। ਉਹ ਵਰ੍ਹਿਆਂ–ਬੱਧੀ ਮਿਹਨਤ ਕਰਦਾ ਹੈ ਉਸ ਭਾਸ਼ਾ ਨੂੰ ਸਿੱਖਣ ਦੀ ਜਿਹੜੀ ਲੋਕ ਨਹੀਂ ਜਾਣਦੇ। ਉਥੇ–ਈ ਉਸਦਾ ਰਾਜ਼ ਹੈ, ਉਥੇ–ਈ ਉਸਦਾ ਰਹੱਸ ਹੈ।

ਮੈਂ ਸੁਣੀ ਹੈ ਇਕ ਸੂਫ਼ੀ ਕਹਾਣੀ ਕਿ ਇਕ ਆਦਮੀ ਚੀਨ ਗਿਆ। ਤੁਰਕੀ ਸੀ! ਅਤੇ ਬੜਾ ਪ੍ਰਭਾਵਸ਼ਾਲੀ

ਆਦਮੀ ਸੀ। ਅਤੇ ਚੀਨ ਵਿਚ ਲੋਕਾਂ ਨੂੰ ਧਰਮ ਦੀਆਂ ਉਚੀਆਂ-ਉਚੀਆਂ ਗੱਲਾਂ ਸਮਝਾਉਂਦਾ ਸੀ, ਪਰ ਸਮਝਾਉਂਦਾ ਸੀ ਤੁਰਕੀ ਭਾਸ਼ਾ ਵਿਚ ਜਦ ਉਹ ਤੁਰਕੀ ਭਾਸ਼ਾ ਬੋਲਦਾ ਸੀ, ਲੋਕ ਚਕਿਤ੍ਹ ਹੋ ਜਾਂਦੇ ਸਨ। ਡਰਾਮਈ ਸੀ। ਬੜੇ ਢੰਗ ਨਾਲ ਬੋਲਦਾ ਸੀ। ਬੜੀ ਭਾਵ-ਭੰਗਤਾ ਵਿਚ ਆ ਜਾਂਦਾ ਸੀ। ਹੰਝੂ ਵਗਣ ਲਗਦੇ। ਕਦੇ-ਕਦੇ ਮਸਤੀ ਵਿਚ ਨੱਚਣ ਲਗਦਾ। ਪਰ ਬੋਲਦਾ ਤੁਰਕੀ ਵਿਚ। ਸੈਂਕੜੇ ਲੋਕ ਸੁਣਨ ਆਉਂਦੇ ਸੀ, ਭਾਵ-ਮਗਨ ਹੁੰਦੇ ਸੀ। ਪਰ ਫਿਰ ਅਜੇਹਾ ਹੋਇਆ ਕਿ ਤੁਰਕ ਦੇਸ਼ ਤੋਂ ਕੋਈ ਦਸ-ਪੰਦਰਾਂ ਲੋਕਾਂ ਦਾ ਇਕ ਜਥਾ... ਖ਼ਬਰ ਪਹੁੰਚ ਗਈ ਤੁਰਕੀ ਦੇਸ਼ ਤਕ ਕਿ ਉਹ ਆਦਮੀ ਬੜਾ ਪ੍ਰਸਿੱਧ ਹੋ ਗਿਆ ਹੈ, ਉਸਨੂੰ ਬਹੁਤ ਗਿਆਨ ਉਪਲਬੱਧ ਹੋਇਆ ਹੈ, ਪਰਮਾਤਮਾ ਦਾ ਅਨੁਭਵ ਹੋਇਆ ਹੈ... ਤਾਂ ਇਕ ਜਥਾ ਉਸਦੇ ਦਰਸ਼ਨ ਕਰਨ ਆਇਆ। ਹੁਣ ਉਹ ਸਾਰੇ ਤੁਰਕੀ ਜਾਣਦੇ ਸੀ। ਜਦ ਉਸਦੀ ਗੱਲਬਾਤ ਸੁਣੀ ਤਾਂ ਉਹ ਬੜੇ ਹੈਰਾਨ ਹੋਏ, ਉਸ ਵਿਚ ਧਰਮ ਦਾ ਤਾਂ ਜ਼ਿਕਰ ਹੀ ਨਹੀਂ ਸੀ। ਉਹ ਤਾਂ ਊਲ-ਜਲੂਲ ਬੋਲ ਰਿਹਾ ਸੀ। ਤਾਂ ਕੁਝ ਵੀ ਬੋਲ ਰਿਹਾ ਸੀ। ਅਤੇ ਲੋਕ ਮਗਨ ਹੋ ਕੇ ਸੁਣ ਰਹੇ ਸਨ। ਹਾਂ, ਨਾਟਕ ਪੂਰਾ ਕਰ ਰਿਹਾ ਸੀ। ਤੁਰਕੀ ਤਾਂ ਬੜੇ ਹੈਰਾਨ ਹੋਏ, ਉਹਨਾਂ ਨੇ ਉਸਨੂੰ ਫੜ ਲਿਆ। ਉਸਦਾ ਕੁਟਾਪਾ ਵੀ ਕੀਤਾ। ਉਸਨੂੰ ਪਿੰਡੋਂ ਬਾਹਰ ਦਵੱਲ ਦਿਤਾ ਅਤੇ ਕਿਹਾ ਕਿ ਤੂੰ ਇਹ ਕੀ ਕਰ ਰਿਹਾ ਹੈਂ? ਉਹ ਆਦਮੀ ਜਦ ਵਾਪਸ ਪਰਤਿਆ ਤਾਂ ਉਸਦੇ ਪਿੰਡ ਦੇ ਲੋਕਾਂ ਨੇ ਪੁਛਿਆ ਕਿ ਦੱਸ, ਯਾਤਰਾ ਕਿਵੇਂ ਰਹੀ?

ਉਸਨੇ ਕਿਹਾ : ਯਾਤਰਾ ਬੜੇ ਗ਼ਜ਼ਬ ਦੀ ਰਹੀ! ਜਦ ਤਕ ਇਹ ਦਸ-ਪੰਦਰਾਂ ਤੁਰਕੀ ਨਹੀਂ ਪਹੁੰਚੇ, ਤਦ ਤਕ ਬੜਾ ਅਨੰਦ ਸੀ। ਬੜਾ ਰਹੱਸ ਚੱਲ ਰਿਹਾ ਸੀ, ਪਰ ਇਹਨਾਂ ਦੁਸ਼ਟਾਂ ਨੇ ਸਭ ਖ਼ਰਾਬ ਕਰ ਦਿਤਾ।

ਪੰਡਤ ਦੀ ਚਾਹਨਾ ਸੁਲਝਾਉਣ ਦੀ ਨਹੀਂ ਹੈ, ਉਲਝਾਉਣ ਦੀ ਹੈ। ਪੰਡਤਾਂ ਦੀ ਭਾਸ਼ਾ ਸੁਣਦੇ ਹੋ? ਇਸ ਤਰ੍ਹਾਂ ਦੀ ਭਾਸ਼ਾ ਦਾ ਇਸਤੇਮਾਲ ਹੁੰਦਾ ਹੈ ਕਿ ਤੁਹਾਨੂੰ ਅਜੇਹਾ ਲੱਗੇ ਕਿ ਬੜੀ ਗੰਭੀਰ ਗੱਲ ਕੀਤੀ ਜਾ ਰਹੀ ਹੈ, ਬੜੀ ਗਹਿਰੀ ਗੱਲ ਕੀਤੀ ਜਾ ਰਹੀ ਹੈ। ਅਤੇ ਕੁਝ ਵੀ ਨਹੀਂ ਕਿਹਾ ਜਾ ਰਿਹਾ। ਗਹਿਰੀ ਗੱਲ ਸਦਾ ਸਰਲ ਹੁੰਦੀ ਹੈ। ਕੀਮਤੀ ਗੱਲ ਸਦਾ ਸਹਿਜ ਹੁੰਦੀ ਹੈ ਅਤੇ ਸਦਾ ਲੋਕਭਾਸ਼ਾ ਵਿਚ ਹੁੰਦੀ ਹੈ। ਜਿਹੜੀ ਲੋਕਭਾਸ਼ਾ ਹੁੰਦੀ ਹੈ, ਉਸੇ ਵਿਚ ਕਹੀ ਜਾਂਦੀ ਹੈ।

ਜੀ ਸੰਧਿਆ ਗਾਏ, ਪੜ੍ਹਿ ਉਰਝਾਏ...।

ਅਤੇ ਪੜ੍ਹ-ਪੜ੍ਹ ਕੇ ਲੋਕਾਂ ਨੂੰ ਉਲਝਾਉਂਦੇ ਹਨ, ਸੁਲਝਾਉਂਦੇ ਨਹੀਂ, ਕਿਉਂਕਿ ਉਲਝਾਉਣ ਨਾਲ ਹੀ ਧੰਦਾ ਚੱਲ ਸਕਦਾ ਹੈ। ਲੋਕ ਉਲਝਣ ਤਾਂ ਪੁੱਛਣ ਆਉਂਦੇ ਹਨ।

ਹੁਣ ਮੇਰੇ ਕੋਲ ਲੋਕ ਆ ਜਾਂਦੇ ਹਨ। ਹੌਲੀ-ਹੌਲੀ ਉਹਨਾਂ ਦੀ ਗਿਣਤੀ ਘਟ ਹੁੰਦੀ ਚਲੀ ਗਈ ਹੈ, ਕਿਉਂਕਿ ਉਸ ਤਰ੍ਹਾਂ ਦੀਆਂ ਗੱਲਾਂ ਵਿਚ ਮੇਰੀ ਕੋਈ ਰੁਚੀ ਨਹੀਂ ਹੈ। ਮੇਰੇ ਕੋਲ ਲੋਕ ਆ ਜਾਂਦੇ ਹਨ। ਉਹ ਇਸ ਤਰ੍ਹਾਂ ਦੇ ਸਵਾਲ ਲਿਆਉਂਦੇ ਹਨ, ਕਿ ਲੱਗਣ ਕਿ ਬੜੇ ਅਧਿਆਤਮਕ ਸਵਾਲ ਹਨ। ਲੇਕਿਨ ਉਹ ਕੋਈ ਅਧਿਆਤਮਕ ਸਵਾਲ ਨਹੀਂ ਹੁੰਦੇ, ਸਿਰਫ ਪੰਡਤਾਂ ਦਾ ਉਲਝਾਵਾ ਹੁੰਦਾ ਹੈ। ਕੋਈ ਜੈਨੀ ਆ ਜਾਂਦਾ ਹੈ, ਉਹ ਕਹਿੰਦਾ ਹੈ: ਨਿਗੋਦ ਦੇ ਸਬੰਧ ਵਿਚ ਕੁਝ ਸਮਝਾਉ। ਨਿਗੋਦ...! ਸੁਣਿਆ ਹੈ ਨਾਂ ਕਦੀ? ਜੈਨੀਆਂ ਦੇ ਇਲਾਵਾ ਕੋਈ ਨਹੀਂ ਜਾਣਦਾ ਕਿ ਨਿਗੋਦ ਕੀ

ਹੈ। ਮੈਂ ਉਸਨੂੰ ਪੁਛਦਾ ਹਾਂ, ਤੈਨੂੰ ਨਿਗੋਦ ਦਾ ਸਰੋਕਾਰ ਕੀ ਹੈ? ਤੂੰ ਨਿਗੋਦ ਤੋਂ ਚਾਹੁੰਦਾ ਕੀ ਹੈਂ? ਇਹ ਤੇਰਾ ਸਵਾਲ ਨਹੀਂ ਹੋ ਸਕਦਾ। ਇਹ ਕਿਤਾਬੀ ਹੈ, ਕਿਉਂਕਿ ਇਹ ਕੋਈ ਹੋਰ ਪੁਛਦਾ; ਜਿਸਨੇ ਤੇਰੀ ਕਿਤਾਬ ਨਹੀਂ ਪੜ੍ਹੀ, ਉਹ ਇਹ ਨਹੀਂ ਪੁਛਦਾ ਕਿ ਨਿਗੋਦ ਕੀ ਹੈ। ਸਾਰੀ ਦੁਨੀਆਂ ਵਿਚ ਇੰਨੇ ਕਰੋੜ-ਕਰੋੜ ਲੋਕ ਹਨ, ਕੋਈ ਨਹੀਂ ਪੁਛਦਾ ਕਿ ਨਿਗੋਦ ਕੀ ਹੈ। ਮੁਸਲਮਾਨ ਆਉਂਦਾ, ਈਸਾਈ ਆਉਂਦਾ, ਪਾਰਸੀ ਆਉਂਦਾ, ਯਹੂਦੀ ਆਉਂਦਾ, ਹਿੰਦੂ ਆਉਂਦਾ, ਕੋਈ ਨਹੀਂ ਪੁਛਦਾ ਨਿਗੋਦ ਕੀ ਹੈ। ਸੋ ਨਿਗੋਦ ਜੀਵਨ ਦਾ ਸਵਾਲ ਨਹੀਂ ਹੋ ਸਕਦਾ। ਹਿੰਦੂ ਵੀ ਪੁਛਦਾ ਹੈ ਕਿ ਕ੍ਰੋਧ ਕੀ ਹੈ, ਅਤੇ ਮੁਸਲਮਾਨ ਵੀ ਪੁਛਦਾ ਹੈ ਕਿ ਕ੍ਰੋਧ ਕੀ ਹੈ, ਕ੍ਰੋਧ ਤੋਂ ਕਿਵੇਂ ਮੁਕਤ ਹੋ ਜਾਵਾਂ? ਫਿਰ ਭਾਵੇਂ ਹਿੰਦੁਸਤਾਨ ਵਿਚ ਰਹਿੰਦਾ ਹੋਵੇ ਕੋਈ, ਭਾਵੇਂ ਪਾਕਿਸਤਾਨ ਵਿਚ, ਕੁਝ ਫਰਕ ਨਹੀਂ ਪੈਂਦਾ।

ਕਲ੍ਹ ਹੀ ਇਕ ਮਿੱਤਰ ਪਾਕਿਸਤਾਨ ਤੋਂ ਮੈਥੋਂ ਸ਼ਾਮੀਂ ਪੁੱਛ ਰਹੇ ਸਨ। ਫਿਰੋਜ਼ ਉਹਨਾਂ ਦਾ ਨਾਂ ਹੈ। ਬੜੇ ਪਿਆਰ ਨਾਲ ਭਰੇ ਪਾਕਿਸਤਾਨ ਤੋਂ ਆਏ। ਪੁੱਛ ਰਹੇ ਸਨ ਕਿ ਬੜਾ ਕ੍ਰੋਧੀ ਹਾਂ, ਮੇਰੇ ਕ੍ਰੋਧ ਦੇ ਲਈ ਕੋਈ ਉਪਾਅ ਦੱਸੋ। ਇਹ ਸਵਾਲ ਅਸਲੀ ਸਵਾਲ ਹੈ। ਕਿਉਂਕਿ ਇਸਦਾ ਕਿਸੇ ਨਾਲ ਕੋਈ ਲੈਣਾ-ਦੇਣਾ ਨਹੀਂ। ਹਿੰਦੂ ਵੀ ਕ੍ਰੋਧੀ ਹੈ, ਮੁਸਲਮਾਨ ਵੀ ਕ੍ਰੋਧੀ ਹੈ, ਈਸਾਈ ਵੀ ਕ੍ਰੋਧੀ ਹੈ, ਜੈਨੀ ਵੀ ਕ੍ਰੋਧੀ ਹੈ, ਬੋਧੀ ਵੀ ਕ੍ਰੋਧੀ ਹੈ। ਨਿਗੋਦ... ਨਿਗੋਦ ਦਾ ਕੀ ਸਬੰਧ? ਇਹ ਸ਼ਬਦ ਕਿਤਾਬੀ ਹੈ, ਐਪਰ ਇਹਨਾਂ ਉਤੇ ਲੋਕ ਬੈਠੇ ਹਨ ਅਤੇ ਬੜਾ ਵਿਚਾਰ ਕਰ ਰਹੇ ਹਨ। ਅਤੇ ਇਉਂ ਸਾਰੇ ਹੀ ਧਰਮਾਂ ਵਿਚ ਸ਼ਬਦਾਂ ਦਾ ਜਾਲ ਫੈਲਿਆ ਹੋਇਆ ਹੈ। ਇਹਨਾਂ ਸ਼ਬਦਾਂ ਦੇ ਜਾਲ ਤੋਂ ਬਾਹਰ ਆਉਣਾ ਹੈ।

ਸੁੰਦਰਦਾਸ ਕਹਿੰਦੇ ਹਨ—ਜੀ ਸੰਧਿਆ ਗਾਏ, ਪੜ੍ਹਿ ਉਰਝਾਏ, ਰਾਨਾਰਾਏ, ਠਗਿ ਖਾਏ। ਅਤੇ ਛੋਟਿਆਂ-ਮੋਟਿਆਂ ਨੂੰ ਤਾਂ ਠੱਗਿਆ ਤਾਂ ਠੀਕ ਹੈ, ਰਾਨਾ ਅਤੇ ਰਾਇ—ਵੱਡੇ-ਵੱਡੇ ਸਮਰਾਟਾਂ ਨੂੰ ਵੀ ਠੱਗਿਆ। ਵੱਡੇ ਸਮਰਾਟ ਦਾ ਮਤਲਬ ਵੱਡੇ ਲੁਟੇਰੇ। ਸੋ ਉਹਨਾਂ ਨੂੰ ਵੀ ਪੰਡਤਾਂ ਨੇ ਲੁੱਟਿਆ ਹੈ। ਇਸਲਈ ਕਿੰਨੇ ਹੀ ਵੱਡੇ ਲੁਟੇਰੇ ਹੋਣ... ਹੋਰ ਕੀ ਹਨ? ਸਮਰਾਟ ਦਾ ਮਤਲਬ ਕੀ ਹੁੰਦਾ ਹੈ? ਜਿਸਨੇ ਖ਼ੂਬ ਲੁੱਟ-ਖਸੁੱਟ ਕਰ ਲਈ। ਛੋਟੇ ਡਾਕੂ ਜੇਲ੍ਹਾਂ ਵਿਚ ਹੁੰਦੇ ਹਨ, ਵੱਡੇ ਡਾਕੂ ਇਤਿਹਾਸ ਦੀਆਂ ਕਿਤਾਬਾਂ ਵਿਚ। ਵੱਡੇ ਡਾਕੂਆਂ ਦੇ ਨਾਂ ਨੇਪੋਲੀਅਨ, ਸਿਕੰਦਰ, ਨਾਦਿਰਸ਼ਾਹ—ਇਹ ਵੱਡੇ ਡਾਕੂਆਂ ਦੇ ਨਾਂ ਹਨ, ਵੱਡੇ ਹੱਤਿਆਰਿਆਂ ਦੇ ਨਾਂ ਹਨ। ਛੋਟੇ-ਮੋਟੇ ਹੱਤਿਆਰੇ ਜੇਲ੍ਹ ਵਿਚ ਸੜਦੇ ਰਹਿੰਦੇ ਹਨ, ਵੱਡੇ ਹੱਤਿਆਰੇ ਮਹਾਂਪੁਰਸ਼ ਹੋ ਜਾਂਦੇ ਹਨ। ਵੱਡੇ ਡਾਕੂ ਮਹਾਂਪੁਰਸ਼ ਹੋ ਜਾਂਦੇ ਹਨ। ਲੇਕਿਨ ਪੰਡਤ ਦੀ ਕੁਸ਼ਲਤਾ ਅਜੇਹੀ ਹੈ ਕਿ ਉਹ ਭਾਵੇਂ ਸਿਕੰਦਰ ਹੋਵੇ ਕਿ ਭਾਵੇਂ ਨੇਪੋਲੀਅਨ ਹੋਵੇ, ਕਿ ਭਾਵੇਂ ਨਾਦਿਰਸ਼ਾਹ ਹੋਵੇ ਕਿ ਭਾਵੇਂ ਚੰਗੇਜ਼ ਖਾਨ ਹੋਵੇ, ਕੋਈ ਵੀ ਹੋਵੇ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਭਾਵੇਂ ਹਿਟਲਰ ਹੋਵੇ, ਪੰਡਤ ਤੋਂ ਨਹੀਂ ਬਚ ਸਕਦਾ।

ਮੈਂ ਇਕ ਕਹਾਣੀ ਸੁਣੀ ਹੈ, ਕਹਾਣੀ ਹੀ ਹੋਵੇਗੀ, ਪਰ ਅਰਥਪੂਰਨ ਹੈ। ਇਕ ਯਹੂਦੀ ਜੋਤਸ਼ੀ ਬੜਾ ਪ੍ਰਸਿੱਧ ਸੀ ਜਰਮਨੀ ਵਿਚ। ਯਹੂਦੀ ਤਾਂ ਮਾਰੇ ਜਾ ਰਹੇ ਸਨ, ਪਰ ਉਸ ਜੋਤਸ਼ੀ ਨੂੰ ਮਾਰਨ ਤੋਂ ਲੋਕ ਡਰਦੇ ਸਨ, ਕਿਉਂਕਿ ਉਸਨੂੰ ਬੜੀ ਭਵਿੱਖ ਦੀ ਦ੍ਰਿਸ਼ਟੀ ਸੀ। ਅਤੇ ਉਹ ਆਦਮੀ ਖ਼ਤਰਨਾਕ ਸੀ। ਅਤੇ ਉਸਦੇ ਸਰਾਪ ਲੱਗ ਜਾਂਦੇ ਸਨ। ਕਈ ਵਾਰ ਹਿਟਲਰ ਤਕ ਖ਼ਬਰ ਆਈ ਕਿ ਇਸ ਆਦਮੀ ਦਾ ਕੀ ਕਰਨਾ ਹੈ? ਹਿਟਲਰ ਨੇ ਕਿਹਾ, ਉਸਨੂੰ ਮੇਰੇ ਕੋਲ ਬੁਲਾਓ। ਜੋਤਸ਼ੀ ਨੂੰ ਬੁਲਾਇਆ ਗਿਆ। ਹਿਟਲਰ ਨੇ ਉਸਨੂੰ ਪੁਛਿਆ ਕਿ ਮੈਂ ਸੁਣਿਆ ਹੈ ਤੂੰ ਭਵਿੱਖਬਾਣੀਆਂ ਕਰਨਾ

ਜਾਣਦਾ ਹੈਂ। ਤੂੰ ਮੈਨੂੰ ਇਹ ਦੱਸ, ਮੇਰੀ ਮੌਤ ਕਦੋਂ ਹੋਵੇਗੀ?

ਉਸਨੇ ਹਿਟਲਰ ਵਲ ਦੇਖਿਆ, ਹੱਥ ਹੱਥ ਵਿਚ ਲਿਆ, ਰੇਖਾਵਾਂ ਪੜ੍ਹੀਆਂ, ਕੁਝ ਗਣਿਤ ਬਿਠਾਇਆ ਅਤੇ ਉਸਨੇ ਕਿਹਾ ਕਿ ਦੋ ਗੱਲਾਂ ਕਹਿਣਾ ਚਾਹੁੰਦਾ ਹਾਂ: ਇਕ—ਮੇਰੇ ਮਰਨ ਦੇ ਤਿੰਨ ਦਿਨ ਬਾਅਦ ਤੂੰ ਮਰੇਂਗਾ। (...ਹੁਣ ਇਹ ਵੀ ਝੰਜਟ ਦੀ ਗੱਲ ਹੋ ਗਈ।) ਅਤੇ ਜਿਸ ਦਿਨ ਵੀ ਤੂੰ ਮਰੇਂਗਾ, ਉਹ ਦਿਨ ਵੀ ਮੈਂ ਦੱਸ ਸਕਦਾ ਹਾਂ, ਜੇ ਤੂੰ ਚਾਹੁੰਦਾ ਹੈਂ ਤਾਂ।

ਹਿਟਲਰ ਜਰਾ ਘਬਰਾਇਆ, ਕਿਉਂਕਿ ਪਹਿਲੀ ਜੋ ਗੱਲ ਉਸਨੇ ਕਹੀ ਕਿ ਮੇਰੇ ਮਰਨ ਦੇ ਤਿੰਨ ਦਿਨ ਬਾਅਦ, ਇਸ ਨਾਲ ਆਪਣੀ ਰੱਖਿਆ ਤਾਂ ਉਸਨੇ ਕਰ ਹੀ ਲਈ। ਕਹਿੰਦੇ ਹਨ, ਹਿਟਲਰ ਨੇ ਉਹਦੀ ਖ਼ਾਤਰ ਫਿਰ ਇਕ ਅੱਲਗ ਥਾਂ ਬਣਵਾ ਦਿਤੀ, ਅਤੇ ਡਾਕਟਰ ਲਾ ਦਿਤੇ ਕਿ ਜਿੰਨੀ ਦੇਰ ਇਹ ਬਚੇ ਉਨਾ ਚੰਗਾ। ਇਸਨੂੰ ਮਾਰਿਆ ਤਾਂ ਜਾ ਹੀ ਨਹੀਂ ਸਕਦਾ। ਇਸਨੂੰ ਮਾਰਿਆ ਤਾਂ ਤਿੰਨ ਦਿਨ ਬਾਅਦ ਤੂੰ ਗਿਆ। ਹੁਣ ਇੰਨੀ ਝੰਜਟ ਕੌਣ ਲਵੇ! ਅਤੇ ਹਿਟਲਰ ਨੇ ਕਿਹਾ ਕਿ ਠੀਕ ਹੈ, ਦਿਨ ਵੀ ਦੱਸ ਦੇ। ਤਾਂ ਉਸਨੇ ਕਿਹਾ ਤੂੰ ਯਹੂਦੀਆਂ ਦੇ ਪਵਿੱਤਰ ਧਾਰਮਕ ਦਿਨ ਨੂੰ ਮਰੇਂਗਾ। ਹਿਟਲਰ ਨੇ ਪੁਛਿਆ, ਕਿਹੜਾ ਪਵਿੱਤਰ ਧਾਰਮਕ ਦਿਨ, ਕਿਉਂਕਿ ਅਨੇਕਾਂ ਦਿਨ ਪਵਿੱਤਰ ਹਨ, ਅਤੇ ਅਨੇਕਾਂ ਧਾਰਮਕ ਹਨ। ਉਸਨੇ ਕਿਹਾ, ਹੁਣ ਇਹ ਨਾ ਪੁਛ। ਜਿਸ ਦਿਨ ਵੀ ਤੂੰ ਮਰੇਂਗਾ, ਉਹੀ ਯਹੂਦੀਆਂ ਦੇ ਲਈ ਪਵਿੱਤਰ ਧਾਰਮਕ ਦਿਨ ਹੋਵੇਗਾ।

ਪੰਡਤ ਦੀ ਕੁਸ਼ਲਤਾ ਜ਼ਿਆਦਾ ਹੈ, ਵੱਡੇ-ਤੋਂ-ਵੱਡੇ ਹੱਤਿਆਰੇ ਵੀ ਉਸਦੇ ਸਾਹਮਣੇ ਝੁਕ ਜਾਂਦੇ ਹਨ।

ਜੀ ਸੰਧਿਆ ਗਾਏ, ਪੜ੍ਹਿ ਉਰਝਾਏ, ਰਾਨਾਰਾਏ, ਠਗਿ ਖਾਇ। ਵੱਡੇ-ਵੱਡੇ ਠੱਗ—ਰਾਣਾ ਅਤੇ ਰਾਜਾ—ਉਹਨਾਂ ਨੂੰ ਵੀ ਪੰਡਤ ਠੱਗ ਕੇ ਖਾ ਗਿਆ।

ਅਰੁ ਬੜੇ ਕਹਾਏ, ਗਰਵ ਨਾ ਜਾਏ, ਰਾਮ ਨਾ ਪਾਏ ਬਾਘੇਲਾ।

ਸੁੰਦਰਦਾਸ ਕਹਿੰਦੇ ਹਨ, ਇਕ ਗੱਲ ਮੈਨੂੰ ਪਤਾ ਲੱਗ ਗਈ ਹੈ ਦਾਦੂ ਦੇ ਚਰਨਾਂ ਵਿਚ ਬੈਠ ਕੇ। ਜੋ ਮੈਂ ਝਲਕ ਦੇਖੀ ਹੈ ਦਾਦੂ ਦੀਆਂ ਅੱਖਾਂ ਵਿਚ, ਉਸ ਤੋਂ ਇਕ ਗੱਲ ਪਤਾ ਲੱਗ ਗਈ ਹੈ ਕਿ ਇਹ ਸਭ ਵੱਡੇ-ਵੱਡੇ ਪੰਡਤ, ਮਹਾਂਪੰਡਤ, ਕਹਿਣ ਭਰ ਨੂੰ ਵੱਡੇ ਹਨ। ਅਤੇ ਜੇ ਤੁਹਾਡੇ ਕੋਲ ਥੋੜ੍ਹੀ-ਵੀ ਕਸੌਟੀ ਹੈ ਇਹਨਾਂ ਨੂੰ ਪਰਖਣ ਦੀ, ਤਾਂ ਉਹ ਕਸੌਟੀ ਹੈ : ਇਹਨਾਂ ਦੇ ਹੰਕਾਰ ਨੂੰ ਪਛਾਣ ਲੈਣਾ।

ਅਰੁ ਬੜੇ ਕਹਾਏ, ਗਰਵ ਨਾ ਜਾਏ...। ਜਿਥੇ ਹੰਕਾਰ ਹੈ ਉਥੇ ਵੱਡਾਪਣ ਨਹੀਂ ਹੈ। ਹੰਕਾਰ ਨਿਗੁਣਾ ਹੈ। ਹੰਕਾਰ ਹੁੰਦਾ ਹੀ ਨਿਗੁਣੇ ਨੂੰ ਹੈ। ਹੰਕਾਰ ਦਾ ਅਰਥ ਹੀ ਇਹ ਹੁੰਦਾ ਹੈ ਕਿ ਤੁਸੀਂ ਆਪਣੇ ਅੰਦਰ ਜਾਣਦੇ ਹੋ ਕਿ ਤੁਸੀਂ ਹੀਣ ਭਾਵ ਨਾਲ ਭਰੇ ਹੋ। ਹੰਕਾਰ ਹੀਣ ਭਾਵ ਤੋਂ ਬਚਣ ਦਾ ਉਪਾਅ ਹੈ।

ਪੱਛਮ ਦਾ ਇਕ ਵੱਡਾ ਵਿਚਾਰਕ, ਮਨੋਵਿਗਿਆਨਕ—ਅਲਫ੍ਰੇਡ ਐਡਲਰ—ਇਸ ਸਬੰਧ ਵਿਚ ਸਮਝਣਯੋਗ ਹੈ। ਐਡਲਰ ਦਾ ਕਹਿਣਾ ਹੈ ਕਿ ਜਿੰਨੇ ਲੋਕ ਤੁਸੀਂ ਹੰਕਾਰੀ ਪਾਂਦੇ ਹੋ, ਜੇਕਰ ਗੌਰ ਨਾਲ ਖੋਜਣ ਜਾਉਗੇ ਤਾਂ ਉਹਨਾਂ ਦੇ ਅੰਦਰ ਤੁਸੀਂ ਹੀਣਤਾ ਦੀ ਗੁੰਝਲ ਪਾਉਗੇ, ਇਨਫੀਰਿਅਰਿਟੀ ਕਾਂਪਲੈਕਸ ਪਾਉਗੇ। ਉਹਨਾਂ ਨੂੰ ਅੰਦਰ ਤੋਂ

ਲਗਦਾ ਹੈ ਕਿ ਅਸੀਂ ਨਾ ਕੁਝ ਹਾਂ। ਇਹ ਨਾਕੁਝ ਦਾ ਕੀੜਾ ਕੱਟਦਾ ਹੈ, ਚੁਭਦਾ ਹੈ। ਇਹ ਕੰਡਾ ਪੀੜ ਦਿੰਦਾ ਹੈ। ਇਸ ਵਿਚ ਬਚਣ ਦਾ ਇਕ ਹੀ ਉਪਾਅ ਹੈ ਕਿ ਉਹ ਆਪਣੇ ਚਾਰੇ ਪਾਸੇ ਐਲਾਨ ਕਰਨ ਅਤੇ ਸਿੱਧ ਕਰਨ ਕਿ ਅਸੀਂ ਬਹੁਤ-ਕੁਝ ਹਾਂ। ਧਨ ਪਾ ਕੇ ਸਿੱਧ ਕਰਨ ਕਿ ਅਸੀਂ ਵੱਡੇ ਹਾਂ। ਪਦਵੀ ਪਾ ਕੇ ਸਿੱਧ ਕਰਨ ਕਿ ਅਸੀਂ ਵੱਡੇ ਹਾਂ। ਕੁਝ ਨਾ ਹੋ ਸਕੇ ਤਾਂ ਗਿਆਨ ਪਾ ਕੇ ਸਿੱਧ ਕਰਨ ਕਿ ਅਸੀਂ ਵੱਡੇ ਹਾਂ। ਇਹ ਵੀ ਨਾ ਹੋ ਸਕੇ ਤਾਂ ਤਿਆਗ ਕਰਕੇ ਸਿੱਧ ਕਰਨ ਕਿ ਅਸੀਂ ਵੱਡੇ ਹਾਂ। ਪਰ ਕੁਝ ਕਰਕੇ ਸਿੱਧ ਕਰਨਾ ਹੋਵੇਗਾ ਕਿ ਅਸੀਂ ਵੱਡੇ ਹਾਂ, ਕਿਉਂਕਿ ਅੰਦਰ ਪਤਾ ਉਹਨਾਂ ਨੂੰ ਲੱਗ ਰਿਹਾ ਹੈ ਕਿ ਅਸੀਂ ਛੋਟੇ ਹਾਂ।

ਜਿਸ ਆਦਮੀ ਨੂੰ ਅੰਦਰ ਪਤਾ ਲਗਦਾ ਹੈ ਕਿ ਅਸੀਂ ਪਰਮਾਤਮਾ ਦੇ ਅੰਗ ਹਾਂ-ਕੌਣ ਛੋਟਾ, ਕੌਣ ਵੱਡਾ? ਜਿਸਨੂੰ ਪਤਾ ਲਗਦਾ ਹੈ ਕਿ ਮੈਂ ਪਰਮਾਤਮਾ ਹਾਂ ਉਹ ਛੋਟੇ-ਵੱਡੇ ਦੇ ਬਾਹਰ ਹੋ ਗਿਆ। ਹੁਣ ਕੋਈ ਛੋਟਾ ਨਹੀਂ ਹੈ, ਹੁਣ ਕੋਈ ਵੱਡਾ ਨਹੀਂ ਹੈ, ਅਤੇ ਬਾਕੀ ਸਭ ਵੀ ਪਰਮਾਤਮਾ ਹਨ। ਜਿਸਨੇ ਪਰਮਾਤਮਾ ਨੂੰ ਜਾਣਿਆ, ਉਸਨੇ ਇਹ ਵੀ ਜਾਣਿਆ ਕਿ ਮੈਂ ਪਰਮਾਤਮਾ ਹਾਂ। ਰਾਹ ਦੇ ਕੰਢੇ ਪਿਆ ਹੋਇਆ ਪੱਥਰ ਵੀ ਉਂਨਾ ਹੀ ਪਰਮਾਤਮਾ ਹੈ। ਸੁੱਤਾ ਹੋਵੇਗਾ ਗਹਿਰਾ ਪਰਮਾਤਮਾ ਪੱਥਰ ਵਿਚ, ਬਿਰਛਾਂ ਵਿਚ ਥੋੜ੍ਹਾ-ਥੋੜ੍ਹਾ ਜਾਗਿਆ ਹੈ, ਪਸ਼ੂਆਂ ਵਿਚ ਥੋੜ੍ਹਾ ਹੋਰ, ਬੰਦਿਆਂ ਵਿਚ ਥੋੜ੍ਹਾ ਹੋਰ-ਬੁੱਧਾਂ ਵਿਚ ਪੂਰਾ ਜਾਗਿਆ ਹੈ। ਐਪਰ ਇਹ ਫਰਕ ਜਾਗਣ ਦੇ ਹਨ। ਸੁਭਾਵਕ ਤੌਰ 'ਤੇ ਇਹ ਸਾਰਾ ਵਜੂਦ ਪਰਮਾਤਮਾਮਈ ਹੈ। ਇਥੇ ਕੌਣ ਛੋਟਾ, ਕੌਣ ਵੱਡਾ! ਕੇਹਾ ਗਰਵ?

ਇਸਲਈ ਖ਼ਿਆਲ ਰਖਣਾ, ਅਸਲ ਵਿਚ ਜਿਸਨੇ ਜਾਣਿਆਂ ਹੈ, ਨਾ ਤਾਂ ਉਸ ਵਿਚ ਗਰਵ ਹੁੰਦਾ ਹੈ ਅਤੇ ਨਾ ਨਿਮਰਤਾ ਹੁੰਦੀ ਹੈ। ਉਹ ਦੂਜੀ ਗੱਲ ਵੀ ਖ਼ਿਆਲ ਵਿਚ ਰਖ ਲੈਣਾ, ਕਿਉਂਕਿ ਨਿਮਰਤਾ ਗਰਵ ਦਾ ਹੀ ਸੰਸਕਾਰਤ ਰੂਪ ਹੈ। ਇਹ ਨਾ ਸੋਚਣਾ ਕਿ ਨਿਮਰ ਆਦਮੀ ਹੰਕਾਰੀ ਨਹੀਂ ਹੁੰਦਾ। ਨਿਮਰ ਆਦਮੀ ਬਹੁਤ ਹੰਕਾਰੀ ਹੁੰਦਾ ਹੈ ਲੇਕਿਨ ਉਸਦਾ ਹੰਕਾਰ ਪੋਲਿੱਸ਼ਡ ਹੈ। ਉਸਦੇ ਹੰਕਾਰ ਉਤੇ ਸ਼ਿਸ਼ਟਾਚਾਰ ਹੈ। ਉਸਨੇ ਹੰਕਾਰ ਉੱਤੇ ਫੁੱਲ ਲਾ ਦਿਤੇ। ਉਸਨੇ ਹੰਕਾਰ ਉਤੇ ਇੱਤ੍ਰ ਛਿੜਕ ਦਿਤਾ ਹੈ। ਉਸਦੇ ਹੰਕਾਰ ਦੀ ਬਦਬੋ ਨਹੀਂ ਜਾਏਗੀ। ਹੰਕਾਰ ਦੇ ਜ਼ਖ਼ਮ ਵਿਚ ਮਵਾਦ ਭਰੀ ਹੈ, ਪਰ ਉਪਰ ਤੋਂ ਉਸਨੇ ਇੱਤ੍ਰ ਛਿੜਕ ਦਿਤਾ ਹੈ।

ਨਿਮਰ ਆਦਮੀ ਉਂਨਾ ਹੀ ਹੰਕਾਰੀ ਹੁੰਦਾ ਹੈ, ਜਿੰਨਾ ਅਨਿਮਰ। ਅਸਲ ਵਿਚ ਜਿਸ ਆਦਮੀ ਦਾ ਹੰਕਾਰ ਗਿਆ ਉਹ ਨਾ ਨਿਮਰ ਹੁੰਦਾ ਹੈ, ਨਾ ਅਨਿਮਰ। ਜਿਸਦਾ ਹੰਕਾਰ ਗਿਆ ਉਹ ਤਾਂ ਹੁੰਦਾ ਹੀ ਨਹੀਂ। ਇਕ ਸ਼ੂੰਨਯ ਭਾਵ ਹੁੰਦਾ ਹੈ, ਸੱਤਾ ਮਾਤਰ ਹੁੰਦੀ ਹੈ।

ਅਰੁ ਬਡੇ ਕਹਾਏ, ਗਰਵ ਨਾ ਜਾਏ, ਰਾਮ ਨਾ ਪਾਏ ਬਾਘੇਲਾ।

ਰਾਮ ਦਾ ਅਜੇ ਕੁਝ ਪਤਾ ਨਹੀਂ ਲੱਗਿਆ, ਇੰਨੀ ਗੱਲ ਪੱਕੀ ਹੋ ਗਈ। ਕਿਉਂਕਿ ਰਾਮ ਦਾ ਪਤਾ ਲੱਗ ਜਾਵੇ ਤਾਂ ਫਿਰ ਕੇਹਾ ਗਰਵ, ਫਿਰ ਕੇਹੀ ਨਿਮਰਤਾ! ਉਹ ਗੱਲ ਹੀ ਗਈ। ਉਹ ਤਾਂ ਹੰਕਾਰ ਦੀਆਂ ਹੀ ਦੋ ਖੇਡਾਂ ਸਨ, ਹੰਕਾਰ ਦੇ ਹੀ ਦੋ ਰੂਪ ਸਨ। ਇਕ ਹੰਕਾਰ ਕਹਿੰਦਾ ਹੈ, ਮੈਥੋਂ ਕੋਈ ਵੱਡਾ ਨਹੀਂ; ਦੂਜਾ ਹੰਕਾਰ ਕਹਿੰਦਾ ਹੈ, ਮੈਂ ਤਾਂ ਤੁਹਾਡੇ ਚਰਨਾਂ ਦੀ ਧੂੜ ਹਾਂ। ਐਪਰ ਹਾਂ! ਅਤੇ ਜਦ ਕੋਈ ਆਦਮੀ ਤੁਹਾਨੂੰ ਕਹਿੰਦਾ ਹੈ ਕਿ ਮੈਂ ਤੁਹਾਡੇ ਚਰਨਾਂ ਦੀ ਧੂੜ ਹਾਂ, ਜ਼ਰਾ ਉਸ

ਦੀਆਂ ਅੱਖਾਂ ਵਿਚ ਗੌਰ ਨਾਲ ਦੇਖਣਾ। ਉਹ ਇਹ ਕਹਿ ਰਿਹਾ ਹੈ–'ਦੇਖੋ ਮੇਰੀ ਨਿਮਰਤਾ, ਹੁਣ ਤਾਂ ਸਵੀਕਾਰੋ! ਹੁਣ ਤਾਂ ਝੁਕੋ, ਹੁਣ ਤਾਂ ਨਿਮਸਕਾਰ ਕਰੋ! ਮੈਂ ਤੁਹਾਡੇ ਚਰਨਾਂ ਦੀ ਧੂੜ ਹਾਂ! ਉਹ ਤੁਹਾਨੂੰ ਇਹ ਕਹਿ ਰਿਹਾ ਹੈ ਕਿ ਤੁਸੀਂ ਇਨਕਾਰ ਕਰੋ। ਤੁਸੀਂ ਕਹੋ ਕਿ ਨਹੀਂ–ਨਹੀਂ, ਤੁਸੀਂ ਅਤੇ ਚਰਨਾਂ ਦੀ ਧੂੜ!

ਜੇ ਕੋਈ ਤੁਹਾਨੂੰ ਕਹੇ ਕਿ ਮੈਂ ਤੁਹਾਡੇ ਚਰਨਾਂ ਦੀ ਧੂੜ ਹਾਂ ਅਤੇ ਤੁਸੀਂ ਕਹੋ ਕਿ ਸਾਨੂੰ ਤਾਂ ਪਹਿਲਾਂ ਤੋਂ ਹੀ ਪਤਾ ਸੀ, ਬਿਲਕੁਲ ਠੀਕ ਕਹਿ ਰਹੇ ਹੋ, ਤੁਸੀਂ ਸੱਚ ਹੀ ਕਹਿ ਰਹੇ ਹੋ, ਸੌ ਫੀ ਸਦੀ ਸੱਚ ਹੈ–ਤਾਂ ਦੇਖਣਾ, ਉਹ ਆਦਮੀ ਨਰਾਜ਼ ਹੋ ਜਾਏਗਾ। ਉਹ ਕਹਿ ਨਹੀਂ ਰਿਹਾ ਸੀ, ਉਸਦੇ ਕਹਿਣ ਦਾ ਇਹ ਮਤਲਬ ਨਹੀਂ ਸੀ ਕਿ ਤੁਸੀਂ ਮੰਨ ਹੀ ਲਵੋ। ਉਸਦੇ ਕਹਿਣ ਦਾ ਇਹ ਮਤਲਬ ਸੀ, ਤੁਸੀਂ ਇਨਕਾਰ ਕਰੋ, ਤੁਸੀਂ ਕਹੋ ਕਿ ਨਹੀਂ, ਨਹੀਂ, ਤੁਸੀਂ ਅਤੇ ਚਰਨਾਂ ਦੀ ਧੂੜ! ਤੁਹਾਡੇ ਵਰਗਾ ਮਹਾਂਪੁਰਸ਼, ਚਰਨਾਂ ਦੀ ਧੂੜ! ਉਹ ਇਸਦੀ ਉਡੀਕ ਕਰ ਰਿਹਾ ਸੀ।

ਮੈਂ ਸੁਣਿਆ ਹੈ, ਇਕ ਫ਼ਕੀਰ ਮਰ ਰਿਹਾ ਸੀ। ਉਸਦੇ ਸ਼ਿਸ਼ ਉਸਦੇ ਚਾਰੇ ਪਾਸੇ ਇਕੱਠੇ ਸਨ। ਇਕ ਸਿੱਸ਼ ਨੇ ਕਿਹਾ ਕਿ ਸਾਡਾ ਗੁਰੂ... ਗਿਆਨੀ ਬਹੁਤ ਦੇਖੇ, ਪਰ ਜੋ ਪੰਡਤਾਈ, ਜੋ ਅਧਿਐਨ, ਜੋ ਸੋਚ–ਵਿਚਾਰ ਦੀ ਸਮਰੱਥਾ ਸਾਡੇ ਗੁਰੂ ਦੀ ਸੀ, ਕਿਸੇ ਦੀ ਵੀ ਨਹੀਂ ਸੀ। ਅੱਜ ਪ੍ਰਿਥਵੀ ਖ਼ਾਲੀ ਹੋ ਜਾਏਗੀ ਗਿਆਨ ਤੋਂ।

ਦੂਜੇ ਨੇ ਕਿਹਾ : ਗਿਆਨ ਤਾਂ ਠੀਕ ਹੈ, ਪਰ ਤਿਆਗ ਵਿਚ ਵੀ ਜਿੰਨਾ ਸਾਡੇ ਗੁਰੂ ਨੇ ਛੱਡਿਆ, ਕਿਸਨੇ ਛੱਡਿਆ? ਰਾਜਮਹਿਲ ਛੱਡਿਆ, ਧਨ–ਸੰਪੱਤੀ ਛੱਡੀ, ਪਰਿਵਾਰ ਛੱਡਿਆ। ਕਿਥੇ ਫੁੱਲਾਂ ਵਿਚ ਪਲਿਆ ਆਦਮੀ, ਕੰਡਿਆਂ ਉਤੇ ਤੁਰਿਆ! ਇਸਦਾ ਤਿਆਗ ਕਦੇ ਨਾ ਮੱਧਮ ਪ੍ਰੈਣ ਵਾਲਾ ਸੀ।

ਅਤੇ ਤੀਜੇ ਨੇ ਕਿਹਾ : ਇਸਦੀ ਕਰੁਣਾ, ਇਸਦਾ ਪ੍ਰੇਮ। ਅਤੇ ਇਸ ਤਰ੍ਹਾਂ ਉਹ ਪ੍ਰਸ਼ੰਸਾ ਕਰਦੇ ਰਹੇ। ਅਤੇ ਜਦ ਸਭ ਚੁਪ ਹੋ ਗਏ, ਜਦ ਸਾਰੀ ਪ੍ਰਸ਼ੰਸਾ ਖ਼ਤਮ ਹੋ ਗਈ, ਤਾਂ ਗੁਰੂ ਨੇ ਅੱਖ ਖੋਲ੍ਹੀ ਅਤੇ ਉਸਨੇ ਕਿਹਾ : ਕੋਈ ਮੇਰੀ ਨਿਮਰਤਾ ਦੀ ਗੱਲ ਤਾਂ ਕਰੋ। ਮੇਰੀ ਨਿਮਰਤਾ ਭੁੱਲ ਹੀ ਗਏ।

ਹੁਣ ਨਿਮਰਤਾ ਦੀ ਜੋ ਯਾਦ ਕਰਵਾ ਰਿਹਾ ਹੈ, ਕਿਵੇਂ ਨਿਮਰ ਹੋਵੇਗਾ? ਜਿਸਨੂੰ ਨਿਮਰਤਾ ਦਾ ਖ਼ੁਦ ਵੀ ਅਨੁਭਵ ਹੋ ਰਿਹਾ ਹੈ, ਉਹ ਕਿਵੇਂ ਨਿਮਰ ਹੋਵੇਗਾ?

ਰਾਮ ਨਾ ਪਾਏ ਬਾਘੇਲਾ।

ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹੂੈ ਖੇਲਾ।

ਸੁੰਦਰਦਾਸ ਕਹਿੰਦੇ ਹਨ : ਲੇਕਿਨ ਮੈਂ ਦਾਦੂ ਦੇ ਚਰਨਾਂ ਵਿਚ ਕੀ ਝੁਕਿਆ, ਦਾਦੂ ਦਾ ਸ਼ਿਸ਼ਤਵ ਮੈਂ ਕੀ ਸਵੀਕਾਰ ਕੀਤਾ, ਸਭ ਹੋ ਗਿਆ। ਜੋ ਸ਼ਾਸਤਰਾਂ ਨੂੰ ਪੜ੍ਹਨ ਨਾਲ ਨਹੀਂ ਹੁੰਦਾ ਉਹ ਹੋ ਗਿਆ। ਜੋ ਕਿਰਿਆਕਾਂਡ ਕਰਨ ਨਾਲ ਨਹੀਂ ਹੁੰਦਾ ਉਹ ਹੋ ਗਿਆ। ਜੋ ਸ਼ਟਕਰਮਾਂ ਵਿਚ ਨਹੀਂ ਹੈ, ਉਹ ਵਾਪਰਿਆ। ਨਾ ਤਾਂ ਪੜ੍ਹਨ ਨਾਲ ਕੁਝ ਮਿਲਿਆ, ਨਾ ਸੰਧਿਆ ਕਰਨ ਨਾਲ ਕੁਝ ਮਿਲਿਆ, ਨਾ ਯੱਗ–ਹਵਨ ਕਰਨ ਨਾਲ ਕੁਝ ਮਿਲਿਆ। ਉਹ ਗੁਰੂ ਦੀ ਅੱਖ ਵਿਚ ਝਾਕ ਕੇ ਮਿਲ ਗਿਆ। ਦਾਦੂ ਕਾ ਚੇਲਾ...!

ਜਾਨਦਾਰ ਹੋਵੇ ਕੋਈ, ਤਾਂ ਹੀ ਤੁਸੀਂ ਉਸਦੇ ਨਾਲ ਜੁੜ ਕੇ ਜੀਵਨ ਦਾ ਅਨੁਭਵ ਲੈ ਸਕਦੇ ਹੋ। ਸ਼ਾਸਤਰ ਤਾਂ

ਮੁਰਦਾ ਹੈ, ਸ਼ਾਸਤਾ ਨੂੰ ਖੋਜੋ। ਜਿਸ ਤੋਂ ਸ਼ਾਸਤਰ ਪੈਦਾ ਹੁੰਦੇ ਹਨ ਅਜੇਹੇ ਕਿਸੇ ਵਿਅਕਤੀ ਨੂੰ ਖੋਜੋ। ਕ੍ਰਿਸ਼ਨ ਮਿਲ ਜਾਣ ਤਾਂ ਛੱਡਣਾ ਨਾ ਸਾਥ। ਐਪਰ ਭਗਵਤ-ਗੀਤਾ ਸਿਰ 'ਤੇ ਰਖ ਕੇ ਨਾ ਘੁੰਮੋ। ਨਾਨਕ ਮਿਲ ਜਾਣ ਤਾਂ ਪਰਛਾਵਾਂ ਬਣ ਜਾਣਾ ਉਹਨਾਂ ਦਾ, ਐਪਰ ਗੁਰੂ-ਗ੍ਰੰਥ ਉਤੇ ਸਿਰ ਨਾ ਭੰਨੋ। ਕਬੀਰ ਮਿਲ ਜਾਣ ਤਾਂ ਡੁੱਬ ਜਾਣਾ ਉਹਨਾਂ ਦੀ ਮਸਤੀ ਵਿਚ, ਫਿਰ ਭੁੱਲ ਜਾਣਾ ਸਾਰਾ ਕੁਝ, ਫਿਰ ਜੋ ਵੀ ਦਾਅ 'ਤੇ ਲਾਉਣਾ ਪਵੇ ਲਾ ਦੇਣਾ। ਐਪਰ ਕਬੀਰਪੰਥੀ ਬਣ ਕੇ, ਅਤੇ ਹੁਣ ਬੈਠੇ ਹੋ ਕਬੀਰ ਦੀ ਸਾਖੀ ਲਈ ਅਤੇ ਕਬੀਰ ਦੇ ਸ਼ਬਦ ਦਾ ਵਿਚਾਰ ਕਰ ਰਹੇ ਹੋ, ਇਸ ਨਾਲ ਕੁਝ ਵੀ ਨਹੀਂ ਹੋਵੇਗਾ। ਸੂਰਜ ਉਗਦਾ ਹੈ, ਤਦ ਨਿਮਸਕਾਰ ਕਰੋ ਅਤੇ ਜਦ ਰਾਤ ਆ ਜਾਏਗੀ ਅਤੇ ਸੂਰਜ ਚਲਿਆ ਜਾਏਗਾ ਤਦ ਸੂਰਜ ਦੀਆਂ ਤਸਵੀਰਾਂ ਨੂੰ ਨਿਮਸਕਾਰ ਕਰਦੇ ਰਹਿਣਾ, ਪਰ ਉਸ ਨਾਲ ਰੋਸ਼ਨੀ ਨਹੀਂ ਹੁੰਦੀ। ਦੀਵੇ ਦੀ ਤਸਵੀਰ ਨਾਲ ਕਿਤੇ ਰੋਸ਼ਨੀ ਨਹੀਂ ਹੁੰਦੀ ਹੈ; ਜ਼ਰਾ ਟੰਗ ਕੇ ਆਪਣੇ ਕਮਰੇ ਵਿਚ ਦੇਖ ਲੈਣਾ। ਸੁੰਦਰ ਤੋਂ ਸੁੰਦਰ ਦੀਵੇ ਦੀ ਤਸਵੀਰ ਲੈ ਆਉਣਾ ਅਤੇ ਟੰਗ ਲੈਣਾ ਆਪਣੇ ਕਮਰੇ ਵਿਚ, ਜਦ ਰਾਤ ਹਨੇਰਾ ਹੋ ਜਾਏਗਾ ਤਾਂ ਤੁਹਾਨੂੰ ਪਤਾ ਲੱਗ ਜਾਏਗਾ ਕਿ ਸੁੰਦਰਦਾਸ ਠੀਕ ਕਹਿੰਦੇ ਹਨ। ਜਾਨਦਾਰ ਦੀਵਾ ਚਾਹੀਦਾ ਹੈ।

ਸਤਿਗੁਰੂ ਖੋਜੋ।

ਦਾਦੂ ਕਾ ਚੇਲਾ, ਭਰਮ ਪਛੇਲਾ।

ਅਤੇ ਜੇਕਰ ਸਤਿਗੁਰੂ ਮਿਲ ਜਾਵੇ ਤਾਂ ਭਰਮ ਇਉਂ ਭੱਜ ਜਾਂਦਾ ਹੈ ਜਿਵੇਂ ਰੋਸ਼ਨੀ ਹੋਣ 'ਤੇ ਹਨੇਰਾ ਭੱਜ ਜਾਂਦਾ ਹੈ। ...ਭਰਮ ਪਛੇਲਾ। ਭੱਜ ਹੀ ਜਾਂਦਾ ਹੈ, ਤੁਹਾਨੂੰ ਹਟਾਉਣਾ ਨਹੀਂ ਪੈਂਦਾ। ਜੇ ਹਟਾਉਣਾ ਪਵੇ ਤਾਂ ਉਸਦਾ ਅਰਥ ਇੰਨਾ ਹੀ ਹੋਇਆ ਕਿ ਸਤਿਗੁਰੂ ਨਾਲ ਮਿਲਣਾ ਨਹੀਂ ਹੋਇਆ ਹੈ।

ਜਿਥੇ ਅਜੇ ਪਰਮਾਤਮਾ ਜੀਂਦਾ ਹੈ, ਜਿਥੇ ਪਰਮਾਤਮਾ ਅਜੇ ਉਤਰ ਰਿਹਾ ਹੈ, ਵਗ ਰਿਹਾ ਹੈ, ਜਿਥੇ ਝਰਨਾ ਸੁੱਕ ਨਹੀਂ ਗਿਆ ਹੈ...। ਅਕਸਰ ਤਾਂ ਲੋਕ ਉਹਨਾਂ ਨਦੀਆਂ ਦੇ ਕੰਢਿਆਂ 'ਤੇ ਬੈਠੇ ਹਨ, ਜਿਥੇ ਜਲਧਾਰਾ ਕਦੋਂ ਦੀ ਸੁੱਕ ਗਈ ਹੈ। ਪਿਆਸੇ ਬੈਠੇ ਹਨ। ਅਤੇ ਅਜੇਹਾ ਵੀ ਨਹੀਂ ਸੀ ਕਿ ਕਦੇ ਉਥੇ ਜਲਧਾਰਾ ਨਹੀਂ ਵਗਦੀ ਸੀ—ਕਦੇ ਵਗਦੀ ਸੀ। ਹੁਣ ਤਾਂ ਰੇਤ ਹੀ ਰੇਤ ਪਈ ਰਹਿ ਗਈ ਹੈ। ਹੁਣ ਇਥੇ ਬੈਠੇ ਰਹੋ ਜਨਮ-ਜਨਮਾਂ ਤੱਕ, ਕਰਦੇ ਰਹੋ ਪੂਜਾ ਇਸ ਨਦੀ ਦੀ, ਹੁਣ ਇਥੇ ਨਦੀ ਹੈ ਕਿਥੇ? ਹੁਣ ਫਿਰ ਤੋਂ ਖੋਜੋ, ਜਿਥੇ ਜਲਧਾਰਾ ਵਗਦੀ ਹੋਵੇ। ਅਤੇ ਮੈਂ ਤੁਹਾਨੂੰ ਕਹਿੰਦਾ ਹਾਂ : ਵੱਡੀ ਤੋਂ ਵੱਡੀ ਨਦੀ ਵੀ ਹੋਵੇ, ਅਤੇ ਜਲਧਾਰਾ ਨਾ ਵਗਦੀ ਹੋਵੇ ਤਾਂ ਕਿਸ ਕੰਮ ਦੀ? ਅਤੇ ਛੋਟੇ-ਜਿਹੇ ਝਰਨੇ ਤੋਂ ਤ੍ਰਿਪਤੀ ਹੋ ਜਾਂਦੀ ਹੈ। ਛੋਟਾ-ਜਿਹਾ ਝਰਨਾ ਵੀ ਖੇੜੇ ਬਖ਼ਸ਼ਣ ਵਾਲਾ ਹੈ।

ਤਾਂ ਇਹ ਵੀ ਹੋ ਸਕਦਾ ਹੈ ਕਿ ਨਾ ਮਿਲੇ ਬੁੱਧ ਵਰਗਾ ਗੁਰੂ, ਨਾ ਹੋਵੇ ਉਂਨਾ ਮਹਾਂ ਦਰਿਆ, ਲੇਕਿਨ ਕੋਈ ਛੋਟਾ-ਜਿਹਾ ਪਹਾੜ ਤੋਂ ਫੁੱਟਦਾ ਹੋਇਆ ਝਰਨਾ ਵੀ ਕਾਫੀ ਹੈ। ਪਿਆਸ ਦੇ ਲਈ ਵੱਡੀ ਨਦੀ ਅਤੇ ਛੋਟੀ ਨਦੀ ਨਾਲ ਕੋਈ ਫਰਕ ਨਹੀਂ ਪੈਂਦਾ। ਅਤੇ ਤੁਸੀਂ ਜੇਕਰ ਆਪਣਾ ਦੀਵਾ ਜਗਾਉਣਾ ਹੈ ਤਾਂ ਕੋਈ ਜੰਗਲ ਵਿਚ ਅੱਗ ਲੱਗੇ ਤਦੇ ਦੀਵਾ ਜਗਾਉਗੇ? ਛੋਟਾ-ਜਿਹਾ ਜਗਦਾ ਹੋਇਆ ਦੀਵਾ ਹੋਵੇ ਤਾਂ ਕਾਫੀ ਹੈ। ਉਸੇ ਦੇ ਕੋਲ ਆਪਣੇ-ਆਪ ਨੂੰ ਲੈ ਜਾਉਗੇ ਤਾਂ ਜਗ ਜਾਉਗੇ।

ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ।

ਸੁੰਦਰਦਾਸ ਕਹਿੰਦੇ ਹਨ : ਫਿਰ ਮੈਂ ਨਿਆਰਾ ਹੀ ਹੋ ਗਿਆ। ਫਿਰ ਮੈਂ ਪੰਡਤਾਂ ਦੇ ਚੱਕਰ ਵਿਚ ਨਹੀਂ ਪਿਆ, ਸ਼ਾਸਤਰ ਅਤੇ ਵੇਦ ਵਿਚ ਨਹੀਂ ਉਲਝਿਆ। ਮੈਂ ਭਿੰਨ ਹੀ ਹੋ ਗਿਆ।

ਸਤਿਗੁਰੂ ਦੇ ਕੋਲ ਇਕ ਨਿਆਰਾਪਣ ਪੈਦਾ ਹੁੰਦਾ ਹੈ, ਇਕ ਭਿੰਨਤਾ ਪੈਦਾ ਹੁੰਦੀ ਹੈ। ਇਕ ਲਾਸਾਨੀਅਤ ਪੈਦਾ ਹੁੰਦੀ ਹੈ।...ਸੁੰਦਰ ਨਿਆਰਾ ਹ੍ਵੈ ਖੇਲਾ!...ਅਤੇ ਫਿਰ ਸੰਸਾਰ ਸਿਰਫ ਇਕ ਖੇਡ ਹੋ ਜਾਂਦਾ ਹੈ। ਜਿਸਦੇ ਕੋਲ ਬੈਠ ਕੇ ਸੰਸਾਰ ਇਕ ਖੇਡ ਹੋ ਜਾਵੇ, ਇਕ ਅਭਿਨੈ ਹੋ ਜਾਵੇ, ਉਹੀ ਸਤਿਗੁਰੂ। ਜਿਸਦੇ ਕੋਲ ਬੈਠ ਕੇ ਸੰਸਾਰ ਦੀ ਸਾਰੀ ਗੰਭੀਰਤਾ ਵਿਦਾ ਹੋ ਜਾਵੇ, ਜ਼ਿੰਦਗੀ ਇਕ ਨਾਟਕ ਰਹਿ ਜਾਵੇ। ਇਥੇ ਕੁਝ ਵੀ ਮੁੱਲਵਾਨ ਨਹੀਂ ਹੈ—ਇੰਜ ਹੋਵੇ ਤਾਂ ਵੀ ਠੀਕ ਹੈ, ਉਂਜ ਹੋਵੇ ਤਾਂ ਵੀ ਠੀਕ ਹੈ। ਕਿਸੇ ਸਤਿਗੁਰੂ ਦੀ ਅੱਖ ਵਿਚ ਇਕ ਵਾਰ ਝਾਕ ਲੈਣਾ ਕਾਫੀ ਹੈ, ਹਜ਼ਾਰਾਂ ਵਰ੍ਹੇ ਵੇਦ ਪੜ੍ਹਨ ਦੀ ਬਜਾਇ।

ਲਬੋਂ ਪੇ ਨਰਮ ਤਬੱਸੁਮ ਰਚਾ ਕੇ ਘੁਲ ਜਾਏਂ
ਖ਼ੁਦਾ ਕਰੇ ਮੇਰੇ ਆਂਸੂ ਕਿਸੀ ਕੇ ਕਾਮ ਆਏਂ
ਜੋ ਇੱਬਤਦਾ–ਏ–ਸਫ਼ਰ ਮੇਂ ਦੀਯੇ ਬੁਝਾ ਬੈਠੇ
ਵੋ ਬਦਨਸੀਬ ਕਿਸੀ ਕਾ ਸੁਰਾਗ ਕਿਆ ਪਾਏਂ

ਸਤਿਗੁਰੂ ਦੀ ਅੱਖ 'ਚੋਂ ਝਲਕਦੀ ਹੋਈ ਹੰਝੂ ਦੀ ਇਕ ਬੂੰਦ ਗਿਆਨ ਦੇ ਸਾਗਰਾਂ ਤੋਂ ਜ਼ਿਆਦਾ ਵੱਡੀ ਹੈ। ਸਤਿਗੁਰੂ ਦੇ ਬੁਲ੍ਹਾਂ ਉਤੇ ਜ਼ਰਾ–ਜਿੰਨੀ ਮੁਸਕਰਾਹਟ ਸ਼ਾਸਤਰਾਂ ਵਿਚ ਅਨੰਦ ਦੀ ਕਿੰਨੀ ਹੀ ਚਰਚਾ ਹੋ ਗਈ ਹੋਵੇ, ਉਸ ਤੋਂ ਵੱਡੀ ਹੈ, ਜਾਨਦਾਰ ਹੈ। ਉਹੀ ਮੁੱਲ ਹੈ।

ਤੌ ਏ ਮਤ ਹੇਰੇ, ਸਬ ਹਿਤ ਕੇਰੇ, ਗਹਿਗਹਿ ਗੇਰੇ ਬਹੁਤੇਰੇ।
ਤਬ ਸਤਗੁਰੂ ਟੇਰੇ, ਕਾਨਨ ਮੇਰੇ, ਜਾਤੇ ਫੇਰੇ ਆ ਘੇਰੇ।।
ਊਨ ਸੂਰ ਸਬੇਰੇ, ਉਦੈ ਕਿਯੇ ਰੇ, ਸਭੈ ਅੰਧੇਰੇ ਨਾਸ਼ੇਲਾ।
ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ।।

ਤੌ ਏ ਮਤ ਹੇਰੇ! ਤਾਂ ਹੇ ਮੱਤਵਾਦ ਵਿਚ ਪਏ ਪਾਗਲੋ, ਹੇ ਫਜ਼ੂਲ ਦੀ ਬਕਵਾਸ ਵਿਚ ਪਏ ਹੋਏ ਪਾਗਲੋ।... ਤੌ ਏ ਮਤ ਹੇਰੇ!... ਕਿ ਮੈਂ ਹਿੰਦੂ, ਕਿ ਮੈਂ ਮੁਸਲਮਾਨ, ਕਿ ਮੈਂ ਈਸਾਈ, ਕਿ ਮੈਂ ਜੈਨੀ, ਕਿ ਮੈਂ ਬੋਧੀ, ਕਿ ਮੈਂ ਸਿੱਖ, ਕਿ ਮੈਂ ਪਾਰਸੀ...। ਏ ਮਤ ਹੇਰੇ! ਤਾਂ ਇਹਨਾਂ ਮਤਾਂ ਦੇ ਚੱਕਰ ਵਿਚ ਪੈ ਗਏ ਲੋਕੋ।... ਸਭ ਹਿਤ ਕੇਰੇ...। ਇਹ ਸਭ ਦਰਵਾਜ਼ੇ ਮੈਂ ਟੋਲ੍ਹ ਆਇਆ ਹਾਂ ਅਤੇ ਮੈਂ ਇਥੇ ਪਰਮਾਤਮਾ ਨਹੀਂ ਪਾਇਆ। ਇਹਨਾਂ ਸਭ ਦੁਆਰਾਂ 'ਤੇ ਮੈਂ ਦਸਤਕ ਦਿਤੀ ਹੈ ਅਤੇ ਅੰਦਰ ਹਨ੍ਹੇਰਾ ਪਾਇਆ ਹੈ। ...ਗਹਿ ਗਹਿ ਗੇਰੇ ਬਹੁਤੇਰੇ। ਅਤੇ ਬਹੁਤ–ਸਾਰੇ ਲੋਕਾਂ ਨੇ ਇਹਨਾਂ ਨੂੰ ਵੀ ਗਹਿ ਲਿਆ ਹੈ ਅਤੇ ਭਟਕ ਗਏ ਹਨ। ਤਬ ਸਤਗੁਰੂ ਟੇਰੇ...। ਸੁੰਦਰਦਾਸ ਕਹਿੰਦੇ ਹਨ : ਮੇਰਾ ਸੁਭਾਗ ਹੈ ਕਿ ਮੈਂ ਸਤਿਗੁਰੂ ਦੀ ਟੇਰ ਸੁਣ ਲਈ।

ਸਤਿਗੁਰੂ ਤਾਂ ਸਦਾ ਹੀ ਪੁਕਾਰ ਰਹੇ ਹਨ। ਅਜੇਹੀ ਕੋਈ ਸਦੀ ਨਹੀਂ, ਅਜੇਹਾ ਕੋਈ ਸਮਾਂ ਨਹੀਂ, ਜਦ ਕੁਝ ਸਤਿਗੁਰੂ ਪ੍ਰਿਥਵੀ ਉਤੇ ਨਾ ਹੁੰਦੇ ਹੋਣ। ਯਕੀਨਨ ਹੁੰਦੇ ਹਨ। ਹੋਣਾ ਹੀ ਚਾਹੀਦਾ ਹੈ। ਪਰਮਾਤਮਾ ਨੇ ਇਸ ਪ੍ਰਿਥਵੀ ਨੂੰ ਭੁਲਾ ਨਹੀਂ ਦਿਤਾ ਹੈ। ਇਸਲਈ ਹੁੰਦੇ ਹੀ ਰਹਿੰਦੇ ਹਨ। ਉਸਦੇ ਸੰਦੇਸ਼ਵਾਹਕ ਸਦਾ ਮੌਜੂਦ ਹੁੰਦੇ ਹਨ। ਉਸਦੇ ਪੈਗੰਬਰ ਕਦੇ ਸਮਾਪਤ ਨਹੀਂ ਹੋ ਜਾਂਦੇ। ਇਹ ਸਿਲਸਿਲਾ ਜਾਰੀ ਰਿਹਾ ਹੈ, ਇਹ ਸਿਲਸਿਲਾ ਜਾਰੀ ਰਹੇਗਾ। ਇਸ ਸਿਲਸਿਲੇ ਨੂੰ ਖ਼ਤਮ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਜਾਂਦੀ ਹੈ, ਕਿਉਂਕਿ ਇਹ ਸਿਲਸਿਲਾ ਪੰਡਤਾਂ ਦੇ ਖ਼ਿਲਾਫ ਪੈਂਦਾ ਹੈ।

ਜਿਵੇਂ ਜੈਨੀ ਕਹਿੰਦੇ ਹਨ,ਚੌਵੀ ਤੀਰਥੰਕਰ ਹੋ ਚੁੱਕੇ, ਹੁਣ ਬੱਸ। ਕਿਉਂ? ਪਰਮਾਤਮਾ ਚੌਵੀ ਵਿਚ ਮੁੱਕ ਗਿਆ? ਬੜੀ ਛੇਤੀ ਮੁੱਕ ਗਿਆ! ਲੇਕਿਨ ਕਾਰਨ ਹੈ। ਕਿਉਂਕਿ ਜੇਕਰ ਦਰਵਾਜ਼ਾ ਖੁਲ੍ਹਾ ਰਖੋ ਅਤੇ ਤੀਰਥੰਕਰ ਆਉਂਦੇ ਰਹਿਣ ਤਾਂ ਪੰਡਤ ਨੂੰ ਬੜੀ ਅੜਿੱਚਣ ਹੁੰਦੀ ਹੈ। ਉਹ ਸਾਫ–ਸੁਥਰਾ ਨਹੀਂ ਹੋ ਪਾਂਦਾ ਕਿ ਕਿਹੜੇ–ਕਿਹੜੇ ਸਿਧਾਂਤ ਨੂੰ ਪਕੜ ਕੇ ਬੈਠ ਜਾਵੇ, ਕਿਹੜੇ ਸਿਧਾਂਤ ਸਮਝਾਏ। ਕਿਉਂਕਿ ਤੀਰਥੰਕਰ ਜਦ ਵੀ ਆਏਗਾ, ਨਵੀਂ ਭਾਸ਼ਾ ਲਿਆਏਗਾ, ਕਿਉਂਕਿ ਲੋਕ ਬਦਲ ਚੁੱਕੇ ਹੋਣਗੇ, ਨਵੀਂ ਸ਼ੈਲੀ ਲਿਆਏਗਾ, ਕਿਉਂਕਿ ਜ਼ਮਾਨਾ ਬਦਲ ਚੁੱਕਿਆ ਹੋਵੇਗਾ।

ਹੁਣ ਮੈਂ ਉਹੀ ਨਹੀਂ ਕਹਿ ਸਕਦਾ ਤੁਹਾਨੂੰ, ਜੋ ਮਹਾਂਵੀਰ ਨੇ ਕਿਹਾ ਸੀ, ਕਿਉਂਕਿ ਪੱਚੀ ਸੌ ਸਾਲ ਬੀਤ ਗਏ। ਮਹਾਂਵੀਰ ਜੇਕਰ ਫਿਰ ਆਉਣ ਤਾਂ ਉਹੀ ਨਹੀਂ ਕਹਿ ਸਕਦੇ ਜੋ ਉਹਨਾਂ ਨੇ ਪੱਚੀ ਸੌ ਸਾਲ ਪਹਿਲਾਂ ਕਿਹਾ ਸੀ। ਮਹਾਂਵੀਰ ਕੋਈ ਗ੍ਰਾਮਾਫੋਨ ਦਾ ਰਿਕਾਰਡ ਥੋੜ੍ਹਾ–ਈ ਹਨ। ਆਖ਼ਰ ਇੰਨਾ ਤਾਂ ਦਿਖਾਈ ਪਏਗਾ ਕਿ ਪੱਚੀ ਸੌ ਸਾਲ ਬੀਤ ਗਏ, ਆਦਮੀ ਕੁਝ ਤੋਂ ਕੁਝ ਹੋ ਗਿਆ। ਹਵਾ ਬਦਲ ਗਈ, ਢੰਗ ਬਦਲ ਗਏ। ਜੀਵਨ ਦੇ ਅਧਾਰ ਬਦਲ ਗਏ। ਇਹ ਹੋਰ ਹੀ ਤਰ੍ਹਾਂ ਦੇ ਲੋਕ ਹਨ, ਪੱਚੀ ਸੌ ਸਾਲ ਵਿਚ ਗੰਗਾ ਦਾ ਕਿੰਨਾ ਪਾਣੀ ਵਹਿ ਗਿਆ!

ਤੁਸੀਂ ਕੀ ਸੋਚਦੇ ਹੋ, ਜੀਸਸ ਆਉਣਗੇ ਤਾਂ ਉਸੇ ਤਰ੍ਹਾਂ ਬੋਲਣਗੇ? ਉਹੀ ਬੋਲਣਗੇ? ਤਾਂ, ਤਾਂ ਕੌਣ ਸੁਣੇਗਾ? ਲੋਕ ਹੱਸਣਗੇ। ਆਊਟ ਆਫ ਡੇਟ ਮਲੂਮ ਪੈਣਗੇ।

ਤੁਸੀਂ ਸੋਚਦੇ ਹੋ, ਕ੍ਰਿਸ਼ਨ ਆਉਣਗੇ ਤਾਂ ਫਿਰ ਖੜ੍ਹੇ ਹੋ ਜਾਣਗੇ, ਐਮ.ਜੀ. ਰੋਡ ਉਤੇ ਬੰਸਰੀ ਵਜਾਉਣਗੇ? ਪੁਛਣਗੇ ਕਿ ਕਿਥੇ ਹਨ ਬਾਲ–ਗੋਪਾਲ? ਹੁਣ ਬਾਲ–ਗੋਪਾਲ ਹਨ ਹੀ ਕਿਥੇ!...ਅਤੇ ਗੋਪੀਆਂ? ਹੁਣ ਨਾ ਗੋਪੀਆਂ ਮਿਲਣਗੀਆਂ। ਅਤੇ ਕਿਤੇ ਜੇਕਰ ਲੱਭ–ਲੁਭ ਲਈਆਂ ਦੋ–ਚਾਰ ਗੋਪੀਆਂ ਤਾਂ ਪੁਲਸ ਦੇ ਚੱਕਰ ਵਿਚ ਪੈਣਗੇ।

ਨਹੀਂ, ਹੁਣ ਕ੍ਰਿਸ਼ਨ ਨੂੰ ਅੱਜ ਦਾ ਢੰਗ ਲੈਣਾ ਹੋਵੇਗਾ, ਅੱਜ ਦਾ ਰੰਗ ਲੈਣਾ ਹੋਵੇਗਾ। ਉਹ ਦਿਨ ਹੋਰ ਸਨ। ਉਹ ਦੁਨੀਆਂ ਹੋਰ ਸੀ। ਹੁਣ ਕਿਸਦੀ ਮਟਕੀ ਭੰਨਣਗੇ? ਮਟਕੀ ਹੈ ਕਿਥੇ? ਕਿਸ ਦਾ ਦੁੱਧ ਚੁਰਾਉਣਗੇ, ਦੁੱਧ ਹੈ ਕਿਥੇ! ਹੁਣ ਮੱਖਣ–ਮਿਸਰੀ ਨਹੀਂ ਚੱਲੇਗੀ। ਨਾ ਮੱਖਣ ਹੈ, ਨਾ ਮਿਸਰੀ ਹੈ। ਹੁਣ ਦੁਨੀਆਂ ਬਦਲੀ ਹੈ–ਹੋਰ ਤਰ੍ਹਾਂ ਦੀ ਦੁਨੀਆਂ ਹੈ। ਸਦਾ ਬਦਲਦੀ ਰਹੀ। ਲੇਕਿਨ, ਹਿੰਦੂ ਪੰਡਤ ਨੂੰ ਅੜਿੱਚਣ ਪਏਗੀ। ਉਹ ਕਹਿੰਦਾ ਹੈ, ਦਰਵਾਜ਼ਾ ਬੰਦ ਕਰੋ, ਮਾਮਲਾ ਸਾਫ ਹੋ ਜਾਵੇ। ਇਕ ਦੇ ਨਾਲ ਸਾਫ–ਸੁਥਰਾ ਰਹਿੰਦਾ ਹੈ। ਮਹਾਂਵੀਰ ਦੇ ਨਾਲ ਜੈਨੀਆਂ ਨੇ ਬੰਦ ਕਰ ਲਿਆ ਦਰਵਾਜ਼ਾ, ਹੁਣ ਕੋਈ ਤੀਰਥੰਕਰ ਨਹੀਂ ਹੋਵੇਗਾ।

ਮੁਸਲਮਾਨ ਕਹਿੰਦੇ ਹਨ, ਬਸ ਆਖ਼ਰੀ ਪੈਗੰਬਰ ਆ ਗਿਆ। ਆਖ਼ਰੀ? ਤਾਂ ਪਰਮਾਤਮਾ ਨੇ ਸਬੰਧ ਤੋੜ ਲਿਆ

ਆਦਮੀ ਨਾਲੋਂ ਹੁਣ? ਉਸਦੇ ਸੰਦੇਸੇ ਨਹੀਂ ਆਉਂਦੇ? ਪਰਮਾਤਮਾ ਨੇ ਪਿੱਠ ਮੋੜ ਲਈ ਆਦਮੀ ਤੋਂ ਹੁਣ? ਬਸ ਆਖ਼ਰੀ ਵਾਰ ਜਦ ਉਸਨੇ ਸੁਧ ਲਈ ਸੀ ਤਾਂ ਮੁਹੰਮਦ ਨੂੰ ਭੇਜ ਦਿਤਾ ਸੀ। ਜਾਂ ਮੁਹੰਮਦ ਦੇ ਜ਼ਰੀਏ ਆਪਣੀ ਖ਼ਬਰ ਭੇਜ ਦਿਤੀ ਸੀ, ਹੁਣ ਸੁਧ ਨਹੀਂ ਲੈਂਦਾ? ਹੁਣ ਪੱਤਰ ਨਹੀਂ ਲਿਖਦਾ ਆਦਮੀ ਦੇ ਨਾਂ? ਇਹ ਤਾਂ ਬੜੀ ਉਦਾਸੀ ਦੀ ਗੱਲ ਹੋ ਗਈ। ਇਹ ਤਾਂ ਬੜੀ ਤਰਸਯੋਗ ਹਾਲਤ ਹੋ ਗਈ।

ਅਤੇ ਈਸਾਈ ਕਹਿੰਦੇ ਹਨ ਕਿ ਜੀਸਸ ਇਕੋ-ਇਕ ਬੇਟੇ ਹਨ। ਪਰਮਾਤਮਾ ਵੀ ਖ਼ੂਬ ਹੈ! ਜਾਪਦਾ ਹੈ ਪਹਿਲਾਂ ਤੋਂ ਹੀ ਪਰਿਵਾਰ-ਨਿਯੋਜਨ ਵਿਚ ਭਰੋਸਾ ਕਰਦਾ ਹੈ। ਇਕ ਹੀ ਬੇਟਾ! ਐਪਰ ਇਕ ਹੀ ਰਖਣਾ ਪੈਂਦਾ ਹੈ, ਕਿਉਂਕਿ ਜੇਕਰ ਦੂਜਾ ਵੀ ਬੇਟਾ ਹੋਵੇ ਉਹ ਆ ਜਾਵੇ ਅਤੇ ਉਹ ਪਹਿਲੇ ਬੇਟੇ ਨੇ ਜੋ ਗੱਲਾਂ ਕਹੀਆਂ ਹਨ ਉਹਨਾਂ ਨੂੰ ਖਿੰਡ-ਖੱਪਰ ਕਰ ਦੇਵੇ, ਕਰਨਾ ਹੀ ਪਏਗਾ, ਤਾਂ ਪੰਡਤ ਦਾ ਕੀ ਬਣੇਗਾ? ਪੰਡਤ ਸਾਫ-ਸੁਥਰਾਪਣ ਚਾਹੁੰਦਾ ਹੈ, ਉਲਝਣ ਵਿਚ ਨਹੀਂ ਪੈਣਾ ਚਾਹੁੰਦਾ। ਸਿਧਾਂਤ ਸਪੱਸ਼ਟ ਹੋਣ ਤਾਂ ਉਹ ਉਹਨਾਂ ਦਾ ਮਾਲਕ ਬਣਿਆ ਰਹਿੰਦਾ ਹੈ। ਉਹ ਸਿਧਾਂਤਾਂ ਵਿਚ ਬਦਲਾਅ ਨਹੀਂ ਚਾਹੁੰਦਾ। ਉਹ ਜੜ੍ਹ ਸਿਧਾਂਤ ਚਾਹੁੰਦਾ ਹੈ। ਇਸਲਈ ਸਾਰੇ ਲੋਕ ਦੁਆਰ ਬੰਦ ਕਰ ਦਿੰਦੇ ਹਨ।

ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ : ਉਸਦੇ ਸੰਦੇਸ-ਵਾਹਕ ਆਉਂਦੇ ਰਹਿਣਗੇ, ਆਉਂਦੇ ਰਹਿਣਗੇ। ਜਦ ਵੀ ਤੁਸੀਂ ਖੋਜਣਾ ਚਾਹੋ, ਕਿਤੇ-ਨਾ-ਕਿਤੇ ਤੁਹਾਨੂੰ ਕੋਈ ਹੱਥ ਮਿਲ ਜਾਏਗਾ ਜੋ ਤੁਹਾਨੂੰ ਉਸ ਵਲ ਲੈ ਚੱਲੇ। ਖੋਜਣ ਵਾਲੇ ਚਾਹੀਦੇ ਹਨ, ਉਸਦੇ ਸੰਦੇਸ਼-ਵਾਹਕ ਆਉਂਦੇ ਰਹਿਣਗੇ, ਆਉਂਦੇ ਰਹਿਣਗੇ।

ਤੈਂ ਏ ਮਤ ਹੇਰੇ, ਸਬ ਹਿਤ ਕੇਰੇ, ਗਹਿਗਹਿ ਗੇਰੇ, ਬਹੁਤੇਰੇ?

ਤਬ ਸਤਗੁਰੁ ਟੇਰੇ, ਕਾਨਨ ਮੇਰੇ, ਜਾਤੇ ਫੇਰੇ, ਆ ਘੇਰੇ

ਤਾਂ ਮੇਰੇ ਕੰਨ ਜੋ ਫਜ਼ੂਲ ਦੀਆਂ ਗੱਲਾਂ ਵਿਚ ਉਲਝੇ ਸਨ, ਮੇਰੇ ਕੰਨ ਜੋ ਪਤਾ ਨਹੀਂ ਕਿਥੇ-ਕਿਥੇ ਜਾ ਰਹੇ ਸਨ ਉਹਨਾਂ ਨੂੰ ਮੋੜ ਹੀ ਲਿਆ। ਮੈਨੂੰ ਪੁਕਾਰ ਹੀ ਲਿਆ। ਪੁਕਾਰ ਤਾਂ ਆਉਂਦੀ ਹੈ, ਲੇਕਿਨ ਸੁਣਨ ਵਾਲੇ ਚਾਹੀਦੇ ਹਨ। ਕਿਉਂਕਿ ਪੁਕਾਰ ਸਿਰਫ ਉਹ ਹੀ ਸੁਣ ਸਕਦੇ ਹਨ ਜਿਨ੍ਹਾਂ ਵਿਚ ਹਿੰਮਤ ਹੈ, ਜੋ ਮਰਦ ਹਨ, ਜਿਨ੍ਹਾਂ ਵਿਚ ਕੁਝ ਹੌਸਲਾ ਹੈ। ਬਹੁਤ-ਕੁਝ ਦਾਅ 'ਤੇ ਲਾਉਣਾ ਪੈਂਦਾ ਹੈ। ਪਰਮਾਤਮਾ ਮੁਫਤ ਵਿਚ ਤਾਂ ਨਹੀਂ ਮਿਲਦਾ। ਸਾਰਾ ਜੀਵਨ ਚੁਕਾਣਾ ਪੈਂਦਾ ਹੈ, ਮੁੱਲ ਤਾਰਨਾ ਪੈਂਦਾ ਹੈ।

ਤਬ ਸਤਗੁਰੁ ਟੇਰੇ, ਕਾਨਨ ਮੇਰੇ, ਜਾਤੇ ਫੇਰੇ, ਆ ਘੇਰੇ।

ਜਾ ਰਿਹਾ ਸੀ, ਦੁਨੀਆਂ ਵਿਚ ਭਟਕਦਾ, ਜਾ ਰਿਹਾ ਸੀ ਸ਼ਾਸਤਰਾਂ ਵਿਚ ਭਟਕਦਾ, ਜਾ ਰਿਹਾ ਸੀ ਸ਼ਾਸਤਰਾਂ ਵਿਚ ਉਲਝਦਾ—ਕਿ ਪਰਤਾ ਲਿਆ ਮੈਨੂੰ।

ਉਨ ਸੂਰ ਸਬੇਰੇ, ਉਦੈ ਕਿਯੇ ਰੇ... ਜਿਵੇਂ ਸੂਰਜ ਉਗ ਆਵੇ, ਇਉਂ ਸਤਿਗੁਰੂ ਉਗਿਆ। ਅਤੇ ਜਿਵੇਂ ਸੂਰਜ ਆਵੇ ਅਤੇ ਰਾਤ ਮਿਟ ਜਾਵੇ ਅਤੇ ਹਨੇਰਾ ਚਲਿਆ ਜਾਵੇ, ਇਉਂ ਮੇਰੇ ਅੰਦਰ ਸਵੇਰ ਹੋ ਗਈ।

ਉਨ ਸੂਰ ਸਬੇਰੇ, ਉਦੈ ਕਿਯੇ ਰੇ, ਸਬੈ ਅੰਧੇਰਾ ਨਾਸ਼ੇਲਾ।

ਫਿਰ ਮੈਨੂੰ ਕੁਝ ਕਰਨਾ ਨਹੀਂ ਪਿਆ। ਮੈਂ ਹਨੇਰੇ ਨੂੰ ਆਪਣੇ-ਆਪ ਨਸ਼ਟ ਹੁੰਦੇ ਦੇਖਿਆ। ਇਹ ਸ਼ਿੱਸ਼ ਦਾ ਸੁਭਾਅ

ਹੈ, ਇਹ ਸ਼ਿੱਸ਼ ਦੀ ਮਹਿਮਾ ਹੈ। ਇਹ ਉਸਦਾ ਗੌਰਵ ਹੈ। ਇਹ ਉਸਦਾ ਅਪੂਰਵ ਅਨੁਭਵ ਹੈ ਕਿ ਉਸਨੂੰ ਮਿਟਾਉਣਾ ਨਹੀਂ ਪੈਂਦਾ ਕੁਝ।

ਤੁਸੀਂ ਖ਼ਿਆਲ ਰਖਣਾ, ਜੇਕਰ ਤੁਹਾਨੂੰ ਹਨੇਰੇ ਨੂੰ ਮਿਟਾਉਣਾ ਪੈ ਰਿਹਾ ਹੈ ਤਾਂ ਉਸਦਾ ਇਕ ਹੀ ਮਤਲਬ ਹੈ ਕਿ ਤੁਹਾਡਾ ਅਜੇ ਸਤਿਗੁਰੂ ਨਾਲ ਮਿਲਣਾ ਨਹੀਂ ਹੋਇਆ। ਅਤੇ ਯਾਦ ਰਖਣਾ, ਇਹ ਵੀ ਕਿ ਹਨੇਰਾ ਮਿਟਾਉਣ ਨਾਲ ਨਹੀਂ ਮਿਟਦਾ। ਕੌਣ ਮਿਟਾ ਪਾਇਆ ਹਨੇਰੇ ਨੂੰ ਮਿਟਾਉਣ ਨਾਲ? ਕੋਸ਼ਿਸ਼ ਕਰਕੇ ਦੇਖਣਾ, ਅੱਜ ਰਾਤ ਹਨੇਰਾ ਆਏ, ਆਪਣੇ ਕਮਰੇ ਵਿਚ ਭਿੜ ਜਾਣਾ ਹਨੇਰੇ ਨੂੰ ਮਿਟਾਉਣ ਵਿਚ। ਜਿੰਨੇ ਯੋਗਾਸਣ ਵਗੈਰਾ ਆਉਂਦੇ ਹੋਣ ਕਰਨਾ। ਡੰਡ-ਬੈਠਕ ਲਾਉਣਾ, ਰੌਲਾ-ਰੱਪਾ ਮਚਾਉਣਾ, ਚਿੱਲਾਣਾ, ਧੱਕੇ ਮਾਰਨਾ, ਕੋਈ ਛੁਰਾ-ਤਲਵਾਰ ਆਦਿ ਘਰ ਵਿਚ ਹੋਵੇ, ਚਲਾਉਣਾ। ਅਤੇ ਤੁਸੀਂ ਪਾਉਗੇ ਥੱਕ ਕੇ ਡਿਗ ਪਏ ਹੋ ਹਨੇਰਾ ਆਪਣੀ ਥਾਂ ਹੈ।

ਹਨੇਰੇ ਨੂੰ ਕੋਈ ਹਟਾ ਸਕਦਾ ਹੈ? ਹਨੇਰਾ ਹਟਾਇਆ ਨਹੀਂ ਜਾ ਸਕਦਾ। ਪ੍ਰਕਾਸ਼ ਲਿਆਂਦਾ ਜਾ ਸਕਦਾ ਹੈ। ਪ੍ਰਕਾਸ਼ ਦੇ ਆਉਂਦਿਆਂ ਹੀ ਹਨੇਰਾ ਚਲਿਆ ਜਾਂਦਾ ਹੈ। ਪ੍ਰਕਾਸ਼ ਦੇ ਆਉਣ 'ਤੇ ਫਿਰ ਹਨੇਰਾ ਇਹ ਵੀ ਨਹੀਂ ਕਹਿ ਸਕਦਾ ਕਿ ਮੈਂ ਅਜੇ ਨਹੀਂ ਜਾ ਸਕਦਾ, ਕਿ ਅਜੇ ਮੈਂ ਜ਼ਰਾ ਬੀਮਾਰ ਹਾਂ, ਕਿ ਅਜੇ ਮੈਂ ਜ਼ਰਾ ਢਿੱਲਾ ਹਾਂ, ਕਿ ਅਜੇ ਮੈਂ ਅਰਾਮ ਕਰਨਾ ਹੈ, ਮੈਂ ਹੁਣੇ-ਹੁਣੇ ਤਾਂ ਆਇਆ ਸੀ, ਹੁਣੇ-ਹੁਣੇ ਕਿਵੇਂ ਚਲਿਆ ਜਾਵਾਂ? ਪ੍ਰਕਾਸ਼ ਦੇ ਆਉਣ 'ਤੇ ਹਨੇਰਾ ਇਹ ਵੀ ਨਹੀਂ ਕਹਿ ਸਕਦਾ ਕਿ ਮੈਂ ਸਦੀਆਂ ਤੋਂ ਇਸ ਘਰ ਵਿਚ ਰਹਿ ਰਿਹਾ ਹਾਂ, ਮੈਂ ਇਸਦਾ ਮਾਲਕ ਹਾਂ। ਅੱਜ ਅਚਾਨਕ ਤੁਸੀਂ ਆ ਗਏ ਮਹਿਮਾਨ ਦੀ ਤਰ੍ਹਾਂ ਅਤੇ ਮਾਲਕ ਬਣਨਾ ਚਾਹੁੰਦੇ ਹੋ? ਐਵੇਂ ਹੀ ਨਹੀਂ ਛੱਡ ਦਿਆਂਗਾ।

ਨਹੀਂ, ਹਨੇਰਾ ਕੁਝ ਵੀ ਨਹੀਂ ਕਹਿ ਸਕਦਾ, ਪ੍ਰਕਾਸ਼ ਆਇਆ ਕਿ ਗਿਆ। ਸੱਚ ਤਾਂ ਇਹ ਹੈ ਕਿ ਇਹ ਕਹਿਣਾ ਕਿ ਗਿਆ, ਠੀਕ ਨਹੀਂ ਹੈ। ਹਨੇਰਾ ਸੀ ਹੀ ਨਹੀਂ। ਹੁੰਦਾ ਤਾਂ ਥੋੜ੍ਹੀ-ਬਹੁਤੀ ਝੰਜਟ ਹੁੰਦੀ। ਧੱਕਾ-ਮੁੱਕੀ ਕਰਦਾ। ਹੁੰਦਾ ਤਾਂ ਥੋੜ੍ਹੀ-ਬਹੁਤੀ ਅੜਿੱਚਣ ਪਾਉਂਦਾ। ਹੁੰਦਾ ਤਾਂ ਛੁਪਣ ਦੀ ਕੋਸ਼ਿਸ਼ ਕਰਦਾ। ਹੁੰਦਾ ਤਾਂ ਰੌਲਾ-ਰੱਪਾ ਮਚਾਉਂਦਾ, ਅਦਾਲਤ ਵਿਚ ਜਾਂਦਾ, ਮੁੱਕਦਮੇ ਚਲਾਉਂਦਾ-ਕੁਝ ਨਾ ਕੁਝ ਕਰਦਾ। ਹੁੰਦਾ ਤਾਂ ਘਟੋ-ਘਟ ਰੋਂਦਾ, ਗਿੜਗਿੜਾਉਂਦਾ ਕਿ ਇਹ ਕੀ ਹੋ ਰਿਹਾ ਹੈ, ਮੇਰਾ ਘਰ ਮੈਥੋਂ ਕਿਉਂ ਖੋਹਿਆ ਜਾ ਰਿਹਾ ਹੈ?

ਤੁਸੀਂ ਪੁਰਾਣੀ ਕਹਾਣੀ ਸੁਣੀ ਹੈ ਕਿ ਇਕ ਵਾਰ ਹਨੇਰੇ ਨੇ ਜਾ ਕੇ ਪਰਮਾਤਮਾ ਨੂੰ ਕਿਹਾ ਕਿ ਤੁਹਾਡਾ ਸੂਰਜ ਮੈਨੂੰ ਬਹੁਤ ਪਰੇਸ਼ਾਨ ਕਰ ਰਿਹਾ ਹੈ। ਮੈਂ ਇਸਦਾ ਕੁਝ ਕਦੇ ਵਿਗਾੜਿਆ ਨਹੀਂ। ਇਸਦੇ ਰਸਤੇ ਵਿਚ ਕਦੇ ਆਇਆ ਨਹੀਂ। ਪਰ ਮੈਂ ਜਿਥੇ ਜਾਂਦਾ ਹਾਂ ਉਥੇ-ਈ ਮੇਰਾ ਪਿੱਛਾ। ਮੈਨੂੰ ਚੈਨ ਹੀ ਨਹੀਂ ਹੈ। ਥੱਕਿਆ-ਟੁੱਟਿਆ ਰਾਤ ਨੂੰ ਸੌਂਦਾ ਹਾਂ। ਨੀਂਦ ਪੂਰੀ ਵੀ ਨਹੀਂ ਹੋ ਪਾਂਦੀ, ਅਰਾਮ ਵੀ ਨਹੀਂ ਹੋ ਪਾਂਦਾ, ਕਿ ਸੂਰਜ ਆ ਜਾਂਦਾ ਹੈ। ਇਹ ਅਨਿਆਂ ਹੈ, ਅਤੇ ਮੈਂ ਸੁਣਿਆ ਹੈ ਕਿ ਦੇਰ ਹੈ, ਹਨੇਰ ਨਹੀਂ। ਪਰ ਦੇਰ ਦੀ ਵੀ ਹੱਦ ਹੁੰਦੀ ਹੈ। ਅਰਬਾਂ-ਖਰਬਾਂ ਵਰ੍ਹੇ ਹੋ ਗਏ, ਮੈਨੂੰ ਸਤਾਇਆ ਜਾਂਦਾ ਹੈ। ਮੈਂ ਸੋਚਦਾ ਰਿਹਾ-ਦੇਰ ਹੈ, ਪਰ ਹਨੇਰ ਨਹੀਂ; ਐਪਰ ਹੁਣ ਹਨੇਰ ਹੋਇਆ ਜਾ ਰਿਹਾ ਹੈ। ਦੇਰ ਇੰਨੀ ਹੋ ਗਈ ਕਿ ਇਹੀ ਤਾਂ ਹਨੇਰ ਹੈ। ਹੁਣ ਕੁਝ ਕਰੋ।

ਅਤੇ ਪਰਮਾਤਮਾ ਨੇ ਸੂਰਜ ਨੂੰ ਸੱਦਿਆ ਅਤੇ ਪੁਛਿਆ ਕਿ ਤੂੰ ਕਿਉਂ ਮੇਰੇ ਹਨੇਰੇ ਦੇ ਪਿਛੇ ਪਿਆ ਹੈ? ਇਸਨੇ

ਤੇਰਾ ਕੀ ਵਿਗਾੜਿਆ ਹੈ? ਪਤਾ ਹੈ, ਸੂਰਜ ਨੇ ਕੀ ਕਿਹਾ? ਸੂਰਜ ਨੇ ਕਿਹਾ, ਕੌਣ ਹਨੇਰਾ, ਕੇਹਾ ਹਨੇਰਾ? ਮੇਰਾ ਕਦੇ ਮਿਲਣਾ ਨਹੀਂ ਹੋਇਆ। ਤੁਸੀਂ ਉਸਨੂੰ ਮੇਰੇ ਸਾਹਮਣੇ ਬੁਲਾ ਲਵੋ। ਤਾਂ ਮੈਂ ਪਛਾਣ ਲਵਾਂ, ਕੌਣ ਹੈ ਇਹ ਹਨੇਰਾ, ਫਿਰ ਉਸਨੂੰ ਮੈਂ ਕਦੇ ਨਹੀਂ ਸਤਾਵਾਂਗਾ।

ਇਸ ਗੱਲ ਨੂੰ ਹੋਇਆਂ ਕਈ ਕਰੋੜ ਵਰ੍ਹੇ ਬੀਤ ਗਏ, ਇਹ ਮਾਮਲਾ ਅਜੇ ਪਰਮਾਤਮਾ ਦੀ ਫਾਈਲ ਵਿਚ ਹੀ ਪਿਆ ਹੈ। ਇਹ ਫਾਈਲ ਵਿਚ ਹੀ ਪਿਆ ਰਹੇਗਾ। ਸਰਕਾਰੀ ਹੈ। ਇਹ ਫਾਈਲ ਵਿਚੋਂ ਨਿਕਲ ਨਹੀਂ ਸਕਦਾ। ਨਾ ਨਿਕਲਣ ਦੇ ਕਈ ਕਾਰਨ ਹਨ। ਕਿਉਂਕਿ ਪਰਮਾਤਮਾ ਦੋਨਾਂ ਨੂੰ ਨਾਲੋਂ-ਨਾਲ ਮੌਜੂਦ ਨਹੀਂ ਕਰ ਸਕਦਾ। ਕਹਿੰਦੇ ਹਨ, ਪਰਮਾਤਮਾ ਸਰਬਸ਼ਕਤੀਮਾਨ ਹੈ। ਨਹੀਂ ਹੈ, ਇਸ ਤੋਂ ਸਾਫ-ਸਾਫ ਜਾਹਰ ਹੁੰਦਾ ਹੈ ਕਿ ਨਹੀਂ ਹੈ। ਸੂਰਜ ਨੂੰ ਹਨੇਰੇ ਦੇ ਨਾਲ-ਨਾਲ ਖੜ੍ਹਾ ਨਹੀਂ ਕਰ ਸਕਦਾ। ਕਿਵੇਂ ਖੜ੍ਹਾ ਕਰੇਗਾ? ਸੂਰਜ ਹੋਵੇਗਾ ਤਾਂ ਹਨੇਰਾ ਨਹੀਂ ਹੋਵੇਗਾ, ਹਨੇਰਾ ਹੋਵੇਗਾ, ਤਾਂ ਸੂਰਜ ਨੂੰ ਨਹੀਂ ਹੋਣਾ ਚਾਹੀਦਾ। ਦੋਵੇਂ ਨਾਲ ਖੜ੍ਹੇ ਨਹੀਂ ਹੋ ਸਕਣਗੇ। ਹਨੇਰਾ ਹੈ ਹੀ ਨਹੀਂ।

ਫਿਰ ਹਨੇਰਾ ਕੀ ਹੈ? ਹਨੇਰਾ ਸਿਰਫ ਪ੍ਰਕਾਸ਼ ਦੀ ਅਣਹੋਂਦ ਹੈ, ਨਾਮੌਜੂਦਗੀ ਹੈ। ਹਨੇਰਾ ਕਿਸੇ ਚੀਜ਼ ਦੀ ਮੌਜੂਦਗੀ ਦਾ ਨਾਂ ਨਹੀਂ ਹੈ। ਹਨੇਰੇ ਦੀ ਕੋਈ ਪੋਜ਼ਿਟਿਵਿਟੀ ਨਹੀਂ ਹੈ। ਹਨੇਰਾ ਸਿਰਫ ਪ੍ਰਕਾਸ਼ ਦੇ ਨਾ ਹੋਣ ਦਾ ਦੂਜਾ ਨਾਂ ਹੈ। ਹਨੇਰਾ ਨਾਂ-ਮਾਤਰ ਹੈ; ਉਸਦੀ ਕੋਈ ਹਸਤੀ ਨਹੀਂ ਹੈ। ਨਕਾਰ ਹੈ। ਇਸਲਈ ਹਨੇਰੇ ਨੂੰ ਕੋਈ ਮਿਟਾ ਨਹੀਂ ਸਕਦਾ। ਹਨੇਰੇ ਦੇ ਨਾਲ ਕੁਝ ਵੀ ਕਰਨਾ ਹੋਵੇ ਤਾਂ ਸਿੱਧਾ ਨਹੀਂ ਕੀਤਾ ਜਾ ਸਕਦਾ। ਹਨੇਰੇ ਦੇ ਨਾਲ ਕੁਝ ਵੀ ਕਰਨਾ ਹੋਵੇ, ਤਾਂ ਪ੍ਰਕਾਸ਼ ਦੇ ਨਾਲ ਕੁਝ ਕਰਨਾ ਪੈਂਦਾ ਹੈ। ਇਸ ਗਣਿਤ ਨੂੰ ਖ਼ੂਬ ਸਮਝ ਲੈਣਾ। ਇਹ ਜੀਵਨ ਦਾ ਮਹੱਤਵਪੂਰਨ ਗਣਿਤ ਹੈ। ਜੇ ਹਨੇਰਾ ਮਿਟਾਉਣਾ ਹੋਵੇ ਤਾਂ ਪ੍ਰਕਾਸ਼ ਲਿਆਉ। ਜੇ ਹਨੇਰੇ ਨੂੰ ਲਿਆਉਣਾ ਹੋਵੇ ਤਾਂ ਪ੍ਰਕਾਸ਼ ਹਟਾਉ। ਕਰਨਾ ਪੈਂਦਾ ਹੈ ਪ੍ਰਕਾਸ਼ ਦੇ ਨਾਲ ਕੁਝ। ਜੇ ਹਨੇਰੇ ਨੂੰ ਲਿਆਉਣਾ ਹੋਵੇ ਤਾਂ ਪ੍ਰਕਾਸ਼ ਹਟਾਉ। ਕਰਨਾ ਪੈਂਦਾ ਹੈ ਪ੍ਰਕਾਸ਼ ਦੇ ਨਾਲ ਕੁਝ। ਹਨੇਰੇ ਦੇ ਨਾਲ ਸਿੱਧਾ ਕਰਨ ਦਾ ਕੋਈ ਉਪਾਅ ਨਹੀਂ ਹੈ। ਨਹੀਂ ਤਾਂ ਲੋਕ ਗੁਆਂਢੀਆਂ ਦੇ ਘਰ ਛੱਡ ਆਉਣ। ਆਪਣਾ ਹਨੇਰਾ ਕਢ ਕੇ ਗੁਆਂਢੀ ਦੇ ਘਰ ਵਿਚ ਸੁੱਟ ਦੇਣ। ਹਨੇਰੇ ਦੇ ਨਾਲ ਕੁਝ ਵੀ ਨਹੀਂ ਕੀਤਾ ਜਾ ਸਕਦਾ।

ਇਸਦਾ ਕੀ ਅਰਥ ਹੋਵੇਗਾ ਅਧਿਆਤਮਕ ਜਗਤ ਵਿਚ? ਇਸਦਾ ਅਰਥ ਹੋਵੇਗਾ: ਰੋਸ਼ਨੀ ਦੇ ਕੋਲ ਆਉ, ਰੋਸ਼ਨੀ ਜਗਾਉ, ਹਨੇਰਾ ਮਿਟ ਜਾਂਦਾ ਹੈ। ਅਤੇ ਵਧੇਰੇ ਲੋਕ ਇਸੇ ਭੁੱਲ ਵਿਚ ਪਏ ਹਨ, ਹਨੇਰਾ ਮਿਟਾਉਣ ਵਿਚ ਲੱਗੇ ਹਨ। ਉਹ ਕਹਿੰਦੇ ਹਨ : ਪਹਿਲਾਂ ਅਸੀਂ ਕ੍ਰੋਧ ਨੂੰ ਮਿਟਾਵਾਂਗੇ, ਲੋਭ ਨੂੰ ਮਿਟਾਵਾਂਗੇ... ਮਾਯਾ ਨੂੰ ਮਿਟਾਵਾਂਗੇ, ਕਾਮ ਨੂੰ ਮਿਟਾਵਾਂਗੇ, ਇਹ ਮਿਟਾਵਾਂਗੇ ਉਹ ਮਿਟਾਵਾਂਗੇ...ਇਹ ਸਭ ਹਨੇਰੇ ਹਨ। ਧਿਆਨ ਦਾ ਦੀਵਾ ਜਗਾਉ ਅਤੇ ਪ੍ਰੇਮ ਦਾ ਦੀਵਾ ਜਗਾਉ, ਅਤੇ ਪ੍ਰੀਤਿ ਨੂੰ ਜਗਣ ਦਿਉ ਅੰਦਰ। ਪਰਮਾਤਮਾ ਨੂੰ ਪੁਕਾਰੋ ਅਤੇ ਉਸਦੇ ਆਉਂਦਿਆਂ ਹੀ ਸਭ ਮਿਟ ਜਾਂਦਾ ਹੈ।

ਇਹ ਬਚਨ ਮਹੱਤਵਪੂਰਨ ਹੈ—*ਦਾਦੂ ਕਾ ਚੇਲਾ, ਭਰਮ ਪਛੇਲਾ, ਸੁੰਦਰ ਨਿਆਰਾ ਹ੍ਵੈ ਖੇਲਾ।*

ਉਨ ਸੂਰ ਸਬੇਰੇ, ਉਦੈ ਕਿਯੇ ਰੇ, ਸਬੈ ਅੰਧੇਰੇ ਨਾਸ਼ੇਲਾ।

ਸਤਿਗੁਰੂ ਨਾਲ ਅੱਖ ਜੁੜ ਗਈ, ਗੰਢ ਬੱਝ ਗਈ, ਫੇਰਾ ਪੈ ਗਿਆ, ਬਸ ਸਭ ਹੋ ਗਿਆ। ਸੂਰਜ ਉਗ

ਆਇਆ, ਰਾਤ ਸਮਾਪਤ ਹੋ ਗਈ। ਬਿਨਾਂ ਕੁਝ ਕੀਤੇ ਸਮਾਪਤ ਹੋ ਗਈ। ਅਜੇਹਾ ਚਮਤਕਾਰ ਜਿਥੇ ਵਾਪਰ ਜਾਵੇ, ਉਥੇ–ਈ ਸਤਿਗੁਰੂ ਹੈ। ਇਹੀ ਅਸਲੀ ਚਮਤਕਾਰ ਹੈ। ਹੱਥ 'ਚੋਂ ਰਾਖ਼ ਕਢ ਦੇਣਾ ਕੋਈ ਚਮਤਕਾਰ ਨਹੀਂ ਹੈ, ਮਦਾਰੀਗੀਰੀ ਹੈ। ਸਵਿੱਸ ਘੜੀਆਂ ਹੱਥ 'ਚੋਂ ਕਢ ਦੇਣਾ ਮਦਾਰੀਗੀਰੀ ਹੈ, ਚਮਤਕਾਰ ਨਹੀਂ ਹੈ। ਚਮਤਕਾਰ ਤਾਂ ਸਿਰਫ ਇਕ ਹੈ ਕਿ ਜਿਸ ਨਾਲ ਜੁੜ ਕੇ ਹਨੇਰਾ ਮਿਟ ਜਾਵੇ; ਜਿਸ ਨਾਲ ਜੁੜਦਿਆਂ ਹੀ ਹਨੇਰਾ ਮਿਟ ਜਾਵੇ; ਜਿਸ ਨਾਲ ਜੁੜਦਿਆਂ ਹੀ ਜੀਵਨ ਦੀ ਚਿੰਤਾ ਅਲੋਪ ਹੋ ਜਾਵੇ; ਜਿਸ ਨਾਲ ਜੁੜਦਿਆਂ ਹੀ ਜੀਵਨ ਵਿਚ ਨਵੇਂ ਰੰਗ, ਇਕ ਨਵੇਂ ਢੰਗ, ਇਕ ਨਵੇਂ ਨਾਚ ਵਿਚ ਲਿਵਲੀਨ ਹੋ ਜਾਵੇ।

ਕਹੀਂ ਦੇਖੀ ਹੈ ਸ਼ਾਇਦ ਤੇਰੀ ਸੂਰਤ ਇਸਸੇ ਪਹਿਲੇ ਭੀ
ਕਿ ਗੁਜ਼ਰੀ ਹੈ ਮੇਰੇ ਦਿਲ ਪੇ ਯੇ ਹਾਲਤ ਇਸਸੇ ਪਹਿਲੇ ਭੀ
ਨਾ ਜਾਨੇ ਕਿਤਨੇ ਜਲਵੇ ਪੇਸ਼–ਰੌ ਥੇ ਤੇਰੇ ਜਲਵੋਂ ਮੇਂ
ਤੁਝੀ ਸੇ ਬਾਰਹਾ ਕੀ ਹੈ ਮੁਹੱਬਤ ਇਸਸੇ ਪਹਿਲੇ ਭੀ

ਜਦ ਸਤਿਗੁਰੂ ਨਾਲ ਮਿਲਣਾ ਹੋ ਜਾਂਦਾ ਹੈ ਤਦ ਪਤਾ ਲਗਦਾ ਹੈ ਕਿ ਇਸੇ ਆਦਮੀ ਦੀ ਤਲਾਸ਼ ਸੀ। ਇਸੇ ਦੇ ਪ੍ਰੇਮ ਵਿਚ ਅਸੀਂ ਭਟਕ ਰਹੇ ਸੀ, ਖੋਜ ਰਹੇ ਸੀ। ਪਤਾ ਨਹੀਂ ਕਿੰਨੀ ਯਾਤਰਾ ਕੀਤੀ ਹੈ! ਤੁਝੀ ਸੇ ਬਾਰਹਾ ਕੀ ਹੈ ਮੁਹੱਬਤ ਇਸਸੇ ਪਹਿਲੇ ਭੀ। ਅਤੇ ਜਦ ਇਸ ਸਤਿਗੁਰੂ ਦੇ ਜ਼ਰੀਏ ਪਰਮਾਤਮਾ ਦਾ ਅਨੁਭਵ ਹੋਵੇਗਾ, ਤਦ ਪਤਾ ਲੱਗੇਗਾ, ਕਿ ਸਤਿਗੁਰੂ ਦੇ ਬਹਾਨੇ ਵੀ ਅਸੀਂ ਪਰਮਾਤਮਾ ਨਾਲ ਹੀ ਮੁਹੱਬਤ ਕੀਤੀ ਹੈ। ਜਿਸਨੂੰ ਪਰਮਾਤਮਾ ਨਾਲ ਪ੍ਰੇਮ ਹੈ, ਉਹ ਅੱਜ ਨਹੀਂ ਕਲ੍ਹ ਇਸੇ ਸਤਿਗੁਰੂ ਦੀ ਸ਼ਰਨ ਹੋ ਜਾਏਗਾ, ਕਿਉਂਕਿ ਉਸ ਤਕ ਜਾਣ ਦਾ ਹੋਰ ਕੋਈ ਪੁਲ ਨਹੀਂ। ਗੁਰੂ ਹੀ ਗੁਰਦੁਆਰਾ ਹੈ।

ਆਦਿ ਤੁਮ ਹੀ ਹੁਤੇ, ਅਵਰ ਨਹਿ ਕੋਈ ਜੀ।

ਅਤੇ ਜਦ ਰੋਸ਼ਨੀ ਹੋ ਜਾਂਦੀ ਹੈ, ਜਦ ਅੱਖਾਂ ਖੁਲ੍ਹਦੀਆਂ ਹਨ, ਜਦ ਅੰਦਰ ਦਾ ਫੁੱਲ ਖਿੜਦਾ ਹੈ, ਤਾਂ ਕੀ ਅਨੁਭਵ ਹੁੰਦਾ ਹੈ? ਆਦਿ ਤੁਮ ਹੀ ਹੁਤੇ! ਸਦਾ ਤੋਂ ਤੂੰ ਹੀ ਹੈਂ। ਸਦਾ ਤੋਂ ਪਰਮਾਤਮਾ ਹੀ ਹੈ...ਅਵਰ ਨਹਿ ਕੋਈ ਜੀ। ਦੂਜਾ ਕੋਈ ਹੈ ਨਹੀਂ, ਕੋਈ ਸ਼ੈਤਾਨ ਨਹੀਂ ਹੈ ਇਥੇ। ਕੋਈ ਸੰਸਾਰ ਨਹੀਂ ਹੈ ਇਥੇ। ਕੋਈ ਮੈਂ ਤੂੰ ਦਾ ਝਗੜਾ ਨਹੀਂ ਹੈ ਇਥੇ।

ਆਦਿ ਤੁਮ ਹੀ ਹੁਤੇ, ਅਵਰ ਨਹਿ ਕੋਈ ਜੀ।
ਅਕਹ ਅਤਿ ਅਗਹ ਅਤਿ ਬਰਨ ਨਹਿ ਹੋਈ ਜੀ।

ਅਤੇ ਤਦ ਪਤਾ ਲਗਦਾ ਹੈ ਕਿ ਕਿਹਾ ਜਾ ਸਕੇ, ਅਜੇਹਾ ਅਨੁਭਵ ਨਹੀਂ—ਅਕਹ। ਅਤਿ ਅਗਹ! ਗਹਿਆ ਜਾ ਸਕੇ, ਅਜੇਹਾ ਵੀ ਅਨੁਭਵ ਨਹੀਂ। ਨਾ ਤਾਂ ਕਿਹਾ ਜਾ ਸਕਦਾ ਹੈ, ਨਾ ਸਮਝਿਆ ਜਾ ਸਕਦਾ ਹੈ, ਨਾ ਸਮਝਾਇਆ ਜਾ ਸਕਦਾ ਹੈ। ਅਤਿ ਬਰਨ ਨਹੀਂ ਹੋਇ ਜੀ। ਕੁਝ ਅਜੇਹੀ ਗੱਲ ਹੈ ਕਿ ਵਰਣਨ ਨਹੀਂ ਹੁੰਦਾ।

ਮਿਲੀ ਜਬ ਉਨ ਸੇ ਨਜ਼ਰ ਬਸ ਰਹਾ ਥਾ ਏਕ ਜਹਾਂ
ਹਟੀ ਨਿਗਾਹ ਤੋ ਚਾਰੋਂ ਤਰਫ ਥੇ ਵੀਰਾਨੇ

ਵੇ ਤਕ ਰਹੇ ਥੇ ਹਮੀਂ ਪੀ ਗਏ ਆਂਸੂ
ਵੇ ਸੁਨ ਰਹੇ ਥੇ ਹਮੀਂ ਕਹਿ ਸਕੇ ਨਾ ਅਫਸਾਨੇ

ਬਾਣੀ ਖੋ ਜਾਂਦੀ ਹੈ। ਪਰਮਾਤਮਾ ਨੂੰ ਕਹਿਣ ਨੂੰ ਇਕ ਵੀ ਸ਼ਬਦ ਨਹੀਂ ਮਿਲਦਾ। ਅੱਖਾਂ ਖੁਲ੍ਹੀਆਂ ਰਹਿ ਜਾਂਦੀਆਂ। ਪ੍ਰਾਣ ਠੱਪ। ਧੜਕਣ ਬੰਦ। ਸਾਹ ਠਹਿਰ ਜਾਂਦਾ ਹੈ।

ਕੀ ਦਮੇ-ਨਜ਼ਅ ਉਸਨੇ ਪੁਰਸਿਸ਼ੇ ਹਾਲ
ਜਬ ਪੇ ਜੁੰਬਿਸ਼ ਹੁਈ, ਬਤਾ ਨਾ ਸਕੇ

ਕਿੰਨੀਆਂ ਸਜਾਉਂਦਾ ਹੈ ਭਗਤ ਭਾਵਨਾਵਾਂ—ਇਹ ਕਹਿ ਦਿਆਂਗੇ, ਉਹ ਕਹਿ ਦਿਆਂਗੇ! ਜਿਵੇਂ ਸਾਰੇ ਹੀ ਪ੍ਰੇਮੀ ਸਜਾਉਂਦੇ ਹਨ—ਮਿਲੇਗੀ ਪ੍ਰੇਮਿਕਾ, ਮਿਲੇਗਾ ਪ੍ਰੀਤਮ—ਇਹ ਕਹਿ ਦਿਆਂਗੇ, ਉਹ ਕਹਿ ਦਿਆਂਗੇ। ਜਦ ਮਿਲਣਾ ਹੁੰਦਾ ਹੈ, ਬਾਣੀ ਠਗੀ ਰਹਿ ਜਾਂਦੀ ਹੈ, ਰੁਕੀ ਰਹਿ ਜਾਂਦੀ ਹੈ। ਕਿਉਂਕਿ ਜੋ ਕਹਿਣਾ ਹੈ, ਸ਼ਬਦ ਤੋਂ ਵੱਡਾ ਹੈ। ਨਾ ਤਾਂ ਪਰਮਾਤਮਾ ਨੂੰ ਕੁਝ ਨਿਵੇਦਨ ਕਰ ਪਾਂਦਾ ਹੈ ਭਗਤ, ਅਤੇ ਜਦ ਪਰਮਾਤਮਾ ਤੋਂ ਉਤਰਦਾ ਹੈ ਹੇਠਾਂ, ਮੁੜਦਾ ਹੈ ਸੰਸਾਰ ਵਿਚ, ਦੇਖਦਾ ਹੈ ਚਾਰ-ਚੁਫੇਰੇ ਲੋਕਾਂ ਨੂੰ, ਤਾਂ ਹੋਰ ਮੁਸ਼ਕਲ ਹੋ ਜਾਂਦੀ ਹੈ—ਹੁਣ ਕੀ ਕਹੇ? ਕਿਵੇਂ ਕਹੇ?

ਅਕਹ ਅਤਿ ਅਗਹ! ਕਹਿ ਨਹੀਂ ਪਾਂਦਾ। ਕਹਿਣ ਦੀ ਕੋਸ਼ਿਸ਼ ਕਰਦਾ ਹੈ ਤਾਂ ਲੜਖੜਾ ਜਾਂਦਾ ਹੈ। ਵੱਡੇ-ਤੋਂ-ਵੱਡੇ ਸੰਤਾਂ ਦੇ ਬਚਨ, ਵੱਡੇ ਤੋਂ ਵੱਡੇ ਬੁੱਧਾਂ ਦੇ ਬਚਨ ਵੀ ਅਜੇਹੇ ਹੀ ਹਨ ਜਿਵੇਂ ਛੋਟੇ ਬੱਚੇ ਤੁਤਲਾਂਦੇ ਹਨ। ਬੜੇ ਪਿਆਰੇ ਹਨ! ਛੋਟੇ ਬੱਚਿਆਂ ਦਾ ਤੁਤਲਾਉਣਾ ਵੀ ਬੜਾ ਪਿਆਰਾ ਹੁੰਦਾ ਹੈ। ਔਪਰ ਹੈ ਤੁਤਲਾਉਣਾ ਹੀ। ਵੱਡੇ ਤੋਂ ਵੱਡੇ ਕੁਸ਼ਲ—ਬੁੱਧ, ਕ੍ਰਿਸ਼ਨ, ਮਹਾਂਵੀਰ—ਅਜੇਹੇ ਵਿਅਕਤੀਆਂ ਨੇ ਵੀ ਜੋ ਕਿਹਾ ਹੈ, ਉਹ ਵੀ ਤੁਤਲਾਉਣਾ ਹੀ ਹੈ—ਜੇਕਰ ਤੁਸੀਂ ਖ਼ਿਆਲ ਰਖੋ ਉਸਦਾ, ਤੁਲਣਾ ਕਰੋ ਉਸਦੀ, ਜੋ ਉਹਨਾਂ ਨੇ ਜਾਣਿਆਂ ਹੈ।

ਬੁੱਧ ਇਕ ਜੰਗਲ ਵਿਚੋਂ ਗੁਜ਼ਰ ਰਹੇ ਹਨ। ਆਨੰਦ ਨੇ ਉਹਨਾਂ ਤੋਂ ਪੁਛਿਆ : ਭੰਤੇ! ਭਗਵਾਨ! ਇਕ ਗੱਲ ਪੁੱਛਾਂ? ਕਈ ਦਿਨਾਂ ਤੋਂ ਪੁੱਛਣਾ ਚਾਹੁੰਦਾ ਹਾਂ, ਸੰਕੋਚ ਨਾਲ ਕਹਿ ਜਾਂਦਾ ਹਾਂ। ਕੀ ਤੁਸਾਂ ਨੇ ਸਭ ਜੋ ਜਾਣਿਆ ਹੈ, ਸਾਨੂੰ ਸਮਝਾ ਦਿਤਾ ਹੈ?

ਪਤਝੜ ਦੇ ਦਿਨ ਸਨ, ਕਰੋੜਾਂ ਸੁੱਕੇ ਪੱਤੇ ਜੰਗਲ ਵਿਚ ਪਏ ਸਨ, ਉਡ ਰਹੇ ਸਨ ਹਵਾ ਵਿਚ, ਨੱਚ ਰਹੇ ਸਨ ਹਵਾ ਵਿਚ, ਸੁੱਕੇ ਪੱਤਿਆਂ ਦਾ ਗੀਤ ਚੱਲ ਰਿਹਾ ਸੀ ਚਾਰੇ ਪਾਸੇ। ਬੁੱਧ ਨੇ ਝੁਕ ਕੇ ਕੁਝ ਸੁੱਕੇ ਪੱਤੇ ਆਪਣੇ ਹੱਥ ਵਿਚ ਚੁੱਕ ਲਏ ਅਤੇ ਆਨੰਦ ਨੂੰ ਕਿਹਾ : ਆਨੰਦ, ਇਹਨਾਂ ਪੱਤਿਆਂ ਨੂੰ ਦੇਖਦਾ ਹੈਂ?

ਆਨੰਦ ਨੇ ਕਿਹਾ : ਮੈਂ ਕੁਝ ਸਮਝਿਆ ਨਹੀਂ! ਮੇਰੇ ਸਵਾਲ ਅਤੇ ਇਹਨਾਂ ਪੱਤਿਆਂ ਦਾ ਕੀ ਲੈਣਾ-ਦੇਣਾ?

ਬੁੱਧ ਨੇ ਕਿਹਾ : ਇਸਲਈ ਕਹਿ ਰਿਹਾ ਹਾਂ... ਮੇਰੇ ਹੱਥ ਵਿਚ ਦੇਖਦਾ ਹੈਂ, ਇਹ ਪੱਤੇ ਕਿੰਨੇ ਹਨ ? ਹੋਰ ਪੱਤੇ ਦੇਖਦਾ ਹੈਂ ਇਸ ਜੰਗਲ ਵਿਚ, ਸੁੱਕੇ ਪੱਤੇ, ਇਹ ਕਿੰਨੇ ਹਨ? ਜਿੰਨੇ ਇਹ ਸੁੱਕੇ ਪੱਤੇ ਹਨ, ਅਜੇਹਾ ਕੁਝ ਮੇਰਾ ਜਾਣਨਾ ਹੈ। ਅਤੇ ਜੋ ਮੈਂ ਤੈਨੂੰ ਕਿਹਾ ਹੈ, ਇਹ ਮੇਰੇ ਹੱਥ ਵਿਚ ਜਿੰਨੇ ਪੱਤੇ ਹਨ ਉਨਾ ਹੈ। ਥੋੜ੍ਹਾ-ਜਿਹਾ ਕਿਹਾ ਹੈ, ਥੋੜ੍ਹਾ-ਜਿਹਾ ਕਹਿ ਪਾਇਆ ਹਾਂ, ਸਭ ਅਧੂਰਾ-ਅਧੂਰਾ ਹੈ। ਅਤੇ ਧਿਆਨ ਰਖੀਂ ਇਹ ਵੀ ਕਿ ਮੈਂ ਸੁੱਕੇ ਪੱਤੇ ਹੱਥ ਵਿਚ ਚੁੱਕੇ ਹਨ,

ਕਿਉਂਕਿ ਜੋ ਮੈਂ ਜਾਣਿਆ ਹੈ, ਉਹ ਹਰਾ ਹੈ। ਅਤੇ ਜਦ ਤੈਨੂੰ ਕਹਿੰਦਾ ਹਾਂ, ਸੁੱਕ ਜਾਂਦਾ ਹੈ। ਹਰੇ ਪੱਤੇ ਵੀ ਚੁੱਕ ਸਕਦਾ ਸੀ, ਹਰੇ ਨਹੀਂ ਚੁੱਕੇ। ਹਰੇ ਪੱਤੇ ਵੀ ਲੱਗੇ ਹਨ ਬਿਰਛਾਂ ਵਿਚ, ਹਰੇ ਨਹੀਂ ਚੁੱਕੇ, ਕਿਉਂਕਿ ਜੋ ਮੈਂ ਜਾਣਦਾ ਹਾਂ ਉਹ ਤਾਂ ਹਰਾ ਹੈ, ਐਪਰ ਜਦ ਕਹਿੰਦਾ ਹਾਂ ਤਾਂ ਸੁੱਕ ਜਾਂਦਾ ਹੈ। ਕਹਿੰਦਿਆਂ ਹੀ ਸੁੱਕ ਜਾਂਦਾ ਹੈ। ਤੇਰੇ ਕੋਲ ਤਕ ਪਹੁੰਚਦੇ-ਪਹੁੰਚਦੇ ਸੁੱਕਾ ਪੱਤਾ ਹੁੰਦਾ ਹੈ; ਸ਼ਬਦ ਵਿਚ ਸਮਾਂਦਾ ਨਹੀਂ।

ਅਕਹ ਅਤਿ ਅਗਹ...। ਅਤੇ ਕਿਸੇ ਤਰ੍ਹਾਂ ਥੋੜ੍ਹਾ-ਬਹੁਤ ਪੁਜਾ ਦਿਉ ਸ਼ਬਦ ਵਿਚ, ਕਿਸੇ ਤਰ੍ਹਾਂ ਚੇਸ਼ਟਾ ਕਰਕੇ, ਤਾਂ ਜਿਹੜਾ ਸੁਣਦਾ ਹੈ ਉਹਦੇ ਲਈ ਗਹਿਣਾ ਮੁਸ਼ਕਲ ਹੋ ਜਾਂਦਾ ਹੈ। ਉਹ ਗ੍ਰਹਿਣ ਨਹੀਂ ਕਰ ਪਾਂਦਾ। ਕਹੋ ਕੁਝ, ਸਮਝ ਲੈਂਦਾ ਹੈ ਕੁਝ। ਫਿਰ ਇਕ ਦਿਨ ਆਨੰਦ ਨੇ ਬੁੱਧ ਨੂੰ ਕਿਹਾ: ਸਾਨੂੰ ਤਾਂ ਤੁਹਾਨੂੰ ਸੁਣਦੇ-ਸੁਣਦੇ ਕਾਫੀ ਸਮਾਂ ਹੋ ਗਿਆ, ਹੁਣ ਤਾਂ ਅਸੀਂ ਸਮਝ ਲੈਂਦੇ ਹੋਵਾਂਗੇ ਜੋ ਤੁਸੀਂ ਕਹਿੰਦੇ ਹੋ।

ਬੁੱਧ ਨੇ ਕਿਹਾ : ਅੱਜ ਰਾਤ ਤੇਰਾ ਜਵਾਬ ਦੇਵਾਂਗਾ।

ਰਾਤ ਦੀ ਸਭਾ ਪੂਰੀ ਹੋ ਗਈ, ਆਨੰਦ ਅਤੇ ਬੁੱਧ ਇਕੱਲੇ ਰਹਿ ਗਏ। ਆਨੰਦ ਬੁੱਧ ਦੇ ਪੈਰ ਘੁਟਣ ਲੱਗਿਆ, ਜਿਵੇਂ ਰੋਜ਼ ਘੁੱਟਦਾ ਸੀ। ਅਤੇ ਉਸਨੇ ਕਿਹਾ, ਹੁਣ ਮੇਰੇ ਸਵਾਲ ਦਾ ਜਵਾਬ ਹੋ ਜਾਵੇ। ਬੁੱਧ ਨੇ ਕਿਹਾ ਅੱਜ ਤੂੰ ਖਿਆਲ ਕੀਤਾ? ਜਦ ਰਾਤ ਸਭਾ ਪੂਰੀ ਹੋਈ, ਅਤੇ ਮੈਂ ਭਿੱਕਛੂਆਂ ਨੇ ਕਿਹਾ ਕਿ ਰਾਤ ਦਾ ਅੰਤਮ ਕੰਮ ਕਰਨ ਅਤੇ ਫਿਰ ਸੌਂ ਜਾਣ। ਤੂੰ ਸੁਣਿਆ ਸੀ?

ਤਾਂ ਆਨੰਦ ਨੇ ਕਿਹਾ : ਇਹ ਤਾਂ ਤੁਸੀਂ ਰੋਜ਼ ਹੀ ਕਹਿੰਦੇ ਹੋ। ਸਾਨੂੰ ਪਤਾ ਹੀ ਹੈ ਕਿ ਰਾਤ ਦਾ ਅੰਤਮ ਕੰਮ ਇਹੀ ਹੈ ਕਿ ਹੁਣ ਸਭ ਧਿਆਨ ਵਿਚ ਲੱਗਣ, ਧਿਆਨ ਵਿਚ ਡੁੱਬਣ ਅਤੇ ਫਿਰ ਧਿਆਨ ਵਿਚ ਡੁੱਬੇ-ਡੁੱਬੇ ਹੀ ਸੌਂ ਜਾਣ।

ਤਾਂ ਬੁੱਧ ਨੇ ਕਿਹਾ : ਉਹ ਤਾਂ ਠੀਕ, ਅੱਜ ਇਕ ਚੋਰ ਵੀ ਆਇਆ ਸੀ ਸਭਾ ਵਿਚ ਅਤੇ ਇਕ ਵੇਸਵਾ ਵੀ ਆਈ ਸੀ। ਮੈਂ ਜਦ ਕਿਹਾ ਹੁਣ ਰਾਤ ਦੇਰ ਹੋ ਗਈ, ਹੁਣ ਤੁਸੀਂ ਅੰਤਮ ਕੰਮ ਕਰ ਲਵੋ ਅਤੇ ਫਿਰ ਸੌਂ ਜਾਉ, ਤਾਂ ਵੇਸਵਾ ਇਕਦਮ ਚੌਂਕੀ, ਉਸਨੇ ਸੋਚਿਆ ਕਿ ਠੀਕ, ਰਾਤ ਕਾਫੀ ਹੋ ਗਈ, ਹੁਣ ਮੇਰੇ ਧੰਦੇ ਦਾ ਸਮਾਂ ਵੀ ਆ ਗਿਆ, ਮੈਂ ਕਦ ਤਕ ਇਹ ਧਰਮ-ਚਰਚਾ ਸੁਣਦੀ ਰਹਾਂਗੀ, ਜਾਵਾਂ, ਆਪਣਾ ਧੰਦਾ ਕਰਾਂ। ਚੋਰ ਵੀ ਚੌਂਕਿਆ, ਉਸਨੇ ਕਿਹਾ ਕਿ ਠੀਕ ਆਖਿਆ, ਬੁੱਧ ਨੇ ਵੀ ਖ਼ੂਬ ਯਾਦ ਦਿਵਾਇਆ! ਮੈਂ ਤਾਂ ਭੁੱਲ ਹੀ ਗਿਆ ਸੀ। ਅਜੇਹੀਆਂ-ਅਜੇਹੀਆਂ ਪਿਆਰੀਆਂ-ਪਿਆਰੀਆਂ ਗੱਲਾਂ ਕਿ ਮੈਂ ਭੁੱਲ ਹੀ ਗਿਆ ਸੀ। ਪਰ ਬੁੱਧ ਵੀ ਅਜੀਬ ਹਨ, ਬੁੱਧ ਵੀ ਗਜ਼ਬ ਹਨ, ਮੇਰੇ ਚੋਰ ਦਾ ਵੀ ਖਿਆਲ ਰਖਿਆ ਕਿ ਹੁਣ ਭਰਾ, ਰਾਤ ਹੋ ਗਈ, ਹੁਣ ਜ਼ਿਆਦਾ ਦੇਰ ਹੋਈ ਜਾ ਰਹੀ ਹੈ, ਹੁਣ ਤੂੰ ਆਪਣਾ ਕੰਮ ਕਰ।

ਚੋਰ ਗਿਆ, ਚੋਰੀ ਕੀਤੀ, ਵੇਸਵਾ ਨੇ ਆਪਣੀ ਦੁਕਾਨ ਖੋਲ੍ਹ ਲਈ, ਭਿੱਕਛੂ ਆਪਣਾ ਧਿਆਨ ਕਰਨ ਲੱਗੇ।

ਬੁੱਧ ਨੇ ਕਿਹਾ : ਤੁਸੀਂ ਜੋ ਸਮਝਦੇ ਹੋ, ਤੁਹਾਡੇ ਮੁਤਾਬਕ ਸਮਝਦੇ ਹੋ। ਮੈਂ ਜੋ ਕਹਿੰਦਾ ਹਾਂ, ਮੇਰੇ ਮੁਤਾਬਕ ਕਹਿੰਦਾ ਹਾਂ; ਤੁਸੀਂ ਜੋ ਸਮਝਦੇ ਹੋ, ਤੁਹਾਡੇ ਮੁਤਾਬਕ ਸਮਝਦੇ ਹੋ। ਤੁਹਾਡੇ ਅਤੇ ਮੇਰੇ ਵਿਚਾਲੇ ਬੜਾ ਫਾਸਲਾ ਹੋ ਜਾਂਦਾ ਹੈ। ਮੈਂ ਜੋ ਕਹਿੰਦਾ ਹਾਂ, ਉਸਨੂੰ ਉਵੇਂ ਦਾ ਉਵੇਂ ਹੀ ਤਾਂ ਤਦ ਸਮਝੋਗੇ ਜਦ ਤੁਸੀਂ ਮੇਰੇ ਜਿਹੇ ਹੋ ਜਾਉਗੇ। ਬੁੱਧ ਹੋਏ ਬਿਨਾਂ ਬੁੱਧ

ਨੂੰ ਸਮਝਣਾ ਸੰਭਵ ਨਹੀਂ, ਕ੍ਰਿਸ਼ਨ ਹੋਏ ਬਿਨਾਂ ਕ੍ਰਿਸ਼ਨ ਨੂੰ ਸਮਝਣਾ ਸੰਭਵ ਨਹੀਂ। ਉਸ ਚੇਤਨਤਾ ਦੀ ਹਾਲਤ ਵਿਚ ਹੀ ਉਸ ਚੇਤੰਨ ਦੀਆਂ ਗੱਲਾਂ ਅਤੇ ਉਹਨਾਂ ਦੇ ਰਹੱਸ ਖੁਲ੍ਹਦੇ ਹਨ।

ਅਕਹ ਅਤਿ ਅਗਹ ਅਤਿ ਬਰਨ ਨਹਿ ਹੋਇ ਜੀ

ਰੂਪ ਨਹੀਂ ਰੇਖ ਨਹਿ, ਸ੍ਵੇਤ ਨਹੀਂ ਸ਼ਿਆਮ ਜੀ।

ਨਾ ਤਾਂ ਉਸਦਾ ਕੋਈ ਰੂਪ ਹੈ, ਨਾ ਕੋਈ ਰੇਖਾ ਹੈ। ਨਾ ਸਫੇਦ ਹੈ ਉਹ ਅਤੇ ਨਾ ਕਾਲਾ ਹੈ।

ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ।

ਲੇਕਿਨ ਫਿਰ ਵੀ ਉਸਦਾ ਰਸ ਇਕ ਹੈ, ਸੁਆਦ ਇਕ ਹੈ। ਸਦੀਆਂ-ਸਦੀਆਂ ਵਿਚ ਜਿਨ੍ਹਾਂ ਨੇ ਉਸਨੂੰ ਜਾਣਿਆਂ ਹੈ, ਅਨੰਤ ਕਾਲ ਜਿਨ੍ਹਾਂ ਨੇ ਉਸਨੂੰ ਜਾਣਿਆਂ ਹੈ, ਉਹਨਾਂ ਨੇ ਉਸਦਾ ਇਕ ਹੀ ਸੁਆਦ ਪਾਇਆ ਹੈ; ਹਾਲਾਂਕਿ ਕੋਈ ਰੂਪ ਨਹੀਂ, ਰੰਗ ਨਹੀਂ, ਰੇਖਾ ਨਹੀਂ। ਉਸਦਾ ਚਿੱਤਰ ਨਹੀਂ ਬਣ ਸਕਦਾ, ਉਸਦੀ ਮੂਰਤੀ ਨਹੀਂ ਬਣ ਸਕਦੀ। ਸਭ ਮੂਰਤੀਆਂ ਝੂਠੀਆਂ ਹਨ, ਕਿਉਂਕਿ ਉਹ ਨਿਰਾਕਾਰ ਹੈ। ਸਭ ਰੰਗ ਝੂਠੇ ਹਨ, ਕਿਉਂਕਿ ਉਹ ਨਿਰਾਕਾਰ ਹੈ, ਰੰਗਹੀਣ ਹੈ। ਉਸਦਾ ਕੋਈ ਵਰਣਨ ਨਹੀਂ। ਪਰ ਫਿਰ ਵੀ ਉਸਦਾ ਰਸ ਇਕ ਹੈ। ਭਾਵੇਂ ਮੀਰਾ ਨੂੰ ਮਿਲੇ ਅਤੇ ਭਾਵੇਂ ਮਹਾਂਵੀਰ ਨੂੰ ਅਤੇ ਭਾਵੇਂ ਮੁਹੰਮਦ ਨੂੰ, ਉਸਦਾ ਰਸ ਇਕ ਹੈ। ਅਤੇ ਜਦ ਰਸ ਉਸਦਾ ਬਰਸਦਾ ਹੈ ਤਾਂ ਉਸਦਾ ਸੁਆਦ ਇਕ ਹੈ, ਤ੍ਰਿਪਤੀ ਇਕ ਹੈ।

ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ!

ਪ੍ਰਥਮ ਹੀ ਆਪ ਤੈਂ ਮੂਲ ਮਾਯਾ ਕਰੀ।

ਜਦ ਕੋਈ ਜਾਣ ਲੈਂਦਾ ਹੈ ਤਦ ਉਸਨੂੰ ਅਨੁਭਵ ਵਿਚ ਆਉਂਦਾ ਹੈ ਕਿ ਸੰਸਾਰ ਪਰਮਾਤਮਾ ਦੇ ਉਲਟ ਨਹੀਂ ਹੈ। ਇਹ ਅਗਿਆਨੀਆਂ ਦੇ ਬਚਨ ਹਨ। ਜਿਨ੍ਹਾਂ ਨੇ ਤੁਹਾਨੂੰ ਕਿਹਾ ਹੈ ਕਿ ਸੰਸਾਰ ਪਰਮਾਤਮਾ ਦੇ ਉਲਟ ਹੈ, ਜਾਣਨਾ ਉਹਨਾਂ ਨੇ ਅਜੇ ਕੁਝ ਜਾਣਿਆਂ ਨਹੀਂ। ਪਰਮਾਤਮਾ ਦਾ ਵਿਸਥਾਰ ਹੈ, ਉਲਟ ਨਹੀਂ।

ਪ੍ਰਥਮ ਹੀ ਆਪ ਤੈਂ ਮੂਲ ਮਾਯਾ ਕਰੀ।

ਆਪਣੇ ਤੋਂ ਹੀ ਜਨਮਾਇਆ, ਬਣਾਇਆ, ਖੇਡ ਰਚਾਈ।

ਬਹੁਰਿ ਵਹ ਕੁਰੋਂਬ ਕਰਿ ਤ੍ਰਿਗੁਨ ਹ੍ਵੈ ਬਿੱਸਤਰੀ।

ਅਤੇ ਉਸੇ ਨੂੰ ਵਿਸਥਾਰਤ ਤੋਂ ਵਿਸਥਾਰਤ ਕਰਦੇ ਚਲੇ ਗਏ।

ਪੰਚ ਹੂ ਤੱਤ੍ਵ ਤੈਂ ਰੂਪ ਅਰੁ ਨਾਮ ਜੀ।

ਪੰਜ ਤੱਤ ਬਣਾਏ, ਰੂਪ ਬਣਾਏ, ਰੰਗ ਬਣਾਏ।

ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ।

ਲੇਕਿਨ ਫਿਰ ਵੀ ਸਭ ਦੇ ਦਰਮਿਆਨ ਵਿਚ ਖੜ੍ਹਾ ਤੂੰ ਇਕ ਹੀ ਰਸ ਹੈਂ। ਇਹ ਸਭ ਰਾਸ ਚੱਲ ਰਿਹਾ ਹੈ। ਤੇਰੇ ਚਾਰੇ ਪਾਸੇ ਮਾਯਾ ਦਾ ਵੱਡਾ ਵਿਸਥਾਰ ਹੈ। ਖ਼ੂਬ ਰੰਗ ਹਨ, ਖ਼ੂਬ ਰੂਪ ਹਨ ਅਤੇ ਫਿਰ ਵੀ ਤੂੰ ਅਰੂਪ ਹੈਂ ਅਤੇ ਅਰੰਗ ਹੈਂ।

ਤੇਰੇ ਚਾਰੇ ਪਾਸੇ ਰਾਗ ਦੀਆਂ ਬੜੀਆਂ ਲਹਿਰਾਂ ਉੱਠ ਰਹੀਆਂ ਹਨ, ਫਿਰ ਵੀ ਤੂੰ ਵੀਤਰਾਗ ਹੈਂ।

ਕੇਂਦਰ 'ਤੇ ਸਭ ਵੀਤਰਾਗਤਾ ਹੈ ਅਤੇ ਦਾਇਰੇ 'ਤੇ ਬੜਾ ਰਾਗ-ਰੰਗ ਹੈ। ਉਲਟਾਪਣ ਨਹੀਂ ਹੈ। ਦੋਵੇਂ ਇਕ-ਦੂਜੇ ਦੇ ਪੂਰਕ ਹਨ। ਸੰਸਾਰ ਦੇ ਬਿਨਾਂ ਪਰਮਾਤਮਾ ਅਧੂਰਾ ਹੈ। ਪਰਮਾਤਮਾ ਦੇ ਬਿਨਾਂ ਸੰਸਾਰ ਅਧੂਰਾ ਹੈ। ਸੰਸਾਰ ਦੇ ਬਿਨਾਂ ਪਰਮਾਤਮਾ ਕੇਂਦਰ ਹੈ—ਬਿਨਾਂ ਦਾਇਰੇ ਦਾ। ਸਾਗਰ ਹੈ ਬਿਨਾਂ ਲਹਿਰਾਂ ਦਾ—ਮੁਰਦਾ-ਮੁਰਦਾ। ਬਿਨਾਂ ਪਰਮਾਤਮਾ ਬਿਨਾਂ ਪਰਮਾਤਮਾ ਦੇ ਸੰਸਾਰ ਸ਼ੁਦਾਅ ਹੈ—ਲਹਿਰਾਂ ਹੀ ਲਹਿਰਾਂ, ਤਰੰਗਾਂ ਹੀ ਤਰੰਗਾਂ, ਜਿਨ੍ਹਾਂ ਵਿਚ ਕੋਈ ਸੰਗਤਿ ਨਹੀਂ। ਪਰਮਾਤਮਾ ਦੇ ਬਿਨਾਂ ਸੰਸਾਰ ਅਰਥਹੀਣਤਾ ਹੈ। ਸੰਸਾਰ ਦੇ ਬਿਨਾਂ ਪਰਮਾਤਮਾ ਇਕ ਸੁੰਨ ਸੰਨਾਟਾ ਹੈ। ਸਮਝ ਲੈਣਾ ਠੀਕ ਤਰ੍ਹਾਂ ਨਾਲ।

ਸੰਸਾਰ ਦੇ ਬਿਨਾਂ ਪਰਮਾਤਮਾ ਅਜੇਹੀ ਹੈ ਵੀਣਾ, ਜਿਸਦੇ ਅਜੇ ਤਾਰ ਨਹੀਂ ਛੇੜੇ ਗਏ, ਜਿਸ ਵਿਚੋਂ ਸੁਰ ਨਹੀਂ ਉੱਠੇ। ਤੁਸੀਂ ਦੇਖਿਐ, ਵੀਣਾ ਰਖੀ ਹੋਵੇ, ਬਿਨਾਂ ਛੇੜੀ ਗਈ, ਉਦਾਸ ਹੁੰਦੀ ਹੈ, ਮੁਰਦਾ ਮਲੂਮ ਹੁੰਦੀ ਹੈ। ਜਾਨਦਾਰ ਤਾਂ ਤਦੇ ਹੁੰਦੀ ਹੈ ਜਦ ਤਾਰ ਛੇੜੇ ਜਾਂਦੇ ਹਨ।

ਪਰਮਾਤਮਾ ਹੈ ਸੰਗੀਤ ਦਾ ਸੰਸਾਰ। ਐਪਰ ਜੇ ਪਰਮਾਤਮਾ ਦੇ ਬਿਨਾਂ ਸੰਸਾਰ ਹੀ ਹੋਵੇ ਸਿਰਫ ਤਾਂ ਸੰਗੀਤ ਨਹੀਂ ਹੈ ਫਿਰ, ਕਿਉਂਕਿ ਸੰਗੀਤ ਦੇ ਲਈ ਕੋਈ ਜੋੜਨ ਵਾਲਾ ਤੱਤ ਚਾਹੀਦਾ ਹੈ ਜੋ ਸਭ ਨੂੰ ਜੋੜੀ ਰਖੇ। ਸੰਗੀਤਕਾਰ ਚਾਹੀਦਾ ਹੈ ਜੋ ਸਾਰੇ ਸੁਰਾਂ ਨੂੰ ਜੋੜੀ ਰਖੇ। ਨਹੀਂ ਤਾਂ ਸਾਰੇ ਸੁਰ ਖਿੱਲਰ ਜਾਂਦੇ ਹਨ। ਰੌਲਾ-ਰੱਪਾ ਮਚ ਜਾਏਗਾ, ਸੰਗੀਤ ਨਹੀਂ ਹੋਵੇਗਾ।

ਇਸਲਈ ਜਿਹੜੇ ਲੋਕ ਪਰਮਾਤਮਾ ਨੂੰ ਨਹੀਂ ਮੰਨਦੇ ਉਹਨਾਂ ਦੇ ਸਾਹਮਣੇ ਇਹ ਸਵਾਲ ਉਠਦਾ ਹੈ ਕਿ ਜੀਵਨ ਦਾ ਅਰਥ ਕੀ ਹੈ? ਜੀਵਨ ਅਰਥ ਹੈ। ਗੱਲ ਸੰਭਵ ਨਹੀਂ ਰਹਿ ਜਾਂਦੀ ਪਰਮਾਤਮਾ ਦੇ ਬਿਨਾਂ। ਜੀਵਨ ਅਰਥਹੀਣ ਹੋ ਜਾਂਦਾ ਹੈ! ਇਸਲਈ ਫ੍ਰੈਡਰਿਕ ਨੀਤਸ਼ੇ ਨੇ ਜਦ ਪੱਛਮ ਵਿਚ ਐਲਾਨ ਕਰ ਦਿਤਾ ਕਿ ਈਸ਼ਵਰ ਮਰ ਗਿਆ, ਉਸਦੇ ਬਾਅਦ ਜੋ ਵੱਡੇ ਤੋਂ ਵੱਡਾ ਸਵਾਲ ਪੱਛਮ ਦੇ ਦਾਰਸ਼ਨਿਕ ਦੇ ਸਾਹਮਣੇ ਰਿਹਾ ਹੈ ਉਹ ਇਹੀ ਹੈ ਕਿ ਆਦਮੀ ਦੇ ਜੀਵਨ ਦਾ ਅਰਥ ਕੀ ਹੈ? ਪਰਮਾਤਮਾ ਮਰਿਆ ਤਾਂ ਅਰਥ ਮਰ ਗਿਆ। ਫਿਰ ਸਾਰ ਕੀ ਹੈ? ਫਿਰ ਅਸੀਂ ਇਥੇ ਕਿਉਂ ਜੀਵੀਏ? ਅਲਬਰਟ ਕਾਮੂ ਨੇ ਐਲਾਨ ਕੀਤਾ ਹੈ ਕਿ ਇਕ ਹੀ ਮਹੱਤਵਪੂਰਨ ਸਵਾਲ ਹੈ, ਅਤੇ ਉਹ ਆਤਮਹੱਤਿਆ ਹੈ ਹੋਰ ਬਾਕੀ ਸਭ ਸਵਾਲ ਤਾਂ ਬੇਕਾਰ ਹਨ। ਅਸੀਂ ਜੀਵੀਏ ਕਿਉਂ? ਅਸੀਂ ਆਤਮਹੱਤਿਆ ਕਿਉਂ ਨਾ ਕਰ ਲਈਏ। ਸਾਰ ਕੀ ਹੈ? ਪਾਣਾ ਕੀ ਹੈ? ਪਹੁੰਚਣਾ ਕਿਥੇ ਹੈ? ਇਹ ਗਤੀ ਕਿਸਲਈ ਹੈ ਜੇ ਕੋਈ ਪੂਜਣ-ਯੋਗ ਸਥਾਨ ਨਹੀਂ ਹੈ। ਇਹ ਨੱਸ-ਭੱਜ ਕਿਸਲਈ ਜੇ ਕੋਈ ਮੰਜ਼ਲ ਨਹੀਂ ਹੈ?

ਪਰਮਾਤਮਾ ਨਾ ਹੋਵੇ ਤਾਂ ਸੰਸਾਰ ਇਕ ਸ਼ੁਦਾਅ ਹੈ। ਏ ਟੇਲ ਟੌਲਡ ਬਾਈ ਐਨ ਈਡਿਏਟ। ਜਿਵੇਂ ਕੋਈ ਮੂਰਖ ਕੋਈ ਕਹਾਣੀ ਸੁਣਾਵੇ, ਜਿਸ ਵਿਚ ਕੋਈ ਤੁਕ ਨਾ ਹੋਵੇ। ਕਿਥੋਂ ਵੀ ਸ਼ੁਰੂ ਹੋਵੇ, ਕੁਝ ਵੀ ਵਾਪਰਨ ਲੱਗੇ ਵਿਚਾਲੇ, ਨਾ ਕੋਈ ਅੰਤ ਹੋਵੇ। ਤੁਸੀਂ ਜਿਸ ਵਿਚੋਂ ਕੋਈ ਸਾਰ ਨਾ ਕਢ ਸਕੋ। ਅਤੇ ਜੇਕਰ ਪਰਮਾਤਮਾ ਇਕੱਲਾ ਹੈ ਤਾਂ ਵੀਣਾ ਪਈ ਹੈ, ਜਿਸ ਤੋਂ ਸੰਗੀਤ ਪੈਦਾ ਨਹੀਂ ਹੋਇਆ। ਇਕੱਲਾ ਸੰਗੀਤ ਅਸੰਗੀਤ ਹੋ ਜਾਂਦਾ ਹੈ। ਇਕੱਲੀ ਵੀਣਾ ਮੁਰਦਾ ਹੋ ਜਾਂਦੀ ਹੈ।

ਇਸਲਈ ਪਰਮਾਤਮਾ ਅਤੇ ਸੰਸਾਰ ਇਕ-ਦੂਜੇ ਦੇ ਉਲਟ ਨਹੀਂ ਹਨ—ਪੂਰਕ ਹਨ, ਕਾਂਪਲੀਮੇਂਟਰੀ ਹਨ। ਇਕ-ਦੂਜੇ ਦੇ ਨਾਲ ਜੁੜੇ ਹਨ। ਇਕ-ਦੂਜੇ ਦੇ ਨਾਲ ਲੈਣ-ਦੇਣ ਹੈ। ਇਕ-ਦੂਜੇ ਦੇ ਬਿਨਾਂ ਅਧੂਰੇ ਹਨ। ਪਰਮਾਤਮਾ

ਜੇਕਰ ਪੁਰਸ਼ ਹੈ, ਤਾਂ ਸੰਸਾਰ ਪ੍ਰਕ੍ਰਿਤੀ ਹੈ, ਉਸਦੀ ਮਾਯਾ ਹੈ। ਪਰਮਾਤਮਾ ਜੇਕਰ ਪੁਰਸ਼ ਹੈ ਤਾਂ ਸੰਸਾਰ ਉਸਦੀ ਪ੍ਰੇਮਿਕਾ ਹੈ। ਪਰਮਾਤਮਾ ਜੇਕਰ ਕ੍ਰਿਸ਼ਨ ਹੈ ਤਾਂ ਸੰਸਾਰ ਰਾਧਾ ਹੈ। ਪਰਮਾਤਮਾ ਜੇਕਰ ਵਿਚਕਾਰ ਖੜ੍ਹਾ ਹੈ ਘੇਰੇ ਦੇ ਤਾਂ ਸੰਸਾਰ ਉਸਦੇ ਚਾਰੇ ਪਾਸੇ ਘੇਰੇ ਵਿਚ ਨੱਚ ਰਿਹਾ ਹੈ। ਸਭ ਰਸ ਵਹਿ ਰਹੇ ਹਨ, ਐਪਰ ਪਰਮਾਤਮਾ ਇਕ ਹੀ ਰਸ ਹੈ। ਸਭ ਤਰੰਗਾਂ ਉਠ ਰਹੀਆਂ ਹਨ, ਉਸਦਾ ਸਾਗਰ ਸ਼ਾਂਤ ਹੈ।

ਭ੍ਰਮਤ ਸੰਸਾਰ ਕਤਹੂੰ ਨਹੀਂ ਬੋਰ ਜੀ।

ਜੋ ਤੈਨੂੰ ਨਹੀਂ ਦੇਖ ਪਾਂਦੇ ਉਹ ਭਟਕਦੇ ਰਹਿੰਦੇ ਹਨ ਸੰਸਾਰ ਵਿਚ, ਉਹਨਾਂ ਨੂੰ ਸੰਸਾਰ ਦਾ ਕੋਈ ਅੰਤ ਨਹੀਂ ਮਿਲਦਾ। ਘੇਰੇ ਦਾ ਕੋਈ ਅੰਤ ਨਹੀਂ ਹੁੰਦਾ। ਜੇਕਰ ਤੁਸੀਂ ਇਕ ਘੇਰਾ ਖਿੱਚ ਦਿਉ ਜ਼ਮੀਨ ਉਤੇ, ਇਕ ਗੋਲਾ ਖਿੱਚ ਦਿਉ ਅਤੇ ਫਿਰ ਉਸ ਵਿਚ ਘੁੰਮਦੇ ਰਹੋ, ਘੁੰਮਦੇ ਰਹੋ, ਅੰਤ ਪਾਣ ਦੇ ਲਈ, ਕਦੇ ਵੀ ਨਾ ਪਾਉਗੇ। ਕੋਹਲੂ ਦੇ ਬੈਲ ਦੀ ਤਰ੍ਹਾਂ ਘੁੰਮਦੇ ਰਹੋਗੇ, ਅੰਤ ਤੁਹਾਨੂੰ ਕਦੇ ਵੀ ਨਹੀਂ ਮਿਲੇਗਾ। ਸੰਸਾਰ ਕੋਹਲੂ ਦੇ ਬੈਲ ਦੀ ਤਰ੍ਹਾਂ ਘੁੰਮਦੇ ਰਹਿਣਾ ਹੈ। ਲਗਦਾ ਹੈ ਪਹੁੰਚੇ-ਪਹੁੰਚੇ, ਹੁਣ ਪਹੁੰਚੇ ਕਿ ਹੁਣ ਪਹੁੰਚੇ, ਪਹੁੰਚਣਾ-ਪੁਹੰਚਣਾ ਕਦੇ ਨਹੀਂ ਹੁੰਦਾ, ਯਾਤਰਾ ਜਾਰੀ ਰਹਿੰਦੀ ਹੈ। ਤੁਸੀਂ ਕਿਤੇ ਜਾ ਹੀ ਨਹੀਂ ਰਹੇ ਹੋ, ਘੇਰੇ ਵਿਚ ਘੁੰਮ ਰਹੇ ਹੋ, ਜਾਉਗੇ ਕਿਥੇ?

ਭ੍ਰਮਤ ਸੰਸਾਰ ਕਤਹੂ ਨਹੀਂ ਬੋਰ ਜੀ।
ਤੀਨਹੂ ਲੋਕ ਮੈਂ ਕਾਲ ਕੋ ਸੋਰ ਜੀ।।

ਅਤੇ ਕਿਤੇ ਵੀ ਜਾਉ, ਹਰ ਜਗ੍ਹਾ ਮੌਤ ਨੇ ਕਬਜ਼ਾ ਜਮਾਇਆ ਹੋਇਆ ਹੈ। ਦਾਇਰੇ 'ਤੇ ਜੋ ਹੈ ਉਸਦੀ ਅੰਮ੍ਰਿਤ ਨਾਲ ਪਛਾਣ ਨਹੀਂ ਹੋ ਸਕਦੀ। ਅੰਮ੍ਰਿਤ ਤਾਂ ਕੇਂਦਰ 'ਤੇ ਹੈ। ਦਾਇਰੇ 'ਤੇ ਤਾਂ ਤਰੰਗਾਂ ਹਨ। ਪੈਦਾ ਹੋਣਗੀਆਂ, ਮਰਨਗੀਆਂ। ਬਣਨਗੀਆਂ, ਮਿਟਣਗੀਆਂ। ਉਠਣਗੀਆਂ, ਡਿਗਣਗੀਆਂ। ਤੀਨਹੂ ਲੋਕ ਮੈਂ ਕਾਲ ਕੋ ਸੋਰ ਜੀ। ਕਿਤੇ ਵੀ ਜਾਉ, ਨਰਕ ਵਿਚ ਕਿ ਪ੍ਰਿਥਵੀ ਉਤੇ ਕਿ ਸਵਰਗ ਵਿਚ, ਸਭ ਜਗ੍ਹਾ ਮੌਤ ਹੈ, ਸਭ ਜਗ੍ਹਾ ਮੌਤ ਦਾ ਕਬਜ਼ਾ ਹੈ।

ਮਨੁਸ਼ਤਨ ਯਹ ਬੜੇ ਭਾਗੵ ਤੇ ਪਾਮ ਜੀ।

ਅਤੇ ਇਹ ਮਨੁੱਖ-ਦੇਹ ਬੜੇ ਭਾਗਾਂ ਨਾਲ ਪਾਈ ਹੈ, ਬੜੀ ਲੰਮੀ ਯਾਤਰਾ ਦੇ ਬਾਅਦ ਪਾਈ ਹੈ। ਦੇਹਾਂ ਹੋਰ ਵੀ ਹਨ, ਪਸ਼ੂਆਂ ਦੀਆਂ ਹਨ, ਪੰਛੀਆਂ ਦੀਆਂ ਹਨ, ਬਿਰਛਾਂ ਦੀਆਂ ਹਨ। ਐਪਰ ਮਨੁੱਖ ਦੀ ਦੇਹ ਵਿਚ ਇਕ ਖ਼ੂਬੀ ਹੈ ਜੋ ਕਿਤੇ ਵੀ ਨਹੀਂ। ਮਨੁੱਖ ਇਕ ਦੋਰਾਹਾ ਹੈ। ਮਨੁੱਖ ਦੇ ਨਾਲ ਸੁਤੰਤਰਤਾ ਜੁੜੀ ਹੈ। ਇਕ ਮੋਰ ਪੈਦਾ ਹੁੰਦਾ ਹੈ, ਮੋਰ ਦੀ ਤਰ੍ਹਾਂ ਮਰੇਗਾ, ਕੁਝ ਹੋਰ ਹੋਣ ਵਾਲਾ ਨਹੀਂ ਹੈ। ਇਕ ਬੱਧੀ ਪ੍ਰਾਲਬਧ ਹੈ, ਭਾਗ ਹੈ। ਕੁੱਤਾ ਪੈਦਾ ਹੋਇਆ, ਕੁੱਤੇ ਦੀ ਤਰ੍ਹਾਂ ਹੀ ਮਰੇਗਾ। ਤੁਸੀਂ ਕਿਸੇ ਕੁੱਤੇ ਨੂੰ ਇਹ ਨਹੀਂ ਕਹਿ ਸਕਦੇ ਕਿ ਤੂੰ ਜ਼ਰਾ ਘਟ ਕੁੱਤਾ ਹੈਂ। ਪਰ ਕਿਸੇ ਆਦਮੀ ਨੂੰ ਤੁਸੀਂ ਕਹਿ ਸਕਦੇ ਹੋ ਕਿ ਤੂੰ ਜ਼ਰਾ ਘਟ ਆਦਮੀ ਹੈਂ। ਕੁੱਤੇ ਸਭ ਬਰਾਬਰ ਕੁੱਤੇ ਹੁੰਦੇ ਹਨ। ਕੁੱਤਾ ਯਾਨੀ ਕੁੱਤਾ, ਕੀ ਘਟ, ਕੀ ਜ਼ਿਆਦਾ? ਪਰ ਆਦਮੀ-ਕੋਈ ਜ਼ਿਆਦਾ ਆਦਮੀ ਹੁੰਦਾ ਹੈ, ਕੋਈ ਘਟ ਆਦਮੀ ਹੁੰਦਾ ਹੈ। ਆਦਮੀ ਸਭ ਆਦਮੀ ਦੀ ਤਰ੍ਹਾਂ ਪੈਦਾ ਨਹੀਂ ਹੁੰਦੇ, ਸਿਰਫ ਸੰਭਾਵਨਾ ਦੀ ਤਰ੍ਹਾਂ ਪੈਦਾ ਹੁੰਦੇ ਹਨ। ਫਿਰ ਆਪਣੀ ਸੰਭਾਵਨਾ ਬਨਾਉਣੀ ਹੁੰਦੀ ਹੈ। ਮਨੁੱਖ ਨੂੰ ਆਪਣੀ ਉਸਾਰੀ ਕਰਨੀ ਹੁੰਦੀ ਹੈ। ਤਾਂ ਕੋਈ ਚੰਗੇਜ਼ ਖਾਂ ਬਣ ਜਾਂਦਾ ਹੈ। ਕੋਈ ਗੌਤਮ ਬੁੱਧ ਬਣ ਜਾਂਦਾ ਹੈ। ਕੋਈ ਮਹਾਂਪਾਪ ਵਿਚ ਉਤਰ ਜਾਂਦਾ ਹੈ, ਕੋਈ ਮਹਾਂਪੁੰਨ ਦਾ ਅਨੁਭਵ ਕਰ ਲੈਂਦਾ ਹੈ। ਕੋਈ ਸ਼ੁਦਾਈ ਹੋ ਜਾਂਦਾ ਹੈ, ਕੋਈ

ਮੁਕਤ ਹੋ ਜਾਂਦਾ ਹੈ। ਮਨੁੱਖ ਅਨੋਖਾ ਹੈ ! ਅਜੇਹਾ ਕਿਤੇ ਵੀ ਨਹੀਂ ਹੈ। ਸਾਰੀਆਂ ਜੂਨੀਆਂ ਵਿਚ ਮਨੁੱਖ ਦੇ ਇਲਾਵਾ ਹੋਰ ਕਿਤੇ ਹੋਣ ਦੀ ਸੁਤੰਤਰਤਾ ਨਹੀਂ ਹੈ। ਅਤੇ ਸੁਤੰਤਰਤਾ ਹੀ ਇਕੋ–ਇਕ ਮੁੱਲਵਾਨ ਚੀਜ਼ ਹੈ ਜਗਤ ਵਿਚ।

ਇਸਲਈ ਠੀਕ ਕਹਿ ਰਹੇ ਹਨ ਸੁੰਦਰਦਾਸ–ਮਨੁਸ਼ਤਨ ਯਹ ਬੜੇ ਭਾਗੱਯ ਤੈ ਪਾਯ ਜੀ ! ਬੜੇ ਭਾਗਾਂ ਨਾਲ, ਬੜੀਆਂ ਲੰਮੀਆਂ ਯਾਤਰਾਵਾਂ, ਬੜੀਆਂ ਚਾਹਨਾਵਾਂ ਦੇ ਬਾਅਦ, ਬੜੇ ਇੰਤਜ਼ਾਰ ਦੇ ਬਾਅਦ–ਇਹ ਦੇਹ ਮਿਲੀ ਹੈ। ਹੁਣ ਇਸ ਦੇਹ ਨੂੰ ਐਵੇਂ ਹੀ ਨਹੀਂ ਗੰਵਾ ਦੇਣਾ ਹੈ। ਅਤੇ ਕੀ ਹੈ, ਜਿਸਨੂੰ ਪਾ ਲੈਣ ਨਾਲ ਗੰਵਾਉਣਾ ਨਹੀਂ ਹੋਵੇਗਾ? ਇਸ ਦੇਹ ਵਿਚ ਜੇਕਰ ਮੌਤ ਨੂੰ ਹੀ ਜਾਣਿਆ ਤਾਂ ਗੰਵਾ ਦਿਤਾ। ਜੇ ਇਸ ਦੇਹ ਵਿਚ ਅੰਮ੍ਰਿਤ ਨੂੰ ਜਾਣ ਲਿਆ ਤਾਂ ਪਾ ਲਿਆ। ਇਸ ਦੇਹ ਵਿਚ ਦੋਨੋਂ ਹਨ। ਦਾਇਰਾ ਇਸਦਾ, ਇਸਦਾ ਰੂਪ ਅਤੇ ਰੰਗ ਮਾਯਾ ਦਾ ਹੈ। ਦੇਹ ਮਾਯਾ ਦੀ ਬਣੀ ਹੈ–ਪੰਜਾਂ ਤੱਤਾਂ ਦੀ–ਅਤੇ ਇਸਦੇ ਅੰਦਰ ਬੈਠਾ ਹੈ ਬਰਾਜਮਾਨ ਪਰਮਾਤਮਾ। ਐਨ ਕੇਂਦਰ 'ਤੇ ਕਿਤੇ ਵੀਤਰਾਗ। ਤੁਸੀਂ ਚਾਹੋ ਤਾਂ ਦਾਇਰੇ ਨਾਲ ਬੱਝ ਜਾਉ, ਸਮਝ ਲਵੋ ਕਿ ਮੈਂ ਦੇਹ ਹਾਂ, ਤਾਂ ਭਟਕ ਗਏ। ਅਤੇ ਤੁਸੀਂ ਚਾਹੋ ਤਾਂ ਜਾਗ ਜਾਉ ਅਤੇ ਸਮਝ ਲਵੋ ਕਿ ਮੈਂ ਗਵਾਹ ਹਾਂ, ਤਾਂ ਪਹੁੰਚ ਗਏ।

ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ। ਤੁਹਾਡੇ ਅੰਦਰ ਇਕ ਰਸ ਮੌਜੂਦ ਹੈ।

ਤੁਸੀਂ ਕਦੇ ਸੋਚਿਐ? ਸ਼ਾਇਦ ਨਾ ਸੋਚਿਆ ਹੋਵੇ। ਕਿਹੜੀ ਚੀਜ਼ ਹੈ ਜੋ ਤੁਹਾਡੀ ਅੰਦਰ ਇਕਰਸ ਹੈ? ਉਹੀ ਪਰਮਾਤਮਾ ਹੈ। ਤੁਸੀਂ ਕਦੇ ਆਪਣੇ ਅੰਦਰ ਕੋਈ ਚੀਜ਼ ਇਕਰਸ ਦੇਖੀ? ਤੁਹਾਡਾ ਪ੍ਰੇਮ ਬਦਲ ਜਾਂਦਾ ਹੈ; ਇਕਰਸ ਨਹੀਂ ਹੈ। ਹੁਣੇ ਪ੍ਰੇਮ ਹੈ, ਹੁਣੇ ਘਿਰਨਾ ਹੋ ਸਕਦਾ ਹੈ। ਜਿਸਦੀ ਖ਼ਾਤਰ ਤੁਸੀਂ ਮਰਨ ਨੂੰ ਤਿਆਰ ਸੀ, ਉਸੇ ਨੂੰ ਮਾਰਨ ਨੂੰ ਤਿਆਰ ਹੋ ਸਕਦੇ ਹੋ। ਜਿਸ ਉਤੇ ਕਰੁਣਾ ਆਈ ਸੀ, ਉਸੇ ਉਤੇ ਕ੍ਰੋਧ ਆ ਜਾਂਦਾ ਹੈ। ਕਰੁਣਾ ਕ੍ਰੋਧ ਵਿਚ ਬਦਲ ਜਾਂਦੀ ਹੈ। ਕ੍ਰੋਧ ਕਰੁਣਾ ਵਿਚ ਬਦਲ ਜਾਂਦਾ ਹੈ। ਇਹ ਸਭ ਬਦਲਦੇ ਰਹਿੰਦੇ ਹਨ, ਇਹ ਕੋਈ ਇਕਰਸ ਨਹੀਂ ਹਨ। ਤੁਹਾਡੇ ਅੰਦਰ ਕੋਈ ਚੀਜ਼ ਹੈ ਜੋ ਇਕਰਸ ਹੈ? ਰਾਤੀਂ ਸੌਂ ਜਾਂਦੇ ਹੋ, ਦਿਨ ਭੁੱਲ ਜਾਂਦਾ ਹੈ। ਦਿਨ ਵਿਚ ਕੌਣ ਪਤਨੀ ਸੀ, ਯਾਦ ਹੀ ਨਹੀਂ ਆਉਂਦੀ ਰਾਤ ਦੀ ਨੀਂਦ ਵਿਚ। ਗ਼ਰੀਬ ਹੋ ਕਿ ਅਮੀਰ, ਹਿੰਦੂ ਕਿ ਮੁਸਲਮਾਨ, ਕੁਝ ਪਤਾ ਨਹੀਂ ਲਗਦਾ। ਸਵੇਰੇ ਜਾਗੇ, ਰਾਤ ਭੁੱਲ ਗਈ। ਰਾਤ ਕੀ ਬਣ ਗਏ ਸੀ–ਸਮਰਾਟ ਬਣ ਗਏ ਸੀ, ਸੋਨੇ ਦੇ ਮਹਿਲਾਂ ਵਿਚ ਸੀ, ਸੁੰਦਰ ਪਰੀਆਂ ਸਨ, ਰਾਣੀਆਂ ਸਨ–ਸਭ ਗਿਆ। ਫਿਰ ਵਾਪਸ ਨਹੀਂ। ਦਿਨ ਵਿਚ ਰਾਤ ਬਦਲ ਜਾਂਦੀ ਹੈ, ਰਾਤ ਵਿਚ ਦਿਨ ਬਦਲ ਜਾਂਦਾ ਹੈ।

ਤੁਹਾਡੇ ਕੋਲ ਲੇਕਿਨ ਇਕ ਚੀਜ਼ ਹੈ ਗਵਾਹ, ਜੋ ਕਦੇ ਨਹੀਂ ਬਦਲਦੀ। ਉਹੀ ਦਿਨ ਵਿਚ ਦੇਖਦਾ ਹੈ ਬਜ਼ਾਰ, ਉਹੀ ਰਾਤ ਵਿਚ ਦੇਖਦਾ ਹੈ ਸੁਫ਼ਨੇ–ਉਹ ਦੇਖਣ ਵਾਲਾ ਕਦੇ ਨਹੀਂ ਬਦਲਦਾ। ਉਹੀ ਦੇਖਦਾ ਹੈ ਕ੍ਰੋਧ ਉਠਿਆ, ਉਹੀ ਦੇਖਦਾ ਹੈ ਕਰੁਣਾ ਉਠੀ। ਉਹੀ ਦੇਖਦਾ ਹੈ ਪ੍ਰੇਮ, ਉਹੀ ਦੇਖਦਾ ਹੈ ਘਿਰਨਾ। ਉਹੀ ਦੇਖਦਾ ਹੈ, ਸੁਖ, ਉਹੀ ਦੇਖਦਾ ਹੈ ਦੁਖ। ਉਹੀ ਦੇਖਦਾ ਹੈ ਜਵਾਨੀ, ਉਹੀ ਦੇਖਦਾ ਹੈ, ਬੁਢਾਪਾ। ਤੁਹਾਡੇ ਅੰਦਰ ਇਕ ਤੱਤ ਹੈ, ਗਵਾਹ ਦਾ, ਦ੍ਰਸ਼ਟਾ ਦਾ–ਤੁਹਾਡੇ ਦਰਸ਼ਨ ਦੀ ਸਮਰੱਥਾ ਉਹ ਇਕਰਸ ਹੈ। ਬਸ ਉਸ ਇਕਰਸ ਨੂੰ ਪਕੜ ਲਵੋ ਅਤੇ ਹੌਲੀ–ਹੌਲੀ ਉਸੇ ਵਿਚ ਰਮ ਜਾਉ ਅਤੇ ਤੁਸੀਂ ਰਾਮ ਜੀ ਨੂੰ ਪਾ ਜਾਉਗੇ। ਕਿਉਂਕਿ ਰਾਮ ਜੀ ਦਾ ਸਰੂਪ ਇਕਰਸ ਹੈ। ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ।

ਪੂਰਿ ਦਸ਼ਹੂ ਦਿਸ਼ਾ ਸਰਬ ਮੈਂ ਆਪ ਜੀ
ਸੱਤੁਤਿਹਿ ਕੋ ਕਰਿ ਸਕੈ ਪੁੰਨੱਯ ਨਹਿੰ ਪਾਪ ਜੀ।

ਮੈਂ ਤੇਰੀ ਸੱਤੁਤਿ ਵੀ ਕਿਵੇਂ ਕਰਾਂ? ਤੇਰੇ ਇਲਾਵਾ ਕੋਈ ਵੀ ਨਹੀਂ ਹੈ। ਕੌਣ ਸੱਤੁਤਿ ਕਰੇ, ਕਿਸਦੀ ਕਰੇ? ਮੇਰੇ ਅੰਦਰ ਵੀ ਤੂੰ ਹੈਂ, ਮੇਰੇ ਬਾਹਰ ਵੀ ਤੂੰ ਹੈਂ। ਨਾ ਕੁਝ ਪੁੰਨ ਹੈ ਇਥੇ ਨਾ ਕੁਝ ਪਾਪ ਹੈ ਇਥੇ। ਪਾਪ ਵਿਚ ਵੀ ਤੂੰ, ਪੁੰਨ ਵਿਚ ਵੀ ਤੂੰ, ਸਭ ਤੇਰੀ ਖੇਡ ਹੈ।

ਦਾਸ ਸੁੰਦਰ ਕਹੇ ਦੇਹੁ ਵਿਸ਼ਰਾਮ ਜੀ।
ਤੁਮ ਸਦਾ ਏਕਰਸ, ਰਾਮ ਜੀ, ਰਾਮ ਜੀ॥

ਮੰਗੀ ਹੈ ਜੋ ਗੱਲ, ਬੜੀ ਅਨੋਖੀ ਮੰਗੀ ਹੈ! ਮੰਗੀ ਹੈ ਗੱਲ ਵਿਸਰਾਮ ਦੀ। ਕਹਿ ਰਹੇ ਹਨ : ਹੋਰ ਕੁਝ ਨਹੀਂ ਮੰਗਦਾ, ਵਿਸਰਾਮ ਦੇ। ਥੱਕ ਗਿਆ ਹਾਂ, ਬਹੁਤ ਦਾਇਰੇ ਉਤੇ ਦੌੜਦੇ-ਦੌੜਦੇ। ਕੋਹਲੂ ਦਾ ਬੈਲ ਬਣੇ-ਬਣੇ ਬਹੁਤ ਥੱਕ ਗਿਆ ਹਾਂ, ਹੁਣ ਹੋਰ ਕੁਝ ਵੀ ਨਹੀਂ ਮੰਗਦਾ। ਮੋਕੱਛ ਨਹੀਂ ਮੰਗਿਆ ਹੈ—ਐਪਰ ਵਿਸਰਾਮ ਹੀ ਮੋਕੱਛ ਹੈ। ਬੈਕੁੰਠ ਨਹੀਂ ਮੰਗਿਆ ਹੈ—ਵਿਸਰਾਮ ਹੀ ਬੈਕੁੰਠ ਹੈ। ਅਨੰਦ ਨਹੀਂ ਮੰਗਿਆ ਹੈ। ਕਿਉਂਕਿ ਵਿਸਰਾਮ ਦੇ ਪਿਛੇ ਅਨੰਦ ਇਵੇਂ ਹੀ ਚਲਿਆ ਆਉਂਦਾ ਹੈ ਜਿਵੇਂ ਤੁਹਾਡੇ ਪਿਛੇ ਪਰਛਾਵਾਂ ਚਲਦਾ ਹੈ।

ਵਿਸਰਾਮ ਸ਼ਬਦ ਬੜਾ ਪਿਆਰਾ ਹੈ। ਇਸਦਾ ਅਰਥ ਹੁੰਦਾ ਹੈ, ਹੁਣ ਹੋਰ ਨਹੀਂ ਦੌੜਨਾ ਹੈ। ਹੁਣ ਹੋਰ ਨਾ ਦੌੜਾ। ਦੌੜ-ਦੌੜ ਕੇ ਦੇਖ ਲਿਆ। ਦੌੜ-ਦੌੜ ਕੇ ਕੁਝ ਵੀ ਨਹੀਂ ਪਾਇਆ। ਹੁਣ ਠਹਿਰ ਜਾਣ ਦੇ। ਹੁਣ ਮੈਨੂੰ ਬੈਠ ਜਾਣ ਦੇ। ਇੰਨੀ ਹੀ ਪ੍ਰਾਰਥਨਾ ਹੈ ਕਿ ਹੁਣ ਮੈਨੂੰ ਬੈਠਣਾ ਸਿਖਾ ਦੇ। ਇਹ ਦੌੜਨ ਦੀ ਆਦਤ ਵਾਪਸ ਲੈ ਲੈ। ਹੁਣ ਨਵੇਂ-ਨਵੇਂ ਸਾਂਗ ਨਹੀਂ ਰਚਣਾ ਚਾਹੁੰਦਾ। ਹੁਣ ਹੋਰ ਨਵੇਂ ਨਾਟਕਾਂ ਵਿਚ ਪਾਤਰ ਨਹੀਂ ਬਣਨਾ ਚਾਹੁੰਦਾ। ਹੁਣ ਮੈਨੂੰ ਛੁੱਟੀ ਦੇ ਦੇ। ਹੁਣ ਮੈਨੂੰ ਵਿਸਰਾਮ 'ਤੇ ਜਾਣ ਦੇ। ਹੁਣ ਮੈਨੂੰ ਆਪਣੇ ਵਿਚ ਡੋਬ ਲੈ। ਹੁਣ ਮੈਨੂੰ ਆਪਣੇ ਤੋਂ ਦੂਰ ਦਾਇਰੇ 'ਤੇ ਨਾ ਭੇਜ। ਤੂੰ ਇਕਰਸ ਹੈਂ, ਮੈਨੂੰ ਵੀ ਇਕਰਸ ਬਣਾ ਲੈ।

ਸੰਸਾਰ ਦਾ ਸਾਡਾ ਅਨੁਭਵ ਸਿਵਾਇ ਪੀੜਾਂ ਦੇ, ਪਰੇਸ਼ਾਨੀਆਂ ਦੇ, ਚਿੰਤਾਵਾਂ ਦੇ, ਸੰਤਾਪ ਦੇ—ਹੋਰ ਕੀ ਹੈ?

ਕਿਤਨੇ ਦੀਪ ਬੁਝਤੇ ਹੈਂ, ਕਿਤਨੇ ਦੀਪ ਜਲਤੇ ਹੈਂ।
ਅਜ਼ਮੇ-ਜ਼ਿੰਦਗੀ ਲੇਕਰ ਫਿਰ ਭੀ ਲੋਗ ਚਲਤੇ ਹੈਂ॥
ਕਾਰਵਾਂ ਕੇ ਚਲਨੇ ਸੇ ਕਾਰਵਾਂ ਕੇ ਰੁਕਨੇ ਤਕ।
ਮੰਜ਼ਿਲੇ ਨਹੀਂ ਯਾਰੋ ਰਾਸਤੇ ਬਦਲਤੇ ਹੈਂ॥
ਮੌਜ ਮੌਜ ਤੂਫਾਂ ਹੈ, ਮੌਜ ਮੌਜ ਸਾਹਿਲ ਹੈ।
ਕਿਤਨੇ ਡੂਬ ਜਾਤੇ ਹੈਂ, ਕਿਤਨੇ ਬਚ ਨਿਕਲਤੇ ਹੈਂ॥
ਬੱਹੋਬਰ ਕੇ ਸੀਨੇ ਭੀ ਜ਼ੀਸਤ ਕੇ ਸਫੀਨੇ ਭੀ।
ਤੀਰਗੀ ਨਿਗਲਤੇ ਹੈਂ, ਰੋਸ਼ਨੀ ਉਗਲਤੇ ਹੈਂ॥
ਏਕ ਬਹਾਰ ਆਤੀ ਹੈ, ਏਕ ਬਹਾਰ ਜਾਤੀ ਹੈ।

ਗੁੰਚੇ ਮੁੱਸਕੁਰਾਤੇ ਹੈਂ, ਫੂਲ ਹਾਥ ਮਲਤੇ ਹੈਂ।।
ਕਿਤਨੇ ਦੀਪ ਬੁਝਤੇ ਹੈਂ, ਕਿਤਨੇ ਦੀਪ ਜਲਤੇ ਹੈਂ।
ਅੱਜ਼ਮੇ-ਜ਼ਿੰਦਗੀ ਲੇਕਰ ਫਿਰ ਭੀ ਲੋਗ ਚਲਤੇ ਹੈਂ।।

ਇਥੇ ਦੀਵੇ ਜਗਦੇ ਰਹਿੰਦੇ ਹਨ, ਬੁਝਦੇ ਰਹਿੰਦੇ ਹਨ। ਆਦਮੀ ਪੈਦਾ ਹੁੰਦੇ ਰਹਿੰਦੇ, ਮਰਦੇ ਰਹਿੰਦੇ। ਰੋਜ਼ ਕੋਈ ਜਨਮਦਾ, ਰੋਜ਼ ਕੋਈ ਮਰਦਾ। ਕਿਤੇ ਵੱਜੀ ਸ਼ਹਿਨਾਈ, ਕਿਤੇ ਉਠੀ ਅਰਥੀ। ਇਸਨੂੰ ਤੁਸੀਂ ਦੇਖਦੇ ਵੀ ਰਹਿੰਦੇ ਹੋ। ਇਹੀ ਤੁਹਾਡੇ ਨਾਲ ਵੀ ਹੋਣ ਨੂੰ ਹੈ। ਪਰ ਸ਼ਾਇਦ ਜਦ ਕਿਸੇ ਦੀ ਅਰਥੀ ਉਠਦੀ ਹੈ ਤਾਂ ਤੁਸੀਂ ਇਹ ਖਿਆਲ ਵੀ ਆਪਣੇ ਵਿਚ ਨਹੀਂ ਉਠਣ ਦੇਣਾ ਚਾਹੁੰਦੇ ਕਿ ਅੱਜ ਨਹੀਂ ਕਲ੍ਹ ਮੇਰੀ ਅਰਥੀ ਉਠੇਗੀ। ਹਰ ਵਾਰ ਤੁਹਾਡੀ ਹੀ ਅਰਥੀ ਉਠਦੀ ਹੈ। ਪਰ ਤੁਸੀਂ ਇਸ ਭੁਲੇਖੇ ਵਿਚ ਜੀਂਦੇ ਹੋ। ਹੋਰ ਲੋਕ ਮਰਦੇ ਹਨ, ਮੈਂ ਤਾਂ ਕਦੇ ਨਹੀਂ ਮਰਦਾ। ਮੈਂ ਥੋੜ੍ਹਾ-ਈ ਮਰਨਾ ਹੈ। ਇਹ ਹੋਰ ਲੋਕ ਮਰ ਰਹੇ ਹਨ। ਇਹ ਲੋਕਾਂ ਦਾ ਭਾਗ, ਮੈਂ ਤਾਂ ਮਜ਼ੇ ਨਾਲ ਜਿਉਂ ਰਿਹਾ ਹਾਂ। ਹੁਣ ਤਕ ਜੀਵਿਆ ਹਾਂ, ਅੱਗੋਂ ਵੀ ਜੀਂਦਾ ਰਹਾਂਗਾ।

ਇਕ ਆਦਮੀ ਸੌ ਸਾਲ ਦਾ ਹੋ ਗਿਆ। ਤਾਂ ਪੱਤਰਕਾਰ ਉਸਦੀ ਇੰਟਰਵਿਊ ਲੈਣ ਆਏ। ਉੰਨੀ ਉਮਰ ਮੁਸ਼ਕਲ ਨਾਲ ਕੋਈ ਪਾਂਦਾ ਹੈ। ਉਸਦੀ ਇੰਟਰਵਿਊ ਲਈ। ਉਹ ਆਦਮੀ ਮਸਤ ਸੀ, ਉਸਨੇ ਸਾਰੀਆਂ ਗੱਲਾਂ ਕੀਤੀਆਂ। ਜਾਂਦੇ ਵਕਤ ਪੱਤਰਕਾਰਾਂ ਨੇ ਕਿਹਾ : ਪ੍ਰਭੂ ਨੂੰ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਅਗਲੀ ਵਾਰ ਵੀ, ਅਗਲੇ ਸਾਲ ਵੀ ਤੁਹਾਡੇ ਦਰਸ਼ਨ ਹੋਣਗੇ। ਅਤੇ ਇਸ ਬੁੱਢੇ ਆਦਮੀ ਨੇ ਪਤਾ ਹੈ ਕੀ ਕਿਹਾ! ਉਸਨੇ ਕਿਹਾ ਕਿ ਮੈਂ ਕੋਈ ਕਾਰਨ ਨਹੀਂ ਦੇਖਦਾ ਕਿ ਦਰਸ਼ਨ ਕਿਉਂ ਨਹੀਂ ਹੋਣਗੇ। ਤੁਸੀਂ ਸਾਰੇ ਅਜੇ ਜਵਾਨ ਮਲੂਮ ਪੈਂਦੇ ਹੋ।... ਮੈਂ ਕੋਈ ਕਾਰਨ ਨਹੀਂ ਦੇਖਦਾ ਕਿ ਦਰਸ਼ਨ ਕਿਉਂ ਨਹੀਂ ਹੋਣਗੇ। ਤੁਸੀਂ ਸਾਰੇ ਅਜੇ ਜਵਾਨ ਮਲੂਮ ਪੈਂਦੇ ਹੋ।

ਪੱਤਰਕਾਰ ਕੁਝ ਝੰਜਟ ਵਿਚ ਪਏ। ਕਹਿਣਾ ਕੁਝ ਹੋਰ ਚਾਹੁੰਦੇ ਸੀ, ਇਹ ਕੀ ਹੋਇਆ! ਇਕ ਪੱਤਰਕਾਰ ਨੇ ਹਿੰਮਤ ਜੁਟਾ ਕੇ ਕਿਹਾ ਕਿ ਅਸੀਂ ਇਹ ਕਹਿ ਰਹੇ ਹਾਂ ਕਿ ਹੁਣ ਤੁਸੀਂ ਕਾਫੀ ਬੁੱਢੇ ਹੋ ਗਏ, ਇਸਲਈ ਪਤਾ ਨਹੀਂ ਅਗਲੀ ਵਾਰ ਮਿਲਣਾ ਹੋਵੇ ਜਾਂ ਨਾ ਹੋਵੇ।

ਉਸ ਬੁੱਢੇ ਨੇ ਕਿਹਾ : ਫਿਕਰ ਛੱਡੋ, ਸੌ ਸਾਲ ਦਾ ਮੇਰਾ ਅਨੁਭਵ ਹੈ ਕਿ ਮਰਿਆ ਨਹੀਂ, ਤਾਂ ਇਕ ਸਾਲ ਵਿਚ ਕਿਵੇਂ ਮਰ ਜਾਵਾਂਗਾ? ਸੌ ਸਾਲ ਦਾ ਬੱਚਾ ਹਾਂ, ਦੋ-ਚਾਰ ਦਸ ਸਾਲ ਦੀ ਤਾਂ ਗੱਲ ਹੀ ਕੀ ਹੈ!

ਅਜੇਹੀ ਮੈਂ ਇਕ ਕਹਾਣੀ ਹੋਰ ਸੁਣੀ ਹੈ ਕਿ ਇਕ ਆਦਮੀ ਨੱਬੇ ਸਾਲ ਦਾ ਹੋ ਗਿਆ ਅਤੇ ਬੀਮਾ ਕੰਪਨੀ ਦੇ ਦਫਤਰ ਵਿਚ ਗਿਆ। ਬੀਮਾ ਕੰਪਨੀ ਵਾਲੇ ਵੀ ਜ਼ਰਾ ਮੁਸ਼ਕਲ ਵਿਚ ਪਏ, ਕਿਉਂਕਿ ਇਸ ਉਮਰ ਦਾ ਆਦਮੀ ਕਦੇ ਬੀਮਾ ਕਰਵਾਉਣ ਆਇਆ ਵੀ ਨਹੀਂ ਸੀ। ਤਾਂ ਉਹਨਾਂ ਨੇ ਕਿਹਾ : ਬਈ, ਇਸ ਉਮਰ ਦੇ ਬਾਅਦ ਅਸੀਂ ਬੀਮਾ ਨਹੀਂ ਕਰਦੇ। ਨੱਬੇ ਸਾਲ! ਅਤੇ ਉਹ ਲੱਖਾਂ ਦਾ ਬੀਮਾ ਕਰਵਾਉਣਾ ਚਾਹੁੰਦਾ ਸੀ। ਉਸਨੇ ਕਿਹਾ : ਤੁਸੀਂ ਨਾਸਮਝ ਹੋ। ਤੁਹਾਨੂੰ ਧੰਦਾ ਕਰਨਾ ਆਉਂਦਾ ਹੀ ਨਹੀਂ? ਜ਼ਰਾ ਆਪਣੇ ਅੰਕੜੇ ਚੁੱਕ ਕੇ ਦੇਖੋ, ਨੱਬੇ ਸਾਲ ਦੇ ਬਾਅਦ ਬਹੁਤ ਘਟ ਲੋਕ ਮਰਦੇ ਹਨ।

ਉਹ ਗੱਲ ਤਾਂ ਠੀਕ ਹੀ ਕਹਿ ਰਿਹਾ ਹੈ। ਨੱਬੇ ਸਾਲ ਤਕ ਜੀਂਦੇ ਹੀ ਨਹੀਂ, ਤਾਂ ਮਰਨਗੇ ਕਿਵੇਂ? ਔਪਰ ਉਹ

ਆਦਮੀ ਇਹ ਕਹਿ ਰਿਹਾ ਹੈ ਕਿ ਨੱਬੇ ਸਾਲ ਦੇ ਬਾਅਦ ਬਹੁਤ ਘਟ ਲੋਕ ਮਰਦੇ ਹਨ, ਮੁਸ਼ਕਲ ਨਾਲ ਕੋਈ ਮਰਦਾ ਹੈ, ਜ਼ਰਾ ਆਪਣੇ ਅੰਕੜੇ ਚੁੱਕ ਕੇ ਦੇਖੋ। ਤੁਸੀਂ ਘਬਰਾ ਕਿਉਂ ਰਹੇ ਹੋ?

ਹਰ ਆਦਮੀ ਇਹ ਸੋਚ ਕੇ ਚੱਲ ਰਿਹਾ ਹੈ ਕਿ ਮੈਂ ਜੀਵਾਂਗਾ, ਜੀਂਦਾ ਰਹਾਂਗਾ, ਸਦਾ ਜੀਂਦਾ ਰਹਾਂਗਾ। ਅਤੇ ਇਥੇ ਦੁਨੀਆਂ ਹੈ, ਜੋ ਕੁਝ ਦਾ ਕੁਝ ਸਮਝਦੀ ਰਹਿੰਦੀ ਹੈ। ਤੁਸੀਂ ਮਰ ਵੀ ਰਹੇ ਹੋ ਤਾਂ ਦੁਨੀਆਂ ਨਹੀਂ ਸਮਝਦੀ ਕਿ ਤੁਸੀਂ ਮਰ ਰਹੇ ਹੋ। ਸਭ ਮਰ ਰਹੇ ਹਨ, ਇਥੇ, ਲੇਕਿਨ ਲੋਕ ਇਕ-ਦੂਜੇ ਨੂੰ ਸਹਾਰਾ ਦੇਈ ਜਾਂਦੇ ਹਨ। ਸਭ ਉਦਾਸ ਹਨ ਇਥੇ, ਪਰ ਇਕ-ਦੂਜੇ ਨੂੰ ਲੋਕ ਕਹੀ ਜਾਂਦੇ ਹਨ ਕਿ ਬੜੇ ਪ੍ਰਸੰਨ ਹੋ ਤੁਸੀਂ, ਸਭ ਠੀਕ ਚੱਲ ਰਿਹਾ ਹੈ। ਅਤੇ ਉਹ ਵੀ ਕਹਿੰਦੇ ਹਨ, ਸਭ ਠੀਕ ਚੱਲ ਰਿਹਾ ਹੈ। ਇਕ-ਦੂਜੇ ਨੂੰ ਦੇਖ ਕੇ ਮੁਸਕਰਾਉਣ ਲਗਦੇ ਹਨ। ਸਭ ਆਪੋ-ਆਪਣੇ ਹੰਝੂ ਛੁਪਾ ਰਹੇ ਹਨ। ਅਤੇ ਇਥੇ ਸਭ ਮਰਨ ਨੂੰ ਤਿਆਰ ਖੜ੍ਹੇ ਹਨ।

ਮੈਂ ਇਹ ਪੰਗਤੀਆਂ ਪੜ੍ਹੀਆਂ ਹਨ-

ਇਕ ਨਿਰਤਿਕੀ ਨੱਚ ਰਹੀ ਹੈ:
ਏਕ ਰੱਕਾਸਾ ਥੀ-ਕਿਸ-ਕਿਸ ਸੇ ਇਸ਼ਾਰੇ ਕਰਤੀ
ਆਂਖੇਂ ਪਥਰਾਈਂ, ਅਦਾਓਂ ਮੇਂ ਤਵਾਜ਼ੁਨ ਨਾ ਰਹਾ
ਡਗਮਗਾਈ ਤੋ ਸਬ ਅਤਰਾਫ਼ ਸੇ ਆਵਾਜ਼ ਆਈ-
'ਫ਼ਨ ਕੇ ਇਸ ਔਜ ਪੇ ਇਕ ਤੇਰੇ ਸਿਵਾ ਕੌਨ ਗਯਾ?'
ਫਰਸ਼ੇ-ਮਰਮਰ ਪੇ ਗਿਰੀ, ਗਿਰ ਕੇ ਉਠੀ, ਉਠ ਕੇ ਝੁਕੀ
ਖੁਸ਼ਕ ਹੋਟੋਂ ਪੇ ਜ਼ਬਾਂ ਫੇਰ ਕੇ ਪਾਨੀ ਮਾਂਗਾ
ਓਕ ਉਠਾਈ ਤੋ ਤਮਾਸ਼ਾਈ ਸੰਭਲ ਕਰ ਬੋਲੇ
'ਰੱਕਸ ਦਾ ਯਹ ਭੀ ਏਕ ਅੰਦਾਜ਼ ਹੈ-ਅੱਲਾ, ਅੱਲਾ!'
ਹਾਥ ਫੈਲੇ ਰਹੇ, ਸਿਲ ਸੀ ਗਈ ਹੋਟੋਂ ਸੇ ਜ਼ਬਾਂ
ਏਕ ਰੱਕਾਸ ਕਿਸੀ ਸਿੰਮੱਤ ਸੇ ਨਾਗਾਹ ਬੜ੍ਹਾ
ਪਰਦਾ ਸਰਕਾ ਤੋ ਮਅਨ ਫ਼ਨ ਕੇ ਪੁਜਾਰੀ ਗਰਜੇ
'ਰੱਕਸ ਕਿਓਂ ਖ਼ਤਮ ਹੁਆ? ਵਕਤ ਅਭੀ ਬਾਕੀ ਥਾ!'

ਇਕ ਨਿਰਤਕੀ ਨੱਚ ਰਹੀ ਹੈ। ਨੱਚਦੇ-ਨੱਚਦੇ ਥੱਕ ਗਈ ਹੈ। ਜ਼ਿੰਦਗੀ ਹੋ ਗਈ ਹੈ। ਇਸ਼ਾਰੇ ਕਰਦੇ-ਕਰਦੇ ਥੱਕ ਗਈ ਹੈ। ਏਕ ਰੱਕਾਸਾ ਥੀ, ਇਕ ਨਿਰਤਕੀ ਸੀ। ਕਿਸ-ਕਿਸ ਸੇ ਇਸ਼ਾਰੇ ਕਰਤੀ। ਖ਼ੁਦ ਇਕ ਸੀ, ਚਾਹੁਣ ਵਾਲੇ ਬਹੁਤ ਸਨ। ਕਿਸ-ਕਿਸ ਸੇ ਇਸ਼ਾਰੇ ਕਰਤੀ! ਆਂਖੇਂ ਪਥਰਾਈਂ। ਆਖ਼ਰ ਇਕ ਸਮਾਂ ਆ ਜਾਂਦਾ ਹੈ, ਜਦ ਅੱਖਾਂ ਪਥਰਾ ਜਾਂਦੀਆਂ ਹਨ। ਅਦਾਓਂ ਮੇਂ ਤਵਾਜ਼ੁਨ ਨਾ ਰਹਾ। ਅਦਾਵਾਂ ਵਿਚ ਜ਼ਿੰਦਗੀ ਨਾ ਰਹੀ। ਅੰਦਰ ਤੋਂ ਆਤਮਾ ਖਿਸਕਣ ਲੱਗੀ। ਡਗਮਗਾਈ। ਇਕ ਦਿਨ ਨੱਚ ਰਹੀ ਹੈ ਅਤੇ ਡਗਮਗਾ ਗਈ ਕਮਜ਼ੋਰੀ ਦੇ ਕਾਰਨ। ਮੌਤ ਕਰੀਬ ਆ ਰਹੀ ਹੈ। ਡਗਮਗਾਈ ਤੋ ਸਬ ਅਤਰਾਫ਼ ਸੇ ਆਵਾਜ਼ ਆਈ। ਸਭ ਤਰਫ ਤੋਂ ਅਵਾਜ਼ ਆਈ। ਨੱਚਣ ਵਾਲਿਆਂ ਨੂੰ, ਨਾਚ

ਦੇਖਣ ਵਾਲਿਆਂ ਨੂੰ ਕੀ ਸਰੋਕਾਰ ਹੈ—ਕੌਣ ਮਰ ਰਿਹਾ ਹੈ, ਕੌਣ ਜਿਉਂ ਰਿਹਾ ਹੈ। ਉਹ ਤਾਂ ਨਾਚ ਦੇਖਣਾ ਚਾਹੁੰਦੇ ਹਨ। ਡਗਮਗਾਈ ਤੋ ਸਬ ਅਤਰਾਫ਼ ਸੇ ਆਵਾਜ਼ ਆਈ—ਫ਼ਨ ਕੇ ਇਸ ਔਜ ਪੇ ਇਕ ਤੇਰੇ ਸਿਵਾ ਕੌਨ ਗਯਾ। ਦਰਸ਼ਕਾਂ ਨੇ ਤਾਂ ਸਮਝਿਆ ਇਹ ਵੀ ਕੋਈ ਇਕ ਨਾਚ ਦੀ ਕਲਾ ਹੈ। ਇਹ ਡਗਮਗਾਉਣਾ, ਸਮਝੇ ਹੋਣਗੇ ਮਸਤੀ ਹੈ। ਸਮਝੇ ਹੋਣਗੇ ਡਗਮਗਾ ਕੇ ਲੁਭਾਉਂਦੀ ਹੈ। ਫ਼ਨ ਕੇ ਇਸ ਔਜ ਪੇ ਇਕ ਤੇਰੇ ਸਿਵਾ ਕੌਨ ਗਯਾ! ਕਲਾ ਦੀ ਇਸ ਉਚਾਈ ਨੂੰ ਤੇਰਾ ਸਿਵਾ ਕਿਸਨੇ ਪਾਇਆ!

ਫਰਸ਼ੇ ਮਰਮਰ ਪੇ ਗਿਰੀ, ਗਿਰ ਕੇ ਉਠੀ, ਉਠ ਕੇ ਝੁਕੀ
ਖੁਸ਼ਕ ਹੋਟੋਂ ਪੇ ਜ਼ਬਾਂ ਫੇਰ ਕੇ ਪਾਨੀ ਮਾਂਗਾ
ਓਕ ਉਠਾਈ ਤੋ ਤਮਾਸ਼ਾਈ ਸੰਭਲ ਕਰ ਬੋਲੇ
ਰੱਕਸ ਦਾ ਯਹ ਭੀ ਏਕ ਅੰਦਾਜ਼ ਹੈ—ਅੱਲਾ—ਅੱਲਾ!

ਕਿਆ ਖ਼ੂਬ! ਤਮਾਸ਼ਾਈਆਂ ਨੇ ਕਿਹਾ, ਇਹ ਵੀ ਇਕ ਨਾਚ ਦਾ ਅੰਦਾਜ਼! ਇਹ ਓਕ ਬਨਾਉਣਾ ਹੱਥ ਦਾ, ਇਹ ਪਾਣੀ ਮੰਗਣਾ!

ਹਾਥ ਫੈਲੇ ਰਹੇ ਸਿਲ ਸੀ ਗਈ ਹੋਟੋਂ ਸੇ ਜ਼ਬਾਂ
ਏਕ ਰੱਕਾਸ ਕਿਸੀ ਸਿੰਮੱਤ ਸੇ ਨਾਗਾਹ ਬੜ੍ਹਾ

ਪਰਦਾ ਸਰਕਾ ਤੋ ਮਅਨ ਫ਼ਨ ਕੇ ਪੁਜਾਰੀ ਗਰਜੇ, ਰੱਕਸ ਕਿਉਂ ਖ਼ਤਮ ਹੁਆ? ਉਹ ਤਾਂ ਮਰ ਹੀ ਗਈ, ਪਰਦਾ ਸੁੱਟਣਾ ਹੀ ਪਿਆ। ਲੇਕਿਨ ਪਰਦਾ ਸਰਕਾ ਤੋ ਮਅਨ ਫ਼ਨ ਕੇ ਪੁਜਾਰੀ ਗਰਜੇ। ਉਹ ਜੋ ਤਮਾਸ਼ਬੀਨ ਸਨ, ਉਹ ਗਰਜੇ—'ਰੱਕਸ ਕਿਉਂ ਖ਼ਤਮ ਹੁਆ? ਵੱਕਤ ਅਭੀ ਬਾਕੀ ਥਾ!' ਵਕਤ ਸਦਾ ਬਾਕੀ ਹੈ। ਪਰਦਾ ਡਿਗਦਾ ਹੈ। ਕੌਣ ਆਪਣਾ ਕੰਮ ਪੂਰਾ ਕਰਕੇ ਮਰਦਾ ਹੈ! ਕੌਣ ਆਪਣੀ ਗੱਲ ਪੂਰੀ ਕਹਿ ਕੇ ਮਰਦਾ ਹੈ। ਕੌਣ ਜ਼ਿੰਦਗੀ 'ਤੇ ਪੂਰਨ ਵਿਸਰਾਮ ਚਿੰਨ੍ਹ ਲਾ ਕੇ ਮਰਦਾ ਹੈ! ਇਹ ਦੌੜ ਚਲਦੀ ਰਹੀ ਹੈ, ਚਲਦੀ ਰਹਿੰਦੀ ਹੈ, ਹੁਣ ਵੀ ਚੱਲ ਰਹੀ ਹੈ।

ਸੁੰਦਰਦਾਸ ਕਹਿੰਦੇ ਹਨ, ਇਸ ਤੋਂ ਵਿਸਰਾਮ ਮਿਲ ਜਾਵੇ। ਅਤੇ ਬਹੁਤ ਹੋ ਗਿਆ, ਹੁਣ ਬਹੁਤ ਦੇਖ ਲਿਆ। ਇੰਨੀ ਹੀ ਪ੍ਰਾਰਥਨਾ ਹੈ, ਹੋਰ ਤੈਥੋਂ ਕੀ ਮੰਗੀਏ? ਹੁਣ ਆਪਣੇ ਵਿਚ ਲੀਨ ਕਰ ਲੈ।

ਇਸੇ ਪ੍ਰਾਰਥਨਾ ਦਾ ਨਾਂ ਆਵਾਗੌਣ ਤੋਂ ਮੁਕਤੀ, ਜਾਂ ਮੋਕੱਛ, ਜਾਂ ਜੋ ਵੀ ਤੁਸੀਂ ਨਾਂ ਦੇਣਾ ਚਾਹੋ ਦੇਣਾ। ਇਹੀ ਪ੍ਰਾਰਥਨਾ ਤੁਹਾਡੇ ਅੰਦਰ ਉਠੇ, ਇਸੇ ਦੀ ਤਲਾਸ਼ ਕਰੋ ਹੁਣ।

ਵਿਸਰਾਮ ਮਿਲੇ ਤਾਂ ਰਾਮ ਮਿਲੇ।
ਰਾਮ ਮਿਲੇ ਤਾਂ ਵਿਸਰਾਮ ਮਿਲੇ।

ਅੱਜ ਇੰਨਾ ਹੀ।

4

ਜੀਵਨ ਸਮੱਸਿਆ ਨਹੀਂ—ਵਰਦਾਨ ਹੈ

ਮਨੁੱਖ ਦੀ ਅਸਲ ਵਿਚ ਅੰਤਮ ਖੋਜ ਕੀ ਹੈ?

ਕਲ੍ਹ ਪ੍ਰਵਚਨ ਦੇ ਪਹਿਲਾਂ, ਤੁਹਾਡੇ ਪ੍ਰਣਾਮ ਦੇ ਸਵੀਕਾਰ ਹੁੰਦਿਆਂ ਹੀ ਰੋਮ-ਰੋਮ ਕੰਬਣੀ ਨਾਲ ਭਰ ਗਿਆ, ਅੱਖਾਂ ਹੰਝੂ ਵਗਾਉਂਦੀਆਂ ਰਹੀਆਂ, ਅੱਖ-ਕੰਨ ਬੰਦ ਹੋ ਗਏ, ਫਿਰ ਵੀ ਨੂਰ ਦੇ ਦਰਮਿਆਨ ਤੁਹਾਨੂੰ ਦੇਖਦਾ ਹੀ ਰਿਹਾ। ਅੰਦਰ ਅਪੂਰਵ ਅਨੰਦ ਹੋ ਰਿਹਾ ਸੀ। ਅੱਖਾਂ ਬੰਦ ਸਨ, ਫਿਰ ਵੀ ਖੁਲ੍ਹੀਆਂ ਅੱਖਾਂ ਨਾਲੋਂ ਜ਼ਿਆਦਾ ਤੁਹਾਨੂੰ ਦੇਖ ਸਕਿਆ। ਓਸ਼ੋ! ਕਬੀਰ ਨਹੀਂ ਸਮਝਿਆ, ਨਹੀਂ ਸੁਲਝਿਆ। ਕਿਰਪਾ ਕਰਕੇ ਸਮਝਾਓ।

ਭਾਰਤੀ ਮਨੀਸ਼ੀ ਅਰਥਹੀਣਤਾ ਅਤੇ ਅਕਾਅ ਦੀ ਉਨੀ ਚਰਚਾ ਨਹੀਂ ਕਰਦੇ—ਜਿੰਨੀ ਪ੍ਰੇਮ ਦੀ, ਧਿਆਨ ਦੀ, ਅਨੰਦ ਦੀ ਕਰਦੇ ਹਨ। ਕੀ ਪ੍ਰੇਮ, ਧਿਆਨ ਅਤੇ ਅਨੰਦ ਦੀ ਸਿੱਧੀ ਚਰਚਾ ਜੀਵਨ ਦੀ ਅਰਥਹੀਣਤਾ ਅਤੇ ਅਕਾਅ ਨੂੰ ਜਾਣਨ ਵਿਚ ਉਪਯੋਗੀ ਹੈ?

ਓਸ਼ੋ! ਹਿੰਦੂ ਧਰਮ ਪੰਜ ਹਜ਼ਾਰ ਸਾਲ ਪੁਰਾਣਾ ਹੈ। ਬੋਧੀ ਅਤੇ ਜੈਨ ਧਰਮ ਢਾਈ ਹਜ਼ਾਰ ਸਾਲ ਪੁਰਾਣੇ ਹਨ। ਇਸਲਾਮ ਸਿਰਫ ਸੋਲਾਂ ਸੌ ਸਾਲ ਪੁਰਾਣਾ ਹੈ; ਉਹ ਨਵਾਂ ਹੋਣ ਦੇ ਬਾਵਜੂਦ ਵੀ ਇੰਨਾ ਪੁਰਾਣਾ ਕਿਉਂ ਲਗਦਾ ਹੈ?

ਪਹਿਲਾ ਸਵਾਲ : ਮਨੁੱਖ ਦੀ ਅਸਲ ਵਿਚ ਅੰਤਮ ਖੋਜ ਕੀ ਹੈ?

ਆਪਣੀ ਹੀ ਖੋਜ, ਆਪਣੇ ਨਾਲ ਹੀ ਪਛਾਣ। ਮਨੁੱਖ ਇਕੱਲਾ ਹੈ ਸ੍ਰਿਸ਼ਟੀ ਵਿਚ ਜਿਸਨੂੰ ਸ੍ਵੈ-ਬੋਧ ਹੈ, ਜਿਸਨੂੰ ਇਸ ਗੱਲ ਦਾ ਹੋਸ਼ ਹੈ ਕਿ ਮੈਂ ਹਾਂ। ਪਸ਼ੂ ਹਨ, ਪੰਛੀ ਹਨ, ਬਿਰਛ ਹਨ—ਹਨ ਤਾਂ ਜ਼ਰੂਰ, ਲੇਕਿਨ ਆਪਣੇ ਹੋਣ ਦਾ ਉਹਨਾਂ ਨੂੰ ਕੋਈ ਬੋਧ ਨਹੀਂ। ਹੋਣ ਦਾ ਬੋਧ ਨਹੀਂ ਹੈ, ਇਸਲਈ ਦੂਜਾ ਸਵਾਲ ਅਸੰਭਵ ਹੈ ਉਠਾਉਣਾ ਕਿ ਮੈਂ ਕੌਣ ਹਾਂ! ਮਨੁੱਖ ਇਕੱਲਾ ਹੈ ਜਿਸਨੂੰ ਇਸ ਗੱਲ ਦਾ ਬੋਧ ਹੈ ਕਿ ਮੈਂ ਹਾਂ, ਲਾਜ਼ਮੀ ਤੌਰ 'ਤੇ ਦੂਜਾ ਸਵਾਲ ਉਠਾਏਗਾ ਕਿ ਮੈਂ ਹਾਂ ਕੌਣ! ਹਾਂ ਸੱਚ, ਪਰ ਕੌਣ ਹਾਂ? ਅਤੇ ਜਿਸਦੇ ਜੀਵਨ ਵਿਚ ਦੂਜਾ ਸਵਾਲ ਨਹੀਂ ਉਠਿਆ, ਉਹ ਪਸ਼ੂ ਤਾਂ ਨਹੀਂ ਹੈ, ਮਨੁੱਖ ਵੀ ਨਹੀਂ ਹੈ। ਕਿਤੇ ਵਿਚ-ਵਿਚਾਲੇ ਅਟਕਿਆ ਰਹਿ ਗਿਆ—ਘਰ ਦਾ ਨਾ ਘਾਟ ਦਾ। ਉਸਦੇ ਜੀਵਨ ਵਿਚ ਪਸ਼ੂ ਦੀ ਸ਼ਾਂਤੀ ਵੀ ਨਹੀਂ ਹੋਵੇਗੀ। ਉਹੋ-ਜਿਹਾ ਆਦਮੀ ਵਿਚਾਲੇ ਤ੍ਰਿਸ਼ੰਕੂ ਦੀ ਤਰ੍ਹਾਂ ਅਟਕਿਆ, ਸਦਾ ਅਸ਼ਾਂਤ ਹੋਵੇਗਾ।

ਪਸ਼ੂ ਸ਼ਾਂਤ ਹਨ, ਚਿੰਤਤ ਨਹੀਂ ਹਨ, ਬੇਚੈਨ ਨਹੀਂ ਹਨ। ਚਿੰਤਾ ਅਤੇ ਬੇਚੈਨੀ ਦੀ ਖ਼ਾਤਰ ਜਿੰਨਾ ਬੋਧ ਚਾਹੀਦਾ ਹੈ, ਉਨਾ ਬੋਧ ਨਹੀਂ ਹੈ; ਮੂਰਛਾ ਵਿਚ ਜੀਵੀ ਜਾਂਦੇ ਹਨ, ਬੇਹੋਸ਼ੀ ਵਿਚ ਜੀਵੀ ਜਾਂਦੇ ਹਨ। ਇਕ ਤਰ੍ਹਾਂ ਦੀ ਸ਼ਾਂਤੀ ਹੈ, ਇਕ ਤਰ੍ਹਾਂ ਦਾ ਸੰਨਾਟਾ ਹੈ। ਇਕ ਤਰ੍ਹਾਂ ਦੀ ਮਸਤੀ ਹੈ—ਮੂਰਛਤ ਹੈ; ਸੁੰਦਰ ਹੈ ਫਿਰ ਵੀ।

ਇਸਲਈ ਪ੍ਰਕ੍ਰਿਤੀ ਦੇ ਨੇੜੇ ਜਾਓ, ਸੁਹੱਪਣ ਦਾ ਅਹਿਸਾਸ ਹੁੰਦਾ ਹੈ। ਪ੍ਰਕ੍ਰਿਤੀ ਦੇ ਨੇੜੇ ਆਓ, ਸਭ ਸ਼ਾਂਤ ਹੋ ਜਾਂਦਾ ਹੈ। ਮਨੁੱਖ ਦੇ ਕੋਲ ਆਓ, ਬੇਚੈਨੀ ਵਧ ਜਾਂਦੀ ਹੈ। ਆਦਮੀ ਦੀ ਭੀੜ ਵਿਚ ਖੜ੍ਹੇ ਹੋ ਜਾਓ, ਥੱਕ ਜਾਂਦੇ ਹੋ। ਕੁਝ ਨਾ ਕਰੋ ਤਾਂ ਥੱਕ ਜਾਂਦੇ ਹੋ।

ਭੀੜ ਵਿਚੋਂ ਘਰ ਪਰਤ ਕੇ ਬਹੁਤ ਵਾਰ ਦੇਖਿਆ ਹੈ ਜਾਂ ਨਹੀਂ? ਕੁਝ ਗੰਵਾ ਕੇ ਮੁੜਦੇ ਹੋ। ਜਿਵੇਂ ਕੁਝ ਖੋਹ ਲਿਆ ਗਿਆ। ਜਿਵੇਂ ਲੁੱਟੇ ਗਏ। ਜਿਵੇਂ ਵਿਸਰਾਮ ਦੀ ਜ਼ਰੂਰਤ ਆ ਗਈ ਹੈ। ਥੱਕੇ-ਹਾਰੇ, ਟੁੱਟੇ ਹੋਏ! ਆਦਮੀ ਇੰਨਾ ਬੇਚੈਨ ਹੈ ਕਿ ਉਸਦੀ ਬੇਚੈਨੀ ਦੀਆਂ ਤਰੰਗਾਂ ਤੁਹਾਡੇ ਚਿੱਤ ਨੂੰ ਤਰੰਗਤ ਕਰ ਜਾਂਦੀਆਂ ਹਨ। ਅਤੇ ਚਾਰੇ ਪਾਸੇ ਭੀੜ ਹੋਵੇ ਬੇਚੈਨ ਲੋਕਾਂ ਦੀ ਤਾਂ ਕਿਵੇਂ ਖ਼ੁਦ ਨੂੰ ਬਚਾ ਕੇ ਆ ਸਕੋਗੇ?

ਮਹਾਂਵੀਰ ਜਾਂ ਬੁੱਧ ਸਮਾਜ ਨੂੰ ਛੱਡ ਕੇ ਜੰਗਲ ਚਲੇ ਗਏ ਸਨ, ਉਸ ਦੇ ਪਿਛੇ ਹੋਰ ਕੋਈ ਕਾਰਨ ਨਹੀਂ ਸੀ—ਅਸ਼ਾਂਤ ਲੋਕਾਂ ਦੀ ਭੀੜ ਵਿਚ, ਬੀਮਾਰ ਲੋਕਾਂ ਦੀ ਭੀੜ ਵਿਚ, ਸ਼ੁਦਾਈ ਲੋਕਾਂ ਦੀ ਭੀੜ ਵਿਚ, ਸਾਰ ਕੀ ਹੈ? ਜੰਗਲ ਵਿਚ ਬਿਰਛਾਂ ਨਾਲ ਦੋਸਤੀ ਬਣਾ ਲਈ, ਪਸ਼ੂ-ਪੰਛੀਆਂ ਨਾਲ ਨਾਤਾ ਜੋੜਿਆ, ਆਦਮੀ ਨਾਲੋਂ ਨਾਤਾ ਤੋੜਿਆ। ਜ਼ਰਾ ਸੋਚੋ, ਆਦਮੀ ਦਾ ਕਿੰਨਾ ਵੱਡਾ ਅਪਮਾਨ ਹੋਇਆ ਹੈ ਉਸ ਵਿਚ! ਖ਼ਿਆਲ ਕਰੋ, ਪਸ਼ੂ-ਪੰਛੀ ਜਿੱਤ ਗਏ ਤੁਹਾਥੋਂ, ਪੌਦੇ-ਪਹਾੜ ਜਿੱਤ ਗਏ। ਮਹਾਂਵੀਰ ਨੂੰ ਉਹਨਾਂ ਨੇ ਬੇਚੈਨੀ ਨਹੀਂ ਦਿੱਤੀ, ਨਾ ਬੁੱਧ ਨੂੰ ਪਰੇਸ਼ਾਨ ਕੀਤਾ। ਤੁਹਾਡੇ

ਦਰਮਿਆਨ ਖੜ੍ਹਾ ਹੋਣਾ ਮੁਸ਼ਕਲ ਹੋ ਗਿਆ ਸੀ।

ਪਸ਼ੂ-ਪੰਛੇ ਦੇ ਜੀਵਨ ਵਿਚ ਇਕ ਅਨੰਦ-ਮਗਨਤਾ ਹੈ-ਮੂਰਛਤ। ਫਿਰ ਬੁੱਧਾਂ ਦੇ ਜੀਵਨ ਵਿਚ, ਸਿੱਧਾਂ ਦੇ ਜੀਵਨ ਵਿਚ ਇਕ ਅਨੰਦ-ਮਗਨਤਾ ਹੈ-ਸੁਚੇਤ, ਜਾਗਰੂਪ। ਇਕ ਮਸਤੀ ਉਥੇ ਵੀ ਹੈ। ਪਰ ਉਸ ਮਸਤੀ ਵਿਚ ਬੋਧ ਦਾ ਦੀਵਾਂ ਜਗਦਾ ਹੈ। ਉਨਾ ਹੀ ਫਰਕ ਹੈ। ਕੁਦਰਤ ਅਤੇ ਪਰਮਾਤਮਾ ਵਿਚ ਉਨਾ ਹੀ ਫਰਕ ਹੈ। ਕੁਦਰਤ ਯਾਨੀ ਸੁੱਤਾ ਹੋਇਆ ਪਰਮਾਤਮਾ, ਪਰਮਾਤਮਾ ਯਾਨੀ ਜਾਗ ਪਈ ਕੁਦਰਤ। ਬਸ ਉਨਾ ਫਰਕ ਹੈ। ਜੋ ਦੋਹਾਂ ਦੇ ਵਿਚਾਲੇ ਦੀ ਹਾਲਤ ਹੈ, ਉਸਦੀ ਪਰੇਸ਼ਾਨੀ ਸਮਝੋ। ਉਥੇ ਹੀ ਤੁਸੀਂ ਹੋ। ਉਥੇ ਹੀ ਸਭ ਹਨ। ਉਹ ਜੋ ਵਿਚ-ਵਿਚਾਲੇ ਅਟਕਿਆ ਹੋਇਆ ਆਦਮੀ ਹੈ, ਨਾ ਪੌੜੀ ਦੇ ਇਸ ਪਾਰ ਨਾ ਪੌੜੀ ਦੇ ਉਸ ਪਾਰ, ਨਾ ਇਸ ਕੰਢੇ ਨਾ ਉਸ ਕੰਢੇ, ਮਝਧਾਰ ਵਿਚ ਜਿਸਦੀ ਕਿਸ਼ਤੀ ਅਟਕ ਗਈ ਹੈ, ਜੋ ਦੋਹਾਂ ਪਾਸੀਂ ਖਿੱਚ ਰਿਹਾ ਹੈ...। ਇਕ ਮਨ ਕਹਿੰਦਾ ਹੈ ਮੁੜ ਚੱਲ ਪਿਛੇ, ਫਿਰ ਹੋ ਜਾ ਪਸ਼ੂ ਜਿਹਾ...। ਇਸਲਈ ਤਾਂ ਦੁਨੀਆਂ ਵਿਚ ਇੰਨੀ ਹਿੰਸਾ ਹੈ।... ਉਹ ਇਕ ਮਨ ਕਹਿੰਦਾ ਹੈ ਮੁੜ ਚੱਲ ਪਿਛੇ ਹੋ ਜਾ ਪਸ਼ੂ ਵਰਗਾ।

ਹਿੰਸਾ ਵਿਚ ਇੰਨਾ ਰਸ ਕੀ ਹੈ? ਜੇ ਰਾਹ ਵਿਚ ਦੋ ਆਦਮੀ ਲੜਦੇ ਹੋਣ, ਤਾਂ ਹਜ਼ਾਰ ਕੰਮ ਛੱਡ ਕੇ, ਸਾਈਕਲ ਇਕ ਪਾਸੇ ਟਿਕਾ ਕੇ ਦੇਖਣ ਲਗਦੇ ਹੋ। ਇੰਨਾ ਰਸ ਕੀ ਹੈ? ਦੋ ਆਦਮੀ ਲੜ ਰਹੇ ਹਨ, ਤੁਹਾਨੂੰ ਕੀ ਮਿਲੇਗਾ? ਅੰਦਰ ਬੜੀ ਉਤਸੁਕਤਾ ਜਾਗ ਜਾਂਦੀ ਹੈ। ਹਿੰਸਾ ਵਿਚ ਇਕ ਰਸ ਹੈ। ਤੁਸੀਂ ਨਾ ਵੀ ਕਰੋ, ਦੂਜਾ ਕਰ ਰਿਹਾ ਹੈ, ਤਾਂ ਵੀ ਦੇਖਣ ਦਾ ਮਜ਼ਾ ਹੈ। ਚੱਲੇ ਪਸ਼ੂ ਦੇ ਜਗਤ ਵਿਚ। ਪਰਤ ਚੱਲੇ ਪਸ਼ੂ ਦੀ ਦੁਨੀਆਂ ਵਿਚ। ਡਿੱਗਣ ਲੱਗੇ ਆਦਮੀ ਦੇ ਤਲ ਤੋਂ ਹੇਠਾਂ।

ਅਤੇ ਕਦੇ ਤੁਸੀਂ ਦੇਖਿਐ, ਘੜੀ-ਭਰ ਖੜ੍ਹੇ ਰਹੋ, ਝਗੜਾ ਚਲਦਾ ਰਹੇ, ਗਾਲ੍ਹ-ਗਲੋਚ ਹੋਵੇ, ਪਰ ਮਾਰ-ਕੁੱਟ ਨਾ ਹੋਵੇ, ਜਾਂ ਕੋਈ ਵਿਚ-ਬਚਾਅ ਹੋ ਜਾਵੇ ਜਾਂ ਪੁਲਸ ਦਾ ਆਦਮੀ ਵਿਚਾਲੇ ਆ ਜਾਵੇ, ਜਾਂ ਉਹਨਾਂ ਦੋਹਾਂ ਨੂੰ ਕੁਝ ਅਕਲ ਆ ਜਾਵੇ, ਤਾਂ ਤੁਸੀਂ ਕੁਝ ਉਦਾਸ-ਜਿਹੇ ਮੁੜਦੇ ਹੋ, ਕਿ ਕੁਝ ਹੋਣਾ ਸੀ ਜੋ ਨਹੀਂ ਹੋਇਆ। ਸਾਰਾ ਮਜ਼ਾ ਕਿਰਕਿਰਾ ਹੋ ਗਿਆ।

ਫਿਲਮ ਦੇਖਣ ਤੁਸੀਂ ਜਾਂਦੇ ਹੋ, ਜੇ ਹਿੰਸਾ ਨਾ ਹੋਵੇ ਫਿਲਮ ਵਿਚ, ਵੱਢ-ਟੁੱਕ ਨਾ ਹੋਵੇ, ਹੱਤਿਆ ਨਾ ਹੋਵੇ, ਕਾਮਵਾਸਨਾ ਦੇ ਭੜਕਾਊ ਵੇਗ ਨਾ ਉਠਣ, ਤਾਂ ਤੁਸੀਂ ਜਾਓਗੇ ਹੀ ਨਹੀਂ। ਜਿੰਨੀ ਕਾਮਵਾਸਨਾ ਦੇ ਭੜਕਾਊ ਵੇਗ ਹੋਣ, ਜਿੰਨੀ ਹੱਤਿਆ ਹੋਵੇ, ਜਿੰਨੀ ਹਿੰਸਾ ਹੋਵੇ, ਚੋਰੀ ਹੋਵੇ, ਡਕੈਤੀ ਹੋਵੇ, ਉਨੀ ਫਿਲਮ ਤੁਹਾਨੂੰ ਆਕਰਸ਼ਤ ਕਰਦੀ ਹੈ। ਇਹ ਪਸ਼ੂ ਦੇ ਜਗਤ ਵਿਚ ਪਰਤਣ ਦੀਆਂ ਇੱਛਿਆਵਾਂ ਹਨ।

ਜਾਂ ਫਿਰ ਕਦੇ ਤੁਸੀਂ ਸ਼ਰਾਬ ਪੀ ਲੈਂਦੇ ਹੋ, ਸ਼ਰਾਬ ਪੀ ਕੇ ਤੁਸੀਂ ਕੀ ਕਰ ਰਹੇ ਹੋ? ਤੁਸੀਂ ਇੰਨਾ ਹੀ ਕਹਿ ਰਹੇ ਹੋ ਕਿ

ਇਹ ਜੋ ਥੋੜ੍ਹਾ-ਜਿਹਾ ਹੋਸ਼ ਹੈ, 'ਹੇ ਪ੍ਰਭੂ! ਇਸਨੂੰ ਸਾਥੋਂ ਲੈ ਲੈ। ਇਹ ਹੋਸ਼ ਨਹੀਂ ਸੰਭਾਲਿਆ ਜਾਂਦਾ। ਸਾਨੂੰ ਬੇਹੋਸ਼ ਕਰ ਦੇ, ਸਾਨੂੰ ਮੋੜ ਦੇ ਵਾਪਸ।' ਇਹ ਪੁਰਾਣਾ ਢੰਗ ਤੁਹਾਨੂੰ ਖਿੱਚ ਰਿਹਾ ਹੈ। ਪਰ ਤੁਸੀਂ ਕੁਝ ਵੀ ਉਪਾਅ ਕਰੋ, ਤੁਸੀਂ ਪਸ਼ੂ ਨਹੀਂ ਹੋ ਸਕਦੇ। ਅਤੀਤ ਵਿਚ ਪਰਤਣ ਦੀ ਕੋਈ ਸੰਭਾਵਨਾ ਨਹੀਂ ਹੈ। ਪਿਛੇ ਯਾਤਰਾ ਹੁੰਦੀ ਹੀ ਨਹੀਂ। ਜਵਾਨ ਕਿੰਨਾ ਹੀ ਸੋਚੇ ਕਿ ਮੈਂ ਬੱਚਾ ਹੋ ਜਾਵਾਂ, ਹੁਣ ਨਹੀਂ ਹੋ ਸਕਦਾ। ਅਤੇ ਬੁੱਢਾ ਕਿੰਨਾ ਹੀ ਸੋਚੇ ਕਿ ਮੈਂ ਜਵਾਨ ਹੋ ਜਾਵਾਂ, ਹੁਣ ਨਹੀਂ ਹੋ ਸਕਦਾ। ਮੁਰਦਾ ਕਿੰਨਾ ਹੀ ਸੋਚੇ ਕਿ ਮੈਂ ਜਿਉਂ ਜਾਵਾਂ, ਹੁਣ ਨਹੀਂ ਹੋ ਸਕਦਾ। ਪਿਛੇ ਪਰਤਣਾ ਹੁੰਦਾ ਹੀ ਨਹੀਂ। ਜਿਥੋਂ ਤੋਂ ਅਸੀਂ ਗੁਜ਼ਰ ਚੁੱਕੇ, ਗੁਜ਼ਰ ਚੁੱਕੇ। ਹੁਣ ਉਥੇ ਜਾਣਾ ਕਦੇ ਨਹੀਂ ਹੋਵੇਗਾ, ਲੇਕਿਨ ਚਾਹਨਾ ਬਣੀ ਰਹਿੰਦੀ ਹੈ। ਇਸਲੇਈ ਤਾਂ ਲੋਕ ਜਵਾਨ ਵੀ ਹੋ ਜਾਂਦੇ ਹਨ, ਬੁੱਢੇ ਵੀ ਹੋ ਜਾਂਦੇ ਹਨ, ਤਾਂ ਵੀ ਬਚਪਨ ਦੇ ਗੀਤ ਗਾਉਂਦੇ ਹਨ। ਕਹਿੰਦੇ ਹਨ, 'ਅਹਾ! ਕਿੰਨੇ ਸੁੰਦਰ ਦਿਨ ਸਨ ਉਹ!' ਇਹ ਗੱਲ ਮੂਰ੍ਹਤਾਪੂਰਨ ਹੈ। ਮੂਰ੍ਹਤਾਪੂਰਨ ਇਸਲਈ ਹੈ ਕਿ ਜੇਕਰ ਬਚਪਨ ਸੁੰਦਰ ਸੀ, ਤਾਂ ਫਿਰ ਬਾਕੀ ਜੀਵਨ ਤੁਸੀਂ ਕੀ ਕਰਦੇ ਰਹੇ? ਸੁੰਦਰਤਾ ਨੂੰ ਨਿਖਾਰਿਆ ਨਹੀਂ? ਸੁੰਦਰਤਾ ਨੂੰ ਸੰਵਾਰਿਆ ਨਹੀਂ? ਉਸ ਸੁੰਦਰਤਾ ਨੂੰ ਨਵੇਂ-ਨਵੇਂ ਆਯਾਮ, ਨਵੀਆਂ-ਨਵੀਆਂ ਉਚਾਈਆਂ ਨਹੀਂ ਦਿਤੀਆਂ? ਤਾਂ ਫਿਰ ਕਰਦੇ ਕੀ ਰਹੇ ਜੀਵਨ-ਭਰ?

ਲੋਕ ਕਹਿੰਦੇ ਹਨ : ਬਚਪਨ ਵਿਚ ਕੈਸਾ ਸੁਖ ਸੀ! ਤਾਂ ਬਾਕੀ ਸਮਾਂ ਤੁਸੀਂ ਕੀ ਕੀਤਾ? ਸੁਖ ਦੀ ਸੰਪਦਾ ਲੈ ਕੇ ਆਏ ਸੀ, ਉਸਨੂੰ ਵਧਾਉਣਾ ਸੀ, ਕੁਝ ਹੋਰ ਸੁਖ ਕਮਾਉਣਾ ਸੀ! ਉਸ ਸੁਖ ਨੂੰ ਹੋਰ ਸੂਖਮ ਬਨਾਉਣਾ ਸੀ। ਉਹ ਤਾਂ ਕੁਝ ਕੀਤਾ ਨਹੀਂ, ਉਲਟੇ ਉਸਨੂੰ ਗੰਵਾ ਬੈਠੇ। ਤਾਂ ਪਿਛੇ ਦੀ ਚਾਹਨਾ ਬਣੀ ਰਹਿੰਦੀ ਹੈ—ਫਿਰ ਬੱਚੇ ਹੋ ਜਾਈਏ, ਫਿਰ ਉਹੋ-ਜਿਹੇ ਹੀ ਦਿਨ ਹੋਣ। ਇਉਂ ਲੋਕ ਬੀਤੇ ਸਮੇਂ ਦਾ ਚੇਤਾ ਕਰਦੇ ਹਨ ਕਿ ਕੇਹੇ ਪਿਆਰੇ ਦਿਨ ਸਨ—ਜੋ ਬੀਤ ਗਏ! ਬੀਤੇ ਦਿਨ ਸਦਾ ਪਿਆਰੇ ਮਲੂਮ ਹੁੰਦੇ ਹਨ। ਸੋਨੇ ਦੇ ਮਲੂਮ ਹੁੰਦੇ ਹਨ। ਰਾਮਰਾਜ ਸੀ। ਸਤਜੁਗ ਸੀ।

ਲੋਕ ਬੈਠ ਕੇ ਚਰਚਾ ਕਰਦੇ ਹਨ ਬੀਤੇ ਦਿਨਾਂ ਦੀ। ਇਹ ਪਿਛੇ ਮੁੜਨ ਦੀ ਚਾਹਨਾ ਹੈ। ਸ਼ਰਾਬੀ ਵੀ ਉਹੀ ਕਰ ਰਿਹਾ ਹੈ। ਜ਼ਰਾ ਸਥੂਲ ਢੰਗ ਨਾਲ ਕਰ ਰਿਹਾ ਹੈ। ਉਹ ਇਹ ਕਹਿੰਦਾ ਹੈ, ਸਾਥੋਂ ਤਾਂ ਨਹੀਂ ਹੁੰਦਾ ਮੁੜਨਾ, ਲੇਕਿਨ ਸ਼ਰਾਬ ਦੇ ਸਹਾਰੇ ਮੁੜ ਜਾਵਾਂਗਾ। ਪੀ ਲਵਾਂਗਾ ਸ਼ਰਾਬ, ਭੁੱਲ ਜਾਵਾਂਗਾ ਆਦਮੀਅਤ, ਭੁੱਲ ਜਾਵਾਂਗਾ ਆਦਮੀਅਤ ਦੀ ਚਿੰਤਾ, ਖੋਜ, ਪਰੇਸ਼ਾਨੀ, ਭੁੱਲ ਜਾਵਾਂਗਾ ਸਾਰੇ ਉਪੱਦਰ, ਜਾਲ, ਮੁੜ ਜਾਵਾਂਗਾ, ਡਿਗ ਪਵਾਂਗਾ ਨਾਲੀ ਵਿਚ, ਹੋ ਜਾਵਾਂਗਾ ਪੱਥਰ ਵਾਂਗ, ਜਾਂ ਬਿਰਛ ਵਾਂਗ, ਜਾਂ ਪੌਦਿਆਂ ਵਾਂਗ, ਜੀ ਲਵਾਂਗਾ ਥੋੜ੍ਹੀ ਦੇਰ ਕੁਦਰਤ ਨੂੰ। ਐਪਰ ਵਾਪਸ ਮੁੜਨਾ ਪਏਗਾ, ਸ਼ਰਾਬ ਥੋੜ੍ਹੀ-ਬਹੁਤ ਦੇਰ ਦੀ ਖ਼ਾਤਰ ਬੇਹੋਸ਼ ਕਰ ਦੇਵੇ, ਫਿਰ ਹੋਸ਼ ਵਿਚ ਆਉਣਾ ਪਏਗਾ। ਥੋੜ੍ਹੀ-ਬਹੁਤ ਦੇਰ ਲਈ ਭੁਲੇਖਾ ਹੋ ਸਕਦਾ ਹੈ। ਅਸਲ ਵਿਚ ਅਸਲ ਸਥਿਤੀ ਨਹੀਂ ਬਦਲਦੀ। ਫਿਰ ਵਾਪਸ ਉਥੇ-ਈ ਮਝਧਾਰ ਵਿਚ।

ਆਦਮੀ ਦੀ ਅਸਲੀ ਖੋਜ ਇਸਲਈ ਇਕ ਹੀ ਹੈ ਕਿ ਉਸ ਪਾਰ ਕਿਵੇਂ ਪਹੁੰਚਾਂ। ਇਕ ਗੱਲ ਦਾ ਮੈਨੂੰ ਪਤਾ ਹੈ

ਕਿ ਮੈਂ ਹਾਂ, ਹੁਣ ਮੈਨੂੰ ਦੂਜੀ ਗੱਲ ਦਾ ਕਿਵੇਂ ਪਤਾ ਹੋ ਜਾਵੇ ਕਿ ਮੈਂ ਕੌਣ ਹਾਂ। ਉਸ ਦੂਜੀ ਗੱਲ ਦੇ ਪਤੇ ਵਿਚ ਹੀ ਸਾਰੇ ਧਰਮਾਂ ਦਾ ਜਨਮ ਹੋਇਆ ਹੈ—ਉਸ ਦੂਜੀ ਖੋਜ ਨਾਲ ਹੀ। 'ਮੈਂ ਕੌਣ ਹਾਂ' ਦਾ ਜਵਾਬ ਮਿਲ ਜਾਵੇ, ਤਾਂ ਸਭ ਮਿਲ ਗਿਆ। ਕਿਉਂਕਿ ਉਸ ਜਵਾਬ ਵਿਚ ਹੀ ਪਰਮਾਤਮਾ ਦਾ ਅਨੁਭਵ ਹੋ ਜਾਂਦਾ ਹੈ।

ਤੁਸੀਂ ਪਰਮਾਤਮਾ ਹੋ। ਤੱਤੁਮਸਿ ! ਤੁਸੀਂ ਖ਼ੁਦ ਬ੍ਰਹਮ ਹੋ। ਸੁੱਤੇ ਹੋਏ। ਭਟਕੇ ਹੋਏ ਭੁੱਲੇ ਹੋਏ। ਆਪਣੇ—ਆਪ ਤੋਂ ਨਾਵਾਕਫ਼। ਬਾਹਰ—ਬਾਹਰ ਦੌੜਦੇ ਰਹੇ ਹੋ। ਅੰਦਰ ਜਾਣ ਦਾ ਰਾਹ ਭੁੱਲ ਗਿਆ। ਇਹ ਦਰ—ਦਰਵਾਜ਼ੇ ਇੰਨੇ ਦਿਨਾਂ ਤੋਂ ਨਹੀਂ ਖੋਲ੍ਹੇ ਹਨ ਕਿ ਜੰਗਾਲ ਲੱਗ ਗਿਆ ਹੈ। ਜਾਂ ਚਾਬੀਆਂ ਖੋ ਗਈਆਂ ਹਨ, ਤਾਲੇ ਖੁਲ੍ਹਦੇ ਨਹੀਂ ਹਨ। ਜਾਂ ਅੰਦਰ ਇੰਨਾ ਹਨੇਰਾ ਹੋ ਗਿਆ ਹੈ, ਕਿਉਂਕਿ ਪਤਾ ਨਹੀਂ ਕਿੰਨੀਆਂ ਸਦੀਆਂ ਤੋਂ ਤੁਸੀਂ ਦੀਵਾ ਨਹੀਂ ਜਗਾਇਆ ਉਥੇ, ਕਿ ਹੁਣ ਅੰਦਰ ਜਾਣ 'ਚ ਡਰ ਲਗਦਾ ਹੈ।

ਮੈਂ ਕੌਣ ਹਾਂ, ਇਹ ਮਨੁੱਖ ਦਾ ਇਕੋ—ਇਕ ਸਵਾਲ ਹੈ। ਇਹੀ ਉਸਦੀ ਇਕੋ—ਇਕ ਖੋਜ ਹੈ। ਇਸੇ ਖੋਜ ਨਾਲ ਫਿਰ ਅਨੰਦ ਦੇ ਝਰਨੇ ਵਗਦੇ ਹਨ। ਇਹ ਖੋਜ ਜਿਸ ਦਿਨ ਪੂਰੀ ਹੋ ਜਾਂਦੀ ਹੈ, ਉਸੇ ਦਿਨ ਤੁਹਾਨੂੰ ਉਹ ਸਭ ਮਿਲ ਜਾਂਦਾ ਹੈ—ਜੋ ਪਸ਼ੂਆਂ ਨੂੰ ਹੈ। ਜੋ ਪੰਛੀਆਂ ਨੂੰ ਹੈ, ਚੰਦ—ਤਾਰਿਆਂ ਨੂੰ ਹੈ—ਅਤੇ ਨਾਲ ਹੀ ਕੁਝ ਹੋਰ ਮਿਲ ਜਾਂਦਾ ਹੈ, ਜੋ ਉਹਨਾਂ ਕੋਲ ਨਹੀਂ ਹੈ। ਨਾਲ ਪ੍ਰਕਾਸ਼ ਮਿਲ ਜਾਂਦਾ ਹੈ। ਨਾਲ ਹੀ ਹੋਸ਼ ਮਿਲ ਜਾਂਦਾ ਹੈ। ਇਸਲਈ ਇਸ ਅਵਸਥਾ ਨੂੰ ਅਸੀਂ ਬੁੱਧਤਵ ਕਿਹਾ ਹੈ। ਬੋਧ ਮਿਲ ਜਾਂਦਾ ਹੈ।

ਬੁੱਧ ਵੀ ਉਸੇ ਅਨੰਦ ਵਿਚ ਹਨ ਜਿਸ ਵਿਚ ਕੁਦਰਤ ਲਿਵਲੀਨ ਹੈ। ਅੰਪਰ ਕੁਦਰਤ ਮੂਰਛਤ ਹੈ, ਬੁੱਧ ਹੋਸ਼ ਨਾਲ ਭਰੇ ਹਨ। ਅਤੇ ਹੋਸ਼ ਦਾ ਅਨੰਦ ਗੁਣਾਤਮਕ ਰੂਪ ਨਾਲ ਭਿੰਨ ਹੋ ਜਾਂਦਾ ਹੈ। ਤੁਹਾਨੂੰ ਕੋਈ ਕਲੋਰੋਫਾਰਮ ਦੇ ਦੇਵੇ, ਅਤੇ ਫਿਰ ਸਟ੍ਰੇਚਰ 'ਤੇ ਤੁਹਾਨੂੰ ਬਗੀਚੇ ਵਿਚ ਲੈ ਜਾਇਆ ਜਾਵੇ, ਘੁਮਾਇਆ ਜਾਵੇ, ਹਵਾਵਾਂ ਆਉਣਗੀਆਂ ਤਾਜ਼ੀਆਂ, ਪੰਛੀਆਂ ਦੇ ਗੀਤ ਵੀ ਉਠਣਗੇ, ਸ਼ਾਇਦ ਦੂਰ ਮੂਰਛਾ ਵਿਚ ਦਬੇ ਹੋਏ ਕਿਤੇ—ਕਿਤੇ ਕੁਝ ਬੋਲ ਵੀ ਸੁਣਾਈ ਪੈਣਗੇ—ਟੁੱਟੇ—ਫੁੱਟੇ। ਫੁੱਲਾਂ ਦੀ ਮਹਿਕ ਆਏਗੀ, ਨਾਸਾਂ ਨੂੰ ਛੋਹੇਗੀ। ਸ਼ਾਇਦ ਥੋੜ੍ਹੀ—ਜਿਹੀ ਯਾਦ ਵੀ ਸਰਕਦੀ ਹੋਈ ਅੰਦਰ ਪਹੁੰਚ ਜਾਏਗੀ। ਹਾਲਾਂਕਿ ਤੁਸੀਂ ਬਗੀਚੇ ਵਿਚ ਲੈ ਜਾਏ ਜਾ ਰਹੇ ਹੋ, ਪਰ ਇਹ ਵੀ ਕੋਈ ਲੈ ਜਾਣਾ ਹੋਇਆ ? ਫਿਰ ਇਕ ਦਿਨ ਤੁਸੀਂ ਹੋਸ਼ ਨਾਲ ਬਗੀਚੇ ਵਿਚ ਆਉ। ਬਿਰਛਾਂ ਦੇ ਨਾਲ ਨੱਚੋ, ਪੰਛੀਆਂ ਦੇ ਨਾਲ ਗੀਤ ਗਾਉ, ਫੁੱਲਾਂ ਨਾਲ ਦੋਸਤੀ ਕਰੋ, ਨਾਸਾਂ ਤੁਹਾਡੀਆਂ ਸੁਗੰਧ ਨਾਲ ਭਰਨ, ਤਾਜ਼ੀ ਹਵਾ ਤੁਹਾਨੂੰ ਝੁਲਾਏ, ਤੁਸੀਂ ਮਗਨ ਹੋ ਕੇ ਨੱਚੋ ਉਸ ਬਗੀਚੇ ਵਿਚ, ਉਹ ਠੰਡੀਆਂ ਹਵਾਵਾਂ ਤੁਹਾਡੇ ਤਨ—ਮਨ ਨੂੰ ਸੀਤਲ ਕਰਨ—ਇਸ ਵਿਚ ਅਤੇ ਪੁਰਾਣੀ ਯਾਤਰਾ ਵਿਚ ਫ਼ਰਕ ਹੋਵੇਗਾ ਜਾਂ ਨਹੀਂ? ਸਟ੍ਰੇਚਰ 'ਤੇ ਲਿਆਏ ਗਏ ਸੀ। ਕਲੋਰੋਫਾਰਮ ਦਿਤਾ ਹੋਇਆ ਸੀ। ਗੁਜ਼ਰੇ ਇਥੋਂ ਹੀ ਤੋਂ ਸੀ। ਅੰਪਰ ਹੁਣ ਜੋ ਗੁਜ਼ਰ ਰਹੇ ਹੋ ਹੋਸ਼ ਨਾਲ ਭਰ ਕੇ, ਇਸ ਵਿਚ ਅਤੇ ਉਸ ਵਿਚ ਕੁਝ ਫ਼ਰਕ ਹੈ—ਥਾਂ ਇਕ ਹੈ, ਲੇਕਿਨ ਹਾਲਤ ਭਿੰਨ ਹੈ।

ਇਸਲਈ ਪਤੰਜਲੀ ਨੇ ਆਪਣੇ ਯੋਗਸੂਤਰਾਂ ਵਿਚ ਕਿਹਾ ਹੈ ਕਿ ਗੂਹੜੀ ਨੀਂਦ ਅਤੇ ਸਮਾਧੀ ਵਿਚ ਥੋੜ੍ਹਾ-ਜਿਹਾ ਹੀ ਫਰਕ ਹੈ। ਦੋਹਾਂ ਹੀ ਹਾਲਤਾਂ ਵਿਚ ਆਦਮੀ ਪਰਮਾਤਮਾ ਵਿਚ ਲੀਨ ਹੁੰਦਾ ਹੈ। ਤੁਸੀਂ ਰੋਜ਼ ਆਪਣੀ ਗਹਿਰੀ ਗੂਹੜੀ ਨੀਂਦ ਵਿਚ ਪਰਮਾਤਮਾ ਵਿਚ ਲੀਨ ਹੋ ਜਾਂਦੇ ਹੋ। ਇਸੇਲਈ ਤਾਂ ਗੂਹੜੀ ਨੀਂਦ ਤੁਹਾਨੂੰ ਤਾਜ਼ਾ ਕਰ ਜਾਂਦੀ ਹੈ। ਮੂਲ ਸੋਮੇ ਨਾਲ ਜੁੜ ਗਏ, ਇਕ ਟੁੱਭੀ ਮਾਰ ਲਈ ਪਰਮਾਤਮਾ ਵਿਚ। ਹਾਲਾਂਕਿ ਬੇਹੋਸ਼ ਹੈ ਟੁੱਭੀ, ਕੁਝ ਪਤਾ ਨਹੀਂ ਕੀ ਹੋ ਰਿਹਾ ਹੈ, ਲੇਕਿਨ ਸਵੇਰੇ, ਜਿਸ ਦਿਨ ਰਾਤੀਂ ਗੂਹੜੀ ਨੀਂਦ ਆਈ ਹੋਵੇ, ਸੁਫਨੇ-ਰਹਿਤ ਨੀਂਦ ਆ ਗਈ ਹੋਵੇ, ਉਠ ਕੇ ਤੁਸੀਂ ਕਹਿੰਦੇ ਹੋ : ਬੜਾ ਅਨੰਦ! ਬੜੀ ਤਾਜ਼ਗੀ! ਬੜੀ ਜਾਨਦਾਰੀ! ਮੁੜ-ਜੀਂਦੇ ਹੋਏ ਜਿਵੇਂ! ਸਭ ਥਕਾਵਟ ਗਈ, ਸਭ ਹਾਰਿਆਪਣ ਗਿਆ, ਸਭ ਦੁਖ ਗਿਆ-ਜਿਵੇਂ ਫਿਰ ਤੋਂ ਤੁਸੀਂ ਨਵੇਂ ਹੋ ਕੇ ਮੁੜੇ ਹੋ! ਕੌਣ ਕਰ ਗਿਆ ਨਵਾਂ? ਕਿਹੜਾ ਜਾਦੂ ਤੁਹਾਨੂੰ ਨਵਾਂ ਕਰ ਗਿਆ ਹੈ? ਤੁਹਾਨੂੰ ਕੁਝ ਪਤਾ ਨਹੀਂ। ਹੁਣ ਹੋਸ਼ ਆਇਆ ਹੈ ਤਾਂ ਯਾਦ ਆਉਂਦਾ ਹੈ ਇੰਨਾ ਹੀ ਸਿਰਫ, ਕਿ ਰਾਤ ਗੂਹੜੀ ਨੀਂਦ ਸੀ। ਸੁਫਨਿਆਂ ਦੀਆਂ ਗਹਿਰੀਆਂ ਤਰੰਗਾਂ ਵੀ ਨਹੀਂ ਸਨ। ਸੁਫਨੇ ਦੀਆਂ ਤਰੰਗਾਂ ਨਹੀਂ ਸਨ, ਇਸਦਾ ਮਤਲਬ ਸੀ ਕਿ ਮਨ ਬਿਲਕੁਲ ਸ਼ਾਂਤ ਹੋ ਗਿਆ ਸੀ। ਕੋਈ ਵਿਚਾਰ ਨਹੀਂ ਉਠ ਰਹੇ ਸਨ। ਸਮਾਧੀ ਲੱਗ ਗਈ ਸੀ। ਐਪਰ ਸਮਾਧੀ ਮੂਰਛਤ ਸੀ। ਇਹੀ ਸਮਾਧੀ ਬੁੱਧ ਨੂੰ ਲੱਗੀ, ਇਹੀ ਮੀਰਾ ਨੂੰ ਲੱਗੀ, ਇਹੀ ਕਬੀਰ ਨੂੰ, ਇਹੀ ਦਾਦੂ ਨੂੰ, ਇਹੀ ਰੱਜਬ ਨੂੰ, ਇਹੀ ਸੁੰਦਰਦਾਸ ਨੂੰ-ਐਪਰ ਹੋਸ਼ਪੂਰਵਕ ਲੱਗੀ। ਗਏ ਇਸੇ ਅਵਸਥਾ ਵਿਚ-ਤਰੰਗ ਰਹਿਤ, ਵਿਚਾਰ-ਰਹਿਤ, ਮਨ ਰਹਿਤ-ਇਸੇ ਅ-ਮਨੀ ਦਸ਼ਾ ਵਿਚ ਗਏ, ਪਰ ਹੋਸ਼ ਕਾਇਮ ਰਿਹਾ। ਜਾਗੇ-ਜਾਗੇ ਰਹੇ। ਦੇਖਦੇ ਰਹੇ, ਕੀ ਹੋ ਰਿਹਾ ਹੈ। ਵਿਚਾਰ ਜਾ ਰਹੇ ਹਨ, ਦੇਖਦੇ ਰਹੇ। ਵਿਚਾਰ ਘਟ ਹੁੰਦੇ ਜਾ ਰਹੇ ਹਨ, ਦੇਖਦੇ ਰਹੇ। ਵਿਚਾਰ ਨਹੀਂ ਰਹੇ, ਦੇਖਦੇ ਰਹੇ। ਵਿਚਾਰ ਖ਼ਤਮ ਹੋ ਗਏ, ਕੁਝ ਦਿਖਾਈ ਨਹੀਂ ਪੈਂਦਾ, ਐਪਰ ਦੇਖਣ ਵਾਲਾ ਮੌਜੂਦ ਰਿਹਾ। ਕੁਝ ਦਿਖਾਈ ਨਹੀਂ ਪੈਂਦਾ, ਕੋਈ ਵਿਸ਼ਾ-ਵਸਤੂ ਮੌਜੂਦ ਨਾ ਰਹੀ, ਪਰਦਾ ਬਿਲਕੁਲ ਖਾਲੀ ਹੋ ਗਿਆ-ਪਰ ਦੇਖਣ ਵਾਲਾ ਜਾਗਿਆ ਰਿਹਾ, ਜਾਗਿਆ ਰਿਹਾ, ਜਾਗਿਆ ਰਿਹਾ। ਆਖ਼ਰੀ ਸਿਰੇ ਤਕ ਟੁੱਭੀ ਲਾਈ, ਤਲੇ ਤਕ ਉਤਰ ਗਏ, ਗਹਿਰਾਈ ਤੋਂ ਗਹਿਰਾਈ ਵਿਚ ਪਹੁੰਚ ਗਏ-ਪਰ ਜਾਗੇ ਰਹੇ, ਜਾਗੇ ਰਹੇ, ਦੇਖਦੇ ਰਹੇ, ਦੇਖਦੇ ਰਹੇ। ਤਦ ਜੋ ਮੁੜਨਾ ਹੁੰਦਾ ਹੈ, ਬੁੱਧ ਹੋ ਕੇ ਮੁੜੇ। ਫਿਰ ਗਈ ਸਾਰੀ ਚਿੰਤਾ, ਫਿਰ ਗਈ ਸਾਰੀ ਬੇਚੈਨੀ, ਕਿਉਂਕਿ ਹੁਣ ਮਝਧਾਰ ਵਿਚ ਨਾ ਰਹੇ।

ਆਦਮੀ ਵਿਚਕਾਰ ਵਿਚ ਹੈ। ਆਦਮੀ ਸੰਕ੍ਰਮਣ ਦੀ ਅਵਸਥਾ ਵਿਚ ਹੈ। ਇਸਲਈ ਆਦਮੀ ਵਿਚ ਤਣਾਅ ਹੈ। ਤਣਾਅ ਦਾ ਮਤਲਬ ਇੰਨਾ ਹੈ ਕਿ ਆਦਮੀ ਹੋ ਰਿਹਾ ਹੈ। ਕੁਝ ਹੋਣ ਦੇ ਰਾਹ 'ਤੇ ਹੈ। ਅਜੇ ਹੋ ਨਹੀਂ ਗਿਆ ਹੈ। ਯਾਤਰਾ ਚੱਲ ਰਹੀ ਹੈ, ਅਜੇ ਮੰਜ਼ਲ ਮਿਲ ਨਹੀਂ ਗਈ ਹੈ। ਇਸਲਈ ਆਖ਼ਰੀ ਖੋਜ, ਤੂੰ ਪੁੱਛਦਾ ਹੈਂ, ਕੀ ਹੈ? ਪਹਿਲੀ ਕਹੋ, ਚਾਹੇ ਆਖ਼ਰੀ ਕਹੋ, ਖੋਜ ਇਕ ਹੈ-ਕਿ ਆਦਮੀ ਜਾਣਨਾ ਚਾਹੁੰਦਾ ਹੈ ਕਿ ਮੈਂ ਕੌਣ ਹਾਂ? ਮੇਰਾ ਸੁਭਾਅ ਕੀ ਹੈ? ਉਸ ਸੁਭਾਅ ਨੂੰ ਜਾਣਨ ਨਾਲ ਪ੍ਰਾਲੱਬਧ ਦਾ ਪਤਾ ਲੱਗ ਜਾਏਗਾ। ਕਿਉਂਕਿ ਜੋ ਸੁਭਾਅ ਹੈ ਉਹੀ ਪ੍ਰਾਲਬੱਧ ਹੈ। ਮੇਰਾ

ਮੂਲ–ਸੋਮਾ ਕੀ ਹੈ, ਉਸ ਜਾਣਨ ਨਾਲ ਮੇਰੀ ਮੰਜ਼ਲ ਕੀ ਹੈ, ਇਹ ਵੀ ਪਤਾ ਲੱਗ ਜਾਏਗਾ। ਕਿਉਂਕਿ ਆਖ਼ਰਕਾਰ ਮੂਲ ਸੋਮਾ ਹੀ ਮੰਜ਼ਲ ਹੈ। ਅਤੇ ਜਿਸਨੇ ਜਾਣਿਆਂ ਕਿ ਮੈਂ ਕੌਣ ਹਾਂ, ਜਿਸਦੇ ਅੰਦਰ ਆਤਮਗਿਆਨ ਦਾ ਦੀਵਾ ਜਗਿਆ, ਉਸਨੇ ਅਨੰਦ ਵੀ ਜਾਣਿਆਂ, ਸਚਿੱਦਾਨੰਦ ਜਾਣਿਆ।

ਆਗੋਸ਼ ਮੇਂ ਆ ਕਿ ਜ਼ਿੰਦਗਾਨੀ ਕਰ ਲੂੰ
ਕੁਝ ਰੋਜ਼ ਖ਼ੁਸ਼ੀ ਸੇ ਜ਼ਿੰਦਗਾਨੀ ਕਰ ਲੂੰ
ਏਕ ਜਾਮ ਮਏ–ਤਰਬ ਪਿਲਾ ਦੇ ਸਾਕੀ
ਫ਼ਾਨੀ ਹੈ ਹਯਾਤ ਜਾਵਿਦਾਨੀ ਕਰ ਲੂੰ

ਜ਼ਿੰਦਗੀ ਛਿਨਭੰਗਰ ਹੈ। ਹੁਣ ਗਈ ਕਿ ਤਦ ਗਈ। ਮੌਤ ਆਉਂਦੀ ਹੀ ਚਲੀ ਜਾਂਦੀ ਹੈ। ਅਤੇ ਆਪਣਾ ਪਤਾ ਨਹੀਂ ਹੈ। ਇਸਲਈ ਮਿਟਣ ਦਾ ਭੈ ਭਰਿਆ ਹੋਇਆ ਹੈ। ਮੌਤ ਪੈਰ ਡਗਮਗਾ ਰਹੀ ਹੈ।

ਕੀ ਹੈ ਖੋਜ ਆਦਮੀ ਦੀ? ਖੋਜ ਹੈ ਕਿ ਕਿਸੇ ਤਰ੍ਹਾਂ ਅੰਮ੍ਰਿਤ ਨੂੰ ਜਾਣ ਲਈਏ। ਫ਼ਾਨੀ ਹੈ ਹਯਾਤ...। ਜ਼ਿੰਦਗੀ ਛਿਨਭੰਗਰ ਹੈ।... ਜਾਵਿਦਾਨੀ ਕਰ ਲੂੰ। ਇਸਨੂੰ ਕਿਵੇਂ ਅਮਰ ਕਰ ਲਵਾਂ? ਆਗੋਸ਼ ਮੇਂ ਆ ਕਿ ਜ਼ਿੰਦਗਾਨੀ ਕਰ ਲੂੰ। ਅਤੇ ਪਰਮਾਤਮਾ ਤੁਹਾਡੀ ਗੋਦ ਵਿਚ ਹੋਵੇ ਅਤੇ ਤੁਸੀਂ ਪਰਮਾਤਮਾ ਦੀ ਗੋਦ ਵਿਚ ਹੋਵੋ, ਤਾਂ ਹੀ ਜ਼ਿੰਦਗੀ ਮਿਲੀ, ਨਹੀਂ ਤਾਂ ਬਸ ਜ਼ਿੰਦਗੀ ਨਾਂ ਦੀ ਹੀ ਸੀ, ਕੰਮ ਦੀ ਨਹੀਂ ਸੀ। ਉਸ ਵਿਚ ਕੁਝ ਅਰਥ ਨਹੀਂ ਸੀ, ਰੌਲਾ–ਰੱਪਾ ਬਹੁਤ ਸੀ।

ਆਗੋਸ਼ ਮੇਂ ਆ ਕਿ ਜ਼ਿੰਦਗਾਨੀ ਕਰ ਲੂੰ
ਕੁਛ ਰੋਜ਼ ਖ਼ੁਸ਼ੀ ਸੇ ਜ਼ਿੰਦਗਾਨੀ ਕਰ ਲੂੰ
ਏਕ ਜਾਮ ਮਏ–ਤਰਬ ਪਿਲਾ ਦੇ ਸਾਕੀ

ਸਾਧਕ, ਭਗਤ ਪਰਮਾਤਮਾ ਨੂੰ ਕਹਿੰਦਾ ਹੈ ਕਿ ਜ਼ਰਾ–ਕੁ ਪਾ ਦੇ, ਮੇਰੇ ਗਲੇ ਵਿਚ ਥੋੜ੍ਹੀ–ਜਿਹੀ ਉਤਾਰ ਦੇ ਸੱਚ ਦੀ ਸ਼ਰਾਬ। ਏਕ ਜਾਮ ਮਏ–ਤਰਬ ਪਿਲਾ ਦੇ ਸਾਕੀ! ਜੀਵਨ ਦਾ ਇਕ ਪਿਆਲਾ ਮੈਨੂੰ ਪਿਆ ਦੇ। ਫ਼ਾਨੀ ਹੈ ਹਯਾਤ, ਜਾਵਿਦਾਨੀ ਕਰ ਲੂੰ। ਇਹ ਤਾਂ ਜੋ ਮੈਂ ਹੁਣ ਤਕ ਜਾਣਿਆਂ ਹੈ, ਛਿਨਭੰਗਰ ਹੈ, ਪਾਣੀ ਦਾ ਬੁਲਬੁਲਾ ਹੈ, ਇਹ ਤਾਂ ਮਿਟਿਆ–ਮਿਟਿਆ, ਇਸਨੂੰ ਮੈਂ ਸੰਭਾਲ ਨਾ ਸਕਾਂਗਾ। ਕੋਈ ਕਦੇ ਸੰਭਾਲ ਨਹੀਂ ਸਕਿਆ, ਮੈਂ ਉਸਨੂੰ ਜਾਣ ਲੈਣਾ ਚਾਹੁੰਦਾ ਹਾਂ ਜੋ ਅੰਮ੍ਰਿਤ ਹੈ ਅਤੇ ਕਦੇ ਨਹੀਂ ਮਿਟਦਾ ਹੈ।

ਅਤੇ ਉਸਨੂੰ ਜਾਣਨ ਦੇ ਲਈ ਮਰਨ ਤਕ ਰੁਕੇ ਰਹਿਣਾ। ਜ਼ਿੰਦਗੀ ਵਿਚ ਹੀ ਜਾਣਨਾ ਹੈ, ਹੁਣੇ ਜਾਣਨਾ ਹੈ, ਇਥੇ–ਈ ਜਾਣਨਾ ਹੈ–ਕਲ੍ਹ 'ਤੇ ਵੀ ਨਾ ਟਾਲਣਾ, ਕਿਉਂਕਿ ਕਲ੍ਹ ਦਾ ਕੋਈ ਭਰੋਸਾ ਨਹੀਂ। ਕਲ੍ਹ ਕਦੇ ਆਉਂਦਾ ਹੈ? ਕਲ੍ਹ ਸਿਰਫ ਭਰਮਾਉਂਦਾ ਹੈ। ਅਤੇ ਲੋਕ ਕਲ੍ਹ 'ਤੇ ਟਾਲੀ ਚਲੇ ਜਾਂਦੇ ਹਨ।

ਇਕ ਮਿੱਤਰ ਨੇ ਸਵਾਲ ਪੁਛਿਆ ਹੈ ਕਿ ਤੁਸੀਂ ਮੈਨੂੰ ਬਹੁਤ ਝੰਜਟ ਵਿਚ ਪਾ ਦਿਤਾ। ਮੈਂ ਤਾਂ ਸੋਚਦਾ ਸੀ ਜ਼ਿੰਦਗੀ

ਦੇ ਅੰਤ ਵਿਚ ਕਰ ਲਵਾਂਗੇ ਯਾਦ ਪਰਮਾਤਮਾ ਦੀ। ਸੋਚਦਾ ਸੀ ਕਿ ਮਰਦੇ ਸਮੇਂ ਜੇਕਰ ਨਾਂ ਵੀ ਲੈ ਲਵਾਂਗੇ ਤਾਂ ਮੁਕਤੀ ਹੋ ਜਾਏਗੀ।

ਸ਼ਾਸਤਰਾਂ ਵਿਚ ਕਹਾਣੀਆਂ ਹਨ ਅਜੇਹੀਆਂ, ਕਿ ਕਿਸੇ ਨੇ ਮਰਦੇ ਸਮੇਂ ਪਰਮਾਤਮਾ ਦਾ ਨਾਂ ਲੈ ਲਿਆ ਅਤੇ ਮੁਕਤ ਹੋ ਗਿਆ। ਅਜਾਮਿਲ ਦੀ ਕਹਾਣੀ ਤਾਂ ਤੁਸੀਂ ਜਾਣਦੇ ਹੀ ਹੋ, ਮਰਦੇ ਵਕਤ ਉਸਨੇ ਬੁਲਾਇਆ ਨਾਰਾਇਣ, ਨਾਰਾਇਣ। ਅਤੇ 'ਨਾਰਾਇਣ' ਨੂੰ ਨਹੀਂ ਬੁਲਾ ਰਿਹਾ ਸੀ, ਉਸਦੇ ਬੇਟੇ ਦਾ ਨਾਂ ਨਾਰਾਇਣ ਸੀ, ਲੇਕਿਨ ਉਪਰ ਵਾਲੇ ਨਾਰਾਇਣ ਧੋਖੇ ਵਿਚ ਆ ਗਏ। ਮਰ ਗਿਆ ਨਰਾਇਣ ਨੂੰ ਬੁਲਾਉਂਦਾ, ਸਿੱਧਾ ਬੈਕੁੰਠ ਗਿਆ।

ਕਿਹਨਾਂ ਚਾਲਬਾਜ਼ਾਂ ਨੇ, ਕਿਹਨਾਂ ਬੇਈਮਾਨਾਂ ਨੇ ਇਹ ਕਹਾਣੀਆਂ ਘੜੀਆਂ ਹੋਣਗੀਆਂ? ਕਿਹਨਾਂ ਧੋਖੇਬਾਜ਼ਾਂ ਨੇ? ਅਤੇ ਇਹਨਾਂ ਧੋਖੇਬਾਜ਼ਾਂ ਨੇ ਤੁਹਾਡੇ ਮਨ ਵਿਚ ਇਹ ਧਾਰਨਾ ਬਿਠਾ ਦਿਤੀ ਹੈ।...

...ਤਾਂ ਉਸ ਮਿੱਤਰ ਨੇ ਪੁਛਿਆ ਹੈ ਕਿ ਮੈਂ ਤਾਂ ਸੋਚਦਾ ਸੀ ਕਿ ਕਰ ਲਵਾਂਗੇ ਯਾਦ ਅੰਤ ਵਿਚ, ਕਰ ਲਵਾਂਗੇ ਭਜਨ–ਭਾਵ ਅੰਤ ਵਿਚ, ਅਜੇ ਕੀ ਪਈ ਹੈ? ਅਜੇ ਤਾਂ ਜ਼ਿੰਦਗੀ ਹੈ, ਜਿਉਂ ਲਈਏ। ਤੁਸੀਂ ਸਭ ਖਿੰਡ–ਖੱਪਰ ਕਰ ਦਿਤਾ। ਤੁਸੀਂ ਕਹਿੰਦੇ ਹੋ : ਹੁਣੇ ਜਾਂ ਕਦੇ ਨਹੀਂ। ਤੁਸੀਂ ਮੈਨੂੰ ਬੇਚੈਨ ਕਰ ਦਿਤਾ।

ਜ਼ਰੂਰ ਬੇਚੈਨੀ ਲੱਗੇਗੀ ਸ਼ੁਰੂ ਵਿਚ, ਕਿਉਂਕਿ ਤੁਸੀਂ ਇਕ ਸੁਫਨੇ ਵਿਚ ਜਿਉਂ ਰਹੇ ਸੀ। ਅੰਪਰ ਇਹ ਬੇਚੈਨ ਹੋ ਜਾਣਾ ਬਿਹਤਰ ਹੈ। ਇਹ ਸੁਫਨਾ ਟੁੱਟ ਜਾਏ ਤਾਂ ਬਿਹਤਰ ਹੈ। ਕੁਝ ਕਰ ਲਵੋ ਹੁਣੇ ਤਾਂ ਬਿਹਤਰ ਹੈ। ਹੁਣੇ ਬੁਲਾ ਲਵੋ ਉਸਨੂੰ ਆਪਣੇ ਆਗੋਸ਼ ਵਿਚ। ਹੁਣੇ ਤਲਾਸ਼ ਲਵੋ ਉਸਦੀ ਗੋਦ। ਹੁਣੇ ਮੰਗ ਲਵੋ ਉਸ ਤੋਂ, ਜਦ ਤਕ ਜ਼ਬਾਨ ਮੰਗ ਸਕਦੀ ਹੈ, ਜਦ ਤਕ ਜ਼ਬਾਨ ਲੜਖੜਾ ਨਹੀਂ ਗਈ ਹੈ। ਜਦ ਤਕ ਹਿਰਦਾ ਧੜਕ ਰਿਹਾ ਹੈ ਤਦ ਤਕ ਦੁਆਰ ਖੋਲ੍ਹ ਲਵੋ ਆਪਣੇ, ਉਸਨੂੰ ਨਿਉਂਦਾ ਦੇ ਦਿਉ।

ਅਜੇਹਾ ਨਾ ਸੋਚੋ ਕਿ ਜ਼ਿੰਦਗੀ–ਭਰ ਤਾਂ ਕੁਝ ਕਰਦੇ ਰਹੋਗੇ ਅਤੇ ਮਰਦੇ ਵਕਤ ਪਰਮਾਤਮਾ ਦਾ ਨਾਂ ਲੈ ਲਉਗੇ। ਮਰਦੇ ਵਕਤ ਤੁਹਾਡੀ ਜ਼ਿੰਦਗੀ–ਭਰ ਦਾ ਨਚੋੜ ਤੁਹਾਡੇ ਕੰਠ ਵਿਚ ਹੁੰਦਾ ਹੈ। ਜਿਸ ਆਦਮੀ ਨੇ ਧਨ ਖੋਜਿਆ ਹੈ, ਮਰਦੇ ਵਕਤ ਧਨ ਦੀ ਹੀ ਯਾਦ ਹੁੰਦੀ ਹੈ। ਲੋਕ ਕਹਿੰਦੇ ਹਨ, ਧਨੀ, ਕੰਜੂਸ, ਮੱਖੀਚੂਸ, ਮਰ ਕੇ ਆਪਣੇ ਗੱਡੇ ਧਨ ਉਤੇ ਸੱਪ ਬਣ ਕੇ ਬੈਠ ਜਾਂਦਾ ਹੈ। ਇਸ ਵਿਚ ਜ਼ਰੂਰ ਸੱਚਾਈ ਹੋਵੇਗੀ। ਇਹ ਗੱਲ ਮਨੋਵਿਗਿਆਨਕ ਮਲੂਮ ਪੈਂਦੀ ਹੈ। ਜੋ ਆਦਮੀ ਜ਼ਿੰਦਗੀ–ਭਰ ਆਪਣੇ ਦਬਾਏ ਧਨ ਦੀ ਹੀ ਰਾਖੀ ਕਰਦਾ ਰਿਹਾ, ਉਹ ਮਰਨ ਦੇ ਬਾਅਦ ਤੁਸੀਂ ਸੋਚਦੇ ਹੋ, ਇੰਨਾ ਅਸਾਨੀ ਨਾਲ ਛੱਡ ਦੇਵੇਗਾ? ਜ਼ਿੰਦਗੀ–ਭਰ ਇਕ ਹੀ ਅਭਿਆਸ ਕੀਤਾ, ਅੱਸੀ ਸਾਲ ਤਕ ਇਕ ਹੀ ਅਭਿਆਸ ਕੀਤਾ ਆਪਣੇ ਧਨ 'ਤੇ ਪਹਿਰਾ ਦੇਣ ਦਾ। ਅੱਸੀ ਸਾਲ ਦਾ ਅਭਿਆਸ ਇਕਦਮ ਨਾਲ ਟੁੱਟ ਨਹੀਂ ਜਾਏਗਾ। ਅੱਸੀ ਸਾਲ ਦਾ ਸੰਸਕਾਰ! ਕਹਾਣੀ ਵਿਚ ਅਰਥ ਮਲੂਮ ਹੁੰਦਾ ਹੈ। ਮੁੜ ਆਏਗਾ ਸੱਪ ਬਣ ਕੇ, ਬੈਠ ਜਾਏਗਾ ਕੁੰਡਲ ਮਾਰ ਕੇ ਆਪਣੇ ਧਨ ਉਤੇ ਕਿ ਕੋਈ ਲੈ ਨਾ ਜਾਵੇ।

ਤੁਸੀਂ ਜ਼ਿੰਦਗੀ-ਭਰ ਇਕ ਕੰਮ ਕੀਤਾ, ਤੁਸੀਂ ਸੋਚ ਰਹੇ ਹੋ ਮਰਦੇ ਵਕਤ ਇਕਦਮ ਨਾਲ ਬਦਲ ਜਾਉਗੇ? ਜ਼ਿੰਦਗੀ ਵਿਚ ਨਹੀਂ ਬਦਲ ਸਕੇ, ਜਦ ਸ਼ਕਤੀ ਸੀ, ਅਤੇ ਜਦ ਸਾਰੀ ਸ਼ਕਤੀ ਜਾ ਰਹੀ ਹੋਵੇਗੀ, ਤਦ ਤੁਸੀਂ ਬਦਲ ਜਾਉਗੇ?

ਮੈਂ ਸੁਣਿਆ ਹੈ ਇਕ ਆਦਮੀ ਸੀ ਇਕ ਪਿੰਡ ਵਿਚ। ਚੰਪੂ ਨਾਈ ਉਸਦਾ ਨਾਂ ਸੀ। ਚੰਪੀ ਕਰਦਾ ਸੀ, ਚੰਪੂ ਉਸਦਾ ਨਾਂ ਸੀ। ਫਿਰ ਅਜ਼ਾਦੀ ਆਈ, ਉਹ ਨੇਤਾ ਬਣ ਗਿਆ। ਸਾਰੇ ਪਿੰਡ ਦੇ ਲੋਕ ਉਸਦੀ ਮਾਨਤਾ ਵੀ ਰਖਦੇ ਸਨ, ਸਭ ਦੀ ਚੰਪੀ ਕਰਦਾ ਸੀ, ਸਭ ਦੀ ਮਾਲਸ਼ ਕਰਦਾ ਸੀ। ਤਾਂ ਚੰਪੂ ਦੀ ਥਾਂ ਉਹ ਚੰਪਾ ਲਾਲ ਹੋ ਗਿਆ। ਚੋਣਾਂ ਵਿਚ ਜਦ ਜਿੱਤ ਗਿਆ ਤਾਂ ਬਾਬੂ ਚੰਪਾ ਲਾਲ ਜੀ ਹੋ ਗਿਆ। ਫਿਰ ਮੌਤ ਵੀ ਆਈ, ਮੌਤ ਆਈ ਤਾਂ ਵੱਡੇ ਬੁੱਢੇ ਸਭ ਇਕੱਠੇ ਹੋ ਗਏ। ਉਸਦੇ ਮੂੰਹ 'ਚੋਂ ਫਸੂਕਰ ਡਿਗ ਰਿਹਾ ਹੈ। ਕਿਸੇ ਨੇ ਉਸਨੂੰ ਹਿਲਾਇਆ ਅਤੇ ਕਿਹਾ: ਬਾਬੂ ਚੰਪਾ ਲਾਲ ਜੀ, ਹੁਣ ਇਹ ਸਮਾਂ ਪਰਮਾਤਮਾ ਨੂੰ ਯਾਦ ਕਰਨ ਦਾ ਹੈ। ਹੁਣ ਕੁਝ ਪ੍ਰਾਰਥਨਾ ਕਰ ਲਉ ਪਰਮਾਤਮਾ ਨੂੰ। ਹੁਣ ਕੁਝ ਕਹਿ ਲਉ, ਸੁਣ ਲਉ, ਜ਼ਿੰਦਗੀ ਤਾਂ ਐਵੇਂ ਹੀ ਗੰਵਾ ਦਿਤੀ। ਪਹਿਲਾਂ ਚੰਪੀ ਵਿਚ ਗੰਵਾਈ, ਫਿਰ ਬਾਅਦ ਵਿਚ ਨੇਤਾਗਿਰੀ ਵਿਚ ਗੰਵਾਈ। ਉਹ ਵੀ ਇਕ ਤਰ੍ਹਾਂ ਦੀ ਚੰਪੀ ਹੈ। ਉਸ ਵਿਚ ਚਮਚੇ ਹੀ ਕੰਮ ਆਉਂਦੇ ਹਨ। ਅਜੇਹੀ ਜ਼ਿੰਦਗੀ ਚੰਪੀ ਵਿਚ ਗੰਵਾ ਦਿਤੀ, ਚਮਚਾਗਿਰੀ ਵਿਚ ਗੰਵਾ ਦਿਤੀ, ਹੁਣ ਤਾਂ ਕੁਝ ਪਰਮਾਤਮਾ ਨੂੰ ਯਾਦ ਕਰ ਲਉ।

ਹਲੂਣਿਆਂ ਕਿਸੇ ਨੇ। ਉਸਨੇ ਬਾਮੁਸ਼ਕਲ ਅੱਖ ਖੋਲ੍ਹੀ ਅਤੇ ਕਿਹਾ : 'ਸੁਨ, ਸੁਨ, ਸੁਨ! ਅਰੇ ਬੇਟਾ ਸੁਨ! ਇਸ ਚੰਪੀ ਮੇਂ ਬੜੇ-ਬੜੇ ਗੁਨ!' ...ਜ਼ਿੰਦਗੀ-ਭਰ ਇਹੀ ਗੀਤ ਗਾਉਂਦਾ ਰਿਹਾ, ਤੁਸੀਂ ਸੋਚਦੇ ਹੋ ਮਰਦੇ ਵਕਤ ਹਰੀਨਾਮ ਨਿਕਲੇਗਾ? ਜ਼ਿੰਦਗੀ-ਭਰ ਦਾ ਅਭਿਆਸ ਇਕਦਮ ਨਹੀਂ ਚਲਿਆ ਜਾ ਸਕਦਾ। ਜਦ ਉਸਨੇ ਕਿਹਾ ਸੀ, ਸੁਨ, ਸੁਨ, ਸੁਨ..., ਤਾਂ ਲੋਕਾਂ ਨੇ ਸੋਚਿਆ ਸ਼ਾਇਦ ਭਗਵਾਨ ਨੂੰ ਕਹਿ ਰਿਹਾ ਹੈ।

ਮਰਦੇ ਵਕਤੇ ਆਦਮੀ ਇਕਦਮ ਰੂਪ-ਪਰਤਣ ਨਹੀਂ ਕਰ ਸਕਦਾ। ਰੂਪ-ਪਰਤਣ ਇੰਨਾ ਮੁਫਤ ਨਹੀਂ ਹੈ। ਜੀਵਨ ਦਾਅ 'ਤੇ ਲਾਉਣਾ ਹੁੰਦਾ ਹੈ। ਤਾਂ ਤੂੰ ਕਹਿੰਦਾ ਹੈਂ, ਤੂੰ ਪਰੇਸ਼ਾਨ ਹੋ ਗਿਆ ਹੈਂ। ਚੰਗਾ ਹੈ ਕਿ ਪਰੇਸ਼ਾਨ ਹੋ ਗਿਆ ਹੈਂ। ਭਗਵਾਨ ਕਰੇ ਇਸ ਪਰੇਸ਼ਾਨੀ ਨੂੰ ਤੂੰ ਸਮਝਾ-ਬੁਝਾ ਕੇ, ਲਿਪ-ਪੋਚ ਕੇ ਮਿਟਾ ਨਾ ਦੇਵੀਂ। ਜੇਕਰ ਤੂੰ ਇੰਨਾ ਪਰੇਸ਼ਾਨ ਹੋ ਗਿਆ ਹੈਂ, ਸੁਭਾਗ ਹੈ, ਕੁਝ ਕਰ! ਇਸ ਦੁਨੀਆਂ ਤੋਂ 'ਮੈਂ ਕੌਣ ਹਾਂ' ਇਹ ਜਾਣੇ ਬਿਨਾਂ ਨਾ ਜਾਵੀਂ।

ਹੁਣ ਰਹੀ ਗੱਲ ਇਹ ਕਿ ਜਾਣਾ ਤਾਂ ਤੇਰੇ ਹੱਥ ਵਿਚ ਨਹੀਂ ਹੈ। ਜਦ ਜਾਣਾ ਪਏਗਾ, ਤਦ ਜਾਣਾ ਪਏਗਾ। ਇਹ ਨਹੀਂ ਕਹਿ ਰਿਹਾ ਹਾਂ ਕਿ ਜਦ ਜਾਣ ਦਾ ਮੌਕਾ ਆ ਜਾਏ ਤਾਂ ਕਹਿਣਾ, 'ਅਜੇ ਮੈਂ ਆਪਣੇ-ਆਪ ਨੂੰ ਨਹੀਂ ਜਾਣਿਆ, ਤਾਂ ਮੈਂ ਕਿਵੇਂ ਜਾਵਾਂ? ਮੈਂ ਤਾਂ ਤਦੇ ਜਾਵਾਂਗਾ ਜਦ ਖ਼ੁਦ ਨੂੰ ਜਾਣ ਲਵਾਂਗਾ।' ਕੌਣ ਸੁਣਨ ਵਾਲਾ ਨਹੀਂ ਹੈ। ਮੌਤ ਤੈਨੂੰ ਲੈ ਜਾਏਗੀ। ਅਤੇ ਤੈਥੋਂ ਪੁਛੇਗੀ ਵੀ ਨਹੀਂ। ਮੌਤ ਖ਼ਬਰ ਦੇ ਕੇ ਆਉਂਦੀ ਵੀ ਨਹੀਂ। ਮੌਤ ਤਾਂ ਆ ਹੀ ਜਾਂਦੀ ਹੈ। ਇਕ ਛਿਨ ਦਾ ਹੀ ਵਕਫਾ ਨਹੀਂ ਹੁੰਦਾ ਆਉਣ ਅਤੇ ਲੈ ਜਾਣ ਵਿਚ।

ਨਹੀਂ, ਜਦ ਮੈਂ ਕਹਿ ਰਿਹਾ ਹਾਂ ਕਿ ਮੈਂ ਬਿਨਾਂ ਖ਼ੁਦ ਨੂੰ ਜਾਣੇ ਨਹੀਂ ਜਾਵਾਂਗਾ, ਤਾਂ ਉਸਦਾ ਅਰਥ ਇਹ ਹੈ ਕਿ ਅਜੇ ਜੋ ਛਿਨ ਮੇਰੇ ਹੱਥ ਵਿਚ ਹੈ... ਅਜੇ ਤਾਂ ਜਿਉਂਦਾ ਹਾਂ, ਇਸ ਛਿਨ ਤਾਂ ਅਜੇ ਜਿਉਂਦਾ ਹਾਂ, ਇਸ ਛਿਨ ਨੂੰ ਪਰਮਾਤਮਾ ਦੀ ਖੋਜ ਵਿਚ ਲਾ ਦੇ। ਅਤੇ ਪਰਮਾਤਮਾ ਦੀ ਖੋਜ ਤੋਂ ਇਹ ਨਾ ਸੋਚਣਾ ਕਿ ਪਰਮਾਤਮਾ ਅਸਮਾਨ ਵਿਚ ਬੈਠਾ ਹੋਇਆ ਕੋਈ ਵਿਅਕਤੀ ਹੈ। ਪਰਮਾਤਮਾ ਤੁਹਾਡੇ ਹੀ ਅੰਦਰ ਛੁਪੀ ਹੋਈ ਤੁਹਾਡੀ ਪਰਮ ਅਵਸਥਾ ਹੈ। ਆਤਮਾ ਦੀ ਪਰਮ ਅਵਸਥਾ ਦਾ ਨਾਂ ਪਰਮਾਤਮਾ ਹੈ। ਆਤਮਾ ਨੂੰ ਜਾਣ ਲੈਣਾ ਪਰਮਾਤਮਾ ਨੂੰ ਜਾਣ ਲੈਣਾ ਹੈ। ਅਤੇ ਜਿਹੜਾ ਆਪਣੇ-ਆਪ ਨੂੰ ਹੀ ਨਹੀਂ ਜਾਣਦਾ, ਉਹ ਹੋਰ ਕੀ ਜਾਣੇਗਾ?

ਮੁਝੇ ਦੇ ਦੇ—

ਰਸੀਲੇ ਹੋਂਠ ਮਾਸੂਮਾਨਾ ਪੇਸ਼ਾਨੀ, ਹਸੀਂ ਆਂਖੇਂ
ਕਿ ਮੈਂ ਇਕ ਬਾਰ ਫਿਰ ਰੰਗੀਨਿਓਂ ਮੇਂ
ਗਰਕ ਹੋ ਜਾਊਂ
ਮੇਰੀ ਹਸਤੀ ਕੋ ਤੇਰੀ ਇਕ ਨਜ਼ਰ ਆਗੋਸ਼ ਮੇਂ ਲੇ ਲੇ
ਹਮੇਸ਼ਾ ਕੇ ਲਿਏ ਇਸ ਦਾਮ ਮੇਂ ਮਹਿਫ਼ੂਜ਼ ਹੋ ਜਾਊਂ
ਜ਼ਿਯਾ-ਏ-ਹੁਸਨ ਸੇ ਜ਼ੁਲਮਾਤੇ ਦੁਨੀਆਂ ਮੇਂ ਨਾ ਫਿਰ ਆਊਂ
ਗੁਜ਼ਸ਼ਤਾ ਹਸਰਤੋਂ ਕੇ ਦਾਗ ਮੇਰੇ ਦਿਲ ਮੇਂ ਧੁਲ ਜਾਏਂ
ਮੈਂ ਆਨੇ ਵਾਲੇ ਗ਼ਮ ਕੀ ਫਿਕਰ ਸੇ ਆਜ਼ਾਦ ਹੋ ਜਾਊਂ
ਮੇਰੇ ਮਾਜ਼ੀ ਵਾ ਮੁਸੱਤਕਬਿਲ ਸਰਾਸਰ ਮਹਬ ਹੋ ਜਾਏਂ
ਮੁਝੇ ਵੋ ਇਕ ਨਜ਼ਰ ਇਕ ਜਾਵਿਦਾਨੀ ਸੀ ਨਜ਼ਰ ਦੇ ਦੇ

ਇਕ ਅੰਮ੍ਰਿਤ ਦੀ ਦ੍ਰਿਸ਼ਟੀ! ਮੰਗ ਲਵੋ ਉਸਨੂੰ, ਉਹ ਤੁਹਾਡੀ ਹੈ। ਤੁਹਾਡਾ ਹੱਕ, ਤੁਹਾਡਾ ਅਧਿਕਾਰ। ਨਾ ਮੰਗੋ ਤਾਂ ਨਹੀਂ ਮਿਲੇਗੀ। ਮੰਗੋ ਤਾਂ ਮਿਲੀ ਹੀ ਹੈ। ਨਾ ਖੋਜੋ ਤਾਂ ਨਹੀਂ ਮਿਲੇਗੀ। ਖੋਜੋ ਤਾਂ ਤੁਹਾਡੇ ਕੋਲ ਹੀ ਹੈ। ਜਿੰਨੀ ਤੇਜ਼ ਖੋਜੋਗੇ, ਉੱਨੀ ਨੇੜੇ ਪਾਉਗੇ। ਜੇ ਪੂਰੀ ਤੇਜ਼ੀ ਨਾਲ ਖੋਜੋ ਤਾਂ ਇਸੇ ਛਿਨ ਵਿਚ ਮਿਲ ਸਕਦੀ ਹੈ। ਆਤਮਾ ਦੂਰ ਥੋੜ੍ਹਾ-ਈ ਹੈ, ਕਿਤੇ ਜਾਣਾ ਥੋੜ੍ਹਾ-ਈ ਹੈ, ਕਿਸੇ ਪਹਾੜਾਂ ਦੀ ਯਾਤਰਾ ਥੋੜ੍ਹਾ-ਈ ਕਰਨੀ ਹੈ-ਥੋੜ੍ਹੀ-ਕੁ ਅੱਖ ਬੰਦ ਕਰਨੀ ਹੈ। ਜਰਾ ਵਿਸਰਾਮ ਵਿਚ ਉਤਰ ਜਾਣਾ ਹੈ। ਥੋੜ੍ਹੀ-ਜਿਹੀ ਅਰਾਮਦਾਰੀ ਵਿਚ ਸ਼ਰਨ ਲੈਣੀ ਹੈ। ਰਤਾ ਚੁੱਪੀ ਸਾਧਣੀ ਹੈ। ਅਤੇ ਸਾਰਾ ਚਿੰਤਾਵਾਂ ਦੇ ਜਾਲ ਤੋਂ ਖ਼ੁਦ ਨੂੰ ਹਟਾ ਕੇ ਅੰਦਰ ਦੇਖਣਾ ਹੈ।

ਮੇਰੇ ਮਾਜ਼ੀ ਵਾ ਮੁਸੱਤਕਬਿਲ ਸਰਾਸਰ ਮਹਬ ਹੋ ਜਾਏਂ

ਕਹੋ ਪਰਮਾਤਮਾ ਨੂੰ ਕਿ ਮੇਰਾ ਅਤੀਤ ਅਤੇ ਮੇਰਾ ਭਵਿੱਖ ਇਹ ਦੋਵੇਂ ਖੋਹ ਲੈ ਮੈਥੋਂ, ਇਹਨਾਂ ਨੂੰ ਡੋਬ ਦੇ!

ਹੈ ਹੀ ਕੀ ਤੁਹਾਡਾ ਮਨ ਹੋਰ? ਅਤੀਤ ਦੀਆਂ ਯਾਦਾਂ, ਭਵਿੱਖ ਦੀਆਂ ਕਲਪਨਾਵਾਂ। ਇਸ ਤੋਂ ਇਲਾਵਾ ਤੁਹਾਡੇ ਮਨ ਦੀ ਸੰਪਦਾ ਕੀ ਹੈ? ਨਾ ਤਾਂ ਯਾਦਾਂ ਵਿਚ ਕੋਈ ਜੀਵਨ ਹੈ ਹੁਣ, ਜਾ ਚੁੱਕਿਆ, ਅਤੇ ਕਲਪਨਾਵਾਂ ਅਜੇ ਹੋਈਆਂ ਨਹੀਂ ਹਨ। ਦੋਨੋਂ ਨਾਕੁਝ ਹਨ। ਇਸੇ ਕਚਰੇ ਵਿਚ ਡੁੱਬੇ ਬੈਠੇ ਹੋ।

ਮੇਰੇ ਮਾਜ਼ੀ ਵਾ ਮੁਸਤਕਬਿਲ ਸਰਾਸਰ ਮਹਬ ਹੋ ਜਾਏਂ
ਮੁਝੇ ਵੋ ਇਕ ਨਜ਼ਰ ਇਕ ਜਾਵਿਦਾਨੀ ਸੀ ਨਜ਼ਰ ਦੇ ਦੇ

ਬਸ ਇਕ ਨਜ਼ਰ ਚਾਹੀਦੀ ਹੈ, ਇਕ ਦ੍ਰਿਸ਼ਟੀ ਚਾਹੀਦੀ ਹੈ। ਇਕ ਅੱਖ ਚਾਹੀਦੀ ਹੈ, ਜੋ ਅੰਮ੍ਰਿਤ ਨੂੰ ਪਛਾਣ ਲਵੇ। ਇਥੇ ਦੋਵੇਂ ਹਨ। ਇਥੇ ਮੌਤ ਵੀ ਹੈ, ਇਥੇ ਅੰਮ੍ਰਿਤ ਵੀ ਹੈ। ਮੌਤ ਦਾਇਰੇ 'ਤੇ ਹੈ। ਤੁਹਾਡੀ ਦੇਹ ਵਿਚ ਮੌਤ ਹੈ, ਤੁਹਾਡੇ ਵਿਚ ਅੰਮ੍ਰਿਤ ਹੈ। ਘੜਾ ਮੌਤ ਦਾ ਬਣਿਆ ਹੈ, ਪਾਤਰ ਮੌਤ ਦਾ ਬਣਿਆ ਹੈ, ਕਿਉਂਕਿ ਮਿੱਟੀ ਦਾ ਬਣਿਆ ਹੈ। ਮਿੱਟੀ ਯਾਨੀ ਮੌਤ। ਲੇਕਿਨ ਮੌਤ ਵਿਚ ਅੰਮ੍ਰਿਤ ਭਰਿਆ ਹੈ। ਨਜ਼ਰ ਦੇ ਬਦਲਣ ਦੀ ਗੱਲ ਹੈ। ਘੜੇ ਨੂੰ ਹੀ ਦੇਖਦੇ ਰਹੇ ਤਾਂ ਮਰਦੇ ਹੀ ਰਹੋਗੇ। ਘੜੇ ਵਿਚ ਜੋ ਭਰਿਆ ਹੈ, ਜੇ ਉਸਨੂੰ ਦੇਖ ਲਿਆ, ਮੌਤ ਸਮਾਪਤ ਹੋ ਗਈ। ਅਤੇ ਜਿਥੇ ਮੌਤ ਸਮਾਪਤ ਹੁੰਦੀ ਹੈ, ਉਥੇ ਹੀ ਜਾਣਨਾ ਕਿ ਗਿਆਨ ਦਾ ਉਤਰਨਾ ਹੋਇਆ। ਉਥੇ ਹੀ ਜਾਣਨਾ ਕਿ ਜਾਣਿਆਂ, ਕਿ ਕੌਣ ਹਾਂ।

ਅਮ੍ਰਿਤੱਸਯ ਪੁੱਤ੍ਰਹ! ਤੁਸੀਂ ਅੰਮ੍ਰਿਤ ਦੇ ਪੁੱਤਰ ਹੋ। ਤੁਹਾਡੇ ਅੰਦਰ ਪਰਮਾਤਮਾ ਵਹਿ ਰਿਹਾ ਹੈ ਹਰ ਪਲ।

ਜਿਸਮ ਕੀ ਨੌ ਰਸ ਕਲੀ ਮੇਂ!
ਏਕ ਅਹਿਸਾਸੇ-ਜਮਾਲ-
ਜੈਸੇ ਠੰਡਕ ਛਾਓਂ ਕੀ
ਦਿਲ ਕੀ ਨਾਜ਼ੁਕ ਧੜਕਨੋਂ ਮੇਂ
ਏਕ ਨਾਦੀਦਾ ਖ਼ਯਾਲ
ਜੈਸੇ ਆਹਟ ਪਾਂਵ ਕੀ
ਰਾਤ ਕੀ ਤਾਰੀਕਿਓਂ ਮੇਂ
ਜੌਫਿਗਨ ਸ਼ੱਮੇ-ਵਿਸਾਲ
ਜੈਸੇ ਖੁਲ ਕਰ ਪੌ ਫਟੇ

ਹੁਣੇ ਫਟ ਸਕਦੀ ਹੈ ਇਹ ਪਹੁ। ਇਹ ਸਵੇਰ ਹੁਣੇ ਹੋ ਸਕਦੀ ਹੈ। ਜਿਸਮ ਕੀ ਨੌ ਰਸ ਕਲੀ ਮੇਂ! ਇਹ ਤੁਹਾਡੀ ਜੋ ਦੇਹ ਹੈ, ਮੰਦਰ ਹੈ। ਇਸ ਵਿਚ ਪਰਮਾਤਮਾ ਬਿਰਾਜਮਾਨ ਹੈ। ਹੋਰ ਕਿਥੇ ਖੋਜਦੇ ਹੋ? ਕਿਸ ਕਾਸ਼ੀ, ਕਿਸ ਕਾਅਬਾ ਜਾਂਦੇ ਹੋ? ਫਜ਼ੂਲ ਦੀ ਭੱਜ-ਨੱਸ ਵਿਚ ਨਾ ਪਵੋ। ਜ਼ਰਾ ਅੰਦਰ ਟੋਲ੍ਹੋ।

ਜਿਸਮ ਕੀ ਨੌ ਰਸ ਕਲੀ ਮੇਂ, ਇਹ ਜੋ ਦੇਹ ਦਾ ਫੁੱਲ ਹੈ, ਇਸ ਵਿਚ ਹੀ ਸੁਹੱਪਣ ਛੁਪਿਆ ਹੈ। ਸੁਹੱਪਣ ਇਸਦੇ ਸਹਾਰੇ ਲੈ ਕੇ ਪ੍ਰਿਥਵੀ 'ਤੇ ਉਤਰਿਆ ਹੈ।

ਏਕ ਅਹਿਸਾਸੇ–ਜਮਾਲ ਜੈਸੇ ਠੰਡਕ ਛਾਓਂ ਕੀ!

ਜ਼ਰਾ ਅੰਦਰ ਚੱਲੋ ਅਤੇ ਸੁਹੱਪਣ ਦਾ ਪਰਮ–ਅਹਿਸਾਸ ਹੋਣ ਲੱਗੇਗਾ। ਜ਼ਰਾ ਆਪਣੀ ਦੇਹ ਦੇ ਇਸ ਫੁੱਲ ਵਿਚ ਉਤਰੋ, ਇਸ ਕਮਲ ਦੇ ਅੰਦਰ ਚੱਲੋ! ਹਜ਼ਾਰ ਪੰਖੜੀਆਂ ਵਾਲਾ ਕਮਲ ਹੈ ਇਹ। ਇਸ ਦੀਆਂ ਸਾਰੀਆਂ ਪੰਖੜੀਆਂ ਦੇ ਪਾਰ ਜਾਣਾ ਹੈ। ਪੰਖੜੀ–ਪੰਖੜੀ ਦੇ ਪਾਰ ਜਾਣਾ ਹੈ। ਅਤੇ ਅੰਦਰ ਤੁਸੀਂ ਪਾਓਗੇ ਉਸ ਸੰਨਾਟੇ ਨੂੰ, ਉਸ ਸ਼ੂੰਨਯ ਨੂੰ–ਜੋ ਤੁਹਾਡੀ ਆਤਮਾ ਹੈ। ਪਾਓਗੇ ਉਸ ਪੂਰਨ ਨੂੰ–ਜੋ ਪਰਮਾਤਮਾ ਹੈ। ਏਕ ਅਹਿਸਾਸੇ ਜਮਾਲ! ਸੁਹੱਪਣ ਦਾ ਇਕ ਪਰਮ–ਅਨੁਭਵ ਹੋਵੇਗਾ। ...ਜੈਸੇ ਠੰਡਕ ਛਾਓਂ ਕੀ!

ਬਹੁਤ ਜਿਊਂ ਲਏ ਧੁੱਪ ਵਿਚ, ਬਹੁਤ ਜਿਊਂ ਲਏ ਨੱਸ–ਭੱਜ ਵਿਚ, ਬਹੁਤ ਜਿਊਂ ਲਏ ਆਪੋ–ਧਾਪ ਵਿਚ। ਮੁੜ੍ਹਕੋ–ਮੁੜ੍ਹਕੀ ਹੋ ਗਏ ਹੋ, ਕਿੰਨੇ ਤਾਂ ਥੱਕ ਗਏ ਹੋ! ਕਿੰਨੇ ਜਨਮਾਂ ਤੋਂ ਤਾਂ ਚੱਲ ਰਹੇ ਹੋ। ਕਿੰਨੀ ਤਾਂ ਧੂੜ ਜੰਮ ਗਈ ਤੁਹਾਡੇ ਚੇਹਰੇ 'ਤੇ! ਜ਼ਰਾ ਆਪਣੀਆਂ ਅੱਖਾਂ ਨੂੰ ਖ਼ਿਆਲ ਤਾਂ ਕਰੋ–ਕਿੰਨੀ ਗਰਦ–ਗੁਬਾਰ!

ਦਿਲ ਕੀ ਨਾਜ਼ੁਕ ਧੜਕਨੋਂ ਮੇਂ
ਏਕ ਨਾਦੀਦਾ ਖ਼ਯਾਲ
ਜੈਸੇ ਆਹਟ ਪਾਂਵ ਕੀ

ਜ਼ਰਾ ਸਰਕੋ ਤਾਂ ਅੰਦਰ! ਜ਼ਰਾ ਅਣਦੇਖੇ ਨੂੰ ਦੇਖਣਾ ਸ਼ੁਰੂ ਕਰੋ! ਜ਼ਰਾ ਅਣ–ਪਛਾਤੇ ਨੂੰ ਪਛਾਣਨਾ ਸ਼ੁਰੂ ਕਰੋ!

ਦਿਲ ਕੀ ਨਾਜ਼ੁਕ ਧੜਕਨੋਂ ਮੇਂ... ਇਹ ਜੋ ਧੀਮੀ–ਜਿਹੀ ਨਾਜ਼ੁਕ ਧੜਕਣ ਹੈ, ਦਿਲ ਦੀ, ਇਸੇ ਵਿਚ ਪਰਮਾਤਮਾ ਦੀ ਧੜਕਣ ਵੀ ਸਮਾਈ ਹੋਈ ਹੈ। ਤੁਸੀਂ ਨਹੀਂ ਧੜਕ ਰਹੇ ਹੋ, ਉਹੀ ਧੜਕ ਰਿਹਾ ਹੈ। ...ਜੈਸੇ ਆਹਟ ਪਾਂਵ ਕੀ! ਜ਼ਰਾ ਅੰਦਰ ਸਰਕੋ, ਉਸਦੀ ਪੈੜਚਾਲ ਸੁਣਾਈ ਪੈਣ ਲੱਗੇਗੀ। ਰਾਤ ਕੀ ਤਾਰੀਕਿਓਂ ਮੇਂ... ਮੰਨਿਆਂ ਕਿ ਹਨੇਰਾ ਹੈ, ਅਤੇ ਬਹੁਤ ਹਨੇਰਾ ਹੈ; ਪਰ ਹਨੇਰਾ ਸਿਰਫ ਬਾਹਰ ਹੈ। ਅੰਦਰ ਤਾਂ ਰੋਸ਼ਨੀ ਹੀ ਰੋਸ਼ਨੀ ਹੈ। ਅੰਦਰ ਤਾਂ ਸਦਾ ਪਰਭਾਤ ਹੈ। ਬਾਹਰ ਤਾਂ ਸਦਾ ਰਾਤ ਹੈ। ਬਾਹਰ ਮੱਸਿਆ, ਅੰਦਰ ਪੁੰਨਿਆ ਹੈ।

ਬੁੱਧ ਦੇ ਜੀਵਨ ਵਿਚ ਪਿਆਰੀ ਕਹਾਣੀ ਹੈ ਕਿ ਉਹ ਪੁੰਨਿਆਂ ਦੇ ਦਿਨ ਹੀ ਪੈਦਾ ਹੋਏ, ਅਤੇ ਪੁੰਨਿਆਂ ਦੇ ਦਿਨ ਹੀ ਉਹਨਾਂ ਨੂੰ ਸੰਬੋਧੀ ਮਿਲੀ, ਅਤੇ ਪੁੰਨਿਆਂ ਦੇ ਦਿਨ ਹੀ ਉਹ ਮਰੇ। ਉਸੇ ਪੁੰਨਿਆਂ ਦੇ ਦਿਨ–ਇਕ ਹੀ ਪੁੰਨਿਆ ਵਸਾਖ ਦੀ। ਅਜੇਹਾ ਹੋਇਆ ਹੋਵੇ ਨਾ ਹੋਇਆ ਹੋਵੇ, ਪਰ ਗੱਲ ਅਰਥਪੂਰਨ ਹੈ। ਪੁੰਨਿਆਂ ਵਿਚ ਹੀ ਪੈਦਾ ਹੋਵੋ, ਪੁੰਨਿਆਂ ਵਿਚ ਹੀ ਜੀਵੋ, ਪੁੰਨਿਆਂ ਵਿਚ ਹੀ ਜਾਗੋ, ਪੁੰਨਿਆਂ ਵਿਚ ਹੀ ਅਲੋਪ ਹੋ ਜਾਓ। ਇਹ ਹੋ ਸਕਦਾ ਹੈ। ਅੰਦਰ ਜੋ ਦੇਖਦਾ ਹੈ, ਉਸਨੂੰ ਪੱਕਾ ਹੋ ਜਾਂਦਾ ਹੈ।

ਰਾਤ ਕੀ ਤਾਰੀਕਿਓਂ ਮੇਂ
ਜੌਫਿਗਨ ਸ਼ੰਮੇ—ਵਿਸਾਲ

ਮੰਨਿਆ ਕਿ ਹਨੇਰਾ ਬਹੁਤ ਹੈ, ਪਰ ਅੰਦਰ ਇਕ ਦੀਵਾ ਜਗ ਰਿਹਾ ਹੈ। ਸ਼ੰਮੇ–ਵਿਸਾਲ! ਇਕ ਅਜੇਹੀ ਜੋਤ ਜਗ ਰਹੀ ਹੈ! ਜੋ ਜੋਤ ਪਰਮਾਤਮਾ ਨਾਲ ਮਿਲਾਪ ਦੀ ਜੋਤ ਹੈ! ਜੋ ਉਸਦੀ ਗਲਵੱਕੜੀ ਦੀ ਜੋਤ ਹੈ!

ਰਾਤ ਕੀ ਤਾਰੀਕਿਓਂ ਮੇਂ
ਜੌਫਿਗਨ ਸ਼ੰਮੇ—ਵਿਸਾਲ
ਜੈਸੇ ਖੁਲ ਕਰ ਪੌ ਫਟੇ

ਜਿਵੇਂ ਅਚਾਨਕ ਬੱਦਲੀਆਂ ਹਟ ਜਾਣ, ਸੂਰਜ ਪਰਗਟ ਹੋ ਜਾਵੇ, ਅਜੇਹਾ ਅਚਾਨਕ ਤੁਹਾਡੇ ਅੰਦਰ ਹੋ ਸਕਦਾ ਹੈ। ਇਸ ਅਚਾਨਕ ਦੀ ਖੋਜ ਆਦਮੀ ਦੀ ਆਪਣੀ ਹੀ ਖੋਜ ਹੈ। ਪਹਿਲੀ ਵੀ, ਆਖ਼ਰੀ ਵੀ। ਅਤੇ ਜਦ ਤਕ ਇਹ ਨਾ ਹੋ ਜਾਵੇ, ਤਦ ਤਕ ਖ਼ੁਦ ਨੂੰ ਆਦਮੀ ਨਾ ਮੰਨ ਲੈਣਾ। ਤਦ ਤਕ ਆਦਮੀ ਮੰਨਣ ਦੇ ਭੁਲੇਖੇ ਵਿਚ ਨਾ ਪੈ ਜਾਣਾ। ਤਦ ਤਕ ਇੰਨਾ ਹੀ ਕਹਿਣਾ ਕਿ ਮੈਂ ਆਦਮੀ ਹੋਣ ਦੀ ਤਲਾਸ਼ ਕਰ ਰਿਹਾ ਹਾਂ। ਰਾਹ 'ਤੇ ਹਾਂ, ਅਜੇ ਪਹੁੰਚਿਆ ਨਹੀਂ ਹਾਂ।

ਆਦਮੀ ਤਾਂ ਬਸ ਥੋੜ੍ਹੇ ਹੋਏ ਹਨ—ਕੋਈ ਬੁੱਧ, ਕੋਈ ਕ੍ਰਿਸ਼ਨ, ਕੋਈ ਕਬੀਰ, ਕੋਈ ਕ੍ਰਾਈਸਟ, ਕੋਈ ਮੁਹੰਮਦ। ਆਦਮੀ ਤਾਂ ਥੋੜ੍ਹੇ ਹੋਏ ਹਨ, ਬਾਕੀ ਤਾਂ ਸਭ ਝੂਠੇ ਆਦਮੀ ਹਨ, ਦਿਖਾਵਾ ਹੈ, ਭੇਖ ਹੈ। ਅੰਦਰ ਕੁਝ ਵੀ ਨਹੀਂ ਹੈ। ਅਨੁਭਵ ਨਹੀਂ ਹੈ ਤਾਂ ਕੁਝ ਵੀ ਨਹੀਂ। ਜੋ ਹੈ, ਜੇ ਨਾ ਜਾਣਿਆ ਜਾਵੇ ਤਾਂ ਨਾ ਹੋਣ ਦੇ ਬਰਾਬਰ ਹੁੰਦਾ ਹੈ।

ਕਿਸੇ ਮੰਗਤੇ ਦੀ ਜੇਬ ਵਿਚ ਹੀਰਾ ਪਿਆ ਹੈ ਅਤੇ ਉਹ ਭੀਖ ਮੰਗ ਰਿਹਾ ਹੈ ਅਤੇ ਉਸਨੂੰ ਹੀਰੇ ਦਾ ਕੁਝ ਪਤਾ ਨਹੀਂ। ਕੀ ਤੁਸੀਂ ਕਹੋਗੇ, ਉਸ ਕੋਲ ਹੀਰਾ ਹੈ? ਕਹਿਣ ਦਾ ਕੋਈ ਅਰਥ ਨਹੀਂ ਹੋਵੇਗਾ। ਜੇ ਉਸਨੂੰ ਪਤਾ ਹੋਵੇ ਕਿ ਹੀਰਾ ਹੈ ਤਾਂ ਭੀਖ ਮੰਗਪੁਣਾ ਬੰਦ ਹੋ ਜਾਵੇ।

ਜਿਸਨੇ ਆਪਣੇ ਅੰਦਰ ਦੀ ਰੋਸ਼ਨੀ ਦੇਖ ਲਈ, ਇਸ ਜਗਤ ਵਿਚ ਉਹ ਮੰਗਤਾ ਨਹੀਂ ਰਹਿ ਜਾਂਦਾ। ਕੁਝ ਵੀ ਨਹੀਂ ਮੰਗਦਾ—ਨਾ ਪਦਵੀ, ਨਾ ਪ੍ਰਸਿੱਧੀ। ਕੁਝ ਵੀ ਨਹੀਂ ਮੰਗਦਾ। ਮੰਗਣ ਦਾ ਸਵਾਲ ਹੀ ਨਹੀਂ ਹੈ। ਦੇਣਾ ਸ਼ੁਰੂ ਕਰਦਾ ਹੈ। ਵੰਡਦਾ ਹੈ। ਉਸਦੇ ਅੰਦਰ ਅਮੁੱਕ ਸੋਮਾ ਖੁਲ੍ਹ ਜਾਂਦਾ ਹੈ। ਰੋਸ਼ਨੀ ਵੰਡਦਾ ਹੈ। ਅਨੰਦ ਵੰਡਦਾ ਹੈ, ਪ੍ਰੇਮ ਵੰਡਦਾ ਹੈ, ਧਿਆਨ ਵੰਡਦਾ ਹੈ, ਅਸਲੀ ਸੰਪਦਾ ਵੰਡਦਾ ਹੈ।

ਦੂਜਾ ਸਵਾਲ—

ਕਲ੍ਹ ਪ੍ਰਵਚਨ ਦੇ ਪਹਿਲਾਂ, ਤੁਹਾਡੇ ਪ੍ਰਣਾਮ ਦੇ ਸਵੀਕਾਰ ਹੁੰਦਿਆਂ ਹੀ ਰੋਮ–ਰੋਮ ਕੰਬਣੀ ਨਾਲ ਭਰ ਗਿਆ, ਅੱਖਾਂ ਹੰਝੂ ਵਗਾਉਂਦੀਆਂ ਰਹੀਆਂ, ਅੱਖ–ਕੰਨ ਬੰਦ ਹੋ ਗਏ, ਫਿਰ ਵੀ ਨੂਰ ਦੇ ਦਰਮਿਆਨ ਤੁਹਾਨੂੰ ਦੇਖਦਾ ਹੀ ਰਿਹਾ। ਅੰਦਰ ਅਪੂਰਵ ਅਨੰਦ ਹੋ ਰਿਹਾ ਸੀ। ਅੱਖਾਂ ਬੰਦ ਸਨ, ਫਿਰ ਵੀ ਖੁਲ੍ਹੀਆਂ ਅੱਖਾਂ ਨਾਲੋਂ ਜ਼ਿਆਦਾ ਤੁਹਾਨੂੰ ਦੇਖ

ਸਕਿਆ। ਓਸ਼ੋ, ਕਬੀਰ ਨਹੀਂ ਸਮਝਿਆ, ਨਹੀਂ ਸੁਲਝਿਆ। ਕਿਰਪਾ ਕਰਕੇ ਸਮਝਾਉਣ ਦੀ ਮੇਹਰ ਕਰੋ।

ਪੁਛਿਆ ਹੈ ਕਬੀਰ ਭਾਰਤੀ ਨੇ।

ਸ਼ੁਭ ਹੋਇਆ, ਇਕ ਸੰਕੇਤ ਮਿਲਿਆ। ਉਸਦਾ ਉਪਯੋਗ ਕਰਨਾ ਹੈ। ਇਕ ਪੱਤੀ ਤੁਹਾਡੀ ਅੱਖ ਦੇ ਸਾਹਮਣੇ ਆਈ। ਇਕ ਦੁਆਰ ਖੁਲ੍ਹਿਆ। ਕੁਝ ਹੈ ਜੋ ਅੱਖ ਖੋਲ੍ਹ ਕੇ ਦੇਖਿਆ ਜਾ ਸਕਦਾ ਹੈ ਅਤੇ ਕੁਝ ਹੈ ਜੋ ਸਿਰਫ ਅੱਖ ਬੰਦ ਕਰਕੇ ਹੀ ਦੇਖਿਆ ਜਾ ਸਕਦਾ ਹੈ। ਜੋ ਅੱਖ ਖੋਲ੍ਹ ਕੇ ਦੇਖਿਆ ਜਾ ਸਕਦਾ ਹੈ ਉਸਦਾ ਕੋਈ ਵੱਡਾ ਮੁੱਲ ਨਹੀਂ ਹੈ। ਮੁੱਲ ਤਾਂ ਉਸੇ ਦਾ ਹੈ ਜੋ ਅੱਖ ਬੰਦ ਕਰਕੇ ਦੇਖਿਆ ਜਾ ਸਕਦਾ ਹੈ।

ਮੇਰੇ ਨਾਲ ਜਿਨ੍ਹਾਂ ਦੀ ਸੱਚੀ ਪਛਾਣ ਹੋਵੇਗੀ, ਉਹ ਅੱਖ ਬੰਦ ਕਰਕੇ ਦੇਖਣ ਵਾਲੀ ਪਛਾਣ ਹੈ। ਜਿਨ੍ਹਾਂ ਨੇ ਅੱਖ ਖੋਲ੍ਹ ਕੇ ਹੀ ਦੇਖਿਆ ਹੈ, ਉਹ ਮੇਰੀ ਦੇਹ ਨੂੰ ਦੇਖਣਗੇ। ਅੱਖਾਂ ਦੇਹ ਦੀਆਂ ਹਨ, ਦੇਹ ਤੋਂ ਜ਼ਿਆਦਾ ਉਹਨਾਂ ਦੀ ਪਕੜ ਨਹੀਂ ਹੈ। ਜੇ ਹੱਥ ਨਾਲ ਮੈਨੂੰ ਛੋਹੋਗੇ ਤਾਂ ਮੈਨੂੰ ਨਹੀਂ ਛੋਹ ਪਾਉਗੇ, ਮੇਰੀ ਦੇਹ ਨੂੰ ਹੀ ਛੋਹੋਗੇ। ਹੱਥ ਦੀ ਸਮਰੱਥਾ ਹੱਥ ਤੋਂ ਵਧ ਨਹੀਂ ਹੋ ਸਕਦੀ। ਜੇ ਕੰਨਾਂ ਨਾਲ ਮੈਨੂੰ ਸੁਣੋਗੇ ਤਾਂ ਮੇਰੇ ਸ਼ਬਦਾਂ ਨੂੰ ਹੀ ਸੁਣੋਗੇ, ਮੇਰੇ ਸ਼ੂਨਯ ਨੂੰ ਨਹੀਂ ਸੁਣ ਪਾਉਗੇ। ਉਹ ਕੰਨ ਦੀ ਸਮਰੱਥਾ ਨਹੀਂ।

ਅੱਖ ਦੇਖ ਸਕਦੀ ਹੈ, ਕੰਨ ਸੁਣ ਸਕਦਾ ਹੈ। ਕੰਨ ਦੇਖ ਨਹੀਂ ਸਕਦਾ, ਅੱਖ ਸੁਣ ਨਹੀਂ ਸਕਦੀ। ਇਵੇਂ ਹੀ ਅੱਖ ਖੋਲ੍ਹ ਕੇ ਕੁਝ ਦਿਖਾਈ ਪੈਂਦਾ ਹੈ ਅਤੇ ਕੁਝ ਅੱਖ ਬੰਦ ਕਰ ਕੇ ਦਿਖਾਈ ਪੈਂਦਾ ਹੈ। ਜੋ ਖੋਲ੍ਹ ਕੇ ਦਿਖਾਈ ਪੈਂਦਾ ਹੈ, ਉਹ ਸਥੂਲ ਹੈ। ਜੋ ਬੰਦ ਕਰਕੇ ਦਿਖਾਈ ਪੈਂਦਾ ਹੈ, ਉਹੀ ਸੂਖਮ ਹੈ, ਉਹੀ ਸਾਰ ਹੈ।

ਮੇਰੇ ਨਾਲ ਅੱਖ ਬੰਦ ਕਰਕੇ ਸਬੰਧ ਜੋੜੋ; ਉਹੀ ਅਸਲੀ ਸਬੰਧ ਹੈ। ਜੋ ਕਹਿੰਦਾ ਹਾਂ ਉਹ ਤਾਂ ਸੁਣਿਆਂ: ਜੋ ਨਹੀਂ ਕਹਿੰਦਾ ਹਾਂ, ਉਹ ਵੀ ਸੁਣੋ। ਜੋ ਮੈਂ ਦਿਖਾਈ ਪੈਂਦਾ ਹਾਂ ਉਹ ਤਾਂ ਦੇਖੋ, ਲੇਕਿਨ ਜੋ ਮੈਂ ਦਿਖਾਈ ਨਹੀਂ ਪੈਂਦਾ ਹਾਂ ਉਹ ਵੀ ਦੇਖੋ। ਕਿਉਂਕਿ ਇਉਂ ਹੀ ਤੁਸੀਂ ਆਪਣੇ ਅੰਦਰ ਵੀ ਉਸਨੂੰ ਦੇਖ ਸਕੋਗੇ ਜੋ ਦਿਖਾਈ ਨਹੀਂ ਪੈਂਦਾ ਅਤੇ ਉਹ ਸੁਣ ਸਕੋਗੇ ਜੋ ਸੁਣਾਈ ਨਹੀਂ ਪੈਂਦਾ। ਇਉਂ ਅਗੰਮ ਦੀ ਯਾਤਰਾ ਸ਼ੁਰੂ ਹੁੰਦੀ ਹੈ। ਚੰਗਾ ਹੋਇਐ ਕਬੀਰ !

ਤੂੰ ਕਹਿੰਦਾ ਹੈਂ : 'ਕਬੀਰ ਨਹੀਂ ਸਮਝਿਆ, ਨਹੀਂ ਸੁਲਝਿਆ।' ਸਮਝਣ ਦੀ ਗੱਲ ਨਹੀਂ ਹੈ ਇਹ। ਸਮਝਣ ਚਲੇਂਗਾ, ਚੁੱਕ ਜਾਏਂਗਾ। ਇਹ ਤਾਂ ਦੀਵਾਨਿਆਂ ਦੀ ਗੱਲ ਹੈ। ਸਮਝਦਾਰ ਕਦੇ ਅੱਖ ਬੰਦ ਕਰਦੇ ਹਨ ? ਉਹ ਤਾਂ ਅੱਖ ਖੋਲ੍ਹ ਕੇ ਹੀ ਦੇਖਦੇ ਰਹਿੰਦੇ ਹਨ। ਉਹ ਤਾਂ ਅੱਖ ਪਾੜ ਕੇ ਦੇਖਦੇ ਰਹਿੰਦੇ ਹਨ। ਸਮਝਦਾਰ ਨੂੰ ਤਾਂ ਜੋ ਅੱਖ ਨਾਲ ਦਿਖਾਈ ਪੈਂਦਾ ਹੈ, ਉਹ ਉਸਨੂੰ ਹੀ ਮੰਨਦਾ ਹੈ। ਉਹ ਕਹਿੰਦਾ ਹੈ : ਜੋ ਦਿਖਾਈ ਨਹੀਂ ਪੈਂਦਾ, ਅਸੀਂ ਉਸਨੂੰ ਮੰਨਦੇ ਹੀ ਨਹੀਂ। ਉਹ ਤਾਂ ਕਹਿੰਦਾ ਹੈ : ਜੋ ਛੋਹਣ ਵਿਚ ਆਉਂਦਾ ਹੈ, ਉਸਨੂੰ ਹੀ ਅਸੀਂ ਮੰਨਦੇ ਹਾਂ। ਜੋ ਛੋਹਣ ਵਿਚ ਨਹੀਂ ਆਉਂਦਾ ਉਸਨੂੰ ਅਸੀਂ ਨਹੀਂ ਮੰਨਦੇ।

ਇਸੇਲਈ ਤਾਂ ਸਮਝਦਾਰਾਂ ਨੇ ਈਸ਼ਵਰ ਨੂੰ ਇਨਕਾਰ ਕਰ ਦਿਤਾ ਹੈ। ਆਤਮਾ ਨੂੰ ਇਨਕਾਰ ਕਰ ਦਿਤਾ ਹੈ। ਪ੍ਰੇਮ

ਨੂੰ ਇਨਕਾਰ ਕਰ ਦਿਤਾ ਹੈ, ਸੁਹੱਪਣ ਨੂੰ ਇਨਕਾਰ ਕਰ ਦਿਤਾ ਹੈ। ਜੀਵਨ ਵਿਚ ਜੋ ਵੀ ਬਹੁਮੁੱਲਾ ਹੈ, ਸਭ ਨੂੰ ਹੀ ਇਨਕਾਰ ਕਰ ਦਿਤਾ ਹੈ। ਇਹ ਸਮਝਦਾਰਾਂ ਦਾ ਨਤੀਜਾ ਹੈ ਕਿ ਦੁਨੀਆਂ ਕਚਰਾ ਹੋ ਗਈ ਹੈ। ਕਚਰੇ ਹੀ ਕਚਰੇ ਦਾ ਢੇਰ ਲੱਗ ਗਿਆ ਹੈ। ਕਿਉਂਕਿ ਕਚਰਾ ਪਕੜ ਵਿਚ ਆਉਂਦਾ ਹੈ। ਜਾਉ, ਗੁਲਾਬ ਦੇ ਫੁੱਲ ਕੋਲ ਖੜ੍ਹੇ ਹੋ ਜਾਉ। ਅਤੇ ਕੋਈ ਕਹੇ ਸੋਹਣਾ ਹੈ। ਅਤੇ ਤੁਸੀਂ ਕਹੋ : 'ਕਿਥੇ ਹੈ ਸੁਹੱਪਣ? ਲਾਲ ਤਾਂ ਦਿਖਾਈ ਪੈਂਦਾ ਹੈ। ਫੁੱਲ ਹੈ, ਇਹ ਵੀ ਦਿਖਾਈ ਪੈਂਦਾ ਹੈ। ਲੇਕਿਨ ਸੁਹੱਪਣ ਕਿਥੇ ਹੈ? ਲੈ ਜਾਵਾਂਗਾ ਇਸਨੂੰ ਵਿਗਿਆਨਕ ਦੇ ਕੋਲ, ਰਸਾਇਣਵਿਦ ਦੇ ਕੋਲ, ਕੇਮਿੱਸਟ ਦੇ ਕੋਲ, ਇਸ ਦੀ ਜਾਂਚ-ਪੜਤਾਲ ਕਰਵਾਵਾਂਗਾ।' ਕਰਵਾ ਲੈਣਾ ਜਾਂਚ-ਪੜਤਾਲ, ਸਾਰਾ ਰਸ ਛਾਂਟ ਕੇ ਰਖ ਦੇਵੇਗਾ ਰਸਾਇਣਵਿਦ। ਦੱਸ ਦੇਵੇਗਾ : ਕਿੰਨੀ ਮਿੱਟੀ ਹੈ, ਕਿੰਨਾ ਪਾਣੀ ਹੈ, ਕਿੰਨਾ ਸੂਰਜ ਹੈ, ਕਿੰਨੀ ਹਵਾ ਹੈ-ਸਭ ਦੱਸ ਦੇਵੇਗਾ। ਪੰਜੇ ਤੱਤ ਤੋੜ ਦੇਵੇਗਾ ਅਲੱਗ-ਅਲੱਗ। ਅਤੇ ਜਦ ਤੁਸੀਂ ਉਸ ਤੋਂ ਪੁਛੋਗੇ ਸੁਹੱਪਣ ਕਿਥੇ ਹੈ, ਤਾਂ ਮੋਢੇ ਛੰਡੇਗਾ। ਉਹ ਸੁਹੱਪਣ ਇਸ ਵਿਚ ਕਿਤੇ ਸੀ ਨਹੀਂ। ਅਤੇ ਜੇ ਤੁਹਾਨੂੰ ਜ਼ਿਆਦਾ ਦਿੱਕਤ ਹੋਵੇ ਤਾਂ ਤੁਸੀਂ ਵਜਨ ਤੋਲ ਸਕਦੇ ਹੋ। ਫੁੱਲ ਦਾ ਵਜਨ ਤੋਲ ਲਿਆ ਸੀ, ਇਹ ਸਭ ਚੀਜ਼ਾਂ ਰਖੀਆਂ ਹਨ ਫੁੱਲ ਵਿਚੋਂ ਕਢ ਕੇ ਸਾਂਝਾ ਇਹਨਾਂ ਦਾ ਵਜਨ ਤੋਲ ਲਵੋ, ਦੋਹਾਂ ਦਾ ਵਜਨ ਬਰਾਬਰ ਹੈ।

ਜੋ ਤਰਾਜੂ ਦੀ ਤੋਲ ਵਿਚ ਆਉਂਦਾ ਹੈ ਉਹੀ ਸਭ-ਕੁਝ ਹੈ? ਜਿਉਂਦਾ ਆਦਮੀ ਸੀ, ਮਰ ਗਿਆ, ਦੋਨਾਂ ਦਾ ਵਜਨ ਤੋਲ ਲਵੋ, ਬਰਾਬਰ ਹੈ। ਤਰਾਜੂ ਦੀ ਤੋਲ ਤੋਂ ਕੁਝ ਚੁੱਕ ਜਾਂਦਾ ਹੈ। ਹੁਣੇ ਬੋਲਦਾ ਸੀ, ਹੁਣ ਨਹੀਂ ਬੋਲਦਾ- ਵਜਨ ਬਰਾਬਰ ਹੈ। ਹੁਣੇ ਡੋਲਦਾ ਸੀ, ਹੁਣ ਨਹੀਂ ਡੋਲਦਾ-ਵਜਨ ਬਰਾਬਰ ਹੈ। ਹੁਣੇ ਤੁਸੀਂ ਇਸਨੂੰ ਘਰ ਵਿਚ ਮਹਿਮਾਨ ਬਣਾ ਕੇ ਰਖਣ ਨੂੰ ਰਾਜ਼ੀ ਸੀ, ਹੁਣ ਚੱਲੇ ਅਰਥੀ 'ਤੇ ਬੰਨ੍ਹ ਕੇ। ਕੁਝ ਫਰਕ ਹੋ ਗਿਐ। ਕੁਝ ਗੱਲ ਬਦਲ ਗਈ। ਸੱਤਰ ਸਾਲ ਇਥੇ ਰਿਹਾ, ਹੁਣ ਸੱਤ ਘੰਟੇ ਤੁਸੀਂ ਘਰ ਵਿਚ ਨਹੀਂ ਰੋਕਣਾ ਚਾਹੁੰਦੇ ਇਸਨੂੰ। ਕਿਉਂਕਿ ਹੁਣ ਬਦਬੋ ਫੈਲੇਗੀ, ਹੁਣ ਸੜੇਗਾ। ਕੋਈ ਪੰਛੀ ਉਡ ਗਿਆ ਅੰਦਰੋਂ, ਲੇਕਿਨ ਪੰਛੀ ਕੋਈ ਅਜੇਹਾ ਉਡਿਆ ਹੈ ਜਿਸ ਵਿਚ ਵਜਨ ਨਹੀਂ ਹੈ, ਜੋ ਵਜਨ ਦੇ ਬਾਹਰ ਹੈ। ਕੋਈ ਚੇਤੰਨ ਛੂਪਨ ਹੋ ਗਿਆ।

ਵਜਨ ਵਿਚ ਹੀ ਸਭ ਖ਼ਤਮ ਨਹੀਂ ਹੁੰਦਾ। ਖੁਲ੍ਹੀ ਅੱਖ ਨਾਲ ਹੀ ਸਭ ਦਿਖਾਈ ਨਹੀਂ ਪੈਂਦਾ। ਸਮਝਦਾਰੀ ਸਾਰਾ ਕੁਝ ਪਕੜ ਨਹੀਂ ਪਾਂਦੀ। ਅਤੇ ਜਦ ਅਸੀਂ ਸਮਝਦਾਰੀ ਦੇ ਚਮਚੇ ਨਾਲ ਸਭ ਕੁਝ ਪਕੜਨ ਚਲਦੇ ਹਾਂ, ਸਮਝਦਾਰੀ ਦੇ ਅਧਾਰ ਨੂੰ ਹੀ ਸਭ ਕੁਝ ਮੰਨ ਲੈਂਦੇ ਹਾਂ, ਪੈਮਾਨਾ ਬਣਾ ਲੈਂਦੇ ਹਾਂ, ਤਾਂ ਜੋ ਵੀ ਮਹੱਤਵਪੂਰਨ ਹੈ, ਖੁੰਝ ਜਾਂਦਾ ਹੈ; ਜੋ ਵੀ ਸਾਰਥਕ ਹੈ, ਖੁੰਝ ਜਾਂਦਾ ਹੈ। ਜੋ ਅੱਜ ਦੁਨੀਆਂ ਵਿਚ ਆਦਮੀ ਮਹਿਸੂਸ ਕਰਦਾ ਹੈ ਕਿ ਜੀਵਨ ਫਜ਼ੂਲ ਹੈ, ਤਾਂ ਕੋਈ ਹੋਰ ਜਿੰਮੇਵਾਰ ਨਹੀਂ, ਸਾਡੇ ਅਖੌਤੀ ਸਮਝਦਾਰ ਜਿੰਮੇਵਾਰ ਹਨ।

ਇਸਲਈ ਕਬੀਰ! ਸਮਝਦਾਰੀ ਦੀ ਫਿਕਰ ਛਡ। ਮੈਂ ਇਥੇ ਸਮਝਦਾਰੀ ਦੇਣ ਨੂੰ ਹਾਂ ਵੀ ਨਹੀਂ, ਸਮਝਦਾਰ ਤੂੰ ਉਂਜ ਹੀ ਕਾਫੀ ਹੈਂ, ਮੈਂ ਤੈਨੂੰ ਜ਼ਰਾ ਨਾ-ਸਮਝਦਾਰ ਬਣਾ ਸਕਾਂ ਤਾਂ ਕੰਮ ਹੋ ਜਾਵੇ। ਬੁੱਧੀਮਾਨ ਤੂੰ ਉਂਜ ਹੀ ਕਾਫੀ ਹੈਂ। ਮੈਂ

ਤੈਨੂੰ ਰਤਾ ਦੀਵਾਨਾ ਬਣਾ ਸਕਾਂ ਤਾਂ ਕੰਮ ਹੋਵੇ।

ਇਥੇ ਤਾਂ ਪਾਗਲ ਸਮਝਣਗੇ ਅਤੇ ਸਮਝਦਾਰ ਪਾਗਲ ਦੀ ਤਰ੍ਹਾਂ ਛੁੱਟ ਜਾਣਗੇ। ਬਾਹਰ ਰਹਿ ਜਾਣਗੇ। ਇਹ ਦੀਵਾਨਿਆਂ ਦੀ ਬਸਤੀ ਹੈ। ਇਥੇ ਸਮਝਦਾਰੀ ਦਾ ਹਿਸਾਬ ਹੀ ਨਾ ਲਾਉਣਾ। ਉਹ ਕਸੌਟੀ ਇਥੇ ਕੰਮ ਦੀ ਨਹੀਂ ਹੈ।

ਤੂੰ ਕਹਿੰਦਾ ਹੈਂ: 'ਕਬੀਰ ਨਹੀਂ ਸਮਝਿਆ।' ਨਹੀਂ ਸਮਝ ਸਕਦਾ ਹੈਂ, ਕਿਉਂਕਿ ਇਹ ਗੱਲ ਸਮਝਣ ਦੀ ਨਹੀਂ ਹੈ। ਜੇਕਰ ਸਮਝ ਨੂੰ ਫੜੀ ਰਖਿਆ ਤਾਂ ਇਹ ਗੱਲ ਚੁੱਕ ਜਾਏਗੀ। ਜੇ ਇਸ ਗੱਲ ਨੂੰ ਫੜਨਾ ਹੋਵੇ, ਸਮਝ ਛੱਡ। ਇਸਲਈ ਸ਼ਰਧਾ ਦਾ ਇੰਨਾ ਮੁੱਲ ਹੈ। ਸ਼ਰਧਾ ਦਾ ਅਰਥ ਕੀ ਹੁੰਦਾ ਹੈ?—ਸਮਝ ਦੇ ਪਾਰ ਵੀ ਕੁਝ ਹੈ। ਅਦ੍ਰਿਸ਼ ਵੀ ਕੁਝ ਹੈ। ਅਗੋਚਰ ਵੀ ਕੁਝ ਹੈ। ਸ਼ਰਧਾ ਦਾ ਹੋਰ ਕੀ ਅਰਥ ਹੈ? ਸ਼ਰਧਾ ਦਾ ਇੰਨਾ ਹੀ ਅਰਥ ਹੈ ਕਿ ਮੈਂ ਬੁੱਧੀ 'ਤੇ ਸਮਾਪਤ ਨਹੀਂ ਕਰਦਾ ਵਜੂਦ ਨੂੰ; ਬੁੱਧੀ ਦੇ ਪਾਰ ਵੀ ਵਜੂਦ ਦਾ ਫੈਲਾਅ ਹੈ, ਇਹ ਅੰਗੀਕਾਰ ਕਰਦਾ ਹਾਂ; ਹਾਲਾਂਕਿ ਸਿੱਧ ਨਹੀਂ ਕਰ ਸਕਾਂਗਾ, ਕਿਉਂਕਿ ਸਿੱਧ ਤਾਂ ਉਹੀ ਹੁੰਦਾ ਹੈ ਜੋ ਬੁੱਧੀ ਦੇ ਅੰਦਰ ਹੋਵੇ। ਮੈਂ ਅਸਿੱਧ ਨੂੰ ਵੀ ਮੰਨਦਾ ਹਾਂ। ਅਸਿੱਧ ਵਿਚ ਵੀ ਮੇਰੀ ਸ਼ਰਧਾ ਹੈ। ਜੋ ਤਰਕ ਨਾਲ ਤੈਅ ਨਹੀਂ ਹੁੰਦਾ, ਉਸਦਾ ਵੀ ਮੈਨੂੰ ਅਹਿਸਾਸ ਹੁੰਦਾ ਹੈ।

ਤੁਸੀਂ ਪ੍ਰੇਮ ਨੂੰ ਸਿੱਧ ਕਰ ਪਾਉਗੇ? ਲੇਕਿਨ ਪ੍ਰੇਮ ਦਾ ਅਨੁਭਵ ਹੁੰਦਾ ਹੈ। ਤੁਸੀਂ ਕਾਵਿ ਨੂੰ ਸਿੱਧ ਕਰ ਪਾਉਗੇ? ਕਾਵਿ ਸਿੱਧ ਨਹੀਂ ਹੁੰਦਾ, ਵਿਗਿਆਨ ਸਿੱਧ ਹੁੰਦਾ ਹੈ। ਪਰ ਵਿਗਿਆਨ ਆਦਮੀ ਨੂੰ ਯੰਤਰ ਦਿੰਦਾ ਹੈ—ਅਤੇ ਯੰਤਰ ਵਰਗਾ ਬਣਾ ਦਿੰਦਾ ਹੈ। ਯਾਂਤਰਿਕਤਾ ਵੀ ਦੇ ਦਿੰਦਾ ਹੈ। ਕਾਵਿ ਮਨੁੱਖ ਨੂੰ ਖੰਭ ਦਿੰਦਾ ਹੈ—ਅਕਾਸ਼ ਵਿਚ ਉਡਣ ਦਾ ਸੱਦਾ ਦਿੰਦਾ ਹੈ। ਕਾਵਿ ਮਨੁੱਖ ਨੂੰ ਅਲੌਕੀ ਦੀ ਤਰੰਗ ਦਿੰਦਾ ਹੈ।

ਅੱਖ ਬੰਦ ਕਰਕੇ ਜੋ ਵੀ ਹੋਵੇਗਾ ਉਹ ਕਾਵਿ ਹੈ। ਅੱਖ ਖੁੱਲ੍ਹਾ-ਖੁੱਲ੍ਹਾ ਜੋ ਹੋ ਰਿਹਾ ਹੈ, ਉਹ ਸਭ ਗਿਆਨ-ਵਿਗਿਆਨ ਹੈ।

ਇਕ ਝਰੋਖਾ ਖੁੱਲ੍ਹਿਆ ਸੀ ਅੱਖ ਬੰਦ ਕਰਕੇ। ਸਮਝਣ ਦੀ ਕੋਸ਼ਿਸ਼ ਨਾ ਕਰੀਂ, ਨਹੀਂ ਤਾਂ ਝਰੋਖਾ ਬੰਦ ਹੋ ਜਾਏਗਾ। ਇਹ ਝਰੋਖੇ ਬੜੇ ਨਾਜ਼ਕ ਹਨ। ਸਮਝਦਾਰੀ ਜਿਹਾ ਪੱਥਰ ਇਹ ਨਹੀਂ ਸਹਾਰ ਪਾਂਦੇ। ਇਹ ਫੁੱਲ ਵਰਗੇ ਨਾਜ਼ਕ ਹਨ। ਤੁਸੀਂ ਚੁੱਕਿਆ, ਤਰਕ ਦਾ ਪੱਥਰ ਦੇ ਮਾਰਿਆ, ਫੁੱਲ ਨਸ਼ਟ ਹੋ ਜਾਏਗਾ। ਅਤੇ ਇਹ ਨਾ ਸੋਚਣਾ ਕਿ ਜੋ ਨਸ਼ਟ ਹੋ ਗਿਆ ਉਹ ਵਿਅਰਥ ਸੀ। ਅਤੇ ਜੋ ਬਚ ਗਿਆ ਉਹ ਸਾਰਥਕ ਹੈ। ਕਿਉਂਕਿ ਨਿਗੁਣਾ ਹਮੇਸ਼ਾ ਹੀ ਬਚ ਜਾਂਦਾ ਹੈ। ਵਿਅਰਥ ਬਚ ਜਾਂਦਾ ਹੈ, ਸਾਰਥਕ ਹੀ ਨਸ਼ਟ ਹੁੰਦਾ ਹੈ। ਜਿੰਨੀ ਬਹੁਮੁੱਲੀ ਚੀਜ਼ ਹੋਵੇ, ਉਂਨੀ ਛੇਤੀ ਨਸ਼ਟ ਹੋ ਜਾਂਦੀ ਹੈ, ਉਂਨੀ ਨਾਜ਼ਕ ਹੁੰਦੀ ਹੈ। ਇਸ ਜਗਤ ਵਿਚ ਸ਼ਰਧਾ ਤੋਂ ਨਾਜ਼ਕ ਹੋਰ ਕੁਝ ਵੀ ਨਹੀਂ। ਬੜੀ ਛੁਈ-ਮੁਈ ਹੈ। ਜ਼ਰਾ ਵਿਚ ਨਸ਼ਟ ਹੋ ਸਕਦੀ ਹੈ। ਜ਼ਰਾ-ਕੁ ਸ਼ੱਕ, ਜ਼ਰਾ-ਕੁ ਤਰਕ—ਅਤੇ ਸ਼ਰਧਾ ਅਲੋਪ ਹੋ ਜਾਂਦੀ ਹੈ। ਅਤੇ ਸ਼ਰਧਾ ਨੂੰ ਟਿਕਾਉਣਾ ਕਠਨ ਤੋਂ ਕਠਨ ਕਲਾ ਹੈ ਅਤੇ ਜਿਸਨੂੰ ਆ ਗਈ, ਉਹੀ ਧਾਰਮਕ ਹੈ।

ਸੋ ਕਬੀਰ! ਸਮਝਣ ਦੀ ਕੋਸ਼ਿਸ਼ ਨਾ ਕਰ। ਅਤੇ ਤੂੰ ਕਹਿੰਦਾ ਹੈਂ : 'ਕਬੀਰ ਨਹੀਂ ਸਮਝਿਆ, ਨਹੀਂ ਸੁਲਝਿਆ।'

ਸੁਲਝਾਉਣ ਦਾ ਸਵਾਲ ਹੀ ਨਹੀਂ ਹੈ। ਇਹ ਕੋਈ ਉਲਝਣ ਥੋੜ੍ਹਾ-ਈ ਹੈ, ਜਿਸਨੂੰ ਸੁਲਝਾਉਣਾ ਹੈ। ਇਹ ਤਾਂ ਰਹੱਸ ਹੈ, ਜਿਸ ਵਿਚ ਉਤਰਨਾ ਹੈ, ਟੁੱਭੀ ਮਾਰਨੀ ਹੈ।

ਜੀਵਨ ਨੂੰ ਸਮੱਸਿਆ ਦੀ ਤਰ੍ਹਾਂ ਦੇਖਣ ਦਾ ਢੰਗ ਮੁਨਾਸਬ ਨਹੀਂ ਹੈ। ਜੇ ਤੂੰ ਮੇਰੀ ਗੱਲ ਠੀਕ ਤਰ੍ਹਾਂ ਨਾਲ ਸੁਣ ਰਿਹਾ ਹੈਂ-ਤਾਂ ਜੀਵਨ ਨੂੰ ਸਮੱਸਿਆ ਬਣਾ ਦੇਣ ਵਿਚ ਹੀ ਭੁੱਲ ਹੈ। ਜੀਵਨ ਰਹੱਸ ਹੈ-ਜੀਣ ਦੇ ਲਈ। ਨੱਚੋ! ਗਾਉ! ਗੁਣਗੁਣਾਉ! ਸੁਲਝਾਉਣਾ ਕੀ ਹੈ? ਸੁਲਝਾਉਗੇ ਕੀ? ਸੁਲਝਾ-ਸੁਲਝਾ ਕੇ ਮਿਲੇਗਾ ਕੀ? ਦਸ ਹਜ਼ਾਰ ਸਾਲ ਤੋਂ ਦਰਸ਼ਨਸ਼ਾਸਤਰ ਸੁਲਝਾ ਰਿਹਾ ਹੈ, ਕੀ ਸੁਲਝਾ ਪਾਇਆ ਹੈ? ਕੁਝ ਵੀ ਨਹੀਂ ਸੁਲਝਾ ਪਾਇਆ। ਸੱਚ ਤਾਂ ਇਹ ਹੈ, ਗੱਲ ਹੋਰ ਉਲਝ ਗਈ। ਸੁਲਝਾਉਣ ਵਿਚ ਉਲਝ ਗਈ। ਸੁਲਝਾਉਣ ਚੱਲੇ ਸੀ, ਉਲਝਦੀ ਚਲੀ ਗਈ। ਅਸਲ ਵਿਚ ਸੁਲਝਾਉਣ ਦਾ ਭਾਵ ਹੀ ਇਸ ਗੱਲ ਦੀ ਸਵੀਕਾਰਨਾ ਹੈ ਕਿ ਤੁਸੀਂ ਮੰਨ ਹੀ ਲਈ-ਇਕ ਗੱਲ ਤੁਸੀਂ ਮੰਨ ਹੀ ਲਈ-ਕਿ ਜਗਤ ਉਲਝਿਆ ਹੋਇਆ ਹੈ, ਤੁਸੀਂ ਸੁਲਝਾਉਣਾ ਹੈ।

ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ : ਇਥੇ ਕੁਝ ਉਲਝਿਆ ਹੀ ਨਹੀਂ ਹੈ। ਸਭ ਸੁਲਝਿਆ ਹੀ ਸੁਲਝਿਆ ਹੈ। ਸਭ ਸਿੱਧਾ-ਸਾਫ ਹੈ। ਲੇਕਿਨ, ਜੇਕਰ ਤੁਸੀਂ ਸੁਲਝਾਉਣ ਦਾ ਮਜ਼ਾ ਲੈਣਾ ਚਾਹੁੰਦੇ ਹੋ ਤਾਂ ਫਿਰ ਉਲਝਾਉਣਾ ਪਾਏਗਾ। ਫਿਰ ਤੁਹਾਨੂੰ ਅਜੇਹੇ ਸਵਾਲ ਉਠਾਉਣੇ ਪੈਣਗੇ ਜਿਹੜੇ ਜ਼ਿੰਦਗੀ ਨੂੰ ਉਲਝਾ ਦੇਣ। ਫਿਰ ਇਕ ਖੇਡ ਵਿਚ ਤੁਸੀਂ ਪੈ ਗਏ : ਖ਼ੁਦ ਉਲਝਾਉਂਦੇ ਹੋ, ਖ਼ੁਦ ਸੁਲਝਾਉਂਦੇ ਹੋ। ਫਿਰ ਇਸਦਾ ਕੋਈ ਅੰਤ ਨਹੀਂ ਹੈ। ਜੇ ਉਲਝਾਉਣ ਦੀ ਆਦਤ ਬਣ ਗਈ ਤਾਂ ਤੁਸੀਂ ਉਲਝਾਈ ਚਲੇ ਜਾਉਗੇ। ਹਰ ਸਵਾਲ ਦਾ ਜਵਾਬ ਦਸ ਨਵੇਂ ਸਵਾਲ ਖੜ੍ਹੇ ਕਰ ਦੇਵੇਗਾ।

ਇਸ ਜ਼ਿੰਦਗੀ ਨੂੰ ਸਮੱਸਿਆ ਦੀ ਤਰ੍ਹਾਂ ਲੈਣਾ ਹੀ ਨਾ। ਜ਼ਿੰਦਗੀ ਵਰਦਾਨ ਹੈ, ਸਮੱਸਿਆ ਨਹੀਂ ਹੈ। ਸੁਗਾਤ ਹੈ ਪਰਮਾਤਮਾ ਦੀ, ਪ੍ਰਸਾਦ ਹੈ, ਕਿਰਪਾ ਹੈ। ਝੱਲੋ! ਜਿੰਨਾ ਲੈ ਸਕੋ ਲੈ ਲਉ, ਪੀਉ! ਪਚਾਉ! ਤੁਹਾਡੀ ਮਾਸ-ਚਰਬੀ ਵਿਚ ਘੁਲ ਜਾਣ ਦਿਉ। ਤੁਹਾਡੇ ਰੋਮ-ਰੋਮ ਵਿਚ ਸਮਾ ਜਾਣ ਦਿਉ।

ਇਸਲਈ ਧਾਰਮਕ ਵਿਅਕਤੀ ਉਹ ਹੈ, ਜੋ ਜੀਵਨ ਨੂੰ ਸੁਲਝਾਉਣਾ ਨਹੀਂ ਚਾਹੁੰਦਾ-ਸੁਲਝਾਉਣ ਦੇ ਉਲਝਾਅ ਵਿਚ ਪੈਂਦਾ ਹੀ ਨਹੀਂ। ਧਾਰਮਕ ਵਿਅਕਤੀ ਉਹ ਹੈ, ਜੋ ਜੀਵਨ ਜੀਂਦਾ ਹੈ। ਚੰਦ ਨਿਕਲਦਾ ਹੈ ਤਾਂ ਚੰਦ ਦੇ ਨਾਲ ਅਨੰਦਤ ਹੁੰਦਾ ਹੈ ਕਿ ਚੰਦ 'ਤੇ ਕੀ ਹੈ-ਮਿੱਟੀ ਹੈ ਕਿ ਪੱਥਰ ਹੈ ਕਿ ਝੀਲ ਹੈ ਕਿ ਪਹਾੜ ਹੈ? ਸੂਰਜ ਨਿਕਲਦਾ ਹੈ ਤਾਂ ਸੂਰਜ ਦੇ ਸਾਹਮਣੇ ਝੁਕ ਜਾਂਦਾ ਹੈ ਖ਼ੁਸ਼ੀ ਨਾਲ। ਸੂਰਜ ਨਿਮਸਕਾਰ ਵਿਚ ਪ੍ਰਕਾਸ਼ ਦੀ ਆਮਦ ਹੋਈ ਹੈ। ਅਨੰਦਤ ਹੋ ਉਠਦਾ ਹੈ। ਰਾਤ ਕਟੀ। ਹਨੇਰਾ ਹੁੰਦਾ ਹੈ ਤਾਂ ਹਨੇਰੇ ਦੀ ਸ਼ਾਂਤੀ ਨੂੰ ਮਹਿਸੂਸ ਕਰਦਾ ਹੈ। ਰੋਸ਼ਨੀ ਹੁੰਦੀ ਹੈ ਤਾਂ ਰੋਸ਼ਨੀ ਦੀ ਸਪਸ਼ਟਤਾ ਅਨੁਭਵ ਕਰਦਾ ਹੈ।

ਜੋ ਵੀ ਹੁੰਦਾ ਹੈ ਉਸਨੂੰ ਅਨੁਭਵ ਕਰਦਾ ਹੈ; ਲੈਂਦਾ ਹੈ, ਆਪਣੇ ਅੰਦਰ ਲੈਂਦਾ ਹੈ। ਅਤੇ ਸਮੱਸਿਆ ਬਣਾਉਂਦਾ ਨਹੀਂ, ਸਵਾਲੀਆ-ਨਿਸ਼ਾਨ ਲਾਉਂਦਾ ਨਹੀਂ। ਕਿਸੇ ਚੀਜ਼ ਉਤੇ ਸਵਾਲੀਆ-ਨਿਸ਼ਾਨ ਨਾ ਲਾਉਣਾ ਧਾਰਮਕ ਆਦਮੀ

ਦਾ ਲੱਛਣ ਹੈ। ਉਹ ਪੁਛਦਾ ਹੀ ਨਹੀਂ ਕਿਉਂ?

ਫਰਕ ਸਮਝਣਾ! ਦਾਰਸ਼ਨਿਕ ਬਿਰਤੀ ਦਾ ਆਦਮੀ ਆਉਂਦਾ ਹੈ ਮੇਰੇ ਕੋਲ, ਉਹ ਪੁਛਦਾ ਹੈ : 'ਈਸ਼ਵਰ ਹੈ ਜਾਂ ਨਹੀਂ? ਆਤਮਾ ਹੈ ਜਾਂ ਨਹੀਂ? ਮੋਕੱਛ ਹੈ ਜਾਂ ਨਹੀਂ?' ਧਾਰਮਕ ਬਿਰਤੀ ਦਾ ਵਿਅਕਤੀ ਮੇਰੇ ਕੋਲ ਆਉਂਦਾ ਹੈ, ਉਹ ਕਹਿੰਦਾ ਹੈ : 'ਈਸ਼ਵਰ ਨੂੰ ਅਸੀਂ ਕਿਵੇਂ ਜੀਵੀਏ? ਈਸ਼ਵਰ ਦੇ ਨਾਲ ਅਸੀਂ ਕਿਵੇਂ ਲਿਵਲੀਨ ਹੋ ਜਾਈਏ?' ਇਹ ਚਾਹਨਾ ਬੜੀ ਭਿੰਨ ਹੈ। ਸੁਲਝਾਅ ਦਾ ਸਵਾਲ ਨਹੀਂ ਹੈ। ਉਹ ਸਿਰਫ ਇਸ ਵਿਰਾਟ ਵਜੂਦ ਵਿਚ ਟੁੱਭੀ ਮਾਰਨ ਦੀ ਕਲਾ ਸਿੱਖਣਾ ਚਾਹੁੰਦਾ ਹੈ।

ਸੁਲਝਾਉਣਾ ਕੀ ਹੈ? ਸੁਲਝਾਉਣ-ਯੋਗ ਸਮਾਂ ਵੀ ਕਿਥੇ ਹੈ। ਇਹ ਛੋਟੀ-ਜਿਹੀ ਜ਼ਿੰਦਗੀ, ਇਸੇ ਸੁਲਝਾਉਣ-ਸੁਲਝਾਉਣ ਵਿਚ ਨਸ਼ਟ ਹੋ ਜਾਉਗੇ। ਮੌਤ ਆਏਗੀ ਅਤੇ ਤੁਸੀਂ ਸਵਾਲਾਂ ਵਿਚੇ ਘਿਰੇ ਬੈਠੇ ਰਹੋਗੇ। ਜਾਣ ਦਿਉ ਸਵਾਲਾਂ ਨੂੰ।

ਬੁੱਧ ਦੇ ਕੋਲ ਜਦ ਵੀ ਕੋਈ ਨਵਾਂ ਆਦਮੀ ਆਉਂਦਾ ਸੀ ਅਤੇ ਸਵਾਲ ਪੁਛਦਾ ਸੀ, ਤਾਂ ਬੁੱਧ ਅਕਸਰ ਕਹਿੰਦੇ ਸੀ, ਤੂੰ ਦੋ ਸਾਲ ਰੁਕ। ਦੋ ਸਾਲ ਨਾ ਪੁਛ। ਦੋ ਸਾਲ ਮੇਰੇ ਕੋਲ ਬੈਠ, ਉਠ, ਜਿਉਂ-ਬਿਨਾਂ ਪੁਛੇ। ਧਿਆਨ ਕਰ, ਸ਼ਾਂਤ ਹੋ, ਪ੍ਰਸੰਨ ਹੋ, ਅਨੰਦਤ ਹੋ, ਪਰ ਸਵਾਲ ਨਾ ਉਠਾ। ਦੋ ਸਾਲ ਬਾਅਦ ਫਿਰ ਪੁਛ ਲਵੀਂ।

ਇਕ ਦਿਨ ਅਜੇਹਾ ਹੀ ਹੋਇਆ, ਮੌਲੁੰਕਪੁੱਤ੍ਰ ਨਾਂ ਦਾ ਪ੍ਰਸਿਧ ਦਾਰਸ਼ਨਿਕ ਬੁੱਧ ਦੇ ਕੋਲ ਆਇਆ, ਅਤੇ ਉਸਨੇ ਕਿਹਾ ਕਿ ਮੇਰੇ ਕੋਲ ਕੁਝ ਸਵਾਲ ਹਨ ਜਿਨ੍ਹਾਂ ਦੇ ਜਵਾਬ ਮੈਂ ਤਲਾਸ਼ ਰਿਹਾ ਹਾਂ, ਜ਼ਿੰਦਗੀ ਮੇਰੀ ਹੋ ਗਈ ਹੈ। ਵੱਡੇ-ਵੱਡੇ ਸੰਤਾਂ ਦੇ ਕੋਲ ਗਿਆ ਹਾਂ, ਕੋਈ ਜਵਾਬ ਨਹੀਂ ਦੇ ਪਾਇਆ ਹੈ। ਹੁਣ ਆਖ਼ਰੀ ਆਸ ਨਾਲ ਤੁਹਾਡੇ ਕੋਲ ਆਇਆ ਹਾਂ। ਜੇ ਤੁਹਾਡੇ ਕੋਲ ਜਵਾਬ ਨਾ ਮਿਲਿਆ ਤਾਂ ਮੈਂ ਬਹੁਤ ਨਿਰਾਸ ਹੋ ਜਾਵਾਂਗਾ, ਕਿਉਂਕਿ ਸਭ ਹਾਰ ਗਏ, ਵੱਡੇ-ਵੱਡੇ ਹਾਰ ਗਏ।

ਬੁੱਧ ਨੇ ਕਿਹਾ : ਮੌਲੁੰਕਪੁੱਤ੍ਰ! ਤੂੰ ਦੋ ਸਾਲ ਰੁਕ, ਚੁਪਚਾਪ ਬੈਠ। ਮੈਨੂੰ ਜਿਉਂ। ਮੇਰੇ ਕੋਲ ਰਹਿ। ਮੇਰੀ ਮੌਜੂਦਗੀ ਨੂੰ ਮਹਿਸੂਸ ਕਰ। ਧਿਆਨ ਵਿਚ ਡੁੱਬ, ਸ਼ਾਂਤ ਹੋ। ਫਿਰ ਦੋ ਸਾਲ ਬਾਅਦ ਪੁਛ ਲਵੀਂ। ਫਿਰ ਜੋ ਵੀ ਤੂੰ ਪੁਛਣਾ ਹੋਵੇ, ਮੈਂ ਜਵਾਬ ਦੇਵਾਂਗਾ। ਮੈਂ ਭਰੋਸਾ ਦਿੰਦਾ ਹਾਂ, ਜ਼ਰੂਰ ਜਵਾਬ ਦੇਵਾਂਗਾ। ਮੈਂ ਭਰੋਸਾ ਦਿੰਦਾ ਹਾਂ, ਜ਼ਰੂਰ ਜਵਾਬ ਦੇਵਾਂਗਾ।

ਮੌਲੁੰਕਪੁੱਤ੍ਰ ਸੋਚਣ ਲੱਗਿਆ-ਦੋ ਸਾਲ! ਸਵਾਲਾਂ ਦੇ ਜਵਾਬ ਦੀ ਖ਼ਾਤਰ! ਫਿਰ ਬੁੱਧ ਨੇ ਕਿਹਾ : ਤੂੰ ਜਿਨ੍ਹਾਂ ਦੇ ਵੀ ਕੋਲ ਗਿਆ ਸੀ, ਉਹਨਾਂ ਨੇ ਉਸੇ ਵੇਲੇ ਜਵਾਬ ਦੇ ਦਿਤੇ ਸਨ। ਤੈਨੂੰ ਕੁਝ ਮਿਲਿਆ ਨਹੀਂ। ਮੈਂ ਤੈਨੂੰ ਨਾਲ ਦੀ ਨਾਲ ਜਵਾਬ ਨਹੀਂ ਦੇਣਾ ਚਾਹੁੰਦਾ ਹਾਂ। ਨਹੀਂ ਤਾਂ ਤੈਨੂੰ ਫਿਰ ਵੀ ਕੁਝ ਨਹੀਂ ਮਿਲੇਗਾ। ਤੂੰ ਰੁਕ, ਤੂੰ ਇੰਨਾ ਧੀਰਜ ਰਖ।

ਸੋਚ ਕੇ ਮੌਲੁੰਕਪੁੱਤ੍ਰ ਨੇ ਕਿ ਸਭ ਜਗ੍ਹਾ ਭਟਕ ਹੀ ਚੁਕਿਆ ਹਾਂ, ਠੀਕ ਹੈ, ਦੋ ਸਾਲ ਇਹ ਵੀ ਜਾਣ। ਦਾਅ ਲਾਉਣਾ ਹੈ, ਜੂਆ ਖੇਡਣਾ ਹੈ। ਅਤੇ ਕੀ ਭਰੋਸਾ, ਦੋ ਸਾਲ ਬਾਅਦ ਇਹ ਆਦਮੀ ਜੋ ਜਵਾਬ ਦੇਵੇਗਾ ਉਹ ਮੇਰੇ ਕੰਮ

ਦੇ ਹੋਣਗੇ ਕਿ ਨਹੀਂ, ਮੈਨੂੰ ਤ੍ਰਿਪਤ ਕਰਨਗੇ ਕਿ ਨਹੀਂ? ਜਦ ਉਹ ਇਹ ਸੋਚ ਹੀ ਰਿਹਾ ਸੀ, ਤਦੇ ਬੁੱਧ ਦਾ ਇਕ ਦੂਜਾ ਸ਼ਿਸ਼ ਨੇੜੇ ਦੇ ਹੀ ਇਕ ਬਿਰਛ ਦੇ ਹੇਠਾਂ ਮਸਤ ਬੈਠਾ ਸੀ। ਉਹ ਖਿੜਖਿੜਾ ਕੇ ਹੱਸਣ ਲੱਗਿਆ। ਮੌਲੁੰਕਪੁੱਤ੍ਰ ਨੇ ਪੁਛਿਆ : ਇਸ ਵਿਚ ਹੱਸਣ ਦੀ ਕੀ ਗੱਲ ਹੈ? ਉਸ ਸ਼ਿਸ਼ ਨੇ ਕਿਹਾ : ਪੁਛਣਾ ਹੈ ਤਾਂ ਹੁਣੇ ਪੁਛ ਲੈ। ਇਹੀ ਧੋਖਾ ਮੈਨੂੰ ਦਿਤਾ ਗਿਆ ਸੀ। ਇਹ ਦੋ ਸਾਲ ਬੀਤ ਗਏ। ਜੇ ਪੁਛਣਾ ਹੈ ਤਾਂ ਹੁਣੇ ਪੁਛ ਲੈ। ਮੈਂ ਵੀ ਦੋ ਸਾਲ ਪਹਿਲਾਂ ਇਵੇਂ ਹੀ ਆਇਆ ਸੀ। ਮੈਂ ਧੋਖਾ ਖਾ ਗਿਆ।

ਪਰ ਬੁੱਧ ਨੇ ਕਿਹਾ : ਤੂੰ ਪੁਛਣਾ ਹੈ, ਤਾਂ ਤੂੰ ਹੁਣ ਪੁਛ। ਉਹ ਭਿੱਕਸ਼ੂ ਕਹਿਣ ਲਗਿਆ : ਇਹੀ ਤਾਂ ਮੇਰੀ ਮੁਸ਼ਕਲ ਹੈ। ਇਹਨਾਂ ਦੋ ਸਾਲਾਂ ਵਿਚ ਸਵਾਲ ਅਲੋਪ ਹੋ ਗਏ। ਜੀਵਨ ਵਿਚ ਇੰਨਾ ਅਨੰਦ ਹੈ।

ਜੀਵਨ ਆਪਣੇ-ਆਪ ਵਿਚ ਹੱਲ ਹੈ।

ਇਸੇਲਈ ਤਾਂ ਅਸੀਂ ਧਿਆਨ ਦੀ ਪਰਮ-ਅਵਸਥਾ ਨੂੰ ਸਮਾਧੀ ਆਖਦੇ ਹਾਂ। ਸਮਾਧੀ ਅਤੇ ਸਮਾਧਾਨ ਇਕ ਹੀ ਸ਼ਬਦ ਤੋਂ ਬਣਦੇ ਹਨ। ਸਮਾਧਾਨ ਸਵਾਲਾਂ ਦੇ ਜਵਾਬ ਵਿਚ ਨਹੀਂ ਹੈ। ਸਮਾਧਾਨ ਤਾਂ ਚਿੱਤ ਦੀ ਉਸ ਸਮਾਧੀ-ਅਵਸਥਾ ਵਿਚ ਹੈ ਜਿਥੇ ਕੋਈ ਸਵਾਲ ਨਹੀਂ ਰਹਿ ਜਾਂਦੇ, ਨਿਰਵਿਚਾਰ ਦਸ਼ਾ ਪਰਗਟ ਹੁੰਦੀ ਹੈ।

ਮੌਲੁੰਕਪੁੱਤ੍ਰ ਰੁਕਿਆ। ਦੋ ਸਾਲ ਪੂਰੇ ਹੋ ਗਏ। ਬੁੱਧ ਨੇ ਯਾਦ ਰਖਿਆ ਸੀ। ਦੋ ਸਾਲ ਪੂਰੇ ਹੋਣ 'ਤੇ, ਠੀਕ, ਬੁੱਧ ਨੇ ਕਿਹਾ: ਮੌਲੁੰਕਪੁੱਤ੍ਰ! ਦੋ ਸਾਲ ਪੂਰੇ ਹੋ ਗਏ, ਹੁਣ ਤੂੰ ਪੁਛ ਲੈ।

ਮੌਲੁੰਕਪੁੱਤ੍ਰ ਹੱਸਣ ਲੱਗਿਆ। ਉਸਨੇ ਕਿਹਾ : ਤੁਸੀਂ ਮੈਨੂੰ ਵੀ ਧੋਖਾ ਦਿਤਾ। ਉਹ ਭਿੱਕਸ਼ੂ ਠੀਕ ਕਹਿੰਦਾ ਸੀ। ਹੁਣ ਮੇਰੇ ਕੋਲ ਪੁਛਣ ਨੂੰ ਕੁਝ ਵੀ ਨਹੀਂ। ਪੁਛਣ ਵਿਚ ਹੀ ਗ਼ਲਤੀ ਸੀ। ਜਵਾਬ ਸਭ ਸਹੀ ਸਨ, ਪਰ ਪੁਛਣ ਵਿਚ ਹੀ ਗ਼ਲਤੀ ਹੋ ਰਹੀ ਸੀ। ਅੱਜ ਮੈਂ ਕਹਿ ਸਕਦਾ ਹਾਂ ਕਿ ਜੋ-ਜੋ ਜਵਾਬ ਮੈਨੂੰ ਮਿਲੇ ਸਨ, ਸਭ ਸਹੀ ਸਨ। ਲੇਕਿਨ ਪੁਛਣ ਵਿਚ ਹੀ ਗ਼ਲਤੀ ਹੋ ਗਈ ਸੀ।

ਪੁਛਿਆ ਜਿਸਨੇ ਉਹ ਜਵਾਬ ਕਦੇ ਨਹੀਂ ਪਾ ਸਕਦਾ। ਇਸਲਈ ਤੂੰ ਇਹ ਤਾਂ ਕਹਿ ਹੀ ਨਾ ਕਬੀਰ, ਕਿ ਸੁਲਝਿਆ ਨਹੀਂ। ਸੁਲਝਾਉਣ ਦੀ ਗੱਲ ਹੀ ਨਹੀਂ ਹੈ ਇਥੇ। ਇਥੇ ਅਸੀਂ ਮੰਨਦੇ ਹੀ ਨਹੀਂ ਕਿ ਕੁਝ ਉਲਝਿਆ ਹੈ। ਸਭ ਸੁਲਝਿਆ ਹੀ ਹੈ। ਦੇਖਦੇ ਨਹੀਂ, ਚੰਦ-ਤਾਰੇ ਕਿੰਨੀ ਵਿਵਸਥਾ ਨਾਲ ਚੱਲ ਰਹੇ ਹਨ! ਰੁੱਤਾਂ ਕਿੰਨੀ ਵਿਵਸਥਾ ਨਾਲ ਆਉਂਦੀਆਂ ਹਨ! ਜੀਵਨ ਕਿਵੇਂ ਚੁਪਚਾਪ, ਕਿੰਨਾ ਨਿਯੋਜਤ, ਸੰਗੀਤਪੂਰਨ ਚੱਲ ਰਿਹਾ ਹੈ! ਦੇਖਦੇ ਨਹੀਂ ਇਸ ਵਿਰਾਟ ਨੂੰ, ਇਥੇ ਸਭ ਸੁਲਝਿਆ ਹੈ! ਉਲਝਿਆ ਕਿਥੇ ਹੈ? ਇਸ ਕੋਇਲ ਦੀ ਕੂਹੂ-ਕੂਹੂ ਤੋਂ ਲੈ ਕੇ ਚੰਦ-ਤਾਰਿਆਂ ਤਕ ਸਭ ਸੁਲਝਿਆ ਹੈ। ਉਲਝੇ ਹੋ ਤਾਂ ਤੁਸੀਂ ਉਲਝੇ ਹੋ।

ਅਤੇ ਤੁਹਾਡਾ ਉਲਝਾਅ ਕੀ ਹੈ? ਤੁਹਾਡੀ ਪਹਿਲੀ ਮਾਨਤਾ ਕਿ ਜੀਵਨ ਸਵਾਲ ਹੈ। ਉਥੇ ਹੀ ਭੁੱਲ ਹੋ ਗਈ। ਪਹਿਲੇ ਕਦਮ 'ਤੇ ਭੁੱਲ ਹੋ ਗਈ। ਅਤੇ ਜਿਸਦਾ ਪਹਿਲਾ ਕਦਮ ਗ਼ਲਤ ਪੈ ਜਾਂਦਾ ਹੈ, ਫਿਰ ਉਸਦੀ ਪੂਰੀ ਯਾਤਰਾ

ਗਲਤ ਹੋ ਜਾਂਦੀ ਹੈ।

ਪਰਤੋ, ਵਾਪਸ ਆਉ! ਪਹਿਲਾ ਕਦਮ ਵਾਪਸ ਲਵੋ। ਸਵਾਲ ਜਾਣ ਦਿਉ—ਜਵਾਬ ਆਉਣਗੇ। ਅਤੇ ਇਹ ਚਮਤਕਾਰ ਹੈ। ਜਦ ਤਕ ਸਵਾਲ ਹੁੰਦੇ ਹਨ, ਜਵਾਬ ਨਹੀਂ ਆਉਂਦੇ। ਜਦ ਸਵਾਲ ਨਹੀਂ ਹੁੰਦੇ, ਜਵਾਬ ਆਉਂਦੇ ਹਨ। ਇਹ ਕਹਿਣਾ ਠੀਕ ਨਹੀਂ—ਜਵਾਬ ਆਉਂਦਾ ਹੈ। ਕਿਉਂਕਿ ਇਕ ਹੀ ਜਵਾਬ ਹੈ।

ਤੀਜਾ ਸਵਾਲ—

ਭਾਰਤੀ ਮਨੀਸ਼ੀ ਅਰਥਹੀਣਤਾ ਅਤੇ ਅਕਾਅ ਦੀ ਉਂਨੀ ਚਰਚਾ ਨਹੀਂ ਕਰਦੇ ਜਿੰਨੀ ਪ੍ਰੇਮ ਦੀ, ਧਿਆਨ ਦੀ ਅਤੇ ਅਨੰਦ ਦੀ ਕਰਦੇ ਹਨ। ਕੀ ਪ੍ਰੇਮ, ਧਿਆਨ ਅਤੇ ਅਨੰਦ ਦੀ ਸਿੱਧੀ ਚਰਚਾ ਜੀਵਨ ਦੀ ਅਰਥਹੀਣਤਾ ਅਤੇ ਅਕਾਅ ਨੂੰ ਜਾਣਨ ਵਿਚ ਉਪਯੋਗੀ ਹੈ। ਕਿਰਪਾ ਕਰਕੇ ਦੱਸੋ।

ਪੱਛਮ ਵਿਚ ਚਰਚਾ ਹੁੰਦੀ ਹੈ ਕਿ ਜੀਵਨ ਅਕਾਅ ਹੈ, ਅਰਥਹੀਣ ਹੈ, ਫਜ਼ੂਲ ਹੈ, ਕੋਈ ਸਾਰ ਨਹੀਂ, ਅਸਾਰ ਹੈ। ਉਸ ਚਰਜਾ ਦਾ ਨਤੀਜਾ ਹੀ ਇਹ ਹੋਇਆ ਹੈ ਕਿ ਲੋਕਾਂ ਨੇ ਹੌਲੀ-ਹੌਲੀ ਇਹ ਸਵੀਕਾਰ ਕਰ ਲਿਆ ਕਿ ਜੀਵਨ ਵਿਅਰਥ ਹੈ, ਅਸਾਰ ਹੈ। ਲੋਕ ਉਦਾਸ ਹੋ ਗਏ ਹਨ। ਲੋਕਾਂ ਨੇ ਆਪਣੇ ਜੀਵਨ ਦੀਆਂ ਜੜ੍ਹਾਂ ਖੋ ਦਿਤੀਆਂ ਹਨ। ਲੋਕ ਐਵੇਂ ਹੀ ਜਿਉਂ ਰਹੇ ਹਨ। ਬਸ ਮਰਨ ਦੀ ਰਾਹ ਜਿਵੇਂ ਤੱਕ ਰਹੇ ਹੋਣ। ਜੀਵਨ ਦਾ ਖੇੜਾ ਚਲਿਆ ਗਿਆ ਹੈ।

ਅਤੇ ਹਾਲਾਂਕਿ ਪੱਛਮ ਦੇ ਵਿਚਾਰਕ ਜੋ ਕਹਿੰਦੇ ਹਨ ਉਸ ਵਿਚ ਕੁਝ ਸੱਚਾਈ ਹੈ, ਪਰ ਅੱਧੀ ਸੱਚਾਈ ਹੈ। ਸਿਰਫ ਅੱਧੀ। ਜੀਵਨ ਅਕਾਅ ਹੈ, ਜੀਵਨ ਵਿਅਰਥ ਹੈ ਅਤੇ ਜੀਵਨ ਅਸਾਰ ਹੈ। ਸਾਡੇ ਮਨੀਸ਼ੀਆਂ ਨੇ ਵੀ ਕਿਹਾ ਹੈ ਕਿ ਜੀਵਨ ਵਿਅਰਥ ਹੈ ਅਤੇ ਅਸਾਰ ਹੈ। ਲੇਕਿਨ ਉਂਨੀ ਹੀ ਕਹਿ ਕੇ ਚੁੱਪ ਨਹੀਂ ਰਹਿ ਗਏ। ਉਹ ਅੱਧਾ ਬਚਨ ਹੈ। ਜੀਵਨ ਅਸਾਰ ਹੈ, ਕਿਉਂਕਿ ਇਕ ਹੋਰ ਵੀ ਜੀਵਨ ਹੈ, ਜੋ ਸਾਰ ਹੈ। ਇਹ ਜੀਵਨ ਅਸਾਰ ਹੈ, ਐਪਰ ਜੀਵਨ ਮਾਤਰ ਅਸਾਰ ਨਹੀਂ ਹੈ। ਇਹ ਜੀਵਨ ਵਿਅਰਥ ਹੈ, ਐਪਰ ਇਕ ਹੋਰ ਵੀ ਆਯਾਮ ਹੈ ਜੀਵਨ ਦਾ, ਜੋ ਸਾਰਥਕ ਹੈ।

ਇਹ ਅੱਧਾ ਬਚਨ ਹੈ ਕਿ ਜੀਵਨ ਅਸਾਰ ਹੈ। ਜੀਵਨ ਅਸਾਰ ਤਦੇ ਕਿਹਾ ਜਾ ਸਕਦਾ ਹੈ ਜਦ ਕਿਤੇ ਸਾਰ ਹੋਵੇ। ਨਹੀਂ ਤਾਂ ਅਸਾਰ ਵੀ ਕਿਵੇਂ ਕਹੋਗੇ? ਕਿਸ ਤੁਲਣਾ ਵਿਚ ਕਹੋਗੇ? ਕਿਸੇ ਆਦਮੀ ਨੂੰ ਗਰੀਬ ਕਹਿ ਸਕਦੇ ਹੋ, ਕਿਉਂਕਿ ਅਮੀਰ ਹੁੰਦੇ ਹਨ। ਜੇ ਅਮੀਰ ਹੁੰਦੇ ਹੀ ਨਾ ਹੋਣ, ਤਾਂ ਕਿਸਨੂੰ ਗਰੀਬ ਕਹੋਗੇ? ਕਿਸੇ ਨੂੰ ਸੁੰਦਰ ਕਹਿੰਦੇ ਹੋ, ਕਿਉਂਕਿ ਅਸੁੰਦਰ ਹੁੰਦਾ ਹੈ ਕੋਈ। ਜੇ ਅਸੁੰਦਰ ਕੁਝ ਹੁੰਦਾ ਹੀ ਨਾ ਹੋਵੇ, ਤਾਂ ਸੁੰਦਰ ਕਿਸਨੂੰ ਕਹੋਗੇ? ਅਤੇ ਜੇ ਸੁੰਦਰ ਹੁੰਦਾ ਹੀ ਨਾ ਹੋਵੇ, ਤਾਂ ਫਿਰ ਅਸੁੰਦਰ ਕਹਿਣ ਵਿਚ ਕੀ ਅਰਥ ਹੈ?

ਪੱਛਮ ਦੇ ਮਨੀਸ਼ੀਆਂ ਦੇ ਬਿਆਨ ਬੇਅਰਥੇ ਹਨ। ਇਹ ਕਹਿਣਾ ਕਿ ਜੀਵਨ ਅਰਥਹੀਣ ਹੈ—ਕਾਫੀ ਨਹੀਂ ਹੈ, ਅਧੂਰਾ ਹੈ। ਕਿਸਦੀ ਤੁਲਣਾ ਵਿਚ? ਕਿਸ ਮੁਕਾਬਲੇ ਵਿਚ? ਕਿਸ ਪਛੋਕੜ ਵਿਚ? ਪੂਰਬ ਦੇ ਮਨੀਸ਼ੀ ਪਛੋਕੜ ਦੀ ਵੀ ਗੱਲ ਕਰਦੇ ਹਨ। ਇਕ ਅਨੰਦ ਦੀ ਸੰਭਾਵਨਾ ਹੈ ਆਦਮੀ ਨੂੰ, ਇਸਲਈ ਇਹ ਜੀਵਨ ਦੁਖ ਹੈ। ਇਹ ਜੀਵਨ

ਕੰਡਾ ਹੈ, ਕਿਉਂਕਿ ਇਕ ਫੁੱਲ ਖਿਤ ਸਕਦਾ ਹੈ। ਅਤੇ ਸੁਭਾਵਕ ਹੀ ਉਸਦਾ ਜ਼ੋਰ ਫੁੱਲ ਉੱਤੇ ਜ਼ਿਆਦਾ ਹੈ। ਕਿਉਂਕਿ ਕੰਡੇ ਉੱਤੇ ਕੀ ਜ਼ੋਰ ਦੇਣਾ? ਕੰਡੇ ਨੂੰ ਤਾਂ ਤੁਸੀਂ ਜਾਣਦੇ ਹੀ ਹੋ। ਕੰਡਾ ਤਾਂ ਤੁਹਾਡੀ ਛਾਤੀ ਵਿਚ ਚੁਭਿਆ ਹੀ ਹੈ। ਜ਼ਖ਼ਮ ਤਾਂ ਤੁਹਾਡੀ ਜ਼ਿੰਦਗੀ ਵਿਚ ਬਣੇ ਹੀ ਹਨ। ਹੁਣ ਇਸਦੀ ਹੋਰ ਕੀ ਗੱਲ ਕਰਨੀ! ਤੁਹਾਡੇ ਜ਼ਖ਼ਮਾਂ ਨੂੰ ਹੋਰ ਕੀ ਉਕਸਾਉਣਾ!

ਪੂਰਬ ਦਾ ਮਨੀਸ਼ੀ ਉਸ ਦੂਜੇ ਜਗਤ ਦੀ ਚਰਚਾ ਕਰਦਾ ਹੈ—ਧਿਆਨ ਦੀ, ਪ੍ਰੇਮ ਦੀ, ਅਨੰਦ ਦੀ, ਮਹਾਂਉਤਸਵ ਦੀ—ਤਾਂ ਜੋ ਤੁਹਾਨੂੰ ਇਹ ਯਾਦ ਆ ਜਾਵੇ ਕਿ ਜਿਸ ਜ਼ਿੰਦਗੀ ਨੂੰ ਤੁਸੀਂ ਜ਼ਿੰਦਗੀ ਸਮਝਿਆ, ਉਹ ਕਾਫੀ ਨਹੀਂ ਹੈ। ਅਜੇ ਹੋਰ ਬਹੁਤ ਬਾਕੀ ਹੈ, ਹੋਰ ਥੋੜ੍ਹੇ ਅੱਗੇ ਚੱਲੋ। ਉਹ ਅੱਗੇ ਦੀ ਗੱਲ ਕਰਦਾ ਹੈ, ਤਾਂ ਜੋ ਤੁਸੀਂ ਅੱਗੇ ਚੱਲੋ।

ਇਕ ਸੂਫ਼ੀ ਕਹਾਣੀ ਹੈ। ਇਕ ਲੱਕੜਹਾਰਾ ਜ਼ਿੰਦਗੀ-ਭਰ ਲੱਕੜਾਂ ਕੱਟਦਾ ਰਿਹਾ। ਇਕ ਫ਼ਕੀਰ ਉਸਨੂੰ ਨਿੱਤ ਲੱਕੜਾਂ ਕੱਟਦਿਆਂ ਦੇਖਦਾ। ਅਤੇ ਜਦ ਵੀ ਉਹ ਫ਼ਕੀਰ ਦੇ ਕੋਲੋਂ ਦੀ ਲੰਘਦਾ ਤਾਂ ਰਸਮੀ ਤੌਰ 'ਤੇ ਜਿਵੇਂ ਪੂਰਬ ਦੇ ਲੋਕ ਕਰਦੇ ਹਨ, ਫ਼ਕੀਰ ਦੇ ਚਰਨ ਛੋਂਹਦਾ। ਫ਼ਕੀਰ ਉਸਨੂੰ ਕਹਿੰਦਾ : ਹੋਰ ਅੱਗੇ! ਉਹ ਜ਼ਰਾ ਹੈਰਾਨ ਹੁੰਦਾ ਕਿ ਇਹ ਫ਼ਕੀਰ ਕੁਝ ਝੱਖੀ ਜਾਪਦਾ ਹੈ। ਅਸੀਂ ਕਰਦੇ ਹਾਂ ਰਾਮ-ਰਾਮ, ਇਹ ਕਹਿੰਦਾ ਹੈ : ਹੋਰ ਅੱਗੇ! ਇਹ ਕੋਈ ਜਵਾਬ ਹੋਇਆ? ਪਰ ਉਸਨੂੰ ਇਹ ਜਵਾਬ ਪਰੇਸ਼ਾਨ ਕਰਨ ਲੱਗਿਆ। ਚਲਿਆ ਜਾਵੇ, ਪਰ ਸੋਚੇ ਕਿ ਹੋਰ ਅੱਗੇ! ਇਹ ਵੀ ਕੋਈ ਜਵਾਬ ਹੋਇਆ! ਅਸੀਂ ਸਿਰਫ ਜੈ ਰਾਮ ਜੀ ਕੀਤੀ ਸੀ, ਝੁਕ ਕੇ ਨਿਮਸਕਾਰ ਕੀਤੀ ਸੀ; 'ਹੋਰ ਅੱਗੇ' ਦਾ ਕੀ ਮਤਲਬ ? ਇਹ ਆਦਮੀ ਪਾਗਲ ਹੈ। ਪਰ ਇਹ ਉਤਸੁਕਤਾ ਉਸਦੀ ਵਧਦੀ ਗਈ ਕਿ ਕਿਤੇ ਕੁਝ ਮਤਲਬ ਹੋਵੇ ਹੀ ਨਾ! ਇਕ ਦਿਨ ਉਸਨੇ ਪੈਰ ਫੜ ਲਏ, ਉਸਨੇ ਕਿਹਾ : ਮਹਾਰਾਜ! ਹੋਰ ਅੱਗੇ ਦਾ ਮਤਲਬ ਸਮਝਾ ਦਿਉ। ਮੇਰੀ ਕੁਝ ਸਮਝ ਵਿਚ ਨਹੀਂ ਆਉਂਦਾ!

ਫ਼ਕੀਰ ਨੇ ਕਿਹਾ : ਲੱਕੜਾਂ ਹੀ ਕੱਟਦਾ ਰਹੇਂਗਾ ਜ਼ਿੰਦਗੀ ਭਰ?—ਜ਼ਰਾ ਅੱਗੇ ਜਾ। ਤੂੰ ਏਥੋਂ ਹੀ ਲੱਕੜਾਂ ਕੱਟ ਕੇ ਲੈ ਜਾਂਦਾ ਹੈਂ। ਜ਼ਰਾ ਅੱਗੇ ਤਾਂ ਜਾ ਅਤੇ ਦੇਖ।

ਉਹ ਆਦਮੀ ਅੱਗੇ ਗਿਆ। ਉਹ ਹੈਰਾਨ ਹੋ ਗਿਆ! ਉਸਨੂੰ ਉਥੇ ਇਕ ਤਾਂਬੇ ਦੀ ਖਾਨ ਮਿਲ ਗਈ! ਹੁਣ ਤਾਂ ਉਹ ਵੇਚ ਲੈਂਦਾ ਇਕ ਦਿਨ ਤਾਂਬਾ ਲਿਜਾ ਕੇ ਬਜ਼ਾਰ ਵਿਚ, ਮਹੀਨੇ-ਪੰਦਰਾਂ ਦਿਨ ਦੇ ਲਈ ਨਿਸਚਿੰਤ ਹੋ ਜਾਂਦਾ। ਫ਼ਕੀਰ ਦਾ ਬੜਾ ਧੰਨਵਾਦੀ ਸੀ। ਨਿੱਤ ਆਉਂਦਾ ਨਿਮਸਕਾਰ ਕਰਨ, ਲੇਕਿਨ ਫ਼ਕੀਰ ਸੀ ਕਿ ਉਹ ਆਖੀ ਜਾਂਦਾ—ਹੋਰ ਅੱਗੇ! ਇਕ ਦਿਨ ਉਸਨੇ ਕਿਹਾ ਕਿ ਹੁਣ ਹੋਰ ਕੀ ਅੱਗੇ? ਫ਼ਕੀਰ ਨੇ ਕਿਹਾ : ਉਥੇ ਹੀ ਨਾ ਰੁਕ ਜਾ ਪਾਗਲਾ। ਹੋਰ ਵੀ ਅੱਗੇ ਅਜੇ ਜੰਗਲ ਹੈ, ਤੂੰ ਜ਼ਰਾ ਜਾ।

ਉਹ ਅੱਗੇ ਗਿਆ, ਅਤੇ ਉਸਨੂੰ ਚਾਂਦੀ ਦੀ ਖਾਨ ਮਿਲ ਗਈ। ਅਤੇ ਇਉਂ ਹੀ ਕਹਾਣੀ ਚਲਦੀ ਰਹੀ, ਅਤੇ ਫ਼ਕੀਰ ਕਹਿੰਦਾ ਰਿਹਾ—ਹੋਰ ਅੱਗੇ! ਇਕ ਦਿਨ ਉਸਨੂੰ ਸੋਨੇ ਦੀ ਖਾਨ ਮਿਲ ਗਈ। ਹੁਣ ਤਾਂ ਕਹਿਣਾ ਹੀ ਕਿ ਸੀ!

ਹੁਣ ਤਾਂ ਉਸਨੇ ਫ਼ਕੀਰ ਦੇ ਕੋਲ ਨਿਮਸਕਾਰ ਕਰਨ ਵੀ ਆਉਣਾ ਬੰਦ ਕਰ ਦਿਤਾ ਸੀ। ਹੁਣ ਸਾਰ ਹੀ ਕੀ ਸੀ? ਸੋਨਾ, ਮਤਲਬ ਆਖ਼ਰੀ ਚੀਜ਼ ਮਿਲ ਗਈ। ਐਪਰ ਫ਼ਕੀਰ ਵੀ ਇਕ ਹੀ ਸੀ, ਜਿਸ ਦਿਨ ਉਸਨੇ ਆਉਣਾ ਬੰਦ ਕੀਤਾ ਉਹ ਉਸਦੇ ਦੁਆਰ 'ਤੇ ਜਾ ਕੇ ਦਸਤਕ ਮਾਰਨ ਲੱਗਿਆ ਕਿ 'ਹੋਰ ਅੱਗੇ!' ਉਸ ਆਦਮੀ ਨੇ ਕਿਹਾ, ਮੈਨੂੰ ਮਾਫ ਕਰ। ਹੁਣ ਮੈਂ ਕਿਤੇ ਨਹੀਂ ਜਾਣਾ। ਹੁਣ ਬਹੁਤ ਮਿਲ ਗਿਆ—ਆਪਣੇ ਲਈ ਨਹੀਂ, ਪੀੜ੍ਹੀ-ਦਰ-ਪੀੜ੍ਹੀ ਦੇ ਲਈ ਕਾਫੀ ਮਿਲ ਗਿਆ। ਲੇਕਿਨ ਫ਼ਕੀਰ ਸੀ ਕਿ ਆਉਂਦਾ ਹੀ ਰਿਹਾ ਅਤੇ ਕਹਿੰਦਾ ਰਿਹਾ ਕਿ—'ਹੋਰ ਅੱਗੇ!' ਆਖ਼ਰ ਉਤਸੁਕਤਾ ਜਾਗੀ ਉਸ ਆਦਮੀ ਨੂੰ—ਕਦ ਤਕ ? ਜਿਵੇਂ ਮੈਂ ਤੁਹਾਨੂੰ ਨਿੱਤ ਆਖੀ ਚਲਿਆ ਜਾਂਦਾ ਹਾਂ। ਕਦ ਤਕ? ਹੋਰ ਅੱਗੇ! ਇਕ ਦਿਨ ਉਸਨੇ ਕਿਹਾ, ਇਕ ਵਾਰ ਕੋਸ਼ਿਸ਼ ਕਰਕੇ ਦੇਖ ਲਈ ਜਾਵੇ, ਇੰਨੇ ਦਿਨ ਤਕ ਤਾਂ ਇਹ ਆਦਮੀ ਸਹੀ ਸਾਬਤ ਹੋਇਆ, ਕੀ ਪਤਾ...। ਹੀਰਿਆਂ ਦੀ ਖਾਨ ਮਿਲ ਗਈ। ਤਦ ਬੜਾ ਦੁਖੀ ਹੋਇਆ ਕਿ ਸੁਣੀ ਨਾ ਮੈਂ ਇਹ ਗੱਲ। ਐਪਰ ਉਹ ਫ਼ਕੀਰ ਤਾਂ ਇਕ ਹੀ ਸੀ, ਉਹ ਤਾਂ ਕਹੀ ਹੀ ਚਲਿਆ ਜਾਵੇ—ਹੋਰ ਅੱਗੇ! ਹੁਣ ਤਾਂ ਉਸਨੇ ਵੱਡਾ ਮਹਿਲ ਬਣਵਾ ਲਿਆ ਸੀ। ਹੁਣ ਤਾਂ ਉਹ ਲੱਕੜਹਾਰਾ ਸਮਰਾਟਾਂ ਦੀ ਤਰ੍ਹਾਂ ਰਹਿਣ ਲੱਗਿਆ ਸੀ। ਪਰ ਉਹ ਫ਼ਕੀਰ ਸੀ ਕਿ ਆਉਂਦਾ ਹੀ ਚਲਿਆ ਜਾਵੇ।

ਇਕ ਦਿਨ ਉਸ ਲਕੜਹਾਰੇ ਨੇ ਕਿਹਾ ਕਿ ਹੁਣ ਹੋਰ ਅੱਗੇ ਕੀ ਹੋ ਸਕਦਾ ਹੈ? ਗੱਲ ਖ਼ਤਮ ਹੋ ਗਈ। ਉਸ ਫ਼ਕੀਰ ਨੇ ਕਿਹਾ : ਹੋਰ ਅੱਗੇ ਮੈਂ ਹਾਂ। ਹੀਰੇ 'ਤੇ ਗੱਲ ਖ਼ਤਮ ਨਹੀਂ ਹੁੰਦੀ। ਗੱਲ ਤਾਂ ਪਰਮਾਤਮਾ 'ਤੇ ਖ਼ਤਮ ਹੋਵੇਗੀ। ਅਤੇ ਜਦ ਤਕ ਤੂੰ ਪਰਮਾਤਮਾ ਨੂੰ ਨਹੀਂ ਖੋਜ ਲੈਂਦਾ, ਤਦ ਤਕ ਮੈਂ ਕਹੀ ਚਲਿਆ ਜਾਵਾਂਗਾ—ਹੋਰ ਅੱਗੇ!

ਪੂਰਬ ਦੇ ਮਨੀਸ਼ੀ ਅਨੰਦ ਦੀ ਗੱਲ ਕਰਦੇ ਹਨ, ਕਿਉਂਕਿ ਉਥੇ ਪਹੁੰਚਣਾ ਹੈ। ਤੁਹਾਡੇ ਦੁਖ ਦੀ ਚਰਚਾ ਉਨਾ ਕੇ ਜ਼ਿਆਦਾ ਸਾਰ ਨਹੀਂ ਹੈ। ਥੋੜ੍ਹੀ-ਬਹੁਤੀ ਚਰਚਾ ਕਰਦੇ ਹਨ, ਤਾਂ ਜੋ ਤੁਹਾਨੂੰ ਯਾਦ ਆ ਜਾਵੇ ਕਿ ਤੁਸੀਂ ਦੁਖ ਵਿਚ ਹੋ। ਤੁਸੀਂ ਤਾਂ ਭੁਲਾ ਕੇ ਬੈਠੇ ਹੋ ਕਿ ਦੁਖ ਵਿਚ ਹੋ। ਜੇ ਭੁਲਾਵੋ ਤਾਂ ਇੰਨੀ ਅਸਾਨੀ ਨਾਲ ਬੈਠ ਵੀ ਨਹੀਂ ਸਕਦੇ। ਦੁਕਾਨ 'ਤੇ ਬੈਠੇ ਹੋ, ਭੁਲਾਈ ਬੈਠੇ ਹੋ। ਘਰ ਵਿਚ ਬੈਠੇ ਹੋ, ਭੁਲਾਈ ਬੈਠੇ ਹੋ। ਦੁਖ ਬਹੁਤ ਹੈ। ਕੋਈ ਪੁਛਦਾ ਹੈ : ਦੱਸੋ ਜੀ ਕਿਵੇਂ ਹੋ? ਤੁਸੀਂ ਕਹਿੰਦੇ ਹੋ : 'ਸਭ ਚੰਗਾ ਹੈ।' ਚੰਗਾ ਕਿਤੇ ਦਿਖਾਈ ਪੈਂਦਾ ਨਹੀਂ। 'ਸਭ ਠੀਕ ਹੈ।' ਕੀ ਠੀਕ ਹੈ? ਸੁਆਹ ਠੀਕ ਹੈ। ਪਰ ਇਕ ਰਸਮ ਹੈ। ਕਹਿਣ ਦੀ ਗੱਲ ਹੈ। ਕਹਿਣਾ ਚਾਹੀਦਾ ਹੈ ਸਭ ਠੀਕ ਹੈ, ਤਾਂ ਕਹਿੰਦੇ ਹੋ।

ਸੋ ਪੂਰਬ ਦੇ ਮਨੀਸ਼ੀ ਤੁਹਾਨੂੰ ਕੁਝ ਯਾਦ ਵੀ ਦਿਵਾਉਂਦੇ ਹਨ ਕਿ ਸਭ ਠੀਕ ਨਹੀਂ ਹੈ, ਸਭ ਗ਼ਲਤ ਹੈ ਅਜੇ। ਜ਼ਰਾ ਹੋਰ ਅੱਗੇ ਚੱਲੋ, ਸਭ ਠੀਕ ਹੋਣ ਦਾ ਸਮਾਂ ਆ ਸਕਦਾ ਹੈ। ਸਭ ਠੀਕ ਹੋ ਸਕਦਾ ਹੈ, ਪਰ ਅਜੇ ਹੈ ਨਹੀਂ।

ਪੱਛਮ ਵਿਚ ਜੋ ਵਜੂਦਵਾਦੀ ਵਿਚਾਰਕ ਹਨ, ਜਿਨ੍ਹਾਂ ਦੀ ਇਸ ਸਦੀ ਉਤੇ ਬੜੀ ਛਾਪ ਪਈ ਹੈ, ਉਹ ਸਿਰਫ ਇਸੇ ਦੀ ਗੱਲ ਕਰਦੇ ਹਨ ਕਿ ਇਹ ਫਜ਼ੂਲ, ਉਹ ਵਿਅਰਥ। ਸੁਭਾਵਕ ਹੀ ਜੇਕਰ ਸਭ ਵਿਅਰਥ ਹੈ ਅਤੇ ਕੁਝ ਸਾਰਥਕ ਕਿਤੇ ਹੈ ਹੀ ਨਹੀਂ, ਅਤੇ ਸਾਰਥਕ ਕਦੇ ਹੋਵੇਗਾ ਵੀ ਨਹੀਂ, ਤਾਂ ਮਨੁੱਖ ਦੇ ਜੀਵਨ ਦਾ ਰਸ ਇਕਦਮ ਖੋਹਿਆ

ਜਾਂਦਾ ਹੈ। ਫਿਰ ਆਦਮੀ ਜੀਵੇ ਕਿਉਂ? ਫਿਰ ਆਦਮੀ ਆਤਮਘਾਤ ਕਿਉਂ ਨਾ ਕਰ ਲਵੇ? ਫਿਰ ਜੀਣ ਦਾ ਮਨੋਰਥ ਕੀ ਹੈ? ਫਿਰ ਇਹ ਬੋਝ ਕਿਉਂ ਢੋਣਾ, ਜੇ ਉਹ ਬਿਲਕੁਲ ਹੀ ਬੇਅਰਥਾ ਹੈ। ਜੇ ਇਹ ਗੀਤ ਕਦੇ ਜਮੇਗਾ ਹੀ ਨਹੀਂ, ਇਹ ਵੀਣਾ ਕਦੇ ਵੱਜੇਗੀ ਹੀ ਨਹੀਂ—ਤਾਂ ਫਿਰ ਸਾਰ ਕੀ ਹੈ, ਤੋੜ ਕਿਉਂ ਨਾ ਦੇਈਏ ਇਸਨੂੰ ਉਹ ਵੀ ਗੱਲ ਉਠਣੀ ਸ਼ੁਰੂ ਹੋ ਗਈ ਹੈ।

ਅਲਬਰਟ ਕਾਮੂ ਨੇ ਲਿਖਿਆ ਹੈ: ਆਤਮਘਾਤ ਦੇ ਇਲਾਵਾ ਹੋਰ ਕੋਈ ਅਸਲੀ ਦਾਰਸ਼ਨਿਕ ਸਮੱਸਿਆ ਨਹੀਂ ਹੈ। ਇਕ ਹੀ ਅਸਲੀ ਦਾਰਸ਼ਨਿਕ ਸਮੱਸਿਆ ਹੈ ਕਿ ਆਦਮੀ ਜੀਵੇ ਕਿਉਂ? ਅਤੇ ਪੱਛਮ ਵਿਚ ਆਤਮਘਾਤ ਵਧਿਆ ਹੈ—ਵੱਡੀ ਗਿਣਤੀ ਵਿਚ ਵਧਿਆ ਹੈ। ਰੋਜ਼ਾਨਾ ਗਿਣਤੀ ਵਧਦੀ ਜਾ ਰਹੀ ਹੈ ਆਤਮਘਾਤ ਦੀ। ਨਾ ਸਿਰਫ ਨਿੱਜੀ ਰੂਪ ਵਿਚ ਆਤਮਘਾਤ ਦੀ ਗਿਣਤੀ ਵਧ ਰਹੀ ਹੈ, ਬਲਕਿ ਕਿਸੇ ਅਚੇਤਨ ਪਰਕਿਰਿਆ ਵਿਚ ਪੂਰੀ ਮਨੁੱਖ-ਜਾਤੀ ਸਮੂਹਕ ਆਤਮਘਾਤ ਦਾ ਅਯੋਜਨ ਕਰ ਰਹੀ ਹੈ। ਤੁਹਾਡੇ ਐਟਮ ਬੰਬ, ਤੁਹਾਡੇ ਹਾਈਡ੍ਰੋਜਨ ਬੰਬ, ਤੁਹਾਡੇ ਨਾਈਟ੍ਰੋਜਨ ਬੰਬ—ਹੋਰ ਕੀ ਹਨ? ਇਕ ਸਮੂਹਕ ਆਤਮਘਾਤ ਦਾ ਇੰਤਜ਼ਾਮ! ਇਸ ਪ੍ਰਿਥਵੀ ਨੂੰ ਤਬਾਹ ਕਰ ਸੁੱਟਣ ਦਾ ਇੰਤਜ਼ਾਮ।

ਵਿਗਿਆਨਕ ਕਹਿੰਦੇ ਹਨ : ਹੁਣ ਸਾਡੇ ਕੋਲ ਇੰਨੀ ਸਮਰੱਥਾ ਹੈ ਕਿ ਇਸ ਪ੍ਰਿਥਵੀ ਨੂੰ ਅਸੀਂ ਸੱਤ ਵਾਰ ਨਸ਼ਟ ਕਰ ਸਕਦੇ ਹਾਂ। ਪਰ ਫਿਰ ਵੀ ਅਯੋਜਨ ਚਲਦੇ ਜਾ ਰਹੇ ਹਨ, ਅਜੇ ਵਧਦੇ ਹੀ ਜਾ ਰਹੇ ਹਨ। ਬੰਬਾਂ ਦੇ ਢੇਰ ਲਗਦੇ ਜਾ ਰਹੇ ਹਨ। ਹੁਣ ਤਾਂ ਕੋਈ ਜ਼ਰੂਰਤ ਵੀ ਨਹੀਂ, ਸੱਤ ਵਾਰ ਮਾਰਿਆ ਜਾ ਸਕਦਾ ਹੈ, ਇਕ-ਇਕ ਆਦਮੀ ਨੂੰ। ਕਿਥੋਂ ਤਕ ਬਚੇਗਾ ਆਦਮੀ? ਪਹਿਲੀ ਵਾਰ ਵਿਚ ਮਰ ਜਾਂਦਾ ਹੈ, ਆਦਮੀ ਕੋਈ ਇੰਨੀ ਤਾਕਤਵਰ ਚੀਜ਼ ਥੋੜ੍ਹਾ-ਈ ਹੈ। ਸੱਤ ਵਾਰ ਮਾਰ ਸਕਦੇ ਹੋ ਇਕ-ਇਕ ਆਦਮੀ ਨੂੰ। ਅਸੀਂ ਭੂਤਾਂ-ਪ੍ਰੇਤਾਂ ਨੂੰ ਵੀ ਬਚਣ ਨਹੀਂ ਦਿਆਂਗੇ। ਹੁਣ ਕਿਸਲਈ ਅਯੋਜਨ? ਹੁਣ ਕਾਫੀ ਹੋ ਗਿਆ ਅਯੋਜਨ? ਐਪਰ ਅਯੋਜਨ ਚੱਲ ਰਿਹਾ ਹੈ। ਰਾਸ਼ੀ ਵਧਦੀ ਚਲੀ ਜਾਂਦੀ ਹੈ। ਵਿਸਫੋਟ ਕਿਸੇ ਵੀ ਦਿਨ ਹੋ ਸਕਦਾ ਹੈ। ਇਹ ਪੂਰੀ ਪ੍ਰਿਥਵੀ, ਅਜੇਹਾ ਲਗਦਾ ਹੈ, ਕਿਸੇ ਅਚੇਤਨ ਆਤਮਹੱਤਿਆ ਦੀ ਚਾਹਤ ਨਾਲ ਭਰੀ ਹੈ। ਅਤੇ ਉਸਦੇ ਪਿਛੇ ਇਸੇ ਤਰ੍ਹਾਂ ਦੇ ਵਿਚਾਰਾਂ ਦਾ ਹੱਥ ਹੈ—ਜੋ ਕਹਿੰਦੇ ਹਨ : ਕੁਝ ਵੀ ਸਾਰ ਨਹੀਂ। ਜਦ ਸਾਰ ਹੀ ਨਹੀਂ ਤਾਂ ਠੀਕ ਹੈ, ਮਰਨ ਵਿਚ ਫਿਰ ਕੀ ਬੁਰਾਈ ਹੈ?

ਪੂਰਬ ਨੇ ਵੀ ਕਿਹਾ ਹੈ ਕਿ ਜ਼ਿੰਦਗੀ ਵਿਚ ਸਾਰ ਨਹੀਂ, ਲੇਕਿਨ ਸਿਰਫ ਇਸੇਲਈ ਕਿਹਾ ਹੈ—ਇਕ ਹੋਰ ਜ਼ਿੰਦਗੀ ਹੈ। ਬੁੱਧ ਨੇ ਵੀ ਕਿਹਾ ਹੈ, ਜੀਵਨ ਦੁਖ ਹੈ। ਹੁਣ ਇਹ ਬੜੇ ਮਜ਼ੇ ਦੀ ਗੱਲ ਹੈ ਕਿ ਬੁੱਧ ਕਹਿੰਦੇ ਹਨ ਜੀਵਨ ਦੁਖ ਹੈ, ਅਤੇ ਬੁੱਧ ਤੋਂ ਜ਼ਿਆਦਾ ਅਨੰਦਤ ਆਦਮੀ ਤੁਸੀਂ ਕਿਤੇ ਦੇਖਿਐ? ਬੁੱਧ ਕਹਿੰਦੇ ਹਨ ਜੀਵਨ ਵਿਅਰਥ ਹੈ, ਅਤੇ ਬੁੱਧ ਤੋਂ ਜ਼ਿਆਦਾ ਸਾਰਥਕ ਜੀਵਨ ਤੁਸੀਂ ਕਦੇ ਦੇਖਿਐ? ਅਤੇ ਬੁੱਧ ਕਹਿੰਦੇ ਹਨ ਇਥੇ ਕੁਝ ਵੀ ਨਹੀਂ ਹੈ, ਅਤੇ ਬੁੱਧ ਤੋਂ ਜ਼ਿਆਦਾ ਖ਼ੁਸ਼ਹਾਲੀ ਤੁਸੀਂ ਕਿਤੇ ਦੇਖੀ?

ਪੂਰਬ ਦਾ ਮਨੀਸ਼ੀ ਜਦ ਕਹਿੰਦਾ ਹੈ ਕਿ ਜੀਵਨ ਅਸਾਰ ਹੈ ਤਾਂ ਇਸੇਲਈ ਕਹਿੰਦਾ ਹੈ, ਤਾਂ ਜੋ ਤੁਸੀਂ ਅੰਦਰ ਮੁੜ ਸਕੋ। ਪੱਛਮ ਦਾ ਵਿਚਾਰਕ 'ਜੀਵਨ ਅਸਾਰ ਹੈ' ਕਹਿ ਕੇ ਰੁਕ ਜਾਂਦਾ ਹੈ। ਅਤੇ ਅੱਧੇ ਸੱਚ ਝੂਠਾਂ ਨਾਲੋਂ ਵੀ ਖ਼ਤਰਨਾਕ ਹੋ ਜਾਂਦੇ ਹਨ। ਅਤੇ ਇਹ ਜੀਵਨ ਅਸਾਰ ਕਿਉਂ ਹੈ? ਫਿਰ ਇੰਨੇ ਲੋਕ ਜਿਉਂ ਕਿਉਂ ਰਹੇ ਹਨ? ਉਹਨਾਂ ਨੂੰ ਇਸ ਵਿਚ ਵੀ ਕਿਤੇ ਕੁਝ ਸਾਰ ਦਿਖਾਈ ਪੈ ਰਿਹਾ ਹੈ। ਜਿਵੇਂ ਚੰਦ ਝਲਕਿਆ ਹੋਵੇ ਝੀਲ ਵਿਚ; ਐਪਰ ਝੀਲ ਵਿਚ ਜੋ ਚੰਦ ਝਲਕ ਰਿਹਾ ਹੈ, ਉਹ ਕਿੰਨਾ ਹੀ ਝੂਠਾ ਹੋਵੇ, ਇਕ ਗੱਲ ਤਾਂ ਪੱਕੀ ਹੈ ਕਿ ਕਿਸੇ ਅਸਲੀ ਚੰਦ ਦੀ ਝਲਕ ਦੇ ਰਿਹਾ ਹੈ। ਅਸਲੀ ਚੰਦ ਨਾ ਹੋਵੇ, ਤਾਂ ਝੀਲ ਵਿਚ ਝੂਠਾ ਚੰਦ ਵੀ ਨਹੀਂ ਝਲਕ ਸਕਦਾ। ਮੰਨਿਆ ਕਿ ਜਦ ਤੁਸੀਂ ਸ਼ੀਸ਼ੇ ਦੇ ਸਾਹਮਣੇ ਖੜ੍ਹੇ ਹੁੰਦੇ ਹੋ ਤਾਂ ਸ਼ੀਸ਼ੇ ਵਿਚ ਤੁਹਾਡੀ ਜੋ ਤਸਵੀਰ ਹੁੰਦੀ ਹੈ ਉਹ ਝੂਠੀ ਹੈ, ਉਸਦਾ ਕੋਈ ਵਜੂਦ ਨਹੀਂ ਹੈ। ਲੇਕਿਨ ਤੁਹਾਡੇ ਬਿਨਾਂ ਉਹ ਤਸਵੀਰ ਨਹੀਂ ਹੋ ਸਕਦੀ। ਤੁਸੀਂ ਹੋ, ਉਹ ਤਸਵੀਰ ਤੁਹਾਡੀ ਖ਼ਬਰ ਦੇ ਰਹੀ ਹੈ।

ਦਿਲ ਕੀ ਧੜਕਨ ਤੇਰੀ ਪਲਕੋਂ ਕੀ ਝਪਕ ਮੇਂ ਉਮੜੀ
ਦੇਰ ਤਕ ਰਾਜ਼ ਰਹੇ ਰਾਜ਼ ਤੋ ਖੁਲ ਜਾਤਾ ਹੈ
ਅਪਨੀ ਕਿਰਨੋਂ ਕੋ ਸਮੇਟੇ ਹੁਏ ਹੰਗਾਮੇ–ਸਫ਼ਰ
ਚਾਂਦ ਸ਼ਬਨਮ ਮੇਂ ਉਤਰਤਾ ਹੈ ਤੋ ਢਲ ਜਾਤਾ ਹੈ

ਘਾਹ ਦੀ ਇਕ ਪੱਤੀ ਉਤੇ, ਤ੍ਰੇਲ ਦੀ ਇਕ ਬੂੰਦ ਜੰਮੀ, ਪੂਰਾ ਚੰਦ ਅਕਾਸ਼ ਵਿਚ ਦੌੜ ਰਿਹਾ ਹੈ, ਆਪਣੀ ਯਾਤਰਾ 'ਤੇ ਨਿਕਲਿਆ ਹੈ, ਤ੍ਰੇਲ ਦੀ ਬੂੰਦ ਵਿਚ ਚੰਦ ਝਲਕ ਰਿਹਾ ਹੈ—ਬੜਾ ਪਿਆਰਾ ਚੰਦ!

ਅਪਨੀ ਕਿਰਨੋਂ ਕੋ ਸਮੇਟੇ ਹੁਏ ਹੰਗਾਮੇ–ਸਫ਼ਰ
ਚਾਂਦ ਸ਼ਬਨਮ ਮੇਂ ਉਤਰਤਾ ਹੈ ਤੋ ਢਲ ਜਾਤਾ ਹੈ

ਐਪਰ ਇਹ ਇਕ ਬੂੰਦ ਸਰਕੀ–ਸਰਕੀ, ਹਵਾ ਦਾ ਇਹ ਬੁੱਲ੍ਹਾ ਆਇਆ, ਸਰਕੀ, ਸਰਕੀ, ਗਈ, ਮਿੱਟੀ ਵਿਚ ਡਿੱਗੀ, ਖੋ ਗਈ। ਇਸ ਬੂੰਦ ਵਿਚ ਜੋ ਝਲਕਦਾ ਚੰਦ ਸੀ ਉਹ ਵੀ ਢਲ ਗਿਆ। ਪਰ ਅਸਲੀ ਚੰਦ ਨਹੀਂ ਢਲ ਗਿਆ ਹੈ। ਅਸਲੀ ਚੰਦ ਅਜੇ ਵੀ ਅਕਾਸ਼ ਵਿਚ ਹੈ। ਸ਼ੀਸ਼ੇ ਨੂੰ ਤੋੜ ਦਿਉ, ਤੁਸੀਂ ਥੋੜ੍ਹਾ–ਈ ਟੁੱਟ ਜਾਉਗੇ।

ਅਸੀਂ ਸੰਸਾਰ ਵਿਚ ਜੋ ਸਾਰ ਦੇਖਿਆ ਹੈ, ਉਹ ਵੀ ਪਰਮਾਤਮਾ ਦੀ ਝਲਕ ਹੈ।

ਸੰਸਾਰ ਅਸਾਰ ਹੈ। ਇਸਨੂੰ ਹੀ ਜਿਹੜਾ ਸਾਰ ਮੰਨ ਲੈਂਦਾ ਹੈ ਉਹ ਗ਼ਲਤੀ ਵਿਚ ਪਿਆ ਹੈ। ਐਪਰ ਸਾਰ ਦੀ ਤਰਫ ਇਸ਼ਾਰਾ ਹੈ। ਝਲਕ ਇਸ ਵਿਚ ਜਿਸਦੀ ਪੈ ਰਹੀ ਹੈ, ਉਹ ਸੱਚ ਹੈ। ਸੰਸਾਰ ਸ਼ੀਸ਼ਾ ਹੈ। ਇਸਲਈ ਅਸੀਂ ਸ਼ੀਸ਼ੇ ਦੀ ਵੀ ਗੱਲ ਕਰਦੇ ਹਾਂ, ਉਸਦੇ ਦੁਖ ਦੀ ਵੀ ਗੱਲ ਕਰਦੇ ਹਾਂ, ਲੇਕਿਨ ਜ਼ਿਆਦਾਤਰ ਅਸੀਂ ਉਸ ਪਰਮਾਤਮਾ ਦੀ ਗੱਲ ਕਰਦੇ ਹਾਂ, ਜਿਸਦਾ ਪਰਛਾਵਾਂ ਇਸ ਸ਼ੀਸ਼ੇ ਵਿਚ ਪੈ ਰਿਹਾ ਹੈ। ਤੁਹਾਨੂੰ ਪਰਛਾਵੇਂ ਤੋਂ ਮੁਕਤ ਕਰਨਾ ਹੈ। ਉਸ ਪਰਛਾਵੇਂ ਦਾ ਨਾਂ ਹੀ ਮਾਯਾ ਹੈ। ਅਤੇ ਤੁਹਾਨੂੰ ਪਰਛਾਵੇਂ ਦੇ ਮਾਲਕ ਵਲ ਨੂੰ ਲੈ ਚੱਲਣਾ ਹੈ।

ਪੂਰਬ ਦਾ ਵਿਚਾਰ ਤੁਹਾਨੂੰ ਇਕ ਯਾਤਰਾ 'ਤੇ ਗਤੀਮਾਨ ਕਰਦਾ ਹੈ। ਪੱਛਮ ਦਾ ਵਿਚਾਰ ਤੁਹਾਨੂੰ ਘਬਰਾ ਦਿੰਦਾ ਹੈ, ਅਧਵਾਟੇ ਥਕਾ ਕੇ ਬਿਠਾ ਦਿੰਦਾ ਹੈ। ਪੱਛਮ ਦਾ ਵਿਚਾਰ ਤੁਹਾਨੂੰ ਨਿਸਤੇਜ ਕਰ ਦਿੰਦਾ ਹੈ, ਤੁਹਾਡੇ ਪੈਰਾਂ ਦੀ ਗਤੀ ਖੋਹ ਲੈਂਦਾ ਹੈ। ਨਾਚ ਤਾਂ ਦੂਰ, ਤੁਰਨਾ ਭੁਲਾ ਦਿੰਦਾ ਹੈ। ਪੂਰਬ ਦਾ ਵਿਚਾਰ ਤੁਰਨਾ ਤਾਂ ਸਿਖਾਉਂਦਾ ਹੀ ਹੈ, ਨਾਚ ਵੀ ਸਿਖਾਉਂਦਾ ਹੈ। ਉਹੀ ਪੈਰ ਜੋ ਸਿਰਫ ਤੁਰਨਾ ਜਾਣਦੇ ਸੀ, ਜਦ ਨੱਚਣ ਲਗਦੇ ਹਨ, ਜਦ ਉਹਨਾਂ ਵਿਚ ਘੁੰਗਰੂ ਛਣਕਦੇ ਹਨ, ਜਦ ਕੋਈ ਮੀਰਾ ਨੱਚ ਉਠਦੀ ਹੈ—ਤਦ ਪੂਰਬ ਦਾ ਵਿਚਾਰ ਪਰਗਟ ਹੁੰਦਾ ਹੈ।

ਪੂਰਬ ਪਰਮ ਅਨੰਦ ਵਿਚ ਭਰੋਸਾ ਕਰਦਾ ਹੈ, ਇਸਲਈ ਕਹਿੰਦਾ ਹੈ ਜੀਵਨ ਦੁਖ ਹੈ। ਉਨੀ ਹੀ ਗੱਲ ਨੂੰ ਮੰਨ ਕੇ ਜਿਹੜਾ ਚੱਲ ਪਏਗਾ ਉਹ ਅੜਿੱਚਣ ਵਿਚ ਪੈ ਜਾਏਗਾ। ਪੱਛਮ ਨੇ ਅਜੇ ਪੂਰੀ ਗੱਲ ਸੁਣੀ ਨਹੀਂ।

ਅਤੇ ਫਿਰ ਮੈਂ ਦੁਹਰਾ ਦਿਆਂ : ਅਧੂਰੇ ਸੱਚ ਝੂਠਾਂ ਨਾਲੋਂ ਵੀ ਖ਼ਤਰਨਾਕ ਹੁੰਦੇ ਹਨ, ਕਿਉਂਕਿ ਉਹਨਾਂ ਵਿਚ ਸੱਚਾਈ ਹੁੰਦੀ ਹੈ। ਸੱਚਾਈ ਦੀ ਵਜ੍ਹਾ ਨਾਲ ਬਲ ਹੁੰਦਾ ਹੈ। ਔਪਰ ਅਧੂਰੀ ਸੱਚਾਈ ਲੋਕਾਂ ਨੂੰ ਭਟਕਾਉਂਦੀ ਹੈ।

ਆਈ ਨਾ ਫਿਰ ਨਜ਼ਰ ਕਹੀਂ, ਜਾਨੇ ਕਿਧਰ ਗਈ
ਉਨ ਤਕ ਤੋ ਸਾਥ ਗਰਦਸ਼ੇ ਸ਼ਾਮੋ–ਸਹਰ ਗਈ
ਕੁਛ ਇਤਨਾ ਬੇਸਬਾਤ ਥਾ, ਹਰ ਜਲਵਾ–ਏ–ਹਯਾਤ
ਲੌਟ ਆਈ ਜ਼ਖ਼ਮ ਖਾ ਕੇ ਜਿਧਰ ਭੀ ਨਜ਼ਰ ਗਈ
ਆ ਦੇਖ ਮੁਝ ਸੇ ਰੂਠਨੇ ਵਾਲੇ ਤੇਰੇ ਬਗੈਰ
ਦਿਨ ਭੀ ਗੁਜ਼ਰ ਗਯਾ ਮੇਰੀ ਸ਼ਬ ਭੀ ਗੁਜ਼ਰ ਗਈ
ਨਾਦਿਮ ਹੈ ਅਪਨੇ–ਅਪਨੇ ਕਰੀਨੇ ਪਰ ਹਰ ਨਜ਼ਰ
ਦੁਨੀਆਂ ਲਹੂ ਉਛਾਲ ਕੇ ਕਿਤਨੀ ਨਿਖਰ ਗਈ
ਮਿਲਤੀ ਹੈ ਹੱਰਫੇ–ਜੱਰਫ ਮਯੇ–ਗ਼ਮ ਭੀ ਐ ਨਦੀਮ
ਤਕਦੀਰ ਜੋ ਬਿਗੜ ਨਾ ਸਕੀ ਵੋ ਸੰਵਰ ਗਈ
ਸ਼ਬਨਮ ਹੋ, ਕਹਕਸ਼ਾਂ ਹੋ, ਸਿਤਾਰੇ ਹੋਂ, ਫੂਲ ਹੋਂ
ਜੋ ਸ਼ੈ ਤੁਮ੍ਹਾਰੇ ਸਾਮਨੇ ਆਈ ਨਿਖਰ ਗਈ
'ਬਾਕੀ' ਦਿਲੇ ਹਜ਼ੀਂ ਕੇ ਸੰਭਲਨੇ ਕੀ ਦੇਰ ਥੀ
ਹਰ ਚੀਜ਼ ਅਪਨੀ–ਅਪਨੀ ਜਗਹ ਪੇ ਠਹਰ ਗਈ

ਸਿਰਫ ਦੁਖੀ ਹਿਰਦੇ ਦੇ ਸੰਭਲਣ ਦੀ ਗੱਲ ਹੈ। 'ਬਾਕੀ' ਦਿਲੇ ਹਜ਼ੀਂ ਕੇ ਸੰਭਲਨੇ ਕੀ ਦੇਰ ਥੀ। ਬਸ ਦੁਖ ਨਾਲ ਭਰੇ ਦਿਲ ਦੇ ਸੰਭਲ ਜਾਣ ਦੀ ਗੱਲ ਹੈ। ਹਰ ਚੀਜ਼ ਅਪਨੀ–ਅਪਨੀ ਜਗਹ ਪੇ ਠਹਰ ਗਈ। ਇਧਰ ਅੰਦਰ ਤੁਹਾਡੇ

ਵਿਚਾਰ ਰੁਕ ਜਾਣ, ਬਾਹਰ ਸਭ ਰੁਕ ਜਾਂਦਾ ਹੈ। ਮਨ ਰੁਕੇ, ਸਾਰਾ ਸੰਸਾਰ ਰੁਕ ਜਾਂਦਾ ਹੈ। ਮਨ ਰੁਕੇ ਤਾਂ ਤੁਸੀਂ ਬਦਲਾਅ ਦੇ ਬਾਹਰ ਹੋ ਗਏ। ਤੁਸੀਂ ਪ੍ਰਵਾਹ ਦੇ ਬਾਹਰ ਹੋ ਗਏ, ਤੁਹਾਡਾ ਸਦੀਵੀਂ ਨਾਲ ਨਾਤਾ ਹੋ ਗਿਆ। ਉਹ ਸਦੀਵੀਂ ਹੀ ਪਰਮਾਤਮਾ ਹੈ—ਜੋ ਸਦਾ ਹੈ, ਸਦਾ ਸੀ, ਸਦਾ ਹੋਵੇਗਾ। ਉਸ ਸਦਾ ਦੇ ਨਾਲ ਸਬੰਧ ਜੋੜਨ ਵਿਚ ਹੀ ਅਨੰਦ ਦੀ ਵਰਖਾ ਹੈ।

ਛਿਨਭੰਗਰ ਵਿਚ ਤਾਂ ਦੁਖ ਹੋਵੇਗਾ ਹੀ। ਬੁਲਬੁਲਿਆਂ ਨਾਲ ਪ੍ਰੇਮ ਕਰੋਗੇ, ਬੁਲਬੁਲੇ ਟੁੱਟ ਜਾਣਗੇ, ਪਛਤਾਉਗੇ, ਰੋਵੋਗੇ। ਬੁਲਬੁਲਿਆਂ ਨਾਲ ਮੋਹ ਪਾਉਗੇ, ਕਿੰਨੇ ਦਿਨ ਤਕ ਹੰਝੂਆਂ ਨੂੰ ਰੋਕ ਸਕੋਗੇ? ਜਾਂਦੇ ਦੇ ਨਾਲ ਸਬੰਧ ਜੋੜੋਗੇ, ਫਿਰ ਪਛਤਾਉਗੇ, ਫਿਰ ਪੀੜ ਉਠੇਗੀ, ਫਿਰ ਜ਼ਖ਼ਮ ਹੋ ਜਾਣਗੇ। ਜੋ ਨਾ ਆਉਂਦਾ ਹੈ, ਨਾ ਜਾਂਦਾ ਹੈ, ਜੋ ਸਦਾ ਹੈ, ਉਸ ਨਾਲ ਸਬੰਧ ਜੋੜ ਲਵੋ, ਉਸ ਨਾਲ ਹੀ ਅਸਲੀ ਨਾਤਾ ਹੈ।

'ਬਾਕੀ' ਦਿਲੇ ਹਜ਼ੀਂ ਕੇ ਸੰਭਲਨੇ ਕੀ ਦੇਰ ਥੀ
ਹਰ ਚੀਜ ਅਪਨੀ—ਅਪਨੀ ਜਗਹ ਪਰ ਠਹਰ ਗਈ
ਸ਼ਬਨਮ ਹੋ, ਕਹਕਸ਼ਾਂ ਹੋ, ਸਿਤਾਰੇ ਹੋਂ, ਫੂਲ ਹੋਂ,
ਜੋ ਸ਼ੈ ਤੁਮ੍ਹਾਰੇ ਸਾਮਨੇ ਆਈ ਨਿਖਰ ਗਈ

ਅਤੇ ਇਕ ਵਾਰ ਸਦੀਵੀਂ ਨਾਲ ਸਬੰਧ ਜੁੜ ਜਾਵੇ, ਤਾਂ ਫਿਰ ਸਭ ਚੀਜ਼ਾਂ ਨਿੱਖਰ ਜਾਂਦੀਆਂ ਹਨ। ਫਿਰ ਕੰਡੇ ਵੀ ਫੁੱਲ ਹੋ ਜਾਂਦੇ ਹਨ। ਫਿਰ ਰਾਤਾਂ ਵੀ ਦਿਨ ਹੋ ਜਾਂਦੀਆਂ ਹਨ। ਫਿਰ ਮੌਤ ਵਿਚ ਵੀ ਅੰਮ੍ਰਿਤ ਦੇ ਦਰਸ਼ਨ ਹੁੰਦੇ ਹਨ।

ਚੌਥਾ ਸਵਾਲ—

ਓਸ਼ੋ! ਹਿੰਦੂ ਧਰਮ ਪੰਜ ਹਜ਼ਾਰ ਸਾਲ ਪੁਰਾਣਾ ਹੈ, ਬੋਧੀ ਅਤੇ ਜੈਨ ਧਰਮ ਢਾਈ ਹਜ਼ਾਰ ਸਾਲ ਪੁਰਾਣੇ ਹਨ। ਇਸਲਾਮ ਸਿਰਫ ਸੋਲ੍ਹਾਂ ਸੌ ਸਾਲ ਪੁਰਾਣਾ ਹੈ; ਉਹ ਨਵਾਂ ਹੋਣ ਦੇ ਬਾਵਜੂਦ ਵੀ ਇੰਨਾ ਪੁਰਾਣਾ ਕਿਉਂ ਲਗਦਾ ਹੈ?

ਪੁਛਿਆ ਹੈ ਪਾਕਿਸਤਾਨ ਤੋਂ ਆਏ ਹੋਏ ਮਿੱਤਰ ਫਿਰੋਜ਼ ਨੇ।

ਮਨੁੱਖ ਇਕ ਹੀ ਸਦੀ ਵਿਚ ਹੋਣ ਤਾਂ ਵੀ ਇਕ ਹੀ ਸਦੀ ਵਿਚ ਨਹੀਂ ਹੁੰਦੇ। ਇਹ ਵੀਹਵੀਂ ਸਦੀ ਹੈ। ਸਾਰੇ ਹੀ ਲੋਕ ਵੀਹਵੀਂ ਸਦੀ ਵਿਚ ਨਹੀਂ ਹਨ। ਅਜੇ ਤੁਹਾਨੂੰ ਜੰਗਲ ਵਿਚ ਅਜਹੇ ਆਦਮੀ ਮਿਲ ਜਾਣਗੇ, ਜਿਹੜੇ ਪੰਜ ਹਜ਼ਾਰ ਸਾਲ ਪਹਿਲਾਂ ਰਹਿ ਰਹੇ ਹਨ। ਆਦੀਵਾਸੀ ਹਨ—ਉਹ ਅਜੇ ਵੀ, ਪੰਜ ਹਜ਼ਾਰ ਸਾਲ ਪਹਿਲਾਂ ਜਿਵੇਂ ਆਦਮੀ ਜਿਉਂਦਾ ਸੀ, ਉਵੇਂ ਜਿਉਂ ਰਹੇ ਹਨ। ਉਹਨਾਂ ਨੂੰ ਤੁਸੀਂ ਵੀਹਵੀਂ ਸਦੀ ਦਾ ਹਿੱਸਾ ਨਹੀਂ ਮੰਨ ਸਕਦੇ। ਉਹਨਾਂ ਦੇ ਧਰਮ, ਉਹਨਾਂ ਦੇ ਵਿਚਾਰ ਇਸ ਸਦੀ ਦੇ ਨਹੀਂ ਹਨ, ਪੰਜ ਹਜ਼ਾਰ ਸਾਲ ਪੁਰਾਣੇ ਹਨ। ਜੇ ਉਹਨਾਂ ਆਦੀਵਾਸੀਆਂ ਦੇ ਨਾਲ ਜਾ ਕੇ ਮੈਨੂੰ ਗੱਲ ਕਰਨੀ ਪਵੇ, ਤਾਂ ਜਿਹੜੀ ਗੱਲ ਮੈਂ ਤੁਹਾਡੇ ਨਾਲ ਕਰ ਰਿਹਾ ਹਾਂ, ਇਹੀ ਗੱਲ ਇਸੇ ਤਰ੍ਹਾਂ ਉਹਨਾਂ ਨਾਲ ਨਹੀਂ ਕਰ ਸਕਾਂਗਾ। ਮੈਨੂੰ ਉਹਨਾਂ ਦੀ ਭਾਸ਼ਾ ਵਿਚ ਗੱਲ ਕਰਨੀ ਪਏਗੀ। ਮੈਨੂੰ ਉਹਨਾਂ ਦੇ ਢੰਗ ਨਾਲ ਗੱਲ

ਕਰਨੀ ਪਏਗੀ। ਮੈਨੂੰ ਅਨੁਵਾਦ ਕਰਨਾ ਹੋਵੇਗਾ ਪੰਜ ਹਜ਼ਾਰ ਸਾਲ ਪੁਰਾਣੀ ਗੱਲ ਵਿਚ, ਤਦ ਕਿਤੇ ਉਹ ਸਮਝ ਪਾਉਣਗੇ।

ਇਸਲਈ ਧਰਮਾਂ ਦੇ ਅਲੱਗ-ਅਲੱਗ ਜਨਮ ਹੋਏ, ਅਲੱਗ-ਅਲੱਗ ਦੇਸ਼ਾਂ ਵਿਚ, ਅਲੱਗ-ਅਲੱਗ ਹਾਲਤਾਂ ਵਿਚ। ਹਿੰਦੂ ਧਰਮ ਪੰਜ ਹਜ਼ਾਰ ਸਾਲ ਪੁਰਾਣਾ ਹੈ, ਵਧ ਪੁਰਾਣਾ ਵੀ ਹੋ ਸਕਦਾ ਹੈ। ਪੰਜ ਹਜ਼ਾਰ ਸਾਲ ਪੁਰਾਣਾ ਹੈ, ਇੰਨਾ ਤਾਂ ਤੈਅ ਹੀ ਹੈ। ਔਪਰ ਇਹ ਦੇਸ਼ ਹਜ਼ਾਰਾਂ ਸਾਲ ਤੋਂ ਧਰਮ ਦੀ ਦਿਸ਼ਾ ਵਿਚ ਬੜੀਆਂ ਘੋਖਾਂ ਕਰਦਾ ਰਿਹਾ ਹੈ, ਬੜੀ ਸੋਚ-ਵਿਚਾਰ ਕਰਦਾ ਰਿਹਾ ਹੈ। ਇਸਨੇ ਬੜੀਆਂ ਸੁਥਰਾਈਆਂ ਕੀਤੀਆਂ। ਤਾਂ ਪੰਜ ਹਜ਼ਾਰ ਸਾਲ ਪਹਿਲਾਂ ਵੀ ਵੇਦਾਂ ਨੇ ਜੋ ਉਚਾਈ ਲੈ ਲਈ, ਉਹ ਬਾਅਦ ਵਿਚ ਆਉਣ ਵਾਲੇ ਧਰਮ ਨਾ ਲੈ ਸਕੇ। ਕਿਉਂਕਿ ਬਾਅਦ ਵਿਚ ਆਉਣ ਵਾਲੇ ਧਰਮ ਇੰਨੀ ਸਾਫ-ਸੁਥਰੀ ਸੰਸਕ੍ਰਿਤੀ ਵਿਚ ਪੈਦਾ ਨਹੀਂ ਹੋਏ।

ਮੁਹੰਮਦ ਨੂੰ ਜਿਨ੍ਹਾਂ ਲੋਕਾਂ ਨਾਲ ਗੱਲ ਕਰਨੀ ਪਈ, ਉਹਨਾਂ ਨਾਲ ਜੇ ਉਹ ਉਪਨਿਸ਼ਦ ਦੀ ਭਾਸ਼ਾ ਬੋਲਦੇ, ਉਪਨਿਸ਼ਦ ਜਿਹੇ ਬਚਨ ਬੋਲਦੇ ਤਾਂ ਉਹ ਸਮਝਦੇ ਹੀ ਨਾ। ਮੁਹੰਮਦ ਨੂੰ ਤਾਂ ਉਹਨਾਂ ਦੀ ਹੀ ਭਾਸ਼ਾ ਵਿਚ ਬੋਲਣਾ ਪਿਆ। ਇਸਲਾਮ ਜਿਥੇ ਪੈਦਾ ਹੋਇਆ ਉਹ ਸੰਸਕ੍ਰਿਤੀ ਗੰਦਲੀ ਸੀ, ਸਾਫ-ਸੁਥਰੀ ਨਹੀਂ ਸੀ। ਬਹੁਤ ਜੜ੍ਹ, ਅੰਧਵਿਸ਼ਵਾਸੀ ਲੋਕ ਸਨ। ਮੁਹੰਮਦ ਦੀ ਪੂਰੀ ਜ਼ਿੰਦਗੀ ਇਸੇ ਝੰਜਟ ਵਿਚ ਬੀਤੀ। ਮੁਹੰਮਦ ਅਮਨ ਦਾ ਸੁਨੇਹਾ ਲਿਆਏ, ਲੇਕਿਨ ਹੱਥ ਵਿਚ ਤਲਵਾਰ ਰਖਣੀ ਪਈ। ਕਿਉਂਕਿ ਉਥੇ ਤਲਵਾਰ ਦੇ ਸਿਵਾਇ ਦੂਜੀ ਕੋਈ ਭਾਸ਼ਾ ਸਮਝੀ ਨਹੀਂ ਜਾਂਦੀ ਸੀ। ਮੁਹੰਮਦ ਨੇ ਆਪਣੀ ਤਲਵਾਰ ਉਤੇ ਉਕਰ ਰਖਿਆ ਸੀ-'ਸ਼ਾਂਤੀ ਮੇਰਾ ਸੰਦੇਸ਼ ਹੈ।' ਤਲਵਾਰ ਉਤੇ ਉਕਰਨਾ ਪਵੇ-ਸ਼ਾਂਤੀ ਦਾ ਸੰਦੇਸ਼!

'ਇਸਲਾਮ' ਸ਼ਬਦ ਦਾ ਅਰਥ ਹੁੰਦਾ ਹੈ ਸ਼ਾਂਤੀ। ਸ਼ਾਂਤੀ ਦਾ ਧਰਮ। ਧਰਮ ਤਾਂ ਖ਼ਬਰ ਦੇਣੀ ਸੀ ਸ਼ਾਂਤੀ ਦੀ, ਔਪਰ ਲੋਕ ਲੜਾਕੇ ਸਨ, ਖ਼ੂੰਖਾਰ ਸਨ, ਜੰਗ ਦੇ ਸਿਵਾਇ ਦੂਜੀ ਚੀਜ਼ ਜਾਣਦੇ ਨਹੀਂ ਸਨ। ਮਰਨਾ ਅਤੇ ਮਾਰਨਾ, ਇਹੀ ਉਹਨਾਂ ਦੀ ਭਾਸ਼ਾ ਸੀ। ਮੁਹੰਮਦ ਜ਼ਿੰਦਗੀ-ਭਰ ਭੱਜਦੇ ਫਿਰੇ, ਖ਼ੁਦ ਨੂੰ ਬਚਾਉਂਦੇ ਫਿਰੇ।

ਤੁਸੀਂ ਜ਼ਰਾ ਸੋਚੋ, ਬੁੱਧ ਉਤੇ ਅਜੇਹਾ ਨਹੀਂ ਗੁਜ਼ਰਿਆ ਕਿ ਤਲਵਾਰ ਚੁੱਕੀ ਅਤੇ ਭੱਜਦੇ ਫਿਰੇ, ਛੁਪਦੇ ਫਿਰੇ-ਇਸ ਪਿੰਡ ਤੋਂ ਦੂਜੇ ਪਿੰਡ। ਬੁੱਧ ਨੂੰ ਜੇ ਅਜੇਹਾ ਝੱਲਣਾ ਪੈਂਦਾ, ਤਾਂ ਬੁੱਧ ਜੋ ਬੋਲੇ, ਉਹ ਨਹੀਂ ਬੋਲ ਸਕਦੇ ਸਨ। ਫਿਰ ਉਹਨਾਂ ਨੂੰ ਮੁਹੰਮਦ ਦੀ ਭਾਸ਼ਾ ਵਿਚ ਬੋਲਣਾ ਪੈਂਦਾ। ਮੁਹੰਮਦ ਨੂੰ ਜੇ ਬੁੱਧ-ਜਿਹੇ ਲੋਕ ਮਿਲੇ ਹੁੰਦੇ ਚਾਰੇ ਪਾਸੇ, ਤਾਂ ਮੁਹੰਮਦ ਬੁੱਧ ਦੀ ਭਾਸ਼ਾ ਵਿਚ ਬੋਲਦੇ। ਇਸ ਉਤੇ ਨਿਰਭਰ ਕਰਦਾ ਹੈ ਕਿ ਕਿਹਨਾਂ ਲੋਕਾਂ ਨਾਲ ਬੋਲੀ ਜਾ ਰਹੀ ਹੈ ਗੱਲ।

ਮੁਹੰਮਦ ਨੂੰ ਬਹੁਤ ਕਠਨਾਈ ਨਾਲ ਗੱਲ ਪੁਜਾਉਣੀ ਪਈ। ਮੁਹੰਮਦ ਦਾ ਯਤਨ ਬੁੱਧ ਦੇ ਯਤਨ ਤੋਂ ਵਧੇਰੇ ਬਹੁਮੁੱਲਾ ਹੈ, ਕਿਉਂਕਿ ਬੁੱਧ ਤਾਂ ਸਾਫ-ਸਾਫ ਕਹਿ ਰਹੇ ਹਨ, ਸੁਣਨ ਵਾਲੇ ਲੋਕ ਸਾਫ-ਸਾਫ ਸੁਣਨ ਵਿਚ ਸਮਰੱਥ

ਹਨ। ਤੁਹਾਨੂੰ ਪਤਾ ਹੈ, ਇਸ ਦੇਸ਼ ਵਿਚ ਅਸੀਂ ਕਿਸੇ ਬੁੱਧ ਨੂੰ ਸੂਲੀ ਨਹੀਂ ਦਿਤੀ। ਕਿਸੇ ਬੁੱਧ ਨੂੰ ਮਾਰਿਆ ਨਹੀਂ, ਹੱਤਿਆ ਨਹੀਂ ਕੀਤੀ। ਉਹ ਇਸ ਦੇਸ਼ ਦੀ ਭਾਸ਼ਾ ਨਹੀਂ। ਪੰਜ ਹਜ਼ਾਰ ਸਾਲ ਲਗਾਤਾਰ ਸੋਚਣ–ਵਿਚਾਰਨ ਦਾ ਇਹ ਨਤੀਜਾ ਹੋਇਆ ਕਿ ਸੋਚਣ–ਵਿਚਾਰਨ ਵਿਚ ਇਕ ਉਦਾਰਤਾ ਆ ਗਈ।

ਮੁਹੰਮਦ ਜਿਨ੍ਹਾਂ ਲੋਕਾਂ ਦੇ ਦਰਮਿਆਨ ਜੀਵੇ ਉਹ ਉਦਾਰ ਨਹੀਂ ਸਨ–ਕਠੋਰ ਲੋਕ ਸਨ, ਖ਼ੂੰਖਾਰ ਲੋਕ ਸਨ। ਹਾਲਾਂਕਿ ਕਠੋਰ ਅਤੇ ਖ਼ੂੰਖਾਰ ਹੋਣ ਦੇ ਬਾਵਜੂਦ ਉਹਨਾਂ ਵਿਚ ਇਕ ਖ਼ੂਬੀ ਸੀ, ਜੋ ਹਮੇਸ਼ਾ ਕਠੋਰ ਲੋਕਾਂ ਵਿਚ ਹੁੰਦੀ ਹੈ। ਜਿੰਨਾ ਜੰਗਲੀ ਆਦਮੀ ਹੁੰਦਾ ਹੈ ਉੰਨਾ ਸਿੱਧਾ–ਸਰਲ ਵੀ ਹੁੰਦਾ ਹੈ। ਅਤੇ ਜਿੰਨਾ ਸਾਫ–ਸੁਥਰਾ ਆਦਮੀ ਹੁੰਦਾ ਹੈ ਉੰਨਾ ਜਟਲ ਅਤੇ ਚਾਲਬਾਜ਼ ਵੀ ਹੁੰਦਾ ਹੈ। ਬੁੱਧ ਨੂੰ ਅਸੀਂ ਮਾਰਿਆ ਨਹੀਂ, ਕਿਉਂਕਿ ਇਹ ਸਾਫ–ਸੁਥਰਾ ਦੇਸ਼ ਹੈ। ਲੇਕਿਨ ਬੁੱਧ ਨੂੰ ਮਿਟਾਉਣ ਦੀ ਅਸਾਂ ਨੇ ਸਾਫ–ਸੁਥਰੀ ਕੋਸ਼ਿਸ਼ ਕੀਤੀ।

ਫਰਕ ਸਮਝ ਲੈਣਾ। ਹਿੰਦੂਆਂ ਨੇ ਕਥਾ ਲਿਖੀ ਹੈ ਬੁੱਧ ਦੇ ਬਾਬਤ। ਬੁੱਧ ਨੂੰ ਸਵੀਕਾਰ ਕਰ ਲਿਆ ਕਿ ਇਹ ਦਸਵੇਂ ਅਵਤਾਰ ਹਨ ਸਾਡੇ–ਉਵੇਂ ਹੀ ਜਿਵੇਂ ਕ੍ਰਿਸ਼ਨ, ਰਾਮ। ਇਹ ਬੜੇ ਹੁਸ਼ਿਆਰ ਲੋਕ ਸਨ ਜਿਨ੍ਹਾਂ ਨੇ ਕਿਹਾ ਕਿ ਬੁੱਧ ਸਾਡੇ ਦਸਵੇਂ ਅਵਤਾਰ ਹਨ–ਭਗਵਾਨ ਦਾ ਅਵਤਾਰ ਹਨ! ਐਪਰ ਕਹਾਣੀ ਜੋ ਘੜੀ ਉਹ ਇਹ ਕਿ ਭਗਵਾਨ ਨੇ ਦੁਨੀਆਂ ਬਣਾਈ, ਨਰਕ ਬਣਾਇਆ, ਸਵਰਗ ਬਣਾਇਆ, ਪਰ ਲੋਕ ਪਾਪ ਕਰਦੇ ਹੀ ਨਹੀਂ ਸਨ ਤਾਂ ਨਰਕ ਕੋਈ ਜਾਂਦਾ ਨਹੀਂ ਸੀ। ਨਰਕ ਖ਼ਾਲੀ ਹੀ ਪਿਆ ਸੀ। ਨਰਕ ਵਿਚ ਸ਼ੈਤਾਨ ਬੈਠਾ ਹੈ ਆਪਣੇ ਸਿੰਘਾਸਣ ਉਤੇ, ਆਪਣੇ ਸਿਪਾਹੀਆਂ ਨੂੰ ਲਈ, ਨਾ ਕੋਈ ਆਉਂਦਾ ਨਾ ਕੋਈ ਜਾਂਦਾ। ਸਦੀਆਂ ਬੀਤ ਗਈਆਂ, ਆਖ਼ਰ ਸ਼ੈਤਾਨ ਵੀ ਪਰੇਸ਼ਾਨ ਹੋ ਗਿਆ। ਉਸਨੇ ਭਗਵਾਨ ਨੂੰ ਕਿਹਾ ਕਿ ਸਾਰ ਕੀ ਹੈ ਨਰਕ ਨੂੰ ਰਖਣ ਦਾ? ਜੇ ਕੋਈ ਪਾਪ ਕਰਦਾ ਨਹੀਂ, ਕਿਸੇ ਨੂੰ ਸਜਾ ਨਹੀਂ ਦਿਤੀ ਜਾਂਦੀ, ਤਾਂ ਮੈਨੂੰ ਛੁਟਕਾਰਾ ਦੇ, ਅਸੀਂ ਨਾਹਕ ਸਜ਼ਾ ਪਾ ਰਹੇ ਹਾਂ। ਅਸੀਂ ਉਥੇ ਬੈਠੇ ਕੀ ਕਰੀਏ? ਇਹ ਦਫਤਰ ਚਲਦਾ ਹੀ ਨਹੀਂ। ਇਹ ਬੰਦ ਕਰ, ਇਹ ਖਾਤਾ ਬੰਦ ਕਰ।

ਤਾਂ ਭਗਵਾਨ ਨੇ ਕਿਹਾ : ਤੂੰ ਠਹਿਰ, ਮੈਂ ਛੇਤੀ ਹੀ ਬੁੱਧ ਦਾ ਅਵਤਾਰ ਲਵਾਂਗਾ, ਲੋਕਾਂ ਨੂੰ ਭ੍ਰਿਸ਼ਟ ਕਰਾਂਗਾ। ਅਤੇ ਜਦ ਲੋਕ ਭ੍ਰਿਸ਼ਟ ਹੋ ਜਾਣਗੇ ਤਾਂ ਨਰਕ ਵਿਚ ਅਜੇਹੀ ਭੀੜ ਮੱਚੇਗੀ, ਤੇਥੋਂ ਸੰਭਾਲਿਆਂ ਨਹੀਂ ਸੰਭਲਣੀ।

ਹੁਣ ਸੁਣ ਰਹੇ ਹੋ ਇਹ ਕਹਾਣੀ? ਬੁੱਧ ਦੀ ਗਰਦਨ ਨਹੀਂ ਕੱਟੀ, ਪਰ ਕਿਸ ਹੁਸ਼ਿਆਰੀ ਨਾਲ ਕੱਟੀ! ਸ਼ਬਦ ਨਾਲ ਕੱਟੀ। ਤਰਕ ਨਾਲ ਕੱਟੀ। ਭਗਵਾਨ ਵੀ ਮੰਨ ਲਿਆ। ਇੰਨੇ ਸਾਫ–ਸੁਥਰੇ ਲੋਕ ਸਨ ਕਿ ਇਕਦਮ ਇਨਕਾਰ ਵੀ ਨਹੀਂ ਕਰ ਸਕੇ, ਆਦਮੀ ਤਾਂ ਮਹਿਮਾਸ਼ਾਲੀ ਸੀ! ਐਪਰ ਇਹਨਾਂ ਦੇ ਸਾਰੇ ਧਰਮ ਦੇ ਉਲਟ ਸੀ। ਇਹਨਾਂ ਦੀ ਪੰਡਤਾਈ, ਪੁਰੋਹਤ ਦੇ ਉਲਟ ਸੀ। ਇਹਨਾਂ ਦੇ ਹਵਨ–ਯੱਗ ਦੇ ਉਲਟ ਸੀ। ਇਹਨਾਂ ਦੇ ਸਾਰੇ ਕਿਰਿਆਕਾਂਡ ਦੇ ਉਲਟ ਸੀ। ਆਦਮੀ ਤਾਂ ਬਹੁਮੁੱਲਾ ਸੀ, ਪਰ ਇਹਨਾਂ ਦੇ ਉਲਟ ਸੀ। ਇਹ ਇਨਕਾਰ ਵੀ ਨਹੀਂ ਕਰ ਸਕੇ ਕਿ ਇਸ ਆਦਮੀ ਵਿਚ ਕੁਝ ਮਹੱਤਵਪੂਰਨ ਹੈ। ਤਾਂ ਭਗਵਾਨ ਦਾ ਅਵਤਾਰ ਵੀ ਮੰਨ ਲਿਆ, ਪਿਛਲੇ ਦਰਵਾਜ਼ੇ ਤੋਂ ਇਹ

ਕਹਾਣੀ ਵੀ ਜੋੜ ਦਿਤੀ—'ਮੰਨਣਾ ਨਾ ਬੁੱਧ ਨੂੰ, ਨਹੀਂ ਤਾਂ ਨਰਕੀਂ ਜਾਉਗੇ। ਬੁੱਧ ਭਗਵਾਨ ਦੇ ਅਵਤਾਰ ਹਨ।' ਵਿਹ ਦੇਖਦੇ ਹੋ ਤਰਕੀਬ? ਅਤੇ ਬੁੱਧ-ਧਰਮ ਨੂੰ ਉਖਾੜ ਸੁੱਟਿਆ ਭਾਰਤ ਤੋਂ।

ਮੁਹੰਮਦ ਦੇ ਪਿਛੇ ਲੋਕ ਤਲਵਾਰ ਲੈ ਕੇ ਪਏ ਰਹੇ। ਪਰ ਮੁਹੰਮਦ ਨੂੰ ਉਖਾੜ ਨਹੀਂ ਪਾਏ। ਹਿੰਦੁਸਤਾਨ ਵਿਚ ਬੁੱਧ ਦੇ ਪਿਛੇ ਤਲਵਾਰ ਲੈ ਕੇ ਨਹੀਂ ਪਏ ਅਤੇ ਬੁੱਧ ਨੂੰ ਉਖਾੜ ਦਿਤਾ।...ਚਾਲਬਾਜ਼!

ਮੁਹੰਮਦ ਕਠੋਰ ਲੋਕਾਂ ਦੇ ਦਰਮਿਆਨ ਸਨ, ਅੰਪਰ ਸਿੱਧੇ-ਸਾਦੇ, ਭੋਲੇ-ਭਾਲੇ ਲੋਕਾਂ ਦੇ ਦਰਮਿਆਨ ਸਨ। ਜੰਗਲੀ ਆਦਮੀ ਅਕਸਰ ਭੋਲੇ-ਭਾਲੇ ਹੁੰਦੇ ਹਨ। ਦੋਨੋਂ ਗੱਲਾਂ ਹੁੰਦੀਆਂ ਹਨ। ਜੂਝਣਗੇ ਤਾਂ ਤਲਵਾਰ ਨਾਲ ਲੜ ਲੈਂਦੇ ਹਨ ਅਤੇ ਜੇ ਝੁਕ ਗਏ ਤਾਂ ਗਰਦਨ ਸਾਹਮਣੇ ਕਰ ਦਿੰਦੇ ਹਨ। ਨਾ ਮਾਰਨ ਤੋਂ ਡਰਦੇ ਹਨ, ਨਾ ਮਰਨ ਤੋਂ ਡਰਦੇ ਹਨ। ਅਤੇ ਮਰਨ-ਮਾਰਨ ਦੀ ਸਿੱਧੀ ਭਾਸ਼ਾ ਵਿਚ ਬੋਲਦੇ ਹਨ। ਕੋਈ ਦਲੀਲ ਵਗੈਰਾ ਦਾ ਸਵਾਲ ਨਹੀਂ ਹੈ। ਇਕ ਹੀ ਦਲੀਲ ਜਾਣਦੇ ਹਨ—ਸਿੱਧੀ ਕੁਦਰਤੀ ਦਲੀਲ। ਸੋ ਮੁਹੰਮਦ ਨੂੰ ਕਠਨਾਈ ਵੀ ਬਹੁਤ ਸੀ। ਬਿਲਕੁਲ ਅਣਵਿਕਸਤ ਲੋਕਾਂ ਦੇ ਦਰਮਿਆਨ ਧਰਮ ਦੀ ਖ਼ਬਰ ਪੁਜਾਉਣੀ ਸੀ। ਅਤੇ ਦੂਜੇ ਪਾਸੇ ਸੌਖ ਵੀ ਬਹੁਤ ਸੀ।

ਤਾਂ ਇਸਲਾਮ ਕਸੂਬਰਾ ਧਰਮ ਹੈ। ਇਸਲਈ ਤੇਰਾ ਕਹਿਣਾ ਸਹੀ ਹੈ ਫਿਰੋਜ਼, ਕਿ ਸੋਲਾਂ ਸੌ ਸਾਲ ਪੁਰਾਣਾ ਧਰਮ ਹੈ, ਲੇਕਿਨ ਅਜੇਹਾ ਲਗਦਾ ਹੈ ਬਹੁਤ ਪੁਰਾਣਾ ਹੋਵੇ। ਉਸ ਨਾਲੋਂ ਤਾਂ ਹਿੰਦੂ ਧਰਮ ਬਹੁਤ ਪੁਰਾਣਾ ਹੈ, ਪਰ ਉਨਾ ਪੁਰਾਣਾ ਨਹੀਂ ਲਗਦਾ। ਹੁਣ ਜਿਵੇਂ ਕੋਈ ਚੋਰੀ ਕਰੇ, ਉਸਦੇ ਹੱਥ ਵੱਢ ਦਿਉ। ਹੁਣ ਇਹ ਗੱਲ ਬੇਹੂਦਗੀ ਦੀ ਹੈ। ਇਹ ਇੰਜ ਲਗਦਾ ਹੈ ਜਿਵੇਂ ਕੋਈ ਬਹੁਤ ਜੰਗਲੀ ਗੱਲ ਸਾਹਮਣੇ ਆ ਗਈ। ਅਤੇ ਪਾਕਿਸਤਾਨ ਵਿਚ ਅਜੇ ਕੀਤਾ ਜਾ ਰਿਹਾ ਹੈ—ਕੋਈ ਚੋਰੀ ਕਰੇ, ਉਸਦੇ ਹੱਥ ਵੱਢ ਦਿਉ। ਬਲਾਤਕਾਰ ਕੋਈ ਕਰ ਦੇਵੇ ਤਾਂ ਉਸਦੀ ਗਰਦਨ ਵੱਢ ਦਿਉ। ਸਜ਼ਾ ਮਿਲਣੀ ਠੀਕ ਹੈ, ਪਰ ਇਹ ਜ਼ਰਾ ਜ਼ਰੂਰਤ ਤੋਂ ਜ਼ਿਆਦਾ ਹੋ ਗਈ।

ਮੇਰੀ ਇਕ ਸੰਨਿਆਸਣ ਈਰਾਨ ਵਿਚ ਸੀ—ਕਮਲ। ਉਸਨੂੰ ਤਾਂ ਰੀਤਿ-ਰਿਵਾਜ਼ ਈਰਾਨ ਦੇ ਕੁਝ ਪਤਾ ਨਹੀਂ। ਪੱਛਮ ਦੀ ਲੜਕੀ ਹੈ। ਪੱਛਮ ਦੀ ਖੁਲ੍ਹੀ ਹਵਾ ਵਿਚ ਪਲੀ ਹੈ। ਉਹ ਇਕ ਪਹਾੜੀ ਝਰਨੇ 'ਤੇ ਮਸਤ ਹੋ ਕੇ ਨਹਾ ਰਹੀ ਸੀ ਅਤੇ ਉਥੇ ਕੋਈ ਸੀ ਵੀ ਨਹੀਂ, ਕਿ ਚਾਰ-ਪੰਜ ਈਰਾਨੀ ਆ ਗਏ ਅਤੇ ਉਹਨਾਂ ਨੇ ਬਲਾਤਕਾਰ ਕੀਤਾ। ਫਿਰ ਉਹ ਫੜੇ ਗਏ। ਜਦ ਉਹ ਫੜੇ ਗਏ, ਤਦ ਕਮਲ ਬਹੁਤ ਘਬਰਾਈ। ਉਸਨੇ ਮੈਨੂੰ ਚਿੱਠੀ ਲਿਖੀ ਉਥੋਂ, ਕਿ ਛੇਤੀ ਨਾਲ ਮੈਨੂੰ ਖ਼ਬਰ ਕਰੋ ਕਿ ਮੈਂ ਕੀ ਕਰਾਂ ਕਿਉਂਕਿ ਜੇ ਮੈਂ ਕਹਿੰਦੀ ਹਾਂ ਕਿ ਮੇਰੇ ਨਾਲ ਬਲਾਤਕਾਰ ਹੋਇਆ ਹੈ ਤਾਂ ਇਹਨਾਂ ਪੰਜ ਆਦਮੀਆਂ ਨੂੰ ਫਾਂਸੀ ਲੱਗ ਜਾਏਗੀ।

ਇਹ ਜ਼ਰਾ ਜ਼ਰੂਰਤ ਤੋਂ ਜ਼ਿਆਦਾ ਹੈ। ਜਿਸਦੇ ਨਾਲ ਬਲਾਤਕਾਰ ਹੋਇਆ ਹੈ, ਉਹ ਲੜਕੀ ਲਿਖ ਰਹੀ ਹੈ ਕਿ ਇਹ ਜ਼ਰਾ ਜ਼ਰੂਰਤ ਤੋਂ ਜ਼ਿਆਦਾ ਹੈ। ਇਹਨਾਂ ਨੂੰ ਸਜ਼ਾ ਤਾਂ ਮਿਲਣੀ ਚਾਹੀਦੀ ਹੈ, ਅੰਪਰ ਫਾਂਸੀ! ਅਤੇ ਇਹ ਪੰਜ ਆਦਮੀ ਮਾਰੇ ਜਾਣ, ਤਾਂ ਮੈਂ ਜ਼ਿੰਦਗੀ-ਭਰ ਇਸ ਅਪਰਾਧ ਤੋਂ ਮੁਕਤ ਨਾ ਹੋ ਸਕਾਂਗੀ ਕਿ ਮੈਨੂੰ ਲੱਗੇਗਾ ਕਿ ਮੇਰੀ ਜ਼ਿੰਮੇਵਾਰੀ ਹੈ।

ਤਾਂ ਮੈਂ ਉਸਨੂੰ ਲਿਖਿਆ ਕਿ ਤੂੰ ਜੋ ਠੀਕ ਸਮਝੇਂ ਉਵੇਂ ਕਰ! ਉਸਨੇ ਇਨਕਾਰ ਕਰ ਦਿਤਾ ਅਦਾਲਤ ਵਿਚ, ਕਿ

ਮੇਰੇ ਨਾਲ ਬਲਾਤਕਾਰ ਨਹੀਂ ਹੋਇਆ ਹੈ।

ਇਹ ਇਕ ਸਾਫ-ਸੁਥਰੀ ਸੰਸਕ੍ਰਿਤੀ ਦੀ ਗੱਲ ਹੋਈ। ਬਲਾਤਕਾਰ ਹੋਇਆ ਹੈ, ਗੁੱਸੇ ਸੀ ਬਹੁਤ। ਉਸਦੇ ਨਾਲ ਜਬਰ-ਜਨਾਹ ਕੀਤਾ ਗਿਆ। ਉਸਦੇ ਨਾਲ ਜੋ ਬੁਰੇ ਤੋਂ ਬੁਰਾ ਹੋ ਸਕਦਾ, ਉਹ ਕੀਤਾ ਗਿਆ। ਲੇਕਿਨ, ਫਿਰ ਵੀ ਇਕ ਸਾਫ-ਸੁਥਰੀ ਸੰਸਕ੍ਰਿਤੀ ਦਾ ਲੱਛਣ ਹੈ ਕਿ ਅਦਾਲਤ ਵਿਚ ਉਸਨੇ ਇਨਕਾਰ ਕਰ ਦਿਤਾ ਕਿ ਮੇਰੇ ਨਾਲ ਕੋਈ ਬਲਾਤਕਾਰ ਨਹੀਂ ਹੋਇਆ ਹੈ। ਇਹ ਖ਼ਬਰ ਝੂਠੀ ਹੈ।

ਇਹ ਪੰਜ ਵਿਅਕਤੀਆਂ ਦੀ ਹੱਤਿਆ ਹੋ ਜਾਵੇ, ਇਹ ਗੱਲ ਉਸਦੀ ਸਮਝ ਵਿਚ ਨਹੀਂ ਆਈ। ਉਸਨੂੰ ਭਰੋਸਾ ਹੀ ਨਹੀਂ ਆਇਆ। ਇਹਨਾਂ ਨੂੰ ਦੋ ਚਾਰ-ਸਾਲ ਦੀ ਸਜ਼ਾ ਹੋ ਜਾਂਦੀ, ਠੀਕ ਸੀ। ਪਰ ਇਹਨਾਂ ਨੂੰ ਰਾਹ ਵਿਚ ਖੜ੍ਹੇ ਕਰਕੇ ਇਹਨਾਂ ਦੀ ਗਰਦਨ ਕੱਟ ਦਿਤੀ ਜਾਏਗੀ, ਤਾਂ ਉਹ ਘਬਰਾ ਗਈ ਕਿ ਇਹ ਪੰਜ ਆਦਮੀਆਂ ਦੀ ਕੱਟਦੀ ਹੋਈ ਗਰਦਨ ਸਦਾ ਮੇਰਾ ਪਿੱਛਾ ਕਰੇਗੀ। ਮੈਨੂੰ ਲੱਗੇਗਾ ਕਿ ਮੇਰਾ ਹੱਥ ਹੈ। ਇੰਨਾ ਤਾਂ ਕੋਈ ਵੱਡਾ ਕਸੂਰ ਨਹੀਂ ਸੀ।

ਇਸਲਾਮ ਸੋਲਾਂ ਸੌ ਸਾਲ ਪੁਰਾਣਾ ਧਰਮ ਹੈ, ਲੇਕਿਨ ਉਸਦੀ ਕਸੂਰ ਦਸ਼ਾ ਦੇਖ ਕੇ, ਜੇਕਰ ਸੋਚੋ ਤਾਂ ਉਹ ਹਿੰਦੂਆਂ ਤੋਂ ਜ਼ਿਆਦਾ ਪੁਰਾਣਾ ਧਰਮ ਹੈ। ਅਤੇ ਬੋਧੀਆਂ ਤੋਂ ਤਾਂ ਬਹੁਤ ਹੀ ਜ਼ਿਆਦਾ ਪੁਰਾਣਾ ਧਰਮ ਹੈ। ਜੈਨੀਆਂ ਤੋਂ ਤਾਂ ਬਹੁਤ ਹੀ ਪੁਰਾਣਾ ਧਰਮ ਹੈ। ਕਿਉਂਕਿ ਕਿਥੇ ਬੁੱਧ ਦੀ ਕਰੁਣਾ, ਅਤੇ ਕਿਥੇ ਚੋਰ ਚੋਰੀ ਕਰ ਲਵੇ, ਉਸਦੇ ਹੱਥ ਵੱਢ ਸੁੱਟਣਾ!

ਤਾਓ ਪੰਜ ਹਜ਼ਾਰ ਸਾਲ ਪੁਰਾਣੀ ਪਰੰਪਰਾ ਹੈ ਚੀਨ ਵਿਚ ਅਤੇ ਮੈਨੂੰ ਹਮੇਸ਼ਾ ਤੋਂ ਕਹਾਣੀ ਪਿਆਰੀ ਰਹੀ ਹੈ, ਮੈਂ ਬਹੁਤ ਵਾਰ ਸੁਣਾਈ ਹੈ। ਲਾਓਤਸੁ ਇਕ ਦਫਾ ਜੱਜ ਬਣਾ ਦਿਤਾ ਗਿਆ ਸੀ। ਤਾਂ ਪਹਿਲਾ ਹੀ ਮੁਕੱਦਮਾ ਆਇਆ, ਇਕ ਆਦਮੀ ਨੇ ਚੋਰੀ ਕੀਤੀ ਸੀ। ਪਿੰਡ ਦੇ ਸਭ ਤੋਂ ਵੱਡੇ ਸਾਹੂਕਾਰ ਦੇ ਘਰ ਚੋਰੀ ਕੀਤੀ ਸੀ। ਅਤੇ ਉਸਨੇ ਮੁਕੱਦਮਾ ਸੁਣਿਆ ਅਤੇ ਉਸਨੇ ਦੋਨਾਂ ਨੂੰ ਛੇ-ਛੇ ਮਹੀਨੇ ਦੀ ਸਜ਼ਾ ਦੇ ਦਿਤੀ-ਸਾਹੂਕਾਰ ਨੂੰ ਵੀ, ਅਤੇ ਚੋਰ ਨੂੰ ਵੀ!

ਇਹ ਢਾਈ ਹਜ਼ਾਰ ਸਾਲ ਪੁਰਾਣੀ ਘਟਨਾ ਹੈ। ਮਾਰਕੱਸ ਵਗੈਰਾ ਨੂੰ ਪਿਛੇ ਛੱਡ ਦਿਤਾ। ਸਾਹੂਕਾਰ ਤਾਂ ਸਮਝਿਆ ਹੀ ਨਹੀਂ। ਉਸਨੇ ਕਿਹਾ ਕਿ ਇਹ ਕੀ ਮਾਜਰਾ ਹੈ। ਹੋਸ਼ ਵਿਚ ਹੋਂ? ਮੇਰੇ ਘਰ ਵਿਚ ਚੋਰੀ ਹੋਈ ਅਤੇ ਮੈਨੂੰ ਸਜ਼ਾ ਦਿਤੀ ਜਾ ਰਹੀ ਹੈ।

ਲਾਓਤਸੁ ਨੇ ਕਿਹਾ: ਹਾਂ। ਕਿਉਂਕਿ ਤੂੰ ਇੰਨਾ ਧਨ ਇਕੱਠਾ ਕਰ ਲਿਆ ਹੈ ਕਿ ਹੁਣ ਚੋਰੀ ਨਾ ਹੋਵੇ ਤਾਂ ਹੋਰ ਕੀ ਹੋਵੇ? ਇਹ ਆਦਮੀ ਦੋ ਨੰਬਰ ਦਾ ਕਸੂਰਵਾਰ ਹੈ, ਨੰਬਰ ਇਕ ਦਾ ਕਸੂਰਵਾਰ ਤੂੰ ਹੈਂ। ਤੂੰ ਸਾਰੇ ਪਿੰਡ ਦਾ ਧਨ ਇਕੱਠਾ ਕਰ ਲਿਆ ਹੈ। ਚੋਰੀ ਤਾਂ ਹੋਵੇਗੀ ਹੀ। ਤੂੰ ਚੋਰੀ ਪੈਦਾ ਕਰਨ ਦਾ ਮੂਲ ਸੋਮਾ ਹੈਂ। ਤੂੰ ਧੰਨਭਾਗੀ ਹੈਂ ਕਿ ਮੈਂ ਤੈਨੂੰ ਬਰਾਬਰ ਸਜ਼ਾ ਦੇ ਰਿਹਾ ਹਾਂ; ਨਹੀਂ ਤਾਂ ਤੈਨੂੰ ਜ਼ਿਆਦਾ ਸਜ਼ਾ ਮਿਲਣੀ ਚਾਹੀਦੀ ਹੈ। ਇਸ ਆਦਮੀ ਨੇ ਤਾਂ ਸਿਰਫ ਚੋਰੀ ਕੀਤੀ ਹੈ ਥੋੜੀ-ਬਹੁਤ, ਇਹ ਕਰੇ ਕੀ?

ਸਮਰਾਟ ਤਕ ਅਪੀਲ ਗਈ। ਸਮਰਾਟ ਨੂੰ ਵੀ ਗੱਲ ਤਾਂ ਜਚੀ, ਲੇਕਿਨ ਇਹ ਤਾਂ ਖ਼ਤਰਨਾਕ ਗੱਲ ਹੈ। ਜੇ ਇਹ ਗੱਲ ਸੱਚ ਹੈ ਤਾਂ ਸਮਰਾਟ ਖ਼ੁਦ ਹੀ ਚੋਰ ਹੈ! ਉਸਨੇ ਲਾਓਤਸੁ ਤੋਂ ਹੱਥ ਜੋੜ ਕੇ ਖਿਮਾ ਮੰਗੀ ਕਿ ਤੁਸੀਂ ਵਿਦਾ ਹੋਵੋ,

ਇਹ ਤੁਹਾਡਾ ਕੰਮ ਨਹੀਂ।

ਐਪਰ ਵੇਖਦੇ ਹੋ ਇਹ ਸਾਫ-ਸੁਥਰਾਪਣ! ਢਾਈ ਹਜ਼ਾਰ ਸਾਲ ਪਹਿਲਾਂ ਲਾਓਤ੍ਸ ਉਹ ਕਹਿ ਰਿਹਾ ਹੈ ਜੋ ਕਮਿਊਨਿਜ਼ਮ ਨੂੰ ਵੀ ਪਿਛੇ ਛੱਡ ਦੇਵੇ, ਸਾਮਵਾਦ ਨੂੰ ਪਿਛੇ ਛੱਡ ਦੇਵੇ, ਸਮਾਜਵਾਦ ਨੂੰ ਪਿਛੇ ਛੱਡ ਦੇਵੇ।

ਚੀਨ ਸਾਫ-ਸੁਥਰਾ ਦੇਸ਼ ਹੈ। ਕਨਫਿਊਸ਼ਿਯਸ ਅਤੇ ਲਾਓਤਸੁ ਵਰਗੇ ਲੋਕਾਂ ਨੇ ਉਸਨੂੰ ਸਾਫ-ਸੁਥਰਾ ਕੀਤਾ। ਹਜ਼ਾਰਾਂ ਸਾਲ ਦੀ ਪੁਰਾਣੀ ਕਥਾ ਹੈ, ਲਾਓਤਸੁ ਦੇ ਪਹਿਲੇ ਹਜ਼ਾਰਾਂ ਸਾਲ ਤਕ ਚੀਨ ਸਾਫ-ਸੁਥਰਾ ਹੁੰਦਾ ਰਿਹਾ। ਮੁਹੰਮਦ ਦੇ ਪਹਿਲਾਂ ਤੁਸੀਂ ਕੋਈ ਨਾਂ ਲੈ ਸਕਦੇ ਹੋ ਅਰਬ ਵਿਚ? ਕੋਈ ਨਾਂ ਨਹੀਂ ਹੈ। ਮੁਹੰਮਦ ਤੋਂ ਅਰਬ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਮੁਹੰਮਦ ਦੇ ਪਹਿਲਾਂ ਕੋਈ ਨਾਂ ਨਹੀਂ ਹੈ, ਇਕ ਵੀ ਨਾ ਨਹੀਂ ਹੈ। ਇਸ ਦੇਸ਼ ਵਿਚ ਜੇ ਤੁਸੀਂ ਨਾਵਾਂ ਦੀ ਗਿਣਤੀ ਕਰੋ ਤਾਂ ਗਿਣਦੇ ਚਲੇ ਜਾਓ, ਗਿਣਦੇ ਚਲੇ ਜਾਓ, ਗਿਣਤੀ ਨਾ ਕਰ ਪਾਓ। ਫਿਰ ਮੁਹੰਮਦ ਦੇ ਬਾਅਦ ਵੀ ਕੋਈ ਅਜੇਹਾ ਨਾਂ ਨਹੀਂ ਹੈ ਜੋ ਮੁਹੰਮਦ ਦੀ ਉਚਾਈ 'ਤੇ ਆਉਂਦਾ ਹੋਵੇ। ਇਸ ਦੇਸ਼ ਵਿਚ ਬੁੱਧਾਂ ਉਤੇ ਬੁੱਧ ਹੋਏ ਹਨ, ਇਕ-ਦੂਜੇ ਤੋਂ ਵਧ-ਚੜ੍ਹ ਕੇ ਹੋਏ ਹਨ। ਚਮਕਦੇ ਸੂਰਜ! ਉਹਨਾਂ ਦਾ ਸਿਲਸਿਲਾ ਜਾਰੀ ਰਿਹਾ ਹੈ।

ਮੁਹੰਮਦ ਨੂੰ ਬੜੇ ਹਨੇਰੇ ਨਾਲ ਲੜਨਾ ਪਿਆ ਹੈ-ਬੜੇ ਪੁਰਾਣੇ ਹਨੇਰੇ ਨਾਲ! ਅਤੇ ਬੜੇ ਜੰਗਲੀ ਲੋਕਾਂ ਦੇ ਦਰਮਿਆਨ ਸੰਦੇਸ਼ ਦੇਣਾ ਪਿਆ ਹੈ। ਇਸਲਈ ਭਾਸ਼ਾ ਸੰਦੇਸ਼ ਦੀ ਜੜ੍ਹ ਹੈ।

ਮੈਨੂੰ ਲੋਕ ਕਹਿੰਦੇ ਹਨ ਕਿ ਮੈਂ ਕੁਰਾਨ ਉਤੇ ਕਿਉਂ ਨਹੀਂ ਬੋਲ ਰਿਹਾ ਹਾਂ? ਇਸਲਈ ਬਚਾਈ ਜਾਂਦਾ ਹਾਂ, ਕਿਉਂਕਿ ਕੁਰਾਨ ਉਤੇ ਬੋਲਾਂ ਤਾਂ ਮੈਂ ਈਮਾਨਦਾਰੀ ਨਹੀਂ ਕਰ ਸਕਾਂਗਾ। ਮੈਨੂੰ ਕੁਝ ਗੱਲਾਂ ਛੱਡ ਦੇਣੀਆਂ ਪੈਣਗੀਆਂ। ਉਹ ਮੈਂ ਨਹੀਂ ਕਹਿ ਸਕਾਂਗਾ। ਮੈਨੂੰ ਕੁਝ ਗੱਲਾਂ ਦਾ ਵਿਰੋਧ ਵੀ ਕਰਨਾ ਪਏਗਾ। ਜਿਸ ਤਰ੍ਹਾਂ ਮੈਂ ਉਪਨਿਸ਼ਦ ਨਾਲ ਪੂਰਾ-ਪੂਰਾ ਸਹਿਮਤ ਹੋ ਜਾਂਦਾ ਹਾਂ, ਉਸ ਤਰ੍ਹਾਂ ਮੈਂ ਪੂਰਾ-ਪੂਰਾ ਕੁਰਾਨ ਨਾਲ ਸਹਿਮਤ ਨਹੀਂ ਹੋ ਪਾਵਾਂਗਾ। ਕਿਉਂਕਿ ਮੈਂ ਜਿਨ੍ਹਾਂ ਨਾਲ ਬੋਲ ਰਿਹਾ ਹਾਂ ਉਹ ਦੂਜੀ ਤਰ੍ਹਾਂ ਦੇ ਲੋਕ ਹਨ।

ਮੁਹੰਮਦ ਅਜੇਹੇ ਹਨ ਜਿਵੇਂ ਪ੍ਰਾਈਮਰੀ ਸਕੂਲ ਵਿਚ ਕੋਈ ਅਧਿਆਪਕ। ਇਸ ਦੇਸ਼ ਵਿਚ ਬੋਲਣ ਦਾ ਮਤਲਬ ਹੁੰਦਾ ਹੈ, ਯੂਨੀਵਰਸਿਟੀ ਦੀ ਆਖ਼ਰੀ ਜਮਾਤ। ਇਸਲਈ ਫਿਰੋਜ਼ ਤੇਰਾ ਕਹਿਣਾ ਠੀਕ ਹੈ, ਕਿ ਸੋਲਾਂ ਸੌ ਸਾਲ ਪੁਰਾਣਾ ਹੋਣ 'ਤੇ ਵੀ ਇਸਲਾਮ ਇੰਨਾ ਪੁਰਾਣਾ ਕਿਉਂ ਮਲੂਮ ਹੁੰਦਾ ਹੈ? ਕਸੂਥਰਾ ਹੈ। ਅਤੇ ਫਿਰ ਇਕ ਤਰ੍ਹਾਂ ਦੀ ਜੜਤਾ ਪਕੜ ਗਈ, ਕਿਉਂਕਿ ਜੜ੍ਹ ਲੋਕ ਸਨ ਜਿਨ੍ਹਾਂ ਨੇ ਮੁਹੰਮਦ ਦੀ ਪੈਰੋਕਾਰੀ ਕੀਤੀ। ਜੋ ਲੜੇ, ਉਹ ਵੀ ਜੜ੍ਹ ਸਨ; ਜੋ ਉਹਨਾਂ ਦੇ ਨਾਲ ਆਏ ਉਹ ਵੀ ਜੜ੍ਹ ਸਨ। ਉਹ ਜੜ੍ਹ ਹੀ ਲੋਕਾਂ ਦਾ ਜਮਾਅ ਸੀ। ਜਿਹੜੇ ਨਾਲ ਆ ਗਏ ਉਹ ਵੀ ਜੜ੍ਹ ਸਨ। ਉਹਨਾਂ ਨੇ ਵਿਚਾਰ-ਅੰਨ੍ਹੇ ਹੋ ਕੇ ਮੁਹੰਮਦ ਨੇ ਜੋ ਕਿਹਾ, ਉਸਨੂੰ ਪਕੜ ਲਿਆ। ਫਿਰ ਉਸ ਵਿਚ ਕੋਈ ਸੁਧਾਰ ਨਹੀਂ ਕੀਤਾ।

ਇਹ ਜਾਣਕੇ ਤੁਸੀਂ ਹੈਰਾਨ ਹੋਵੋਗੇ, ਕੁਰਾਨ ਉਤੇ ਕੋਈ ਟੀਕਾ ਨਹੀਂ ਲਿਖਿਆ ਜਾਂਦਾ। ਇਧਰ ਅਸੀਂ ਸੋਧ ਕਰਦੇ ਚਲੇ ਜਾਂਦੇ ਹਾਂ। ਹਰ ਸਦੀ ਵਿਚ ਅਸੀਂ ਫਿਰ ਤੋਂ ਟੀਕਾ ਲਿਖਦੇ ਹਾਂ ਬ੍ਰਹਮਸੂਤਰ ਉਤੇ, ਉਪਨਿਸ਼ਦ ਉਤੇ, ਗੀਤਾ ਉਤੇ, ਕਿਉਂਕਿ ਸਦੀ ਵਿਚ ਕੁਝ ਵਧਾਰਾ ਹੋ ਗਿਆ। ਸਾਨੂੰ ਉਪਨਿਸ਼ਦ ਨੂੰ ਖਿੱਚ ਕੇ ਇਸ ਸਦੀ ਤਕ ਲਿਆਉਣਾ ਪੈਂਦਾ ਹੈ।

ਇਸ ਸਦੀ ਨੂੰ ਸਾਨੂੰ ਸ਼ਾਮਲ ਕਰ ਦੇਣਾ ਹੁੰਦਾ ਹੈ।

ਜਦ ਮੈਂ ਬੁੱਧ ਉੱਤੇ ਬੋਲਦਾ ਹਾਂ, ਤਾਂ ਕੀ ਤੁਸੀਂ ਸੋਚਦੇ ਹੋ ਕਿ ਸਿਰਫ ਬੁੱਧ ਉੱਤੇ ਬੋਲ ਰਿਹਾ ਹਾਂ? ਢਾਈ ਹਜ਼ਾਰ ਸਾਲ ਵਿਚ ਜੋ ਹੋਇਆ ਹੈ ਉਹ ਵੀ ਉਸ ਵਿਚ ਸ਼ਾਮਲ ਕਰ ਰਿਹਾ ਹਾਂ। ਬੁੱਧ ਨੂੰ ਨਵੀਨ ਕਰ ਰਿਹਾ ਹਾਂ। ਕਿਉਂਕਿ ਮੈਂ ਬੋਲ ਹੀ ਨਹੀਂ ਸਕਦਾ ਬੁੱਧ ਉੱਤੇ ਬਿਨਾਂ ਢਾਈ ਹਜ਼ਾਰ ਸਾਲ ਨੂੰ ਸ਼ਾਮਲ ਕੀਤੇ। ਮੈਂ ਢਾਈ ਹਜ਼ਾਰ ਸਾਲ ਬਾਅਦ ਆਇਆ ਹਾਂ, ਤਾਂ ਢਾਈ ਹਜ਼ਾਰ ਸਾਲ ਵਿਚ ਜੋ ਕੁਝ ਵਾਪਰ ਗਈਆਂ ਹਨ, ਇੰਨੀਆਂ ਦੁਨੀਆਂ ਵਿਚ ਗੱਲਾਂ, ਆਦਮੀ ਨੇ ਜੋ-ਜੋ ਅਨੁਭਵ ਕਰ ਲਏ ਹਨ, ਜੋ ਵਿਚਾਰ ਕਰ ਲਏ ਹਨ, ਉਹ ਸਭ ਉਸ ਵਿਚ ਸ਼ਾਮਲ ਹੋ ਰਹੇ ਹਨ। ਕੁਰਾਨ ਉਥੇ ਦੀ ਉਥੇ ਹੀ। ਸੋਲਾਂ ਸੌ ਸਾਲ ਪੁਰਾਣੀ ਸੀ, ਉਥੇ ਦੀ ਉਥੇ ਹੈ। ਕੁਰਾਨ ਬੰਦ ਨਾਲਾ ਹੋ ਗਿਆ, ਉਪਨਿਸ਼ਦ ਅਜੇ ਵੀ ਵਗਦੀ ਧਾਰਾ ਹੈ। ਅਜੇ ਵੀ ਲੋਕ ਆਉਂਦੇ ਹਨ ਅਤੇ ਉਪਨਿਸ਼ਦ ਨੂੰ ਅੱਗੇ ਵਗਾ ਦਿੰਦੇ ਹਨ। ਇਸਲਈ ਉਪਨਿਸ਼ਦ ਦਾ ਨਿੱਤ-ਨਿੱਤ ਨਵਾਂ ਸੰਸਕਰਣ ਹੁੰਦਾ ਚਲਿਆ ਜਾਂਦਾ ਹੈ। ਕੁਰਾਨ ਉਥੇ ਦੀ ਉਥੇ ਠਹਿਰੀ ਹੋਈ ਹੈ।

ਤਾਂ ਇਕ ਅਰਥ ਵਿਚ ਹਿੰਦੂ, ਜੈਨੀ, ਬੋਧੀ ਬਹੁਤ ਪੁਰਾਣੇ ਹਨ ਅਤੇ ਇਕ ਅਰਥ ਵਿਚ ਬਹੁਤ ਨਵੇਂ ਹਨ। ਤਾਂ ਕੁਰਾਨ ਬਹੁਤ ਨਵੀਂ ਹੈ ਇਕ ਅਰਥ ਵਿਚ ਅਤੇ ਦੂਜੇ ਅਰਥ ਵਿਚ ਬਹੁਤ ਪੁਰਾਣੀ ਹੈ। ਫਿਰੋਜ਼ ਦਾ ਸਵਾਲ ਠੀਕ ਹੈ। ਕੁਰਾਨ ਨੂੰ ਵੀ ਖਿੱਚ ਕੇ ਲਿਆਉਣ ਦੀ ਜ਼ਰੂਰਤ ਹੈ। ਕੁਰਾਨ ਨੂੰ ਵੀ ਨਵੀਨ ਬਨਾਉਣ ਦੀ ਲੋੜ ਹੈ, ਉਸ ਵਿਚ ਹੀਰੇ ਪਏ ਹਨ। ਉਸ ਵਿਚ ਵੀ ਬੜੀਆਂ ਬੇਸ਼ਕੀਮਤੀ ਗੱਲਾਂ ਛੁਪੀਆਂ ਹਨ। ਔਪਰ ਉਹ ਹੀਰੇ ਅਨਘੜ ਹਨ। ਜਿਵੇਂ ਖਾਨ ਵਿਚੋਂ ਕਢੇ ਗਏ ਹੋਣ। ਉਹਨਾਂ ਉੱਤੇ ਬੜੀ ਛੈਣੀ ਮਾਰਨੀ ਪਏਗੀ। ਉਹਨਾਂ ਨੂੰ ਬੜਾ ਤਰਾਸ਼ਣਾ ਪਏਗਾ। ਉਹਨਾਂ ਨੂੰ ਬੜਾ ਕੱਟਣਾ ਪਏਗਾ।

ਤੁਹਾਨੂੰ ਪਤਾ ਹੈ, ਜਦ ਕੋਹਿਨੂਰ ਹੀਰਾ ਮਿਲਿਆ ਸੀ, ਤਾਂ ਹੁਣ ਉਸਦਾ ਜਿੰਨਾ ਵਜਨ ਹੈ, ਇਸ ਨਾਲੋਂ ਤਿੰਨ ਗੁਣਾ ਜ਼ਿਆਦਾ ਸੀ। ਵਜ਼ਨ ਤਾਂ ਜ਼ਿਆਦਾ ਸੀ ਲੇਕਿਨ ਕੀਮਤ ਕੁਝ ਵੀ ਨਹੀਂ ਸੀ। ਹੁਣ ਵਜ਼ਨ ਤਾਂ ਤਿੰਨ ਗੁਣਾ ਘਟ ਹੈ ਲੇਕਿਨ ਕੀਮਤ ਕਰੋੜ ਗੁਣੀ ਹੈ। ਕੀ ਹੋਇਆ, ਵਜ਼ਨ ਘਟ ਹੋਇਆ ਅਤੇ ਕੀਮਤ ਵਧੀ! ਖ਼ੂਬ ਤਰਾਸ਼ਿਆ ਗਿਆ ਹੈ! ਨਵੇਂ ਨਵੇਂ ਪਹਿਲੂ ਕਢੇ ਗਏ ਹਨ। ਜੋ-ਜੋ ਫਾਲਤੂ ਸੀ ਝਾੜ ਦਿਤਾ ਗਿਆ ਹੈ।

ਕੁਰਾਨ ਅਣਤਰਾਸ਼ੀ ਹੈ। ਹੀਰਾ ਹੈ ਖਾਨ ਵਿਚੋਂ ਨਿਕਲਿਆ ਹੋਇਆ। ਉਸ ਉੱਤੋਂ ਤਰਾਸ਼ਿਆ ਨਹੀਂ ਗਿਆ। ਅਤੇ ਜਿਨ੍ਹਾਂ ਲੋਕਾਂ ਨੇ ਕੁਰਾਨ ਨੂੰ ਸਵੀਕਾਰ ਕੀਤਾ ਉਹਨਾਂ ਵਿਚ ਇੰਨੀ ਹਿੰਮਤ ਨਹੀਂ ਸੀ ਕਿ ਉਸਨੂੰ ਤਰਾਸ਼ਣ। ਉਹਨਾਂ ਨੇ ਤਾਂ ਬਸ ਜਿਵੇਂ ਹੈ ਉਵੇਂ ਰਖਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਉਸਨੂੰ ਸੁਰੱਖਿਅਤ ਰੱਖਿਆ ਹੈ—ਐਨ ਉਵੇਂ ਦਾ ਉਵੇਂ ਸੁਰੱਖਿਅਤ ਰੱਖਿਆ ਹੈ; ਜ਼ਰਾ ਵੀ ਹੇਰ-ਫੇਰ ਨਹੀਂ ਹੋਣ ਦਿਤਾ। ਰੱਖਿਆ ਤਾਂ ਪੂਰੀ ਕੀਤੀ ਹੈ, ਲੇਕਿਨ ਹੀਰਾ ਅਨਘੜ ਰਹਿ ਗਿਆ ਹੈ। ਉਸ ਉੱਤੇ ਨਵੇਂ ਟੀਕੇ ਚਾਹੀਦੇ ਹਨ। ਉਸ ਉੱਤੇ ਨਵਾਂ ਬਿਆਨ ਚਾਹੀਦਾ ਹੈ। ਉਸ ਉੱਤੇ ਨਵੇਂ ਮਨੀਸ਼ੀਆਂ ਦੇ ਬੋਲ ਚਾਹੀਦੇ ਹਨ। ਔਪਰ ਨਵੇਂ ਮਨੀਸ਼ੀਆਂ ਦੇ ਬੋਲ ਸਹਿਣ ਦੀ ਹਿੰਮਤ ਮੁਸਲਮਾਨ ਦੀ ਨਹੀਂ। ਉਹ ਤਾਂ ਬਹੁਤ ਨਰਾਜ਼ ਹੋ ਜਾਵੇ। ਉਹ ਤਾਂ ਬਰਦਾਸ਼ਤ ਹੀ ਨਾ ਕਰੇ, ਸ਼ੁਕਰਾਨੇ ਦੀ ਤਾਂ ਗੱਲ ਅਲੱਗ।

ਸਾਰੀ ਦੁਨੀਆਂ ਵਿਚ ਮੇਰੇ ਸੰਨਿਆਸੀ ਹਨ—ਪਾਕਿਸਤਾਨ ਨੂੰ ਛੱਡ ਕੇ। ਪਾਕਿਸਤਾਨ ਤੋਂ ਮਿੱਤਰ ਆਉਂਦੇ ਹਨ,

ਅਜੇਹਾ ਨਹੀਂ ਕਿ ਨਹੀਂ ਆਉਂਦੇ—ਆਉਂਦੇ ਹਨ, ਛੁਪੇ-ਛੁਪੇ ਆਉਂਦੇ ਹਨ। ਫਿਰੋਜ਼ ਦਾ ਹੀ ਆਉਣਾ ਹੋਇਆ ਹੈ ਛੁਪੇ-ਛੁਪੇ। ਫਿਰੋਜ਼ ਸੰਨਿਆਸੀ ਹੋਣਾ ਚਾਹੁੰਦਾ ਹੈ, ਲੇਕਿਨ ਨਹੀਂ ਹੋ ਸਕਦਾ, ਕਿਉਂਕਿ ਉਥੇ ਗੈਰਿਕ ਵਸਤਰ... ਕਿ ਜਿਉਂਦਾ ਰਹਿਣਾ ਮੁਸ਼ਕਲ ਹੋ ਜਾਵੇ। ਗਲੇ ਵਿਚ ਮਾਲਾ... ਕਿ ਗਲੇ ਦਾ ਬਚਣਾ ਮੁਸ਼ਕਲ ਹੋ ਜਾਵੇ।

ਮੁਸਲਮਾਨ ਸਵਾਗਤ ਨਹੀਂ ਕਰਨਗੇ, ਜੇਕਰ ਕੁਰਾਨ ਵਿਚ ਨਵੇਂ ਵਿਚਾਰਾਂ ਦਾ ਪ੍ਰਗਟਾਅ ਹੋਵੇ, ਨਵੀਆਂ ਟਹਿਣੀਆਂ ਉਗਾਈਆਂ ਜਾਣ, ਨਵੀਆਂ ਕਲਮਾਂ ਲਾਈਆਂ ਜਾਣ ਅਰਥ ਦੀਆਂ। ਤਾਂ ਬਜਾਇ ਇਸਦੇ ਕਿ ਉਹ ਧੰਨਵਾਦ ਕਰਨ, ਇਕਦਮ ਨਰਾਜ਼ ਹੋ ਜਾਣਗੇ। ਇਸਲਈ ਕੁਰਾਨ ਜੜ੍ਹ ਹੋ ਗਈ ਹੈ। ਹੋਣਾ ਨਹੀਂ ਚਾਹੀਦਾ ਅਜੇਹਾ।

ਕੁਰਾਨ ਪਿਆਰੀ ਕਿਤਾਬ ਹੈ। ਥੋੜ੍ਹੀਆਂ-ਜਿਹੀਆਂ ਪਿਆਰੀਆਂ ਕਿਤਾਬਾਂ ਵਿਚੋਂ ਇਕ ਕਿਤਾਬ ਹੈ। ਉਸ ਵਿਚ ਬੜੇ ਰਹੱਸ ਹਨ, ਐਪਰ ਨਿਖਾਰ ਦੀ ਜ਼ਰੂਰਤ ਹੈ। ਬੜੇ ਨਿਖਾਰ ਦੀ ਜ਼ਰੂਰਤ ਹੈ। ਅਤੇ ਮੁਸਲਮਾਨ ਦੀ ਤਿਆਰੀ ਨਹੀਂ ਹੈ ਉਸ ਨਿਖਾਰ ਦੇ ਲਈ। ਮੁਸਲਮਾਨ ਛੋਹਣ ਨਹੀਂ ਦਿੰਦਾ। ਉਹ ਕਹਿੰਦਾ ਹੈ, ਕੁਰਾਨ ਵਿਚ ਸੋਧ ਹੋ ਹੀ ਨਹੀਂ ਸਕਦੀ। ਤਾਂ ਕਹਿੰਦਾ ਹੈ, ਕੁਰਾਨ ਆਖਰੀ ਕਿਤਾਬ ਹੈ; ਪਰਮਾਤਮਾ ਨੇ ਆਪਣਾ ਅੰਤਮ ਸੰਦੇਸ਼ ਭੇਜ ਦਿਤਾ। ਪਰਮਾਤਮਾ ਆਪਣਾ ਅੰਤਮ ਸੰਦੇਸ਼ ਕਦੇ ਭੇਜ ਨਹੀਂ ਸਕਦਾ। ਪਰਮਾਤਮਾ ਦੇ ਸਾਰੇ ਸੰਦੇਸ਼ ਆਉਂਦੇ ਰਹਿਣਗੇ, ਬਦਲਦੇ ਰਹਿਣਗੇ। ਸਮਾਂ ਬਦਲੇਗਾ, ਹਾਲਤ ਬਦਲੇਗੀ, ਲੋਕ ਬਦਲਣਗੇ, ਸੰਦੇਸ਼ ਬਦਲੇਗਾ। ਅੰਤਹੀਣ ਹੈ ਇਹ ਸਿਲਸਿਲਾ। ਇਸਲਈ ਇਸਲਾਮ ਪੁਰਾਣਾ ਮਲੂਮ ਪੈਂਦਾ ਹੈ।

ਮੈਂ ਸੂਫੀਆਂ ਉਤੇ ਬੋਲਣਾ ਸ਼ੁਰੂ ਕੀਤਾ, ਕਿਉਂਕਿ ਮੁਸਲਮਾਨਾਂ ਵਿਚ ਸੂਫੀ ਹੀ ਸਿਰਫ ਕੁਝ ਹੌਸਲਾਮੰਦ ਲੋਕ ਹਨ। ਲੇਕਿਨ ਉਹਨਾਂ ਦੇ ਨਾਲ ਮੁਸਲਮਾਨਾਂ ਨੇ ਕੋਈ ਚੰਗਾ ਸਲੂਕ ਨਹੀਂ ਕੀਤਾ। ਮੁਸਲਮਾਨ ਉਹਨਾਂ ਨੂੰ ਕੁਝ ਮੁਸਲਮਾਨ ਮੰਨਣ ਨੂੰ ਤਿਆਰ ਨਹੀਂ ਹਨ। ਮੰਸੂਰ ਨੂੰ ਫਾਂਸੀ ਲਾ ਦਿਤੀ। ਸੂਫੀ ਫ਼ਕੀਰਾਂ ਨੂੰ ਸਤਾਇਆ ਗਿਆ ਹੈ, ਪਰੇਸ਼ਾਨ ਕੀਤਾ ਗਿਆ ਹੈ। ਅਤੇ ਸੂਫੀ ਫ਼ਕੀਰ ਵੀ ਬੋਲਦੇ ਹਨ ਤਾਂ ਜਿਵੇਂ ਜ਼ਬਾਨ 'ਤੇ ਤਾਲੇ ਪਏ ਹੋਣ।

ਘਟਨਾ ਪਿਆਰੀ ਹੈ, ਤੁਹਾਡੀ ਸਮਝ ਵਿਚ ਆਏ ਤਾਂ ਚੰਗਾ ਹੋਵੇਗਾ—

ਅਲਹਿਲਾਜ਼ ਮੰਸੂਰ ਨੇ ਐਲਾਨ ਕੀਤਾ ਅਨਲਹਕ ਦਾ—ਅਹੰ ਬ੍ਰਹਮਾਸਮਿ। ਇਸ ਦੇਸ਼ ਵਿਚ ਕੋਈ ਅਜੇਹਾ ਐਲਾਨ ਕਰਦਾ ਹੈ ਤਾਂ ਕੋਈ ਅਜੇਹੀ ਘਬਰਾਹਟ ਨਹੀਂ ਜੋ ਜਾਂਦੀ। ਅਸੀਂ ਜਾਣਦੇ ਹਾਂ ਕਿ ਇਹ ਪਰਮ ਸੱਚ ਹੈ। ਕਦੇ-ਕਦੇ ਲੋਕ ਉਥੇ ਤਕ ਪਹੁੰਚਦੇ ਹਨ। ਅਤੇ ਭਾਵੇਂ ਕੋਈ ਪਹੁੰਚੇ ਭਾਵੇਂ ਨਾ ਪਹੁੰਚੇ, ਇਹ ਸਾਡਾ ਅਨੁਭਵ ਹੈ ਕਿ ਅਸਲ ਵਿਚ ਸਾਰੇ ਉਹੀ ਹਾਂ; ਜਾਂ ਘਟੋ-ਘਟ ਸਾਡੀ ਸ਼ਰਧਾ ਹੈ ਕਿ ਅਸਲ ਵਿਚ ਅਸੀਂ ਸਾਰੇ ਉਹੀ ਹਾਂ—ਪਰਮਾਤਮ-ਸਰੂਪ ਹਾਂ।

ਤਾਂ ਜਦ ਅਲਹਿਲਾਜ਼ ਮੰਸੂਰ ਨੇ ਕਿਹਾ, ਅਨਲਹਕ, ਮੈਂ ਸੱਚ ਹਾਂ, ਮੈਂ ਪਰਮਾਤਮਾ ਹਾਂ... ਜੇ ਹਿੰਦੁਸਤਾਨ ਵਿਚ ਕਿਹਾ ਹੁੰਦਾ ਤਾਂ ਅਸੀਂ ਉਸਨੂੰ ਸਿਰ 'ਤੇ ਚੁੱਕ ਲਿਆ ਹੁੰਦਾ; ਅਸੀਂ ਉਸਨੂੰ ਉਪਨਿਸ਼ਦ ਦੇ ਰਿਸ਼ੀਆਂ ਦੇ ਨਾਲ ਗਿਣਿਆ ਹੁੰਦਾ। ਲੇਕਿਨ ਮੁਸਲਮਾਨਾਂ ਨੂੰ ਬੜੀ ਦਿੱਕਤ ਹੋਈ, ਮਾਰਨ ਨੂੰ ਤਿਆਰ ਹੋ ਗਏ। ਮੰਸੂਰ ਦਾ ਗੁਰੂ ਸੀ—ਜੁੰਨੈਦ। ਖ਼ੁਦ ਵੀ ਪਹੁੰਚਿਆ ਹੋਇਆ ਵਿਅਕਤੀ ਸੀ, ਸਿੱਧ ਪੁਰਸ਼ ਸੀ। ਜੁੰਨੈਦ ਨੇ ਮੰਸੂਰ ਨੂੰ ਕੋਲ ਸੱਦਿਆ ਅਤੇ ਕਿਹਾ : ਸੁਣ, ਤੂੰ ਕੀ ਸੋਚਦਾ ਹੈਂ, ਤੈਨੂੰ ਹੀ ਪਤਾ ਲੱਗਿਆ ਹੈ ਅਨਲਹਕ ਹੋਣ ਦਾ, ਸਾਨੂੰ ਪਤਾ ਨਹੀਂ ਲੱਗਿਆ? ਸਾਨੂੰ ਵੀ ਪਤਾ ਹੈ,

ਲੇਕਿਨ ਮੂੰਹ 'ਤੇ ਤਾਲਾ ਲਾ ਰਖਿਆ ਹੈ। ਮੂੰਹ ਬੰਦ ਕਰ ਲੈ, ਜ਼ਿੰਦਗੀ ਗੰਵਾਉਣੀ ਪਵੇਗੀ।

ਮੰਸੂਰ ਨੇ ਕਿਹਾ : ਜੇ ਮੈਂ ਕਹਿ ਰਿਹਾ ਹੁੰਦਾ ਤਾਂ ਮੂੰਹ ਬੰਦ ਕਰ ਲੈਂਦਾ, ਉਹੀ ਕਹਿ ਰਿਹਾ ਹੈ। ਹੁਣ ਉਸਦਾ ਮੂੰਹ ਮੈਂ ਕਿਵੇਂ ਬੰਦ ਕਰਾਂ? ਜਦ ਕਹੇਗਾ ਤਾਂ ਕਹੇਗਾ, ਜਦ ਨਹੀਂ ਕਹੇਗਾ ਤਾਂ ਨਹੀਂ ਕਹੇਗਾ। ਅਤੇ ਤੁਸੀਂ ਮੂੰਹ 'ਤੇ ਤਾਲਾ ਲਾ ਰਖਿਆ ਹੈ, ਇਹ ਗੱਲ ਸੁਣ ਕੇ ਸ਼ਰਮ ਨਾਲ ਮੇਰਾ ਸਿਰ ਝੁਕਿਆ ਜਾਂਦਾ ਹੈ, ਕਿ ਮੇਰੇ ਗੁਰੂ ਨੇ ਆਪਣੇ ਮੂੰਹ 'ਤੇ ਤਾਲਾ ਲਾ ਰਖਿਆ ਹੈ।

ਜੁੰਨੈਦ ਫਜ਼ੂਲ ਦੀ ਝੰਜਟ ਵਿਚ ਨਹੀਂ ਪੈਣਾ ਚਾਹੁੰਦਾ ਸੀ। ਜੋ ਗੱਲਾਂ ਉਸਨੇ ਕਹਿਣੀਆਂ ਹੁੰਦੀਆਂ ਸਨ, ਆਪਣੇ ਸ਼ਿਸ਼ਾਂ ਨੂੰ ਕਹਿੰਦਾ ਸੀ। ਸਮੂਹ ਵਿਚ ਕਹਿਣਾ ਫਜ਼ੂਲ ਦੀ ਝੰਜਟ ਸੀ। ਲੇਕਿਨ ਮੰਸੂਰ ਨੇ ਐਲਾਨ ਸਮੂਹ ਵਿਚ ਕਰਨਾ ਸ਼ੁਰੂ ਕਰ ਦਿਤਾ। ਉਹੀ ਹੋਇਆ ਜੋ ਹੋਣਾ ਸੀ। ਜੁੰਨੈਦ ਨੇ ਉਸਨੂੰ ਫਿਰ ਬੁਲਾ ਕੇ ਕਿਹਾ ਕਿ ਦੇਖ, ਤੂੰ ਆਪਣੀ ਮੌਤ ਨੂੰ ਕੋਲ ਸੱਦ ਰਿਹਾ ਹੈਂ। ਤੂੰ ਨਾਹਕ ਮਾਰਿਆ ਜਾਏਂਗਾ। ਮੈਨੂੰ ਦੁਖ ਹੁੰਦਾ ਹੈ। ਤੂੰ ਮੇਰੇ ਪਿਆਰੇ ਸ਼ਿਸ਼ਾਂ ਵਿਚੋਂ ਇਕ ਹੈਂ, ਮੇਰੇ ਪਹੁੰਚੇ ਹੋਏ ਸ਼ਿਸ਼ਾਂ ਵਿਚੋਂ ਇਕ ਹੈਂ। ਅਤੇ ਤੂੰ ਜੋ ਕਹਿ ਰਿਹਾ ਹੈਂ, ਠੀਕ ਕਹਿ ਰਿਹਾ ਹੈਂ; ਲੇਕਿਨ ਹੁਣ ਤੇਰੀ ਮੌਤ ਕਰੀਬ ਆ ਰਹੀ ਹੈ। ਕਿਉਂਕਿ ਰਾਜੇ ਦੇ ਅੰਦੇਸ਼ੇ ਮੇਰੇ ਕੋਲ ਆਉਣ ਲੱਗੇ ਹਨ, ਸੰਦੇਸ਼ੇ ਮੇਰੇ ਕੋਲ ਆਉਣ ਲੱਗੇ ਹਨ ਕਿ ਮੰਸੂਰ ਨੂੰ ਰੋਕੋ। ਰਾਜਾ ਤਾਂ ਇਹ ਵੀ ਧਮਕੀਆਂ ਦੇ ਰਿਹਾ ਹੈ, ਕਿਉਂਕਿ ਮੇਰਾ ਸ਼ਿਸ਼ ਹੈਂ ਤੂੰ, ਤਾਂ ਮੈਂ ਵੀ ਝੰਜਟ ਵਿਚ ਪਵਾਂਗਾ। ਤਾਂ ਰਾਜੇ ਨੇ ਕਿਹੈ, ਜਾਂ ਤਾਂ ਮੰਸੂਰ ਨੂੰ ਰੋਕ ਜਾਂ ਮੰਸੂਰ ਨੂੰ ਤਿਆਗ ਦੇ। ਜਾਹਰ ਕਰ ਦੇ ਉਹ ਤੇਰਾ ਸ਼ਿਸ਼ ਨਹੀਂ ਹੈ।

ਮੰਸੂਰ ਨੇ ਕਿਹਾ : ਜਿਵੇਂ ਤੁਹਾਡੀ ਮਰਜ਼ੀ। ਲੇਕਿਨ ਮੈਂ ਕੀ ਕਰ ਸਕਦਾ ਹਾਂ? ਜਦ ਐਲਾਨ ਹੋਵੇਗਾ ਤਾਂ ਹੋਵੇਗਾ।

ਜੁੰਨੈਦ ਨੇ ਇਹ ਸੋਚ ਕੇ ਇਹ ਇਥੋਂ ਚਲਿਆ ਜਾਵੇ, ਕਿਹਾ ਕਿ ਤੂੰ ਕਾਅਬਾ ਦੀ ਪਰਕਰਮਾ ਕਰ ਆ।

ਪਤਾ ਹੈ, ਮੰਸੂਰ ਨੇ ਕੀ ਕੀਤਾ? ਉਹ ਉਠਿਆ, ਉਸਨੇ ਜੁੰਨੈਦ ਦੀ ਪਰਕਰਮਾ ਕੀਤੀ। ਉਸਨੇ ਕਿਹਾ : ਮੇਰੇ ਕਾਅਬਾ ਤੁਸੀਂ! ਮੇਰੇ ਮੰਦਰ ਤੁਸੀਂ!

ਜੁੰਨੈਦ ਨੇ ਉਸਨੂੰ ਤਿਆਗ ਦਿਤਾ। ਹੌਸਲਾਮੰਦ ਨਹੀਂ ਰਿਹਾ ਹੋਣਾ। ਜੁੰਨੈਦ ਦੇ ਤਿਆਗੇ ਜਾਣ 'ਤੇ ਉਸਦੀ ਹੱਤਿਆ ਕੀਤੀ ਗਈ, ਉਸਨੂੰ ਮਾਰਿਆ ਗਿਆ। ਇਕ ਲੱਖ ਆਦਮੀ ਇਕੱਠੇ ਹੋਏ ਸਨ ਉਸਦੀ ਹੱਤਿਆ ਦੇਖਣ। ਉਸਨੂੰ ਪੱਥਰ ਮਾਰੇ ਗਏ, ਕੂੜਾ-ਕਰਕਟ ਸੁੱਟਿਆ ਗਿਆ, ਗਾਲ੍ਹਾਂ ਦਿਤੀਆਂ ਗਈਆਂ। ਲੋਕ ਜਦ ਪੱਥਰ ਸੁੱਟ ਰਹੇ ਸਨ, ਤਦ ਉਹ ਹੱਸ ਰਿਹਾ ਸੀ। ਇਹ ਦਿਖਾਉਣ ਨੂੰ ਕਿ ਜੁੰਨੈਦ ਵੀ ਉਸਦੀ ਹੱਤਿਆ ਨਾਲ ਸਹਿਮਤ ਹੈ, ਜੁੰਨੈਦ ਵੀ ਗਿਆ। ਅਤੇ ਉਸਨੇ ਸਿਰਫ ਇਕ ਫੁੱਲ ਸੁੱਟ ਕੇ ਮਾਰਿਆ, ਤਾਂ ਜੋ ਲੋਕ ਸਮਝਣ ਕਿ ਉਹ ਵੀ ਕੁਝ ਮਾਰ ਰਿਹਾ ਹੈ। ਉਸਦਾ ਫੁੱਲ ਲਗਦਿਆਂ ਹੀ ਮੰਸੂਰ ਰੋਇਆ। ਕੋਲ ਖੜ੍ਹੇ ਕਿਸੇ ਆਦਮੀ ਨੇ ਪੁਛਿਆ ਕਿ ਇੰਨੇ ਪੱਥਰ ਮਾਰੇ ਜਾ ਰਹੇ ਹਨ, ਤੂੰ ਹੱਸਦਾ ਰਿਹਾ ਹੈਂ; ਇਸ ਫੁੱਲ ਦੇ ਮਾਰੇ ਜਾਣ ਨਾਲ ਕਿਉਂ ਰੋਂਦਾ ਹੈਂ? ਤਾਂ ਉਸਨੇ ਕਿਹਾ : ਹੋਰ ਸਭ ਤਾਂ ਅਣਜਾਣੇ ਮਾਰ ਰਹੇ ਹਨ, ਮਾਫ ਕੀਤੇ ਜਾ ਸਕਦੇ ਹਨ; ਲੇਕਿਨ ਇਹ ਜਿਸਨੇ ਮਾਰਿਆ ਹੈ, ਉਹ ਜਾਣਦਾ ਹੈ ਕਿ ਮੈਂ ਸਹੀ ਹਾਂ। ਇਹ ਫੁੱਲ ਵੀ ਚੋਟ ਕਰਦਾ ਹੈ। ਉਹ ਪੱਥਰ ਵੀ ਚੋਟ ਨਹੀਂ ਕਰਦੇ ਸੀ।

ਮੰਸੂਰ ਨੂੰ ਇਸ ਤਰ੍ਹਾਂ ਮਾਰਿਆ ਗਿਆ, ਜਿਵੇਂ ਕਦੇ ਕਿਸੇ ਨੂੰ ਨਹੀਂ ਮਾਰਿਆ ਗਿਆ ਸੀ—ਜੀਸਸ ਨੂੰ ਵੀ ਨਹੀਂ

ਮਾਰਿਆ ਗਿਆ ਸੀ। ਪਹਿਲਾਂ ਉਸਦੇ ਪੈਰ ਵੱਢ ਦਿਤੇ, ਫਿਰ ਉਸਦੇ ਹੱਥ ਵੱਢ ਦਿਤੇ। ਫਿਰ ਉਸ ਦੀਆਂ ਅੱਖਾਂ ਭਨ ਦਿਤੀਆਂ। ਇਉਂ ਅੰਗ-ਅੰਗ... ਘੰਟਿਆਂ-ਬੱਧੀ ਚੱਲਿਆ ਇਹ ਕੰਮ। ਫਿਰ ਉਸਦੀ ਜੀਭ ਕੱਟ ਦਿਤੀ। ਫਿਰ ਉਸਨੂੰ, ਤੜਫਦੀ ਉਸ ਲਾਸ਼ ਨੂੰ ਪਿਆ ਰਹਿਣ ਦਿਤਾ ਗਿਆ ਉਥੇ ਕਿ ਉਹ ਮਰ ਜਾਵੇ ਆਪਣੇ-ਆਪ।

ਸੁਕਰਾਤ ਨੂੰ ਯੂਨਾਨੀਆਂ ਨੇ ਜ਼ਹਿਰ ਦਿਤਾ ਸੀ, ਪਰ ਜ਼ਹਿਰ ਦੇ ਦਿਤਾ, ਗੱਲ ਖ਼ਤਮ ਹੋ ਗਈ। ਜੀਸਸ ਨੂੰ ਸੂਲੀ 'ਤੇ ਲਮਕਾ ਦਿਤਾ, ਗੱਲ ਖ਼ਤਮ ਹੋ ਗਈ। ਲੇਕਿਨ ਇਹ ਕਿਹੜੀ ਸੂਲੀ ਸੀ? ਇਹ ਸਤਾਇਆ ਜਾਣਾ ਸੀ। ਐਪਰ ਮੰਸੂਰ ਵੀ ਖ਼ੂਬ ਸੀ। ਪੈਰ ਵੱਢੇ ਗਏ, ਉਹ ਹੱਸਦਾ ਰਿਹਾ। ਹੱਥ ਵੱਢੇ ਗਏ, ਉਹ ਹੱਸਦਾ ਰਿਹਾ। ਅੱਖਾਂ ਭੰਨੀਆਂ ਗਈਆਂ ਤਾਂ ਉਸਨੇ ਅੱਖਾਂ ਉਪਰ ਚੁੱਕੀਆਂ ਅਤੇ ਹੱਸਿਆ ਅਤੇ ਜੀਭ ਵੱਢਣ ਤੋਂ ਪਹਿਲਾਂ ਉਸਨੇ ਫਿਰ ਉਚੀ ਅਵਾਜ਼ ਵਿਚ ਐਲਾਨ ਕੀਤਾ-ਅਨਲਹੱਕ! ਉਸਨੇ ਕਿਹਾ : ਹੁਣ ਇਸਦੇ ਬਾਅਦ ਮੇਰੀ ਜ਼ਬਾਨ ਨਹੀਂ ਬਚੇਗੀ, ਫਿਰ ਮੈਂ ਐਲਾਨ ਨਾ ਕਰ ਸਕਾਂਗਾ, ਫਿਰ ਪਰਮਾਤਮਾ ਮੇਰੇ ਵਿਚੋਂ ਨਾ ਬੋਲ ਸਕੇਗਾ। ਤਾਂ ਆਖ਼ਰੀ ਵਾਰ ਐਲਾਨ ਕਰ ਦਿੰਦਾ ਹਾਂ-ਅਹ ਬ੍ਰਹਮਾਸਮਿ!

ਲੋਕਾਂ ਨੇ ਉਸ ਤੋਂ ਪੁਛਿਆ ਕਿ ਤੂੰ ਇੰਨੇ ਅਨੰਦ ਨਾਲ ਕਿਉਂ ਮਰ ਰਿਹਾ ਹੈਂ? ਮਰਦਾ ਕੋਈ ਅਨੰਦ ਨਾਲ ਨਹੀਂ ਹੈ। ਤਾਂ ਉਸਨੇ ਕਿਹਾ : ਮੈਂ ਮਰ ਨਹੀਂ ਰਿਹਾ ਹਾਂ, ਇਸਲਈ ਅਨੰਦ ਨਾਲ ਮਰ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਜੋ ਮੇਰੇ ਅੰਦਰ ਹੈ ਉਹ ਅੰਮ੍ਰਿਤ ਹੈ। ਤੁਸੀਂ ਕਿੰਨਾ ਹੀ ਮਾਰੋ ਮੈਨੂੰ, ਮਾਰ ਨਾ ਸਕੋਗੇ।

ਕ੍ਰਿਸ਼ਨ ਨੇ ਕਿਹੈ ਨਾ-ਨੈਨੰ ਛਿੰਦੰਤਿ ਸ਼ੱਸਤ੍ਰਾਣਿ, ਨੈਨੰ ਦਹਤਿ ਪਾਵਕਹ। ਨਾ ਮੈਨੂੰ ਸ਼ੱਸਤਰ ਛੇਕ ਸਕਦੇ ਹਨ, ਨਾ ਮੈਨੂੰ ਅੱਗ ਸਾੜ ਸਕਦੀ ਹੈ।

ਐਪਰ ਇਸਲਾਮ ਸੂਫ਼ੀਆਂ ਨੂੰ ਵੀ ਨਾ ਪਚਾ ਸਕਿਆ। ਸੂਫ਼ੀਆਂ ਨੂੰ ਪਚਾ ਲੈਂਦਾ ਤਾਂ ਇਸਲਾਮ ਨਵਾਂ ਧਰਮ ਹੋ ਜਾਂਦਾ। ਸੂਫ਼ੀ ਇਸਲਾਮ ਦੇ ਗਹਿਰੇ ਤੋਂ ਗਹਿਰੇ ਵਿਅਕਤੀ ਹਨ, ਅਤੇ ਉਚੇ ਤੋਂ ਉਚੇ ਫੁੱਲ। ਸੂਫ਼ੀਆਂ ਨੂੰ ਪਚਾ ਲੈਂਦਾ ਤਾਂ ਇਸਲਾਮ ਆਧੁਨਿਕ ਰਹਿੰਦਾ। ਇਸ ਤਰ੍ਹਾਂ ਦਾ ਜੜ੍ਹ ਨਾ ਰਹਿੰਦਾ, ਜੋਹਾ ਹੈ। ਪਰ ਸੂਫ਼ੀਆਂ ਨੂੰ ਨਾ ਪਚਾ ਸਕਿਆ। ਸੂਫ਼ੀਆਂ ਨੂੰ ਵੀ ਮਾਰਿਆ। ਸੂਫ਼ੀਆਂ ਨੂੰ ਵੀ ਤਿਆਗ ਦਿਤਾ। ਇਸਲਾਮ ਬੁਰੀ ਤਰ੍ਹਾਂ ਪੰਡਤ, ਪੁਰੋਹਤ ਅਤੇ ਮੌਲਵੀ ਦੇ ਹੱਥ ਵਿਚ ਪਿਆ ਹੈ। ਇਸਲਈ ਪੁਰਾਣਾ ਮਲੂਮ ਹੁੰਦਾ ਹੈ। ਐਪਰ ਹੀਰੇ ਉਥੇ ਹਨ, ਅਤੇ ਕੀਮਤੀ ਹੀਰੇ ਉਥੇ ਹਨ। ਉਹਨਾਂ ਨੂੰ ਜੇਕਰ ਨਿਖਾਰਿਆ ਜਾ ਸਕੇ, ਉਹਨਾਂ ਨੂੰ ਜੇਕਰ ਤਰਾਸ਼ਿਆ ਜਾ ਸਕੇ, ਤਾਂ ਬੜੇ ਕੋਹਿਨੂਰ ਪੈਦਾ ਹੋ ਸਕਦੇ ਹਨ।

ਅੱਜ ਇੰਨਾ ਹੀ।

5

ਸੁੰਦਰ ਸਹਜੈ ਚੀਨ੍ਹਿਆਂ

ਹਿੰਦੂ ਕੀ ਹਦਿ ਛਾੜਿਕੈ, ਤਜੀ ਤੁਰਕ ਕੀ ਰਾਹ।
ਸੁੰਦਰ ਸਹਜੈ ਚੀਨ੍ਹਿਯਾਂ, ਏਕੈ ਰਾਮ ਅਲਾਹ॥

ਮੇਰੀ ਮੇਰੀ ਕਰਤ ਹੈਂ, ਦੇਖਹੁ ਨਰ ਕੀ ਭੋਲ।
ਫਿਰ ਪੀਛੇ ਪਛਿਤਾਹੁਗੇ (ਸੁ) ਹਰਿ ਬੋਲੌ ਹਰਿ ਬੋਲ॥
ਕਿਯੇ ਰੁਪਇਯਾ ਇਕਠੇ, ਚੌਕੂੰਟੇ ਅਰੁ ਗੋਲ।
ਰੀਤੇ ਹਾਥਿਨ ਵੈ ਗਏ (ਸੁ) ਹਰਿ ਬੋਲੌ ਹਰਿ ਬੋਲ॥

ਚਹਲ-ਪਹਲ ਸੀ ਦੇਖਿਕੈ, ਮਾੱਨਯੋ ਬਹੁਤ ਅੰਡੋਲ।
ਕਾਲ ਅਚਾਨਕ ਲੈ ਗਯੌ (ਸੁ) ਹਰਿ ਬੋਲੌ ਹਰਿ ਬੋਲ॥
ਸੁਕ੍ਰਿਤ ਕੋਊ ਨਾ ਕਿਯੌ, ਰਾੱਚਯੋ ਝੰਝਟ ਝੋਲ।
ਅੰਤਿ ਚਲਯੋ ਸਬ ਛਾੜਿਕੈ (ਸੁ) ਹਰਿ ਬੋਲੌ ਹਰਿ ਬੋਲ॥

ਮੂੰਛ ਮਰੋਰਤ ਡੋਲਈ ਏਂਠਯੋ ਫਿਰਤ ਠਠੋਲ।
ਢੇਰੀ ਹ੍ਵੈ ਹੈ ਰਾਖ ਕੀ ਹਰਿ ਬੋਲੌ ਹਰਿ ਬੋਲ॥

ਪੰਡੋ ਤਾੱਕਯੋਂ ਨਰਕ ਕੌ, ਸੁਨਿ-ਸੁਨਿ ਕਥਾ ਕਪੋਲ।
ਬੂੜੇ ਕਾਲੀ ਧਾਰ ਮੈਂ (ਸੁ) ਹਰਿ ਬੋਲੌ ਹਰਿ ਬੋਲ॥
ਮਾਲ ਮੁਲਕ ਹਯ ਗਯ ਘਨੇ, ਕਾਮਿਨੀ ਕਰਤ ਕਲੋਲ।
ਕਤਹੂੰ ਗਯੇ ਬਿਲਾਇਕੈ, (ਸੁ) ਹਰਿ ਬੋਲੌ ਹਰਿ ਬੋਲ॥

ਮੋਟੇ ਮੀਰ ਕਹਾਵਤੇ, ਕਰਤੇ ਬਹੁਤ ਡਫੋਲ।
ਮਰਦ-ਗਰਦ ਮੈਂ ਮਿਲਿ ਗਯੇ, (ਸੁ) ਹਰਿ ਬੋਲੌ ਹਰਿ ਬੋਲ॥
ਐਸੀ ਗਤਿ ਸੰਸਾਰ ਕੀ, ਅਜਹੂੰ ਰਾਖਤ ਜੋਲ।
ਆਪੁ ਮੁਯੇ ਹੀ ਜਾਨਿਹੈ, (ਸੁ) ਹਰਿ ਬੋਲੌ ਹਰਿ ਬੋਲ॥

ਖ਼ਯਾਲੇ–ਸ਼ੇਰ ਕੀ ਦੁਨੀਆਂ ਮੇਂ ਜਾਨ ਥੀ ਜਿਨਸੇ
ਫ਼ਜ਼ਾਏ–ਫ਼ਿਕ੍ਰੋ–ਅਮਲ ਅਰਗਵਾਨ ਥੀ ਜਿਨਸੇ
ਵੋ ਜਿਨਕੇ ਨੂਰ ਸੇ ਸ਼ਾਦਾਬ ਥੇ ਮਹੋ–ਅੰਜੁਮ
ਜਨੂੰਨੇ–ਇਸ਼ਕ ਕੀ ਹਿੰਮਤ ਜਵਾਨ ਥੀ ਜਿਨਸੇ
ਵੋ ਆਰਜ਼ੂਏਂ ਕਹਾਂ ਸੋ ਗਈ ਹੈਂ ਮੇਰੇ ਨਦੀਮ ?
ਵੋ ਨਾਸਬੂਰ ਨਿਗਾਹੇਂ, ਵੋ ਮੁੰਤਜ਼ਿਰ ਰਾਹੇਂ
ਵੋ ਪਾਸੇ ਜਬਤ ਸੇ ਦਿਲ ਮੇਂ ਦਬੀ ਹੁਈ ਆਹੇਂ
ਵੋ ਇੰਤਿਜ਼ਾਰ ਕੀ ਰਾਤੇਂ, ਤਵੀਲ ਤੀਰਹ–ਵਾ ਤਾਰ
ਵੋ ਨੀਮ–ਖ਼ਵਾਬ ਸ਼ੁਬਿੱਸਤਾਂ, ਵੋ ਮਖ਼ਮਲੀ ਬਾਹੇਂ
ਕਹਾਨਿਯਾਂ ਥੀਂ ਕਹੀਂ ਖੋ ਗਈ ਹੈਂ ਮੇਰੇ ਨਦੀਮ !
ਮਚਲ ਰਹਾ ਹੈ ਜ਼ਿੰਦਗੀ ਮੇਂ ਖ਼ੂਨੇ–ਬਹਾਰ
ਉਲਝ ਰਹੇ ਹੈਂ ਪੁਰਾਨੇ ਗ਼ਮੋਂ ਸੇ ਰੂਹ ਕੇ ਤਾਰ
ਚਲੋ, ਕਿ ਚਲਕੇ ਚਿਰਾਗਾਂ ਕਰੇ ਦਿਯਾਰੇ–ਹਬੀਬ
ਹੈ ਇੰਤਿਜ਼ਾਰ ਮੇਂ ਅਗਲੀ ਮੋਹੱਬਤੋਂ ਕੇ ਮਜ਼ਾਰ
ਮੋਹੱਬਤੇਂ ਜੋ ਫ਼ਨਾ ਹੋ ਗਈ ਹੈਂ ਮੇਰੇ ਨਦੀਮ !

ਇਥੇ ਜੋ ਵੀ ਹੈ ਸਭ ਖੋ ਜਾਂਦਾ ਹੈ। ਇਥੇ ਜੋ ਵੀ ਹੈ ਖੋਣ ਨੂੰ ਹੀ ਹੈ। ਇਥੇ ਮਿੱਤਰਤਾ ਖੋ ਜਾਂਦੀ ਹੈ, ਪ੍ਰੇਮ ਖੋ ਜਾਂਦਾ ਹੈ; ਧਨ,ਪਦਵੀ, ਪ੍ਰਸਿੱਧੀ ਖੋ ਜਾਂਦੀ ਹੈ। ਇਥੇ ਕੋਈ ਵੀ ਚੀਜ਼ ਜੀਵਨ ਨੂੰ ਭਰ ਨਹੀਂ ਪਾਂਦੀ; ਭਰਨ ਦਾ ਭਰਮ ਦਿੰਦੀ ਹੈ, ਭਰੋਸਾ ਦਿੰਦੀ ਹੈ, ਆਸ ਦਿੰਦੀ ਹੈ। ਲੇਕਿਨ ਸਾਰੀਆਂ ਆਸਾਂ ਮਿੱਟੀ ਵਿਚ ਮਿਲ ਜਾਂਦੀਆਂ ਹਨ, ਅਤੇ ਸਭ ਭਰੋਸੇ ਝੂਠੇ ਸਿੱਧ ਹੁੰਦੇ ਹਨ। ਅਤੇ ਜਿਨ੍ਹਾਂ ਨੂੰ ਅਸੀਂ ਸੱਚ ਮੰਨ ਕੇ ਜੀਂਦੇ ਹਾਂ ਉਹ ਅੱਜ ਨਹੀਂ ਕਲ੍ਹ ਸੁਫ਼ਨੇ ਸਿੱਧ ਹੋ ਜਾਂਦੇ ਹਨ। ਜਿਸਨੂੰ ਸਮਾਂ ਰਹਿੰਦੇ ਇਹ ਦਿਖਾਈ ਪੈ ਜਾਵੇ ਉਸਦੇ ਜੀਵਨ ਵਿਚ ਕ੍ਰਾਂਤੀ ਵਾਪਰ ਜਾਂਦੀ ਹੈ। ਐਪਰ ਬਹੁਤ ਘਟ ਹਨ ਖ਼ੁਸ਼ਨਸੀਬ ਜਿਨ੍ਹਾਂ ਨੂੰ ਸਮਾਂ ਰਹਿੰਦੇ ਇਹ ਦਿਖਾਈ ਪੈ ਜਾਵੇ। ਇਹ ਦਿਖਾਈ ਸਭ ਨੂੰ ਹੀ ਪੈਂਦਾ ਹੈ, ਪਰ ਉਸ ਸਮੇਂ ਦਿਖਾਈ ਪੈਂਦਾ ਹੈ ਜਦ ਸਮਾਂ ਹੱਥ ਵਿਚ ਨਹੀਂ ਰਹਿ ਜਾਂਦਾ। ਉਸ ਸਮੇਂ ਦਿਖਾਈ ਪੈਂਦਾ ਹੈ ਜਦ ਕੁਝ ਕੀਤਾ ਨਹੀਂ ਜਾ ਸਕਦਾ। ਆਖ਼ਰੀ ਘੜੀ ਵਿਚ ਦਿਖਾਈ ਪੈਂਦਾ ਹੈ। ਸੁਆਸ ਟੁੱਟਦੀ ਹੈ ਤਦ ਦਿਖਾਈ ਪੈਂਦਾ ਹੈ। ਜਦ ਸਭ ਛੁੱਟ ਹੀ ਜਾਂਦਾ ਹੈ ਹੱਥ 'ਚੋਂ ਤਦ ਦਿਖਾਈ ਪੈਂਦਾ ਹੈ। ਲੇਕਿਨ ਤਦ ਸੁਧਾਰ ਦਾ ਕੋਈ ਉਪਾਅ ਨਹੀਂ ਰਹਿ ਜਾਂਦਾ। ਜੋ ਸਮੇਂ ਦੇ ਪਹਿਲਾਂ ਦੇਖ ਲੈਣ, ਅਤੇ ਸਮੇਂ ਦੇ ਪਹਿਲਾਂ ਦੇਖਣ ਦਾ ਅਰਥ ਹੈ, ਜੋ ਮੌਤ ਦੇ ਪਹਿਲਾਂ ਦੇਖ ਲੈਣ। ਮੌਤ ਹੀ ਸਮਾਂ ਹੈ।

ਖਿਆਲ ਕੀਤਾ ਹੈ ਤੁਸੀਂ, ਅਸਾਂ ਮੌਤ ਅਤੇ ਸਮੇਂ ਨੂੰ ਇਕ ਹੀ ਨਾਂ ਦਿਤੇ ਹਨ—ਕਾਲ। ਕਾਲ ਸਮੇਂ ਦਾ ਵੀ ਨਾਂ ਹੈ, ਮੌਤ ਦਾ ਵੀ। ਅਕਾਰਨ ਨਹੀਂ, ਬਹੁਤ ਸੋਚ ਕੇ ਅਜੇਹਾ ਕੀਤਾ ਹੈ। ਸਮਾਂ ਮੌਤ ਹੈ; ਮੌਤ ਸਮਾਂ ਹੈ। ਮੌਤ ਆ ਗਈ, ਫਿਰ ਕੁਝ ਕਰਨ ਦਾ ਉਪਾਅ ਨਹੀਂ। ਮੌਤ ਦੇ ਪ੍ਰਹਿਲਾਂ ਜੋ ਜਾਗਦਾ ਹੈ ਉਸਦੇ ਜੀਵਨ ਵਿਚ ਸੰਨਿਆਸ ਪਰਗਟ ਹੁੰਦਾ ਹੈ; ਉਸਦੀ ਜੀਵਨ-ਯਾਤਰਾ ਨਵੇਂ ਅਰਥ ਲੈਂਦੀ, ਨਵੀਆਂ ਦਿਸ਼ਾਵਾਂ ਲੈਂਦੀ। ਜੇਕਰ ਜੋ ਅਸੀਂ ਇਥੇ ਇਕੱਠਾ ਕਰ ਰਹੇ ਹਾਂ, ਫਜ਼ੂਲ ਹੈ ਤਾਂ ਸੁਭਾਵਕ ਹੀ ਸਾਡੀ ਇਕੱਠੇ ਕਰਨ ਦੀ ਦੌੜ ਘਟ ਹੋ ਜਾਂਦੀ ਹੈ। ਕਰਨੀ ਨਹੀਂ ਪੈਂਦੀ ਹੈ, ਹੋ ਜਾਂਦੀ ਹੈ ਘਟ। ਸਾਡੀ ਜੋ ਪਕੜ ਹੈ, ਢਿਲੀ ਹੋ ਜਾਂਦੀ ਹੈ। ਅਯੋਜਨ ਨਹੀਂ ਕਰਨਾ ਪੈਂਦਾ ਢਿੱਲਾ ਕਰਨ ਦਾ; ਅਭਿਆਸ ਨਹੀਂ ਕਰਨਾ ਪੈਂਦਾ। ਜੇਕਰ ਰਾਖ ਹੀ ਹੈ ਤਾਂ ਤੁਸੀਂ ਮੁੱਠੀ ਨੂੰ ਜ਼ੋਰ ਨਾਲ ਬੰਨ੍ਹ ਕੇ ਰਖੋਗੇ ਕਿਵੇਂ? ਹੀਰਾ ਮੰਨਦੇ ਸੀ ਤਾਂ ਮੁੱਠੀ ਜ਼ੋਰ ਨਾਲ ਬੰਨ੍ਹੀ ਸੀ; ਸਮਝ ਵਿਚ ਆਉਣੀ ਸ਼ੁਰੂ ਹੋ ਗਈ ਰਾਖ ਹੈ। ਮੁੱਠੀ ਖੁਲ੍ਹ ਗਈ। ਸਹਿਜੇ ਹੀ ਖੁਲ੍ਹ ਜਾਂਦੀ ਹੈ। ਇਸਲਈ ਸੰਨਿਆਸ ਸਹਿਜ ਹੀ ਹੈ।

ਅਤੇ ਜਿਹੜਾ ਸੰਨਿਆਸ ਅਯੋਜਤ ਕਰਨਾ ਪੈਂਦਾ ਹੈ, ਵਿਵਸਥਾ ਜਮਾਉਣੀ ਪੈਂਦੀ, ਅਭਿਆਸ ਕਰਨਾ ਪੈਂਦਾ ਹੈ, ਜਿਸ ਸੰਨਿਆਸ ਦੇ ਲਈ ਸੰਘਰਸ਼ ਕਰਨਾ ਪੈਂਦਾ ਹੈ, ਉਹ ਝੂਠ ਹੈ। ਸੰਨਿਆਸ ਸਾਧਨਾ ਨਹੀਂ ਹੈ, ਜੀਵਨ ਦੀ ਵਿਅਰਥਤਾ ਦਾ ਬੋਧ ਹੈ। ਅਤੇ ਜੀਵਨ ਵਿਅਰਥ ਹੈ, ਉਸ ਵਿਚ ਸਾਰਥਕਤਾ ਦੇਖਣਾ ਚਮਤਕਾਰ ਹੈ। ਰੋਜ਼ ਕੋਈ ਮਰਦਾ ਹੈ, ਫਿਰ ਵੀ ਤੁਹਾਨੂੰ ਆਪਣੀ ਮੌਤ ਦਿਖਾਈ ਨਹੀਂ ਪੈਂਦੀ! ਰੋਜ਼ ਕਿਸੇ ਦੀ ਅਰਥੀ ਉਠਦੀ ਹੈ, ਅੰਦਰ ਤੁਸੀਂ ਸੋਚਦੇ ਹੋ ਤੁਹਾਡੀ ਸ਼ਹਿਨਾਈ ਸਦਾ ਵਜਦੀ ਰਹੇਗੀ। ਰੋਜ਼ ਤੁਸੀਂ ਦੇਖਦੇ ਹੋ, ਕੋਈ ਉਠ ਗਿਆ ਅਤੇ ਸਭ ਪਿਆ ਰਹਿ ਗਿਆ, ਫਿਰ ਵੀ ਤੁਸੀਂ ਫੜੀ ਚਲੇ ਜਾਂਦੇ ਹੋ, ਫਿਰ ਵੀ ਤੁਸੀਂ ਦੌੜੀ ਚਲੇ ਜਾਂਦੇ ਹੋ, ਉਸੇ ਸਭ ਨੂੰ ਇਕੱਠਾ ਕਰਨ ਵਿਚ ਲੱਗੇ ਰਹਿੰਦੇ ਹੋ। ਅਤੇ ਅਜੇਹਾ ਨਹੀਂ ਹੈ ਕਿ ਦੂਰ ਅਣਵਾਕਫ ਲੋਕ ਮਰਦੇ ਹਨ; ਅਜੇਹਾ ਕੋਈ ਘਰ ਕਿਥੇ ਹੈ ਜਿਥੇ ਮੌਤ ਨਾ ਵਾਪਰੀ ਹੋਵੇ? ਤੁਸੀਂ ਬੁੱਧ ਦੀ ਕਹਾਣੀ ਤਾਂ ਸੁਣੀ ਹੈ ਨਾ?

ਕਿਸਾ ਗੌਤਮੀ ਨਾਂ ਦੀ ਇਕ ਇਸਤ੍ਰੀ ਦਾ ਬੇਟਾ ਮਰ ਗਿਆ। ਇਕ ਹੀ ਬੇਟਾ ਸੀ; ਪਤੀ ਪਹਿਲਾਂ ਹੀ ਜਾ ਚੁੱਕਿਆ ਸੀ, ਵਿਧਵਾ ਦਾ ਬੇਟਾ ਸੀ। ਸਾਰਾ ਸਹਾਰਾ ਸੀ। ਅਚਾਨਕ ਉਸਦੀ ਮੌਤ ਹੋ ਗਈ। ਰਾਤੀਂ ਸੁੱਤਾ, ਸਵੇਰੇ ਨਹੀਂ ਜਾਗਿਆ। ਬੀਮਾਰੀ ਵੀ ਨਹੀਂ ਹੋਈ; ਬੀਮਾਰੀ ਵੀ ਹੁੰਦੀ ਤਾਂ ਇਲਾਜ ਕਰਨ ਦਾ ਘਟੋ-ਘਟ ਇੰਤਜ਼ਾਮ ਕਰ ਲੈਂਦੀ, ਕੁਝ ਉਪਾਅ ਕਰ ਲੈਂਦੀ। ਕੁਝ ਉਪਾਅ ਦਾ ਵੀ ਮੌਕਾ ਨਾ ਮਿਲਿਆ, ਉਨੀ ਤਸੱਲੀ ਵੀ ਨਾ ਮਿਲੀ। ਕਿਸਾ ਗੌਤਮੀ ਪਾਗਲ ਜਿਹੀ ਹੋ ਗਈ। ਛਾਤੀ ਪਿੱਟਦੀ ਸੀ ਅਤੇ ਪਿੰਡ ਭਰ ਵਿਚ ਆਪਣੇ ਬੇਟੇ ਦੀ ਲਾਸ਼ ਨੂੰ ਲੈ ਕੇ ਘੁੰਮਦੀ ਸੀ ਕਿ ਕੋਈ ਮੇਰੇ ਬੇਟੇ ਨੂੰ ਜਿਉਂਦਾ ਕਰ ਦੇਵੇ। ਲੋਕ ਸਮਝਾਉਂਦੇ ਕਿ ਪਾਗਲੇ, ਜੋ ਮਰ ਗਿਆ ਸੋ ਮਰ ਗਿਆ; ਉਸਦੇ ਜੀਣ ਦਾ ਕੋਈ ਉਪਾਅ ਨਹੀਂ ਹੈ। ਅਜੇਹਾ ਕਦੇ ਹੋਇਆ ਨਹੀਂ। ਲੇਕਿਨ ਉਸਦੀ ਆਸ, ਉਸਦੀ ਕਾਮਨਾ ਪਿੱਛਾ ਨਾ ਛੱਡਦੀ।

ਫਿਰ ਕਿਸੇ ਨੇ ਸਲਾਹ ਦਿਤੀ ਕਿ ਬੁੱਧ ਦੀ ਪਿੰਡ ਵਿਚ ਆਮਦ ਹੋਈ ਹੈ; ਤੂੰ ਉਹਨਾਂ ਦੇ ਕੋਲ ਜਾ। ਸ਼ਾਇਦ

ਉਹਨਾਂ ਦੀ ਅਸੀਸ ਨਾਲ ਕੁਝ ਹੋ ਜਾਵੇ। ਕਿਸਾ ਗੌਤਮੀ ਨੇ ਬੁੱਧ ਦੇ ਚਰਨਾਂ ਵਿਚ ਲਿਜਾ ਕੇ ਆਪਣੇ ਬੇਟੇ ਦੀ ਲਾਸ਼ ਰਖ ਦਿਤੀ ਅਤੇ ਉਸਨੇ ਬੁੱਧ ਨੂੰ ਕਿਹਾ, ਜਿਉਂਦਾ ਕਰ ਦੇ ਮੇਰੇ ਬੇਟੇ ਨੂੰ। ਤੇਰੇ ਅਸ਼ੀਰਵਾਦ ਨਾਲ ਕੀ ਨਾ ਹੋ ਸਕੇਗਾ? ਤੂੰ ਇਕ ਵਾਰ ਕਹਿ ਦੇ ਕਿ ਮੇਰਾ ਬੇਟਾ ਜਿਉਂ ਉਠੇ। ਬੁੱਧ ਨੇ ਕਿਹਾ, ਜਿਉਂਦਾ ਕਰ ਦਿਆਂਗਾ, ਜ਼ਰੂਰ ਜਿਉਂਦਾ ਕਰ ਦਿਆਂਗਾ, ਲੇਕਿਨ ਪਹਿਲਾਂ ਇਕ ਸ਼ਰਤ ਪੂਰੀ ਕਰਨੀ ਪਏਗੀ। ਅਤੇ ਸ਼ਰਤ ਇਹ ਹੈ ਕਿ ਤੂੰ ਪਿੰਡ ਵਿਚ ਜਾਹ, ਅਤੇ ਕਿਸੇ ਦੇ ਘਰੋਂ ਥੋੜ੍ਹੀ-ਜਿਹੀ ਸਰ੍ਹੋਂ ਦੇ ਦਾਣੇ ਮੰਗ ਲਿਆ; ਐਪਰ ਘਰ ਅਜੇਹਾ ਹੋਵੇ ਜਿਸ ਵਿਚ ਕਦੇ ਮੌਤ ਨਾ ਵਾਪਰੀ ਹੋਵੇ।

ਮੋਹ ਵਿਚ, ਆਸ ਵਿਚ, ਖ਼ੁਸ਼ੀ ਨਾਲ ਭਰੀ ਹੋਈ ਕਿਸਾ ਗੌਤਮੀ ਪਿੰਡ ਵਿਚ ਦੌੜੀ ਘਰ-ਘਰ। ਉਹ ਪਿੰਡ ਵਿਚ ਸਾਰੇ ਕਿਸਾਨ ਹੀ ਸਨ। ਸਾਰਿਆਂ ਦੇ ਘਰਾਂ ਵਿਚ ਸਰ੍ਹੋਂ ਦੇ ਬੀਜ ਸਨ। ਇਹ ਵੀ ਕੋਈ ਸ਼ਰਤ ਬੁੱਧ ਨੇ ਲਾਈ ਹੈ! ਪਰ ਉਸ ਕਿਸਾ ਗੌਤਮੀ ਨੂੰ ਆਪਣੇ ਮੋਹ ਵਿਚ ਇਹ ਦਿਖਾਈ ਨਾ ਪਿਆ ਕਿ ਸ਼ਰਤ ਅਜੇਹੀ ਹੈ ਕਿ ਪੂਰੀ ਹੋ ਨਹੀਂ ਸਕੇਗੀ। ਜਿਸ ਘਰ ਵਿਚ ਕੋਈ ਮੌਤ ਨਾ ਹੋਈ ਹੋਵੇ? ਦਰ-ਦਰ ਜਾ ਕੇ ਉਸਨੇ ਝੋਲੀ ਅੱਡੀ ਅਤੇ ਕਿਹਾ, ਮੈਨੂੰ ਥੋੜ੍ਹੇ-ਜਿਹੇ ਦਾਣੇ ਦੇ ਦਿਉ, ਸ਼ਰਤ ਇਕ ਹੀ ਹੈ ਕਿ ਤੁਹਾਡੇ ਘਰ ਵਿਚ ਕੋਈ ਮੌਤ ਨਾ ਹੋਈ ਹੋਵੇ। ਅਜੇਹਾ ਕੋਈ ਤਾਂ ਘਰ ਹੋਵੇਗਾ। ਲੇਕਿਨ ਲੋਕ ਆਖਦੇ, ਕਿਸਾ ਗੌਤਮੀ, ਤੂੰ ਪਾਗਲ ਹੈਂ। ਸਭ ਘਰਾਂ ਵਿਚ ਮੌਤ ਹੋਈ ਹੈ। ਮੌਤ ਜੀਵਨ ਦੀ ਲਾਜ਼ਮਤਾ ਹੈ; ਇਸ ਤੋਂ ਕੋਈ ਨਹੀਂ ਬਚ ਸਕਦਾ। ਮੰਗਤੇ ਤੋਂ ਲੈ ਕੇ ਸਮਰਾਟ ਦੇ ਦੁਆਰ ਤਕ ਕਿਸਾ ਗੌਤਮੀ ਗਈ, ਸ਼ਾਮ ਹੁੰਦੇ-ਹੁੰਦੇ ਉਸਨੂੰ ਸੂਝ ਆਈ। ਸ਼ਾਮ ਹੁੰਦੇ-ਹੁੰਦੇ ਉਸਨੂੰ ਖ਼ਿਆਲ ਆਇਆ ਕਿ ਬੁੱਧ ਨੇ ਇਹ ਸ਼ਰਤ ਕਿਉਂ ਲਾਈ ਹੈ—ਇਹੀ ਦਿਖਾਉਣ ਨੂੰ ਕਿ ਮੌਤ ਸਭ ਜਗ੍ਹਾ ਹੁੰਦੀ ਹੈ, ਤੂੰ ਨਿਰਅਪਵਾਦ ਰੂਪ ਨਾਲ ਜਾਣ ਲੈ ਕਿ ਮੌਤ ਸਭ ਦੀ ਹੁੰਦੀ ਹੈ। ਮਰਨਾ ਹੀ ਹੈ। ਮਰਨਾ ਜੀਵਨ ਦਾ ਸੁਭਾਅ ਹੈ। ਸ਼ਾਮ ਹੁੰਦੇ-ਹੁੰਦੇ ਹਰ ਦੁਆਰ ਤੋਂ ਪਰਤੀ, ਖ਼ਾਲੀ ਹੱਥ ਦਿਖਾਈ ਪਿਆ।

ਸ਼ਾਮੀਂ ਜਦ ਮੁੜੀ ਬੁੱਧ ਦੇ ਚਰਨਾਂ ਵਿਚ, ਉਸਨੇ ਕਿਹਾ, ਮੇਰੇ ਬੇਟੇ ਨੂੰ ਨਾ ਜਿਉਂਦਾ ਕਰਨਾ; ਹੁਣ ਤਾਂ ਅਜੇਹਾ ਕੁਝ ਕਰੋ ਕਿ ਮੇਰੀ ਮੌਤ ਦੇ ਪਹਿਲਾਂ ਮੈਂ ਜਾਣ ਲਵਾਂ ਕਿ ਇਹ ਜੀਵਨ ਕੀ ਹੈ। ਬੇਟਾ ਤਾਂ ਗਿਆ; ਮੈਂ ਵੀ ਜਾਵਾਂਗੀ, ਇਹ ਵੀ ਸਪੱਸ਼ਟ ਹੋ ਗਿਆ ਹੈ। ਜੋ ਇਥੇ ਹਨ, ਸਾਰੇ-ਈ ਜਾਣਗੇ। ਹੁਣ ਮੇਰੀ ਸਵੇਰ ਵਾਲੀ ਜਿਗਿਆਸਾ ਨਹੀਂ ਹੈ, ਉਹ ਗੱਲ ਖ਼ਤਮ ਹੋ ਗਈ। ਮੈਨੂੰ ਦੀਖਿਆ ਦਿਉ। ਜੇ ਮੌਤ ਹੋਣੀ ਹੀ ਹੈ ਤਾਂ ਹੋ ਗਈ ਮੌਤ। ਹੁਣ ਜੋ ਥੋੜ੍ਹੇ ਦਿਨ ਬਚੇ ਹੋਣ, ਥੋੜ੍ਹੇ ਸਾਹ ਬਚੇ ਹੋਣ, ਇਹਨਾਂ ਥੋੜ੍ਹੇ ਸਾਹਾਂ ਨਾਲ ਅੰਮ੍ਰਿਤ ਨਾਲ ਸਬੰਧ ਜੋੜ ਲਵਾਂ, ਉਸ ਨਾਲ ਸਬੰਧ ਜੋੜ ਲਵਾਂ ਜੋ ਮਿਲਦਾ ਹੈ ਤਾਂ ਕਦੇ ਖੋਂਦਾ ਨਹੀਂ। ਹੁਣ ਪਾਣੀ ਦੇ ਬੁਲਬੁਲਿਆਂ ਨਾਲ ਹੋਰ ਸਬੰਧ ਨਹੀਂ ਜੋੜਨੇ ਹਨ। ਹੁਣ ਸਦੀਵੀਂ ਨਾਲ ਮੇਰਾ ਨਾਤਾ ਬਣਾ ਦਿਉ।

ਬੁੱਧ ਨੇ ਕਿਹਾ, ਇਸੇਲਈ ਕਿਸਾ ਗੌਤਮੀ ਤੈਨੂੰ ਘਰ-ਘਰ ਭੇਜਿਆ ਸੀ ਤਾਂ ਜੋ ਤੇਰਾ ਭੁਲੇਖਾ ਟੁੱਟ ਜਾਵੇ। ਲੋਕ ਅਜੇਹਾ ਹੀ ਮੰਨ ਕੇ ਜੀਂਦੇ ਹਨ, ਕਿ ਕਿਤੇ ਤਾਂ ਕੋਈ ਅਪਵਾਦ ਹੋਵੇਗਾ। ਕਿਤੇ ਕੋਈ ਅਪਵਾਦ ਨਹੀਂ ਹੈ।

ਸਮਾਂ ਰਹਿੰਦੇ ਜੋ ਜਾਗ ਜਾਂਦਾ ਹੈ, ਉਹ ਰੂਪ-ਪਰਤਾ ਜਾਂਦਾ ਹੈ। ਲੇਕਿਨ ਅਸੀਂ ਖ਼ੁਦ ਨੂੰ ਸਮਝਾਈ ਚਲੇ ਜਾਂਦੇ ਹਾਂ। ਅਸੀਂ ਕਹਿੰਦੇ ਹਾਂ, ਮੌਤ ਹੋਵੇਗੀ ਕਲ੍ਹ, ਅੱਜ ਤਾਂ ਅਜੇ ਨਹੀਂ ਹੋਈ ਹੈ। ਅਜੇ ਤਾਂ ਨਹੀਂ ਹੋਈ ਹੈ। ਅਜੇ ਤਾਂ ਜਿਉਂ ਲਈਏ। ਸੱਚ ਤਾਂ ਇਹ ਹੈ ਕਿ ਅਸੀਂ ਉਲਟੇ ਤਰਕ ਬਣਾ ਲੈਂਦੇ ਹਾਂ। ਅਸੀਂ ਕਹਿੰਦੇ ਹਾਂ ਮੌਤ ਕਲ੍ਹ ਹੋਣੀ ਹੈ ਇਸਲਈ ਅੱਜ ਤਾਂ ਠੀਕ ਤਰ੍ਹਾਂ ਜਿਉਂ ਲਈਏ? ਖਾਉ, ਪੀਉ, ਮੌਜ ਕਰੋ, ਕਿਉਂਕਿ ਕਲ੍ਹ ਮੌਤ ਹੈ।

ਇਹ ਦੋ ਤਰਕ ਹਨ। ਦੋਵੇਂ ਮੌਤ ਨੂੰ ਤਾਂ ਮੰਨਦੇ ਹਨ। ਇਕ ਤਰਕ ਕਹਿੰਦਾ ਹੈ, ਕਲ੍ਹ ਮੌਤ ਹੈ ਇਸਲਈ ਸੋਚ ਲਉ, ਸਮਝ ਲਉ, ਧਿਆਨ ਕਰ ਲਉ, ਜਾਗ ਲਉ। ਦੂਜਾ ਤਰਕ ਕਹਿੰਦਾ ਹੈ, ਕਲ੍ਹ ਮੌਤ ਹੈ, ਸਮਾਂ ਨਾ ਗੰਵਾਉ ਧਿਆਨ ਪ੍ਰਾਰਥਨਾ ਵਗੈਰਾ ਵਿਚ, ਭੋਗ ਲਉ, ਚੂਸ ਲਉ ਰਸ ਜਿੰਨਾ ਸੰਭਵ ਹੋਵੇ। ਇਹ ਦੋਨੋਂ ਇਕ ਹੀ ਗੱਲ ਨੂੰ ਮੰਨ ਕੇ ਚਲਦੇ ਹਨ ਕਿ ਮੌਤ ਹੈ। ਜੇ ਮੌਤ ਹੈ ਤਾਂ ਰਸ ਚੂਸ ਕੇ ਵੀ ਕੀ ਹੋਵੇਗਾ? ਇਹ ਥੋੜ੍ਹੀ-ਜਿਹੀ ਦੇਰ ਦੇ ਸੁਆਦ ਕਿੰਨੀ ਦੂਰ ਤਕ ਕੰਮ ਆਉਣਗੇ? ਭਰਮ ਹੋ ਜਾਏਗਾ। ਥੋੜ੍ਹੀ ਦੇਰ ਦੇ ਲਈ ਮੂਰਛਾ ਸੰਭਲ ਜਾਏਗੀ। ਥੋੜ੍ਹੀ ਦੇਰ ਦੇ ਲਈ ਹੋਰ ਸੌਂ ਲਵੋਗੇ। ਇਕ ਪਾਸਾ ਹੋਰ ਪਰਤਾ ਲਵੋਗੇ। ਇਕ ਨਵਾਂ ਸੁਖ ਯਾਨੀ ਇਕ ਕਰਵਟ। ਫਿਰ ਜ਼ਰਾ ਚਾਦਰ ਓੜ੍ਹ ਲਈ, ਫਿਰ ਇਕ ਝਪਕੀ ਲੈ ਲਈ, ਐਪਰ ਨੀਂਦ ਟੁੱਟਣੀ ਹੀ ਹੈ। ਸਵੇਰ ਹੋਣੀ ਹੀ ਹੈ।

ਆਜ ਕੀ ਰਾਤ ਸਾਜ਼ੇ-ਦਰਦ ਨਾ ਛੇੜ!

ਦੁਖ ਸੇ ਭਰਪੂਰ ਦਿਨ ਤਮਾਮ ਹੁਏ
ਔਰ ਕਲ ਕੀ ਖ਼ਬਰ ਕਿਸੇ ਮਾਲੂਮ
ਦੋਸ਼ੋ-ਫਰਦਾ ਕੀ ਮਿਟ ਚੁਕੀ ਹੈਂ ਹਦੂਦ
ਹੋ ਨਾ ਹੋ ਅਬ ਸਹਰ ਕਿਸੇ ਮਾਲੂਮ
ਜ਼ਿੰਦਗੀ ਹੇਚ! ਲੇਕਿਨ ਆਜ ਕੀ ਰਾਤ
ਏਜ਼ਦਿਯਤ ਹੈ ਮੁਮਕਿਨ ਆਜ ਕੀ ਰਾਤ
ਆਜ ਕੀ ਰਾਤ ਸਾਜ਼ੇ-ਦਰਦ ਨਾ ਛੇੜ

ਕਲ੍ਹ ਦਾ ਤਾਂ ਕੁਝ ਪੱਕਾ ਨਹੀਂ ਹੈ। ਸਵੇਰ ਹੋਵੇ ਨਾ ਹੋਵੇ। ਘਟੋ-ਘਟ ਅੱਜ ਤਾਂ ਦਰਦ ਦੀ ਗੱਲ ਨਾ ਉਠਾਉ। ਅੱਜ ਤਾਂ ਸਾਜ਼ ਨਾ ਛੇੜੋ ਦਰਦ ਦਾ। ਕਲ੍ਹ ਤਾਂ ਮੌਤ ਹੈ, ਭੁਲਾਉ ਉਸਨੂੰ। ਕੁਝ ਤਾਂ ਜ਼ਰਾ ਰੰਗੀਨ ਗੀਤ ਗਾ ਲਈਏ।

ਅਬ ਨਾ ਦੋਹਰਾ ਫਸਾਨਹਾਰ ਅਲਮ
ਅਪਨੀ ਕਿਸਮਤ ਪੇ ਸੋਗਵਾਰ ਨਾ ਹੋ।
ਫ਼ਿਕ੍ਰੇ-ਪਰਦਾ ਉਤਾਰ ਦੇ ਦਿਲ ਸੇ
ਉਮ੍ਰੇ-ਰੱਫ਼ਤਾ ਅਸ਼ਕਬਾਰ ਨਾ ਹੋ

ਅਹਿਦੇ-ਗ਼ਮ ਕੀ ਹਿਕਾਯਤੇਂ ਮਤ ਪੂਛ
ਹੋ ਚੁਕੀਂ ਸਬ ਸ਼ਿਕਾਇਤੇਂ ਮਤ ਪੂਛ
ਆਜ ਕੀ ਰਾਤ ਸਾਜ਼ੇ-ਦਰਦ ਨਾ ਛੇੜ

ਨਾ ਛੇੜੋ, ਸਾਜ਼ੇ-ਦਰਦ; ਕਿਸੇ ਤਰ੍ਹਾਂ ਅੱਜ ਦੀ ਰਾਤ ਰੰਗੀਨ ਕਰ ਲਉ। ਪੀ ਲਵੋ ਸ਼ਰਾਬ, ਨੱਚ ਲਉ, ਗਾ ਲਉ। ਕੀ ਫਰਕ ਪਏਗਾ?

ਕਲ੍ਹ ਮੌਤ ਆਏਗੀ, ਅਤੇ ਸਭ ਧੂੜ ਵਿਚ ਮਿਲਾ ਜਾਏਗੀ। ਉਹ ਛਿਨ, ਜੋ ਤੁਸੀਂ ਸੋਚੇ ਸੀ ਮਸਤੀ ਦੇ ਸੀ, ਸਿਰਫ ਭਰਮ ਦੇ ਸਿੱਧ ਹੋਣਗੇ। ਆਦਮੀ ਡਰਦਾ ਹੈ ਇਸ ਸੱਚ ਨੂੰ ਦੇਖਣ ਤੋਂ। ਇਸਲਈ ਦੁਨੀਆਂ ਵਿਚ ਧਰਮ ਦੀ ਗੱਲ ਤਾਂ ਬਹੁਤ ਹੁੰਦੀ ਹੈ, ਧਾਰਮਕ ਆਦਮੀ ਬਹੁਤ ਘਟ ਹੁੰਦੇ ਹਨ। ਲੋਕ ਗੱਲ ਹੀ ਕਰਦੇ ਹਨ, ਧਰਮ ਦੀ ਯਾਤਰਾ ਉਤੇ ਨਿਕਲਦੇ ਨਹੀਂ। ਨਿਕਲਣ ਵਿਚ ਇਕ ਹੀ ਖ਼ਤਰਾ ਹੈ ਕਿ ਮੌਤ ਸਵੀਕਾਰ ਕਰਨੀ ਪਏਗੀ। ਅਤੇ ਮੌਤ ਕੌਣ ਸਵੀਕਾਰ ਕਰਨਾ ਚਾਹੁੰਦਾ ਹੈ!

ਸੱਚ ਤਾਂ ਇਹ ਹੈ ਕਿ ਤੁਹਾਡੇ ਵਿਚੋਂ ਬਹੁਤਿਆਂ ਨੇ ਆਤਮਾ ਅਮਰ ਹੈ, ਇਸੇਲਈ ਮੰਨ ਰਖਿਆ ਹੈ ਕਿ ਤੁਸੀਂ ਮੌਤ ਨੂੰ ਸਵੀਕਾਰ ਕਰਨਾ ਨਹੀਂ ਚਾਹੁੰਦੇ। ਤੁਸੀਂ ਆਤਮਾ ਅਮਰ ਹੈ, ਇਸ ਸਿਧਾਂਤ ਦੇ ਪਿਛੇ ਵੀ ਖ਼ੁਦ ਨੂੰ ਛੁਪਾ ਲਿਆ ਹੈ। ਆਤਮਾ ਅਮਰ ਹੈ, ਇਸ ਕਾਰਨ ਤੁਸੀਂ ਧਾਰਮਕ ਹੋਣ ਤੋਂ ਬਚ ਰਹੇ ਹੋ। ਇਹ ਗੱਲ ਤੁਹਾਨੂੰ ਉਲਟੀ ਲੱਗੇਗੀ। ਤੁਸੀਂ ਤਾਂ ਸੋਚਦੇ ਹੋ ਕਿ ਮੈਂ ਮੰਨਦਾ ਹਾਂ, ਆਤਮਾ ਅਮਰ ਹੈ, ਇਸਲਈ ਮੈਂ ਧਾਰਮਕ ਹਾਂ। ਮੈਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ; ਤੁਸੀਂ ਧਾਰਮਕ ਹੋਣ ਦੇ ਕਾਰਨ ਨਹੀਂ ਮੰਨਦੇ ਹੋ ਕਿ ਆਤਮਾ ਅਮਰ ਹੈ, ਤੁਸੀਂ ਧਾਰਮਕ ਹੋਣਾ ਨਹੀਂ ਚਾਹੁੰਦੇ ਹੋ, ਇਸਲਈ ਤੁਸੀਂ ਮੰਨ ਲਿਆ ਹੈ ਕਿ ਆਤਮਾ ਅਮਰ ਹੈ। ਮਰਨਾ ਕਿਥੇ ਹੈ? ਭੋਗੋ, ਜੀਵੋ।

ਨਾ ਸਿਰਫ ਤੁਸੀਂ ਭੋਗ ਦੇ ਇਥੇ ਅਯੋਜਨ ਕਰ ਲਏ, ਤੁਸੀਂ ਇਹਨਾਂ ਹੀ ਭੋਗਾਂ ਦੇ ਅਯੋਜਨ ਸਵਰਗ ਵਿਚ ਵੀ ਕਰ ਲਏ ਹਨ। ਤੁਹਾਡਾ ਬੈਕੁੰਠ ਵੀ ਤੁਹਾਡੇ ਇਥੇ ਨਾਲੋਂ ਬਹੁਤਾ ਭਿੰਨ ਨਹੀਂ ਹੈ, ਬਸ ਅਜੇਹਾ ਹੀ ਹੈ। ਥੋੜ੍ਹਾ ਹੋਰ ਸਾਫ-ਸੁਥਰਾ, ਥੋੜ੍ਹਾ ਹੋਰ ਰੰਗੀਨ, ਥੋੜ੍ਹਾ ਹੋਰ ਰੂਪ ਵਾਲਾ। ਤੁਹਾਡੇ ਸਵਰਗ ਵਿਚ ਤੁਹਾਡੀਆਂ ਵਾਸਨਾਵਾਂ ਦੀ ਝਲਕ ਹੈ, ਤੁਹਾਡੇ ਵਾਸਨਾਵਾਂ ਦੇ ਗੀਤ ਹੀ ਹਨ। ਸੁਧਰੇ ਹੋਏ, ਸੁਧਾਰੇ ਹੋਏ। ਇਥੇ ਗੁਲਾਬ ਦੀ ਝਾੜੀ ਵਿਚ ਕੁਝ ਕੰਢੇ ਵੀ ਹੁੰਦੇ ਹਨ, ਉਥੇ ਤੁਸੀਂ ਕੰਡੇ ਵੀ ਅਲੱਗ ਕਰ ਦਿਤੇ ਹਨ-ਕਲਪਨਾ ਵਿਚ-ਫੁੱਲ ਹੀ ਫੁੱਲ ਬਚਾ ਲਏ। ਇਥੇ ਆਦਮੀ ਦੇ ਜੀਵਨ ਵਿਚ ਦੁਖ-ਦਰਦ ਵੀ ਹੁੰਦੇ ਹਨ; ਉਥੇ ਦੁਖ-ਦਰਦ ਅਲੱਗ ਕਰ ਦਿਤੇ, ਸੁਖ ਹੀ ਸੁਖ ਬਚਾ ਲਏ। ਤੁਸੀਂ ਦਿਨ ਹੀ ਦਿਨ ਬਚਾ ਲਿਆ; ਰਾਤ ਕੱਟ ਸੁੱਟੀ। ਤੁਸੀਂ ਜੀਵਨ ਹੀ ਜੀਵਨ ਬਚਾ ਲਿਆ; ਮੌਤ ਅਲਗ ਕਰ ਦਿਤੀ।

ਅਤੇ ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ, ਇਹ ਸਭ ਭੁਲੇਖੇ ਹਨ। ਤੁਹਾਡੇ ਇਥੋਂ ਦੇ ਸੁਖ ਵੀ ਧੋਖੇ ਹਨ; ਤੁਹਾਡੇ ਸਵਰਗ ਦੇ ਸੁਖ ਵੀ ਧੋਖੇ ਹਨ। ਇਸ ਧੋਖੇ ਤੋਂ ਜੋ ਜਾਗਦਾ ਹੈ, ਸੁਖ ਦੇ ਧੋਖੇ ਤੋਂ ਜੋ ਜਾਗਦਾ ਹੈ, ਉਸਨੂੰ ਪਹਿਲੀ ਵਾਰ

ਪਤਾ ਲਗਦਾ ਹੈ ਕਿ ਸੁਖ ਕੀ ਹੈ। ਉਸ ਸੁਖ ਦਾ ਨਾਂ ਅਨੰਦ ਹੈ। ਅਤੇ ਉਹ ਅਨੰਦ ਨਾ ਤਾਂ ਇਥੇ ਹੈ, ਨਾ ਉਥੇ ਹੈ। ਉਹ ਅਨੰਦ ਤੁਹਾਡੇ ਅੰਦਰ ਹੈ, ਉਹ ਅਨੰਦ ਤੁਸੀਂ ਹੋ, ਉਹ ਸਚਿੰਦਾਨੰਦ ਤੁਸੀਂ ਹੋ। ਬਾਹਰ ਦੀ ਖੋਜ ਭਟਕਾਉਂਦੀ ਰਹੇਗੀ। ਬਾਹਰ ਹੀ ਤੁਹਾਡੀ ਦੁਨੀਆਂ ਹੈ, ਬਾਹਰ ਹੀ ਤੁਹਾਡੇ ਸਵਰਗ ਹਨ। ਅੰਦਰ ਕਦ ਆਉਗੇ?

ਜਦ ਆਦਮੀ ਮਰ ਜਾਂਦਾ ਹੈ ਤਾਂ ਦੇਖਦੇ ਹੋ, ਅਸੀਂ ਅਰਥੀ ਚੁੱਕਦੇ ਹਾਂ ਅਤੇ ਕਹਿੰਦੇ ਹਾਂ : ਰਾਮ-ਨਾਮ ਸਤ ਹੈ। ਮੁਰਦੇ ਦੇ ਸਾਹਮਣੇ ਦੋਹਰਾ ਰਹੇ ਹੋ, ਰਾਮ-ਨਾਮ ਸਤ ਹੈ! ਇਸ ਆਦਮੀ ਨੇ ਜ਼ਿੰਦਗੀ ਵਿਚ ਖ਼ੁਦ ਜਾਣਨਾ ਸੀ ਕਿ ਰਾਮ-ਨਾਮ ਸਤ ਹੈ, ਹੋਰ ਸਭ ਕੁਸਤ ਹੈ। ਜਿਵੇਂ ਇਥੇ ਰਾਮ-ਨਾਮ ਸਤ ਕਹਿੰਦੇ ਹਨ, ਇਵੇਂ ਬੰਗਾਲ ਵਿਚ ਹਰਿ ਬੋਲੋ ਹਰਿ ਬੋਲ ਕਹਿੰਦੇ ਹਨ। ਜਦ ਆਦਮੀ ਮਰ ਜਾਂਦਾ ਹੈ, ਉਸਦੀ ਅਰਥੀ ਚੁੱਕਦੇ ਹਨ, ਤਾਂ ਕਹਿੰਦੇ ਹਨ ਹਰਿ ਬੋਲੋ ਹਰਿ ਬੋਲ। ਜ਼ਿੰਦਗੀ ਭਰ ਹਰਿ ਨਾ ਬੋਲਿਆ, ਹੁਣ ਦੂਜੇ ਬੋਲ ਰਹੇ ਹਨ, ਇਸਦੇ ਤਾਂ ਬੁਲ੍ਹ ਹੁਣ ਕੰਬਣਗੇ ਵੀ ਨਹੀਂ।

ਅਤੇ ਦੂਜੇ ਵੀ ਆਪਣੀ ਖ਼ਾਤਰ ਨਹੀਂ ਬੋਲ ਰਹੇ ਹਨ, ਖ਼ਿਆਲ ਰਖਣਾ। ਇਸ ਮੁਰਦੇ ਦੀ ਖ਼ਾਤਰ ਬੋਲ ਰਹੇ ਹਨ ਕਿ ਬਈ, ਹੁਣ ਤੇਰਾ ਤਾਂ ਸਭ ਖ਼ਤਮ ਹੋਇਆ, ਹਰਿ ਬੋਲੋ ਹਰਿ ਬੋਲ! ਨਮਸਕਾਰ! ਹੁਣ ਸਾਥੋਂ ਪਿੰਡ ਛੁਡਾ। ਹੁਣ ਸਾਨੂੰ ਮਾਫ਼ ਕਰੋ। ਹੁਣ ਜਾਹ, ਹੁਣ ਸਾਨੂੰ ਨਾ ਸਤਾ। ਫਿਰ ਘਰ ਮੁੜ ਗਏ। ਮੁਰਦੇ ਦੇ ਲਈ ਬੋਲੇ, ਆਪਣੇ ਲਈ ਨਹੀਂ। ਮੁਰਦਾ ਵੀ ਰਿਹਾ ਜਿਉਂਦਾ ਜਦ ਤਕ, ਨਹੀਂ ਬੋਲਿਆ।

ਜਿਹੜਾ ਆਦਮੀ ਜਿਉਂਦਾ ਬੋਲ ਦਿੰਦਾ ਹੈ, ਹਰਿ ਦਾ ਚੇਤਾ ਕਰ ਲੈਂਦਾ ਹੈ, ਉਸਦੇ ਜੀਵਨ ਵਿਚ ਸੋਨੇ ਦਾ ਨੂਰ ਉਤਰ ਆਉਂਦਾ ਹੈ। ਉਸਦੇ ਜੀਵਨ ਵਿਚ ਸਦੀਵੀ ਦੀਆਂ ਕਿਰਨਾਂ ਉਤਰ ਆਉਂਦੀਆਂ ਹਨ।

ਹਰੀ ਨੂੰ ਪੁਕਾਰਨਾ ਹੈ ਤਾਂ ਜੀਂਦੇ-ਜੀ ਪੁਕਾਰ ਲਵੋ। ਤੁਸੀਂ ਪੁਕਾਰੋ ਤਾਂ ਹੀ ਪੁਕਾਰ ਪਾਉਗੇ, ਦੂਜੇ ਤੁਹਾਡੇ ਲਈ ਨਹੀਂ ਪੁਕਾਰ ਸਕਦੇ। ਇਹ ਪੁਕਾਰ ਉਧਾਰੀ ਨਹੀਂ ਹੋ ਸਕਦੀ। ਅਤੇ ਹਰੀ ਨੂੰ ਨਾ ਪੁਕਾਰਿਆ ਤਾਂ ਗਿਆ ਜੀਵਨ ਵਿਅਰਥ। ਹਾਰਿਆ ਤੁਸੀਂ ਜੀਵਨ ਜੇਕਰ ਹਰੀ ਨੂੰ ਨਾ ਪੁਕਾਰਿਆ।

ਹਰੀ ਨੂੰ ਪੁਕਾਰਨ ਦਾ ਅਰਥ ਸਿਰਫ਼ ਇੰਨਾ ਹੀ ਹੈ ਕਿ ਇਸ ਜੀਵਨ ਵਿਚ, ਇਸ ਜੀਵਨ ਦੀਆਂ ਪਰਤਾਂ ਵਿਚ ਕੋਈ ਹੀਰਾ ਪਿਆ ਹੈ, ਕੁਝ ਅਜੇਹਾ ਪਿਆ ਹੈ ਜੋ ਮਿਲ ਜਾਵੇ ਤਾਂ ਤੁਸੀਂ ਸਮਰਾਟ ਹੋ ਜਾਉ, ਜੋ ਨਾ ਮਿਲੇ ਤਾਂ ਤੁਸੀਂ ਭਿਖਾਰੀ ਬਣੇ ਰਹੋਗੇ।

ਬੀਤ ਗਈ ਸੁਖਬੇਲਾ
ਦੂਰ ਕਹੀਂ ਸ਼ਹਿਨਾਈ ਬਾਜੀ, ਕੋਈ ਹੁਆ ਅਕੇਲਾ
ਬੀਤ ਗਈ ਸੁਖਬੇਲਾ
ਹੋਨੀ ਪ੍ਰੀਤ ਕੇ ਹੋਨੇ ਖੇਲ ਮੇਂ ਫਾਂਕ ਲਿਏ ਅੰਗਾਰੇ
ਪਗ-ਪਗ ਅੰਧਿਆਰ ਬਰਸਾਏਂ ਧੁੰਦਲੇ ਚਾਂਦ-ਸਿਤਾਰੇ

ਛੋੜ ਗਯਾ ਚਿੰਤਾ–ਨਗਰੀ ਮੇਂ ਆਜ ਸੁਨਹਲਾ ਅੰਧੇਲਾ
ਬੀਤ ਗਈ ਸੁਖਬੇਲਾ
ਸਾਂਸ ਕਟਾਰੀ ਬਨ–ਬਨ ਅਟਕੇ ਅੱਖਿਯਾ ਭਰ–ਭਰ ਆਏਂ
ਕੁੰਦਨ ਕੀ ਤਪਤੀ ਭੱਟੀ ਮੇਂ ਝੁਲਸ ਗਈਂ ਆਸ਼ਾਏਂ
ਆਸ਼ਾਓਂ ਕੀ ਚਿਤਾ ਪੇ ਨਾਚੇ, ਦੁਖੜਾ ਨਯਾ ਨਵੇਲਾ
ਬੀਤ ਗਈ ਸੁਖਬੇਲਾ
ਪਰਬਤ ਔਰ ਪਾਤਾਲ ਮਿਲਾ ਕੇ ਸੁਪਨ ਨੇ ਜੋਤ ਜਗਾਈ
ਬੈਰੀ ਲੇਖ ਸੇ ਨੈਨ ਮਿਲੇ ਤੋ ਟੂਟ ਗਈ ਅੰਗੜਾਈ
ਅਬ ਮਨ ਸੋਚੇ ਪਤਾ ਅਕੇਲਾ ਕਿਓਂ ਅੱਗਨਿ ਸੇ ਖੇਲਾ
ਬੀਤ ਗਈ ਸੁਖਬੇਲਾ
ਦੂਰ ਕਹੀਂ ਸ਼ਹਿਨਾਈ ਬਾਜੀ, ਕੋਈ ਹੁਆ ਅਕੇਲਾ
ਬੀਤ ਗਈ ਸੁਖਬੇਲਾ

ਸਭ ਬੀਤਿਆ ਜਾ ਰਿਹਾ ਹੈ। ਸੰਸਾਰ ਦਾ ਅਰਥ ਹੈ, ਜੋ ਬੀਤ ਰਿਹਾ ਹੈ, ਜੋ ਥਿਰ ਨਹੀਂ ਹੈ, ਜੋ ਨਦੀ ਦੀ ਧਾਰਾ ਹੈ। ਇਹ ਧਾਰਾ ਦੌੜੀ ਜਾ ਰਹੀ ਹੈ। ਇਸ ਧਾਰਾ ਵਿਚ ਦੁਬਾਰਾ ਉਤਰਨਾ ਵੀ ਸੰਭਵ ਨਹੀਂ ਹੈ। ਤੁਹਾਡੀ ਮੁੱਠੀ ਤੋਂ ਸਭ ਵਗਿਆ ਜਾ ਰਿਹਾ ਹੈ। ਤੁਸੀਂ ਖ਼ੁਦ ਵਗੇ ਜਾ ਰਹੇ ਹੋ।

ਅਬ ਮਨ ਸੋਚੇ ਪਤਾ ਅਕੇਲਾ, ਕਿਓਂ ਅੱਗਨਿ ਸੇ ਖੇਲਾ
ਬੀਤ ਗਈ ਸੁਖਬੇਲਾ

ਲੇਕਿਨ ਚਿਖਾ ਉੱਤੇ ਪਏ ਹੋਏ ਸੋਚੋਗੇ ਵੀ ਤਾਂ ਬਹੁਤ ਦੇਰ ਹੋ ਗਈ ਹੋਵੇਗੀ। ਫਿਰ ਕਰਨ ਦਾ ਕੋਈ ਉਪਾਅ ਨਾ ਬਚੇਗਾ। ਹੁਣੇ ਪੁਕਾਰ ਲਵੋ : ਹਰਿ ਬੋਲੌ ਹਰਿ ਬੋਲ। ਹੁਣੇ ਬੁਲਾ ਲਵੋ। ਹੁਣੇ ਤਲਾਸ਼ ਲਵੋ। ਹੁਣੇ ਖੋਜ ਲਵੋ। ਹੁਣੇ ਖੋਦ ਲਵੋ। ਘਰ ਵਿਚ ਅੱਗ ਲੱਗੇ ਇਸ ਤੋਂ ਪਹਿਲਾਂ ਖੂਹ ਤਿਆਰ ਕਰ ਲਵੋ। ਅਜੇਹਾ ਨਾ ਸੋਚਣਾ, ਜਦ ਲੱਗੇਗੀ ਘਰ ਵਿਚ ਅੱਗ ਤਦ ਖੂਹ ਤਿਆਰ ਕਰ ਲਵਾਂਗੇ। ਹੁਣ ਤਿਆਰ ਕਰ ਲਵੋ। ਅੱਗ ਤਾਂ ਲੱਗਣੀ ਯਕੀਨੀ ਹੈ। ਜਿਸ ਘਰ ਵਿਚ ਤੁਸੀਂ ਰਹਿ ਰਹੇ ਹੋ, ਇਸ ਘਰ ਵਿਚ ਅੱਗ ਲੱਗਣੀ ਹੀ ਹੈ। ਇਹ ਲਪਟਾਂ ਵਿਚ ਸੜਨ ਨੂੰ ਹੀ ਬਣਿਆ ਹੈ, ਚਿਖਾ ਉੱਤੇ ਚੜ੍ਹਨ ਨੂੰ ਹੀ ਬਣਿਆ ਹੈ। ਇਹੀ ਇਸ ਦੀ ਪ੍ਰਾਲਬਧ ਹੈ। ਇਸਦੀ ਪ੍ਰਾਲਬਧ ਤੋਂ ਇਸਨੂੰ ਭਿੰਨ ਨਹੀਂ ਕੀਤਾ ਜਾ ਸਕਦਾ। ਇਹ ਇਸਦਾ ਅੰਤਰ–ਸੁਭਾਅ ਹੈ। ਤੁਹਾਡਾ ਜੋ ਘਰ ਹੈ, ਸਧਾਰਨ ਘਰ, ਉਹ ਸੜੇ ਨਾ ਸੜੇ, ਅੰਪਰ ਤੁਹਾਡੀ ਦੇਹ ਤਾਂ ਸੜੇਗੀ। ਫਿਰ ਇੰਨੀ ਤੈਅਸ਼ੁਦਾ ਗੱਲ ਹੈ, ਇਸ ਵਿਚ ਕੋਈ ਸ਼ੱਕ ਕਰਨ ਦਾ ਸਵਾਲ ਹੀ ਨਹੀਂ ਉਠਦਾ।

ਈਸ਼ਵਰ ਨੂੰ ਨਾ ਮੰਨੋ, ਆਤਮਾ ਨੂੰ ਨਾ ਮੰਨੋ, ਮੋਕੱਛ ਨੂੰ ਨਾ ਮੰਨੋ, ਜ਼ਰੂਰਤ ਨਹੀਂ ਹੈ। ਇੰਨਾ ਤਾਂ ਮੰਨੋ ਕਿ ਇਹ ਦੇਹ ਚਿਖਾ ਉਤੇ ਚੜ੍ਹੇਗੀ। ਇੰਨੇ ਨਾਲ ਹੀ ਕ੍ਰਾਂਤੀ ਹੋ ਜਾਏਗੀ।

ਇਹ ਤੁਸੀਂ ਗੈਰਿਕ ਵਸਤਰ ਦੇਖਦੇ ਹੋ ਸੰਨਿਆਸੀਆਂ ਦੇ, ਇਹ ਚਿਖਾ ਦੀ ਅਗਨੀ ਦਾ ਰੰਗ ਹੈ। ਸੰਨਿਆਸ ਦਾ ਅਰਥ ਹੁੰਦਾ ਹੈ : ਮਰਨ ਤੋਂ ਪਹਿਲਾਂ ਅਸੀਂ ਚਿਖਾ ਉਤੇ ਚੜ੍ਹੇ, ਕਿ ਸਾਨੂੰ ਇਹ ਗੱਲ ਕਬੂਲ ਹੋ ਗਈ ਕਿ ਅਸੀਂ ਚਿਖਾ 'ਤੇ ਚੜ੍ਹਨਾ ਹੈ, ਇਕ ਅਸੀਂ ਇਹ ਅਗਨੀਭੇਸ ਧਾਰਨ ਕੀਤਾ, ਕਿ ਸਾਨੂੰ ਇਹ ਯਾਦ ਦਿਵਾਉਂਦਾ ਰਹੇਗਾ ਇਹ ਬਾਣਾ ਕਿ ਅਸੀਂ ਅਗਨੀ ਉਤੇ ਚੜ੍ਹੇ ਹਾਂ। ਇਹ ਦੇਹ ਅਗਨੀ ਉਤੇ ਚੜ੍ਹੀ ਹੀ ਹੈ। ਦੇਰ–ਨਾਦੇਰ ਨਾਲ ਕੁਝ ਫਰਕ ਨਹੀਂ ਪੈਂਦਾ। ਅੱਜ ਨਹੀਂ ਤਾਂ ਕਲ੍ਹ, ਕਲ੍ਹ ਨਹੀਂ ਤਾਂ ਪਰਸੋਂ। ਐਪਰ ਸੰਨਿਆਸੀ ਇਹ ਐਲਾਨ ਕਰ ਰਿਹਾ ਹੈ ਆਪਣੇ ਸਾਹਮਣੇ ਅਤੇ ਸੰਸਾਰ ਦੇ ਸਾਹਮਣੇ ਕਿ ਮੈਂ ਅਗਨੀ ਉਤੇ ਚੜ੍ਹਿਆ ਹਾਂ। ਇਸ ਤੱਥ ਨੂੰ ਮੈਂ ਝੁਠਲਾਉਣਾ ਨਹੀਂ ਚਾਹੁੰਦਾ, ਇਸ ਤੱਥ ਨੂੰ ਮੈਂ ਆਪਣੇ ਜੀਵਨ ਦਾ ਕੇਂਦਰ ਬਣਾ ਲੈਣਾ ਚਾਹੁੰਦਾ ਹਾਂ। ਅਤੇ ਇਸੇ ਕੇਂਦਰ ਉਤੇ ਮੈਂ ਸਾਰੇ ਜੀਵਨ ਦੇ ਘੇਰੇ ਨੂੰ ਘੁਮਾਉਣਾ ਚਾਹੁੰਦਾ ਹਾਂ।

ਤੁਹਾਡੇ ਜੀਵਨ ਦਾ ਕੇਂਦਰ ਕੀ ਹੈ ? ਕਿਸੇ ਦਾ ਧਨ ਹੈ, ਕਿਸੇ ਦਾ ਪਦਵੀ ਹੈ, ਕਿਸੇ ਦਾ ਕਾਮ, ਕਿਸੇ ਦਾ ਲੋਭ, ਕਿਸੇ ਦਾ ਮੋਹ। ਐਪਰ ਇਹ ਸਭ ਖੋਹੇ ਜਾਣਗੇ, ਇਹ ਅਸਲੀ ਕੇਂਦਰ ਨਹੀਂ ਹਨ। ਤੁਹਾਡੇ ਜੀਵਨ ਦੇ ਕੇਂਦਰ ਨੂੰ ਕੁਝ ਅਜੇਹਾ ਬਣਾਉ ਕਿ ਮੌਤ ਉਸਨੂੰ ਖੋਹ ਨਾ ਸਕੇ। ਤੁਸੀਂ ਮੌਤ ਦੇ ਪਾਰ ਜਾਣ ਵਾਲੀ ਕੋਈ ਕਿਰਨ ਆਪਣੇ ਅੰਦਰ ਪਕੜੋ। ਉਸ ਕਿਰਨ ਨੂੰ ਭਗਤਾਂ ਨੇ ਪ੍ਰੇਮ ਕਿਹਾ ਹੈ, ਗਿਆਨੀ ਨੇ ਧਿਆਨ ਕਿਹਾ ਹੈ। ਉਹ ਇਕ ਹੀ ਗੱਲ ਦੇ ਦੋ ਨਾਂ ਹਨ।

ਅੱਜ ਦੇ ਸੂਤਰ।

ਹਿੰਦੂ ਕੀ ਹਦਿ ਛਾੜਿਕੈ, ਤਜੀ ਤੁਰਕ ਕੀ ਰਾਹ।
ਸੁੰਦਰ ਸਹਜੈ ਚੀਨ੍ਹਿਯਾਂ, ਏਕੈ ਰਾਮ ਅਲਾਹ॥

ਬੜਾ ਪਿਆਰਾ ਬਚਨ ਹੈ। ਅਣਮੁੱਲੇ ਅਰਥਾਂ ਨਾਲ ਭਰਿਆ ਬਚਨ ਹੈ। ਹਿੰਦੂ ਦੀ ਹੱਦ ਜਦ ਤਕ ਹੈ ਤਦ ਤਕ ਤੁਸੀਂ ਬੇਹੱਦ ਨੂੰ ਨਹੀਂ ਪਾ ਸਕੋਗੇ। ਜਦ ਤਕ ਸੀਮਾ ਵਿਚ ਤੁਸੀਂ ਬੱਧੇ ਹੋ ਤਦ ਤਕ ਅਸੀਮ ਨਾਲ ਤੁਹਾਡਾ ਸਬੰਧ ਨਹੀਂ ਹੋ ਸਕੇਗਾ। ਜੇਕਰ ਹਿੰਦੂ ਹੋ ਤਾਂ ਧਾਰਮਕ ਨਹੀਂ ਹੋ ਸਕਦੇ; ਜੇ ਮੁਸਲਮਾਨ ਹੋ ਤਾਂ ਧਾਰਮਕ ਨਹੀਂ ਹੋ ਸਕਦੇ। ਤੁਹਾਡੀ ਹੱਦ ਹੈ। ਬੇਹੱਦ ਨਾਲ ਕਿਵੇਂ ਜੁੜੋਗੇ ?

ਗੰਗਾ ਜੇਕਰ ਜ਼ਿਦ ਕਰੇ ਕਿ ਮੈਂ ਗੰਗਾ ਹੀ ਰਹਾਂਗੀ ਤਾਂ ਸਾਗਰ ਨਾਲ ਨਹੀਂ ਮਿਲ ਪਾਏਗੀ, ਇੰਨਾ ਪੱਕਾ ਹੈ। ਗੰਗਾ ਕਹੇ ਕਿ ਮੈਂ ਤਾਂ ਆਪਣੇ ਕੰਢਿਆਂ ਵਿਚ ਹੀ ਬੱਝੀ ਰਹਾਂਗੀ, ਮੈਂ ਤਾਂ ਆਪਣੀ ਸ਼ਖ਼ਸੀਅਤ ਨੂੰ ਬਚਾਵਾਂਗੀ, ਮੈਂ ਗੰਗਾ ਹਾਂ, ਮੈਂ ਇਉਂ ਸਾਗਰ ਵਿਚ ਨਹੀਂ ਉਤਰ ਸਕਦੀ, ਜੇਕਰ ਗੰਗਾ ਗੰਗਾ ਹੋਣ ਦੀ ਜ਼ਿਦ ਰਖੇ ਤਾਂ ਸਾਗਰ ਵਿਚ ਨਹੀਂ ਉਤਰ

ਪਾਏਗੀ। ਸਾਗਰ ਵਿਚ ਉਤਰਨ ਦੇ ਪਹਿਲਾਂ ਗੰਗਾ ਨੂੰ ਇਕ ਗੱਲ ਤਾਂ ਤੈਅ ਕਰ ਲੈਣੀ ਹੋਵੇਗੀ ਕਿ ਹੁਣ ਮੈਂ ਨਹੀਂ ਹਾਂ। ਹੱਦ ਛੱਡ ਦੇਣੀ ਹੋਵੇਗੀ।

ਫਿਰ ਹੱਦਾਂ ਕਿਸੇ ਵੀ ਤਰ੍ਹਾਂ ਦੀਆਂ ਹੋਣ, ਸਾਰੀਆਂ ਹੱਦਾਂ ਮਨੁੱਖ ਨੂੰ ਜੇਲ੍ਹਖ਼ਾਨੇ ਵਿਚ ਪਾਉਂਦੀਆਂ ਹਨ, ਜ਼ੰਜੀਰਾਂ ਨਾਲ ਬੰਨ੍ਹਦੀਆਂ ਹਨ। ਹਿੰਦੂ ਹੋ ਤਾਂ ਤੁਸੀਂ ਇਕ ਜ਼ੰਜੀਰ ਪਹਿਨ ਲਈ; ਈਸਾਈ ਹੋ ਤਾਂ ਦੂਜੀ ਜ਼ੰਜੀਰ ਪਹਿਨ ਲਈ। ਕਿਉਂਕਿ ਆਪਣੇ-ਆਪ ਨੂੰ ਛੋਟਾ ਕਰਦੇ ਹੋ? ਵੱਡੇ ਨਾਲ ਮਿਲਣ ਚੱਲੇ ਹੋ, ਵਿਰਾਟ ਨਾਲ ਮਿਲਣ ਚੱਲੇ ਹੋ, ਕਿਉਂ ਆਪਣੇ-ਆਪ ਨੂੰ ਨਿਗੂਣੇ ਨਾਲ ਬੰਨ੍ਹਦੇ ਹੋ? ਭਾਰਤੀ ਹੋ, ਖੁੰਝੋਗੇ, ਚੀਨੀ ਹੋ, ਖੁੰਝੋਗੇ।

ਅਤੇ ਸਾਡੀ ਤਾਂ ਹੱਦ ਹੈ। ਹਿੰਦੂ ਹੋਣ ਨਾਲ ਵੀ ਸਾਡਾ ਕੰਮ ਨਹੀਂ ਚਲਦਾ, ਉਹ ਵੀ ਵੱਡੀ ਹੱਦ ਮਲੂਮ ਹੁੰਦੀ ਹੈ। ਉਸ ਵਿਚ ਵੀ ਕੋਈ ਬ੍ਰਾਹਮਣ ਹੈ, ਕੋਈ ਸ਼ੂਦਰ ਹੈ। ਬ੍ਰਾਹਮਣ ਹੋਣ ਨਾਲ ਵੀ ਸਾਡਾ ਕੰਮ ਨਹੀਂ ਚਲਦਾ; ਉਹ ਵੀ ਵੱਡੀ ਹੱਦ ਮਲੂਮ ਹੁੰਦੀ ਹੈ। ਤਾਂ ਉਸ ਵਿਚ ਕੋਈ ਕਾਨਕੁੱਬਜ ਬ੍ਰਾਹਮਣ ਹੈ, ਕੋਈ ਕੋਕਨਸੱਥ ਹੈ, ਕੋਈ ਦੇਸ਼ਸੱਥ ਹੈ, ਅਤੇ ਉਸ ਵਿਚ ਵੀ ਫਿਰ ਹੱਦਾਂ ਹਨ, ਹੱਦਾਂ ਹਨ, ਹੋਰ ਹੱਦਾਂ ਹਨ। ਤੁਸੀਂ ਛੋਟੇ ਤੋਂ ਛੋਟੇ ਹੁੰਦੇ ਚਲੇ ਜਾਂਦੇ ਹੋ।

ਅਤੇ ਅਣਹੱਦ ਦੀ ਤਲਾਸ਼ 'ਤੇ ਚੱਲੇ ਹੋ। ਅਤੇ ਪਰਮਾਤਮਾ ਨੂੰ ਪੁਕਾਰਨਾ ਚਾਹੁੰਦੇ ਹੋ : ਹਰਿ ਬੋਲੋ ਹਰਿ ਬੋਲ! ਹਿੰਦੂ ਰਹਿ ਕੇ ਹਰੀ ਨੂੰ ਪੁਕਾਰਨਾ ਚਾਹੁੰਦੇ ਹੋ? ਤੁਹਾਡੀ ਪੁਕਾਰ ਨਹੀਂ ਪਹੁੰਚੇਗੀ। ਇੰਨੀਆਂ ਸੰਕੀਰਨ ਪੁਕਾਰਾਂ ਨਹੀਂ ਪਹੁੰਚਦੀਆਂ। ਪੁਕਾਰ ਵਿਰਾਟ ਨਾਲ ਜੋੜਨੀ ਹੈ ਤਾਂ ਪੁਕਾਰ ਹਿਰਦੇ ਨਾਲ ਜੁੜਨੀ ਚਾਹੀਦੀ ਹੈ। ਅਤੇ ਮਜ਼ਾ ਅਜੇਹਾ ਹੈ ਕਿ ਮੁਸਲਮਾਨਾਂ ਦੀ ਕਿਤਾਬ ਵੀ ਕਹਿੰਦੀ ਹੈ ਕਿ ਪਰਮਾਤਮਾ ਅਸੀਮ ਹੈ ਅਤੇ ਹਿੰਦੂਆਂ ਦੀ ਕਿਤਾਬ ਵੀ ਕਹਿੰਦੀ ਹੈ ਕਿ ਪਰਮਾਤਮਾ ਅਸੀਮ ਹੈ। ਅਤੇ ਹਿੰਦੂ ਵੀ ਦੁਹਰਾਉਂਦੇ ਹਨ ਕਿ ਪਰਮਾਤਮਾ ਅਸੀਮ ਹੈ ਅਤੇ ਮੁਸਲਮਾਨ ਵੀ ਦੁਹਰਾਉਂਦੇ ਹਨ ਕਿ ਪਰਮਾਤਮਾ ਅਸੀਮ ਹੈ। ਲੇਕਿਨ ਦੁਹਰਾਉਣ ਤੋਂ ਉਹਨਾਂ ਨੂੰ ਇਹ ਗੱਲ ਯਾਦ ਨਹੀਂ ਆਉਂਦੀ ਕਿ ਅਸੀਂ ਕਦੋਂ ਅਸੀਮ ਹੋਵਾਂਗੇ। ਜੇਕਰ ਪਰਮਾਤਮਾ ਅਸੀਮ ਹੈ ਅਤੇ ਅਸੀਂ ਉਸ ਨਾਲ ਜੁੜਨਾ ਚਾਹੁੰਦੇ ਹਾਂ ਤਾਂ ਕੁਝ ਤਾਂ ਉਸਦਾ ਰੰਗ ਲਈਏ, ਕੁਝ ਤਾਂ ਉਸਦਾ ਰੂਪ ਲਈਏ, ਕੁਝ ਤਾਂ ਉਸਦਾ ਢੰਗ ਲਈਏ, ਕੁਝ ਤਾਂ ਉਸਦੀ ਹਵਾ ਵਗਣ ਦੇਈਏ ਆਪਣੇ ਅੰਦਰ।

ਲੋਕ ਸੰਕੀਰਨ ਹੋ ਗਏ ਹਨ, ਅਤੇ ਜਿੰਨੇ ਸੰਕੀਰਨ ਹੋ ਗਏ ਹਨ ਉਨੇ ਹੀ ਪਰਮਾਤਮਾ ਤੋਂ ਦੂਰ ਹੋ ਗਏ ਹਨ। ਤੁਸੀਂ ਦੇਹ ਵਿਚ ਹੀ ਬੱਧੇ ਨਹੀਂ ਹੋ, ਦੇਹ ਨਾਲੋਂ ਵੀ ਵੱਡੇ ਬੰਧਨ ਤੁਹਾਡੇ ਮਨ ਵਿਚ ਹਨ। ਤੁਸੀਂ ਉਥੇ ਤੈਅ ਕਰ ਰਖਿਆ ਹੈ ਕਿ ਝੁਕਾਂਗੇ ਤਾਂ ਮਸਜਿਦ ਵਿਚ, ਝੁਕਾਂਗੇ ਤਾਂ ਗੁਰਦੁਆਰੇ ਵਿਚ। ਝੁਕਣ ਉਤੇ ਵੀ ਹੱਦਬੰਦੀ ਲਾ ਲਈ।

ਇਹ ਅਕਾਸ਼ ਕਿਸਦਾ ਹੈ? ਚੰਦ-ਤਾਰੇ ਕਿਸਦੇ ਹਨ? ਇਹ ਬਿਰਛ, ਇਹ ਪੰਛੀ, ਇਹ ਲੋਕ ਕਿਸਦੇ ਹਨ? ਝੁਕਣ ਵਿਚ ਕਿਉਂ ਹੱਦ ਲਾ ਰਹੇ ਹੋ? ਜਿਥੇ ਖੜ੍ਹੇ ਹੋ ਉਥੇ-ਈ ਝੁਕੋ; ਜਿਥੇ ਬੈਠੇ ਹੋ, ਉਥੇ-ਈ ਝੁਕੋ। ਧਰਤੀ ਦਾ ਹਰੇਕ ਕਿਣਕਾ ਉਸਦਾ ਤੀਰਥ ਹੈ। ਸਭ ਪੱਥਰ ਕਾਅਬਾ ਦੇ ਪੱਥਰ ਹਨ, ਅਤੇ ਸਭ ਘਾਟ ਕਾਸ਼ੀ ਦੇ ਘਾਟ ਹਨ। ਕੈਲਾਸ਼ ਹੀ

ਕੈਲਾਸ਼ ਹੈ। ਚਲਦੇ ਉਥੇ-ਈ ਹੋ। ਉਠਦੇ ਉਥੇ-ਈ ਹੋ, ਜੀਂਦੇ ਉਥੇ-ਈ ਹੋ, ਮਰਦੇ ਉਥੇ-ਈ ਹੋ। ਹੱਦਾਂ ਤੋੜੋ। ਸੁੰਦਰਦਾਸ ਠੀਕ ਕਹਿੰਦੇ ਹਨ—ਹਿੰਦੂ ਕੀ ਹਦਿ ਛਾਡਿਕੈ। ਹੱਦ ਛੱਡ ਦਿਤੀ ਹਿੰਦੂ ਦੀ, ਉਸ ਦਿਨ ਜਾਣਿਆਂ। ਹੱਦ ਛੱਡਦਿਆਂ ਹੀ ਗਿਆਨ ਦਾ ਉਤਾਰਾ ਹੁੰਦਾ ਹੈ। ਤਜੀ ਤੁਰਕ ਕੀ ਰਾਹ। ਅਤੇ ਮੁਸਲਮਾਨ ਦਾ ਰਾਹ ਵੀ ਛੱਡ ਦਿਤਾ। ਪਰਮਾਤਮਾ ਰਾਹ ਤੋਂ ਬੇੜ੍ਹਾ-ਈ ਪਾਣਾ ਹੁੰਦਾ ਹੈ।

ਰਾਂਹ ਤਾਂ ਬਾਹਰ ਜਾਣ ਦੇ ਲਈ ਹੁੰਦਾ ਹੈ, ਅੰਦਰ ਜਾਣ ਦਾ ਕੋਈ ਰਾਹ ਨਹੀਂ ਹੁੰਦਾ। ਮਾਰਗ ਤਾਂ ਦੂਰ ਨਾਲ ਜੋੜਨ ਦੇ ਲਈ ਹੁੰਦੇ ਹਨ। ਜੋ ਨੇੜੇ ਤੋਂ ਵੀ ਨੇੜੇ ਹੈ ਉਸਨੂੰ ਜੋੜਨ ਦੇ ਲਈ ਕਿਸ ਮਾਰਗ ਦੀ ਜ਼ਰੂਰਤ ਹੈ? ਚੱਲੇ ਕਿ ਭਟਕੇ! ਰੁਕੋ। ਸਭ ਰਾਹ ਜਾਣ ਦਿਉ। ਸਾਰੇ ਪੰਥ ਜਾਣ ਦਿਉ। ਤੁਸੀਂ ਤਾਂ ਅੱਖ ਬੰਦ ਕਰੋ, ਅਪੰਥੀ ਹੋ ਜਾਉ, ਅਮਾਰਗੀ ਹੋ ਜਾਉ। ਪਰਮਾਤਮਾ ਦੂਰ ਨਹੀਂ ਹੈ ਕਿ ਰਸਤਾ ਬਨਾਉਣਾ ਪਵੇ। ਪਰਮਾਤਮਾ ਤੁਹਾਡੇ ਅੰਦਰਲੇ-ਅੰਦਰ ਬਰਾਜਮਾਨ ਹ। ਕੋਈ ਰਸਤਾ ਬਨਾਉਣ ਦੀ ਜ਼ਰੂਰਤ ਨਹੀਂ ਹੈ, ਤੁਸੀਂ ਉਥੇ ਹੋ ਹੀ। ਸਿਰਫ ਅੱਖ ਖੋਲ੍ਹਣੀ ਹੈ। ਸਿਰਫ ਬੋਧ ਜਗਾਉਣਾ ਹੈ। ਸਿਰਫ ਚੇਤਾ ਕਰਨਾ ਹੈ—ਹਰਿ ਬੋਲੌ ਹਰਿ ਬੋਲ। ਤੁਸੀਂ ਮਤਲਬ ਸਮਝਦੇ ਹੋ?

ਇਸਦਾ ਮਤਲਬ ਹੈ ਕਿ ਬਸ ਇੰਨੇ ਨਾਲ ਹੀ ਹੋ ਜਾਏਗਾ, ਚੇਤੇ-ਮਾਤਰ ਨਾਲ ਹੋ ਜਾਏਗਾ। ਸੁਰਤਿ ਕਾਫੀ ਹੈ। ਆਦਮੀ ਨੇ ਪਰਮਾਤਮਾ ਨੂੰ ਖੋਇਆ ਨਹੀਂ ਹੈ। ਖੋ ਦਿੰਦਾ ਤਾਂ ਬੜੀ ਮੁਸ਼ਕਲ ਹੋ ਜਾਂਦੀ। ਖੋ ਦਿੰਦਾ ਤਾਂ ਕਿਥੇ ਖੋਜਦੇ? ਕਿਵੇਂ ਖੋਜਦੇ ਇਸ ਵਿਰਾਟ ਵਿਚ, ਜੇ ਖੋ ਦਿੰਦੇ?

ਮੁਸ਼ਕਲ ਨਾਲ ਚੰਦ ਤਕ ਪਹੁੰਚ ਪਾਏ ਹੋ। ਵਜੂਦ ਬਹੁਤ ਵੱਡਾ ਹੈ।

ਪਹਿਲੇ ਤਾਰੇ ਉਤੇ ਪਹੁੰਚਣ ਦੇ ਲਈ ਕਿੰਨਾ ਸਮਾਂ ਲੱਗੇ ਜੇਕਰ ਸਾਡੇ ਕੋਲ ਅਜੇਹ ਯਾਨ ਹੋਣ ਜੋ ਪ੍ਰਕਾਸ਼ ਦੀ ਗਤੀ ਨਾਲ ਚੱਲਣ? ਪ੍ਰਕਾਸ਼ ਦੀ ਗਤੀ ਬਹੁਤ ਹੈ—ਇਕ ਲੱਖ ਛਿਆਸੀ ਹਜ਼ਾਰ ਮੀਲ ਫੀ ਸਕਿਂਟ! ਉਸ ਵਿਚ ਸੱਠ ਦਾ ਗੁਣਾਂ ਕਰਨਾ, ਤਾਂ ਇਕ ਮਿੰਟ ਵਿਚ ਪ੍ਰਕਾਸ਼ ਉਂਨਾ ਚਲਦਾ ਹੈ। ਫਿਰ ਉਸ ਵਿਚ ਚੌਵੀ ਦਾ ਗੁਣਾ ਕਰਨਾ। ਚੌਵੀ ਘੰਟੇ ਵਿਚ ਉਂਨਾ ਚਲਦਾ ਹੈ। ਫਿਰ ਉਸ ਵਿਚ ਤਿੰਨ ਸੌ ਪੈਂਹਠ ਦਾ ਗੁਣਾਂ ਕਰਨਾ। ਤਾਂ ਉਹ ਸਭ ਤੋਂ ਛੋਟਾ ਪ੍ਰਕਾਸ਼ ਦਾ ਪੈਮਾਨਾ ਹੈ—ਇਕ ਪ੍ਰਕਾਸ਼-ਵਰ੍ਹਾ। ਪ੍ਰਕਾਸ਼ ਨੂੰ ਨਾਪਣ ਦਾ ਉਹ ਤਰਾਜੂ ਹੈ। ਸਭ ਤੋਂ ਛੋਟਾ ਨਾਪ, ਜਿਵੇਂ ਸੋਨੇ ਨੂੰ ਰੱਤੀ ਨਾਲ ਨਾਪਦੇ ਹਨ ਅਜੇਹੀ ਉਹ ਰੱਤੀ ਹੈ। ਇਕ ਸਾਲ ਵਿਚ ਜਿੰਨਾ ਪ੍ਰਕਾਸ਼ ਚਲਦਾ ਹੈ, ਉਹ ਸਭ ਤੋਂ ਛੋਟਾ ਪੈਮਾਨਾ ਹੈ। ਅਤੇ ਇਕ ਸਕਿੰਟ ਵਿਚ ਇਕ ਲੱਖ ਛਿਆਸੀ ਹਜ਼ਾਰ ਮੀਲ ਚਲਦਾ ਹੈ। ਜੇਕਰ ਸਾਡੇ ਕੋਲ ਪ੍ਰਕਾਸ਼ ਦੀ ਗਤੀ ਨਾਲ ਚੱਲਣ ਵਾਲੇ ਯਾਨ ਹੋਣ ਜਿਸਦੀ ਅਜੇ ਕੋਈ ਸੰਭਾਵਨਾ ਦਿਖਾਈ ਨਹੀਂ ਪੈਂਦੀ, ਤਾਂ ਸਭ ਤੋਂ ਨੇੜਲੇ ਤਾਰੇ 'ਤੇ ਪਹੁੰਚਣ ਵਿਚ ਚਾਲੀ ਸਾਲ ਲੱਗਣਗੇ। ਅਤੇ ਇਹ ਨੇੜੇ ਦਾ ਤਾਰਾ ਹੈ।

ਫਿਰ ਇਸ ਤੋਂ ਹੋਰ ਦੂਰ ਤਾਰੇ ਹਨ, ਬਹੁਤ ਦੂਰ ਤਾਰੇ ਹਨ। ਅਜੇਹੇ ਤਾਰੇ ਜਿਨ੍ਹਾਂ ਤਕ ਪਹੁੰਚਣ ਵਿਚ ਅਰਬਾਂ-ਖਰਬਾਂ ਸਾਲ ਲੱਗਣਗੇ। ਜੀਵੇਗਾ ਕਿਥੇ ਆਦਮੀ? ਅਜੇਹੇ ਤਾਰੇ ਹਨ ਜਿਨ੍ਹਾਂ ਦੀ ਰੋਸ਼ਨੀ ਚੱਲੀ ਸੀ ਉਸ ਦਿਨ ਜਦ

ਪ੍ਰਿਥਵੀ ਬਣੀ; ਅਜੇ ਤਕ ਪਹੁੰਚੀ ਨਹੀਂ। ਅਤੇ ਅਜੇਹੇ ਤਾਰੇ ਹਨ ਜਿਨ੍ਹਾਂ ਦੀ ਰੋਸ਼ਨੀ ਤਦ ਚੱਲੀ ਸੀ ਜਦ ਪ੍ਰਿਥਵੀ ਨਹੀਂ ਬਣੀ ਸੀ ਅਤੇ ਤਦ ਪਹੁੰਚੇਗੀ ਜਦ ਪ੍ਰਿਥਵੀ ਮਿਟ ਚੁੱਕੀ ਹੋਵੇਗੀ। ਉਹਨਾਂ ਤਾਰਿਆਂ ਦੀ ਰੋਸ਼ਨੀ ਦਾ ਮਿਲਣਾ ਹੀ ਨਹੀਂ ਹੋਵੇਗਾ ਪ੍ਰਿਥਵੀ ਨਾਲ। ਪ੍ਰਿਥਵੀ ਨੂੰ ਬਣਿਆਂ ਕਰੋੜਾਂ ਵਰ੍ਹੇ ਹੋ ਗਏ ਅਤੇ ਕਰੋੜਾਂ ਵਰ੍ਹੇ ਅਜੇ ਜਿਉਂ ਸਕਦੀ ਹੈ ਜੇ ਆਦਮੀ ਹਲਕ ਨਾ ਜਾਵੇ। ਜਿਸਦੀ ਸੰਭਾਵਨਾ ਬਹੁਤ ਜ਼ਿਆਦਾ ਹੈ ਕਿ ਆਦਮੀ ਪਾਗਲ ਹੋ ਜਾਏਗਾ ਅਤੇ ਆਪਣੇ-ਆਪ ਨੂੰ ਤਬਾਹ ਕਰ ਲਵੇਗਾ। ਤਾਂ ਉਹਨਾਂ ਤਾਰਿਆਂ ਦੀ ਰੋਸ਼ਨੀ ਨੂੰ ਪਤਾ ਨਹੀ ਲੱਗੇਗਾ ਕਿ ਇਸ ਦਰਮਿਆਨ ਪ੍ਰਿਥਵੀ ਬਣੀ, ਗਈ, ਖੋ ਗਈ; ਕਦੇ ਸੀ ਜਾਂ ਨਹੀਂ। ਉਹਨਾਂ ਤਕ ਅਸੀਂ ਕਿਵੇਂ ਪਹੁੰਚਾਂਗੇ?

ਉਸਦੇ ਪਾਰ ਵੀ ਵਿਸਥਾਰ ਹੈ। ਵਿਸਥਾਰ ਅੰਤਹੀਣ ਹੈ। ਜੇ ਪਰਮਾਤਮਾ ਖੋ ਜਾਵੇ ਤਾਂ ਕਿਥੇ ਖੋਜਾਂਗੇ, ਕਿਵੇਂ ਖੋਜਾਂਗੇ, ਕਿਸ ਤੋਂ ਪੁੱਛਾਂਗੇ ਉਸਦਾ ਪਤਾ-ਟਿਕਾਣਾ? ਨਹੀਂ, ਅਸੰਭਵ ਹੋ ਜਾਏਗੀ ਗੱਲ ਫਿਰ! ਪਰਮਾਤਮਾ ਮਿਲ ਜਾਂਦਾ ਹੈ, ਕਿਉਂਕਿ ਖੋਇਆ ਨਹੀਂ ਹੈ। ਮੇਰੀ ਇਸ ਗੱਲ ਨੂੰ ਖ਼ੂਬ ਗੰਢ ਬੰਨ੍ਹ ਕੇ ਰਖ ਲੈਣਾ : ਪਰਮਾਤਮਾ ਮਿਲਦਾ ਹੈ, ਕਿਉਂਕਿ ਖੋਇਆ ਨਹੀਂ। ਮਿਲਿਆ ਹੀ ਹੋਇਆ ਹੈ ਇਸਲਈ ਮਿਲਦਾ ਹੈ : ਸਿਰਫ਼ ਯਾਦ ਖੋ ਗਈ ਹੈ, ਪਰਮਾਤਮਾ ਨਹੀਂ ਖੋਇਆ ਹੈ। ਹੀਰਾ ਖੀਸਿਆਂ ਵਿਚ ਪਿਆ ਹੈ, ਤੁਸੀਂ ਭੁੱਲ ਗਏ ਹੋ। ਕਦੇ-ਕਦੇ ਹੋ ਜਾਂਦਾ ਹੈ ਨਾ, ਆਦਮੀ ਐਨਕ ਅੱਖਾਂ 'ਤੇ ਲਾਈ ਰਖਦਾ ਹੈ ਅਤੇ ਐਨਕ ਹੀ ਲੱਭਣ ਲਗਦਾ ਹੈ; ਕਲਮ ਕੰਨ 'ਚ ਟੁੰਗ ਲੈਂਦਾ ਹੈ ਅਤੇ ਕਲਮ ਭਾਲਣ ਲਗਦਾ ਹੈ। ਅਜੇਹੀ ਹੀ ਦਸ਼ਾ ਹੈ, ਵਿੱਸਰਨਾ ਹੋਇਆ ਹੈ।

'ਹਰਿ ਬੋਲੌ ਹਰਿ ਬੋਲ' ਵਿਚ ਇਹੀ ਤੁਹਾਨੂੰ ਯਾਦ ਦਿਵਾਇਆ ਜਾ ਰਿਹਾ ਹੈ। ਜੇਕਰ ਤੁਸੀਂ ਪੁਕਾਰ ਲਵੋ ਮਨ ਭਰ ਕੇ, ਪੂਰੇ ਹਿਰਦੇ ਨਾਲ, ਰੋਮ-ਰੋਮ ਨਾਲ, ਸੁਆਸ-ਸੁਆਸ ਨਾਲ 'ਤਾਂ ਬਸ ਗੱਲ ਹੋ ਜਾਏਗੀ। ਹੋਰ ਕੁਝ ਕਰਨਾ ਨਹੀਂ ਹੈ।

ਹਿੰਦੂ ਕੀ ਹਦਿ ਛਾਡਿਕੈ, ਤਜੀ ਤੁਰਕ ਕੀ ਰਾਹ।

ਸੁੰਦਰ ਸਹਜੈ ਚੀਨ੍ਹਿਯਾਂ... ਅਤੇ ਜਿਵੇਂ ਹੀ ਹਿੰਦੂ ਨੂੰ ਛਡਿਆ, ਮੁਸਲਮਾਨ ਨੂੰ ਛਡਿਆ, ਸਹਿਜ ਹੀ ਉਸਦੀ ਪਛਾਣ ਆ ਗਈ। ਇਹਨਾਂ ਹੀ ਵਜ੍ਹਾ ਨਾਲ ਪਛਾਣ ਅਟਕੀ ਸੀ। ਤੁਸੀਂ ਜ਼ਰਾ ਮੁਸ਼ਕਲ ਵਿਚ ਪਓਗੇ। ਮੇਰੀ ਗੱਲ ਤੁਹਾਨੂੰ ਜ਼ਰਾ ਹੋਰ ਝੰਜਟ ਵਿਚ ਪਾਏਗੀ। ਹਿੰਦੂ ਹੋਣ ਦੀ ਵਜ੍ਹਾ ਨਾਲ ਰੁਕਾਵਟ ਪੈ ਰਹੀ ਹੈ। ਤੁਹਾਡੇ ਵੇਦ ਵਿਚਾਲੇ ਆ ਰਹੇ ਹਨ। ਤੁਹਾਡੀ ਗੀਤਾ, ਤੁਹਾਡੀ ਰਾਮਾਇਣ ਵਿਚਾਲੇ ਆ ਰਹੀ ਹੈ। ਤੁਹਾਡੇ ਰਾਮ-ਕ੍ਰਿਸ਼ਨ ਵਿਚਾਲੇ ਆ ਰਹੇ ਹਨ। ਮੁਸਲਮਾਨ ਹੋਣ ਨਾਲ ਰੁਕਾਵਟ ਪੈ ਰਹੀ ਹੈ। ਤੁਹਾਡੀ ਕੁਰਾਨ ਵਿਚਾਲੇ ਆ ਰਹੀ ਹੈ। ਤੁਹਾਡੀ ਨਮਾਜ਼ ਵਿਚਾਲੇ ਆ ਰਹੀ ਹੈ। ਤੁਹਾਡੀ ਮਸਜਿਦ, ਤੁਹਾਡੇ ਮੌਲਵੀ ਵਿਚਾਲੇ ਆ ਰਹੇ ਹਨ। ਉਸਦੀ ਯਾਦ ਦੇ ਲਈ ਕਿਸੇ ਵਿਚੋਲੇ ਦੀ ਕੋਈ ਲੋੜ ਨਹੀਂ ਹੈ। ਉਸਦੀ ਯਾਦ ਤਾਂ ਸਿੱਧੀ ਉਠਣੀ ਚਾਹੀਦੀ ਹੈ। ਉਸਦੀ ਯਾਦ ਦੇ ਲਈ ਤੁਹਾਨੂੰ ਕਿਸੇ ਸ਼ਾਸਤਰ ਵਿਚ ਜਾਣ ਦੀ ਕੋਈ ਲੋੜ ਨਹੀਂ ਹੈ। ਆਪਣੇ ਅੰਦਰ ਜਾਣਾ ਹੈ। ਸ਼ਾਸਤਰ ਵਿਚ ਨਹੀਂ, ਆਪਣੇ ਵਿਚ ਜਾਣਾ ਹੈ। ਇਸਲਈ

ਮੈਂ ਕਹਿੰਦਾ ਹਾਂ, ਇਹ ਬਚਨ ਬਹੁਤ ਅਨੋਖਾ ਹੈ—

ਹਿੰਦੂ ਕੀ ਹਦਿ ਛਾੜਿਕੈ, ਤਜੀ ਤੁਰਕ ਕੀ ਰਾਹ।

ਸੁੰਦਰ ਸਹਿਜੈ ਚੀਨਿਯਾਂ...। ਅਤੇ ਸਹਿਜੇ ਹੀ ਪਛਾਣ ਹੋ ਗਈ। ਇਹਨਾਂ ਦੀ ਹੀ ਵਜ੍ਹਾ ਨਾਲ ਪਛਾਣ ਨਹੀਂ ਹੋ ਰਹੀ ਸੀ। ਹੁਣ ਜਿਸਨੇ ਸੋਚ ਰਖਿਆ ਹੈ ਕਿ ਭਗਵਾਨ ਤਾਂ ਉਹੀ ਹੈ ਜੋ ਮੰਦਰ ਵਿਚ ਧਨੁਸ਼–ਬਾਣ ਲਈ ਖੜ੍ਹੇ ਹਨ—ਰਾਮ ਹੀ ਭਗਵਾਨ ਹੈ—ਇਸਨੂੰ ਅੜਿੱਚਣ ਹੋਵੇਗੀ। ਇਹੀ ਮੂਰਤੀ ਇਹਦੇ ਲਈ ਰੁਕਾਵਟ ਬਣੇਗੀ। ਇਹੀ ਆਕਾਰ ਨਿਰਾਕਾਰ ਵਿਚ ਨਾ ਜਾਣ ਦੇਵੇਗਾ। ਇਹ ਜਿਸਨੇ ਸੋਚਿਆ ਹੈ, ਭਗਵਾਨ ਤਾਂ ਉਹੀ ਜੋ ਮੋਰ–ਮੁਕਟ ਬੰਨ੍ਹੀਂ ਮੰਦਰ ਵਿਚ ਖੜ੍ਹੇ ਹਨ, ਬੰਸਰੀ ਵਜਾ ਰਹੇ ਹਨ, ਹੁਣ ਇਹ ਜਿਸ ਤਲਾਸ਼ ਵਿਚ ਚੱਲ ਪਿਆ ਇਹ ਕਲਪਨਾ ਦੀ ਤਲਾਸ਼ ਹੈ।

ਅਜੇਹਾ ਨਹੀਂ ਕਿ ਕ੍ਰਿਸ਼ਨ ਕਦੇ ਹੋਏ ਨਹੀਂ। ਹੋ ਵੀ ਗਏ, ਉਠੀ ਲਹਿਰ, ਉਹ ਨਾਚ ਵੀ ਹੋਇਆ, ਉਹ ਬੰਸਰੀ ਵੀ ਵੱਜੀ, ਅਤੇ ਖੋ ਵੀ ਗਏ। ਉਹਨਾਂ ਨੂੰ ਅਸੀਂ ਭਗਵਾਨ ਕਿਹਾ, ਕਿਉਂਕਿ ਉਹਨਾਂ ਵਿਚ ਸਾਗਰ ਦੀ ਝਲਕ ਸਾਨੂੰ ਸੁਣਾਈ ਪਈ, ਸਾਗਰ ਦੀ ਮਹਿਮਾ ਦਾ ਸਾਨੂੰ ਉਹਨਾਂ ਵਿਚ ਥੋੜ੍ਹਾ–ਜਿਹਾ ਬੋਧ ਹੋਇਆ। ਅਸੀਂ ਉਹਨਾਂ ਨੂੰ ਭਗਵਾਨ ਕਿਹਾ। ਠੀਕ ਕਿਹਾ। ਲੇਕਿਨ ਮੰਦਰ ਵਿਚ ਉਹਨਾਂ ਦੀ ਮੂਰਤੀ ਰਖ ਕੇ ਬੈਠੋਗੇ ਤਾਂ ਖੁੰਝਣਾ ਹੋ ਜਾਏਗਾ। ਉਹ ਲਹਿਰ ਦੀ ਮੂਰਤੀ ਹੈ, ਸਾਗਰ ਦੀ ਨਹੀਂ। ਸਾਗਰ ਦੀ ਕੋਈ ਮੂਰਤੀ ਨਹੀਂ ਹੁੰਦੀ। ਸਾਗਰ ਵਿਰਾਟ ਹੈ। ਲਹਿਰ ਤੋਂ ਸਾਗਰ ਨੂੰ ਪਛਾਣ ਲਵੋ ਬਸ। ਲਹਿਰ ਦਾ ਸਾਥ ਮਿਲ ਜਾਵੇ ਤਾਂ ਥੋੜ੍ਹੀ ਦੂਰ ਤਕ ਚੱਲ ਲਵੋ, ਔਪਰ ਲਹਿਰ ਨੂੰ ਪੂਜਦੇ ਨਾ ਬੈਠ ਰਹੋ। ਸਦੀਆਂ ਬੀਤ ਗਈਆਂ ਹਨ, ਅਤੇ ਹੁਣ ਤੁਸੀਂ ਲਹਿਰ ਨੂੰ ਹੀ ਪੂਜ ਰਹੇ ਹੋ। ਹੁਣ ਉਹ ਲਹਿਰ ਕਿਥੇ ਹੈ ? ਕਦੋਂ ਦੀ ਸਾਗਰ ਵਿਚ ਖੋ ਗਈ ਹੈ ਅਤੇ ਲੀਨ ਹੋ ਗਈ ਹੈ, ਕਦੋਂ ਦੀ ਵਿਰਾਟ ਵਿਚ ਇਕ ਹੋ ਗਈ ! ਵਿਰਾਟ ਵਿਚ ਇਕ ਹੋ ਗਏ ਸੀ, ਇਸੇਲਈ ਤਾਂ ਅਸੀਂ ਉਹਨਾਂ ਨੂੰ ਭਗਵਾਨ ਕਿਹਾ ਸੀ। ਆਪਣਾ–ਪਣ ਛੱਡ ਦਿਤਾ ਸੀ, ਆਪਾ ਛੱਡ ਦਿਤਾ ਸੀ, ਇਸਲਈ ਭਗਵਾਨ ਕਿਹਾ ਸੀ। ਕੋਈ ਹੰਕਾਰ–ਭਾਵ ਨਹੀਂ ਰਹਿ ਗਿਆ ਸੀ, ਇਸਲਈ ਭਗਵਾਨ ਕਿਹਾ ਸੀ। ਦੇਹ ਡਿਗ ਗਈ ਤਾਂ ਅੰਦਰ ਤਾਂ ਸ਼ੂਨਯ ਹੋ ਹੀ ਗਏ ਸੀ। ਦੇਹ ਦੇ ਡਿਗਦਿਆਂ ਹੀ ਸ਼ੂਨਯ ਸ਼ੂਨਯ ਵਿਚ ਮਿਲ ਗਿਆ, ਅਕਾਸ਼ ਅਕਾਸ਼ ਵਿਚ ਖੋ ਗਿਆ। ਘੜਾ ਫੁੱਟ ਗਿਆ। ਤੁਸੀਂ ਕਿਸ ਦੀਆਂ ਗੱਲਾਂ ਕਰ ਰਹੇ ਹੋ ? ਹੁਣ ਘੜੇ ਦੀ ਮੂਰਤੀ ਬਣਾ ਕੇ ਬੈਠੇ ਹੋ ! ਉਸਦੀ ਪੂਜਾ ਵਿਚ ਲੱਗੇ ਹੋ ! ਉਹੀ ਰੁਕਾਵਟ ਬਣ ਰਹੀ ਹੈ।

ਬੁੱਧ ਨੇ ਕਿਹਾ ਹੈ, ਜੇਕਰ ਮੈਂ ਵੀ ਤੁਹਾਡੇ ਮਾਰਗ ਉਤੇ ਆ ਜਾਵਾਂ ਤਾਂ ਤੁਸੀਂ ਤਲਵਾਰ ਚੁੱਕ ਕੇ ਮੇਰੇ ਦੋ ਟੁਕੜੇ ਕਰ ਦੇਣਾ।

ਮੈਨੂੰ ਕੁਝ ਦਿਨ ਪਹਿਲਾਂ ਅਮਰੀਕਾ ਤੋਂ ਇਕ ਚਿੱਠੀ ਮਿਲੀ। ਕਿਤੇ ਮੈਂ ਬੁੱਧ ਦੇ ਇਸ ਬਚਨ ਦਾ ਜ਼ਿਕਰ ਕੀਤਾ ਹੈ : ਇਫ ਯੂ ਮੀਟ ਮੀ ਆੱਨ ਦਿ ਵੇ, ਕਿਲ ਮੀ। ਕਿਸੇ ਨੇ ਬੜੇ ਕ੍ਰੋਧ ਨਾਲ ਮੈਨੂੰ ਚਿੱਠੀ ਲਿਖੀ ਹੈ ਕਿ ਤੁਸੀਂ ਕੌਣ ਹੋ ? ਕਿਵੇਂ ਤੁਸੀਂ ਇਹ ਕਹਿ ਸਕਦੇ ਹੋ ਕਿ ਬੁੱਧ ਰਾਹ ਵਿਚ ਮਿਲ ਜਾਣ ਤਾਂ ਉਹਨਾਂ ਦੀ ਹੱਤਿਆ ਕਰ ਦੇਈਏ। ਉਸਨੂੰ ਪਤਾ ਨਹੀ

ਕਿ ਇਹ ਮੇਰਾ ਕਿਹਾ ਨਹੀਂ, ਇਹ ਬੁੱਧ ਦਾ ਹੀ ਕਿਹਾ ਹੋਇਆ ਹੈ, ਇਹ ਮੈਂ ਬੁੱਧ ਦੇ ਹੀ ਬਚਨ ਦਾ ਹਵਾਲਾ ਦਿਤਾ ਹੈ। ਉਸ ਆਦਮੀ ਨੂੰ ਬੜਾ ਕ੍ਰੋਧ ਆ ਗਿਆ ਹੈ ਕਿ ਕੋਈ ਇਹ ਕਿਵੇਂ ਕਹਿ ਸਕਦਾ ਹੈ। ਐਪਰ ਸਾਰੇ ਬੁੱਧਾਂ ਨੇ ਇਹੀ ਕਿਹਾ ਹੈ। ਕਹਿਣਗੇ ਹੀ! ਜੇ ਇਹ ਨਾ ਕਹਿ ਸਕਣ ਤਾਂ ਉਹ ਬੁੱਧ ਨਹੀਂ।

ਬੁੱਧਾਂ ਨੇ ਕਿਹਾ ਹੈ : ਸਾਥੋਂ ਪਾਰ ਲੰਘ ਜਾਉ, ਸਾਡੇ ਵਿਚ ਅਟਕ ਨਾ ਜਾਣਾ। ਅਸੀਂ ਦੁਆਰ ਹਾਂ, ਸਾਡੇ ਵਿਚੋਂ ਗੁਜ਼ਰ ਜਾਉ। ਸਾਡੇ 'ਤੇ ਰੁਕ ਨਾ ਜਾਣਾ। ਅਸੀਂ ਪੁਲ ਹਾਂ, ਉਸ ਪਾਰ ਲੰਘ ਜਾਉ। ਪੁਲ ਉਤੇ ਘਰ ਨਾ ਬਣਾ ਲੈਣਾ। ਐਪਰ ਤੁਸੀਂ ਪੁਲ ਉਤੇ ਘਰ ਬਣਾ ਲਿਆ। ਤੁਸੀਂ ਦੁਆਰ ਦੀ ਹੀ ਪੂਜਾ ਕਰਨ ਬੈਠੇ ਹੋ। ਤੁਸੀਂ ਭੁੱਲ ਹੀ ਗਏ ਹੋ ਕਿ ਦੁਆਰ ਲੰਘਣ ਲਈ ਹੈ, ਪਾਰ ਜਾਣ ਲਈ ਹੈ। ਦੁਆਰ ਦੇ ਪਾਰ ਜਾਣਾ ਹੈ। ਦੁਆਰ 'ਤੇ ਅਟਕ ਨਹੀਂ ਜਾਣਾ। ਕਿੰਨਾ ਹੀ ਸੋਹਣਾ ਹੋਵੇ ਦੁਆਰ, ਕਿੰਨੀ ਹੀ ਪਿਆਰੀ ਨੱਕਾਸ਼ੀ ਹੋਵੇ, ਅਤੇ ਬਹੁਮੁੱਲੀ ਤੋਂ ਬਹੁਮੁੱਲੀ ਲੱਕੜ ਦਾ ਬਣਿਆ ਹੋਵੇ, ਸੋਨੇ ਦਾ ਬਣਿਆ ਹੋਵੇ, ਕਿ ਚਾਂਦੀ ਦਾ ਬਣਿਆ ਹੋਵੇ, ਕਿ ਹੀਰੇ-ਜਵਾਹਰਾਤ ਜੜੇ ਹੋਣ, ਕਿੰਨਾ ਹੀ ਮੁੱਲਵਾਨ ਹੋਵੇ ਦੁਆਰ, ਐਪਰ ਦੁਆਰ ਦਾ ਅਰਥ ਹੀ ਹੁੰਦਾ ਹੈ : ਜਿਸ ਵਿਚੋਂ ਗੁਜ਼ਰ ਜਾਣਾ। ਅੱਗੇ ਕੁਝ ਹੈ। ਦੁਆਰ ਤੋਂ ਦੇਖੋ ਅਕਾਸ਼ ਅੱਗੇ ਤਕ।

ਸੁੰਦਰਦਾਸ ਕਹਿ ਰਹੇ ਹਨ: ਸੁੰਦਰ ਸਹਜੇ ਚੀਨ੍ਹਿਯਾਂ, ਏਕੈ ਰਾਮ ਅਲਾਹ। ਪਛਾਣ ਸਰਲਤਾ ਨਾਲ ਹੋ ਗਈ ਜਿਸ ਦਿਨ ਹਿੰਦੂ ਨਾ ਰਹੇ, ਜਿਸ ਦਿਨ ਮੁਸਲਮਾਨ ਨਾ ਰਹੇ। ਜਿਸ ਦਿਨ ਸੀਮਾ ਛੁੱਟੀ ਉਸ ਦਿਨ ਅਸੀਮ ਨਾਲ ਪਛਾਣ ਹੋ ਗਈ। ਅਸੀਮ ਨਾਲ ਪਛਾਣ ਹੋਣ ਵਿਚ ਰੁਕਾਵਟ ਹੀ ਕੀ ਹੈ? ਅਸੀਮ ਦੀ ਤਰਫ ਤੋਂ ਕੋਈ ਰੁਕਾਵਟ ਨਹੀਂ ਹੈ, ਤੁਹਾਡੀ ਤਰਫ ਤੋਂ ਰੁਕਾਵਟ ਹੈ। ਤੁਸੀਂ ਸੀਮਾ ਨੂੰ ਪਕੜੀ ਬੈਠੇ ਹੋ। ਸੀਮਾ ਨੂੰ ਜਾਣ ਦਿਓ, ਅਤੇ ਅਸੀਮ ਪ੍ਰਵਾਹਤ ਹੋਵੇਗਾ। ਅਤੇ ਉਸ ਅਸੀਮ ਦੇ ਹੀ ਸਭ ਨਾਂ ਹਨ। ਏਕੈ ਰਾਮ ਅਲਾਹ। ਅਤੇ ਤਦ ਤੁਸੀਂ ਜਾਣੋਗੇ, ਮੰਦਰ ਵਿਚ ਜੋ ਪੂਜਿਆ ਜਾ ਰਿਹਾ ਹੈ ਉਹ ਉਹੀ ਹੈ; ਅਤੇ ਮਸਜਿਦ ਵਿਚ ਜੋ ਪੂਜਿਆ ਜਾ ਰਿਹਾ ਹੈ ਉਹ ਉਹੀ ਹੈ। ਆਕਾਰ ਵਿਚ ਵੀ ਉਹੀ ਹੈ, ਨਿਰਾਕਾਰ ਵਿਚ ਵੀ ਉਹੀ ਹੈ। ਜੋ ਮੰਨਦੇ ਹਨ ਪਰਮਾਤਮਾ ਵਿਚ ਉਹ ਵੀ ਉਸਦੀ ਗੱਲ ਕਰ ਰਹੇ ਹਨ, ਅਤੇ ਜਿਵੇਂ ਬੁੱਧ ਅਤੇ ਮਹਾਂਵੀਰ ਜੋ ਨਹੀਂ ਮੰਨਦੇ ਹਨ ਪਰਮਾਤਮਾ ਵਿਚ, ਉਹ ਵੀ ਉਸੇ ਦੀ ਗੱਲ ਕਰ ਰਹੇ ਹਨ। ਹਾਂ ਵੀ ਉਸੇ ਦਾ ਰੂਪ ਹੈ, ਨਹੀਂ ਵੀ ਉਸੇ ਦਾ ਰੂਪ ਹੈ। ਕਿਉਂਕਿ ਉਹ ਦੂੰਧ ਦੇ ਪਾਰ ਹੈ। ਪਰ ਤੁਸੀਂ ਸੀਮਾ ਦੇ ਪਾਰ ਜਾਉਗੇ, ਅਸੀਮ ਦਾ ਸੁਆਦ ਮਿਲੇਗਾ, ਤਾਂ ਇਹ ਅਨੁਭਵ ਹੋਵੇਗਾ।

ਹੁਣ ਇਹ ਬੜੇ ਮਜ਼ੇ ਦੀ ਗੱਲ ਹੈ : ਰਾਮ ਵਿਚ ਉਲਝ ਜਾਉ, ਤਾਂ ਰਾਮ ਅਲਾਹ ਦੇ ਉਲਟ ਹੈ, ਅਲਾਹ ਵਿਚ ਉਲਝ ਜਾਉ ਤਾਂ ਅਲਾਹ ਰਾਮ ਦੇ ਉਲਟ। ਕ੍ਰਿਸ਼ਨ ਵਿਚ ਉਲਝ ਜਾਉ ਤਾਂ ਕ੍ਰਿਸ਼ਨ ਰਾਮ ਦੇ ਉਲਟ ਹਨ, ਰਾਮ ਵਿਚ ਉਲਝ ਜਾਉ ਤਾਂ ਰਾਮ ਕ੍ਰਿਸ਼ਨ ਦੇ ਉਲਟ ਹਨ। ਅਤੇ ਜੇ ਤੁਸੀਂ ਸਾਰੀਆਂ ਉਲਝਣਾਂ ਤੋਂ ਛੁੱਟ ਜਾਉ, ਤੁਸੀਂ ਪਾਉਗੇ ਕਿ ਉਹ ਸਭ ਇਕ ਹੀ ਅਨਭਵ ਦੇ ਨਾਂ ਹਨ, ਅਲੱਗ-ਅਲੱਗ ਨਾਂ ਹਨ। ਭਾਸ਼ਾ ਦੇ ਫਰਕ ਹਨ, ਵਿਆਖਿਆਵਾਂ ਦੀ

ਭਿੰਨਤਾ ਹੈ, ਪਰ ਇਸ਼ਾਰਾ ਇਕ ਹੀ ਪਾਸੇ ਹੈ।

ਤਾਂ ਮੈਂ ਤੁਹਾਨੂੰ ਇਹ ਵੀ ਕਹਿ ਦਿਆਂ ਕਿ ਜੋ ਹਿੰਦੂ ਹੈ ਕਦੇ ਵੀ ਧਾਰਮਕ ਨਹੀਂ ਹੋ ਪਾਂਦਾ; ਹਾਲਾਂਕਿ ਜੋ ਧਾਰਮਕ ਹੈ ਉਹ ਜਾਣ ਲੈਂਦਾ ਹੈ ਕਿ ਹਿੰਦੂ ਸੱਚ ਹਨ, ਮੁਸਲਮਾਨ ਵੀ ਸੱਚ ਹਨ, ਈਸਾਈ ਵੀ ਸੱਚ ਹਨ, ਜੈਨੀ ਵੀ ਸੱਚ ਹੈ, ਬੋਧੀ ਵੀ ਸੱਚ ਹਨ। ਸ਼ਾਸਤਰਾਂ ਵਿਚ ਉਲਝ ਕੇ ਕੋਈ ਸੱਚ ਤਕ ਨਹੀਂ ਪਹੁੰਚਦਾ, ਲੇਕਿਨ ਜਿਹੜਾ ਸੱਚ ਤਕ ਪਹੁੰਚ ਜਾਂਦਾ ਹੈ ਉਹਦੇ ਲਈ ਸਾਰੇ ਸ਼ਾਸਤਰ ਸੱਚ ਹੋ ਜਾਂਦੇ ਹਨ। ਇਸਲਈ ਸਾਰੇ ਸ਼ਾਸਤਰਾਂ ਉੱਤੇ ਮੈਂ ਬੋਲ ਰਿਹਾ ਹਾਂ, ਸਿਰਫ ਇਸੇ ਗੱਲ ਦੀ ਤੁਹਾਨੂੰ ਯਾਦ ਦਿਵਾਉਣ ਦੇ ਲਈ—ਏਕੈ ਰਾਮ ਅਲਾਹ।

ਅਤੇ ਇਹ ਸਹਜ ਸ਼ਬਦ ਵੀ ਖ਼ੂਬ ਸਮਝ ਲੈਣ ਜਿਹਾ ਹੈ। ਸੁੰਦਰ ਸਹਜੇ ਚੀਨ੍ਹਿਯਾਂ। ਸਹਜ ਦਾ ਮਤਲਬ ਹੁੰਦਾ ਹੈ : ਬਿਨਾਂ ਯਤਨ ਦੇ, ਬਿਨਾਂ ਸਾਧਨਾ ਦੇ, ਬਿਨਾਂ ਸਾਧਿਆਂ, ਬਿਨਾਂ ਕਿਸੇ ਯੋਜਨਾ ਦੇ, ਬਿਨਾਂ ਕੋਸ਼ਿਸ਼ ਦੇ, ਆਪਣੇ–ਆਪ ਹੋ ਗਿਆ। ਬਸ ਇੰਨਾ ਹੀ ਕੀਤਾ ਕਿ ਦਰਵਾਜ਼ਾ ਖੋਲ੍ਹ ਦਿਤਾ, ਪਰਦਾ ਹਟਾ ਦਿਤਾ, ਅਤੇ ਰੋਸ਼ਨੀ ਭਰ ਗਈ। ਇਹ ਰੋਸ਼ਨੀ ਨੂੰ ਜਾ ਕੇ ਬਾਹਰ ਬੰਨ੍ਹ–ਬੰਨ੍ਹ ਕੇ ਅੰਦਰ ਨਹੀਂ ਲਿਆਉਣਾ ਪੈਂਦਾ, ਰੋਸ਼ਨੀ ਆਪਣੇ–ਆਪ ਆ ਜਾਂਦੀ ਹੈ। ਦੁਆਰ ਖੁਲ੍ਹਿਆ ਕਿ ਆਪਣੇ–ਆਪ ਆ ਜਾਂਦੀ ਹੈ। ਇਹ ਸਹਜ ਹੈ। ਐਨ ਇਵੇਂ ਹੀ ਪਰਮਾਤਮਾ ਨਾਲ ਤੁਸੀਂ ਭਰ ਜਾਉਗੇ, ਜੇਕਰ ਤੁਸੀਂ ਹੱਦ ਛੱਡ ਦਿਉ।

ਐਪਰ ਹੱਦ ਨੂੰ ਅਸੀਂ ਬੜੇ ਜ਼ੋਰ ਨਾਲ ਫੜਿਆ ਹੋਇਆ ਹੈ। ਹੱਦ ਸਾਡਾ ਪ੍ਰਾਣ ਬਣ ਗਈ ਹੈ। ਹੱਦ ਸਾਡੇ ਲਈ ਇੰਨੀ ਮੁੱਲਵਾਨ ਹੋ ਗਈ ਹੈ ਕਿ ਅਸੀਂ ਮਰਨ–ਮਾਰਨ ਨੂੰ ਤਿਆਰ ਹਾਂ। ਮੁਸਲਮਾਨ ਹਿੰਦੂ ਨੂੰ ਵੱਢਣ ਨੂੰ ਤਿਆਰ ਹਨ; ਹਿੰਦੂ ਮੁਸਲਮਾਨ ਨੂੰ ਵੱਢਣ ਨੂੰ ਤਿਆਰ ਹਨ। ਈਸਾਈ ਯਹੂਦੀਆਂ ਨੂੰ ਵੱਢਦੇ ਰਹੇ ਹਨ। ਵੱਢਣ ਦੇ ਲਈ ਤਿਆਰ ਹਨ, ਮਰਨ–ਮਾਰਨ ਦੇ ਲਈ ਤਿਆਰ ਹਨ। ਹੱਦ ਜ਼ਿਆਦਾ ਮੁੱਲਵਾਨ ਹੋ ਗਈ ਹੈ, ਅਤੇ ਬੇਹੱਦ ਦੀਆਂ ਗੱਲਾਂ ਹੋ ਰਹੀਆਂ ਹਨ। ਆਦਮੀ ਦੀ ਮੂੜ੍ਹਤਾ ਦੇਖਦੇ ਹੋ! ਜੇਕਰ ਬੇਹੱਦ ਦੀ ਗੱਲ ਹੋ ਰਹੀ ਹੈ ਤਾਂ ਫਿਰ ਮਾਰਨਾ–ਕੱਟਣਾ ਕੀ? ਧਰਮ ਦੇ ਨਾਂ 'ਤੇ ਹੱਤਿਆ ਕੇਹੀ?

ਅਤੇ ਜਦ ਵੀ ਤੁਸੀਂ ਕਿਸੇ ਨੂੰ ਮਾਰਦੇ ਹੋ, ਉਸੇ ਨੂੰ ਮਾਰ ਰਹੇ ਹੋ ਏਕੈ... ਰਾਮ ਅਲਾਹ। ਕਿਸਨੂੰ ਮਾਰ ਰਹੇ ਹੋ? ਤੁਸੀਂ ਸੋਚਦੇ ਹੋ ਹਿੰਦੂ ਨੂੰ, ਮੁਸਲਮਾਨ ਨੂੰ, ਤੁਸੀਂ ਉਸੇ ਨੂੰ ਮਾਰ ਰਹੇ ਹੋ। ਤੁਸੀਂ ਜੋ ਵੀ ਨਸ਼ਟ ਕਰ ਰਹੇ ਹੋ, ਉਸਦੇ ਉਲਟ ਤੁਹਾਡਾ ਅਯੋਜਨ ਚੱਲ ਰਿਹਾ ਹੈ। ਭਾਵੇਂ ਤੁਸੀਂ ਉਸਦਾ ਨਾਂ ਲਾ ਕੇ ਹੀ ਕਿਉਂ ਨਾ ਕਰੋ। ਭਾਵੇਂ ਉਸਦੇ ਨਾਂ 'ਤੇ ਹੀ ਕਿਉਂ ਨਾ ਕਰੋ।

ਜਾਗੋ ਤਾਂ ਸਹਿਜੇ ਹੀ ਪਛਾਣ ਹੋ ਜਾਂਦੀ ਹੈ। ਇਕ ਹੀ ਕੰਮ ਕਰਨਾ ਹੈ : ਹੱਦ ਛੱਡ ਦੇਣੀ ਹੈ।

ਮੇਰੀ ਉਪਦੇਸ਼ਣਾ ਇਹੀ ਹੈ : ਹੱਦ ਛੱਡੋ। ਇਥੇ ਮੈਂ ਤੁਹਾਨੂੰ ਇਹੀ ਸਿਖਾ ਰਿਹਾ ਹਾਂ ਕਿ ਹੱਦ ਛੱਡੋ। ਤਾਂ ਮੇਰੇ ਸੰਨਿਆਸੀ ਵਿਚ ਕੋਈ ਹਿੰਦੂ ਹੈ ਤਾਂ ਕੋਈ ਮੁਸਲਮਾਨ ਹੈ, ਕੋਈ ਈਸਾਈ ਹੈ, ਕੋਈ ਯਹੂਦੀ, ਕੋਈ ਬੋਧੀ, ਕੋਈ ਜੈਨੀ!

ਅੰਪਰ ਉਸ ਦੀਆਂ ਸਭ ਹੱਦਾਂ ਗਈਆਂ। ਉਹ ਯਾਦ ਮਾਤਰ ਰਹਿ ਗਏ। ਉਹ ਅਤੀਤ ਹੋ ਗਿਆ। ਜਿਵੇਂ ਸੱਪ ਸਰਕ ਜਾਂਦਾ ਹੈ, ਪੁਰਾਣੀ ਚਮੜੀ 'ਚੋਂ ਛੱਡ ਦਿੰਦਾ ਹੈ ਖੋਲ ਨੂੰ ਪਿਛੇ, ਇਉਂ ਸੰਨਿਆਸੀ ਆਪਣੀਆਂ ਖੋਲਾਂ ਨੂੰ ਛੱਡ ਕੇ ਪਿਛੇ ਸਰਕ ਆਇਆ ਹੈ। ਹੁਣ ਸਿਰਫ ਧਾਰਮਕਤਾ ਰਹਿ ਗਈ ਹੈ। ਸਿਰਫ ਇਕ ਸੱਚ ਦੀ ਖੋਜ ਦੀ ਚਾਹਨਾ ਰਹਿ ਗਈ ਹੈ—ਸ਼ੁੱਧ ਸਿੱਕ—ਇਕ ਲਪਟ ਕਿ ਜਾਣਨਾ ਹੈ ਕੀ ਹੈ। ਬਸ, ਫਿਰ ਸਹਿਜ ਹੀ ਹੋ ਜਾਂਦਾ ਹੈ।

ਮੇਰੀ ਮੇਰੀ ਕਰਤ ਹੈਂ ਦੇਖਹੁ ਨਰ ਕੀ ਭੋਲ।
ਫਿਰ ਪੀਛੇ ਪਛਿਤਾਹੁਗੇ ਹਰਿ ਬੋਲੌ ਹਰਿ ਬੋਲ।

ਮੇਰੀ-ਮੇਰੀ ਕਰਤ ਹੈਂ। ਹੱਦ ਉਤੇ ਇੰਨਾ ਜ਼ੋਰ ਹੈ ਕਿ ਕਹਿੰਦੇ ਹਨ ਮੇਰਾ ਧਰਮ, ਮੇਰੀ ਕਿਤਾਬ, ਮੇਰੀ ਮੂਰਤੀ, ਮੇਰਾ ਸਿਧਾਂਤ, ਮੇਰਾ ਦਰਸ਼ਨ ਸ਼ਾਸਤਰ। ਮੇਰੀ ਮੇਰੀ ਕਰਤ ਹੈਂ, ਦੇਖਹੁ ਨਰ ਕੀ ਭੋਲ। ਫਿਰ ਪੀਛੇ ਪਛਿਤਾਹੁਗੇ ਹਰਿ ਬੋਲੌ ਹਰਿ ਬੋਲ। ਸਮਾਂ ਨਾ ਗੰਵਾਉ, ਇਹਨਾਂ ਫਜ਼ੂਲ ਦੀਆਂ ਭੁੱਲਾਂ ਵਿਚ ਭਟਕੋ ਨਾ। ਝਾਕੋ ਕਿਸੇ ਦੀਆਂ ਅੱਖਾਂ ਵਿਚ, ਜਿਸਨੇ ਹਰੀ ਨੂੰ ਪੁਕਾਰਿਆ ਹੋਵੇ, ਜਿਸਦੇ ਅੰਦਰ ਹਰੀ ਦੀ ਪਛਾਣ ਹੋਈ ਹੋਵੇ। ਸੁੰਦਰ ਸਹਜੈ ਚੀਨ੍ਹਿਯਾਂ। ਕਿਤੇ ਕੋਈ ਮਿਲ ਜਾਵੇ ਸੁੰਦਰਦਾਸ ਤਾਂ ਉਸ ਦੀਆਂ ਅੱਖਾਂ ਵਿਚ ਝਾਕੋ, ਜਿਥੇ ਸਹਿਜ ਪਛਾਣ ਹੋਈ ਹੋਵੇ।

ਤੁਸੀਂ ਜੇ ਜਾਂਦੇ ਵੀ ਹੋ ਤਾਂ ਉਹਨਾਂ ਕੋਲ ਜਾਂਦੇ ਹੋ ਜੋ ਅਜੇ ਖੁਦ ਹੀ ਸਾਧ ਰਹੇ ਹਨ। ਕੋਈ ਆਸਣ ਲਾਈ ਬੈਠਾ ਹੈ; ਕੋਈ ਸ਼ੀਰਸ਼ਾਸਣ ਲਾਈ ਬੈਠਾ ਹੈ; ਕੋਈ ਉਪਵਾਸ ਕਰ ਰਿਹਾ ਹੈ। ਉਹਨਾਂ ਨੂੰ ਅਜੇ ਮਿਲਿਆ ਨਹੀਂ ਹੈ। ਅਜੇ ਤਾਂ ਸਾਧਨਾ ਚੱਲ ਰਹੀ ਹੈ।

ਅਤੇ ਸਾਧਣ ਨਾਲ ਕਦੇ ਕਿਸੇ ਨੂੰ ਮਿਲਦਾ ਨਹੀਂ ਹੈ। ਪਰਮਾਤਮਾ ਤਾਂ ਮਿਲਿਆ ਹੀ ਹੋਇਆ ਹੈ; ਸ਼ੀਰਸ਼ਾਸਣ ਕਰਨ ਦੀ ਕੋਈ ਲੋੜ ਨਹੀਂ ਹੈ। ਪਰਮਾਤਮਾ ਕੋਈ ਪਾਗਲ ਤਾਂ ਨਹੀਂ ਹੈ ਕਿ ਤੁਸੀਂ ਸਿਰ ਦੇ ਭਾਰ ਖੜ੍ਹੇ ਹੋ ਜਾਉ ਤਦ ਮਿਲੇ। ਜੇ ਸਿਰ ਦੇ ਭਾਰ ਖੜ੍ਹੇ ਹੋਣ ਨਾਲ ਮਿਲਦਾ ਸੀ ਤਾਂ ਤੁਹਾਨੂੰ ਪਹਿਲਾਂ ਤੋਂ ਹੀ ਸਿਰ ਦੇ ਭਾਰ ਖੜ੍ਹਾ ਕਰਦਾ। ਪੈਰਾਂ ਉਤੇ ਖੜ੍ਹੇ ਹੋਣ ਦੀ ਲੋੜ ਕੀ ਸੀ? ਇਹ ਭੁੱਲ ਕਿਉਂ ਕਰਦਾ? ਪਰਮਾਤਮਾ ਕੋਈ ਪਾਗਲ ਤਾਂ ਨਹੀਂ ਹੈ ਕਿ ਜਦ ਭੁੱਖੇ ਮਰੋ ਅਤੇ ਉਪਵਾਸ ਕਰੋ ਤਦ ਮਿਲੇ। ਭੁੱਖੇ ਹੀ ਮਾਰਨਾ ਹੁੰਦਾ ਤਾਂ ਭੁੱਖੇ ਹੀ ਮਾਰਦਾ; ਭੁੱਖ ਹੀ ਨਾ ਦਿੰਦਾ। ਪੇਟ ਹੀ ਨਾ ਦਿੰਦਾ। ਉਪਵਾਸ ਹੀ ਉਪਵਾਸ ਚਲਦਾ। ਕੋਈ ਪਰਮਾਤਮਾ ਤੁਹਾਡੀ ਭੁੱਖ-ਪਿਆਸ ਨਾਲ ਥੋੜ੍ਹਾ-ਈ ਮਿਲ ਜਾਣ ਵਾਲਾ ਹੈ। ਤੁਸੀਂ ਕਰ ਕੀ ਰਹੇ ਹੋ? ਕਰਨ ਦਾ ਸਵਾਲ ਹੀ ਨਹੀਂ ਹੈ, ਕਰਮ ਦੀ ਗੱਲ ਹੀ ਨਹੀਂ ਹੈ, ਸਿਰਫ ਯਾਦ ਦੀ ਗੱਲ ਹੈ।

ਅੰਪਰ ਜਦ ਤੁਹਾਨੂੰ ਕਰਨ ਵਾਲਾ ਮਿਲ ਜਾਂਦਾ ਹੈ, ਤੁਹਾਨੂੰ ਬਹੁਤ ਪ੍ਰਭਾਵ ਹੁੰਦਾ ਹੈ। ਕੋਈ ਆਦਮੀ ਭੁੱਖਾ ਪਿਆ ਹੈ, ਮਹੀਨੇ-ਭਰ ਦਾ ਉਪਵਾਸ ਕੀਤਾ ਹੈ, ਤੁਸੀਂ ਝੁਕੇ। ਕੋਈ ਕੰਡਿਆਂ ਉਤੇ ਲੇਟਿਆ ਹੈ, ਤੁਸੀਂ ਝੁਕੇ। ਕਿਸੇ ਨੇ ਸਰੀਰ ਨੂੰ ਸੁਕਾ ਲਿਆ ਹੈ ਧੁੱਪ ਵਿਚ ਖੜ੍ਹੇ ਹੋ ਕੇ, ਬਸ ਤੁਸੀਂ ਡਿੱਗੇ ਚਰਨਾਂ ਉਤੇ। ਕਰਮ ਨਾਲ ਪਰਮਾਤਮਾ ਦੇ ਪਾਣ ਦਾ ਕੀ

ਸਬੰਧ ਹੈ ? ਕੀ ਤੁਸੀਂ ਸੋਚਦੇ ਹੋ ਕਿ ਸੁੱਕੇ ਬਿਰਛ ਵਿਚ ਪਰਮਾਤਮਾ ਜ਼ਿਆਦਾ ਹੁੰਦਾ ਹੈ ਹਰੇ ਬਿਰਛ ਦੀ ਬਜਾਇ? ਤੁਸੀ ਕਿਹੜਾ ਗਣਿਤ ਫੜਿਆ ਹੈ? ਜੇ ਹੋਵੇਗਾ ਤਾਂ ਹਰੇ ਵਿਚ ਜ਼ਿਆਦਾ ਹੋਵੇਗਾ, ਸੁੱਕੇ ਵਿਚ ਕੀ ਹੋਵੇਗਾ? ਸੁੱਕਣ ਦਾ ਮਤਲਬ ਹੀ ਹੁੰਦਾ ਹੈ ਕਿ ਪਰਮਾਤਮਾ ਸੁੱਕ ਗਿਆ। ਹੁਣ ਬਿਰਛ ਵਿਚ ਪ੍ਰਾਣ-ਊਰਜਾ ਨਹੀਂ ਵਹਿੰਦੀ ਹੈ। ਤੁਹਾਡੇ ਮਹਾਤਮਾ, ਤੁਹਾਡੇ ਸਾਧੂ ਉਦਾਸ ਬੈਠੇ ਹਨ। ਉਹਨਾਂ ਦੇ ਜੀਵਨ ਦਾ ਅਨੰਦ ਖੋ ਗਿਆ ਹੈ। ਘਟੋ-ਘਟ ਤੁਸੀਂ ਅਨੰਦਤ ਤਾਂ ਹੋ, ਚਲੋ ਭਰਮੇ ਹੀ ਸਹੀ। ਤੁਹਾਡਾ ਅਨੰਦ ਛਿਨਭੰਗਰ ਹੀ ਸਹੀ, ਉਹਨਾਂ ਦੇ ਕੋਲ ਛਿਨਭੰਗਰ ਅਨੰਦ ਵੀ ਨਹੀਂ ਰਿਹਾ ਹੈ। ਬੈਠੇ ਹਨ ਮੁਰਦਿਆਂ ਵਾਂਗ। ਲੇਕਿਨ ਜਦ ਤਕ ਕੋਈ ਮਹਾਤਮਾ ਮੁਰਦਾ ਨਾ ਹੋ ਜਾਵੇ ਬਿਲਕੁਲ ਤਦ ਤਕ ਤੁਸੀਂ ਉਸਨੂੰ ਪੂਜਦੇ ਨਹੀਂ, ਕਿਉਂਕਿ ਤਦ ਤਕ ਉਹ ਤੁਹਾਡੇ ਵਰਗਾ ਮਲੂਮ ਹੁੰਦਾ ਹੈ। ਜਦ ਤਕ ਜਿਉਂਦਾ ਹੈ, ਕਪੜੇ ਪਹਿਨਦਾ ਹੈ, ਭੋਜਨ ਕਰਦਾ ਹੈ, ਸੌਂਦਾ-ਉਠਦਾ-ਬੈਠਦਾ ਹੈ, ਜਿਵੇਂ ਤੁਸੀਂ ਸੌਂਦੇ-ਉਠਦੇ-ਬੈਠਦੇ ਹੋ, ਜਦ ਤਕ ਉਹ ਠੀਕ ਆਮ ਵਰਗਾ ਹੁੰਦਾ ਹੈ, ਤਦ ਤਕ ਤੁਹਾਨੂੰ ਜਚਦਾ ਨਹੀਂ, ਕਿਉਂਕਿ ਤੁਹਾਨੂੰ ਲਗਦਾ ਹੈ, ਸਾਡੇ ਹੀ ਵਰਗਾ ਹੈ।

ਤੁਹਾਡੀ ਆਤਮਨਿੰਦਿਆ ਅਨੋਖੀ ਹੈ! ਤੁਸੀਂ ਇਹ ਮੰਨ ਹੀ ਨਹੀਂ ਸਕਦੇ ਕਿ ਤੁਹਾਡੇ ਅੰਦਰ ਪਰਮਾਤਮਾ ਹੋ ਸਕਦਾ ਹੈ। ਅਤੇ ਇਹੀ ਤੁਹਾਡੀ ਮਾਨਤਾ ਅਟਕਾ ਰਹੀ ਹੈ। ਪਰਮਾਤਮਾ ਤੁਹਾਡੇ ਅੰਦਰ ਹੈ। ਲੇਕਿਨ ਤੁਸੀਂ ਇੰਨੀ ਆਤਮਨਿੰਦਿਆ ਨਾਲ ਭਰ ਗਏ ਹੋ, ਤੁਸੀਂ ਇੰਨੇ ਅਪਰਾਧ-ਭਾਵ ਨਾਲ ਭਰ ਗਏ ਹੋ, ਕਿ ਤੁਸੀਂ ਸੋਚਦੇ ਹੋ ਤੁਹਾਡੇ ਅੰਦਰ ਤਾਂ ਹੋ ਹੀ ਨਹੀਂ ਸਕਦਾ, ਤੁਹਾਡੇ ਵਰਗਾ ਜੋ ਮਲੂਮ ਪੈਂਦਾ ਹੈ ਉਸਦੇ ਅੰਦਰ ਵੀ ਨਹੀਂ ਹੋ ਸਕਦਾ। ਕੁਝ ਭਿੰਨ ਹੋਣਾ ਚਾਹੀਦਾ ਹੈ। ਹੁਣ ਸਿਰ ਦੇ ਭਾਰ ਕੋਈ ਖੜ੍ਹਾ ਹੈ ਉਹ ਭਿੰਨ ਮਲੂਮ ਹੁੰਦਾ ਹੈ। ਉਪਵਾਸ ਕੋਈ ਕਰ ਰਿਹਾ ਹੈ ਉਹ ਭਿੰਨ ਮਲੂਮ ਹੁੰਦਾ ਹੈ। ਕੋਈ ਜੰਗਲ ਵਿਚ ਜਾ ਕੇ ਬੈਠ ਗਿਆ ਹੈ, ਧੁੱਪ ਸਹਿ ਰਿਹਾ ਹੈ, ਸਰਦੀ ਸਹਿ ਰਿਹਾ ਹੈ, ਉਹ ਤੁਹਾਨੂੰ ਉਚੇਚਾ ਮਲੂਮ ਹੁੰਦਾ ਹੈ। ਇਹ ਉਚੇਚਾ ਨਹੀਂ ਹੈ, ਸਿਰਫ ਸ਼ੁਦਾਈ ਹੈ।

ਪਰਮਾਤਮਾ ਸਹਿਜ ਵਿਚ ਵਿਆਪਤ ਹੈ। ਇਹ ਸਾਰਾ ਜਗਤ ਉਸ ਨਾਲ ਭਰਿਆ ਹੈ। ਕਿਸਨੇ ਤੁਹਾਨੂੰ ਸਿਖਾ ਦਿਤਾ ਹੈ, ਤੁਹਾਡੇ ਅੰਦਰ ਨਹੀਂ ਹੈ? ਅਤੇ ਜੇ ਇਹ ਗੱਲ ਤੁਸੀਂ ਮੰਨ ਲਈ ਹੈ, ਤਾਂ ਯਕੀਨਨ ਹੀ ਤੁਸੀਂ ਕਿਵੇਂ ਯਾਦ ਕਰ ਪਾਉਗੇ? ਜੇ ਇਹ ਗੱਲ ਹੀ ਮੰਨ ਲਈ ਕਿ ਮੇਰੇ ਅੰਦਰ ਨਹੀਂ ਹੋ ਸਕਦਾ, ਕਰਮ ਕਰਨੇ ਪੈਣਗੇ ਕੁਝ, ਉਪਲਬੱਧੀਆਂ ਕਰਨੀਆਂ ਪੈਣਗੀਆਂ ਕੁਝ, ਸਿੱਧੀਆਂ ਕਰਨੀਆਂ ਪੈਣਗੀਆਂ ਕੁਝ, ਅਸਹਿਜ ਮਿਲੇਗਾ—ਤਾਂ ਤੁਸੀਂ ਖੁੰਝਦੇ ਰਹੋਗੇ।

ਪਰਮਾਤਮਾ ਸਹਿਜ ਮਿਲਦਾ ਹੈ, ਸਿੱਧੀਆਂ ਨਾਲ ਨਹੀਂ। ਪਰਮਾਤਮਾ ਮਿਲਿਆ ਹੀ ਹੋਇਆ ਹੈ, ਸਿਰਫ ਯਾਦ ਨਾਲ ਮਿਲਦਾ ਹੈ।

ਗਰਮੀ-ਏ-ਸ਼ੌਕੇ- ਨਜ਼ਾਰਾ ਕਾ ਅਸਰ ਤੋ ਦੇਖੋ।
ਗੁਲ ਖਿਲੇ ਜਾਤੇ ਹੈਂ ਵੋ ਸਾਯਾ-ਏ-ਦਰ ਤੋ ਦੇਖੋ।।
ਐਸੇ ਨਾਦਾਂ ਭੀ ਨਾ ਥੇ ਜਾਂ ਸੇ ਗੁਜ਼ਰਨੇ ਵਾਲੇ।

ਨਾਸਹੋ, ਪੰਦਗਰੋ, ਰਾਹਗੁਜ਼ਰ ਤੋ ਦੇਖੋ।
ਵੋ ਤੋ ਵੋ ਹੈਂ ਤੁਮ੍ਹੇਂ ਹੋ ਜਾਏਗੀ ਉਲਫਤ ਮੁਝਸੇ।
ਏਕ ਨਜ਼ਰ ਤੁਮ ਮੇਰਾ ਮਹਿਬੂਬੇ–ਨਜ਼ਰ ਤੋ ਦੇਖੋ।।

ਜੇਕਰ ਕਿਸੇ ਸਹਿਜ ਪਹੁੰਚੇ ਵਿਅਕਤੀ ਦੇ ਕੋਲ ਪਹੁੰਚ ਜਾਉਗੇ ਤਾਂ ਪਰਮਾਤਮਾ ਦੀ ਫਿਕਰ ਤਾਂ ਛੱਡੋ, ਉਸ ਦੀਆਂ ਅੱਖਾਂ ਵਿਚ ਝਾਕਣ ਨਾਲ ਸਭ ਹੋ ਜਾਏਗਾ। ਵੋ ਤੋ ਵੋ ਹੈਂ ਤੁਮ੍ਹੇਂ ਹੋ ਜਾਏਗੀ ਉਲਫਤ ਮੁਝਸੇ... ਤੁਹਾਨੂੰ ਉਸ ਨਾਲ ਪ੍ਰੇਮ ਹੋ ਜਾਏਗਾ। ਤੁਹਾਡੇ ਅੰਦਰ ਪ੍ਰਾਰਥਨਾ ਅੰਕੁਰਤ ਹੋਣ ਲੱਗੇਗੀ। ਤੁਹਾਡੇ ਅੰਦਰ ਖੇੜੇ ਦਾ ਜਨਮ ਹੋਵੇਗਾ। ਤੁਹਾਡੇ ਅੰਦਰ ਕੋਈ ਸ਼ਰਾਬ ਦਾ ਚਸ਼ਮਾ ਵਹਿਣ ਲੱਗੇਗਾ। ਏਕ ਨਜ਼ਰ ਤੁਮ ਮੇਰਾ ਮਹਿਬੂਬੇ–ਨਜ਼ਰ ਤੋ ਦੇਖੋ। ਜਿਸਨੇ ਪਿਆਰੇ ਨੂੰ ਦੇਖ ਲਿਆ ਹੈ, ਉਸ ਦੀਆਂ ਅੱਖਾਂ ਵਿਚ ਵੀ ਜੇ ਤੁਸੀਂ ਝਾਕ ਲਵੋਗੇ ਤਾਂ ਪਿਆਰੇ ਦੀ ਕੁਝ ਝਲਕ ਤੁਹਾਡੇ ਕੋਲ ਆ ਜਾਏਗੀ।

ਪਰਮਾਤਮਾ ਤੁਹਾਡੇ ਅੰਦਰ ਮੌਜੂਦ ਹੈ, ਕੋਈ ਜਗਾਉਣ ਵਾਲਾ ਚਾਹੀਦਾ ਹੈ, ਕੋਈ ਪੁਕਾਰ ਦੇਣ ਵਾਲਾ ਚਾਹੀਦਾ ਹੈ। ਕਿਸੇ ਦਾ ਵਜਦਾ ਗੀਤ ਤੁਹਾਡੇ ਅੰਦਰ ਸੁੱਤੇ ਹੋਏ ਗੀਤਾਂ ਨੂੰ ਜਗਾ ਦਿੰਦਾ ਹੈ। ਕਹਿੰਦੇ ਹਨ, ਜੇਕਰ ਕੋਈ ਕੁਸ਼ਲ ਵੀਣਾ–ਵਾਦਕ ਵੀਣਾ ਵਜਾਏ ਅਤੇ ਦੂਜੀ ਵੀਣਾ ਕੋਲ ਰਖ ਦਿਤੀ ਜਾਵੇ ਤਾਂ ਬਿਨਾਂ ਵਜਾਇਆਂ ਵੱਜਣ ਲਗਦੀ ਹੈ। ਕਿਉਂਕਿ ਵੀਣਾ–ਵਾਦਕ ਜਦ ਆਪਣੀ ਵੀਣਾ ਉਤੇ ਸੰਗੀਤ ਛੇੜ ਦਿੰਦਾ ਹੈ ਤਾਂ ਉਹ ਤਰੰਗਾਂ ਕੋਲ ਰਖੀ ਖਾਲੀ ਵੀਣਾ ਉਤੇ, ਜਿਸਨੂੰ ਕੋਈ ਛੇੜ ਨਹੀਂ ਰਿਹਾ ਹੈ, ਉਸਦੇ ਤਾਰਾਂ ਨੂੰ ਕੰਬਾਉਣ ਲਗਦੀ ਹੈ। ਐਨ ਅਜੇਹੀ ਹੀ ਘਟਨਾ ਗੁਰੂ ਅਤੇ ਸ਼ਿਸ਼ ਦਰਮਿਆਨ ਵਾਪਰਦੀ ਹੈ। ਇਕ ਦੀ ਵੀਣਾ ਵੱਜ ਉਠੀ ਹੈ, ਤੁਹਾਡੀ ਵੀਣਾ ਅਜੇ ਐਵੇਂ ਹੀ ਪਈ ਹੈ। ਵੀਣਾ ਪੂਰੀ ਹੈ। ਜ਼ਰਾ ਵੀ ਘਟ ਨਹੀਂ ਹੈ। ਜ਼ਰਾ ਵੀ ਭਿੰਨ ਨਹੀਂ ਹੈ। ਕਿਸੇ ਦੀ ਵਜਦੀ ਵੀਣਾ ਦੇ ਕੋਲ ਤੁਸੀਂ ਬੈਠ ਗਏ ਕਿ ਤੁਹਾਡੇ ਤਾਰ ਥਰਥਰਾਉਣ ਲੱਗਣਗੇ, ਤੁਹਾਡੀਆਂ ਅੱਖਾਂ ਵਿਚ ਛੁਪੇ ਅਨੰਦ ਦੇ ਹੰਝੂ ਵਹਿਣ ਲੱਗਣਗੇ। ਤੁਸੀਂ ਦੇਖਿਆ ਹੈ ਕਿਸੇ ਨਿਰਤਕ ਨੂੰ ਨੱਚਦਿਆਂ? ਤੁਸੀਂ ਆਪਣੇ ਪੈਰਾਂ ਵਿਚ ਥਿਰਕਣ ਮਹਿਸੂਸ ਨਹੀਂ ਕੀਤੀ। ਕੋਈ ਨਿਰਤਕ ਜਦ ਨੱਚਦਾ ਹੈ, ਤੁਹਾਡੇ ਪੈਰ ਥਾਪ ਨਹੀਂ ਦੇਣ ਲਗਦੇ ਹਨ। ਤੁਸੀਂ ਸੰਗੀਤ ਵਿਚ ਮਸਤ ਹੋ ਕੇ ਸਿਰ ਨਹੀਂ ਹਿਲਾਉਣ ਲਗਦੇ ਹੋ? ਮਿਰਦੰਗ ਵੱਜਦੀ ਦੇਖ ਕੇ ਤੁਹਾਡੇ ਹੱਥ ਤਾੜੀ ਨਹੀਂ ਦੇਣ ਲਗਦੇ ਹਨ? ਬਸ, ਅਜੇਹਾ ਹੀ, ਐਨ ਇਉਂ ਹੀ, ਜਿਸਦੇ ਅੰਦਰ ਦੀ ਮਿਰਦੰਗ ਵੱਜ ਉਠੀ ਹੈ। ਉਸਦੇ ਕੋਲ ਬੈਠ ਕੇ ਤੁਸੀਂ ਤਾਲ ਦੇਣ ਲੱਗੋਗੇ। ਜਿਥੇ ਇਹ ਤਾਲ ਦੇਣ ਦੀ ਘਟਨਾ ਵਾਪਰਨ ਲੱਗੇ ਉਥੇ–ਈ ਸਤਿਸੰਗ ਹੋ ਰਿਹਾ ਹੈ।

ਵੋ ਤੋ ਵੋ ਹੈਂ ਤੁਮ੍ਹੇਂ ਹੋ ਜਾਏਗੀ ਉਲਫਤ ਮੁਝਸੇ।
ਏਕ ਨਜ਼ਰ ਤੁਮ ਮੇਰਾ ਮਹਿਬੂਬੇ–ਨਜ਼ਰ ਤੋ ਦੇਖੋ।।
ਵੋ, ਜੋ ਅਬ ਚਾਕ ਗਿਰੇਬਾਂ ਭੀ ਨਹੀਂ ਕਰਤੇ ਹੈਂ।

ਦੇਖਨੇ ਵਾਲੇ ਕਭੀ ਉਨਕਾ ਜਿਗਰ ਤੋ ਦੇਖੋ॥
ਦਾਮਨੇ-ਦਰਦ ਕੋ ਗੁਲਜ਼ਾਰ ਬਨਾ ਰਖਾ ਹੈ।
ਆਓ, ਇਕ ਦਿਨ, ਦਿਲੇ ਪੁਰਖੂੰ ਕਾ ਹੁਨਰ ਤੋ ਦੇਖੋ॥
ਸੁਬਹ ਕੀ ਤਰਹ ਝਮਕਤਾ ਹੈ ਸ਼ਬੇ-ਗ਼ਮ ਕਾ ਉਫ਼ਕ।
'ਫ਼ੈਜ਼' ਤਾਬੰਦਗੀ-ਏ-ਦੀਦ-ਏ-ਤਰ ਤੋ ਦੇਖੋ॥

ਕੋਈ ਗਿੱਲੀ ਅੱਖ ਤਾਂ ਦੇਖ ਲਵੇ; ਰਾਤ ਦਾ ਹਨੇਰਾ ਵੀ ਸਵੇਰ ਦੀ ਤਰ੍ਹਾਂ ਝਲਕਣ ਲੱਗੇਗਾ। ਕਿਤੇ ਕੋਈ ਪਰਮਾਤਮਾ ਨਾਲ ਭਿੱਜ ਗਈਆਂ ਅੱਖਾਂ ਦੇਖ ਲਵੇ। ਕਿਉਂਕਿ ਅਹਿਸਾਸ ਸਾਧਨਾ ਦਾ ਸਿੱਟਾ ਨਹੀਂ ਹੈ ਬਲਕਿ ਸਹਿਜ ਯਾਦ ਹੈ, ਇਸਲਈ ਸਤਿਸੰਗ ਵਿਚ ਵਾਪਰ ਜਾਂਦੀ ਹੈ।

ਸੁੰਦਰਦਾਸ ਨੂੰ ਵਾਪਰ ਗਈ, ਦਾਦੂ ਦੀਆਂ ਅੱਖਾਂ ਵਿਚ ਦੇਖਦੇ-ਦੇਖਦੇ। ਅਤੇ ਛੋਟੇ ਹੀ ਸਨ। ਸ਼ਾਇਦ ਇਸਲਈ ਵਾਪਰ ਗਈ, ਕਿਉਂਕਿ ਛੋਟੇ ਸਨ। ਅਜੇ ਗਿਆਨ ਅਤੇ ਆਕੜ ਅਤੇ ਦੂਜੇ ਪਾਗਲਪਣ ਪੈਦਾ ਨਹੀਂ ਹੋਏ ਸਨ। ਸੱਤ ਹੀ ਸਾਲ ਦੇ ਸਨ। ਛੋਟਾ ਬੱਚਾ ਭੋਲਾ-ਭਾਲਾ ਹੋਵੇਗਾ, ਨਿਰਦੋਸ਼ ਹੋਵੇਗਾ। ਵਾਪਰ ਗਈ। ਦਾਦੂ ਦੀਆਂ ਅੱਖਾਂ ਵਿਚ ਝਾਕਿਆ ਹੋਵੇਗਾ ਇਸ ਭੋਲੇ-ਭਾਲੇ ਬੱਚੇ ਨੇ। ਅਜੇ ਸ਼ਾਸਤਰਾਂ ਦੀਆਂ ਪਰਤਾਂ ਨਹੀਂ ਸਨ। ਅਜੇ ਇਸਨੂੰ ਕੋਈ ਹੱਦ ਵੀ ਨਹੀਂ ਸੀ। ਇਸਨੂੰ ਖਿਆਲ ਵੀ ਨਹੀਂ ਸੀ ਕਿ ਮੈਂ ਹਿੰਦੂ ਕਿ ਮੁਸਲਮਾਨ ਕਿ ਈਸਾਈ ਕਿ ਕੀ। ਅਜੇ ਤਾਂ ਸਭ ਸਾਫ਼ ਸੀ; ਅਜੇ ਕਿਤਾਬ ਉੱਤੇ ਕੁਝ ਲਿਖਿਆ ਨਹੀਂ ਗਿਆ ਸੀ। ਅਜੇ ਕਿਤਾਬ ਖਾਲੀ ਸੀ। ਅਜੇ ਸਭ ਕੋਰਾ ਸੀ; ਅਕਾਸ਼ ਵਿਚ ਕੋਈ ਬੱਦਲ ਨਹੀਂ ਸਨ। ਦੇਖੀਆਂ ਹੋਣਗੀਆਂ ਦਾਦੂ ਦੀਆਂ ਅੱਖਾਂ ਜੋ ਉਸ ਪਿਆਰੇ ਦੇ ਰਸ ਨਾਲ ਲਬਾਲਬ ਹਨ, ਝੁਕ ਗਿਆ ਹੋਵੇਗਾ। ਇਹ ਵਜਦੀ ਵੀਣਾ ਦਾਦੂ ਦੀ, ਅਤੇ ਉਸਦੇ ਅੰਦਰ ਕੋਈ ਸੁਰ ਥਿਰਕ ਉੱਠੇ ਹੋਣਗੇ। ਇਹ ਨਿਰਤ ਦਾਦੂ ਦਾ ਅਤੇ ਇਸਦੇ ਅੰਦਰ ਨਾਚ ਆ ਗਿਆ ਹੋਵੇਗਾ। ਇਹ ਮਿਰਦੰਗ ਦਾਦੂ ਦੀ ਅਤੇ ਇਹ ਬੱਚਾ ਫਿਰ ਰੁਕ ਨਹੀਂ ਸਕਿਆ ਹੋਵੇਗਾ; ਝੁਕ ਗਿਆ ਹੋਵੇਗਾ। ਸੱਤ ਸਾਲ ਦੀ ਉਮਰ ਵਿਚ!

ਸਾਨੂੰ ਹੈਰਾਨੀ ਹੁੰਦੀ ਹੈ। ਲੇਕਿਨ ਹੁਣ ਇਸ ਉੱਤੇ ਬੜੀ ਵਿਗਿਆਨਕ ਖੋਜ ਚਲਦੀ ਹੈ ਅਤੇ ਜੋ ਨਵੀਆਂ ਤੋਂ ਨਵੀਆਂ ਖੋਜਾਂ ਹਨ ਉਹ ਇਹ ਕਹਿੰਦੀਆਂ ਹਨ ਕਿ ਛੋਟੇ ਬੱਚੇ ਜੇਕਰ ਵਿਗਾੜੇ ਨਾ ਜਾਣ-ਅਸੀਂ ਵਿਗਾੜਦੇ ਹਾਂ, ਅਸੀਂ ਵਿਗਾੜਨ ਦੇ ਚੰਗੇ-ਚੰਗੇ ਨਾਂ ਦੇ ਰਖੇ ਹਨ, ਸਿੱਖਿਆ, ਧਰਮ-ਸਿੱਖਿਆ ਵਗੈਰਾ-ਵਗੈਰਾ-ਜੇ ਛੋਟੇ ਬੱਚੇ ਵਿਗਾੜੇ ਨਾ ਜਾਣ, ਜੇ ਉਹਨਾਂ ਦੇ ਭੋਲਪੁਣੇ ਨੂੰ ਅਸੀਂ ਬਚਾ ਸਕੀਏ, ਜੇ ਉਹਨਾਂ ਦੀ ਨਿਰਦੋਸ਼ਤਾ ਨੂੰ ਅਸੀਂ ਬਚਾ ਸਕੀਏ, ਉਸਨੂੰ ਢਕੀਏ ਨਾ, ਤਾਂ ਇਹ ਦੁਨੀਆਂ ਬਹੁਤ ਸੁੰਦਰ ਹੋ ਜਾਵੇ। ਇਹ ਦੁਨੀਆਂ ਉਹੋ-ਜਿਹੀ ਹੋ ਜਾਵੇ ਜਿਹੋ-ਜਿਹੀ ਹੋਣੀ ਚਾਹੀਦੀ ਹੈ। ਲੇਕਿਨ ਅਸੀਂ ਬੜੇ ਆਯੋਜਨ ਕਰ ਰਹੇ ਹਨ। ਜਿਵੇਂ ਹੀ ਬੱਚਾ ਪੈਦਾ ਹੋਇਆ ਕਿ ਸਾਡੇ ਆਯੋਜਨ ਸ਼ੁਰੂ ਹੋਏ। ਬੱਚਾ ਪੈਦਾ ਹੋਇਆ ਕਿ ਬਸ ਪੰਡਤ ਆਇਆ, ਪੁਰੋਹਤ ਆਇਆ, ਮੌਲਵੀ ਆਇਆ,

ਬੱਪਤਿਸਮਾ ਸ਼ੁਰੂ, ਖ਼ਤਨਾ ਸ਼ੁਰੂ। ਬੱਚਾ ਪੈਦਾ ਨਹੀਂ ਹੋਇਆ ਕਿ ਅਸੀਂ ਇੰਤਜ਼ਾਮ ਸ਼ੁਰੂ ਕਰ ਦਿਤੇ ਕਿ ਇਸਨੂੰ ਛੇਤੀ ਨਾਲ ਬੰਨ੍ਹੋ ਅਤੇ ਆਪਣੀ ਵਿਵਸਥਾ ਇਸਦੇ ਉਪਰ ਲੱਦੋ। ਇਸਨੂੰ ਹਿੰਦੂ ਬਣਾਉ, ਮੁਸਲਮਾਨ ਬਣਾਉ, ਈਸਾਈ ਬਣਾਉ। ਇਸਨੂੰ ਆਦਮੀ ਨਹੀਂ ਰਹਿਣ ਦੇਣਾ ਹੈ। ਆਦਮੀ ਤੋਂ ਬੜਾ ਖ਼ਤਰਾ ਮਹਿਸੂਸ ਹੁੰਦਾ ਹੈ। ਇਸਨੂੰ ਮੰਦਰ ਲੈ ਚੱਲੋ, ਮਸਜਿਦ ਲੈ ਚੱਲੋ। ਇਸ ਤੋਂ ਪਹਿਲਾਂ ਕਿ ਇਹ ਕਿਤੇ ਜਾਗ ਜਾਵੇ, ਸੰਵਾ ਦਿਉ ਇਸਨੂੰ ਜ਼ਹਿਰ ਪਿਆ ਦਿਉ। ਇਸਨੂੰ ਜ਼ਬਾਨੀ ਯਾਦ ਕਰਵਾ ਦਿਉ ਰਾਮਾਇਣ, ਇਸਨੂੰ ਗੀਤਾ ਦੀਆਂ ਪੰਗਤੀਆਂ ਯਾਦ ਕਰਵਾ ਦਿਉ। ਇਸਨੂੰ ਤੋਤਾ ਬਣਾ ਦਿਉ। ਇਸ ਤੋਂ ਪਹਿਲਾਂ ਕਿ ਇਸ ਵਿਚ ਬੋਧ ਜਾਗੇ, ਇਸਨੂੰ ਮਸ਼ੀਨ ਵਾਂਗ ਯਾਦਾਸ਼ਤ ਨਾਲ ਭਰ ਦਿਉ।

ਅਤੇ ਅਸੀਂ ਕਹਿੰਦੇ ਹਾਂ ਇਹ ਬੜੀਆਂ ਉਚੀਆਂ ਗੱਲਾਂ ਅਸੀਂ ਕਰ ਰਹੇ ਹਾਂ, ਅਸੀਂ ਧਰਮ ਸਿਖਾ ਰਹੇ ਹਾਂ। ਇਹ ਧਰਮ ਨਹੀਂ ਸਿਖਾਇਆ ਜਾ ਰਿਹਾ; ਇਸੇ ਦੀ ਵਜ੍ਹਾ ਨਾਲ ਦੁਨੀਆਂ ਵਿਚ ਅਧਰਮ ਹੈ। ਕਿਸੇ ਬੱਚੇ ਨੂੰ ਧਰਮ ਸਿਖਾਇਆ ਨਹੀਂ ਜਾ ਸਕਦਾ; ਬੱਚਾ ਤਾਂ ਧਰਮ ਲੈ ਕੇ ਹੀ ਆਉਂਦਾ ਹੈ। ਜੇ ਉਸਨੂੰ ਅਸੀਂ ਨਸ਼ਟ ਨਾ ਕਰੀਏ, ਜੇ ਅਸੀਂ ਉਸਦੇ ਨਾਲ ਜ਼ਿਆਦਾ ਛੇੜਖਾਨੀ ਨਾ ਕਰੀਏ, ਜੇ ਉਸਨੂੰ ਅਸੀਂ ਸਿਰਫ ਸਹਾਰਾ ਦੇਈਏ, ਜੋ ਉਸਦੇ ਅੰਦਰ ਛੁਪਿਆ ਹੈ ਉਸਨੂੰ ਪਰਗਟ ਹੋਣ ਦੇ ਲਈ ਸਹਾਰਾ ਦੇਈਏ, ਤਾਂ ਇਹ ਪ੍ਰਿਥਵੀ ਬੜੇ ਸੁਹੱਪਣ ਨਾਲ ਭਰ ਜਾਵੇ। ਪਰ ਇਹ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਮਾਂ-ਬਾਪ ਨੂੰ ਤਾਂ ਮੌਕਾ ਮਿਲ ਜਾਂਦਾ ਹੈ, ਬੱਚੇ ਦੀ ਗਰਦਨ ਪਕੜੋ, ਬੱਚੇ ਨੂੰ ਬਣਾਉ ਜਿਹੋ-ਜਿਹਾ ਬਨਾਉਣਾ ਚਾਹੁੰਦੇ ਹੋ। ਬਾਪ ਜੋ ਨਹੀਂ ਬਣ ਸਕਿਆ, ਉਹ ਬੱਚੇ ਨੂੰ ਬਨਾਉਣਾ ਚਾਹੁੰਦਾ ਹੈ। ਬਾਪ ਅਮੀਰ ਹੋਣਾ ਚਾਹੁੰਦਾ ਸੀ, ਨਹੀਂ ਹੋ ਪਾਇਆ। ਹੁਣ ਉਹ ਬੱਚੇ ਦੀ ਛਾਤੀ ਉਤੇ ਚੜ੍ਹ ਕੇ ਉਚੀ ਆਸ ਦਾ ਭੂਤ ਬਣ ਕੇ ਬੱਚੇ ਉਤੇ ਸਵਾਰ ਹੋ ਜਾਏਗਾ। ਉਹ ਬੱਚੇ ਨੂੰ ਕਹੇਗਾ ਕਿ ਬੇਟਾ, ਅਸੀਂ ਨਹੀਂ ਕਰ ਸਕੇ, ਤੂੰ ਕਰੀਂ।

ਮੈਂ ਸੁਣਿਆ ਹੈ, ਇਕ ਆਦਮੀ ਮਰ ਰਿਹਾ ਸੀ। ਉਪੱਦਰੀ ਆਦਮੀ ਸੀ। ਉਸਦੇ ਚਾਰੇ ਬੇਟੇ ਇਕੱਠੇ ਸਨ। ਉਸ ਆਦਮੀ ਨੇ ਕਿਹਾ ਕਿ ਬੇਟਿਓ, ਮੇਰੀ ਇਕ ਹੀ ਇੱਛਿਆ ਹੈ ਮਰਦੇ ਵਕਤ, ਪੂਰੀ ਕਰ ਦਿਉਗੇ ਤਾਂ ਮੇਰੀ ਆਤਮਾ ਨੂੰ ਬੜੀ ਸ਼ਾਂਤੀ ਮਿਲੇਗੀ। ਕਹੋ, ਪੂਰੀ ਕਰੋਗੇ? ਵੱਡੇ ਤਿੰਨ ਬੇਟੇ ਚੁੱਪ ਰਹੇ, ਕਿਉਂਕਿ ਉਹ ਬਾਪ ਨੂੰ ਚੰਗੀ ਤਰ੍ਹਾਂ ਜਾਣਦੇ ਸੀ ਕਿ ਉਹ ਕਿਸੇ ਝੰਜਟ ਵਿਚ ਪਾ ਜਾਏਗਾ। ਜ਼ਿੰਦਗੀ-ਭਰ ਝੰਜਟ ਵਿਚ ਪਾਇਐ ਉਸਨੇ। ਛੋਟਾ ਛੋਟਾ ਸੀ ਹਾਲੇ, ਉਸਨੇ ਕਿਹਾ, ਤੁਸੀਂ ਦੱਸੋ, ਜੋ ਵੀ ਹੋ ਸਕੇਗਾ ਅਸੀਂ ਕਰਾਂਗੇ। ਬਾਪ ਨੇ ਕਿਹਾ, ਤੂੰ ਮੇਰੇ ਕੋਲ ਆ। ਅਤੇ ਉਸਦੇ ਕੰਨ ਵਿਚ ਬੋਲਿਆ ਕਿ ਜਦ ਮੈਂ ਮਰ ਜਾਵਾਂ ਤਾਂ ਮੈਂ ਤਾਂ ਮਰ ਹੀ ਗਿਆ, ਮੇਰੀ ਲਾਸ਼ ਦੇ ਟੋਟੇ ਕਰਕੇ ਮਹੱਲੇ ਵਾਲਿਆਂ ਦੇ ਘਰ ਸੁੱਟ ਆਵੀਂ, ਅਤੇ ਪੁਲਸ ਵਿਚ ਰਪਟ ਲਿਖਵਾ ਦੇਵੀਂ। ਇਹ ਸਭ ਦੇ ਸਭ ਬੰਨ੍ਹੇ ਹੀ ਜਾਂਦੇ ਹੋਣਗੇ ਪੁਲਸ ਥਾਣੇ ਦੇ ਵਲ, ਮੇਰੀ ਆਤਮਾ ਨੂੰ ਬੜੀ ਸ਼ਾਂਤੀ ਮਿਲੇਗੀ। ਜ਼ਿੰਦਗੀ-ਭਰ ਇਹਨਾਂ ਨਾਲ ਝੰਜਟਾਂ ਰਹੀਆਂ, ਮਰਦੇ ਵਕਤ ਇਹਨਾਂ ਦੇ ਹੱਥ ਵਿਚ ਜ਼ੰਜੀਰਾਂ ਦੇਖ ਲਵਾਂ, ਮੈਂ ਤਾਂ ਮਰ ਹੀ ਜਾਵਾਂਗਾ। ਹੁਣ ਤਾਂ ਗੱਲ ਹੀ ਖ਼ਤਮ ਹੋ ਗਈ। ਇਸਲਈ ਤੂੰ ਪਰਵਾਹ ਨਾ ਕਰੀਂ, ਕੱਟ ਕੇ, ਮੇਰੇ ਸਰੀਰ ਦੇ ਟੁਕੜੇ-ਟੁਕੜੇ ਕਰਕੇ ਸੁੱਟ ਦੇਵੀਂ ਸਭ ਦੇ ਘਰਾਂ ਵਿਚ, ਸਭ ਨੂੰ ਫਸਵਾ ਦੇਵੀਂ।

ਜ਼ਿੰਦਗੀ-ਭਰ ਵੀ ਉਹ ਇਹੀ ਅਯੋਜਨ ਕਰਦਾ ਰਿਹਾ ਸੀ। ਹੁਣ ਮਰਦੇ ਵਕਤ ਵੀ ਉਹ ਇਹੀ ਅਯੋਜਨ ਕਰਕੇ ਜਾ ਰਿਹਾ ਹੈ। ਇੰਨੇ ਸਿੱਧੇ-ਸਿੱਧੇ ਅਯੋਜਨ ਸਾਰੇ ਲੋਕ ਨਹੀਂ ਕਰਦੇ। ਐਪਰ ਬੜੇ ਸੂਖਮ ਅਯੋਜਨ ਇਹੀ ਹਨ। ਤੁਸੀਂ ਆਪਣੇ ਬੇਟੇ ਨੂੰ ਸਿਖਾਇਆ ਹੈ ਕਿ ਤੂੰ ਹਿੰਦੂ ਹੋ ਜਾ, ਤਦ ਤੁਸੀਂ ਕੀ ਸਿਖਾਇਆ ? ਹਿੰਦੂ ਮੁਸਲਮਾਨਾਂ ਨਾਲ ਲੜਦੇ ਰਹੇ ਹਨ। ਤੁਸੀਂ ਆਪਣੇ ਬੇਟੇ ਨੂੰ ਸਿਖਾਇਆ, ਤੂੰ ਮੁਸਲਮਾਨ ਹੋ ਜਾ। ਮੁਸਲਮਾਨ ਹਿੰਦੂਆਂ ਨਾਲ ਲੜਦੇ ਰਹੇ ਹਨ। ਤੁਸੀਂ ਲੜਾਈ ਸਿਖਾ ਰਹੇ ਹੋ। ਤੁਸੀਂ ਵੈਰ-ਵਿਰੋਧ ਸਿਖਾ ਰਹੇ ਹੋ? ਤੁਸੀਂ ਦੁਸ਼ਮਣੀ ਸਿਖਾ ਰਹੇ ਹੋ। ਤੁਸੀਂ ਇਸ ਪ੍ਰਿਥਵੀ ਨੂੰ ਪ੍ਰੇਮ ਦਾ ਸਥਾਨ ਨਹੀਂ ਬਣਨ ਦੇਣਾ ਚਾਹੁੰਦੇ ਹੋ। ਜਦ ਤੁਸੀਂ ਕਿਹਾ, ਕਿਤਾਬ ਜ਼ਬਾਨੀ ਯਾਦ ਕਰ ਲੈ ਤਾਂ ਤੁਸੀਂ ਉਧਾਰੇ ਸੀ, ਇਸਨੂੰ ਵੀ ਉਧਾਰਾ ਕਰੀ ਜਾ ਰਹੇ ਹੋ।

ਅਤੇ ਪਰਮਾਤਮਾ ਸਹਿਜ ਵਾਪਰਦਾ ਹੈ। ਬੱਚਾ ਜਿੰਨੀ ਅਸਾਨੀ ਨਾਲ ਪਰਮਾਤਮਾ ਦੇ ਕੋਲ ਪਹੁੰਚ ਸਕਦਾ ਹੈ, ਬੁੱਢੇ ਨਹੀਂ ਪਹੁੰਚ ਸਕਦੇ। ਕਿਉਂਕਿ ਬੱਚਾ ਹੁਣੇ ਆਇਆ ਹੈ, ਸੋਮੇ ਦੇ ਅਜੇ ਬਹੁਤ ਕਰੀਬ ਹੈ। ਅਜੇ ਦੂਰ ਨਹੀਂ ਗਿਆ ਹੈ। ਅਜੇ ਉਸਨੂੰ ਯਾਦ ਦਿਵਾਈ ਜਾ ਸਕਦੀ ਹੈ।

ਮੇਰੇ ਕੋਲ ਲੋਕ ਆਉਂਦੇ ਹਨ। ਉਹ ਕਹਿੰਦੇ ਹਨ, ਤੁਸੀਂ ਛੋਟੇ-ਛੋਟੇ ਬੱਚਿਆਂ ਨੂੰ ਸੰਨਿਆਸ ਦੇ ਦਿੰਦੇ ਹੋ, ਇਹ ਤਾਂ ਠੀਕ ਨਹੀਂ ਹੈ। ਮੈਂ ਉਹਨਾਂ ਨੂੰ ਕਹਿੰਦਾ ਹਾਂ ਕਿ ਬੱਚੇ ਨੇੜੇ ਤੋਂ ਨੇੜੇ ਹਨ। ਬੁੱਢੇ ਦੇ ਅੰਦਰ ਤਾਂ ਪਹਿਲਾਂ ਬਹੁਤ-ਕੁਝ ਕੱਟਣਾ-ਛਾਂਟਣਾ ਪਏਗਾ। ਜ਼ਿੰਦਗੀ-ਭਰ ਦਾ ਕੂੜਾ-ਕਚਰਾ ਹੈ, ਸਫਾਈ ਕਰਨੀ ਪਏਗੀ। ਬੱਚਾ ਅਜੇ ਸ਼ੀਸ਼ੇ ਦੀ ਤਰ੍ਹਾਂ ਹੈ: ਅਜੇ ਧੂੜ ਨਹੀਂ ਜੰਮੀ। ਜੇ ਇਸਨੂੰ ਪਰਮਾਤਮਾ ਦੇ ਵਲ ਮੋੜਿਆ ਜਾ ਸਕੇ, ਇਸਨੂੰ ਹਿੰਦੂ, ਮੁਸਲਮਾਨ, ਈਸਾਈ, ਜੈਨੀ ਬੋਧੀ ਬਣਨ ਤੋਂ ਬਚਾਇਆ ਜਾ ਸਕੇ, ਇਸਨੂੰ ਸਿਰਫ ਆਦਮੀ ਦਾ ਭਾਵ ਦਿਤਾ ਜਾ ਸਕੇ, ਤਾਂ ਇਹ ਹੁਣੇ ਹੱਦ ਦੇ ਬਾਹਰ ਹੋ ਸਕਦਾ ਹੈ। ਕਿਉਂਕਿ ਅਜੇ ਇਹ ਹੱਦ ਦੇ ਅੰਦਰ ਹੋਇਆ ਵੀ ਨਹੀਂ, ਹੱਦ ਦੇ ਬਾਹਰ ਹੀ ਹੈ। ਇਸ ਵਿਚ ਕ੍ਰਾਂਤੀ ਸੌਖ ਨਾਲ ਵਾਪਰ ਸਕਦੀ ਹੈ। ਸ਼ਾਇਦ ਦਾਦੂ ਦੇ ਕੋਲ ਸੁੰਦਰਦਾਸ ਵਿਚ ਇਸੇਲਈ ਕ੍ਰਾਂਤੀ ਵਾਪਰ ਗਈ। ਸੱਤ ਸਾਲ ਦਾ ਛੋਟਾ ਬੱਚਾ ਸੀ।

ਜੀਸਸ ਨੇ ਕਿਹਾ ਹੈ, ਜਦ ਤਕ ਤੁਸੀਂ ਛੋਟੇ ਬੱਚਿਆਂ ਦੇ ਵਾਂਗ ਨਾ ਹੋ ਜਾਓਗੇ ਤਦ ਤਕ ਪਰਮਾਤਮਾ ਨੂੰ ਨਾ ਜਾਣ ਸਕੋਗੇ। ਨਾ ਜਾਣ ਸਕੋਗੇ। ਛੋਟੇ ਬੱਚਿਆਂ ਦੇ ਵਾਂਗ ਮੁੜਕੇ ਹੋ ਜਾਣਾ ਜ਼ਰੂਰੀ ਹੈ। ਲੇਕਿਨ ਲੋਕ ਮੇਰੀ-ਮੇਰੀ ਕਰ ਰਹੇ ਹਨ।

ਮੇਰੀ ਮੇਰੀ ਕਰਤ ਹੈ, ਦੇਖਹੁ ਨਰ ਕੀ ਭੋਲ।
ਫਿਰ ਪੀਛੇ ਪਛਿਤਾਹੁਗੇ ਹਰਿ ਬੋਲੌ ਹਰਿ ਬੋਲ॥

ਇਹ ਮੇਰੀ-ਮੇਰੀ ਜਾਣ ਦਿਉ। ਇਹ ਮੇਰੀ-ਮੇਰੀ ਦਾ ਉਪੱਦਰ ਛੱਡੋ। ਕੀ ਮੇਰਾ, ਕੀ ਤੇਰਾ, ਸਭ ਉਸਦਾ! ਮੇਰੇ ਦਾ ਦਾਅਵਾ ਹੰਕਾਰ ਦਾ ਦਾਅਵਾ ਹੈ। ਜ਼ਰਾ ਇਸ ਦਾਅਵੇ ਨੂੰ ਛੱਡੋ ਅਤੇ ਤੁਹਾਡੀ ਜ਼ਿੰਦਗੀ ਵਿਚ ਸਤਿਸੰਗ ਦੀ ਸੁਗੰਧ

ਆਉਣ ਲੱਗੇਗੀ।

ਫਿਰ ਹਰੀਫੇ ਬਹਾਰ ਹੋ ਬੈਠੇ
ਜਾਨੇ ਕਿਸ ਕਿਸ ਕੋ ਆਜ ਰੋ ਬੈਠੇ
ਥੀ, ਮਗਰ ਇਤਨੀ ਰਾਯਗਾਂ ਨਾ ਥੀ
ਆਜ ਕੁਛ ਜ਼ਿੰਦਗੀ ਸੇ ਖੋ ਬੈਠੇ
ਸਾਰੀ ਦੁਨੀਆਂ ਸੇ ਦੂਰ ਹੋ ਜਾਏਂ
ਤੋ ਜ਼ਰਾ ਤੇਰੇ ਪਾਸ ਹੋ ਬੈਠੇਂ
ਸੁਬਹ ਫੂਟੀ ਤੋ ਆਸਮਾਂ ਪੇ ਤੇਰੇ
ਰੰਗੇ ਰੁਖਸਾਰ ਕੀ ਫੁਹਾਰ ਗਿਰੀ
ਰਾਤ ਛਾਈ ਤੋ ਰੂਏ-ਆਲਮ ਪਰ
ਤੇਰੇ ਜ਼ੁਲਫ਼ੋਂ ਕੀ ਆਬਸ਼ਾਰ ਗਿਰੀ

ਜ਼ਰਾ ਪਰਮਾਤਮਾ ਦੇ ਕੋਲ ਕੋਈ ਬੈਠਣ ਲੱਗੇ, ਸਾਰੀ ਦੁਨੀਆਂ ਤੋਂ ਦੂਰ ਹੋ ਜਾਵੇ। ਜੋ ਜ਼ਰਾ ਤੇਰੇ ਪਾਸ ਹੋ ਬੈਠੇ! ਜ਼ਰਾ-ਕੁ ਕੋਲ ਹੋ ਜਾਉ। ਸੁਬਹ ਫੂਟੀ ਆਸਮਾਂ ਪੇ ਤੇਰੇ, ਰੰਗੇ ਰੁਖਸਾਰ ਕੀ ਫੁਹਾਰ ਗਿਰੀ। ਹਰ ਚੀਜ਼ ਵਿਚ ਉਸੇ ਦੀ ਝਲਕ ਦਿਖਾਈ ਪੈਣ ਲੱਗੀ। ਸਵੇਰ ਹੋਵੇਗੀ, ਅਕਾਸ਼ 'ਤੇ ਲਾਲੀ ਫੈਲੇਗੀ। ਅਤੇ ਜਿਹੜਾ ਵੀ ਉਸਦੇ ਜ਼ਰਾ ਨੇੜੇ ਸਰਕਿਆ ਹੈ ਉਸਨੂੰ ਲੱਗੇਗਾ ਕਿ ਉਸ ਦੀਆਂ ਹੀ ਗੱਲ੍ਹਾਂ ਦਾ ਰੰਗ! ਸੁਬਹ ਫੂਟੀ ਤੋ ਆਸਮਾਂ ਪੇ ਤੇਰੇ ਰੰਗੇ ਰੁਖਸਾਰ ਕੀ ਫੁਹਾਰ ਮਿਲੀ। ਰਾਤ ਛਾਈ ਤੋ ਰੂਏ ਅਲਮ ਪਰ, ਤੇਰੇ ਜ਼ੁਲਫੋਂ ਕੀ ਆਬਸ਼ਾਰ ਗਿਰੀ। ਰਾਤ ਦਾ ਹਨੇਰਾ ਅਜੇਹਾ ਲੱਗੇਗਾ ਜਿਵੇਂ ਉਸਦੇ ਵਾਲ ਪ੍ਰਿਥਵੀ ਉਤੇ ਫੈਲ ਗਏ ਹਨ। ਜਿਵੇਂ ਉਸਨੇ ਆਪਣੇ ਪੱਲੂ ਵਿਚ ਸਾਰੀ ਪ੍ਰਿਥਵੀ ਨੂੰ ਲੈ ਲਿਆ। ਜੋ ਉਸਦੇ ਕੋਲ ਜ਼ਰਾ ਸਰਕਿਆ ਉਸਦੇ ਜੀਵਨ ਦੇ ਕੋਲ, ਦੇਖਣ ਦੇ ਢੰਗ, ਅਹਿਸਾਸ ਦੀਆਂ ਪਰਕਿਰਿਆਵਾਂ ਬਦਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਫਿਰ ਫੁੱਲ ਨਹੀਂ ਖਿੜਦੇ, ਉਹੀ ਖਿੜਦਾ ਹੈ। ਫਿਰ ਬੱਦਲ ਨਹੀਂ ਘਿਰਦੇ, ਉਹੀ ਘਿਰਦਾ ਹੈ। ਫਿਰ ਕੋਇਲ ਨਹੀਂ ਕੂਕਦੀ, ਉਹੀ ਕੂਕਦਾ ਹੈ। ਫਿਰ ਲੋਕ ਨਹੀਂ ਦਿਖਾਈ ਪੈਂਦੇ ਤੁਰਦੇ-ਫਿਰਦੇ, ਉਹੀ ਤੁਰਦਾ ਹੈ। ਇਨੇ-ਇਨੇ ਰੰਗ, ਇਨੇ-ਇਨੇ ਰੂਪਾਂ ਵਿਚ। ਸਾਰਾ ਜਗਤ ਇਕ ਮਹਾਂਉਤਸਵ ਦਾ ਰੂਪ ਲੈ ਲੈਂਦਾ ਹੈ।

ਕਿਯੇ ਰੁਪੈਯਾ ਇਕਠੇ, ਚੌਕੂਟ ਅਰੁ ਗੋਲ।
ਰੀਤੇ ਹਾਥਿਨ ਵੈ ਗਯੇ, ਹਰਿ ਬੋਲੋ ਹਰਿ ਬੋਲ॥

ਕੀ ਕਰ ਰਹੇ ਹੋ ਇਥੇ? ਰੁਪਏ ਇਕੱਠੇ ਕਰ ਰਹੇ ਹਨ ਲੋਕ। ਸੁੰਦਰਦਾਸ ਨੇ ਜਦ ਇਹ ਪਦ ਲਿਖਿਆ, ਦੋ ਤਰ੍ਹਾਂ ਦੇ ਰੁਪਏ ਹੁੰਦੇ ਸੀ: ਗੋਲ ਵੀ ਹੁੰਦੇ ਸੀ, ਚੌਖਟੇ ਵੀ ਹੁੰਦੇ ਸੀ। ਕਿਯੇ ਰੁਪੈਯਾ ਇਕਠੇ ਚੌਕੂਟ ਅਰੁ ਗੋਲ। ਰੀਤੇ ਹਾਥ ਥੇ

ਗਏ...। ਅਤੇ ਸਭ, ਜਿਨ੍ਹਾਂ ਨੇ ਵੀ ਇਕੱਠੇ ਕੀਤੇ, ਸਭ ਸੱਖਣੇ ਹੱਥ ਗਏ। ਖ਼ਾਲੀ ਆਏ, ਖ਼ਾਲੀ ਗਏ। ਸੱਚ ਤਾਂ ਇਹ ਹੈ, ਮੁੱਠੀ ਬੱਝੀ ਆਉਂਦੀ ਹੈ, ਜਦ ਬੱਚਾ ਪੈਦਾ ਹੁੰਦਾ ਹੈ; ਜਦ ਆਦਮੀ ਮਰਦਾ ਹੈ ਤਾਂ ਮੁੱਠੀ ਖੁਲ੍ਹੀ ਹੁੰਦੀ ਹੈ। ਸ਼ਾਇਦ ਕੁਝ ਲੈ ਕੇ ਆਉਂਦਾ ਹੈ, ਉਹ ਵੀ ਗੰਵਾ ਦਿੰਦਾ ਹੈ। ਰੀਤੇ ਹਾਥਿਨ ਥੇ ਗਯੇ, ਹਰਿ ਬੋਲੌ ਹਰਿ ਬੋਲ।

ਹੁਣ ਦੇਰ ਨਾ ਕਰੋ। ਚੇਤਾ ਕਰੋ ਉਸਦਾ, ਜਿਸਦੇ ਚੇਤੇ-ਮਾਤਰ ਨਾਲ ਹੱਥ ਭਰ ਜਾਂਦੇ ਹਨ; ਹੱਥ ਹੀ ਨਹੀਂ, ਪ੍ਰਾਣ ਵੀ ਭਰ ਜਾਂਦੇ ਹਨ। ਸੰਪਦਾ ਤਾਂ ਇਕ ਹੀ ਹੈ, ਉਹ ਸੱਚ ਦੀ ਹੈ, ਉਹ ਸਮਾਧੀ ਦੀ ਹੈ। ਹੋਰ ਕੋਈ ਸੰਪਦਾ ਨਹੀਂ ਹੈ ਇਸ ਜਗਤ ਵਿਚ। ਧੋਖੇ ਵਿਚ ਨਾ ਰਹੋ। ਤੁਹਾਡੀ ਜ਼ਿੰਦਗੀ ਝੂਠੀ ਹੈ।

ਚਹਲ ਪਹਲ ਸੀ ਦੇਖਿਕੈ ਮਾਨਯੋ ਬਹੁਤ ਅੰਦੋਲ।
ਕਾਲ ਅਚਾਨਕ ਲੈ ਗਯੋ, ਹਰਿ ਬੋਲੌ ਹਰਿ ਬੋਲ॥

ਚਹਿਲ-ਪਹਿਲ ਇਥੇ ਬਹੁਤ ਹੈ, ਦੁਨੀਆਂ ਵਿਚ ਆਪੋਧਾਪ ਬਹੁਤ ਹੈ। ਨੱਸ-ਭੱਜ ਬਹੁਤ ਹੈ, ਲੇਕਿਨ ਪਹੁੰਚਦਾ ਕੋਈ ਵੀ ਨਹੀ। ਚਲਦੇ ਹਨ, ਚਲਦੇ ਹਨ; ਡਿੱਗ ਪੈਂਦੇ ਹਨ। ਲੋਕ ਡਿੱਗਦੇ ਜਾਂਦੇ ਹਨ, ਅਤੇ ਉਹਨਾਂ ਦੇ ਕਰੀਬ ਜੋ ਲੋਕ ਹਨ ਉਹ ਚਲਦੇ ਜਾਂਦੇ ਹਨ। ਉਹ ਇਹ ਨਹੀਂ ਦੇਖਦੇ ਕਿ ਇਹ ਡਿੱਗਾ ਇਕ ਆਦਮੀ, ਇਹ ਡਿੱਗਾ ਦੂਜਾ ਆਦਮੀ, ਇਹ ਡਿੱਗਾ ਤੀਜਾ ਆਦਮੀ, ਹੁਣ ਮੇਰੀ ਵੀ ਵਾਰੀ ਆਉਂਦੀ ਹੋਵੇਗੀ। ਲੋਕ ਡਿੱਗਦੇ ਜਾਂਦੇ ਹਨ। ਇੰਨਾ ਹੀ ਨਹੀਂ ਕਿ ਤੁਸੀਂ ਲੋਕਾਂ ਨੂੰ ਡਿੱਗਦਿਆਂ ਦੇਖ ਕੇ ਚੌਂਕਦੇ ਨਹੀਂ; ਲੋਕਾਂ ਦੀਆਂ ਡਿੱਗੀਆਂ ਹੋਈਆਂ ਲਾਸ਼ਾਂ ਉੱਤੇ ਪੈਰ ਰਖ ਕੇ ਪੌੜੀਆਂ ਬਣਾ ਲੈਂਦੇ ਹੋ। ਤੁਸੀਂ ਰਤਾ ਹੋਰ ਤੇਜ਼ੀ ਨਾਲ ਉਪਰ ਉਠਣ ਲਗਦੇ ਹੋ, ਸੋਚਦੇ ਹੋ ਇਹ ਵੀ ਚੰਗਾ ਹੋਇਆ, ਸ਼ਰੀਕ ਮਰਿਆ, ਹੁਣ ਜ਼ਰਾ ਸੌਖ ਹੈ, ਕੁਝ ਰੁਪਏ ਜ਼ਰਾ ਜ਼ਿਆਦਾ ਇਕੱਠੇ ਕਰ ਲਵਾਂਗਾ। ਤੁਸੀਂ ਮੁਰਦੇ ਦੇ ਖੀਸੇ ਵਿਚ ਵੀ ਕੁਝ ਰੁਪਏ ਹੋਣ ਤਾਂ ਉਹ ਵੀ ਕੱਢ ਲਵੋਗੇ। ਤੁਸੀਂ ਮੁਰਦੇ ਦੀ ਮੌਤ ਨੂੰ ਨਹੀਂ ਦੇਖੋਗੇ। ਤੁਹਾਡੀ ਦੌੜ ਜਾਰੀ ਰਹੇਗੀ।

ਚਹਲ ਪਹਲ ਸੀ ਦੇਖਿਕੈ ਮਾਨਯੋ ਬਹੁਤ ਅੰਦੋਲ।

ਅਤੇ ਕਿਉਂਕਿ ਚਹਿਲ-ਪਹਿਲ ਬਹੁਤ ਮੱਚੀ ਹੋਈ ਹੈ, ਸ਼ੋਰ-ਸ਼ਰਾਬਾ ਬਹੁਤ ਮੱਚਿਆ ਹੋਇਆ ਹੈ—ਇਹ ਭੁਲੇਖਾ ਪੈਂਦਾ ਹੈ ਕਿ ਬੜਾ ਅਨੰਦ ਮਨਾਇਆ ਜਾ ਰਿਹਾ ਹੈ, ਬੜਾ ਅਨੰਦ ਉਤਸਵ ਹੋ ਰਿਹਾ ਹੈ। ਮਾਨਯੋ ਬਹੁਤ ਅੰਦੋਲ। ਮਾਨਤਾ ਦੀ ਹੀ ਗੱਲ ਹੈ। ਕਿਥੇ ਅਨੰਦ? ਜਦ ਤੁਸੀਂ ਬੈਂਡ-ਬਾਜੇ ਵਜਾਉਂਦੇ ਹੋ ਤਦ ਵੀ ਕਿਥੇ ਅਨੰਦ ਹੈ? ਤੁਹਾਡੀ ਸ਼ਹਿਨਾਈ ਵੀ ਗਾਉਂਦੀ ਕਿਥੇ, ਰੋਂਦੀ ਹੈ। ਤੁਸੀਂ ਹੱਸਦੇ ਵੀ ਹੋ ਤਾਂ ਹੱਸਦੇ ਕਿਥੇ ਹੋ? ਤੁਹਾਡਾ ਸਭ ਹਾਸਾ ਝੂਠਾ ਹੈ। ਬੁੱਲਾਂ ਹੀ ਬੁੱਲਾਂ ਉੱਤੇ ਹੈ, ਚਿਪਕਿਆ ਹੈ, ਚਿਪਕਾਇਆ ਗਿਆ ਹੈ, ਉਪਰ-ਉਪਰ ਲਾਇਆ ਗਿਆ ਹੈ। ਜਿਵੇਂ ਇਸਤ੍ਰੀਆਂ ਨੇ ਲਿਪਸੌਟਿਕ ਲਾਈ ਹੋਈ ਹੈ, ਉਹ ਪ੍ਰਤੀਕ ਹੈ ਤੁਹਾਡੀ ਜ਼ਿੰਦਗੀ ਦਾ। ਲਾਲੀ ਵੀ ਬੁੱਲ੍ਹਾਂ ਦੇ ਅੰਦਰ ਤੋਂ ਨਹੀਂ ਆ ਰਹੀ ਹੈ, ਉਹ ਵੀ ਉਪਰ ਤੋਂ ਲਾ ਲਈ ਗਈ ਹੈ। ਮੁਸਕਰਾਹਟ ਵੀ ਉਵੇਂ ਹੀ ਉਪਰ ਤੋਂ ਲਾ ਲਈ ਗਈ ਹੈ। ਕੋਈ ਹੈਰਾਨੀ ਨਹੀਂ ਹੋਵੇਗੀ, ਕੁਝ ਦਿਨਾਂ ਵਿਚ ਕੋਈ ਸੱਪ੍ਰੇਮ ਬਣ ਜਾਵੇ ਕਿ ਜਦ ਮੁਸਕਰਾਉਣਾ ਹੋਇਆ ਸੱਪ੍ਰੇਮ ਕਰ

ਲਿਆ. ਇਕਦਮ ਨਾਲ ਹਾਸਾ ਆ ਗਿਆ।

ਮੈਂ ਸੁਣਿਆ ਹੈ, ਅਮਰੀਕਾ ਵਿਚ ਇਕ ਵੱਡੀ ਫੈਕਟਰੀ ਹੈ ਜੋ ਇਕ ਖ਼ਾਸ ਤਰ੍ਹਾਂ ਦਾ ਸਪ੍ਰੇਅ ਬਣਾਉਂਦੀ ਹੈ। ਉਸਨੂੰ ਪੁਰਾਣੀਆਂ ਕਾਰਾਂ ਵਿਚ ਛਿੜਕ ਦੇਣ ਨਾਲ ਨਵੀਂ ਕਾਰ ਦੀ ਮਹਿਕ ਆਉਣ ਲਗਦੀ ਹੈ। ਬਣਾਇਆ ਤਾਂ ਸੀ ਪੁਰਾਣੀਆਂ ਕਾਰਾਂ ਦੀ ਖ਼ਾਤਰ ਹੀ, ਪਰ ਹੁਣ ਮਜ਼ੇ ਦੀ ਗੱਲ ਇਹ ਵਾਪਰੀ ਹੈ ਕਿ ਨਵੀਆਂ ਕਾਰਾਂ ਬਨਾਉਣ ਵਾਲੇ ਵੀ ਸਪ੍ਰੇਅ ਕਰ ਰਹੇ ਹਨ। ਉਸੇ ਨੂੰ, ਨਵੀਂ ਕਾਰ ਵਿਚ ਵੀ। ਕਿਉਂਕਿ ਉਹ ਸਪ੍ਰੇਅ ਇੰਨਾ ਚੰਗਾ ਆਇਆ ਹੈ ਕਿ ਪੁਰਾਣੀ ਕਾਰ ਨੂੰ ਸਪ੍ਰੇਅ ਕਰ ਦਿਉ ਤਾਂ ਨਵੀਂ ਕਾਰ ਨਾਲੋਂ ਵੀ ਬਿਹਤਰ ਖ਼ੁਸ਼ਬੋ ਉਸ ਵਿਚ ਆ ਰਹੀ ਹੈ। ਤਾਂ ਹੁਣ ਨਵੀਆਂ ਕਾਰਾਂ ਵਿਚ ਵੀ ਉਸੇ ਨੂੰ ਸਪ੍ਰੇਅ ਕਰਨਾ ਪੈ ਰਿਹਾ ਹੈ।

ਝੂਠ ਇਉਂ ਵਧਦਾ ਚਲਿਆ ਜਾਂਦਾ ਹੈ। ਝੂਠ ਬੜੀਆਂ ਸਫਲਤਾਵਾਂ ਪਾਂਦਾ ਹੈ ਜ਼ਿੰਦਗੀ ਵਿਚ, ਕਿਉਂਕਿ ਜ਼ਿੰਦਗੀ ਝੂਠ ਹੈ। ਉਥੇ ਝੂਠ ਹੀ ਸਫਲਤਾ ਪਾਂਦਾ ਹੈ। ਉਥੇ ਸੱਚ ਕਿਥੇ ਸਫਲ ਹੋ ਪਾਂਦਾ ਹੈ ? ਇਥੇ ਸੱਚ ਨੂੰ ਸੂਲੀ ਲੱਗ ਜਾਂਦੀ ਹੈ; ਝੂਠੀ ਸਿੰਘਾਸਣ ਉਤੇ ਬੈਠ ਜਾਂਦੇ ਹਨ। ਚਹਿਲ–ਪਹਿਲ ਬਹੁਤ ਹੈ। ਸ਼ੋਰ–ਸ਼ਰਾਬਾ ਬਹੁਤ ਹੈ। ਅਜੇਹਾ ਭੁਲੇਖਾ ਹੋਣਾ ਸੁਭਾਵਕ ਹੈ ਕਿ ਬੜਾ ਅਨੰਦ ਮਨਾਇਆ ਜਾ ਰਿਹਾ ਹੈ। ਸਾਰੇ ਲੋਕ ਹੱਸਦੇ ਮਲੂਮ ਪੈਂਦੇ ਹਨ। ਸਾਰੇ ਲੋਕ ਸਜੇ–ਬਜੇ ਜਾ ਰਹੇ ਹਨ। ਐਪਰ ਜ਼ਰਾ ਇਹਨਾਂ ਦੀ ਜ਼ਿੰਦਗੀ ਵਿਚ ਝਾਕ ਕੇ ਦੇਖੋ; ਇਹ ਸਭ ਬਾਹਰ–ਬਾਹਰ ਹੈ।

ਜਦ ਤੁਸੀਂ ਘਰੋਂ ਨਿਕਲਦੇ ਹੋ ਸ਼ੀਸ਼ੇ ਦੇ ਸਾਹਮਣੇ ਸਜ–ਬਜ ਕੇ ਤਦ ਇਹ ਤੁਹਾਡਾ ਅਸਲੀ ਚੇਹਰਾ ਨਹੀਂ ਹੈ। ਅਸਲੀ ਚੇਹਰੇ ਹੋਰ ਹਨ ਜੋ ਤੁਸੀਂ ਘਰ ਹੀ ਛੱਡ ਆਏ। ਜਦ ਕੋਈ ਮਹਿਮਾਨ ਤੁਹਾਡੇ ਘਰ ਵਿਚ ਆ ਜਾਵੇ, ਜੋ ਚੇਹਰਾ ਤੁਸੀਂ ਉਸਨੂੰ ਦਿਖਾਉਂਦੇ ਹੋ ਉਹ ਅਸਲੀ ਨਹੀਂ ਹੈ। ਅੰਦਰ ਤਾਂ ਸ਼ਾਇਦ ਤੁਸੀਂ ਸੋਚ ਰਹੇ ਹੋ ਕਿ ਇਹ ਦੁਸ਼ਟ ਕਿਥੋਂ ਆ ਗਿਆ; ਉਪਰੋਂ ਕਹਿੰਦੇ ਹੋ ਸਵਾਗਤ, ਮਹਿਮਾਨ ਤਾਂ ਦੇਵਤਾ ਹੈ, ਆਉ ! ਬਰਾਜੋ ! ਅਤੇ ਅੰਦਰ ਦਿਲ ਹੋ ਰਿਹਾ ਹੈ ਕਿ ਗਰਦਨ ਲਾਹ ਦੇਈਏ ਇਸਦੀ। ਉਪਰ ਤੋਂ ਕਹਿੰਦੇ ਹੋ, ਤੁਹਾਡੇ ਨਾਲ ਮਿਲ ਕੇ ਬੜਾ ਅਨੰਦ ਹੋਇਆ, ਅਤੇ ਅੰਦਰ ਸੋਚ ਰਹੇ ਹੋ ਕਿ ਅੱਜ ਪਤਾ ਨਹੀਂ ਦਿਨ ਕਿਹੋ–ਜਿਹਾ ਲੰਘੇ, ਇਸ ਦੁਸ਼ਟ ਨੂੰ ਸਵੇਰੇ–ਸਵੇਰੇ ਦੇਖ ਲਿਆ। ਅੰਦਰ ਕੁਝ ਹੈ, ਬਾਹਰ ਕੁਝ ਹੈ। ਤੁਸੀਂ ਜ਼ਰਾ ਜਾਂਚਣਾ ਆਪਣੀ ਹੀ ਜ਼ਿੰਦਗੀ; ਉਸ ਤੋਂ ਤੁਹਾਨੂੰ ਸਭ ਦੀਆਂ ਜ਼ਿੰਦਗੀਆਂ ਦਾ ਪਤਾ ਲੱਗ ਜਾਏਗਾ। ਜਦ ਹਾਸਾ ਨਹੀਂ ਵੀ ਆਉਂਦਾ, ਤਦ ਵੀ ਤੁਸੀਂ ਹੱਸਦੇ ਹੋ। ਜਦ ਪ੍ਰੇਮ ਨਹੀਂ ਆਉਂਦਾ ਤਦ ਪ੍ਰੇਮ ਦਿਖਾਉਂਦੇ ਹੋ। ਅਤੇ ਇਸ ਤਰ੍ਹਾਂ ਤੁਸੀਂ ਦੂਜਿਆਂ ਨੂੰ ਧੋਖਾ ਦੇ ਰਹੇ ਹੋ। ਦੂਜੇ ਤੁਹਾਨੂੰ ਧੋਖਾ ਦੇ ਰਹੇ ਹਨ। ਸ਼ੋਰ–ਸ਼ਰਾਬਾ ਬਹੁਤ ਹੈ।

ਚਹਲ ਪਹਲ ਸੀ ਦੇਖਿਕੈ ਮਾਨਯੋ ਬਹੁਤ ਅੰਦੇਲ।

ਲੇਕਿਨ ਇਹ ਸਭ ਚਹਿਲ–ਪਹਿਲ ਰਹਿ ਜਾਏਗੀ ਰਖੀ, ਪਈ ਰਹਿ ਜਾਏਗੀ। ਕਾਲ ਅਚਾਨਕ ਲੈ ਗਯੋ ਹਰਿ ਬੋਲੋ ਹਰਿ ਬੋਲ। ਚੁੱਕ ਲਏ ਜਾਉਗੇ ਇਸ ਭਰੀ ਭੀੜ ਵਿਚੋਂ; ਇਹ ਸਭ ਚਹਿਲ–ਪਹਿਲ ਏਥੇ–ਈ ਪਈ ਪਹਿ

ਜਾਏਗੀ। ਅਤੇ ਜਦ ਤੁਹਾਨੂੰ ਲੈ ਜਾਣ ਲੱਗੇਗੀ ਮੌਤ ਤਾਂ ਕੋਈ ਵਿਚਾਲੇ ਰੁਕਾਵਟ ਨਹੀਂ ਪਾਏਗਾ। ਕੋਈ ਰੁਕਾਵਟ ਪਾ ਨਹੀਂ ਸਕਦਾ ਹੈ। ਇਹ ਚਹਿਲ-ਪਹਿਲ ਇਵੇਂ ਹੀ ਜਾਰੀ ਰਹੇਗੀ।

ਕਬ ਠਹਿਰੇਗਾ ਦਰਦੇ-ਦਿਲ ਕਬ ਰਾਤ ਬਸਰ ਹੋਗੀ
ਸੁਨਤੇ ਥੇ ਵੋ ਆਏਂਗੇ, ਸੁਨਤੇ ਥੇ ਸਹਰ ਹੋਗੀ
ਕਬ ਜਾਨ ਲਹੂ ਹੋਗੀ ਕਬ ਅਸ਼ਕ ਗੋਹਰ ਹੋਗਾ
ਕਿਸ ਦਿਨ ਤੇਰੀ ਸੁਨਵਾਈ ਦੀਦਾ-ਏ-ਤਰ ਹੋਗੀ
ਕਬ ਚਮਕੇਗੀ ਫੱਸਲੇ-ਗੁਲ ਕਬ ਬਹਿਕੇਗਾ ਮੈਖ਼ਾਨਾ
ਕਬ ਸੁੱਬਹੇ ਸੁਖ਼ਨ ਹੋਗੀ, ਕਬ ਸ਼ਾਮੇ ਨਜ਼ਰ ਹੋਗੀ

ਕਦੇ ਹੁੰਦੀ ਨਹੀਂ। ਪੁਛਦੇ ਰਹੋ, ਸੋਚਦੇ ਰਹੋ, ਵਿਚਾਰਦੇ ਰਹੋ, ਕਦੇ ਕੁਝ ਹੁੰਦਾ ਨਹੀਂ।

ਕਬ ਠਹਿਰੇਗਾ ਦਰਦੇ ਦਿਲ ਕਬ ਰਾਤ ਬਸਰ ਹੋਗੀ,
ਸੁਨਤੇ ਥੇ ਵੋ ਆਏਂਗੇ, ਸੁਨਤੇ ਥੇ ਸਹਰ ਹੋਗੀ।

ਸੁਣਦੇ ਹੀ ਰਹੋ ਕਿ ਸਵੇਰ ਹੁੰਦੀ ਹੈ। ਬਾਹਰ ਸਵੇਰ ਨਹੀਂ ਹੁੰਦੀ, ਬਾਹਰ ਤਾਂ ਰਾਤ ਹੀ ਰਾਤ ਹੈ-ਮੱਸਿਆ ਦੀ ਰਾਤ ਹੈ। ਸਵੇਰ ਤਾਂ ਅੰਦਰ ਹੁੰਦੀ ਹੈ। ਸਵੇਰ ਹੀ ਸਵੇਰ ਹੈ ਅੰਦਰ। ਉਥੇ ਹੋਰ ਕੁਝ ਨਹੀਂ ਹੈ। ਲੇਕਿਨ ਇਥੇ ਤਾਂ ਸੁਣਦੇ ਹੋ, ਗੱਲਾਂ ਹੀ ਸੁਣਦੇ ਹੋ। ਸੋਚਦੇ ਰਹਿੰਦੇ ਹੋ, ਹੁਣ ਹੋਇਆ, ਹੁਣ ਹੋਇਆ। ਇੰਨਾ ਹੋਰ ਮਿਲ ਜਾਵੇ ਤਾਂ ਸਭ ਠੀਕ ਹੋ ਜਾਏਗਾ। ਇੰਨਾ ਧਨ ਹੋਰ ਕਮਾ ਲਵਾਂ, ਇਸ ਅਹੁਦੇ 'ਤੇ ਹੋਰ ਪਹੁੰਚ ਜਾਵਾਂ ਤਾਂ ਬਸ।

ਕਬ ਠਹਿਰੇਗਾ ਦਰਦੇ ਦਿਲ ਕਬ ਰਾਤ ਬਸਰ ਹੋਗੀ
ਸੁਨਤੇ ਥੇ ਵੋ ਆਏਂਗੇ ਸੁਨਤੇ ਥੇ ਸਹਰ ਹੋਗੀ
ਕਬ ਜਾਨ ਲਹੂ ਹੋਗੀ ਕਬ ਅਸ਼ਕ ਗੁਹਰ ਹੋਗਾ

ਹੰਝੂ ਮੋਤੀ ਕਦੋਂ ਬਣਨਗੇ? ਕਦੇ ਨਹੀਂ ਬਣਦੇ। ਕਵਿਤਾਵਾਂ ਵਿਚ ਬਣਦੇ ਹਨ। ਹਕੀਕਤ ਵਿਚ ਨਹੀਂ ਬਣਦੇ। ਲੇਕਿਨ ਆਦਮੀ ਆਸਾਂ ਸੰਜੋਈ ਰਖਦਾ ਹੈ। ਆਸਾਂ ਵਿਚ ਜੀਂਦਾ ਚਲਿਆ ਜਾਂਦਾ ਹੈ।

ਕਿਸ ਦਿਨ ਤੇਰੀ ਸੁਨਵਾਈ ਦੀਦਾ-ਏ-ਤਰ ਹੋਗੀ
ਕਬ ਚਮਕੇਗੀ ਫੱਸਲੇ-ਗੁਲ...

ਕਦ ਆਏਗਾ ਬਸੰਤ? ਕਬ ਚਮਕੇਗੀ ਫੱਸਲੇ-ਗੁਲ, ਕਬ ਬਹਿਕੇਗਾ ਮੈਖ਼ਾਨਾ। ਕਦ ਆਏਗੀ ਮਸਤੀ? ਕਦ ਅਸੀਂ ਨੱਚਾਂਗੇ? ਕਦ ਅਸੀਂ ਝੂਮਾਂਗੇ ਅਨੰਦ ਨਾਲ? ਕਦੇ ਇਹ ਨਹੀਂ ਹੁੰਦਾ। ਬਸ ਕਰੋ ਉਡੀਕ, ਕਰੋ ਉਡੀਕ ਅਤੇ ਮੌਤ ਆਉਂਦੀ ਹੈ, ਹੋਰ ਕੁਝ ਵੀ ਨਹੀਂ ਆਉਂਦਾ। ਨਾ ਸਵੇਰ ਆਉਂਦੀ ਹੈ, ਨਾ ਮੈਖ਼ਾਨਾ ਮਸਤ ਹੁੰਦਾ, ਨਾ ਬਸੰਤ ਆਉਂਦਾ, ਨਾ ਫੁੱਲ ਖਿੜਦੇ।

ਕਬ ਸੁੱਬਹੇ ਸੁਖ਼ਨ ਹੋਗੀ, ਕਬ ਸ਼ਾਮੇ ਨਜ਼ਰ ਹੋਗੀ।

ਨਹੀਂ, ਬਾਹਰ ਤੋਂ ਕਦੇ ਕੁਝ ਨਹੀਂ ਹੋਇਆ, ਮਿਰਗ–ਤ੍ਰਿਸ਼ਨਾ ਹੈ। ਚਹਿਲ–ਪਹਿਲ ਬਹੁਤ ਹੈ। ਨਤੀਜਾ ਕੁਝ ਵੀ ਨਹੀਂ।

ਸੁਕ੍ਰਿਤ ਕੋਊ ਨਾ ਕਿਯੋ ਰਾਚਯੋ ਝੰਝਟ ਝੇਲ।

ਕਦੇ ਕੁਝ ਚੰਗਾ ਨਾ ਕੀਤਾ। ਚੰਗਾ ਕਰਦੇ ਕਿਵੇਂ? ਇਥੇ ਤਾਂ ਬੁਰਾ ਕਰਨ ਵਾਲਿਆਂ ਨੂੰ ਸਫਲਤਾ ਮਿਲਦੀ ਹੈ। ਅਤੇ ਮਜ਼ਾ ਅਜੇਹਾ ਹੈ ਕਿ ਜਦ ਕੋਈ ਸਫਲ ਹੋ ਜਾਂਦਾ ਹੈ, ਕਹਿੰਦੇ ਹਨ ਜੋ ਵੀ ਕੀਤਾ, ਚੰਗਾ ਕੀਤਾ। ਇਥੇ ਸਫਲਤਾ ਸਾਰੀਆਂ ਬੁਰਾਈਆਂ ਉੱਤੇ ਸੀਲ ਲਾ ਦਿੰਦੀ ਹੈ ਚੰਗਿਆਈ ਦੀ। ਦੇਖਦੇ ਹੋ ਤੁਸੀਂ, ਜਿਹੜਾ ਅਹੁਦੇ ਉੱਤੇ ਪਹੁੰਚ ਜਾਂਦਾ ਹੈ ਉਹੀ ਸਹੀ। ਅਤੇ ਜਦ ਤਕ ਅਹੁਦੇ ਉੱਤੇ ਹੁੰਦਾ ਹੈ ਤਦੇ ਤਕ ਸਹੀ। ਜਿਵੇਂ ਹੀ ਅਹੁਦੇ ਤੋਂ ਲੱਥਿਆ ਕਿ ਗ਼ਲਤ। ਫਿਰ ਦੇਰ ਨਹੀਂ ਲਗਦੀ ਗਲਤ ਹੋਣ ਵਿਚ। ਜਿਹੜੇ ਦੁਹਾਈ ਮਚਾਉਂਦੇ ਸੀ ਸਹੀ ਹੋਣ ਦੀ, ਉਹ ਹੀ ਦੁਹਾਈ ਮਚਾਉਣ ਲਗਦੇ ਹਨ ਗ਼ਲਤ ਹੋਣ ਦੀ। ਉਹ ਹੀ ਲੋਕ ਪ੍ਰੰਸਸਾ ਦੇ ਗੀਤ ਗਾਉਂਦੇ ਸਨ, ਉਹ ਹੀ ਨਿੰਦਿਆ ਦੇ ਨਾਅਰੇ ਲਾਉਣ ਲਗਦੇ ਹਨ। ਜਿਹੜੇ ਸਵਾਗਤ ਵਿਚ ਝੰਡੇ ਦਿਖਾਉਂਦੇ ਸਨ, ਉਹ ਹੀ ਕਾਲੀਆਂ ਝੰਡੀਆਂ ਬਣਾ ਲੈਂਦੇ ਹਨ। ਉਹੀ ਦੇ ਉਹੀ ਲੋਕ। ਬੜਾ ਹੈਰਾਨੀਜਨਕ ਹੈ। ਤੁਸੀਂ ਦੇਖਦੇ ਰਹਿੰਦੇ ਹੋ, ਅੈਪਰ ਸਮਝੋਗੇ ਕਦੋਂ?

ਸੁਕ੍ਰਿਤ ਕੋਊ ਨਾ ਕਿਯੋ...। ਸੁਕ੍ਰਿਤ ਤਾਂ ਕੋਈ ਕਰ ਹੀ ਨਹੀਂ ਸਕਦਾ, ਜੇ ਬਾਹਰ ਨਾਲ ਉਸਦੀ ਆਸ ਜੁੜੀ ਹੈ। ਜੋ ਸੋਚਦਾ ਹੈ ਥੋੜ੍ਹਾ ਹੋਰ ਧਨ, ਥੋੜ੍ਹਾ ਹੋਰ ਅਹੁਦਾ ਤਾਂ ਜੀਵਨ ਵਿਚ ਸਭ ਠੀਕ ਹੋ ਜਾਏਗਾ ਤਾਂ ਸਤਕਰਮ ਨਹੀਂ ਕਰ ਸਕਦਾ। ਸਤਕਰਮ ਤਾਂ ਉਸੇ ਤੋਂ ਹੁੰਦਾ ਹੈ ਜਿਸਦੇ ਅੰਦਰ ਪਰਮਾਤਮਾ ਦੀ ਸਹਿਜ ਯਾਦ ਝਲਕਣ ਲਗਦੀ ਹੈ। ਉਸ ਤੋਂ ਸਤਕਰਮ ਹੁੰਦਾ ਹੈ। ਜਿਹੜਾ ਅੰਦਰ ਖ਼ੁਦ ਸੱਚ ਹੋਇਆ, ਉਸੇ ਤੋਂ ਸਤਕਰਮ ਹੁੰਦਾ ਹੈ। ਕਰਮ ਤਾਂ ਪਿਛੇ ਹਨ, ਆਤਮਾ ਪਹਿਲਾਂ ਹੈ। ਆਚਰਣ ਪਿਛੇ ਹੈ, ਅੰਤਸ ਪਹਿਲਾਂ ਹੈ। ਜਦ ਅੰਦਰ ਰੋਸ਼ਨੀ ਹੁੰਦੀ ਹੈ ਤਾਂ ਤੁਹਾਡੇ ਕਰਮਾਂ ਵਿਚ ਵੀ ਰੋਸ਼ਨੀ ਹੁੰਦੀ ਹੈ। ਆਪਣੇ–ਆਪ ਹੋ ਜਾਂਦੀ ਹੈ। ਲੇਕਿਨ ਆਮ ਤੌਰ 'ਤੇ ਜੋ ਆਦਮੀ ਸੰਸਾਰ ਵਿਚ ਸਫਲਤਾ ਚਾਹੁੰਦਾ ਹੈ ਉਹ ਸਤਕਰਮ ਨਹੀਂ ਕਰ ਸਕਦਾ। ਸਤਕਰਮ ਕਰਨ ਵਾਲਿਆਂ ਨੂੰ ਸਫਲਤਾ ਮਿਲਦੀ ਕਿਥੇ ਹੈ?

ਮੈਂ ਸੁਣਿਆ ਹੈ ਇਕ ਮੰਗਤੇ ਨੇ ਇਕ ਅਮੀਰ ਆਦਮੀ ਨੂੰ ਰਾਹ ਵਿਚ ਰੋਕਿਆ ਅਤੇ ਕਿਹਾ ਕਿ ਕੁਝ ਮਿਲ ਜਾਵੇ, ਚਾਰ ਦਿਨਾਂ ਤੋਂ ਭੁੱਖਾ ਹਾਂ। ਅਮੀਰ ਆਦਮੀ ਨੇ ਗੌਰ ਨਾਲ ਦੇਖਿਆ, ਮੰਗਤਾ ਤਾਂ ਜ਼ਰੂਰ ਸੀ, ਕੱਪੜੇ ਪੁਰਾਣੇ ਸਨ, ਪਾਟੇ ਸਨ, ਪਰ ਕੀਮਤੀ ਸਨ। ਉਹ ਕਦੇ ਕੀਮਤੀ ਰਹੇ ਹੋਣਗੇ। ਢੰਗ ਦੇ ਬਣੇ ਹੋਏ ਸਨ। ਮੰਗਤੇ ਦੀ ਤੋਰ ਵਿਚ ਵੀ ਇਕ ਚੰਗਾ ਸੰਸਕਾਰ ਸੀ, ਚੇਹਰੇ ਉੱਤੇ ਵੀ ਚੰਗਾ ਸੰਸਕਾਰ ਸੀ। ਮੰਗਤੇਪਣ ਦੀ ਧੂੜ ਜੰਮ ਗਈ ਸੀ ਬਹੁਤ, ਲੇਕਿਨ ਚੰਗਾ ਸੰਸਕਾਰ ਸੀ। ਇਕ ਪ੍ਰਸਾਦ ਸੀ, ਨਿੱਘ ਸੀ, ਇਕ ਭਾਵ–ਭੰਗਮਾਂ ਸੀ। ਉਸ ਅਮੀਰ ਨੇ ਸੌ ਰੁਪਏ ਦਾ ਨੋਟ ਕਢ ਕੇ ਉਸਨੂੰ ਦਿਤਾ ਅਤੇ ਕਿਹਾ ਕਿ ਇਕ ਗੱਲ ਪੁਛਣੀ ਚਾਹੁੰਦਾ ਹਾਂ। ਤੈਨੂੰ ਦੇਖ ਕੇ, ਤੇਰੀ ਭਾਸ਼ਾ ਤੋਂ, ਤੇਰੇ ਬੋਲਣ ਦੇ ਢੰਗ ਤੋਂ, ਤੇਰੇ ਤੁਰਨ ਦੇ ਢੰਗ ਤੋਂ, ਤੇਰੇ ਵਸਤਰਾਂ ਤੋਂ, ਤੇਰੇ ਚੇਹਰੇ, ਤੇਰੀਆਂ ਅੱਖਾਂ ਤੋਂ ਅਜੇਹਾ ਲਗਦਾ ਹੈ ਕਿ ਤੂੰ ਚੰਗੇ ਘਰਾਣੇ ਘਰ ਤੋਂ ਹੈਂ। ਕੀ ਹੋਇਆ? ਕਿਵੇਂ ਬਰਬਾਦ ਹੋਇਐਂ? ਉਹ ਆਦਮੀ ਹੱਸਣ ਲੱਗਿਆ। ਉਸਨੇ ਕਿਹਾ, ਹੁਣ ਤੁਸੀਂ ਨਾ ਪੁਛੋ। ਜਿਸ ਤਰ੍ਹਾਂ ਤੁਸੀਂ ਸੌ–ਸੌ ਰੁਪਏ ਵੰਡ ਰਹੇ ਹੋ ਮੰਗਤਿਆਂ ਨੂੰ, ਹੁਣੇ ਮੈਨੂੰ ਦੇ ਦਿਤਾ, ਜੇ

ਅਜੇਹੀ ਹਾਲਤ ਰਹੀ ਤਾਂ ਕੁਝ ਦਿਨਾਂ ਵਿਚ ਇਹੀ ਹਾਲ ਤੁਹਾਡਾ ਹੋ ਜਾਏਗਾ। ਇਵੇਂ ਹੀ ਮੇਰੀ ਹਾਲਤ ਖ਼ਰਾਬ ਹੋਈ। ਸਤਕਰਮ ਕੀਤੇ, ਉਸੇ ਵਿਚ ਬਰਬਾਦ ਹੋਇਆ। ਜੋ ਵੀ ਦੇ ਸਕਦਾ ਸੀ ਦਿਤਾ, ਉਸੇ ਵਿਚ ਬਰਬਾਦ ਹੋਇਆ।

ਇਥੇ ਤਾਂ ਸਤਕਰਮ ਕਰਨ ਵਾਲਾ ਬਰਬਾਦ ਹੋ ਜਾਂਦਾ ਹੈ। ਇਥੇ ਤਾਂ ਦੁਸ਼ਕਰਮ ਕਰਨ ਵਾਲੇ ਸਫਲ ਹੋ ਜਾਂਦੇ ਹਨ, ਸਿਰ 'ਤੇ ਬੈਠ ਜਾਂਦੇ ਹਨ। ਅਤੇ ਜਦ ਸਿਰ 'ਤੇ ਬੈਠ ਜਾਂਦੇ ਹਨ ਤਾਂ ਸੁਭਾਵਕ ਤੌਰ 'ਤੇ ਸਭ ਠੀਕ ਹੋ ਜਾਂਦਾ ਹੈ। ਸਾਰੇ ਦੁਸ਼ਕਰਮਾਂ 'ਤੇ ਪਾਣੀ ਫੇਰ ਦਿਤਾ ਜਾਂਦਾ ਹੈ। ਇਤਿਹਾਸ ਫਿਰ ਤੋਂ ਲਿਖ ਦਿਤੇ ਜਾਂਦੇ ਹਨ। ਜਦ ਸਟੈਲਿਨ ਹਕੂਮਤ ਵਿਚ ਆਇਆ, ਉਸਨੇ ਸਾਰਾ ਇਤਿਹਾਸ ਬਦਲਵਾ ਦਿਤਾ ਰੂਸ ਦਾ। ਆਪਣੇ ਦੁਸ਼ਮਣਾਂ ਦੇ ਚਿੱਤਰ ਕਢਵਾ ਦਿਤੇ ਤਸਵੀਰਾਂ ਵਿਚੋਂ। ਟ੍ਰਾਟਸਕੀ ਦੇ ਚਿੱਤਰ ਕਢਵਾ ਦਿਤੇ ਤਸਵੀਰਾਂ ਵਿਚੋਂ, ਨਾਂ ਹਟਵਾ ਦਿਤੇ। ਸਾਰਾ ਇਤਿਹਾਸ ਬਦਲਵਾ ਸੁੱਟਿਆ। ਉਹ ਜਦ ਤਕ ਸੱਤਾ ਵਿਚ ਰਿਹਾ ਤਦ ਤਕ ਉਸਦੀ ਜੈ-ਜੈਕਾਰ ਹੁੰਦੀ ਰਹੀ। ਇਸ ਤਰ੍ਹਾਂ ਜੈ-ਜੈਕਾਰ ਹੋਈ ਜਿਵੇਂ ਵੇਦ ਵਿਚ ਦੇਵਤਿਆਂ ਦੀ ਪ੍ਰਸੰਸਾ ਵਿਚ ਰਿਚਾਵਾਂ ਕਹੀਆਂ ਜਾਂਦੀਆਂ ਹਨ। ਉਸ ਤਰ੍ਹਾਂ ਕਮਿਊਨਿਸਟ ਸਾਰੀ ਦੁਨੀਆਂ ਵਿਚ ਉਸਦੀ ਜੈ-ਜੈਕਾਰ ਕਰਦੇ ਰਹੇ। ਫਿਰ ਮਰਿਆ ਤਾਂ ਜਿਥੇ ਉਸਦੀ ਲਾਸ਼ ਦਫਨਾਈ ਗਈ ਸੀ, ਕ੍ਰੇਮਲਿਨ ਦੇ ਨਜ਼ਦੀਕ ਲੇਨਿਨ ਦੀ ਸਮਾਧ ਦੇ ਕੋਲ, ਉਥੋਂ ਤੋਂ ਪੁੱਟੀ ਗਈ। ਇਹ ਉਸਦੇ ਯੋਗ ਨਹੀਂ ਮੰਨੀ ਗਈ ਥਾਂ। ਉਥੋਂ ਲਾਸ਼ ਕਢਵਾ ਕੇ-ਅਕਸਰ ਲੋਕ ਮੁਰਦਿਆਂ ਨੂੰ ਇੰਨਾ ਕਸ਼ਟ ਨਹੀਂ ਦਿੰਦੇ-ਇਥੋਂ ਮੁਰਦਾ ਕਢਿਆ ਗਿਆ ਅਤੇ ਕਿਸੇ ਸਧਾਰਨ ਕਬਰਸਤਾਨ ਵਿਚ ਦਫਨਾਇਆ ਗਿਆ। ਅਤੇ ਸਟੈਲਿਨ ਦਾ ਨਾਂ ਇਤਿਹਾਸ ਵਿਚੋਂ ਪੂੰਝ ਦਿਤਾ ਗਿਆ। ਉਸ ਦੀਆਂ ਤਸਵੀਰਾਂ ਅਲੱਗ ਕਰ ਦਿਤੀਆਂ ਗਈਆਂ। ਅੱਜ ਸਟੈਲਿਨ ਨੂੰ ਜਾਣਨ ਵਾਲਾ ਰੂਸ ਵਿਚ ਕੋਈ ਵੀ ਨਹੀਂ। ਸੌ-ਪੰਜਾਹ ਸਾਲ ਬਾਅਦ ਇਹ ਪਤਾ ਹੀ ਨਹੀਂ ਲੱਗੇਗਾ ਕਿ ਸਟੈਲਿਨ ਕਦੇ ਹੋਇਆ ਸੀ ਰੂਸ ਵਿਚ, ਇਤਿਹਾਸ ਵਿਚ ਨਾਂ ਹੀ ਨਹੀਂ ਬਚਣ ਦਿਤਾ।

ਤੁਸੀਂ ਦੇਖਦੇ ਹੋ, ਭਾਰਤ ਵਿਚ ਵੀ ਉਹੀ ਹੋ ਰਿਹਾ ਹੈ। ਸਾਰੀ ਦੁਨੀਆਂ ਵਿਚ ਉਹੀ ਹੁੰਦਾ ਹੈ। ਇੰਦਰਾ ਨੇ ਕਾਲਪੱਤਰ ਗੱਡਿਆ ਸੀ, ਮੋਰਾਰਜੀ ਨੇ ਕਢਵਾ ਲਿਆ। ਉਹਨਾਂ ਦਾ ਨਾਂ ਉਸ ਵਿਚ ਨਹੀਂ ਸੀ। ਹੁਣ ਜਦ ਤਕ ਉਹਨਾਂ ਦਾ ਨਾਂ ਉਸ ਵਿਚ ਨਾ ਹੋ ਜਾਵੇ, ਇੰਦਰਾ ਦਾ ਨਿਕਲ ਨਾ ਜਾਵੇ, ਤਦ ਤਕ ਕਾਲਪੱਤਰ ਨਹੀਂ ਗੱਡਿਆ ਜਾਏਗਾ। ਐਪਰ ਇਉਂ ਕੀ ਹੋਵੇਗਾ? ਪੰਜ-ਸੱਤ ਸਾਲ ਬਾਅਦ ਕੋਈ ਦੂਜਾ ਕਾਲਪੱਤਰ ਕਢੇਗਾ! ਇੰਦਰਾ ਉਤੇ ਮੁਕੱਦਮੇ ਦੀ ਗੱਲ ਚਲਦੀ ਹੈ ਅਤੇ ਜਿਨ੍ਹਾਂ ਉਤੇ ਮੁਕੱਦਮੇ ਚਲਦੇ ਸੀ, ਉਹਨਾਂ ਸਭ ਉਤੋਂ ਮੁਕੱਦਮੇ ਵਾਪਸ ਲੈ ਲਏ ਗਏ ਹਨ। ਖ਼ੂਬ ਮਜ਼ਾ ਹੈ। ਜੋ ਸੱਤਾ ਵਿਚ ਹੈ ਉਹ ਸਹੀ ਮਲੂਮ ਪੈਂਦਾ ਹੈ। ਉਹ ਜੋ ਕਰਦਾ ਹੈ ਸਹੀ ਮਲੂਮ ਪੈਂਦਾ ਹੈ। ਜਿਵੇਂ ਹੀ ਸੱਤਾ ਤੋਂ ਲੱਥਦਾ ਹੈ ਗ਼ਲਤ ਹੋ ਜਾਂਦਾ ਹੈ। ਇੰਦਰਾ ਵਾਪਸ ਪਰਤ ਆਈ ਕਦੇ ਤਾਂ ਉਹ ਜਿਹੜੇ ਮੁਕੱਦਮੇ ਵਾਪਸ ਲੈ ਲਏ ਗਏ ਹਨ, ਬੜੌਦਾ ਡਾਇਨਾਮਾਈਟ ਕਾਂਡ ਵਗੈਰਾ, ਉਹ ਸਭ ਮੁੜ ਕੇ ਸ਼ੁਰੂ ਹੋ ਜਾਣਗੇ। ਫਿਰ ਤੋਂ ਫਾਈਲਾਂ ਖੁਲ੍ਹ ਜਾਣਗੀਆਂ। ਫਿਰ ਤੋਂ ਮੁਕੱਦਮਾ ਚੱਲਣ ਲੱਗੇਗਾ। ਉਹ ਹੀ ਲੋਕ ਮੁਕੱਦਮਾ ਚਲਾਉਣ ਵਾਲੇ ਸਨ, ਉਹ ਹੀ ਆਫਿਸਰ, ਉਹਨਾਂ ਨੇ ਹੀ ਵਾਪਸ ਲੈ ਲਏ ਹਨ। ਉਹ ਫਿਰ ਚਲਾ ਦੇਣਗੇ। ਜਿਸਦੀ ਸੱਤਾ ਹੈ ਉਹ ਠੀਕ। ਜਿਸਦੇ ਹੱਥ ਵਿਚ ਤਾਕਤ ਹੈ ਉਹ ਸਹੀ। ਦੁਨੀਆਂ ਬਹੁਤੀ ਬਦਲੀ ਨਹੀਂ ਹੈ। ਜਿਸਦੀ ਲਾਠੀ ਉਸਦੀ ਮੱਝ, ਅਜੇ ਵੀ ਉਹੀ ਨਿਯਮ ਚਾਲੂ ਹੈ। ਜੰਗਲ ਦਾ

ਨਿਯਮ। ਅਜੇ ਵੀ ਆਦਮੀ ਜੰਗਲੀ ਹੈ। ਅਤੇ ਅਜੇਹਾ ਲਗਦਾ ਹੈ, ਬਾਹਰ ਦੇ ਹਿਸਾਬ ਨਾਲ, ਆਦਮੀ ਸਦਾ ਜੰਗਲੀ ਰਹੇਗਾ।

ਸੁਕ੍ਰਿਤ ਕੋਊ ਨਾ ਕਿਯੋ ਰਾੱਚਯੋ ਝੰਜਟ ਝੋਲ।

ਚੰਗਾ ਤਾਂ ਕਰਨ ਦੀ ਵਿਹਲ ਕਿਥੇ ਹੈ ਏਥੇ? ਚੰਗਾ ਕਰਨ ਵਾਲਾ ਤਾਂ ਮੁਸ਼ਕਲ ਵਿਚ ਪੈ ਜਾਂਦਾ ਹੈ। ਚੰਗਾ ਕਰਨ ਵਾਲੇ ਦੀ ਤਾਂ ਖ਼ਬਰ ਵੀ ਨਹੀਂ ਛਪਦੀ। ਜੇ ਤੁਸੀਂ ਧਿਆਨ ਕਰਦੇ ਹੋ, ਜੇ ਤੁਸੀਂ ਕਿਸੇ ਦੀ ਹੱਤਿਆ ਕਰੋ, ਤਦ ਅਖ਼ਬਾਰਾਂ ਵਿਚ ਖ਼ਬਰ ਛਪਦੀ ਹੈ। ਚੋਰੀ ਕਰੋ, ਬੇਈਮਾਨੀ ਕਰੋ, ਜਾਹਰ ਹੋ ਜਾਉਗੇ। ਘਰ ਵਿਚ ਬੈਠ ਕੇ ਧਿਆਨ ਕਰਦੇ ਹੋ, ਪੂਜਾ ਕਰਦੇ ਹੋ, ਤਾਂ ਕੌਣ ਤੁਹਾਡੀ ਫਿਕਰ ਕਰਦਾ ਹੈ! ਤੁਸੀਂ ਸੀ ਜਾਂ ਨਹੀਂ, ਕਦੇ ਤੁਹਾਡੀ ਕੋਈ ਖ਼ਬਰ ਨਹੀਂ ਹੋਵੇਗੀ। ਕਦੇ ਤੁਹਾਡਾ ਨਾਂ ਕਿਤੇ ਸੁਣਿਆ ਨਾ ਜਾਏਗਾ।

ਚੰਗੀ ਖ਼ਬਰ ਨੂੰ ਲੋਕ ਖ਼ਬਰ ਮੰਨਦੇ ਹੀ ਨਹੀਂ; ਖ਼ਬਰ ਬੁਰੀ ਹੋਵੇ ਤਾਂ ਹੀ ਖ਼ਬਰ ਹੁੰਦੀ ਹੈ। ਬਰਨਾਰਡ ਸ਼ਾ ਨੇ ਖ਼ਬਰ ਦੀ ਵਿਆਖਿਆ ਕੀਤੀ ਹੈ। ਜੇਕਰ ਕੁੱਤਾ ਆਦਮੀ ਨੂੰ ਕੱਟੇ ਤਾਂ ਇਹ ਕੋਈ ਖ਼ਬਰ ਨਹੀਂ, ਆਦਮੀ ਕੁੱਤੇ ਨੂੰ ਕੱਟੇ ਤਾਂ ਇਹ ਖ਼ਬਰ ਹੈ। ਜਦ ਤਕ ਕੁਝ ਉਲਟਾ ਨਾ ਕਰੋ ਤਦ ਤਕ ਤੁਸੀਂ ਪ੍ਰਸਿੱਧੀ-ਪ੍ਰਾਪਤ ਨਹੀਂ ਹੁੰਦੇ।

ਇਸ ਜਗਤ ਵਿਚ ਝੰਜਟਾਂ ਹੀ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਜਿੰਨੀ ਵੱਡੀ ਝੰਜਟ ਖੜ੍ਹੀ ਕਰਦੇ ਹੋ ਉਂਨੀ ਹੀ ਉਚਾਈ ਉਤੇ ਪਹੁੰਚ ਜਾਂਦੇ ਹੋ। ਝੰਜਟਾਂ ਦੀਆਂ ਪੌੜੀਆਂ ਬਣਾਉਂਦੇ ਹਨ ਲੋਕ; ਝੰਜਟਾਂ ਦੀਆਂ ਪੌੜੀਆਂ ਉਤੇ ਚੜ੍ਹਦੇ ਹਨ।...ਰਾੱਚਯੋ ਝੰਝਟ ਝੋਲ।

ਹੁਣ ਦੇਖਦੇ ਹੋ ਤੁਸੀਂ? ਇਸ ਦੇਸ਼ ਵਿਚ ਜੋ ਅੱਜ ਸੱਤਾ ਵਿਚ ਪਹੁੰਚ ਗਏ ਹਨ, ਝੰਜਟ ਕਰਕੇ ਪਹੁੰਚੇ ਹਨ। ਅਤੇ ਹੁਣ ਜੇਕਰ ਦੂਜਿਆਂ ਨੇ ਸੱਤਾ ਵਿਚ ਪਹੁੰਚਣਾ ਹੈ ਤਾਂ ਝੰਜਟ ਖੜ੍ਹੀ ਕਰਨੀ ਪਏਗੀ। ਕਿਉਂ ਝੰਜਟ ਖੜ੍ਹੀ ਕੀਤੀ ਜਾ ਰਹੀ ਹੈ? ਜਦ ਝੰਜਟ ਇੰਨੀ ਜ਼ਿਆਦਾ ਹੋ ਜਾਏਗੀ ਕਿ ਸੱਤਾ ਵਿਚ ਰਹਿਣ ਦਾ ਮਜ਼ਾ ਜਾਂਦਾ ਰਹੇਗਾ। ਜੋ ਸੱਤਾ ਵਿਚ ਹਨ ਉਹਨਾਂ ਦੇ ਲਈ ਝੰਜਟ ਜ਼ਿਆਦਾ ਹੋ ਜਾਏਗੀ। ਸੱਤਾ ਵਿਚ ਰਹਿਣ ਦੇ ਮਜ਼ੇ ਤੋਂ, ਤਾਂ ਹੀ ਉਹ ਹਟਣਗੇ। ਉਸ ਤੋਂ ਪਹਿਲਾਂ ਕੋਈ ਹਟਦਾ ਨਹੀਂ ਹੈ। ਇਸ ਦੇਸ਼ ਵਿਚ ਤਾਂ ਲੋਕ ਝੰਜਟਾਂ ਨਾਲ ਜੀਂਦੇ ਹਨ। ਸੁਕ੍ਰਿਤ ਕਰਨ ਦੀ ਸਹੂਲਤ ਕਿਥੇ ਹੈ?

ਅੰਤਿ ਚਲਯੋ ਸਬ ਛਾੜਿਕੈ...ਫਿਰ ਆਖ਼ਰ ਵਿਚ ਸਭ ਛੱਡ ਕੇ ਚਲਿਆ ਜਾਣਾ ਪਏਗਾ। ਸਭ ਝੰਜਟਾਂ ਪਈਆਂ ਰਹਿ ਜਾਣਗੀਆਂ, ਸਭ ਸ਼ੋਰ-ਸ਼ਰਾਬਾ ਪਿਆ ਰਹਿ ਜਾਏਗਾ। ਹਰਿ ਬੋਲੌ ਹਰਿ ਬੋਲ। ਉਸ ਤੋਂ ਪਹਿਲਾਂ ਹਰਿ ਨੂੰ ਬੋਲ ਲਵੋ। ਉਸ ਤੋਂ ਪਹਿਲਾਂ ਹਰੀ ਨੂੰ ਬੁਲਾ ਲਵੋ, ਹਰੀ ਨੂੰ ਪੁਕਾਰ ਲਵੋ। ਉਸਨੂੰ ਨਿਉਂਦਾ ਦੇ ਦਿਉ।

ਮੂੰਛ ਮਰੋਰਤ ਡੋਲਈ ਏਂਠਯੋ ਫਿਰਤ ਠਠੋਲ।
ਢੇਰੀ ਹ੍ਵੈ ਹੈ ਰਾਖ ਕੀ ਹਰਿ ਬੋਲੌ ਹਰਿ ਬੋਲ॥

ਸਮਾਂ ਰਹਿੰਦੇ, ਇਸਦੇ ਪਹਿਲਾਂ ਕਿ ਰਾਖ਼ ਵਿਚ ਮਿਲ ਜਾਉ, ਪੁਕਾਰ ਲਵੋ ਉਸਨੂੰ; ਅੰਮ੍ਰਿਤ ਨਾਲ ਨਾਤਾ ਜੋੜ ਲਵੋ। ਉਸਦੇ ਨਾਲ ਫੇਰੇ ਲੈ ਲਵੋ।

ਮੁੱਛ ਮਰੋੜਤ ਡੋਲਦੀ। ਅੱਪਰ ਲੋਕ ਤਾਂ ਮੁੱਛ ਮਰੋੜਦੇ ਡੋਲ ਰਹੇ ਹਨ! ਮੁੱਛ ਮਰੋੜਨ ਦੇ ਲਈ ਹੀ ਲੋਕ ਉਪਾਅ ਕਰਦੇ ਰਹਿੰਦੇ ਹਨ ਜ਼ਿੰਦਗੀ-ਭਰ। ਕੋਈ ਇਕ ਤਰ੍ਹਾਂ ਨਾਲ ਮਰੋੜਦਾ ਹੈ ਮੁੱਛ, ਕੋਈ ਦੂਜੀ ਤਰ੍ਹਾਂ ਨਾਲ ਮਰੋੜਦਾ ਹੈ। ਨਹੀਂ ਹੈ ਜਿਨ੍ਹਾਂ ਦੀ ਮੁੱਛ ਉਹ ਵੀ ਮਰੋੜ ਰਹੇ ਹਨ। ਅਜੇਹਾ ਨਾ ਸੋਚਣਾ ਕਿ ਨਹੀਂ ਮਰੋੜ ਰਹੇ ਹਨ। ਕੋਈ ਮੁੱਛ ਹੋਣ ਦੀ ਜ਼ਰੂਰਤ ਨਹੀਂ ਹੈ ਮਰੋੜਨ ਦੇ ਲਈ। ਮੁੱਛ ਹੀ ਮਰੋੜ ਰਹੇ ਹਨ ਲੋਕ। ਕੋਈ ਧਨ ਕਮਾ ਕੇ ਕਹੇਗਾ, ਕੋਈ ਅਹੁਦੇ ਨਾਲ, ਕੋਈ ਗਿਆਨ ਨਾਲ, ਕੋਈ ਪ੍ਰਸਿੱਧੀ ਨਾਲ, ਅੱਪਰ ਮੁੱਛ ਮਰੋੜ ਕੇ ਦਿਖਾ ਦੇਣਾ ਹੈ।

ਮੈਂ ਸੁਣਿਆ ਹੈ, ਇਕ ਪਿੰਡ ਵਿਚ ਇਕ ਸਰਦਾਰ ਸੀ। ਰਾਜਸਥਾਨੀ ਕਹਾਣੀ ਹੈ। ਰਾਜਸਥਾਨੀ ਸਰਦਾਰ! ਮੁੱਛ ਮਰੋੜ ਕੇ ਤੁਰਦਾ ਸੀ। ਅਤੇ ਇੰਨਾ ਹੀ ਨਹੀਂ ਕਿ ਖ਼ੁਦ ਮੁੱਛ ਮਰੋੜਦਾ ਸੀ, ਕਿਸੇ ਦੂਜੇ ਨੂੰ ਪਿੰਡ ਵਿਚ ਮਰੋੜਨ ਨਹੀਂ ਦਿੰਦਾ ਸੀ। ਕਿਉਂਕਿ ਫਿਰ ਮਜ਼ਾ ਹੀ ਕੀ? ਜਦ ਸਾਰੇ ਹੀ ਮੁੱਛ ਮਰੋੜ ਰਹੇ ਹੋਣ ਤਾਂ ਫਿਰ ਕੀ ਸਾਰ? ਇਕੱਲਾ ਹੀ ਮਰੋੜਦਾ ਸੀ। ਹੋਰ ਸਾਰੇ ਪਿੰਡ ਦੀ ਮੁੱਛ ਨੀਵੀਂ ਰਖਵਾਉਂਦਾ ਸੀ। ਸਾਰੇ ਪਿੰਡ ਦੇ ਲਈ ਆਗਿਆ ਸੀ ਕਿ ਆਪਣੀ ਮੁੱਛ ਦੋਹੀਂ ਪਾਸੀਂ ਝੁਕੀ ਰਖੋ। ਇਕ ਨਵਾਂ-ਨਵਾਂ ਬਾਣੀਆਂ ਪਿੰਡ ਵਿਚ ਆਇਆ। ਉਸਨੂੰ ਵੀ ਮੁੱਛ ਮਰੋੜਨ ਦੀ ਗੱਲ ਸੀ। ਉਸਦੇ ਕੋਲ ਧਨ ਕਾਫੀ ਸੀ। ਹੋਵੇਗਾ ਸਰਦਾਰ ਆਪਣੇ ਘਰ ਦਾ। ਉਹ ਮੁੱਛ ਮਰੋੜ ਕੇ ਪਿੰਡ ਵਿਚ ਨਿਕਲਿਆ ਇਹ ਸਰਦਾਰ ਨੂੰ ਬਰਦਾਸ਼ਤ ਦੇ ਬਾਹਰ ਹੋ ਗਿਆ। ਉਸਨੇ ਕਿਹਾ ਕਿ ਮੁੱਛ ਨੀਵੀਂ ਕਰ। ਇਸ ਪਿੰਡ ਵਿਚ ਬਸ ਇਕ ਹੀ ਮੁੱਛ ਮਰੋੜੀ ਜਾ ਸਕਦੀ ਹੈ। ਦੋ ਇਕੋ-ਸਮੇਂ ਨਹੀਂ। ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ। ਮੁੱਛ ਨੀਵੀਂ ਕਰ ਲੈ।

ਬਾਣੀਆਂ ਵੀ ਹੁਸ਼ਿਆਰ ਤਾਂ ਸੀ। ਬਾਣੀਏਂ ਤਾਂ ਹੁਸ਼ਿਆਰ ਹੁੰਦੇ ਹੀ ਹਨ। ਬਾਣੀਏਂ ਨੇ ਕਿਹਾ ਕਿ ਠੀਕ, ਤਾਂ ਨਹੀਂ ਰਹਿਣਗੀਆਂ ਦੋ ਤਲਵਾਰਾਂ। ਤਾਂ ਹੋ ਜਾਵੇ ਟਾਕਰਾ। ਤਾਂ ਜਾਂ ਤਾਂ ਇਹ ਗਰਦਨ ਜਾਂ ਉਹ ਗਰਦਨ ਬਚੇਗੀ। ਅੱਪਰ ਇਸ ਤੋਂ ਪਹਿਲਾਂ ਕਿ ਅਸੀਂ ਜੁਝੀਏ, ਮੈਂ ਜ਼ਰਾ ਘਰ ਜਾ ਕੇ ਆਪਣੀ ਪਤਨੀ-ਬੱਚਿਆਂ ਦਾ ਸਫਾਇਆ ਕਰ ਆਵਾਂ। ਕਿਉਂਕਿ ਪਤਾ ਨਹੀਂ ਮੈਂ ਮਰ ਜਾਵਾਂ ਤਾਂ ਨਾਹੱਕ ਪਤਨੀ-ਬੱਚਾ ਕਿਉਂ ਦੁਖ ਉਠਾਉਣ ਮੇਰੇ ਪਿਛੋਂ। ਮੈਂ ਤੈਨੂੰ ਕਹਿੰਦਾ ਹਾਂ, ਤੂੰ ਵੀ ਜਾਹ ਅਤੇ ਘਰ ਸਫਾਇਆ ਕਰ ਆ। ਕਿਉਂਕਿ ਇਹ ਗੱਲ ਠੀਕ ਨਹੀਂ ਹੈ, ਤੂੰ ਮਰ ਜਾਵੇਂ ਹੋ ਸਕਦਾ ਹੈ, ਫਿਰ ਪਤਨੀ-ਬੱਚੇ ਵਿਧਵਾ ਹੋ ਜਾਣ, ਭੀਖ ਮੰਗਣ, ਫਿਰ ਤੇਰੀ ਮੁੱਛ ਮਰੋੜਨ ਦੇ ਪਿਛੇ ਉਹਨਾਂ ਦੀ ਹਾਲਤ ਨੂੰ ਸੋਚ। ਗੱਲ ਸਰਦਾਰ ਨੂੰ ਵੀ ਜਚੀ ਕਿ ਗੱਲ ਤਾਂ ਠੀਕ ਹੈ।

ਦੋਵੇਂ ਘਰ ਗਏ। ਸਰਦਾਰ ਨੇ ਜਾ ਕੇ ਫੌਰਨ ਸਫਾਇਆ ਕਰ ਦਿਤਾ—ਪਤਨੀ, ਬੱਚੇ, ਸਭ ਨੂੰ ਮਾਰ ਕੇ ਘਰੋਂ ਮੁੜ ਆਇਆ। ਅਤੇ ਬਾਣੀਆਂ ਆਪਣੀ ਮੁੱਛ ਨੀਵੀਂ ਕਰਕੇ ਆ ਗਿਆ। ਉਸਨੇ ਕਿਹਾ, ਮੈਂ ਸੋਚਿਆ, ਕੀ ਝੰਜਟ ਕਰਨੀ! ਜ਼ਰਾ-ਜਿੰਨੀ ਮੁੱਛ ਦੇ ਪਿਛੇ ਕਿਉਂ ਮਾਰ-ਕੁੱਟ ਕਰਨੀ!

ਹੁਣ ਤੁਸੀਂ ਦੇਖਦੇ ਹੋ ਕਿਸਦੀ ਮੁੱਛ ਉਚੀ ਰਹੀ! ਕਦੇ-ਕਦੇ ਅਜੇਹਾ ਹੋ ਜਾਂਦਾ ਹੈ ਕਿ ਮੁੱਛ ਨੀਵੀਂ ਕਰਕੇ ਵੀ ਲੋਕ ਮਰੋੜ ਲੈਂਦੇ ਹਨ। ਇਹ ਬਾਣੀਏਂ ਨੇ ਨੀਵੀਂ ਕਰਕੇ ਮਰੋੜ ਲਈ। ਸੋ ਕਦੇ-ਕਦੇ ਨਿਮਰਤਾ ਵੀ ਮੁੱਛ ਮਰੋੜਨ ਦਾ ਇਕ ਢੰਗ ਹੁੰਦਾ, ਕਹਿੰਦੇ ਹਨ ਕਿ ਅਸੀਂ ਤਾਂ ਤੁਹਾਡੇ ਪੈਰਾਂ ਦੀ ਧੂੜ ਹਾਂ। ਇਸਲਈ ਉਪਰ-ਉਪਰ ਨਾ ਦੇਖਣਾ ਕਿ

ਮੁੱਛ ਮਰੋੜੀ ਹੈ ਕਿ ਨਹੀਂ। ਲੋਕ ਤਾਂ ਗੂੰਦ ਵਗੈਰਾ ਲਾ ਕੇ ਮਰੋੜਦੇ ਹਨ, ਕਿ ਹੁਣ ਗੂੰਦ ਨਾ ਲਾਵੋ ਤੁਸੀਂ, ਤਾਂ ਕੀ ਪਤਾ ਹਵਾ ਵਗੇ ਜ਼ੋਰ ਦੀ, ਮੁੱਛ ਝੁਕ ਜਾਵੇ, ਚਾਰ ਬੰਦਿਆਂ ਵਿਚ ਹੇਠੀ ਹੋ ਜਾਵੇ। ਰਾਹ 'ਤੇ ਨਿਕਲੋ, ਪਾਣੀ ਡਿੱਗ ਜਾਵੇ। ਵਾਲਾਂ ਦਾ ਕੀ ਭਰੋਸਾ? ਆਕੜੇ ਹੀ ਰਹਿਣ! ਹੁਣ ਵਾਲ ਕੋਈ ਆਦਮੀ ਤਾਂ ਹਨ ਨਹੀਂ। ਤਾਂ ਗੂੰਦ ਵਗੈਰਾ ਲਾ ਕੇ, ਬਿਲਕੁਲ ਮਰੋੜ ਕੇ...

ਐਪਰ ਤੁਸੀਂ ਦੇਖੋਗੇ, ਜ਼ਿੰਦਗੀ ਵਿਚ ਲੋਕ ਉਹੀ ਕਰ ਰਹੇ ਹਨ—ਵੱਖਰੇ ਢੰਗ ਨਾਲ। ਹਰ ਆਦਮੀ ਮੁੱਛ ਮਰੋੜੀ ਬੈਠਾ ਹੈ। ਜਦ ਉਸਨੂੰ ਮੌਕਾ ਮਿਲ ਜਾਂਦਾ ਹੈ ਤਾਂ ਦਿਖਾ ਦਿੰਦਾ ਹੈ ਕਿ ਦੇਖ ਲੈ। ਰਾਹ 'ਤੇ ਪੁਲਸ ਵਾਲਾ ਖੜ੍ਹਾ ਹੈ—ਤੁਹਾਨੂੰ ਦੱਸ ਦਿੰਦਾ ਹੈ ਮੌਕੇ 'ਤੇ ਕਿ ਦੇਖ ਲਉ, ਕਿਸਦੀ ਮੁੱਛ ਉਚੀ ਹੈ। ਰੇਲਵੇ ਸਟੇਸ਼ਨ 'ਤੇ ਬੈਠਾ ਟਿਕਟ ਵੇਚਣ ਵਾਲਾ ਵੀ ਦੱਸ ਦਿੰਦਾ ਹੈ ਤੁਹਾਨੂੰ, ਕਿ ਮੁੱਛ ਕਿਸਦੀ ਹੈ ਉਚੀ। ਚਪਰਾਸੀ, ਤਹਿਸੀਲਦਾਰ ਵੀ। ਉਹ ਤੁਹਾਨੂੰ ਮਜ਼ਾ ਚਖਾ ਦਿੰਦਾ ਹੈ ਖੜ੍ਹੇ ਰਹੋ! ਹੋਵੋਗੇ ਆਪਣੇ ਘਰ ਦੇ ਮਾਲਕ ਅਤੇ ਰਾਜਾ, ਇਧਰ ਮੁੱਛ ਕਿਸੇ ਹੋਰ ਦੀ ਚਲਦੀ ਹੈ।

ਹਰ ਆਦਮੀ ਇਕ-ਦੂਜੇ ਦੇ ਪਿਛੇ ਪਿਆ ਹੈ।

ਮੂੰਛ ਮਰੋਰਤ ਡੋਲਈ ਏਂਠਯੋ ਫਿਰਤ ਠਠੋਲ। ਅਤੇ ਲੋਕ ਹਾਸਾ-ਮਜ਼ਾਕ ਕਰ ਰਹੇ ਹਨ, ਜਿਵੇਂ ਜ਼ਿੰਦਗੀ ਬਸ ਹਾਸਾ-ਮਜ਼ਾਕ ਹੈ! ਜਿਵੇਂ ਜ਼ਿੰਦਗੀ ਇਕ ਮਖੌਲ ਹੈ! ਜ਼ਿੰਦਗੀ ਗੰਭੀਰ ਮਾਮਲਾ ਹੈ। ਮੌਤ ਆ ਰਹੀ ਹੈ। ਇਸਨੂੰ ਐਵੇਂ ਹੀ ਨਾ ਗੰਵਾ ਦਿਉ। ਐਪਰ ਲੋਕ ਤਾਸ਼ ਖੇਡਣ ਵਿਚ ਗੰਵਾ ਰਹੇ ਹਨ। ਲੋਕ ਸਿਨੇਮਾ ਦੇਖਣ ਵਿਚ ਗੰਵਾ ਰਹੇ ਹਨ। ਲੋਕ ਗਪਸ਼ਪ ਕਰਨ ਵਿਚ ਗੰਵਾ ਰਹੇ ਹਨ। ਅਤੇ ਉਹਨਾਂ ਨੂੰ ਪਤਾ ਨਹੀਂ ਹੈ, ਸਮਾਂ ਕਿੰਨਾ ਮੁੱਲਵਾਨ ਹੈ।

ਢੇਰੀ ਹੂੰ ਹੈ ਰਾਖ ਕੀ ਹਰਿ ਬੋਲੌ ਹਰਿ ਬੋਲ।

ਇਸਦੇ ਪਹਿਲਾਂ ਕਿ ਢੇਰੀ ਹੋ ਜਾਉ ਰਾਖ ਦੀ, ਪੁਕਾਰ ਲਵੋ ਹਰੀ ਨੂੰ। ਜੋੜ ਲਵੋ ਉਸ ਨਾਲ ਨਾਤਾ।

ਖ਼੍ਵਾਬ ਹੀ ਖ਼੍ਵਾਬ ਕਹਾਂ ਤਕ ਝਲਕੇਂ
ਖ਼ਸਤਗੀ ਰਾਤ ਕੀ ਉਠਤਾ ਹੁਆ ਦਰਦ
ਆਹਨੀ ਨੀਂਦ ਸੇ ਬੋਝਲ ਪਲਕੇਂ
ਓਸ ਖਿੜਕੀ ਕੇ ਖੁਨਕ ਸੀਸੇ ਪਰ
ਬਰਸ ਕੇ ਦਾਗ ਕੀ ਸੂਰਤ ਤਾਰੇ
ਤੰਜ ਏਕ ਰਾਤ ਕੇ ਆਈਨੇ ਪਰ
ਨੀਂਦ ਆਖੋਂ ਕੀ ਬਿਖਰ ਜਾਤੀ ਹੈ
ਸਰਦ ਝੋਂਕੋਂ ਮੇਂ ਵੋ ਆਹਟ ਹੈ ਅਭੀ
ਜੁੰਬਿਸ਼ੇ-ਦਿਲ ਮੇਂ ਠਹਰ ਜਾਤੀ ਹੈ
ਰਾਤ ਕਟਤੀ ਨਹੀਂ ਕਟ ਜਾਏਗੀ
ਔਰ ਤੇਰੇ ਖ਼੍ਵਾਬ ਕੀ ਦੁਨੀਆਂ ਐ ਦੋਸਤ

ਵੱਕਤ ਕੀ ਧੂਲ ਮੇਂ ਅਟ ਜਾਏਗੀ

ਲੋਕ ਕਹਿੰਦੇ ਹਨ, ਸਮਾਂ ਨਹੀਂ ਕੱਟ ਰਿਹਾ ਹੈ।

ਰਾਤ ਕਟਤੀ ਨਹੀਂ ਕਟ ਜਾਏਗੀ।

ਔਰ ਤੇਰੇ ਖ਼੍ਵਾਬ ਕੀ ਦੁਨੀਆਂ ਐ ਦੋਸਤ,

ਵਕਤ ਕੀ ਧੂਲ ਮੇਂ ਅਟ ਜਾਏਗੀ।

ਛੇਤੀ ਸਭ ਨਸ਼ਟ ਹੋ ਜਾਏਗਾ। ਕਲ੍ਹ ਦਾ ਵੀ ਕੋਈ ਭਰੋਸਾ ਨਹੀਂ ਹੈ। ਕਲ੍ਹ ਵੀ ਤੁਸੀਂ ਹੋਵੋਗੇ, ਇਸਦਾ ਕੁਝ ਪੱਕਾ ਨਹੀਂ ਹੈ। ਅੱਜ ਹੀ ਪੁਕਾਰੋ।

ਢੇਰੀ ਹ੍ਵੈ ਹੈ ਰਾਖ ਕੀ ਹਰਿ ਬੋਲੌ ਹਰਿ ਬੋਲ।

ਪੈਂਡੋ ਤਾੱਕਯੋ ਨਰਕ ਕੋ ਸੁਨਿ–ਸੁਨਿ ਕਥਾ ਕਪੋਲ।

ਕਿਹੋ–ਜਿਹੀਆਂ ਕੋਰੀਆਂ–ਕਲਪਨਾਵਾਂ ਵਿਚ ਲੋਕ ਉਲਝੇ ਹਨ! ਧਨ ਨਾਲ ਕੁਝ ਮਿਲ ਜਾਏਗਾ, ਇਹ ਕੋਰੀ–ਕਲਪਨਾ ਹੈ। ਕਿਸੇ ਨੂੰ ਕੁਝ ਨਹੀਂ ਮਿਲਿਆ, ਤੁਹਾਨੂੰ ਕਿਵੇਂ ਮਿਲ ਜਾਏਗਾ? ਧਨ ਵਿਚ ਕੁਝ ਹੈ ਹੀ ਨਹੀਂ ਤਾਂ ਤੁਹਾਨੂੰ ਕਿਵੇਂ ਮਿਲ ਜਾਏਗਾ? ਅਹੁਦੇ ਨਾਲ ਕਿਸੇ ਨੂੰ ਕੁਝ ਨਹੀਂ ਮਿਲਿਆ। ਕੋਰੀ ਕਲਪਨਾ ਹੈ ਕਿ ਤੁਸੀਂ ਅਹੁਦੇ ਉਤੇ ਬੈਠ ਜਾਉਗੇ ਤਾਂ ਤੁਹਾਨੂੰ ਕੁਝ ਮਿਲ ਜਾਏਗਾ। ਕਿੰਨੀ ਹੀ ਉਚੀ ਕੁਰਸੀ ਉਤੇ ਤੁਸੀਂ ਬੈਠੋ, ਤੁਸੀਂ ਤੁਸੀਂ ਹੀ ਰਹੋਗੇ। ਇਹ ਅਗਿਆਨ ਅਜੇਹੇ ਦਾ ਅਜੇਹਾ ਰਹੇਗਾ। ਇਹ ਦੁਖ ਅਤੇ ਦਰਦ ਅਜੇਹੇ ਦੇ ਅਜੇਹੇ ਰਹਿਣਗੇ। ਇਹ ਪੀੜ ਅਜੇਹੀ ਦੀ ਅਜੇਹੀ ਰਹੇਗੀ। ਵਧ ਜਾਵੇ ਬੇਸ਼ਕ, ਮਿਟਣ ਵਾਲੀ ਨਹੀਂ ਹੈ, ਕਿਉਂਕਿ ਅਹੁਦੇ ਦੀਆਂ ਝੰਜਟਾਂ ਹਨ। ਅਹੁਦਾ ਕੋਈ ਅਸਾਨੀ ਨਾਲ ਥੋੜ੍ਹਾ–ਈ ਬੈਠਣ ਦੇਵੇਗਾ। ਚਾਰੇ ਪਾਸਿਆਂ ਤੋਂ ਲੋਕ ਖਿਚੋਤਾਣੀ ਕਰਨਗੇ। ਕੋਈ ਟੰਗ ਖਿਚ ਰਿਹਾ ਹੈ, ਕੋਈ ਪੈਰ ਖਿਚ ਰਿਹਾ ਹੈ, ਕੋਈ ਕੁਰਸੀ ਹੀ ਖਿਸਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਤੁਹਾਨੂੰ ਅਨੰਦ ਨਹੀਂ ਮਿਲ ਸਕਦਾ ਅਹੁਦੇ ਉਤੇ—ਨਾ ਧਨ ਨਾਲ, ਨਾ ਯਸ਼ ਨਾਲ।

ਪੈਂਡੋ ਤਾੱਕਯੋ ਨਰਕ ਕੋ, ਸੁਨਿ–ਸੁਨਿ ਕਥਾ ਕਪੋਲ।

ਲੇਕਿਨ ਇਹਨਾਂ ਕੋਰੀਆਂ ਕਲਪਨਾਵਾਂ ਵਿਚ ਨਰਕ ਬਣਾ ਲਿਆ ਹੈ ਜੀਵਨ ਨੂੰ।

ਬੂੜੇ ਕਾਲੀ ਧਾਰ ਮੇਂ, ਹਰਿ ਬੋਲੌ ਹਰਿ ਬੋਲ।

ਇਹ ਜੋ ਕਾਲੀ ਧਾਰਾ ਹੈ ਜ਼ਿੰਦਗੀ ਦੀ, ਇਹ ਅਸਲੀ ਧਾਰਾ ਹੈ, ਕਿਉਂਕਿ ਇਹ ਮੌਤ ਵਿਚ ਖ਼ਤਮ ਹੁੰਦੀ ਹੈ। ਇਸ ਸਿਆਹ ਕਾਲੀ ਰਾਤ ਵਿਚ ਹਰੀ ਨੂੰ ਪੁਕਾਰ ਲਵੋ, ਦੀਵੇ ਜਗਾ ਲਵੋ ਉਸਦੀ ਯਾਦ ਨਾਲ। ਥੋੜ੍ਹੀ–ਜਿਹੀ ਰੋਸ਼ਨੀ ਜਨਮਾ ਲਵੋ।

ਮਾਲ ਮੁਲਕ ਹਯ ਗਯ ਘਨੇ... ਸਭ ਖੋਹਿਆ ਜਾਏਗਾ। ਮਾਲ ਵੀ, ਮੁਲਕ ਵੀ, ਹਾਥੀ–ਘੋੜੇ ਵੀ।...ਕਾਮਿਨਿ ਕਰਤ ਕਲੋਲ। ਇਹ ਸੁੰਦਰ ਇਸਤ੍ਰੀਆਂ, ਇਹ ਪਿਆਰੇ ਚੇਹਰੇ, ਇਹ ਸਭ ਖੋਹੇ ਜਾਣਗੇ।

ਕਤਹੂੰ ਗਯੇ ਬਿਲਾਇਕੈ ਹਰਿ ਬੋਲੌ ਹਰਿ ਬੋਲ।

ਪਤਾ ਵੀ ਨਹੀਂ ਲਗੇਗਾ ਕਿ ਕਿਥੇ ਬਿਲਾ ਗਏ, ਕਿਥੇ ਖੋ ਗਏ! ਕਿੰਨੀਆਂ ਸੁੰਦਰ ਇਸਤ੍ਰੀਆਂ ਇਸ ਪ੍ਰਿਥਵੀ ਉਤੇ ਰਹੀਆਂ। ਕਿੱਲਯੋਪੇਤਰਾ ਅਤੇ ਮੁਮਤਾਜ ਮਹਿਲ ਅਤੇ ਕਿੰਨੇ ਸੁੰਦਰ ਲੋਕ ਇਸ ਪ੍ਰਿਥਵੀ ਉਤੇ ਰਹੇ। ਸਭ ਖੋ ਗਏ। ਮਿੱਟੀ ਤੋਂ ਉਠੇ, ਮਿੱਟੀ ਵਿਚ ਡਿੱਗ ਗਏ।

ਲੇਕਿਨ ਆਦਮੀ ਇਹ ਦੇਖਣਾ ਨਹੀਂ ਚਾਹੁੰਦਾ, ਇਹ ਦੇਖਣ ਵਿਚ ਡਰ ਲਗਦਾ ਹੈ। ਫਿਰ ਉਸਦੇ ਸੁਫਨਿਆਂ ਦਾ ਕੀ ਬਣੇਗਾ? ਆਦਮੀ ਤਾਂ ਬੜੇ ਸੁਫਨੇ ਦੇਖਦਾ ਹੈ।

ਕਭੀ–ਕਭੀ ਤੇਰੇ ਓਠੋਂ ਕੀ ਮੁਸਕਰਾਹਟ ਸੇ
ਮੁਝੇ ਬਹਾਰ ਕੀ ਆਹਟ ਸੁਨਾਈ ਦੇਤੀ ਹੈ।
ਤੇਰੀ ਨਿਗਾਹ ਕੀ ਯਹ ਬੇਹਿਸਾਬ ਸਰਗੋਸ਼ੀ
ਮੁਝੇ ਫਵਾਰ ਸੀ ਪੜਤੀ ਦਿਖਾਈ ਦੇਤੀ ਹੈ।
ਜਬ ਆਸਮਾਂ ਪੈ ਲਪਕਤਾ ਹੈ ਬਾਂਕਪਨ ਤੇਰਾ
ਤਭੀ ਕਮਾਨ ਸੇ ਕੋਈ ਤੀਰ ਛੂਟ ਜਾਤਾ ਹੈ।
ਤੇਰੇ ਬਦਨ ਕੇ ਜਬਾਂ ਸਾਲ ਜਮਜਮੇ ਸੁਨਕਰ
ਗਰੂਰ ਮੇਰੀ ਸਮਾਅਤ ਕਾ ਟੂਟ ਜਾਤਾ ਹੈ।
ਮਹਿਕੀ ਹੁਈ ਗੁੱਫਤਾਰ ਮੇਂ ਫੂਲੋਂ ਕਾ ਤਬੱਸੁਮ
ਬਹਿਕੀ ਹੁਈ ਰੱਫਤਾਰ ਮੇਂ ਝੋਂਕੋਂ ਕੀ ਰਵਾਨੀ।
ਮੁਮਕਿਨ ਹੈ ਖ਼ਿਜਾਓਂ ਕਾ ਤਸੱਵੁਰ ਹੀ ਬਦਲ ਦੇ
ਐ ਜਾਨੇ ਬਹਾਰਾਂ, ਤੇਰੀ ਗੁਲਪੋਸ਼ ਜਵਾਨੀ

ਜਦ ਅਸੀਂ ਭਰਦੇ ਹਾਂ ਸੁਹੱਪਣ ਦੇ ਮੋਹ ਨਾਲ, ਜੋਬਨ ਦੇ ਮੋਹ ਨਾਲ, ਤਾਂ ਅਸੀਂ ਭੁੱਲ ਹੀ ਜਾਂਦੇ ਹਾਂ ਕਿ ਇਹ ਸੁਫਨੇ ਬਹੁਤ ਵਾਰ ਦੇਖੇ ਗਏ ਹਨ; ਇਹ ਕੋਈ ਨਵੇਂ ਨਹੀਂ ਹਨ। ਇਹ ਪ੍ਰੇਮ ਬਹੁਤ ਵਾਰ ਹੋਇਆ ਹੈ; ਇਹ ਕੋਈ ਨਵਾਂ ਨਹੀਂ ਹੈ। ਕਿੰਨੇ ਮਜਨੂੰ ਅਤੇ ਕਿੰਨੇ ਫਰਿਹਾਦ ਪ੍ਰੇਮ ਕਰਦੇ ਰਹੇ ਅਤੇ ਗਲਦੇ ਰਹੇ ਅਤੇ ਡਿੱਗਦੇ ਰਹੇ। ਪ੍ਰੇਮ ਹੀ ਕਰਨਾ ਹੋਵੇ ਤਾਂ ਪਰਮਾਤਮਾ ਨਾਲ ਕਰੋ। ਉਸਦੇ ਨਾਲ ਪ੍ਰੇਮ ਜੁੜ ਜਾਂਦਾ ਹੈ ਤਾਂ ਵਿਅਕਤੀ ਬਦਲਾਅ ਦੇ ਪਾਰ ਹੋ ਜਾਂਦਾ ਹੈ। ਜਿਥੇ ਤਕ ਬਦਲਾਅ ਹੈ ਉਥੇ ਤਕ ਦੁਖ ਹੈ। ਜਿਵੇਂ ਹੀ ਬਦਲਾਅ ਦੇ ਪਾਰ ਗਏ ਕਿ ਉਥੇ ਸਦੀਵੀਂ ਸ਼ਾਂਤੀ ਹੈ।

ਮਾਲ ਮੁਲਕ ਹਯ ਗਯ ਘਨੇ, ਕਾਮਿਨਿ ਕਰਤ ਕਲੋਲ।
ਕਤਹੂੰ ਗਯੇ ਬਿਲਾਇਕੈ, ਹਰਿ ਬੋਲੋ ਹਰਿ ਬੋਲ।

ਔਪਰ ਜਵਾਨੀ ਸੋ ਜਵਾਨੀ, ਬੁਢਾਪੇ ਵਿਚ ਵੀ ਲੋਕ ਬੀਤੀ ਜਵਾਨੀ ਦੀ ਯਾਦ ਕਰ ਕਰਕੇ ਜੀਂਦੇ ਹਨ। ਅੱਖਾਂ ਬੁੱਢੀਆਂ ਹੋ ਗਈਆਂ, ਦੇਹ ਟੁੱਟਣ ਲੱਗੀ, ਕਬਰ ਨੇੜੇ ਆ ਗਈ, ਇਕ ਪੈਰ ਕਬਰ ਵਿਚ ਲਥ ਗਿਆ, ਦੂਜਾ ਹੁਣ ਲੱਥਿਆ ਕਿ ਹੁਣ ਲੱਥਿਆ; ਤਦ ਵੀ ਉਹਨਾਂ ਦੀ ਯਾਦਾੱਸ਼ਤ ਜਵਾਨੀ ਦੀ ਹੀ ਬਣੀ ਰਹਿੰਦੀ ਹੈ। ਉਹ ਪੁਰਾਣੇ ਦਿਨ

ਮੁੜ-ਮੁੜ ਕੇ ਉਸਦੇ ਧਿਆਨ ਵਿਚ ਤੈਰਦੇ ਰਹਿੰਦੇ ਹਨ। ਮਨੋਵਿਗਿਆਨਕ ਕਹਿੰਦੇ ਹਨ ਕਿ ਮਰਦੇ ਸਮੇਂ ਸੌ 'ਚੋਂ ਨੜ੍ਹਿੱਨਵੇਂ ਲੋਕਾਂ ਦੇ ਮਨ ਵਿਚ ਕਾਮਵਾਸਨਾ ਦਾ ਵਿਚਾਰ ਹੁੰਦਾ ਹੈ। ਅਤੇ ਇਸ ਨਾਲ ਜਿਨ੍ਹਾਂ ਨੇ ਆਤਮਕ ਜੀਵਨ ਦੀ ਖੋਜ ਕੀਤੀ ਹੈ ਉਹਨਾਂ ਦੀ ਪੂਰਨ ਸਹਿਮਤੀ ਹੈ। ਹੋਵੇਗੀ ਹੀ। ਕਿਉਂਕਿ ਜ਼ਿੰਦਗੀ-ਭਰ ਉਹੀ ਵਿਚਾਰ, ਸਭ ਤੋਂ ਵਧ ਮਹੱਤਵਪੂਰਨ ਉਹੀ ਵਿਚਾਰ ਸੀ। ਉਸੇ ਦੇ ਆਲੇ-ਦੁਆਲੇ ਜ਼ਿੰਦਗੀ ਕੋਹਲੂ ਦੇ ਬੈਲ ਦੀ ਤਰ੍ਹਾਂ ਘੁੰਮੀ ਹੈ। ਮਰਦੇ ਵਕਤ ਤਾਂ ਹੋਰ ਵੀ ਗੂਹੜਾ ਹੋ ਕੇ ਪਰਗਟ ਹੋਵੇਗਾ। ਅਤੇ ਕਿਉਂਕਿ ਮਰਦੇ ਵਕਤ ਕਾਮਵਾਸਨਾ ਦਾ ਹੀ ਵਿਚਾਰ ਚਿੱਤ ਵਿਚ ਹੁੰਦਾ ਹੈ, ਉਸੇ ਵੇਲੇ ਨਵਾਂ ਜਨਮ ਹੋ ਜਾਂਦਾ ਹੈ ਕਿਸੇ ਗਰਭ ਵਿਚ। ਕਿਉਂਕਿ ਫਿਰ ਕਾਮਵਾਸਨਾ ਦੀ ਯਾਤਰਾ ਸ਼ੁਰੂ ਹੋ ਗਈ। ਮਰਦੇ ਵਕਤ ਰਾਮ ਦਾ ਖ਼ਿਆਲ ਰਹੇ, ਕਾਮ ਦਾ ਨਹੀਂ, ਤਾਂ ਮੁਕਤੀ ਹੈ। ਫਿਰ ਦੁਬਾਰਾ ਗਰਭ ਦੀ ਗੰਦਗੀ ਵਿਚ ਉਤਰਨ ਦੀ ਸੰਭਾਵਨਾ ਨਾ ਰਹੀ। ਫਿਰ ਦੁਬਾਰਾ ਇਹੀ ਚੱਕਰ ਸ਼ੁਰੂ ਨਾ ਹੋਵੇਗਾ।

ਲੇਕਿਨ ਰਾਮ ਦਾ ਨਾਂ ਕੋਈ ਅੰਤ ਵਿਚ ਇਕਦਮ ਨਾਲ ਨਹੀਂ ਲੈ ਸਕਦਾ, ਜਦ ਤਕ ਜੀਵਨ-ਭਰ ਖ਼ੁਦ ਨੂੰ ਰਾਮ ਦੇ ਨਾਂ ਨਾਲ ਸਰਾਬੋਰ ਨਾ ਕੀਤਾ ਹੋਵੇ।

ਕਭੀ-ਕਭੀ ਮੇਰੇ ਅਹਿਸਾਸ ਕੇ ਹਿਜਾਬੋਂ ਮੇਂ
ਕਿਸੀ ਕੀ ਯਾਦ ਦੁਲਹਨ ਬਨਕਰ ਮੁਸਕਰਾਤੀ ਹੈ
ਨਿਸ਼ਾਤੋ-ਨੂਰ ਮੇਂ ਭੀਗੀ ਹੁਈ ਫਜ਼ਾਓਂ ਸੇ
ਕਿਸੀ ਕੇ ਗਰਮ ਤਨਫੱਫੁਸ ਕੀ ਆਂਚ ਆਤੀ ਹੈ।
ਦਮਾਗੋ-ਰੂਹ ਮੇਂ ਜਲਤੇ ਹੈਂ ਜਮਜਮੋਂ ਕੇ ਦਿਯੇ
ਤਸੱਵੁਰਾਤ ਮੇਂ ਖਿਲਤੀ ਹੈਂ ਮਰਮਰੀ ਕਲੀਆਂ
ਬੁਝੀ-ਬੁਝੀ ਆਖੋਂ ਮੇਂ ਫੈਲ ਜਾਤੀ ਹੈਂ।
ਵੋ ਝੇਂਪਤੀ ਹੁਈ ਰਾਹੇਂ ਵੋ ਸ਼ਰਮਗੀਂ ਗਲੀਆਂ
ਜਹਾਂ ਕਿਸੀ ਨੇ ਬੜੀ ਮੁੱਲਤਫਿਤ ਨਿਗਾਹੋਂ ਸੇ
ਧਨੁਕ ਕੇ ਰੰਗ ਬਿਖੇਰੇ ਥੇ ਮੇਰੇ ਸੀਨੇ ਮੇਂ
ਤਰਬਨਵਾਜ ਬਹਾਰੋਂ ਕਾ ਰੰਗ ਉਂਡੇਲਾ ਥਾ
ਖ਼ਿਜ਼ਾਂ ਨਸੀਬ ਕੇ ਖ਼ਯਾਲੋਂ ਕੇ ਆਗਬੀਨੇ ਮੇਂ
ਉਜੜ ਚੁਕੀ ਹੈ ਵੋ ਸਪਨੋਂ ਭਰੀ ਹਸੀਂ ਦੁਨੀਆਂ
ਸੁਲਗਤੇ ਜ਼ਹਨ ਪੈ ਮਾਜ਼ੀ ਕਾ ਹੈ ਅਸਰ ਫਿਰ ਭੀ
ਨਾ ਅਬ ਵੋ ਦਿਲ ਹੈ ਨਾ ਅਬ ਦਿਲ ਕੇ ਹੈਂ ਵੋ ਹੰਗਾਮੇਂ
ਹਯਾਤ ਸਾਕਿਨੋ-ਖ਼ਾਮੋਸ਼ ਹੈਂ, ਮਗਰ ਫਿਰ ਭੀ...
ਕਭੀ-ਕਭੀ ਮੇਰੇ ਅਹਿਸਾਸ ਕੇ ਹਿਜਾਬੋਂ ਮੇਂ

ਕਿਸੀ ਕੀ ਯਾਦ ਦੁਲਹਨ ਬਨ ਕਰ ਮੁਸਕੁਰਾਤੀ ਹੈ
ਨਿਸ਼ਾਤੇ–ਨੂਰ ਮੇਂ ਭੀਗੀ ਹੁਈ ਫਜ਼ਾਓਂ ਸੇ
ਕਿਸੀ ਕੇ ਗਰਮ ਤਨਫੱਫੁਸ ਕੀ ਆਂਚ ਆਤੀ ਹੈ

ਜਦ ਸਭ ਖੋ ਜਾਂਦਾ ਹੈ, ਸਭ ਸੁਫਨੇ ਟੁੱਟ ਜਾਂਦੇ...

ਉਜੜ ਚੁਕੀ ਹੈ ਵੋ ਸਪਨੋਂ ਭਰੀ ਹਸੀਂ ਦੁਨੀਆਂ
ਸੁਲਗਤੇ ਜ਼ਹਨ ਪਰ ਹੈ ਮਾਜ਼ੀ ਕਾ ਅਸਰ ਫਿਰ ਭੀ

ਐਪਰ ਫਿਰ ਵੀ ਬੀਤ ਗਏ ਅਤੀਤ ਦੇ ਸੰਸਕਾਰ ਮਨ ਉੱਤੇ ਜੰਮ ਰਹਿੰਦੇ ਹਨ, ਜੰਮੇ ਰਹਿੰਦੇ ਹਨ।

ਉਜੜ ਚੁਕੀ ਹੈ ਵੋ ਸਪਨੋਂ ਭਰੀ ਹਸੀਂ ਦੁਨੀਆਂ
ਸੁਲਗਤੇ ਜ਼ਹਰ ਪਰ ਹੈ ਮਾਜ਼ੀ ਕਾ ਅਸਰ ਫਿਰ ਭੀ।
ਨਾ ਅਬ ਵੋ ਦਿਲ ਹੈ, ਨਾ ਦਿਲ ਕੇ ਹੈਂ ਵੋ ਹੰਗਾਮੇ
ਹਯਾਤ ਸਾਕਿਨੋ–ਖ਼ਾਮੋਸ਼ ਹੈਂ ਮਗਰ ਫਿਰ ਭੀ...।

ਉਸ 'ਮਗਰ ਫਿਰ ਭੀ' ਉੱਤੇ ਧਿਆਨ ਦਿਉ। ਆਦਮੀ ਮਰਦਾ–ਮਰਦਾ ਵੀ ਸੁਫਨਿਆਂ ਵਿਚ ਖੋਇਆ ਰਹਿੰਦਾ ਹੈ। ਜੀਂਦਾ ਹੈ ਸੁਫਨਿਆਂ ਵਿਚ, ਮਰਦਾ ਹੈ ਸੁਫਨਿਆਂ ਵਿਚ। ਜਾਗੋਗੇ ਕਦੋਂ? ਅਤੇ ਜਿਹੜਾ ਜਾਗਿਆ ਨਹੀਂ ਉਹ ਵਿਅਰਥ ਹੀ ਜੀਵਿਆ ਅਤੇ ਵਿਅਰਥ ਹੀ ਮਰਿਆ।

ਮੋਟੇ ਮੀਰ ਕਹਾਵਤੇ ਕਰਤੇ ਬਹੁਤ ਡਫੋਲ।

ਬੜੇ ਰਈਸ ਸਮਝਦੇ ਹਨ ਲੋਕ ਆਪਣੇ–ਆਪ ਨੂੰ। ਬੜੇ ਹੰਕਾਰੀ! ਇਹ ਸਮਝਦੇ ਹਨ, ਅਤੇ ਬੜਾ ਅਡੰਬਰ ਅਤੇ ਬੜੀਆਂ ਡੀਂਗਾਂ ਮਾਰਦੇ ਹਨ।

ਮੋਟੇ ਮੀਰ ਕਹਾਵਤੇ ਕਰਤੇ ਬਹੁਤ ਡਫੋਲ।
ਮਰਦ–ਗਰਦ ਮੇਂ ਮਿਲਿ ਗਯੇ ਹਰਿ ਬੋਲੌ ਹਰਿ ਬੋਲ॥

ਵੱਡੇ–ਵੱਡੇ ਮਰਦ, ਵੱਡੇ–ਵੱਡੇ ਹਿੰਮਤਵਰ ਲੋਕ, ਬੜੇ ਹੌਸਲਾਮੰਦ, ਦਲੇਰ, ਉਹ ਵੀ ਮਿੱਟੀ ਵਿਚ ਮਿਲ ਜਾਂਦੇ ਹਨ। ਕਾਇਰ ਵੀ ਮਿੱਟੀ ਵਿਚ ਮਿਲ ਜਾਂਦੇ ਹਨ ਅਤੇ ਬਹਾਦਰ ਵੀ ਮਿਲ ਜਾਂਦੇ ਹਨ ਮਿੱਟੀ ਵਿਚ। ਕੋਈ ਬਹੁਤਾ ਫਰਕ ਨਹੀਂ ਹੈ। ਅਮੀਰ ਅਤੇ ਗਰੀਬ, ਸਫਲ ਅਤੇ ਅਸਫਲ ਇਕਸਾਰ ਡਿੱਗ ਜਾਂਦੇ ਹਨ। ਮੌਤ ਕੋਈ ਫਰਕ ਨਹੀਂ ਕਰਦੀ, ਮੌਤ ਬੜੀ ਸਮਾਜਵਾਦੀ ਹੈ। ਕਹਿਣਾ ਚਾਹੀਦਾ ਹੈ, ਸਾਮਵਾਦੀ ਹੈ। ਇਸਲਈ ਛੋਟੀਆਂ–ਛੋਟੀਆਂ ਗੱਲਾਂ ਵਿਚ ਨਾ ਉਲਝੋ ਕਿ ਗਰੀਬ ਹਾਂ ਤਾਂ ਅਮੀਰ ਕਿਵੇਂ ਹੋ ਜਾਵਾਂ, ਕਾਇਰ ਹਾਂ ਤਾਂ ਬਹਾਦਰ ਕਿਵੇਂ ਹੋ ਜਾਵਾਂ? ਇਹਨਾਂ ਛੋਟੀਆਂ–ਛੋਟੀਆਂ ਗੱਲਾਂ ਵਿਚ ਨਾ ਉਲਝੋ। ਰੁਚੀ ਤਾਂ ਇਕ ਹੀ ਗੱਲ ਹੈ, ਜਿਸ ਵਿਚ ਲੈਣਾ, ਕਿ ਬਾਹਰ ਹਾਂ, ਅੰਦਰ ਕਿਵੇਂ ਹੋ ਜਾਵਾਂ; ਅੱਖਾਂ ਬਾਹਰ ਦੀ ਤਰਫ ਖੁਲ੍ਹੀਆਂ ਹਨ, ਅੰਦਰ ਦੀ ਤਰਫ ਕਿਵੇਂ ਖੁਲ੍ਹ ਜਾਣ। ਮਰਦ–ਗਰਦ ਮੇਂ ਮਿਲਿ ਗਯੇ, ਹਰਿ ਬੋਲੌ ਹਰਿ ਬੋਲ। ਉਹੀ ਹੈ ਹਰੀ ਦੀ ਯਾਦ!

ਐਸੀ ਗਤਿ ਸੰਸਾਰ ਕੀ, ਅਜਹੂੰ ਰਾਖਤ ਜੋਲ।
ਆਪ ਮੁਯੇ ਹੀ ਜਾਨਿਹੈ ਹਰਿ ਬੋਲੌ ਹਰਿ ਬੋਲ॥

ਕੀ ਮਰੋਗੇ ਤਦੇ ਜਾਣੋਗੇ? ਐਸੀ ਗਤਿ ਸੰਸਾਰ ਕੀ...। ਜ਼ਰਾ ਦੇਖੋ, ਗੌਰ ਕਰੋ। ਇੰਨੇ ਲੋਕ ਮਰ ਗਏ ਹਨ, ਇੰਨੇ ਲੋਕ ਮਰ ਰਹੇ ਹਨ। ਜ਼ਰਾ ਗੌਰ ਨਾਲ ਪਛਾਣੋ। ਐਸੀ ਗਤਿ ਸੰਸਾਰ ਕੀ। ਇਹ ਗਤਿ ਹੈ, ਸੰਸਾਰ ਦੀ ਵਿਵਸਥਾ ਹੈ, ਉਸਦਾ ਨਿਯਮ ਹੈ : ਇਥੇ ਜੋ ਜਨਮਿਆਂ ਹੈ ਉਹ ਮਰੇਗਾ। ਇਥੇ ਸਭ ਮਿੱਟੀ ਵਿਚ ਮਿਲ ਜਾਣ ਵਾਲਾ ਹੈ। ਐਸੀ ਗਤਿ ਸੰਸਾਰ ਕੀ ਅਜਹੂੰ ਰਾਖਤ ਜੋਲ। ਅਤੇ ਫਿਰ ਵੀ ਤੁਸੀਂ ਜ਼ੋਰ ਮਾਰ ਰਹੇ ਹੋ, ਇਸ ਨਿਯਮ ਦੇ ਉਲਟ। ਅਜੇ ਵੀ ਜ਼ੋਰ ਲਾ ਰਹੇ ਹੋ ਕਿ ਸ਼ਾਇਦ ਮੈਂ ਨਿਕਲ ਭੱਜਾਂ। ਜੋ ਸਿਕੰਦਰ ਨੂੰ ਨਹੀਂ ਹੋਇਆ, ਸ਼ਾਇਦ ਮੈਨੂੰ ਹੋ ਜਾਵੇ।...ਅਜਹੂੰ ਰਾਖਤ ਜੋਲ। ਆਪ ਮੁਯੇ ਹੀ ਜਾਨਿਹੈ...। ਕੀ ਤੁਸੀਂ ਤੈਅ ਹੀ ਕਰ ਰਖਿਆ ਹੈ, ਜਦ ਮਰੋਗੇ ਤਦੇ ਜਾਣੋਗੇ? ਅੰਪਰ ਤਦ ਚੁੱਕ ਜਾਉਗੇ, ਬਹੁਤ ਦੇਰ ਹੋ ਜਾਏਗੀ। ਫਿਰ ਕਰਨ ਦਾ ਕੋਈ ਉਪਾਅ ਨਾ ਰਹਿ ਜਾਏਗਾ। ਫਿਰ ਪਛਤਾਇਆਂ ਕੀ ਬਣੇ ਜਦ ਚਿੜੀਆਂ ਚੁਗਿਆ ਖੇਤ! ਹਰਿ ਬੋਲੌ ਹਰਿ ਬੋਲ।

ਇਸਦੇ ਪਹਿਲਾਂ ਕਿ ਮੌਤ ਆ ਜਾਵੇ, ਪਰਮਾਤਮਾ ਨੂੰ ਪੁਕਾਰ ਲਵੋ। ਇਸਦੇ ਪਹਿਲਾਂ ਕਿ ਮੌਤ ਦੁਆਰ 'ਤੇ ਦਸਤਕ ਦੇਵੇ, ਅੰਮ੍ਰਿਤ ਨੂੰ ਨਿਵਾਸੀ ਬਣਾ ਲਵੋ, ਅੰਮ੍ਰਿਤ ਦੇ ਮਹਿਮਾਨ ਨੂੰ ਬੁਲਾ ਲਵੋ। ਫਿਰ ਮੌਤ ਨਹੀਂ ਆਉਂਦੀ ਹੈ। ਆਉਂਦੀ ਵੀ ਹੈ ਤਾਂ ਤੁਹਾਡੀ ਨਹੀਂ ਆਉਂਦੀ। ਫਿਰ ਦੇਹ ਡਿੱਗੇਗੀ; ਦੇਹ ਤਾਂ ਡਿੱਗਣੀ ਹੈ। ਦੇਹ ਤੁਹਾਡੀ ਹੈ ਵੀ ਨਹੀਂ। ਰੰਗ–ਰੂਪ ਸਭ ਡਿਗ ਜਾਏਗਾ ਅਤੇ ਮਿਟ ਜਾਏਗਾ। ਤੁਸੀਂ ਰਹੋਗੇ, ਸਦਾ ਰਹੋਗੇ।

ਮੌਤ ਨੂੰ ਜਿੱਤਿਆ ਜਾ ਸਕਦਾ ਹੈ, ਅੰਮ੍ਰਿਤ ਨੂੰ ਪੁਕਾਰ ਕੇ। ਅਤੇ ਅਜੇਹਾ ਵੀ ਨਹੀਂ ਹੈ ਕਿ ਅੰਮ੍ਰਿਤ–ਕਲਸ਼ ਹੋ। ਅਮ੍ਰਿਤੱਸਯ ਪੁੱਤ੍ਰਹ। ਜ਼ਰਾ ਹੱਥ ਵਧਾਉ ਅੰਦਰ, ਅੰਮ੍ਰਿਤ ਦੇ ਕਲਸ ਨੂੰ ਪਾ ਲਵੋਗੇ। ਅਤੇ ਇਕ ਘੁੱਟ ਅੰਮ੍ਰਿਤ ਦਾ ਪੀ ਲਿਆ, ਇਕ ਵਾਰ ਚੇਤਾ ਆ ਗਿਆ, ਇਕ ਵਾਰ ਹਰੀ ਦੀ ਤਰਫ ਅੱਖ ਉਠ ਗਈ...

ਹਿੰਦੂ ਕੀ ਹਦਿ ਛਾੜਿਕੈ ਤਜਿ ਤੁਰਕ ਕੀ ਰਾਹ,
ਸੁੰਦਰ ਸਹਜੈ ਚੀਨ੍ਹਿਯਾਂ ਏਕੈ ਰਾਮ ਅੱਲਾਹ।

ਇਕ ਵਾਰ ਰਾਮ ਅਤੇ ਅਲਾਹ ਇਕ ਹਨ, ਉਸ ਇਕ ਦਾ ਪਤਾ ਲੱਗ ਗਿਆ, ਬਸ ਯਾਤਰਾ ਪੂਰੀ ਹੋਈ। ਮੰਜ਼ਲ ਆ ਗਈ। ਤੁਸੀਂ ਆਪਣੇ ਘਰ ਆ ਗਏ। ਫਿਰ ਸੁਖ ਹੀ ਸੁਖ ਹੈ। ਫਿਰ ਸ਼ਾਂਤੀ ਹੀ ਸ਼ਾਂਤੀ ਹੈ। ਫਿਰ ਮੌਨ, ਫਿਰ ਅਨੰਦ, ਫਿਰ ਸੰਗੀਤ, ਅਤੇ ਫਿਰ ਇਕ ਮਸਤੀ ਹੈ ਜੋ ਟੁੱਟਦੀ ਨਹੀਂ। ਫਿਰ ਇਕ ਬੇਖ਼ੁਦੀ, ਇਕ ਬੇਹੋਸ਼ੀ, ਜਿਸ ਵਿਚ ਕੋਈ ਹੋਸ਼ ਦਾ ਵੀ ਦੀਵਾ ਜਗਦਾ ਹੈ। ਇਕ ਅਪੂਰਵ ਅਨੁਭਵ। ਉਸ ਅਪੂਰਵ ਅਨੁਭਵ ਦਾ ਨਾਂ ਹੀ ਸਮਾਧੀ ਹੈ।

ਹਰਿ ਬੋਲੌ ਹਰਿ ਬੋਲ।

ਅੱਜ ਇੰਨਾ ਹੀ।

6

ਜੋ ਹੈ, ਪਰਮਾਤਮਾ ਹੈ

ਪਰਮਾਤਮਾ ਕਿਥੇ ਹੈ?

ਹਮ ਤੋ ਖ਼ੁਦਾ ਕੇ ਕਭੀ ਕਾਯਲ ਹੀ ਨਾ ਥੇ, ਤੁਮਕੋ ਦੇਖਾ ਖ਼ੁਦਾ ਯਾਦ ਆਇਆ।

ਅਜੇਹਾ ਲਗਦਾ ਹੈ ਕਿ ਕੁਝ ਅੰਦਰ ਹੀ ਅੰਦਰ ਖਾਈ ਜਾ ਰਿਹਾ ਹੈ, ਜਿਸਦੀ ਵਜ੍ਹਾ ਨਾਲ ਉਦਾਸੀ ਅਤੇ ਨਿਰਾਸ਼ਾ ਮਹਿਸੂਸ ਹੁੰਦੀ ਹੈ।

ਸੰਸਾਰ ਤੋਂ ਰੁਚੀ ਘਟ ਹੋ ਰਹੀ ਹੈ ਅਤੇ ਇਕ ਉਦਾਸੀ ਆ ਗਈ ਹੈ। ਜੀਵਨ ਵਿਚ ਵੀ ਲਗਦਾ ਹੈ ਕਿ ਇਹ ਕੰਢਾ ਛੁੱਟਦਾ ਜਾ ਰਿਹਾ ਹੈ ਅਤੇ ਉਸ ਕੰਢੇ ਦੀ ਝਲਕ ਵੀ ਨਹੀਂ ਮਿਲੀ। ਅਤੇ ਇਕੱਲੇਪਣ ਵਿਚ ਘਬਰਾਹਟ ਵੀ ਬਹੁਤ ਹੁੰਦੀ ਹੈ ਅਤੇ ਇਸ ਕੰਢੇ ਨੂੰ ਪਕੜ ਲੈਂਦੀ ਹਾਂ। ਪ੍ਰਭੂ, ਮੈਂ ਕੀ ਕਰਾਂ? ਕਿਵੇਂ ਇਥੋਂ ਤਕ ਪਹੁੰਚਾਂ?

ਕੀ ਤੁਸੀਂ ਮੈਨੂੰ ਪਾਗਲ ਬਣਾ ਕੇ ਹੀ ਛਡੋਗੇ?

ਚੁੱਕ–ਚੁੱਕ ਮੇਰੀ, ਠੀਕ–ਠੀਕ ਤੇਰਾ!

ਪਰਮਾਤਮਾ ਕਿਥੇ ਹੈ, ਅਜੇਹਾ ਪੁੱਛਣ ਵਿਚ ਹੀ ਭੁੱਲ ਹੋ ਜਾਂਦੀ ਹੈ। ਅਤੇ ਸਵਾਲ ਗਲਤ ਹੋਵੇ ਤਾਂ ਸਹੀ ਜਵਾਬ ਦੇਣਾ ਅਸੰਭਵ ਹੋ ਜਾਂਦਾ ਹੈ। ਪੁਛੋ, ਪਰਮਾਤਮਾ ਕਿਥੇ ਨਹੀਂ ਹੈ? ਕਿਉਂਕਿ ਸਿਰਫ ਉਹੀ ਹੈ। ਜ਼ਿਆਦਾ ਠੀਕ ਹੋਵੇਗਾ ਕਹਿਣਾ ਕਿ 'ਜੋ ਹੈ', ਉਸਦਾ ਹੀ ਦੂਜਾ ਨਾਂ ਪਰਮਾਤਮਾ ਹੈ। ਪਰਮਾਤਮਾ ਸ਼ਬਦ ਛੱਡ ਦਿਉ ਤਾਂ ਵੀ ਚਲੇਗਾ। ਜੋ ਹੈ, ਇਹ ਸਾਰੀ ਸਮੱਗ੍ਰਤਾ, ਇਹ ਛੋਟੇ-ਜਿਹੇ ਕਿਣਕੇ ਤੋਂ ਲੈ ਕੇ ਵਿਰਾਟ ਅਕਾਸ਼, ਇਹ ਜੀਵਨ ਦਾ ਸਾਰਾ ਵਿਸਥਾਰ- ਇਸ ਸਭ ਦਾ ਇਕੱਠਾ ਨਾਂ ਪਰਮਾਤਮਾ ਹੈ।

ਪਰਮਾਤਮਾ ਕੋਈ ਵਿਅਕਤੀ ਨਹੀਂ ਹੈ ਕਿ ਤੁਸੀਂ ਪੁਛੋ : ਕਿਥੇ ਹੈ? ਪਰਮਾਤਮਾ ਦਾ ਕੋਈ ਪਤਾ ਨਹੀਂ ਹੋ ਸਕਦਾ। 'ਸਮੱਗ੍ਰ' ਦਾ ਕੀ ਪਤਾ ਹੋਵੇਗਾ? ਸੀਮਿਤ ਦਾ ਪਤਾ ਹੋ ਸਕਦਾ ਹੈ, ਅਤੇ ਸੀਮਿਤ ਦੀ ਤਰਫ ਅਸੀਂ ਉਂਗਲ ਚੁੱਕ ਸਕਦੇ ਹਾਂ-ਉਹ ਰਿਹਾ। ਸੀਮਿਤ ਨੂੰ ਅਸੀਂ ਦਿਸ਼ਾ ਵਿਚ ਰਖ ਸਕਦੇ ਹਾਂ-ਪੂਰਬ ਵਿਚ ਹੈ, ਪੱਛਮ ਵਿਚ ਹੈ, ਦੱਖਣ ਵਿਚ ਹੈ, ਉੱਤਰ ਹੈ, ਉਪਰ ਹੈ, ਹੇਠਾਂ ਹੈ।

'ਪਰਮਾਤਮਾ' ਸ਼ਬਦ ਨੇ ਬੜਾ ਭੁਲੇਖਾ ਪੈਦਾ ਕੀਤਾ ਹੈ। ਉਸ ਸ਼ਬਦ ਵਿਚ ਅਜੇਹਾ ਲਗਦਾ ਹੈ ਕਿ ਕੋਈ ਹੈ। ਉਸ ਸ਼ਬਦ ਦੇ ਕਾਰਨ ਹੀ ਫਿਰ ਅਸੀਂ ਉਸਦੇ ਹੱਥ ਬਣਾਏ, ਪੈਰ ਬਣਾਏ, ਮੂੰਹ ਬਣਾਇਆ। ਫਿਰ ਅਸੀਂ ਮੂਰਤੀਆਂ ਰਚੀਆਂ, ਅਤੇ ਉਹਨਾਂ ਮੂਰਤੀਆਂ ਦੇ ਸਾਹਮਣੇ ਝੁਕੇ, ਪ੍ਰਾਰਥਨਾ ਕੀਤੀ। ਆਪਣੀਆਂ ਹੀ ਬਣਾਈਆਂ ਹੋਈਆਂ ਮੂਰਤੀਆਂ, ਉਹਨਾਂ ਦੇ ਹੀ ਸਾਹਮਣੇ ਝੁਕੇ। ਅਜੇਹੀ ਮੂੜ੍ਹਤਾ ਚੱਲੀ। ਪਰਮਾਤਮਾ ਸ਼ਬਦ ਦੇ ਕਾਰਨ ਭੁਲੇਖਾ ਹੋ ਗਿਆ।

ਪਰਮਾਤਮਾ ਕੋਈ ਵਿਅਕਤੀ ਨਹੀਂ ਹੈ, ਜਿਸਦੇ ਸਾਹਮਣੇ ਤੁਸੀਂ ਝੁਕੋ। ਪਰਮਾਤਮਾ ਕੋਈ ਵਿਅਕਤੀ ਨਹੀਂ ਹੈ ਜਿਸਨੂੰ ਤੁਸੀਂ ਪੁਕਾਰ ਸਕੋ। ਪਰਮਾਤਮਾ ਕੋਈ ਵਿਅਕਤੀ ਨਹੀਂ ਹੈ ਜਿਸਦੇ ਸਾਹਮਣੇ ਤੁਸੀਂ ਅਰਜ਼ ਕਰ ਸਕੋ। ਪਰਮਾਤਮਾ ਤਾਂ ਸਿਰਫ ਅਰਜ਼ ਕਰਨ ਦਾ ਬਹਾਨਾ ਹੈ। ਅਸਲੀ ਗੱਲ ਅਰਜ਼ ਹੈ, ਪਰਮਾਤਮਾ ਨਹੀਂ। ਪਰਮਾਤਮਾ ਤਾਂ ਸਿਰਫ ਝੁਕਣ ਦੇ ਲਈ ਇਕ ਤਰਕੀਬ ਹੈ। ਅਸਲੀ ਗੱਲ ਝੁਕਣਾ ਹੈ, ਪਰਮਾਤਮਾ ਨਹੀਂ। ਪਰਮਾਤਮਾ ਤਾਂ ਸਿਰਫ ਇਕ ਨਮਿੱਤ ਹੈ। ਨਮਿੱਤ ਨੂੰ ਤੁਸੀਂ ਬਹੁਤਾ ਮੁੱਲ ਨਾ ਦਿਉ। ਪਰਮਾਤਮਾ ਤੋਂ ਵਧੇਰੇ ਮੁੱਲਵਾਨ ਪ੍ਰਾਰਥਨਾ ਹੈ-ਹਰਿ ਬੋਲੋ ਹਰਿ ਬੋਲ! ਪਰਮਾਤਮਾ ਤਾਂ ਸਿਰਫ ਇਸਲਈ ਹੈ ਕਿ ਬਿਨਾਂ ਪਰਮਾਤਮਾ ਦੇ ਤੁਸੀਂ ਝੁਕ ਸਕੋ, ਇੰਨੀ ਅਜੇ ਤੁਹਾਡੀ ਸਮਰੱਥਾ ਨਹੀਂ ਹੈ। ਝੁਕ ਸਕੋ ਤਾਂ ਪਰਮਾਤਮਾ ਦੀ ਕੋਈ ਜ਼ਰੂਰਤ ਨਹੀਂ ਹੈ। ਬਿਨਾਂ ਪਰਮਾਤਮਾ ਦੇ ਤੁਸੀਂ ਪ੍ਰਾਰਥਨਾ ਨਾ ਕਰ ਸਕੋਗੇ, ਇਸਲਈ ਤੁਹਾਡੀ ਜ਼ਰੂਰਤ ਦੇ ਹਿਸਾਬ ਨਾਲ ਪਰਮਾਤਮਾ ਦੀ ਧਾਰਨਾ ਹੈ।

ਪਤੰਜਲੀ ਨੇ ਠੀਕ ਆਖਿਐ ਕਿ ਪਰਮਾਤਮਾ ਸਿਰਫ ਇਕ ਉਪਾਅ ਹੈ। ਹੋਰ ਸਭ ਉਪਾਵਾਂ ਵਿਚ ਇਕ ਉਪਾਅ ਹੈ, ਇਕ ਡਿਵਾਇਸ, ਇਕ ਉਪਾਅ। ਇਸਦੇ ਅਧਾਰ ਨਾਲ ਕੁਝ ਲੋਕ ਸੱਚ ਤਕ ਪਹੁੰਚ ਗਏ ਹਨ। ਜਿਵੇਂ ਮੈਂ ਤੁਹਾਨੂੰ

ਕਿਹਾ ਹੈ ਵਾਰ-ਵਾਰ ਛੋਟੇ ਬੱਚੇ ਨੂੰ ਅਸੀਂ ਕਹਿੰਦੇ ਹਾਂ, 'ਅ' ਅੰਬ। ਬਸ ਅਜੇਹਾ ਹੀ। 'ਅ' ਦਾ ਅੰਬ ਨਾਲ ਕੀ ਲੈਣਾ-ਦੇਣਾ ਹੈ? ਲੇਕਿਨ ਛੋਟੇ ਬੱਚੇ ਨੂੰ ਕਿਵੇਂ ਸਮਝਾਈਏ? ਸਿਖਾਉਣਾ ਹੈ 'ਅ' ਅਤੇ ਬੱਚੇ ਦੀ 'ਅ' ਵਿਚ ਕੋਈ ਰੁਚੀ ਨਹੀਂ ਹੈ; ਅੰਬ ਵਿਚ ਰੁਚੀ ਹੈ। ਅੰਬ ਦਾ ਸੁਆਦ ਉਸਨੂੰ ਪਤਾ ਹੈ। 'ਅੰਬ' ਸ਼ਬਦ ਉਠਦਿਆਂ ਹੀ ਉਸਦੇ ਮੂੰਹ ਵਿਚ ਰਸ ਵਗ ਆਉਂਦਾ ਹੈ। ਅੰਬ ਦੇ ਬਹਾਨੇ ਅਸੀਂ 'ਅ' ਸਿਖਾ ਦਿੰਦੇ ਹਾਂ।

ਇਵੇਂ ਹੀ ਪਰਮਾਤਮਾ ਦੇ ਬਹਾਨੇ ਅਸੀਂ ਪ੍ਰਾਰਥਨਾ ਸਿਖਾਉਂਦੇ ਹਾਂ। ਜਿਸ ਦਿਨ ਪ੍ਰਾਰਥਨਾ ਆ ਗਈ, ਪਰਮਾਤਮਾ ਚਲਿਆ ਜਾਏਗਾ। ਪ੍ਰਾਰਥਨਾ ਕਾਫੀ ਹੈ, ਬਹੁਤ ਹੈ। ਤੁਸੀਂ ਇਕੱਲੇ ਰਸ-ਮੁਗਧ ਨਹੀਂ ਹੋ ਸਕਦੇ। ਤੁਹਾਡੀ ਹਮੇਸ਼ਾ ਹੀ ਹੁਣ ਤਕ ਦੀ ਆਦਤ ਰਹੀ ਹੈ, ਦੂਜੇ ਦੀ ਮੌਜੂਦਗੀ ਚਾਹੀਦੀ ਹੈ ਤੁਹਾਨੂੰ। ਤੁਹਾਨੂੰ ਜੇਕਰ ਕੋਈ ਕਹੇ ਕਿ ਪ੍ਰੇਮ ਕਰੋ, ਤਾਂ ਤੁਸੀਂ ਪੁਛਦੇ ਹੋ, ਕਿਸਨੂੰ? ਤੁਸੀਂ ਸਿਰਫ ਪ੍ਰੇਮ ਨਹੀਂ ਕਰ ਸਕਦੇ। ਤੁਸੀਂ ਸਿਰਫ ਪ੍ਰੇਮਮਈ ਨਹੀਂ ਹੋ ਸਕਦੇ। ਉਸੇ ਵੇਲੇ ਸਵਾਲ ਉਠਦਾ ਹੈ—ਕਿਸਨੂੰ?

ਮੇਰੇ ਕੋਲ ਲੋਕ ਆਉਂਦੇ ਹਨ, ਮੈਂ ਉਹਨਾਂ ਨੂੰ ਕਹਿੰਦਾ ਹਾਂ : ਧਿਆਨ ਕਰੋ। ਉਹ ਕਹਿੰਦੇ ਹਨ : ਕਿਸਦਾ? ਨਾਲ ਦੀ ਨਾਲ ਜੋ ਸਵਾਲ ਉਠਦਾ ਹੈ ਉਹ—ਕਿਸਦਾ? ਹੁਣ ਧਿਆਨ ਤਾਂ ਤੁਹਾਡੇ ਚਿੱਤ ਦੀ ਇਕ ਸ਼ਾਂਤ ਦਸ਼ਾ ਹੈ। ਇਸਦਾ ਕਿਸੇ ਨਾਲ ਕੋਈ ਸਬੰਧ ਨਹੀਂ। ਧਿਆਨ ਕਿਸੇ ਦਾ ਹੁੰਦਾ ਹੈ? ਜੇਕਰ ਕਿਸੇ ਦਾ ਧਿਆਨ ਹੈ ਤਾਂ ਧਿਆਨ ਹੀ ਨਹੀਂ ਹੈ, ਕਿਉਂਕਿ ਅਜੇ ਵਿਚਾਰ ਦੀ ਤਰੰਗ ਮੌਜੂਦ ਰਹੇਗੀ। ਜੇ ਤੁਸੀਂ ਰਾਮ ਦਾ ਧਿਆਨ ਕੀਤਾ ਹੈ, ਤਾਂ ਰਾਮ ਦਾ ਵਿਚਾਰ ਮੌਜੂਦ ਹੈ ਅਤੇ ਕ੍ਰਿਸ਼ਨ ਦਾ ਧਿਆਨ ਕੀਤਾ ਤਾਂ ਕ੍ਰਿਸ਼ਨ ਦਾ ਵਿਚਾਰ ਮੌਜੂਦ ਹੈ। ਬੁੱਧ ਦਾ ਧਿਆਨ ਕੀਤਾ ਤਾਂ ਬੁੱਧ ਦਾ ਵਿਚਾਰ ਮੌਜੂਦ ਹੈ, ਅਤੇ ਜਦ ਤਕ ਵਿਚਾਰ ਮੌਜੂਦ ਹੈ, ਨਿਰਵਿਚਾਰ ਕਿਥੇ? ਅਤੇ ਧਿਆਨ ਯਾਨੀ ਨਿਰਵਿਚਾਰ।

ਇਸਲਈ ਜਦ ਤੁਸੀਂ ਪੁੱਛਦੇ ਹੋ, 'ਧਿਆਨ ਕਿਸਦਾ', ਤਾਂ ਤੁਸੀਂ ਧਿਆਨ ਤੋਂ ਭਟਕ ਜਾਣ ਦਾ ਰਾਹ ਪੁੱਛ ਰਹੇ ਹੋ। ਔਪਰ ਤੁਹਾਡੀ ਤਕਲੀਫ ਵੀ ਮੈਂ ਸਮਝਦਾ ਹਾਂ। ਤੁਸੀਂ ਸਦਾ ਵਿਚਾਰ ਨਾਲ ਭਰੇ ਰਹੇ ਹੋ। ਕਦੇ ਦੁਕਾਨ ਦਾ ਵਿਚਾਰ ਕੀਤਾ, ਕਦੇ ਮੰਦਰ ਦਾ, ਕਦੇ ਸੰਸਾਰ ਦਾ ਵਿਚਾਰ ਕੀਤਾ ਕਦੇ ਮੋਕੱਛ ਦਾ—ਪਰ ਵਿਚਾਰ ਜਾਰੀ ਰਿਹਾ ਹੈ। ਇਕ ਗੱਲ ਸਦਾ ਚਲਦੀ ਰਹੀ ਹੈ—ਵਿਚਾਰ ਦੀ ਧਾਰਾ। ਅੱਜ ਅਚਾਨਕ ਤੁਹਾਨੂੰ ਮੈਂ ਕਹਾਂ ਨਿਰਵਿਚਾਰ ਹੋ ਜਾਉ, ਅਸੰਭਵ ਮਲੂਮ ਹੁੰਦਾ ਹੈ। ਤੁਹਾਡਾ ਅਨੁਭਵ ਨਹੀਂ ਹੈ, ਤਾਂ ਤੁਹਾਡੇ ਅਨੁਭਵ ਦੇ ਲਈ ਇਕ ਕਲਪਤ ਗੱਲ ਜੋੜ ਲਈ ਜਾਂਦੀ ਹੈ। ਕਲਪਤ—ਕਿ ਪਰਮਾਤਮਾ ਦਾ ਧਿਆਨ ਕਰੋ। ਇਹ ਬਹਾਨਾ ਹੈ ਸਿਰਫ। ਹਰਿ ਬੋਲੌ ਹਰਿ ਬੋਲਿ। ਉਸਦਾ ਕੋਈ ਨਾਂ ਥੋੜ੍ਹਾ-ਈ ਹੈ! 'ਹਰਿ' ਬੋਲਣ ਨਾਲ ਕੋਈ ਹਰਿ ਥੋੜ੍ਹਾ-ਈ ਹੈ ਕਿਤੇ ਬੈਠਾ ਹੋਇਆ, ਜਿਹੜਾ ਸੁਣ ਲਏਗਾ। ਲੇਕਿਨ ਹਰਿ ਬੋਲਣ ਨਾਲ ਹੌਲੀ-ਹੌਲੀ-ਹੌਲੀ-ਹੌਲੀ ਤੁਸੀਂ ਸ਼ਾਂਤ ਹੁੰਦੇ ਜਾਉਗੇ। ਅਤੇ ਇਕ ਘੜੀ ਅਜੇਹੀ ਆਏਗੀ ਕਿ ਹਰਿ ਵੀ ਹੱਥ 'ਚੋਂ ਛੁੱਟ ਜਾਏਗਾ। ਤਦੇ 'ਜੋ ਹੈ' ਪਰਗਟ ਹੋ ਜਾਂਦਾ ਹੈ। 'ਜੋ ਹੈ' ਉਸਦਾ ਦੂਜਾ ਨਾਂ ਪਰਮਾਤਮਾ ਹੈ।

ਤੂੰ ਪੁੱਛਦਾ ਹੈਂ : ਪਰਮਾਤਮਾ ਕਿਥੇ ਹੈ? ਪਹਿਲਾਂ ਤਾਂ 'ਕਿਥੇ' ਸ਼ਬਦ ਗ਼ਲਤ ਹੈ। ਕਿਥੇ ਨਹੀਂ ਹੈ? ਦੂਜਾ,

'ਪਰਮਾਤਮਾ' ਸ਼ਬਦ ਨੂੰ ਵੀ ਠੀਕ ਤਰ੍ਹਾਂ ਨਾਲ ਸਮਝ ਲੈਣਾ। ਕਿਤੇ ਵੀ ਭੁੱਲ–ਚੁੱਕ ਨਾਲ ਪਰਮਾਤਮਾ ਕੋਈ ਵਿਅਕਤੀ ਹੈ, ਅਜੇਹੀ ਕੋਈ ਧਾਰਨਾ ਤੁਹਾਡੇ ਅੰਦਰ ਨਾ ਬਣੀ ਰਹੇ, ਨਹੀਂ ਤਾਂ ਉਹੀ ਤੁਹਾਨੂੰ ਅਟਕਾ ਦੇਵੇਗੀ। ਇਹ ਸਭ... ਇਹ ਬਿਰਛ, ਇਹ ਪੰਛੀ, ਇਹ ਲੋਕ, ਇਹ ਪੱਥਰ, ਇਹ ਪਹਾੜ, ਇਹ ਚੰਦ, ਇਹ ਤਾਰੇ–ਇਹ ਸਭ, ਇਹਨਾਂ ਸਭ ਦੇ ਜੋੜ ਦਾ ਨਾਂ ਪਰਮਾਤਮਾ ਹੈ। ਇਹਨਾਂ ਸਭ ਨੂੰ ਕਿਸੇ ਨੇ ਜੋੜਿਆ ਹੋਇਆ ਹੈ। ਇਹਨਾਂ ਸਭ ਦੇ ਵਿਚਾਲੇ ਕੁਝ ਤਾਰ ਫੈਲੇ ਹੋਏ ਹਨ। ਇਹ ਸਭ ਜੁੜੇ ਹਨ। ਉਸ ਜੋੜ–ਜੁੜੱਤਤਾ ਦਾ ਨਾਂ ਪਰਮਾਤਮਾ ਹੈ। ਸਮੱਗ੍ਰਤਾ ਦਾ ਨਾਂ ਪਰਮਾਤਮਾ ਹੈ।

ਬਿਰਛ ਦੇਖਦੇ ਹੋ, ਪ੍ਰਿਥਵੀ ਨਾਲ ਜੁੜੇ ਹਨ। ਉਪਰ ਉਠੇ ਹਨ, ਸੂਰਜ ਨਾਲ ਜੁੜੇ ਹਨ। ਹਵਾਵਾਂ ਨਾਲ ਜੁੜੇ ਹਨ। ਵਰਖਾ ਦੇ ਬੱਦਲ ਆਉਣਗੇ, ਉਹਨਾਂ ਨਾਲ ਜੁੜੇ ਹਨ। ਹੁਣ ਵਰਖਾ ਕਰੀਬ ਆ ਰਹੀ ਹੈ, ਬਿਰਛ ਖਿੜੇ ਹੋਏ ਹਨ, ਅਨੰਦਤ ਹਨ।

ਪਰਸੋਂ ਅਖ਼ਬਾਰਾਂ ਵਿਚ ਖ਼ਬਰ ਆਈ ਹੈ ਕਿ ਲੰਡਨ ਦੇ ਵਿਗਿਆਨਕਾਂ ਨੇ ਇਕ ਨਵੇਂ ਯੰਤਰ ਦੀ ਕਾਢ ਕਢੀ ਹੈ, ਜੋ ਬਿਰਛਾਂ ਦੀਆਂ ਅੰਤਰ–ਤਰੰਗਾਂ ਨੂੰ ਸੰਗੀਤ ਵਿਚ ਤਬਦੀਲ ਕਰ ਦਿੰਦਾ ਹੈ। ਅੰਤਰ–ਤਰੰਗਾਂ ਦਾ ਅਧਿਐਨ ਤਾਂ ਅੱਠ–ਦਸ ਵਰ੍ਹਿਆਂ ਤੋਂ ਚੱਲ ਰਿਹਾ ਹੈ। ਅਤੇ ਇਹ ਗੱਲ ਹੁਣ ਵਿਗਿਆਨਕ ਰੂਪ ਨਾਲ ਸਿੱਧ ਹੋ ਚੁੱਕੀ ਹੈ ਕਿ ਬਿਰਛਾਂ ਦੇ ਭਾਵ ਹੁੰਦੇ ਹਨ, ਅੰਤਰ–ਭਾਵ ਹੁੰਦੇ ਹਨ। ਜਿਵੇਂ ਤੁਹਾਡੇ ਭਾਵ ਹੁੰਦੇ ਹਨ–ਕਦੇ ਦੁਖ ਕਦੇ ਸੁਖ, ਕਦੇ ਖ਼ੁਸ਼ ਕਦੇ ਉਦਾਸ, ਕਦੇ ਰਾਗ ਕਦੇ ਵਿਰਾਗ। ਇਹ ਗੱਲ ਤਾਂ ਹੁਣ ਸਾਬਤ ਹੋ ਚੁੱਕੀ ਹੈ, ਲੇਕਿਨ ਹੁਣ ਤਕ ਜੋ ਉਪਾਅ ਸਨ ਉਹ ਅਜੇਹੇ ਹੀ ਸਨ ਜਿਵੇਂ ਕਾਰਡਿਓਗ੍ਰਾਮ ਵਿਚ ਗ੍ਰਾਫ ਬਣਦਾ ਹੈ। ਤਾਂ ਤੁਸੀਂ ਤਾਂ ਗ੍ਰਾਫ ਵਿਚ ਕੁਝ ਪੜ੍ਹ ਨਹੀਂ ਸਕਦੇ, ਉਹਨਾਂ ਦੇ ਲਈ ਇਲਾਜ–ਕਰਤਾ ਚਾਹੀਦਾ ਹੈ, ਡਾਕਟਰ ਚਾਹੀਦਾ ਹੈ–ਜਿਹੜਾ ਸਮਝੇ ਗ੍ਰਾਫ ਦੀ ਭਾਸ਼ਾ। ਆਮ ਬੰਦੇ ਨੂੰ ਤਾਂ ਸਿਰਫ ਲਕੀਰਾਂ ਖਿੱਚੀਆਂ ਮਲੂਮ ਪੈਂਦੀਆਂ ਹਨ–ਉਚੀਆਂ–ਨੀਵੀਆਂ। ਉਹਨਾਂ ਲਕੀਰਾਂ ਵਿਚ ਰਾਜ਼ ਛੁਪਿਆ ਹੈ, ਦਿਲ ਦੀਆਂ ਧੜਕਣਾਂ ਛੁਪੀਆਂ ਹਨ, ਦਿਲ ਦੀ ਗਤੀ ਛੁਪੀ ਹੈ। ਦਿਲ ਦੀ ਲੈਅਬੱਧਤਾ ਜਾਂ ਲੈਅਹੀਣਤਾ ਉਥੇ ਪਰਗਟ ਹੈ। ਪਰ ਸਧਾਰਨ ਆਦਮੀ ਕਿਵੇਂ ਸਮਝੇ? ਉਹਦੇ ਲਈ ਮਾਹਿਰ ਚਾਹੀਦਾ ਹੈ।

ਹੁਣ ਇੰਗਲੈਂਡ ਦੇ ਕੁਝ ਵਿਗਿਆਨਕਾਂ ਨੇ ਇਕ ਨਵੇਂ ਯੰਤਰ ਦੀ ਕਾਢ ਕਢੀ ਹੈ। ਉਸਨੂੰ ਜੋੜ ਦਿੰਦੇ ਹਨ ਬਿਰਛ ਨਾਲ, ਤਾਂ ਬਿਰਛ ਦੇ ਜੋ ਅੰਤਰ–ਭਾਵ ਹਨ, ਉਹ ਸੰਗੀਤ ਵਿਚ ਰੂਪ–ਪਰਤਣ ਕਰ ਲੈਂਦੇ ਹਨ। ਅਤੇ ਬੜੀ ਹੈਰਾਨੀ ਦੇ ਅਨੁਭਵ ਹੋਏ ਹਨ। ਬਿਰਛ ਗਾਉਂਦੇ ਹਨ, ਗੁਣਗੁਣਾਉਂਦੇ ਹਨ। ਅਤੇ ਉਹਨਾਂ ਦਾ ਗੀਤ ਸੁਣ ਕੇ... ਭਾਸ਼ਾ ਨਹੀਂ ਹੈ ਉਸ ਵਿਚ, ਧੁਨੀਆਂ ਦਾ ਗੀਤ। ਉਹਨਾਂ ਦੀਆਂ ਧੁਨਾਂ ਸੁਣ ਕੇ ਤੁਸੀਂ ਸਮਝ ਸਕੋਗੇ ਕਿ ਇਸ ਵਕਤ ਬਿਰਛ ਅਨੰਦਤ ਹੈ, ਦੁਖੀ ਹੈ, ਪਰੇਸ਼ਾਨ ਹੈ, ਖ਼ੁਸ਼ ਹੈ–ਬਿਰਛ ਦੀ ਕੀ ਮਨੋਦਸ਼ਾ ਹੈ? ਅਤੇ ਬਿਰਛ, ਜਦ ਕੋਈ ਵੀ ਨਹੀਂ ਹੁੰਦਾ ਬਗੀਚੇ ਵਿਚ, ਤਦ ਇਕ–ਦੂਜੇ ਨਾਲ ਵੀ ਅੰਤਰੰਗ–ਵਾਰਤਾ ਕਰਦੇ ਹਨ।

ਪੂਰੇ ਬਗੀਚੇ ਨੂੰ ਯੰਤਰ ਨਾਲ ਜੋੜ ਦਿਤਾ ਗਿਆ ਅਤੇ ਹੈਰਾਨ ਹੋਏ ਵਿਗਿਆਨਕ : ਕੋਈ ਬਿਰਛ ਚੁੱਪ ਹੀ ਖੜ੍ਹਾ

ਹੈ, ਤਾਂ ਘੰਟਿਆਂ–ਬੱਧੀ ਚੁੱਪ ਖੜ੍ਹਾ ਰਹਿੰਦਾ ਹੈ, ਬੋਲਦਾ ਹੀ ਨਹੀਂ, ਧਿਆਨ ਵਿਚ ਹੈ। ਅਤੇ ਕੋਈ ਬਿਰਛ ਹਨ ਕਿ ਬਸ ਬਕਵਾਸ ਕਰ ਰਹੇ ਹਨ; ਇਕ–ਦੂਜੇ ਨਾਲ ਗੱਲਬਾਤ ਚੱਲ ਰਹੀ ਹੈ; ਜਵਾਬ–ਸਵਾਲ ਚੱਲ ਰਹੇ ਹਨ। ਇਕ ਬੋਲਦਾ ਹੈ, ਦੂਜਾ ਚੁੱਪ ਹੋ ਜਾਂਦਾ ਹੈ। ਦੂਜਾ ਬੋਲਦਾ ਹੈ, ਪਹਿਲਾ ਚੁੱਪ ਹੋ ਜਾਂਦਾ ਹੈ। ਅਤੇ ਅਜੇਹਾ ਨਹੀਂ ਹੈ ਕਿ ਬਿਰਛਾਂ ਨਾਲ ਬੋਲ ਰਹੇ ਹਨ, ਜਾਨਵਰ ਆਉਂਦੇ ਹਨ ਤਾਂ ਉਹਨਾਂ ਨਾਲ ਬੋਲਦੇ ਹਨ। ਅਤੇ ਨਾਲ–ਦੀ–ਨਾਲ ਭਾਸ਼ਾ ਬਦਲ ਜਾਂਦੀ ਹੈ, ਢੰਗ ਬਦਲ ਜਾਂਦਾ ਹੈ। ਇੰਨਾ ਹੀ ਨਹੀਂ ਹੈ ਕਿ ਜਾਨਵਰ ਨਾਲ ਬੋਲਦੇ ਹਨ; ਇਕ ਆਦਮੀ ਆਇਆ ਬਗੀਚੇ ਵਿਚ, ਤਾਂ ਹੋਰ ਵੀ ਢੰਗ ਬਦਲ ਜਾਂਦਾ ਹੈ। ਉਸੇ ਵੇਲੇ ਧੁਨੀਆਂ ਭਿੰਨ ਹੋ ਜਾਂਦੀਆਂ ਹਨ। ਆਮ ਤੌਰ 'ਤੇ ਤੁਹਾਨੂੰ ਸੰਨਾਟਾ ਦਿਖਾਈ ਪੈ ਰਿਹਾ ਹੈ।

ਬਿਰਛ ਵੀ ਜੁੜੇ ਹਨ। ਬਿਰਛ ਵੀ ਉੱਨੇ ਹੀ ਆਤਮਵਾਨ ਹਨ, ਜਿੰਨੇ ਤੁਸੀਂ ਹੋ। ਉੱਨੀਆਂ ਹੀ ਭਾਵ–ਦਸ਼ਾਵਾਂ ਉਥੇ ਵੀ ਹਨ। ਮਹਾਂਵੀਰ ਨੇ ਸੁਣ ਲਏ ਹੋਣਗੇ ਇਹ ਗੀਤ, ਬਿਨਾਂ ਯੰਤਰ ਦੇ ਸੁਣ ਲਏ ਹੋਣਗੇ। ਇਸਲਈ ਬਿਰਛ ਨੂੰ ਵੀ ਚੋਟ ਨਾ ਪੁਜਾਉਣਾ, ਬਿਰਛ ਨੂੰ ਵੀ ਨਾ ਕੱਟਣਾ–ਅਜੇਹੇ ਵਿਚਾਰ ਦਾ ਪ੍ਰਗਟਾਅ ਹੋਇਆ ਹੋਵੇਗਾ। ਜੋ ਪੰਝੀ ਸੌ ਸਾਲ ਬਾਅਦ ਵਿਗਿਆਨਕ ਸਮਝ ਪਾਏ, ਮਹਾਂਵੀਰ ਨੇ ਕਿਸੇ ਅੰਤਰ–ਭਾਵ ਵਿਚ ਇਸਨੂੰ ਸੁਣਿਆ ਹੋਵੇਗਾ, ਗੁਣਿਆਂ ਹੋਵੇਗਾ, ਪਛਾਣ ਲਿਆ ਹੋਵੇਗਾ। ਬਾਰਾਂ ਸਾਲ ਤਕ ਜੰਗਲ ਵਿਚ ਮੌਨ ਖੜ੍ਹੇ ਰਹੇ ਸਨ। ਬਾਰਾਂ ਸਾਲ ਲੰਮਾ ਅਰਸਾ ਹੈ। ਅਤੇ ਬਾਰਾਂ ਸਾਲ ਤਕ ਮੌਨ ਕੋਈ ਜੰਗਲ ਵਿਚ ਖੜ੍ਹਾ ਰਹੇ ਅਤੇ ਨਗਨ ਬਿਰਛਾਂ ਜਿਹਾ ਹੀ–ਬਿਰਛ ਜਿਹੇ ਹੀ ਹੋ ਗਏ ਹੋਣਗੇ। ਜੈਨ ਤੀਰਥੰਕਰਾਂ ਦੀਆਂ ਕਥਾਵਾਂ ਹਨ ਕਿ ਇੰਨੇ ਦਿਨਾਂ ਤਕ, ਇੰਨੇ ਵਰ੍ਹਿਆਂ ਤਕ ਜੰਗਲ ਵਿਚ, ਇਕਾਂਤ ਵਿਚ, ਚੁੱਪਚਾਪ ਖੜ੍ਹੇ ਰਹੇ ਕਿ ਬਿਰਛ ਚੜ੍ਹ ਗਏ, ਵੇਲਾਂ ਉਹਨਾਂ ਦੇ ਸਰੀਰ ਉਤੇ ਚੜ੍ਹ ਗਈਆਂ। ਪੰਛੀਆਂ ਨੇ ਵੀ ਉਹਨਾਂ ਦੇ ਵਾਲਾਂ ਵਿਚ ਆਲ੍ਹਣੇ ਬਣਾ ਲਏ। ਭੁੱਲ ਹੀ ਗਏ, ਵੇਲਾਂ ਵੀ ਭੁੱਲ ਗਈਆਂ ਕਿ ਕੋਈ ਆਦਮੀ ਖੜ੍ਹਾ ਹੈ। ਸਮਝਿਆ ਹੋਵੇਗਾ ਕਿ ਬਿਰਛ ਹੈ। ਇੰਨੇ ਹੀ ਸਰਲ ਵੀ ਰਹੇ ਹੋਣਗੇ। ਹੌਲੀ–ਹੌਲੀ ਬਿਰਛਾਂ ਦੇ ਅੰਤਰ–ਭਾਵ ਵੀ ਉਹਨਾਂ ਦੇ ਸਾਹਮਣੇ ਪਰਗਟ ਹੋ ਗਏ ਹੋਣਗੇ।

ਅਤੇ ਜਦ ਬਿਰਛਾਂ ਦੀ ਅਜੇਹੀ ਦਸ਼ਾ ਹੈ, ਤਾਂ ਕੀ ਪਸ਼ੂਆਂ ਦੀ ਕਹੋ, ਕੀ ਪੰਛੀਆਂ ਦੀ ਕਹੋ! ਅੱਜ ਨਹੀਂ ਕਲ੍ਹ ਵਿਗਿਆਨਕ ਖੋਜ ਲੈਣਗੇ ਕਿ ਪਹਾੜ ਵੀ ਗੁਣਗੁਣਾਉਂਦੇ ਹਨ। ਪੱਥਰ ਵੀ ਬੋਲਦੇ ਹਨ, ਪਾਹਨ ਵੀ ਜਾਨਦਾਰ ਹਨ।

ਇਹ ਸਮੱਗ੍ਰ ਦਾ ਜੋ ਜੀਵਨ ਹੈ ਉਸਦਾ ਨਾਂ ਪਰਮਾਤਮਾ ਹੈ। ਪਰਮਾਤਮਾ ਕਿਤੇ ਦੂਰ ਅਸਮਾਨ ਵਿਚ ਕਿਸੇ ਸਿੰਘਾਸਣ ਉਤੇ ਬੈਠਾ ਨਹੀਂ ਹੈ–ਇਥੇ ਖਿੱਲਰਿਆ ਹੈ, ਸਭ ਪਾਸੇ ਖਿੱਲਰਿਆ ਹੈ–ਤੁਹਾਡੇ ਬਾਹਰ, ਤੁਹਾਡੇ ਅੰਦਰ।

ਚੰਗਾ ਹੋਵੇਗਾ, 'ਪਰਮਾਤਮਾ' ਦੀ ਜਗ੍ਹਾ ਤੁਸੀਂ 'ਜੀਵਨ' ਸ਼ਬਦ ਦੀ ਵਰਤੋਂ ਕਰੋ। ਤਦ ਤੁਸੀਂ ਅਜੇਹਾ ਸਵਾਲ ਨਾ ਬਣਾ ਸਕੋਗੇ। ਤਦ ਤੁਸੀਂ ਇਹ ਨਾ ਕਹਿ ਸਕੋਗੇ ਕਿ ਜੀਵਨ ਕਿਥੇ ਹੈ? ਜੀਵਨ ਤਾਂ ਹੈ ਹੀ; ਨਾਸਤਕ ਵੀ ਸਵੀਕਾਰ ਕਰੇਗਾ, ਅਧਾਰਮਕ ਵੀ ਸਵੀਕਾਰ ਕਰੇਗਾ। ਜੀਵਨ ਨੂੰ ਹੀ ਧਾਰਮਕ 'ਪਰਮਾਤਮਾ' ਆਖਦਾ ਹੈ। ਉਸਦੇ ਕਹਿਣ ਦੇ

ਕਾਰਨ ਹਨ। ਕਿਉਂਕਿ ਜੀਵਨ ਨੂੰ ਉਹ ਇੰਨਾ ਗਹਿਰਾ ਪ੍ਰੇਮ ਕਰਦਾ ਹੈ ਕਿ 'ਜੀਵਨ' ਸ਼ਬਦ ਉਸਨੂੰ ਕਾਫ਼ੀ ਨਹੀਂ ਮਲੂਮ ਹੁੰਦਾ। ਜੀਵਨ ਸ਼ਬਦ ਵਿਚ ਕੁਝ ਕਮੀ ਮਲੂਮ ਹੁੰਦੀ ਹੈ। ਜੀਵਨ ਸ਼ਬਦ ਕੁਝ ਵਿਗਿਆਨਕ ਮਲੂਮ ਪੈਂਦਾ ਹੈ—ਰੁੱਖਾ–ਰੁੱਖਾ, ਸੁੱਕਾ–ਸੁੱਕਾ। ਧਾਰਮਕ ਨੇ ਇੰਨੇ ਪ੍ਰੇਮ ਨਾਲ ਜਾਣਿਆਂ ਹੈ ਜੀਵਨ ਨੂੰ ਕਿ ਉਹ ਇਸ ਜੀਵਨ ਨੂੰ ਆਪਣਾ ਪਿਆਰਾ ਕਹਿਣਾ ਚਾਹੁੰਦਾ ਹੈ, ਪ੍ਰੀਤਮ ਕਹਿਣਾ ਚਾਹੁੰਦਾ ਹੈ—ਮਹਿਬੂਬ, ਮੇਰੇ ਪਿਆਰੇ! ਉਸ ਪਿਆਰ ਦੀ ਭਾਸ਼ਾ ਵਿਚ ਜੀਵਨ ਪਰਮਾਤਮਾ ਹੋ ਗਿਆ ਹੈ। ਅਜੇਹਾ ਸੋਚੋਗੇ, ਅਜੇਹਾ ਦੇਖੋਗੇ, ਅਜੇਹਾ ਪਰਖੋਗੇ, ਤਾਂ ਤੁਹਾਡੇ ਸੋਚਣ ਦੀ ਦਿਸ਼ਾ ਇਕ ਨਵੇਂ ਆਯਾਮ ਵਿਚ ਪ੍ਰਵੇਸ਼ ਕਰੇਗੀ।

ਸਬਾ ਕੇ ਹਾਥ ਮੇਂ ਨਰਮੀ ਹੈ ਉਨਕੇ ਹਾਥੋਂ ਕੀ
ਠਹਿਰ–ਠਹਿਰ ਕੇ ਹੋਤਾ ਹੈ ਆਜ ਦਿਲ ਕੋ ਗੁਮਾਂ
ਵੋ ਹਾਥ ਢੂੰਡ ਰਹੇ ਹੈਂ ਬਿਸਾਤੇ–ਮਹਿਫ਼ਿਲ ਮੇਂ
ਕਿ ਦਿਲ ਕੇ ਦਾਗ਼ ਕਹਾਂ ਹੈਂ ਨਿਸ਼ਸਤੇ–ਦਰਦ ਕਹਾਂ

ਜੇ ਤੁਸੀਂ ਕੁਝ ਸ਼ਬਦਾਂ ਦੇ ਜਾਲ ਤੋਂ ਛੁੱਟ ਜਾਉ ਅਤੇ ਜੀਵਨ ਨੂੰ ਪਛਾਣੋਂ, ਤਾਂ ਤੁਸੀਂ ਪਾਉਗੇ ਪਰਮਾਤਮਾ ਤੁਹਾਨੂੰ ਤਲਾਸ਼ ਰਿਹਾ ਹੈ। ਤੁਹਾਡੇ ਅੰਦਰ ਗਏ ਸਾਹ ਵਿਚ ਉਹੀ ਆਇਆ ਹੈ। ਤੁਹਾਡੇ ਅੰਦਰ ਗਏ ਭੋਜਨ ਵਿਚ ਉਹੀ ਆਇਆ ਹੈ। ਤੁਸੀਂ ਜੋ ਪਾਣੀ ਪੀਤਾ, ਉਸ ਵਿਚ ਵੀ ਉਹੀ ਹੈ। ਉਸਦੇ ਸਿਵਾਇ ਕੁਝ ਵੀ ਨਹੀਂ ਹੈ। ਖਾਉ ਤਾਂ ਉਸਨੂੰ, ਪੀਉ ਤਾਂ ਉਸਨੂੰ, ਪਹਿਨੋਂ ਤਾਂ ਉਸਨੂੰ। ਹੋਰ ਕੋਈ ਉਪਾਅ ਨਹੀਂ ਹੈ। ਅਸੀਂ ਉਸੇ ਨੂੰ ਖਾਂਦੇ ਹਾਂ, ਉਸੇ ਨੂੰ ਪੀਂਦੇ ਹਾਂ, ਉਸੇ ਨੂੰ ਪਹਿਨਦੇ ਹਾਂ, ਉਸੇ ਨੂੰ ਓੜ੍ਹਦੇ ਹਾਂ, ਉਸੇ ਨੂੰ ਵਿਛਾਉਂਦੇ ਹਾਂ—ਅਤੇ ਪੁੱਛਦੇ ਹਾਂ, ਪਰਮਾਤਮਾ ਕਿਥੇ ਹੈ! ਤੁਸੀਂ ਵੀ ਉਸਦੀ ਇਕ ਤਰੰਗ ਹੋ।

ਦਾਰਸ਼ਨਿਕ ਸਵਾਲ ਨਾ ਉਠਾਉ। ਦਾਰਸ਼ਨਿਕ ਸਵਾਲ ਵਿਅਰਥ ਹਨ। ਸਾਰਥਕ ਸਵਾਲ ਉਠਾਉ। ਪੁੱਛੋ: ਕਿਥੇ ਨਹੀਂ ਹੈ?

ਆਸਮਾਂ ਪਰ ਬਦਲੀਓਂ ਕੇ ਕਾਫ਼ਿਲੋਂ ਕੇ ਸਾਥ–ਸਾਥ
ਪਲ ਮੇਂ ਆਗੇ ਪਲ ਮੇਂ ਪੀਛੇ, ਦਾਏਂ–ਬਾਏਂ ਦੋਨੋਂ ਹਾਥ
ਦਿਲਰੁਬਾ ਤਾਰੋਂ ਕੀ ਬਜਤੀ ਘੰਟੀਆਂ!
ਡੋਲਤੀ ਪਗਡੰਡੀਓਂ ਪਰ ਨਰਮ ਬਾਤੋਂ ਕਾ ਖ਼ਿਰਾਮ
ਨੁਕਰਈ ਆਵਾਜ਼ੇ—ਪਾ ਗਾਹੇ ਝਿਝਕਤਾ ਸਾ ਸਲਾਮ
ਥਾ ਤੋ ਅੰਦੇਸ਼ਾ ਨਹੀਂ ਲੇਕਿਨ ਯਹਾਂ—
ਵੋ ਹਵਾ ਕੇ ਨਿੰਸਬਤਨ ਇਕ ਤੁੰਦ ਝੋਂਕੇ ਕਾ ਨੁਜ਼ੂਲ

ਸਰਸਰਾਹਟ, ਹਲਕਾ–ਹਲਕਾ ਸ਼ੋਰ, ਕੁਛ ਉੜਤੀ ਸੀ ਧੂਲ
ਝਨਝਨਾ ਉਠੀਂ ਸੁਨਹਰੀ ਬਾਲੀਯਾਂ
ਲਹਲਹਾਤੀ ਆਰਜ਼ੂਓਂ ਕਾ ਜਹਾਂ, ਗੰਦੁਮ ਕਾ ਖੇਤ
ਵੱਕਤ ਕੇ ਬਾੜੇ ਮੇਂ ਭੇੜੇ ਬਕਰੀਆਂ ਬੱਚੋਂ ਸਮੇਤ
ਜਿਨਕੀ ਸ਼ਾਦਾਬੀ ਜੁਨੂੰ ਕੀ ਦਾਸਤਾਂ!
ਔਰ ਫਿਰ ਸ਼ੀਸ਼ਮ ਕੇ ਪੇੜੋਂ ਪਰ ਬੜੇ–ਛੋਟੇ ਤਯੂਰ
ਅਪਨੇ–ਅਪਨੇ ਸਾਜ਼ ਪਰ ਲਹਿਰਾ ਕਰ ਨੱਗਮੋਂ ਕਾ ਸਰੂਰ
ਛਲ ਰਹੇ ਹੈਂ ਰੋਸ਼ਨੀ ਮੇਂ ਬੇਗੁਮਾਂ!
ਆਸਮਾਂ ਪਰ ਬਦਲੀਓਂ ਕੇ ਕਾਫ਼ਿਲੋਂ ਕੇ ਸਾਥ–ਸਾਥ
ਪਲ ਮੇਂ ਆਗੇ ਪਲ ਮੇਂ ਪੀਛੇ, ਦਾਏਂ–ਬਾਏਂ ਦੋਨੋਂ ਹਾਥ
ਦਿਲਰੁਬਾ ਤਾਰੋਂ ਕੀ ਬਜਤੀ ਘੰਟੀਆਂ!

ਇਹ ਸਭ, ਇਹ ਸਮੁੱਚਾ ਉਤਸਵ, ਇਹ ਸਾਰਾ ਸੰਗੀਤ, ਇਹ ਧੁਨੀਆਂ, ਇਹ ਚੁੱਪੀਆਂ–ਉਹੀ ਹੈ। ਉਸਨੂੰ ਵਿਅਕਤੀ ਨਾ ਮੰਨ ਕੇ ਚੱਲੋ। ਉਹ ਅਵਿਅਕਤੀ ਹੈ। ਉਹ ਊਰਜਾ ਹੈ, ਸ਼ਕਤੀ ਹੈ। ਤਦ ਤੁਸੀਂ ਠੀਕ ਸਵਾਲ ਪੁਛਿਆ। ਅਤੇ ਤਦ ਠੀਕ ਸਵਾਲ ਠੀਕ ਜਵਾਬ ਵਿਚ ਲੈ ਜਾ ਸਕਦਾ ਹੈ। ਜ਼ਰਾ–ਜਿੰਨਾ ਗ਼ਲਤ ਸਵਾਲ ਅਤੇ ਗ਼ਲਤ ਯਾਤਰਾ ਸ਼ੁਰੂ ਹੋ ਜਾਂਦੀ ਹੈ। ਫਿਰ ਤੁਸੀਂ ਜ਼ਿੰਦਗੀ–ਭਰ ਪੁੱਛਦੇ ਰਹੋਗੇ, ਕੋਈ ਉਸਦਾ ਜਵਾਬ ਨਾ ਦੇ ਸਕੇਗਾ; ਜਾਂ ਜੋ ਜਵਾਬ ਦਿਤੇ ਜਾਣਗੇ ਉਹ ਇੰਨੇ ਹੀ ਨਾਸਮਝ ਹੋਣਗੇ ਜਿੰਨੇ ਨਾਸਮਝ ਤੁਸੀਂ ਹੋ। ਕਿਉਂਕਿ ਤੁਹਾਡੇ ਗ਼ਲਤ ਸਵਾਲ ਦਾ ਜਵਾਬ ਉਹੀ ਦੇ ਸਕਦਾ ਹੈ, ਜਿਸਨੂੰ ਅਜੇ ਪਤਾ ਹੀ ਨਾ ਹੋਵੇ ਕਿ ਜਵਾਬ ਹੈ ਕੀ। ਜੋ ਅਜੇ ਇਹ ਵੀ ਨਹੀਂ ਜਾਣਦਾ ਕਿ ਗ਼ਲਤ ਸਵਾਲ ਕੀ ਹੈ, ਉਹੀ ਜਵਾਬ ਦੇਵੇਗਾ। ਤੁਸੀਂ ਪੁਛੋ : ਈਸ਼ਵਰ ਕਿਥੇ ਹੈ? ਅਤੇ ਕੋਈ ਦੱਸ ਦੇਵੇ ਅਕਾਸ਼ ਦੀ ਤਰਫ, ਉਸਨੂੰ ਕੁਝ ਵੀ ਪਤਾ ਨਹੀਂ ਹੈ। ਤੁਸੀਂ ਪੁਛੋ ਈਸ਼ਵਰ ਕਿਥੇ ਹੈ? ਕੋਈ ਜਵਾਬ ਦੇ ਦੇਵੇ ਕਿ ਪੂਰਬ ਵਿਚ ਹੈ, ਪੱਛਮ ਵਿਚ ਹੈ, ਉਸਨੂੰ ਕੁਝ ਪਤਾ ਨਹੀਂ ਹੈ। ਤੁਹਾਡਾ ਸਵਾਲ ਗ਼ਲਤ ਹੈ, ਉਸਦਾ ਜਵਾਬ ਗ਼ਲਤ ਹੈ।

ਮਨੁੱਖ ਜੇਕਰ ਸਹੀ ਸਵਾਲ ਪੁਛਣਾ ਸਿੱਖ ਜਾਵੇ ਤਾਂ ਜਵਾਬ ਬਹੁਤ ਕਰੀਬ ਹੈ, ਬਹੁਤ ਨੇੜੇ ਹਨ–ਐਨ ਸਵਾਲ ਵਿਚ ਹੀ ਛੁਪੇ ਹਨ। ਤਾਂ ਮੈਂ ਤੁਹਾਨੂੰ ਨਿਵੇਦਨ ਕਰਦਾ ਹਾਂ, ਪੁਛੋ : ਪਰਮਾਤਮਾ ਕਿਥੇ ਨਹੀਂ ਹੈ? ਕਿਉਂਕਿ ਮੈਂ ਅਜੇਹੀ ਕੋਈ ਜਗ੍ਹਾ ਨਹੀਂ ਦੇਖੀ ਜਿਥੇ ਨਾ ਹੋਵੇ। ਬਹੁਤ ਖੋਜਿਆ ਕਿ ਅਜੇਹੀ ਕੋਈ ਜਗ੍ਹਾ ਮਿਲ ਜਾਵੇ ਜਿਥੇ ਨਾ ਹੋਵੇ, ਸਭ ਤਰ੍ਹਾਂ ਦੇ ਉਪਾਅ ਕੀਤੇ ਕਿ ਕੋਈ ਅਜੇਹੀ ਥਾਂ ਮਿਲ ਜਾਵੇ ਜਿਥੇ ਪਰਮਾਤਮਾ ਨਾ ਹੋਵੇ; ਨਹੀਂ ਮਿਲ ਸਕਿਆ।

ਤੁਸੀਂ ਸੁਣੀ ਹੈ ਨਾ ਨਾਨਕ ਦੀ ਕਹਾਣੀ! ਕਾਅਬਾ ਗਏ। ਰਾਤੀਂ ਲੇਟੇ ਹਨ, ਕਾਅਬਾ ਦੇ ਪੁਜਾਰੀ ਬਹੁਤ ਨਰਾਜ਼

ਹੋ ਗਏ। ਸੁਣ ਤਾਂ ਰਖਿਆ ਸੀ ਕਿ ਹਿੰਦੁਸਤਾਨ ਤੋਂ ਇਹ ਆਦਮੀ ਆਇਆ ਹੈ, ਬੜਾ ਗਿਆਨੀ ਹੈ। ਔਪਰ ਇਸ ਦਾ ਵਤੀਰਾ ਬੜਾ ਅਗਿਆਨਪੂਰਨ ਹੈ! ਇਹ ਕਾਅਬਾ ਦੇ ਪਵਿੱਤਰ ਪੱਥਰ ਦੀ ਤਰਫ ਪੈਰ ਕਰਕੇ ਸੁੱਤਾ ਹੋਇਆ ਹੈ। ਉਹਨਾਂ ਨੇ ਕਿਹਾ ਕਿ ਸ਼ਰਮ ਨਹੀਂ ਆਉਂਦੀ? ਧਾਰਮਕ ਹੋ ਕੇ, ਫ਼ਕੀਰ ਹੋ ਕੇ, ਕਾਅਬਾ ਦੇ ਪਵਿੱਤਰ ਪੱਥਰ ਵਲ ਪੈਰ ਕਰਦਾ ਹੈਂ! ਪਰਮਾਤਮਾ ਦੀ ਤਰਫ ਪੈਰ ਕਰੀਂ ਸੌਂ ਰਿਹਾ ਹੈਂ!

ਤਾਂ ਨਾਨਕ ਨੇ ਕਿਹਾ : ਮੇਰੇ ਪੈਰ ਉਸ ਜਗ੍ਹਾ ਕਰ ਦਿਉ ਜਿਥੇ ਪਰਮਾਤਮਾ ਨਾ ਹੋਵੇ। ਮੈਂ ਖਿਮਾਪ੍ਰਾਰਥੀ ਹਾਂ। ਲੇਕਿਨ ਮੈਂ ਕੀ ਕਰਾਂ? ਤੁਸੀਂ ਮੇਰੇ ਪੈਰ ਉਸ ਤਰਫ ਕਰ ਦਿਉ ਜਿਥੇ ਪਰਮਾਤਮਾ ਨਾ ਹੋਵੇ। ਕਿਉਂਕਿ ਮੈਂ ਬਹੁਤ ਖੋਜਿਆ, ਅਜੇਹੀ ਕੋਈ ਜਗ੍ਹਾ ਪਾਈ ਨਹੀਂ ਜਿਥੇ ਪਰਮਾਤਮਾ ਨਾ ਹੋਵੇ! ਸਾਰਾ ਵਜੂਦ ਉਸਦਾ ਮੰਦਰ ਹੈ।

ਕਹਾਣੀ ਤਾਂ ਹੋਰ ਵੀ ਅੱਗੇ ਜਾਂਦੀ ਹੈ। ਇਥੋਂ ਤਕ ਤਾਂ ਸੱਚ ਮਲੂਮ ਹੁੰਦੀ ਹੈ। ਇਸਦੇ ਅੱਗੇ ਕਹਾਣੀ ਸਾਰਥਕ ਤਾਂ ਹੈ, ਲੇਕਿਨ ਸੱਚ ਨਹੀਂ ਹੈ। ਕ੍ਰੋਧ ਵਿਚ ਸਨ ਪੁਜਾਰੀ, ਉਹਨਾਂ ਨੇ ਨਾਨਕ ਦੇ ਪੈਰ ਫੜਕੇ ਘੁਮਾ ਦਿਤੇ ਦੂਜੀ ਤਰਫ। ਕਹਾਣੀ ਕਹਿੰਦੀ ਹੈ, ਕਾਅਬਾ ਵੀ ਉਸੇ ਤਰਫ ਘੁੰਮ ਗਿਆ। ਘੁੰਮ ਜਾਣਾ ਚਾਹੀਦਾ ਹੈ, ਜੇਕਰ ਕਾਅਬਾ ਵਿਚ ਥੋੜ੍ਹੀ ਵੀ ਅਕਲ ਹੋਵੇ। ਔਪਰ ਘੁੰਮਿਆਂ ਨਹੀਂ ਹੋਵੇਗਾ, ਕਿਉਂਕਿ ਕਾਅਬਾ ਪੱਥਰ ਹੈ, ਕਿਵੇਂ ਘੁੰਮੇਗਾ? ਇੰਨੀ ਅਕਲ ਕਿਥੇ? ਕਹਾਣੀ ਸੱਚ ਨਹੀਂ ਹੈ, ਇਸਲਈ ਨਹੀਂ ਕਹਿ ਰਿਹਾ ਹਾਂ ਕਿ ਨਾਨਕ ਉਤੇ ਮੈਨੂੰ ਕੋਈ ਸ਼ੱਕ ਹੈ; ਕਾਅਬਾ ਦਾ ਪੱਥਰ ਇੰਨਾ ਸਮਝਦਾਰ ਨਹੀਂ ਹੈ। ਪੱਥਰ ਪੱਥਰ ਹੈ। ਲੇਕਿਨ ਜੇਕਰ ਥੋੜ੍ਹੀ ਵੀ ਅਕਲ ਹੋਵੇ ਤਾਂ ਘੁੰਮ ਤਾਂ ਜਾਣਾ ਚਾਹੀਦਾ ਸੀ। ਇਸਲਈ ਕਹਿੰਦਾ ਹਾਂ। ਕਹਾਣੀ ਸਾਰਥਕ ਹੈ। ਬਹੁਤ ਕੋਸ਼ਿਸ਼ ਕੀਤੀ ਪੁਜਾਰੀਆਂ ਨੇ, ਜਿਧਰ ਪੈਰ ਫੇਰੇ ਉਧਰ ਹੀ ਕਾਅਬਾ ਮੁੜ ਗਿਆ। ਸਾਰਥਕ ਇਸਲਈ ਹੈ ਕਿ ਇੰਨੀ ਗੱਲ ਕਹੀ ਜਾ ਰਹੀ ਹੈ ਇਸ ਕਹਾਣੀ ਦੇ ਜ਼ਰੀਏ ਕਿ ਜਿਥੇ ਵੀ ਪੈਰ ਕਰੋ ਉਥੇ–ਈ ਪਰਮਾਤਮਾ ਹੈ। ਸਿਰ ਕਰੋ ਕਿ ਪੈਰ ਕਰੋ, ਪਰਮਾਤਮਾ ਦੇ ਇਲਾਵਾ ਹੋਰ ਕੁਝ ਵੀ ਨਹੀਂ ਹੈ। ਖੋਜਣਾ ਸ਼ੁਰੂ ਕਰੋ ਕਿ ਕਿਥੇ ਨਹੀਂ ਹੈ—ਅਤੇ ਤੁਸੀਂ ਉਸਨੂੰ ਸਭ ਜਗ੍ਹਾ ਪਾਉਗੇ। ਅਤੇ ਖੋਜਣਾ ਸ਼ੁਰੂ ਕਰੋ ਕਿ ਕਿਥੇ ਹੈ—ਅਤੇ ਤੁਸੀਂ ਉਸਨੂੰ ਕਿਤੇ ਵੀ ਨਹੀਂ ਪਾਉਗੇ।

ਇਸਲਈ ਮੈਂ ਕਹਿੰਦਾ ਹਾਂ : ਤੇਰਾ ਸਵਾਲ ਗ਼ਲਤ ਹੈ। ਅਤੇ ਗ਼ਲਤ ਸਵਾਲ ਤੋਂ ਸ਼ੁਰੂ ਨਾ ਕਰਨਾ। ਤੇਰਾ ਸਵਾਲ ਅਜੇਹਾ ਹੈ ਜੋ ਤੈਨੂੰ ਨਾਸਤਕਤਾ ਵਿਚ ਲੈ ਜਾਏਗਾ। ਜੇ ਤੂੰ ਖੋਜਣਾ ਸ਼ੁਰੂ ਕੀਤਾ ਕਿਥੇ ਹੈ, ਤੂੰ ਕਿਤੇ ਵੀ ਨਹੀਂ ਪਾਏਂਗਾ। ਮੇਰੀ ਸੁਣ : ਖੋਜ, ਕਿਥੇ ਨਹੀਂ ਹੈ? ਪੁੱਟ ਜਗ੍ਹਾ–ਜਗ੍ਹਾ। ਪੁੱਛ, ਕਿਥੇ ਨਹੀਂ ਹੈ? ਅਤੇ ਤੂੰ ਹੈਰਾਨ ਹੋ ਜਾਏਂਗਾ, ਜਿਥੇ ਪੁੱਟੇਂਗਾ ਉਥੇ–ਈ ਉਸੇ ਨੂੰ ਪਾਏਂਗਾ—ਉਸੇ ਦੀ ਅੰਤਰਧਾਰਾ! ਤੂੰ ਪਾਏਂਗਾ; ਕਾਅਬਾ ਚਾਰੇ ਪਾਸੇ ਘੁੰਮ ਰਿਹਾ ਹੈ, ਠਹਿਰਿਆ ਹੋਇਆ ਨਹੀਂ ਹੈ। ਚਾਰੇ ਪਾਸੇ ਪਰਮਾਤਮਾ ਦੀ ਗਤੀ ਹੈ, ਕਿਉਂਕਿ 'ਜੋ ਹੈ' ਪਰਮਾਤਮਾ ਉਸੇ ਦਾ ਬਦਲਵਾਂ ਨਾਂ ਹੈ।

ਦੂਜਾ ਸਵਾਲ—

ਓਸ਼ੋ! ਹਮ ਤੋ ਖ਼ੁਦਾ ਕੇ ਕਭੀ ਕਾਯਲ ਹੀ ਨਾ ਥੇ,

ਤੁਮਕੋ ਦੇਖਾ, ਖ਼ੁਦਾ ਯਾਦ ਆਇਆ।

ਰਤਨ ਪ੍ਰਕਾਸ਼! ਦੇਖਣਾ ਆ ਜਾਵੇ, ਤਾਂ ਹਰ ਗੱਲ ਤੋਂ ਖ਼ੁਦਾ ਯਾਦ ਆਏਗਾ, ਗੱਲ–ਗੱਲ ਤੋਂ ਖ਼ੁਦਾ ਯਾਦ ਆਏਗਾ। ਦੇਖਣਾ ਆ ਜਾਵੇ, ਅੱਖ ਖੁਲ੍ਹੇ, ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਖ਼ੁਦਾ ਯਾਦ ਨਾ ਆਏ।

ਇਹ ਕੋਇਲ ਦੀ ਦੂਰ ਤੋਂ ਆਉਂਦੀ ਅਵਾਜ਼! ਇਹੀ ਤਾਂ ਇਬਾਦਤ ਹੈ, ਇਹੀ ਤਾਂ ਪ੍ਰਾਰਥਨਾ ਹੈ। ਇਸਨੂੰ ਜੇ ਗੌਰ ਨਾਲ ਸੁਣੋ ਤਾਂ ਸਾਰਾ ਵਜੂਦ ਨਾਲ ਦੀ ਨਾਲ ਮਿੱਠਤ ਨਾਲ ਭਰ ਜਾਂਦਾ ਹੈ। ਸੁਣੋ! ਉਸਦੀ ਰਸਧਾਰ ਵਗਣ ਲਗਦੀ ਹੈ।

ਬਿਰਛਾਂ ਦੀ ਹਰਿਆਵਲ ਨੂੰ ਜ਼ਰਾ ਗੌਰ ਨਾਲ ਦੇਖੋ, ਉਹੀ ਹਰਾ ਹੈ! ਖਿੜੇ ਫੁੱਲਾਂ ਨੂੰ ਜ਼ਰਾ ਦੇਖੋ, ਉਸੇ ਦਾ ਨਾਚ ਹੋ ਰਿਹਾ ਹੈ! ਉਸੇ ਦੇ ਰੰਗ, ਉਸੇ ਦੇ ਇੰਦਰਧਨੁਸ਼ ਅਕਾਸ਼ ਵਿਚ ਫੈਲਦੇ ਹਨ! ਸੂਰਜ ਨਿਕਲਦਾ ਹੈ ਤਾਂ ਉਹੀ ਨਿਕਲਦਾ ਹੈ! ਉਹ ਜੋ ਲਾਲੀ ਫੈਲ ਜਾਂਦੀ ਹੈ ਸਵੇਰੇ ਅਕਾਸ਼ 'ਤੇ, ਉਸਦੀ ਹੀ ਗੱਲ੍ਹ ਦੀ ਲਾਲੀ ਹੈ!

ਦੇਖਣਾ ਆ ਜਾਵੇ, ਤਾਂ ਹੋਰ ਕੁਝ ਦੇਖਣ ਨੂੰ ਬਚਦਾ ਹੀ ਨਹੀਂ। ਦੇਖਣਾ ਆ ਜਾਵੇ ਤਾਂ ਜਿਥੇ ਸਿਰ ਕਰੋ, ਪਰਮਾਤਮਾ ਹੈ; ਜਿਥੇ ਅੱਖ ਖੋਲ੍ਹੋ, ਪਰਮਾਤਮਾ ਹੈ; ਜਿਥੇ ਹੱਥ ਫੈਲਾਓ, ਪਰਮਾਤਮਾ ਹੈ। ਜਿਸਨੂੰ ਛੋਹੋਗੇ, ਉਹ ਪਰਮਾਤਮਾ ਹੈ। ਜਿਸਦਾ ਸੁਆਦ ਲਉਗੇ, ਉਹ ਪਰਮਾਤਮਾ ਹੈ।

ਲੇਕਿਨ ਤੇਰੀ ਗੱਲ ਵੀ ਮੈਂ ਸਮਝਦਾ ਹਾਂ। ਸਭ ਤੋਂ ਪਹਿਲਾਂ ਗੁਰੂ ਵਿਚ ਦਿਖਾਈ ਪੈਂਦਾ ਹੈ, ਕਿਉਂਕਿ ਸਭ ਤੋਂ ਪਹਿਲਾਂ ਗੁਰੂ ਦੇ ਕੋਲ ਹੀ ਅੱਖ ਖੋਲ੍ਹਣ ਦੀ ਹਿੰਮਤ ਆਉਂਦੀ ਹੈ। ਗੁਰੂ ਦਾ ਅਰਥ ਕੀ ਹੁੰਦਾ ਹੈ? ਜਿਸ ਉਤੇ ਇੰਨਾ ਭਰੋਸਾ ਆ ਜਾਵੇ ਕਿ ਤੁਸੀਂ ਅੱਖ ਖੋਲ੍ਹ ਸਕੋ। ਹੋਰ ਤਾਂ ਕੋਈ ਅਰਥ ਨਹੀਂ ਹੁੰਦਾ। ਕਿਸੇ ਦੀ ਗੱਲ ਸੁਣ ਕੇ, ਕਿਸੇ ਦਾ ਜੀਵਨ ਦੇਖ ਕੇ, ਕਿਸੇ ਦੇ ਰੰਗ–ਢੰਗ ਤੋਂ ਪ੍ਰਭਾਵਤ ਹੋ ਕੇ, ਪ੍ਰੇਰਤ ਹੋ ਕੇ, ਇੰਨੀ ਹਿੰਮਤ ਆ ਜਾਂਦੀ ਹੈ ਕਿ ਤੁਸੀਂ ਅੱਖ ਖੋਲ੍ਹ ਲੈਂਦੇ ਹੋ।

ਡਰਦੇ ਮਾਰੇ ਤੁਸੀਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ। ਤੁਹਾਨੂੰ ਡਰ ਹੈ ਕਿ ਅੱਖ ਖੋਲ੍ਹ ਕੇ ਜੋ ਦਿਸੇਗਾ, ਕਿਤੇ ਉਹ ਇਸ ਤੋਂ ਬਦਤਰ ਨਾ ਹੋਵੇ! ਅਜੇ ਤਾਂ ਤੁਸੀਂ ਸੁਫਨਿਆਂ ਵਿਚ ਹੋ। ਅੱਖ ਬੰਦ ਹੈ, ਸੁਫਨੇ ਤੁਹਾਡੇ ਹਨ ਅਤੇ ਤੁਸੀਂ ਸੁਫਨਿਆਂ ਨੂੰ ਖ਼ੂਬ ਰੰਗਿਆ ਹੈ, ਖ਼ੂਬ ਨਿਖਾਰਿਆ ਹੈ। ਜਨਮ–ਜਨਮ ਤੁਸੀਂ ਸੁਫਨਿਆਂ 'ਤੇ ਸ਼ਿੰਗਾਰ ਕੀਤਾ ਹੈ। ਅਜੇ ਤਾਂ ਤੁਸੀਂ ਆਪੋ–ਆਪਣੇ ਸੁਫਨੇ ਵਿਚ ਲੀਨ ਹੋ। ਅੱਖ ਖੋਲ੍ਹਣ ਤੋਂ ਡਰਦੇ ਹੋ, ਕਿਤੇ ਸੁਫਨਾ ਟੁੱਟ ਨਾ ਜਾਵੇ! ਅਤੇ ਕੌਣ ਜਾਣੇ, ਜੋ ਦਿਖਾਈ ਪਵੇ ਉਹ ਕਿਤੇ ਸੁਫਨੇ ਤੋਂ ਵੀ ਬਦਤਰ ਨਾ ਹੋਵੇ!

ਸੱਚ ਸੁੰਦਰ ਹੀ ਹੋਵੇਗਾ, ਇਸਦੀ ਕੋਈ ਗਰੰਟੀ ਹੈ। ਸੱਚ ਜਿੱਤੇਗਾ, ਇਸਦੀ ਕੋਈ ਗਰੰਟੀ ਹੈ? ਰਿਸ਼ੀ ਕਹਿੰਦੇ ਹਨ : ਸੱਤਯਮੇਵ ਜਯਤੇ! ਦਿਸਦਾ ਤਾਂ ਕੁਝ ਉਲਟਾ ਹੀ ਹੈ। ਕਹਿੰਦੇ ਹਨ ਸੱਚ ਸਦਾ ਜਿੱਤਦਾ ਹੈ, ਜਿੱਤਦਾ ਤਾਂ ਝੂਠ ਮਲੂਮ

ਪੈਂਦਾ ਹੈ। ਜੀਵਨ-ਭਰ ਦਾ ਅਨੁਭਵ ਤੁਹਾਨੂੰ ਦੱਸਦਾ ਹੈ ਕਿ ਝੂਠ ਜਿੱਤਦਾ ਹੈ, ਸੱਚ ਨਹੀਂ ਜਿੱਤਦਾ। ਸੱਚ ਕਿਹਾ ਕਿ ਤੁਸੀਂ ਬਾਜੀ ਹਾਰੀ। ਸੱਚ ਦੇ ਨਾਲ ਸਬੰਧ ਜੋੜਿਆ, ਕਿ ਚਲੇ ਉਤਾਰ ਉਤੇ, ਕਿ ਹਾਰੇ, ਕਿ ਗਏ ਕੰਮੋਂ! ਇਥੇ ਤਾਂ ਝੂਠ ਦੀ ਪੌੜੀ 'ਤੇ ਲੋਕ ਚੜ੍ਹ ਰਹੇ ਹਨ। ਇਥੇ ਤਾਂ ਜਿੰਨਾ ਵੱਡਾ ਝੂਠ ਅਤੇ ਜਿੰਨੀ ਹਿੰਮਤ ਨਾਲ ਲੋਕ ਬੋਲ ਸਕਦੇ ਹਨ, ਉਨੇ ਸਫਲ ਹੋ ਜਾਂਦੇ ਹਨ। ਇਥੇ ਸੱਚ ਬੋਲਣ ਵਾਲਾ ਡੁੱਬਦਾ ਮਲੂਮ ਪੈਂਦਾ ਹੈ। ਅਤੇ ਰਿਸ਼ੀ ਕਹਿੰਦੇ ਹਨ ਤਾਂ ਠੀਕ ਹੀ ਕਹਿੰਦੇ ਹੋਣਗੇ, ਐਪਰ ਪਤਾ ਨਹੀਂ ਕਿਸ ਦੁਨੀਆਂ ਦੀ ਕਹਿੰਦੇ ਹਨ? ਕਿਸ ਲੋਕ ਦੀ ਕਹਿੰਦੇ ਹਨ? ਕਿਥੇ ਇਹ ਨਿਯਮ ਲਾਗੂ ਹੁੰਦਾ ਹੈ, ਜਿਥੇ ਸੱਤਯਮੇਵ ਜਯਤੇ ਚਲਦਾ ਹੋਵੇ?

ਅਤੇ ਰਿਸ਼ੀ ਤਾਂ ਇਹ ਵੀ ਕਹਿੰਦੇ ਹਨ, ਸੱਚ ਹੀ ਸੁੰਦਰ ਹੈ। ਸੱਤਯੰ, ਸ਼ਿਵੰ, ਸੁੰਦਰਮ! ਉਹੀ ਸੁੰਦਰ ਹੈ, ਉਹੀ ਸ਼ਿਵ ਹੈ। ਲੇਕਿਨ ਅਸੀਂ ਤਾਂ ਕੁਝ ਹੋਰ ਜਾਣਿਆਂ ਹੈ। ਅਸੀਂ ਤਾਂ ਝੂਠ ਵਿਚ ਸੁੰਦਰਤਾ ਨੂੰ ਜਾਣਿਆ ਹੈ। ਜਿਵੇਂ-ਜਿਵੇਂ ਸੱਚਾਈ ਦਾ ਪਤਾ ਲਗਦਾ ਹੈ ਉਵੇਂ-ਉਵੇਂ ਅਸੀਂ ਸੁੰਦਰਤਾ ਨੂੰ ਛੁਪਨ ਹੁੰਦਿਆਂ ਦੇਖਿਆ ਹੈ। ਸਾਗਰ ਤਟ 'ਤੇ ਤੁਸੀਂ ਇਕ ਇਸਤ੍ਰੀ ਦੇ ਸੁਹੱਪਣ ਨਾਲ ਮੋਹਤ ਹੋ ਜਾਂਦੇ ਹੋ। ਦੂਰੀ ਹੈ, ਫਾਸਲਾ ਹੈ। ਅਤੇ ਦੂਰ ਦੇ ਢੋਲ ਸੁਹਾਵਣੇ! ਉਹ ਤੁਹਾਡੇ ਉਤੇ ਮੋਹਤ ਹੋ ਜਾਂਦੀ ਹੈ। ਦੂਰੀ ਹੈ, ਫਾਸਲਾ ਹੈ। ਦੂਰ ਦੇ ਡੋਲ ਸੁਹਾਵਣੇ ਹੁੰਦੇ ਹਨ। ਆਕਰਸ਼ਤ ਹੁੰਦੇ ਹਨ, ਇਕ-ਦੂਜੇ ਦੇ ਨੇੜੇ ਆਉਂਦੇ ਹੋ। ਇਕ-ਦੂਜੇ ਨੂੰ ਬੰਨ੍ਹ ਲੈਣਾ ਚਾਹੁੰਦੇ ਹੋ ਸਦਾ ਲਈ। ਇੰਨਾ ਸੁਹੱਪਣ ਕੋਈ ਛੱਡ ਕਿਵੇਂ ਦੇਵੇ! ਇੰਨਾ ਸੁਹੱਪਣ ਫਿਰ ਮਿਲੇ ਨਾ ਮਿਲੇ! ਫਿਰ ਗਠਬੰਧਨ ਵਿਚ ਬੱਝ ਜਾਂਦੇ ਹੋ। ਵਿਆਹ ਕਰ ਲੈਂਦੇ ਹੋ। ਨਾਲ-ਨਾਲ ਜੀਂਦੇ ਹੋ। ਫਿਰ ਹੌਲੀ-ਹੌਲੀ ਸੁਹੱਪਣ ਵਿਦਾ ਹੋਣ ਲਗਦਾ ਹੈ ਅਤੇ ਅਸੁਹੱਪਣ ਪਰਗਟ ਹੁੰਦਾ ਹੈ। ਉਹ ਜੋ ਸਾਗਰ-ਤਟ 'ਤੇ ਇਸਤ੍ਰੀ ਦੇਖੀ ਸੀ, ਕੋਈ ਹੋਰ ਹੀ ਰਹੀ, ਅਜੇਹਾ ਮਲੂਮ ਪੈਣ ਲਗਦਾ ਹੈ; ਜਾਂ ਅਜੇਹਾ ਸ਼ੱਕ ਹੁੰਦਾ ਹੈ ਕਿ ਧੋਖਾ ਦਿਤਾ ਗਿਆ ਹੈ। ਕਿਉਂਕਿ ਇਸ ਇਸਤ੍ਰੀ ਵਿਚੋਂ ਤਾਂ ਅਸੁੰਦਰ ਹੀ ਨਿਕਲਣ ਲਗਦਾ ਹੈ, ਕੋਝ ਨਿਕਲਣ ਲਗਦਾ ਹੈ। ਇਸਦੇ ਮੂੰਹ 'ਚੋਂ ਅਜੇਹੇ ਬਚਨ ਨਿਕਲਣ ਲਗਦੇ ਹਨ, ਜੋ ਤੁਸੀਂ ਸੋਚੇ ਵੀ ਨਹੀਂ ਸਨ ਕਿ ਇਸ ਹੁਸੀਨ ਚੇਹਰੇ ਤੋਂ ਨਿਕਲ ਸਕਣਗੇ, ਇਸ ਸੁੰਦਰ ਚੇਹਰੇ ਤੋਂ ਨਿਕਲ ਸਕਣਗੇ। ਇਹ ਸੁੰਦਰ ਅਤੇ ਪਿਆਰੇ ਬੁੱਲ੍ਹ, ਅਜੇਹੇ ਭੱਦੇ ਅਤੇ ਬੇਹੂਦੇ ਸ਼ਬਦ ਤੁਹਾਨੂੰ ਬੋਲਣਗੇ, ਅਜੇਹੇ ਕਠੋਰ ਅਤੇ ਕਠਨ ਜ਼ਖ਼ਮ ਤੁਹਾਡੇ ਉਤੇ ਕਰਨਗੇ, ਸੋਚਿਆ ਵੀ ਨਹੀਂ ਸੀ! ਇਸ ਇਸਤ੍ਰੀ ਨੇ ਵੀ ਨਹੀਂ ਸੋਚਿਆ ਸੀ ਕਿ ਤੁਹਾਡੀ ਅਸਲੀਅਤ ਅਜੇਹੀ ਕੋਝੀ ਹੋਵੇਗੀ। ਉਹ ਜੋ ਸੁਫਨਾ ਦੇਖਿਆ ਸੀ ਪ੍ਰੇਮ ਦਾ ਸਾਗਰ ਦੇ ਤਟ 'ਤੇ, ਉਹ ਟੁੱਟਣ ਲਗਦਾ ਹੈ। ਹਕੀਕਤ ਉਸਨੂੰ ਉਖਾੜਨ ਲਗਦੀ ਹੈ।

ਮਨੁੱਖ ਦਾ ਅਨੁਭਵ ਤਾਂ ਇਹ ਹੈ ਕਿ ਸੱਚ ਕੋਝਾ ਹੈ, ਅਤੇ ਝੂਠ ਸੁੰਦਰ ਹੈ। ਰਿਸ਼ੀ ਕਹਿੰਦੇ ਹਨ ਸੱਤਯੰ, ਸ਼ਿਵੰ, ਸੁੰਦਰਮ। ਪਤਾ ਨਹੀਂ ਕਿਸ ਲੋਕ ਦੀ ਕਹਿੰਦੇ ਹਨ! ਪਤਾ ਨਹੀਂ, ਕਿਤੇ ਅਜੇਹਾ ਲੋਕ ਹੈ ਵੀ ਜਾਂ ਨਹੀਂ!

ਸਿਗਮੰਡ ਫ੍ਰਾਯਡ ਜਾਂ ਉਸ ਜਿਹੇ ਮਨੋਵਿਗਿਆਨਕ ਤਾਂ ਮੰਨਦੇ ਹਨ ਕਿ ਇਹ ਸਭ ਕੋਰੀਆਂ ਕਲਪਨਾਵਾਂ ਹਨ, ਇਹ ਦਿਲਾਸੇ ਹਨ। ਇਹ ਜ਼ਿੰਦਗੀ ਬੜੀ ਕੋਝੀ ਹੈ। ਇਸ ਕੋਝ ਨੂੰ ਢਕਣ ਦੇ ਲਈ ਇਹ ਸੁੰਦਰ-ਸੁੰਦਰ ਬਚਨ ਹਨ।

ਇਹ ਸਿਰਫ ਆਦਮੀ ਦੀਆਂ ਚਾਹਨਾਵਾਂ ਹਨ, ਇਹ ਸੱਚ ਦੀਆਂ ਸੂਚਨਾਵਾਂ ਨਹੀਂ ਹਨ। ਸੱਤਯਮੇਵ ਜਯਤੇ—ਇਹ ਸਿਰਫ ਚਾਹਨਾ ਹੈ। ਰਿਸ਼ੀ ਇਹ ਕਹਿ ਰਿਹਾ ਹੈ : ਸੱਚ ਸੁੰਦਰ ਹੋਣਾ ਚਾਹੀਦਾ ਹੈ। ਔਪਰ ਹੈ ਕਿਥੇ?

ਜ਼ਿੰਦਗੀ ਦੀਆਂ ਹਕੀਕਤਾਂ ਬੜੀਆਂ ਕੌੜੀਆਂ ਹਨ। ਉਪਰ ਕੁਝ, ਅੰਦਰ ਕੁਝ ਪਾਇਆ ਜਾਂਦਾ ਹੈ। ਉਪਰ ਸੋਨੇ ਦੀ ਚਮਕ, ਅੰਦਰ ਪਿੱਤਲ ਵੀ ਨਹੀਂ ਮਿਲਦਾ। ਉਪਰ ਫੁੱਲ ਦੀ ਦਮਕ, ਅੰਦਰ ਕੰਡਾ ਹੈ।

ਮੱਛੀ ਨੂੰ ਫੜਨ ਜਾਂਦੇ ਹੋ ਨਾ, ਬਾਂਸੀ ਲਮਕਾਉਂਦੇ ਹੋ ਨਾ, ਕੁੰਡੀ ਉਤੇ ਆਟਾ ਲਾਉਂਦੇ ਹੋ ਨਾ—ਉਹੋ—ਜਿਹੀ ਹਾਲਤ ਹੈ। ਮੱਛੀ ਆਟੇ ਨੂੰ ਫੜਨ ਆਉਂਦੀ ਹੈ, ਕੁੰਡੀ ਨੂੰ ਫੜਨ ਨਹੀਂ। ਫੜੀ ਜਾਂਦੀ ਹੈ ਕੁੰਡੀ ਨਾਲ, ਆਉਂਦੀ ਹੈ ਆਟੇ ਨੂੰ ਲੈਣ। ਆਟਾ ਆਕਰਸ਼ਤ ਕਰਦਾ ਹੈ, ਫਿਰ ਫਸ ਜਾਂਦੀ ਹੈ। ਫਿਰ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ।

ਜੋ ਸੁਹੱਪਣ ਤੁਸੀਂ ਇਕ—ਦੂਜੇ ਵਿਚ ਦੇਖਦੇ ਹੋ, ਕਿਤੇ ਆਟਾ ਹੀ ਤਾਂ ਨਹੀਂ? ਪੁਛੋ ਅਨੁਭਵੀਆਂ ਤੋਂ, ਉਹ ਕਹਿਣਗੇ, ਆਟਾ ਹੀ ਹੈ। ਪਿਛੋ ਕੁੰਡੀ ਮਿਲਦੀ ਹੈ। ਸੁਖ ਤਾਂ ਸਿਰਫ ਦੁਆਰ ਉਤੇ ਬੰਦਨਵਾਰ ਹੈ—ਝੂਠਾ। ਦੁਆਰ ਦੇ ਅੰਦਰ ਦਾਖ਼ਲ ਹੋਏ, ਦੁਆਰ ਬੰਦ ਹੋਇਆ ਕਿ ਦੁਖ ਹੀ ਦੁਖ ਹੈ।

ਮੈਂ ਸੁਣਿਆ ਹੈ, ਇਕ ਰਾਜਨੇਤਾ ਨੇ ਇਕ ਸੁਫ਼ਨਾ ਦੇਖਿਆ। ਰਾਤੀਂ ਸੁਫ਼ਨੇ ਵਿਚ ਦੇਖਿਆ ਕਿ ਮਰ ਗਿਆ ਹੈ ਅਤੇ ਨਰਕ ਦੇ ਦੁਆਰ 'ਤੇ ਖੜ੍ਹਾ ਹੈ। ਉਸਨੂੰ ਹੈਰਾਨੀ ਵੀ ਹੋਈ ਅਤੇ ਹੈਰਾਨੀ ਨਹੀਂ ਵੀ ਹੋਈ। ਹੈਰਾਨੀ ਹੋਈ ਕਿ ਹਮੇਸ਼ਾ ਸੋਚਦਾ ਸੀ ਸਵਰਗ ਮੈਨੂੰ ਮਿਲੇਗਾ, ਕਿਉਂਕਿ ਇਹੀ ਸੁਣਦਾ ਆਇਆ ਸੀ ਕਿ ਜੋ ਵੀ ਦਿੱਲੀ ਵਿਚ ਮਰਦਾ ਹੈ ਸਭ ਸਵਰਗੀ ਹੋ ਜਾਂਦੇ ਹਨ।

ਇਥੇ ਤਾਂ, ਸਾਡੇ ਮੁਲਕ ਵਿਚ ਜੋ ਵੀ ਮਰਦਾ ਉਸਨੂੰ ਅਸੀਂ 'ਸਵਰਗੀ' ਕਹਿੰਦੇ ਹਾਂ। 'ਨਰਕੀ' ਤਾਂ ਕਿਸੇ ਨੂੰ ਅਸੀਂ ਕਹਿੰਦੇ ਹੀ ਨਹੀਂ। ਕੋਈ ਵੀ ਮਰੇ! ਰਾਜਨੀਤਕ ਵੀ ਮਰਦਾ ਹੈ ਤਾਂ 'ਸਵਰਗੀ' ਹੋ ਜਾਂਦਾ ਹੈ। ਜੇ ਰਾਜਨੇਤਾ ਸਵਰਗ ਜਾਂਦੇ ਹਨ, ਤਾਂ ਨਰਕ ਕੌਣ ਜਾਏਗਾ?

ਸੋਚਿਆ ਤਾਂ ਉਸਨੇ ਇਹੀ ਸੀ ਕਿ ਸਵਰਗ ਜਾਵਾਂਗਾ, ਨਰਕ ਦੇ ਦੁਆਰ 'ਤੇ ਮੈਂ ਕੀ ਕਰ ਰਿਹਾ ਹਾਂ? ਲੇਕਿਨ ਫਿਰ ਇਹ ਵੀ ਸਮਝ ਵਿਚ ਆਇਆ ਕਿ ਕਿਵੇਂ ਜਾ ਸਕਦਾ ਹਾਂ ਸਵਰਗ? ਜੋ ਮੈਂ ਕੀਤਾ ਹੈ, ਉਹ ਸਵਰਗ ਜਾਣ—ਯੋਗ ਤਾਂ ਨਹੀਂ। ਲੋਕ ਐਵੇਂ ਹੀ ਕਹਿੰਦੇ ਹੋਣਗੇ।

ਲੋਕ ਤਾਂ ਮਰੇ ਹੋਏ ਆਦਮੀਆਂ ਦੇ ਸਬੰਧ ਵਿਚ ਚੰਗੀਆਂ ਗੱਲਾਂ ਕਹਿੰਦੇ ਹਨ। ਜਿਉਂਦੇ ਆਦਮੀ ਦੇ ਸਬੰਧ ਵਿਚ ਕੋਈ ਚੰਗੀ ਗੱਲ ਨਹੀਂ ਕਹਿੰਦਾ। ਲੋਕਾਂ ਨੇ ਬੜੇ ਅਜੀਬ ਨਿਯਮ ਬਣਾ ਰਖੇ ਹਨ। ਜਿਉਂਦੇ ਆਦਮੀ ਦੇ ਸਬੰਧ ਵਿਚ ਨਿੰਦਿਆ, ਮਰ ਜਾਵੇ ਤਾਂ ਸਵਰਗੀ ਹੋ ਗਿਆ! 'ਕੀ ਗਜ਼ਬ ਦਾ ਆਦਮੀ ਸੀ! ਅਦੁੱਤੀ! ਜਿਸਦੀ ਪੂਰਤੀ ਕਦੇ ਨਹੀਂ ਹੋਵੇਗੀ!... ਅਣਪੂਰਵਾਂ ਘਾਟਾ ਪੈ ਗਿਆ। ਹੁਣ ਕਦੇ ਸੰਸਾਰ ਵਿਚ ਉਹਨਾਂ ਦੀ ਥਾਂ ਭਰੀ ਨਹੀਂ ਜਾ ਸਕੇਗੀ!'

ਲੇਕਿਨ ਆਪਣੇ ਕਰਮਾਂ ਦਾ ਉਸਨੂੰ ਖ਼ਿਆਲ ਆਇਆ, ਤਾਂ ਸੋਚਿਆ ਕਿ ਠੀਕ ਹੈ। ਅੰਦਰ ਦਾਖ਼ਲ ਹੋਇਆ,

ਤਾਂ ਹੋਰ ਵੀ ਦੰਗ ਹੋਇਆ! ਸਵਾਗਤ-ਕਮਰੇ ਵਿਚ ਬਿਠਾਇਆ ਗਿਆ, ਬੜਾ ਸੁਹੱਪਣ ਸੀ! ਅਜੇਹਾ ਸੁੰਦਰ ਭਵਨ ਉਸਨੇ ਦਿੱਲੀ ਵਿਚ ਵੀ ਦੇਖਿਆ ਨਹੀਂ ਸੀ। ਰਾਸ਼ਟਰਪਤੀ ਦਾ ਭਵਨ ਵੀ ਕੁਝ ਨਹੀਂ, ਇਉਂ ਜਿਵੇਂ ਨੌਕਰ-ਚਾਕਰ ਦਾ ਮਕਾਨ ਹੋਵੇ। ਭਵਨ ਇਹ ਸੀ! ਸੋਨੇ ਦਾ ਸੀ, ਹੀਰੇ-ਜਵਾਹਰਾਤ ਜੜੇ ਸਨ। ਬੜਾ ਸਵਾਗਤ ਕੀਤਾ ਗਿਆ, ਮਠਿਆਈਆਂ ਲਿਆਂਦੀਆਂ ਗਈਆਂ, ਫਲ ਲਿਆਂਦੇ ਗਏ, ਫੁਲਮਾਲਾਵਾਂ ਪਹਿਨਾਈਆਂ ਗਈਆਂ। ਉਹ ਤਾਂ ਬੜਾ ਹੈਰਾਨ ਹੋਇਆ! ਉਸਨੇ ਕਿਹਾ ਕਿ ਭਰਾ, ਇਹ ਨਰਕ ਹੈ? ਮੈਨੂੰ ਤਾਂ ਸਵਰਗ ਤੋਂ ਬਿਹਤਰ ਮਲੂਮ ਹੋ ਰਿਹਾ ਹੈ।

ਸ਼ੈਤਾਨ ਨੇ ਕਿਹਾ, ਹੁਣ ਤੁਸੀਂ ਹੀ ਸੋਚੋ। ਇਕਤਰਫਾ ਗੱਲ ਚੱਲ ਰਹੀ ਹੈ ਦੁਨੀਆਂ ਵਿਚ। ਪਰਮਾਤਮਾ ਦੀਆਂ ਕਿਤਾਬਾਂ ਤਾਂ ਚੱਲ ਰਹੀਆਂ ਹਨ-ਬਾਈਬਲ ਅਤੇ ਵੇਦ ਅਤੇ ਕੁਰਾਨ; ਮੇਰੀ ਕੋਈ ਕਿਤਾਬ ਨਹੀਂ। ਮੇਰੇ ਨਾਲ ਜ਼ਿਆਦਤੀ ਹੋ ਰਹੀ ਹੈ। ਤਾਂ ਤੈਨੂੰ ਇਕ ਪੱਖ ਦੀਆਂ ਗੱਲਾਂ ਸੁਣਨ ਨੂੰ ਮਿਲੀਆਂ ਹਨ ਕਿ ਨਰਕ ਬੁਰਾ ਹੈ ਅਤੇ ਸਵਰਗ ਚੰਗਾ; ਉਹ ਸਭ ਪ੍ਰਚਾਰ ਹੈ। ਜਿਵੇਂ ਹਰ ਕੰਪਨੀ ਆਪਣਾ ਪ੍ਰਚਾਰ ਕਰਦੀ ਹੈ, ਪਰਮਾਤਮਾ ਆਪਣਾ ਪ੍ਰਚਾਰ ਕਰਵਾਉਂਦਾ ਰਹਿੰਦਾ ਹੈ। ਮੇਰਾ ਕੋਈ ਪ੍ਰਚਾਰ ਕਰਨ ਵਾਲਾ ਨਹੀਂ ਹੈ। ਮੈਂ ਸਿੱਧਾ-ਸਾਦਾ ਆਦਮੀ। ਮੈਂ ਆਪਣੀ ਇਹ ਦੁਕਾਨ ਲਈ ਇਥੇ ਬੈਠਾ ਹਾਂ, ਜਦ ਕੋਈ ਆ ਜਾਂਦਾ ਹੈ ਤਾਂ ਅਸਲੀਅਤ ਦਾ ਪਤਾ ਤਾਂ ਆਪਣੇ-ਆਪ ਲੱਗ ਜਾਂਦਾ ਹੈ। ਹੁਣ ਤੁਸੀਂ ਖ਼ੁਦ ਹੀ ਦੇਖ ਲਵੋ।

ਉਸ ਰਾਜਨੇਤਾ ਨੇ ਕਿਹਾ ਕਿ ਬਿਲਕੁਲ ਤੈਅ ਕਰਕੇ ਜਾਂਦਾ ਹਾਂ ਕਿ ਇਹੀ ਜਗ੍ਹਾ ਰਹਿਣ-ਯੋਗ ਹੈ। ਅਤੇ ਤਦੇ ਉਸਦੀ ਨੀਂਦ ਖੁਲ੍ਹ ਗਈ। ਫਿਰ ਜਦ ਉਹ ਮਰਿਆ, ਅਸਲ ਵਿਚ ਮਰਿਆ ਕੋਈ ਦਸ ਸਾਲ ਬਾਅਦ, ਤਾਂ ਮਰਦੇ ਵਕਤ ਉਸਦੀ ਇਕ ਹੀ ਚਾਹਨਾ ਸੀ ਕਿ ਮੈਂ ਨਰਕ ਜਾਵਾਂ। ਉਹ ਸੁਹੱਪਣ ਉਸਨੂੰ ਭੁੱਲਦਾ ਨਹੀਂ ਸੀ। ਮਰ ਕੇ ਨਰਕ ਪਹੁੰਚਿਆ। ਨਾ ਵੀ ਕਰਦਾ ਚਾਹਨਾ ਤਾਂ ਵੀ ਪਹੁੰਚਣਾ ਸੀ। ਹੁੰਦਾ ਤਾਂ ਉਹੀ ਹੈ ਜੋ ਹੋਣਾ ਹੈ; ਤੁਹਾਡੀ ਚਾਹਤ ਨਾਲ ਕੁਝ ਨਹੀਂ ਹੁੰਦਾ। ਕਦੇ-ਕਦੇ ਤੁਹਾਡੀ ਚਾਹਤ ਮੇਲ ਖਾ ਜਾਂਦੀ ਹੈ ਤਾਂ ਤੁਸੀਂ ਸੋਚਦੇ ਹੋ ਸਫਲ ਹੋ ਗਏ। ਬੜਾ ਖ਼ੁਸ਼ ਸੀ, ਲੇਕਿਨ ਜਿਵੇਂ ਹੀ ਨਰਕ ਵਿਚ ਵੜਿਆ, ਸ਼ੈਤਾਨ ਨੇ ਉਸਦੀ ਜ਼ੋਰ ਨਾਲ ਝਪਟ ਕੇ ਗਰਦਨ ਫੜੀ ਅਤੇ ਲੱਗਿਆ ਘਸੁੰਨ ਮਾਰਨ। ਹੋਰ ਪੰਜ-ਦਸ ਲੋਕ ਉਸ ਉਤੇ ਟੁੱਟ ਪਏ। ਅਤੇ ਬੜੀ ਕੋਝੀ ਹਾਲਤ ਸੀ, ਚਾਰੇ ਪਾਸੇ ਭਿਆਨਕ ਮਾਹੌਲ ਸੀ। ਅੱਗ ਦੀਆਂ ਲਪਟਾਂ ਜਲ ਰਹੀਆਂ ਸਨ ਅਤੇ ਕੜਾਹੇ ਚਾੜ੍ਹੇ ਜਾ ਰਹੇ ਸਨ ਅਤੇ ਤੇਲ ਉਬਲ ਰਿਹਾ ਸੀ ਅਤੇ ਲੋਕ ਸੁੱਟੇ ਜਾ ਰਹੇ ਸਨ। ਉਸਨੇ ਕਿਹਾ, ਭਰਾ, ਇਹ ਮਾਜਰਾ ਕੀ ਹੈ? ਮੈਂ ਪਹਿਲੀ ਦਫ਼ਾ ਆਇਆ ਸੀ, ਤਦ ਤਕ ਕੁਝ ਗੱਲ ਹੀ ਹੋਰ ਸੀ।

ਸ਼ੈਤਾਨ ਨੇ ਕਿਹਾ ਕਿ ਉਹ ਸਵਾਗਤ ਸੀ, ਉਹ ਟੂਰਿਸਟ ਦੀ ਖ਼ਾਤਰ ਹੈ, ਜਿਹੜੇ ਐਂਵੇ ਹੀ ਚਲੇ ਆਉਂਦੇ ਹਨ, ਤਫਰੀਹ ਦੇ ਲਈ, ਘੁੰਮਣ ਲਈ। ਹੁਣ ਇਹ ਅਸਲੀਅਤ ਹੈ। ਹੁਣ ਇਹ ਹਕੀਕਤ ਹੈ। ਉਸ ਦਫੇ ਤਾਂ ਤੁਸੀਂ ਉਂਜ ਹੀ ਸੁਫਨੇ ਵਿਚ ਆ ਗਏ ਸੀ। ਤਾਂ ਉਹ ਤਾਂ ਲਾਲਚ ਹੈ: ਉਹ ਕਮਰਾ ਬਣਾਇਆ ਗਿਆ ਹੈ, ਮਹਿਮਾਨਾਂ ਦੀ ਖ਼ਾਤਰ ਹੈ।

ਇਹ ਨਰਕ ਦੀ ਹਕੀਕਤ ਹੈ।

ਨਰਕ ਵਿਚ ਵੀ ਆਟਾ ਹੈ, ਕੁੰਡੀ ਪਿਛੇ ਲੁਕੀ ਹੈ। ਜ਼ਿੰਦਗੀ ਦਾ ਤਜ਼ਰਬਾ ਤਾਂ ਇਹ ਕਹਿੰਦਾ ਹੈ ਕਿ ਸਚ ਕੋੜਾ ਹੈ, ਸੁਫਨੇ ਸੁੰਦਰ ਹਨ।

ਮਨੋਵਿਗਿਆਨਕ ਤਾਂ ਕਹਿੰਦੇ ਹਨ ਕਿ ਆਦਮੀ ਸੁਫਨੇ ਹੀ ਇਸਲਈ ਦੇਖਦਾ ਹੈ ਕਿ ਸੱਚ ਕੋੜਾ ਹੈ। ਸੁਫਨੇ ਨਾ ਦੇਖੇ ਤਾਂ ਕੀ ਕਰੇ? ਕਿਵੇਂ ਜੀਵੇ? ਸੱਚ ਇੰਨਾ ਕੋੜਾ ਹੈ ਕਿ ਸੁਫਨਿਆਂ ਨਾਲ ਆਪਣੇ ਮਨ ਨੂੰ ਉਲਝਾਈ ਰਖਦਾ ਹੈ, ਭੁਲਾਈ ਰਖਦਾ ਹੈ। ਜੀਵਨ ਇੰਨਾ ਕੋੜਾ ਹੈ, ਇਸਲਈ ਕਵਿਤਾਵਾਂ ਲਿਖਦਾ ਹੈ ਆਦਮੀ ਅਤੇ ਚਿੱਤਰ ਬਣਾਉਂਦਾ ਹੈ। ਕਿਸੇ ਤਰ੍ਹਾਂ ਖ਼ੁਦ ਨੂੰ ਭੁਲਾਉਂਦਾ ਹੈ। ਸੁੰਦਰ ਭਵਨ ਬਣਾਉਂਦਾ ਹੈ, ਸੁੰਦਰ ਚਿੱਤਰ ਲਮਕਾਉਂਦਾ ਹੈ, ਸੰਗੀਤ ਦੀ ਉਸਾਰੀ ਕਰਦਾ ਹੈ, ਕਾਵਿ ਕਰਦਾ ਹੈ। ਇਹ ਸਭ ਉਪਾਅ ਹਨ ਕਿ ਕਿਸੇ ਤਰ੍ਹਾਂ ਜਗਤ ਦੀ ਹਕੀਕਤ ਨੂੰ, ਜੋ ਕਿ ਬਹੁਤ ਕੌੜੀ ਹੈ, ਕੁਝ ਮਿਠਾਸ ਦਿਤੀ ਜਾ ਸਕੇ। ਘਟੋ-ਘਟ ਮਿਠਾਸ ਦੀ ਪਰਤ ਦਿਤੀ ਜਾ ਸਕੇ: ਜਿਵੇਂ ਜ਼ਹਿਰੀਲੀ, ਕੌੜੀ ਗੋਲੀ ਦੇ ਉਪਰ ਅਸੀਂ ਖੰਡ ਦੀ ਪਰਤ ਚੜ੍ਹਾ ਦਿੰਦੇ ਹਾਂ।

ਕਾਵਿ ਇਹੀ ਹੈ, ਕਲਾ ਇਹੀ ਹੈ ਕਿ ਇਸ ਜ਼ਿੰਦਗੀ ਨੂੰ ਕਿਸੇ ਤਰ੍ਹਾਂ ਰਹਿਣ-ਯੋਗ ਬਣਾਉ, ਕਿਸੇ ਤਰ੍ਹਾਂ ਕੁਝ ਪਰਦੇ ਪਾ ਕੇ ਇਸਦੇ ਕੋੜ ਨੂੰ ਢਕ ਦਿਉ।

ਤਾਂ ਆਦਮੀ ਅੱਖ ਖੋਲ੍ਹਣ ਤੋਂ ਡਰਦਾ ਹੈ। ਗੁਰੂ ਦੇ ਸੰਗ-ਸਾਥ ਵਿਚ ਇਹ ਹੌਸਲਾ ਆ ਜਾਂਦਾ ਹੈ ਕਿ ਚਲੋ ਇਕ ਵਾਰ ਅਸੀਂ ਵੀ ਤਾਂ ਅੱਖ ਖੋਲ੍ਹ ਕੇ ਦੇਖਾਂਗੇ। ਕਿਉਂਕਿ ਕੋਈ ਖੁਲ੍ਹੀ ਅੱਖ ਵਾਲਾ ਆਦਮੀ ਕਹਿ ਰਿਹਾ ਹੈ ਕਿ ਨਹੀਂ, ਸੱਚ ਕੋੜਾ ਨਹੀਂ ਹੈ: ਅਤੇ ਤੁਸੀਂ ਜੋ ਜਾਣਿਆਂ ਸੀ ਉਹ ਸੱਚ ਸੀ ਹੀ ਨਹੀਂ। ਸੱਚ ਪਰਮ ਸੁੰਦਰ ਹੈ। ਅਤੇ ਸੱਚ ਕਦੇ ਨਹੀਂ ਹਾਰਦਾ। ਅਤੇ ਤੁਸੀਂ ਜੋ ਸੱਚ ਹਾਰਦਾ ਦੇਖਿਆ ਸੀ ਉਹ ਸੱਚ ਨਹੀਂ ਸੀ, ਉਹ ਵੀ ਇਕ ਤਰ੍ਹਾਂ ਦਾ ਝੂਠ ਹੀ ਸੀ। ਨਿਰਜਿੰਦ ਸੀ, ਨਿਰਜੀਵ ਸੀ, ਨਪੁੰਸਕ ਸੀ, ਆਉ ਮੇਰੇ ਕੋਲ। ਦੇਖੋ ਸੱਚ ਨੂੰ, ਜੋ ਸਜੀਵ ਹੈ, ਜਾਨਦਾਰ ਹੈ।

ਅਤੇ ਸਤਿਗੁਰੂ ਦੇ ਕੋਲ ਉਠਦੇ-ਬੈਠਦੇ, ਉਸਦੀ ਤਰੰਗ ਨੂੰ ਝੱਲਦੇ-ਝੱਲਦੇ, ਉਸਦੀ ਹਵਾ ਨੂੰ ਪੀਂਦੇ-ਪੀਂਦੇ, ਇਕ ਦਿਨ ਇਹ ਹਿੰਮਤ ਆ ਜਾਂਦੀ ਹੈ ਕਿ ਮੈਂ ਵੀ ਅੱਖ ਖੋਲ੍ਹ ਕੇ ਦੇਖਾਂ ਤਾਂ। ਇਕ ਵਾਰ ਤਾਂ ਦੇਖਾਂ, ਕੌਣ ਜਾਣੇ ਸਤਿਗੁਰੂ ਜਿਵੇਂ ਦੱਸਦਾ ਹੈ ਉਵੇਂ ਹੀ ਹੋਵੇ। ਗੁਰੂ ਉਹੀ ਹੈ ਜੋ ਤੁਹਾਨੂੰ ਅੱਖ ਖੋਲ੍ਹਣ ਦੇ ਲਈ ਤਿਆਰ ਕਰ ਦੇਵੇ।

ਇਸਲਈ ਤੂੰ ਠੀਕ ਹੀ ਆਖਦਾ ਹੈਂ ਰਤਨ ਪ੍ਰਕਾਸ਼-

ਹਮ ਤੋ ਖ਼ੁਦਾ ਕੇ ਕਭੀ ਕਾਯਲ ਹੀ ਨਾ ਥੇ
ਤੁਮਕੋ ਦੇਖਾ ਖ਼ੁਦਾ ਯਾਦ ਆਇਆ।

ਜਿਸਨੂੰ ਦੇਖ ਕੇ ਖ਼ੁਦਾ ਯਾਦ ਆ ਜਾਵੇ, ਉਹੀ ਗੁਰੂ ਹੈ। ਜਿਥੇ ਯਾਦ ਆ ਜਾਵੇ, ਉਹੀ ਗੁਰੂ; ਜਿਥੇ ਯਾਦ ਆ ਜਾਵੇ, ਉਹੀ ਤੀਰਥ! ਜਿਥੇ ਯਾਦ ਆ ਜਾਵੇ, ਝੁਕ ਜਾਣਾ। ਇਸਦੀ ਫਿਕਰ ਹੀ ਨਾ ਕਰਨਾ ਕਿ ਕੌਣ ਸੀ, ਜਿਸਦੇ ਕੋਲ

ਯਾਦ ਆਇਆ—ਹਿੰਦੂ ਸੀ ਕਿ ਮੁਸਲਮਾਨ ਸੀ ਕਿ ਈਸਾਈ ਸੀ, ਆਦਮੀ ਸੀ ਕਿ ਇਸਤ੍ਰੀ ਸੀ, ਕੌਣ ਸੀ? ਪਰਵਾਹ ਹੀ ਨਾ ਕਰਨਾ। ਜਿਸਨੂੰ ਦੇਖ ਕੇ ਵੀ ਤੁਹਾਨੂੰ ਇਸ ਗੱਲ ਦੀ ਥੋੜ੍ਹੀ-ਜਿਹੀ ਝਲਕ ਮਲੂਮ ਹੋਣ ਲੱਗੇ ਕਿ ਜਗਤ ਵਿਅਰਥ ਨਹੀਂ ਹੈ, ਸਾਰਥਕ ਅਤੇ ਇਥੇ ਪਦਾਰਥ ਹੀ ਨਹੀਂ ਹੈ, ਪਦਾਰਥ ਵਿਚ ਛੁਪਿਆ ਪਰਮਾਤਮਾ ਵੀ ਹੈ। ਅਤੇ ਇਥੇ ਉਪਰ-ਉਪਰ ਜੋ ਦਿਖਾਈ ਪੈ ਰਿਹਾ ਹੈ, ਉਹੀ ਪੂਰਾ ਨਹੀਂ ਹੈ, ਅੰਦਰ ਕੁਝ ਹੋਰ ਵੀ ਹੈ। ਦਾਇਰੇ 'ਤੇ ਜਿਹੋ-ਜਿਹਾ ਹੈ ਉਹੋ-ਜਿਹਾ ਕੇਂਦਰ 'ਤੇ ਨਹੀਂ ਹੈ।

ਸੀਖੀ ਯਹੀਂ ਮੇਰੇ ਦਿਲੇ-ਕਾਫ਼ਿਰ ਨੇ ਬੰਦਗੀ
ਰੱਬੇ-ਕਰੀਮ ਹੈ ਤੋ ਤੇਰੀ ਰਹਗੁਜ਼ਰ ਮੇਂ ਹੈ

ਜਿਥੇ ਪ੍ਰੇਮ ਵਾਪਰਦਾ ਹੈ, ਉਥੇ ਹੀ ਪਰਮਾਤਮਾ ਦਾ ਅਨੁਭਵ ਸ਼ੁਰੂ ਹੋ ਜਾਂਦਾ ਹੈ। ਅਤੇ ਇਸ ਜਗਤ ਵਿਚ ਸ਼ੁੱਧ ਤੋਂ ਸ਼ੁੱਧ ਪ੍ਰੇਮ ਦਾ ਜੋ ਸਬੰਧ ਹੈ ਉਹ ਗੁਰੂ ਅਤੇ ਸ਼ਿੱਸ਼ ਦਾ ਸਬੰਧ ਹੈ।

ਸੀਖੀ ਯਹੀਂ ਮੇਰੇ ਦਿਲੇ-ਕਾਫ਼ਿਰ ਨੇ ਬੰਦਗੀ
ਰੱਬੇ-ਕਰੀਮ ਹੈ ਤੋ ਤੇਰੀ ਰਹਗੁਜ਼ਰ ਮੇਂ ਹੈ

ਪ੍ਰੇਮ ਦੇ ਰਾਹ 'ਤੇ ਪਰਮਾਤਮਾ ਮਿਲਦਾ ਹੈ। ਜਿਥੋਂ ਤੋਂ ਪ੍ਰੇਮ ਗੁਜ਼ਰਦਾ ਹੈ, ਉਹਨਾਂ ਹੀ ਰਾਹਾਂ ਉਤੇ ਚਲਦੇ-ਚਲਦੇ ਇਕ ਦਿਨ ਪਰਮਾਤਮਾ ਮਿਲ ਜਾਂਦਾ ਹੈ। ਇਸ ਜਗਤ ਵਿਚ ਹੋਰ ਬਹੁਤ ਤਰ੍ਹਾਂ ਦੇ ਪ੍ਰੇਮ ਹਨ, ਜੋ ਸਾਰੇ ਹੀ ਟੁੱਟ ਜਾਣਗੇ, ਸਾਰੇ ਹੀ ਛੁੱਟ ਜਾਣਗੇ; ਇਕ ਅਜੇਹਾ ਪ੍ਰੇਮ ਵੀ ਹੈ, ਜੋ ਨਹੀਂ ਟੁੱਟਦਾ, ਨਹੀਂ ਛੁੱਟਦਾ। ਖ਼ੁਸ਼ਨਸੀਬ ਹਨ ਉਹ, ਜਿਨ੍ਹਾਂ ਨੂੰ ਉਸ ਪ੍ਰੇਮ ਦੀ ਝਲਕ ਮਿਲ ਜਾਂਦੀ ਹੈ, ਕਿਉਂਕਿ ਉਸ ਝਲਕ ਦੇ ਸਹਾਰੇ ਨੂੰ ਫੜ ਕੇ ਪਰਮਾਤਮਾ ਤਕ ਪਹੁੰਚਿਆ ਜਾ ਸਕਦਾ ਹੈ।

ਸਤਿਗੁਰੂ ਦਾ ਕੀ ਅਰਥ ਹੁੰਦਾ ਹੈ? ਇੰਨਾ ਹੀ ਨਾ, ਕਿ ਜਿਥੇ ਬੈਠ ਕੇ ਉਸ ਰੋਸ਼ਨੀ ਦੀ ਚਰਚਾ ਹੋਵੇ। ਅਤੇ ਚਰਚਾ ਹੀ ਨਾ ਹੋਵੇ, ਚਰਚਾ ਕਰਨ ਵਾਲੇ ਦੇ ਅੰਦਰ ਅਨੁਭਵ ਦਾ ਸੋਮਾ ਹੋਵੇ। ਚਰਚਾ ਸ਼ਾਸਤਰਾਂ ਦੀ ਨਾ ਹੋਵੇ, ਵਜੂਦਗਤ ਹੋਵੇ।

ਗੁਲੋਂ ਮੇਂ ਰੰਗ ਭਰੇ ਬਾਦੇ-ਨੌ ਬਹਾਰ ਚਲੇ
ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ
ਕ਼ਫਸ ਉਦਾਸ ਹੈ ਯਾਰੋ ਸਬਾ ਸੇ ਕੁਛ ਤੋ ਕਹੋ
ਕਹੀਂ ਤੋ ਬਹਰੇ-ਖ਼ੁਦਾ ਆਜ ਜ਼ਿਕ੍ਰੇ-ਯਾਰ ਚਲੇ

ਜਿਥੇ ਉਸ ਪਿਆਰੇ ਦੀ ਯਾਦ ਹੋਵੇ। ਹਰਿ ਬੋਲੋ ਹਰਿ ਬੋਲ!

ਕ਼ਫਸ ਉਦਾਸ ਹੈ ਯਾਰੋ ਸਬਾ ਸੇ ਕੁਛ ਤੋ ਕਹੋ

ਕਹੀਂ ਤੋ ਬਹਰੇ-ਖ਼ੁਦਾ ਆਜ ਜ਼ਿਕ੍ਰੇ-ਯਾਰ ਚਲੇ

ਰੱਬ ਦੇ ਵਾਸਤੇ, ਕਿਤੇ ਤਾਂ ਉਹ ਪਿਆਰੇ ਦੀ ਚਰਚਾ ਹੋਵੇ! ਜਿਥੇ ਉਸਦੀ ਚਰਚਾ ਹੋਵੇ ਅਤੇ ਅਜੇਹੀ ਚਰਚਾ, ਜੋ ਅਨੁਭਵ ਤੋਂ ਨਿਕਲਦੀ ਹੋਵੇ। ਗੱਲ ਹੀ ਗੱਲ ਨਾ ਹੋਵੇ, ਗੱਲ ਦੇ ਪਿਛੇ ਅਨੁਭਵ ਪ੍ਰਮਾਣ ਹੋਵੇ। ਜਿਨ੍ਹਾਂ ਅੱਖਾਂ ਵਿਚ ਤੁਹਾਨੂੰ ਅਨੁਭਵ ਦਾ ਪ੍ਰਮਾਣ ਦਿਖਾਈ ਪੈ ਜਾਵੇ, ਉਥੋਂ ਹੀ ਤੋਂ ਪਹਿਲੀ ਦਫ਼ਾ ਖ਼ਬਰ ਮਿਲੇਗੀ ਕਿ ਈਸ਼ਵਰ ਹੈ। ਗੁਰੂ ਹੈ ਤਾਂ ਈਸ਼ਵਰ ਹੈ।

ਇਸਲਈ ਇਹ ਕੋਈ ਅਕਾਰਨ ਨਹੀਂ ਹੈ ਕਿ ਇਸ ਦੇਸ਼ ਵਿਚ ਸਤਿਗੁਰੂ ਨੂੰ ਭਗਵਾਨ, ਪਰਮਾਤਮਾ, ਈਸ਼ਵਰ ਕਹਿ ਕੇ ਪੁਕਾਰਿਆ...ਗੁਰੂਬ੍ਰਹਮਾ! ਅਕਾਰਨ ਨਹੀਂ ਹੈ। ਪਹਿਲੀ ਦਫ਼ਾ ਏਥੇ ਹੀ ਪਰਮਾਤਮਾ ਦੀ ਝਲਕ ਮਿਲੀ। ਉਸੇ ਦੁਆਰ 'ਤੇ ਪਹਿਲੀ ਦਫ਼ਾ ਅਕਾਸ਼ ਖੁਲ੍ਹਿਆ। ਉਸੇ ਦੁਆਰ 'ਤੇ ਵਿਰਾਟ ਦੀ ਪ੍ਰਤੀਤਿ ਹੋਈ।

ਬੜਾ ਹੈ ਦਰਦ ਕਾ ਰਿਸ਼ਤਾ, ਯੇ ਦਿਲ ਗ਼ਰੀਬ ਸਹੀ
ਤੁਮ੍ਹਾਰੇ ਨਾਮ ਪੇ ਆਏਂਗੇ ਗ਼ਮਗੁਸਾਰ ਚਲੇ
ਜੋ ਹਮ ਪੇ ਗੁਜ਼ਰੀ ਸੋ ਗੁਜ਼ਰੀ ਮਗਰ ਸ਼ਬੇ-ਹਿੱਜਰਾਂ
ਹਮਾਰੇ ਅੱਸ਼ਕ ਤੇਰੀ ਆਕ਼ਬਤ ਸੰਵਾਰ ਚਲੇ
ਹੁਜ਼ੂਰੇ-ਯਾਰ ਹੁਈ ਦਫ਼ਤਰੇ-ਜੁਨੂੰ ਕੀ ਤਲਬ
ਗਿਰਹ ਮੇਂ ਲੇ ਕੇ ਗਿਰਹਬਾਂ ਕਾ ਤਾਰ-ਤਾਰ ਚਲੇ
ਮੁਕਾਮ 'ਫ਼ੈਜ਼' ਕੋਈ ਰਾਹ ਮੇਂ ਜੱਚਾ ਹੀ ਨਹੀਂ
ਜੋ ਕੂਏ-ਯਾਰ ਸੇ ਨਿਕਲ ਤੋ ਸੂਏ-ਦਾਰ ਚਲੇ

ਇਸ ਜਗਤ ਵਿਚ ਬਸ ਦੋ ਹੀ ਅਨੁਭਵ ਸਾਰਥਕ ਹਨ—ਇਕ ਤਾਂ ਸਤਿਗੁਰੂ ਦਾ ਅਨੁਭਵ, ਕਿਉਂਕਿ ਉਹ ਪਰਮਾਤਮਾ ਦਾ ਪਹਿਲਾ ਅਨੁਭਵ ਹੈ; ਅਤੇ ਫਿਰ ਪਰਮਾਤਮਾ ਦਾ ਅਨੁਭਵ, ਕਿਉਂਕਿ ਉਹ ਸਤਿਗੁਰੂ ਦਾ ਅੰਤਮ ਅਨੁਭਵ ਹੈ।

ਗੁਲੋਂ ਮੇਂ ਰੰਗ ਭਰੇ, ਬਾਦੇ-ਨੌ ਬਹਾਰ ਚਲੇ
ਚਲੇ ਭੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ
ਕ਼ਫ਼ਸ ਉਦਾਸ ਹੈ ਯਾਰੋ ਸਬਾ ਸੇ ਕੁਛ ਤੋ ਕਹੋ
ਕਹੀਂ ਤੋ ਬਹਰੇ ਖ਼ੁਦਾ, ਆਜ ਜ਼ਿਕ੍ਰੇ-ਯਾਰ ਚਲੇ

ਉਂਜ ਤਾਂ ਪਰਮਾਤਮਾ ਸਭ ਪਾਸੇ ਮੌਜਦ ਹੈ। ਗੁਰੂ ਵਿਚ ਹੀ ਮੌਜੂਦ ਹੈ, ਅਜੇਹਾ ਨਹੀਂ; ਸਭ ਪਾਸੇ ਮੌਜੂਦ ਹੈ। ਲੇਕਿਨ ਗੁਰੂ ਵਿਚ ਹੋਸ਼ਪੂਰਵਕ ਮੌਜੂਦ ਹੈ ਹੋਰ ਸਭ ਪਾਸੇ ਗੂਹੜੀ ਨੀਂਦ ਵਿਚ ਹੈ। ਬਿਰਛ ਵਿਚ ਵੀ ਹੈ, ਪਰ ਉਥੇ

ਸੁੱਤਾ ਹੈ। ਅਜੇ ਉਥੇ ਸ੍ਵੈ-ਚੇਤੰਨ ਦਾ ਜਨਮ ਨਹੀਂ ਹੋਇਆ ਹੈ। ਪੱਥਰ ਵਿਚ ਵੀ ਹੈ, ਪਰ ਬੜੇ ਗਹਿਰੇ ਵਿਚ, ਬਹੁਤ ਖੋਦੋਗੇ ਤਾਂ ਪਾਉਗੇ। ਗੁਰੂ ਵਿਚ ਬਿਨਾਂ ਖੋਦੇ ਮਿਲ ਸਕਦਾ ਹੈ। ਸੱਚ ਤਾਂ ਇਹ ਹੈ, ਗੁਰੂ ਤੁਹਾਡੇ ਵਿਚ ਖੋਦਣਾ ਚਾਹੁੰਦਾ ਹੈ। ਹੋਰ ਕਿਤੇ ਤਲਾਸ਼ਣਾ ਹੋਵੇਗਾ, ਗੁਰੂ ਦੇ ਕੋਲ ਗੁਰੂ ਤੁਹਾਨੂੰ ਤਲਾਸ਼ਦਾ ਹੈ। ਉਸਦੇ ਹੱਥ ਤੁਹਾਡੇ ਹਿਰਦੇ ਵਿਚ ਗਹਿਰੇ ਉਤਰਦੇ ਹਨ ਅਤੇ ਟੋਹਦੇ ਹਨ। ਬਾਕੀ ਸਾਰੇ ਵਜੂਦ ਵਿਚ ਪਰਮਾਤਮਾ ਤੁਹਾਨੂੰ ਖੋਜਣਾ ਪਏਗਾ, ਗੁਰੂ ਦੇ ਕੋਲ ਪਰਮਾਤਮਾ ਤੁਹਾਨੂੰ ਖੋਜਦਾ ਹੈ।

ਸਭ ਕਤਲ ਹੋ ਕੇ ਤੇਰੇ ਮੁਕਾਬਿਲ ਸੇ ਆਏ ਹੈਂ
ਹਮ ਲੋਗ ਸੁਰਖ਼ਰੂ ਹੈਂ ਕਿ ਮੰਜ਼ਿਲ ਸੇ ਆਏ ਹੈਂ
ਸ਼ੰਮਏ-ਨਜ਼ਰ, ਖ਼ਯਾਲ ਕੇ ਅੰਜੁਮ, ਜਿਗਰ ਕੇ ਦਾਗ
ਜਿਤਨੇ ਚਿਰਾਗ ਹੈਂ, ਤੇਰੀ ਮਹਿਫਿਲ ਸੇ ਆਏ ਹੈਂ
ਉਠ ਕਰ ਤੋ ਆ ਗਏ ਹੈਂ ਤੇਰੀ ਬਜ਼ਮ ਸੇ ਮਗਰ
ਕੁਛ ਦਿਲ ਹੀ ਜਾਨਤਾ ਹੈ ਕਿ ਕਿਸ ਦਿਲ ਸੇ ਆਏ ਹੈਂ

ਜਿਥੇ-ਜਿਥੇ ਰੋਸ਼ਨੀ ਹੈ... ਸ਼ੰਮਏ-ਨਜ਼ਰ... ਕਦੇ ਕਿਸੇ ਅੱਖ ਵਿਚ ਸ਼ਮ੍ਹਾਂ ਜਗਦੀ ਹੈ, ਕਦੇ ਕਿਸੇ ਦੀ ਅੱਖ ਵਿਚ ਇਕ ਲਪਟ ਹੁੰਦੀ ਹੈ। ਦੇਖੀ ਐ ਲਪਟ-ਅੱਖ ਦੀ ਲਪਟ! ਸ਼ੰਮਏ ਨਜ਼ਰ-ਨਜ਼ਰ ਦਾ ਦੀਵਾ! ਖ਼ਯਾਲ ਕੇ ਅੰਜੁਮ! ਅਤੇ ਕਦੇ-ਕਦੇ ਧਿਆਨ ਵਿਚ ਸਿਤਾਰੇ ਝਲਕਦੇ ਹਨ। ਖ਼ਯਾਲ ਕੇ ਅੰਜੁਮ! ਜਿਗਰ ਕੇ ਦਾਗ। ਅਤੇ ਕਦੇ-ਕਦੇ ਪ੍ਰੇਮ ਵਿਚ ਪਏ ਹੋਏ ਦਿਲ ਦੇ ਜ਼ਖ਼ਮ, ਉਹ ਵੀ ਫੁੱਲ ਦੀ ਤਰ੍ਹਾਂ ਚਮਕਦੇ ਹਨ, ਉਹ ਵੀ ਦੀਵੇ ਦੀ ਤਰ੍ਹਾਂ ਜਗਦੇ ਹਨ। ਉਹਨਾਂ ਵਿਚ ਵੀ ਬੜਾ ਰੰਗ ਅਤੇ ਬੜੀ ਰੋਸ਼ਨੀ ਹੁੰਦੀ ਹੈ।

ਸ਼ੰਮਏ-ਨਜ਼ਰ, ਖ਼ਯਾਲ ਕੇ ਅੰਜੁਮ, ਜਿਗਰ ਕੇ ਦਾਗ
ਜਿਤਨੇ ਚਿਰਾਗ਼ ਹੈਂ, ਤੇਰੀ ਮਹਿਫਿਲ ਸੇ ਆਏ ਹੈਂ

ਅਤੇ ਜਿਥੇ-ਜਿਥੇ ਚਿਰਾਗ਼ ਹੈ, ਉਹ ਸਭ ਉਸੇ ਪਰਮਾਤਮਾ ਦੀ ਰੋਸ਼ਨੀ ਹੈ। ਸਤਿਗੁਰੂ ਵਿਚ ਉਸਦਾ ਚਿਰਾਗ਼ ਗੂੜ੍ਹਤਾ ਨਾਲ ਜਗਦਾ ਹੈ। ਜਿਥੇ ਤੁਹਾਨੂੰ ਮਿਲ ਜਾਵੇ, ਫਿਰ ਤੁਸੀਂ ਪਰਵਾਹ ਨਾ ਕਰਨਾ ਦੁਨੀਆਂ ਦੀ ਕਿ ਦੁਨੀਆਂ ਕੀ ਕਹਿੰਦੀ ਹੈ। ਜ਼ਰੂਰੀ ਨਹੀਂ ਹੈ ਕਿ ਜੋ ਤੁਹਾਨੂੰ ਦਿਖਾਈ ਪਵੇ, ਉਹ ਹੋਰਨਾਂ ਨੂੰ ਵੀ ਦਿਖਾਈ ਪਵੇ। ਦੇਖਣ-ਦੇਖਣ ਦੇ ਢੰਗ ਹਨ ਅਤੇ ਦੇਖਣ-ਦੇਖਣ ਦਾ ਸਮਾਂ ਹੈ ਅਤੇ ਦੇਖਣ-ਦੇਖਣ ਦੀ ਪਕਿਆਈ ਤੇ ਪ੍ਰੌੜਤਾ ਹੈ। ਇਥੇ ਹਰ ਆਦਮੀ ਅਲੱਗ-ਅਲੱਗ ਜਗ੍ਹਾ ਖੜ੍ਹਾ ਹੈ। ਹਰ ਆਦਮੀ ਇਥੇ ਇਕ ਹੀ ਜਮਾਤ ਵਿਚ ਨਹੀਂ ਹੈ।

ਤੁਸੀਂ ਇਕ ਛੋਟੇ ਬੱਚੇ ਨੂੰ ਲੈ ਕੇ ਬਗੀਚੇ ਵਿਚ ਗਏ। ਜੋ ਤੁਹਾਨੂੰ ਦਿਖਾਈ ਪਏਗਾ, ਉਹ ਬੱਚੇ ਨੂੰ ਨਹੀਂ ਦਿਖਾਈ ਪਏਗਾ। ਜੋ ਬੱਚੇ ਨੂੰ ਦਿਖਾਈ ਪਏਗਾ ਉਹ ਤੁਹਾਨੂੰ ਦਿਖਾਈ ਨਹੀਂ ਪਏਗਾ। ਦੋਵੇਂ ਬਗੀਚੇ ਵਿਚ ਖੜ੍ਹੇ ਹਨ।

ਸਤਿਗੁਰੂ ਜ਼ਰੂਰੀ ਨਹੀਂ ਹੈ ਕਿ ਸਾਰਿਆਂ ਨੂੰ ਹੀ ਦਿਖਾਈ ਪਵੇ। ਦੇਖਣ ਦੀ ਪਾਤਰਤਾ ਚਾਹੀਦੀ ਹੈ। ਬੁੱਧ ਚਲੇ, ਕਿੰਨੇ ਥੋੜ੍ਹੇ-ਜਿਹੇ ਲੋਕਾਂ ਦਿਖਾਈ ਪਏ! ਅਤੇ ਲੋਕ ਅਜੇਹੇ ਮੰਦਭਾਗੇ ਹਨ ਕਿ ਫਿਰ ਸਦੀਆਂ-ਤੋੜੀ ਰੋਂਦੇ ਹਨ। ਫਿਰ ਸਦੀਆਂ ਤੀਕਰ ਆਖੀ ਚਲੇ ਜਾਂਦੇ ਹਨ: 'ਕਾਸ਼, ਅਸੀਂ ਬੁੱਧ ਦੇ ਸਮੇਂ ਵਿਚ ਹੁੰਦੇ! ਅਤੇ ਕਾਸ਼, ਉਹਨਾਂ ਦੇ ਚਰਨਾਂ ਵਿਚ ਬੈਠਦੇ!' ਅਤੇ ਕੋਈ ਅਜੇਹਾ ਨਹੀਂ ਹੈ ਕਿ ਤੁਸੀਂ ਨਹੀਂ ਸੀ, ਤੁਸੀਂ ਵੀ ਸੀ। ਤੁਸੀਂ ਹਮੇਸ਼ਾ ਤੋਂ ਹੋ ਏਥੇ। ਬੁੱਧ ਤੁਹਾਡੇ ਕੋਲੋਂ ਦੀ ਲੰਘੇ ਹੋਣਗੇ। ਤੁਹਾਡੇ ਕੋਲੋਂ ਦੀ ਕਾਫ਼ਲੇ ਲੰਘਦੇ ਰਹੇ ਹਨ-ਤੀਰਥੰਕਰਾਂ ਦੇ, ਅਵਤਾਰਾਂ ਦੇ, ਬੁੱਧਾਂ ਦੇ। ਸ਼ੰਮ੍ਹਾਵਾਂ ਜਗਦੀਆਂ ਰਹੀਆਂ, ਮਸ਼ਾਲਾਂ ਗੁਜ਼ਰਦੀਆਂ ਰਹੀਆਂ, ਐਪਰ ਤੁਹਾਡੀ ਪ੍ਰੌੜਤਾ ਨਹੀਂ ਸੀ ਕਿ ਤੁਸੀਂ ਰੋਸ਼ਨੀ ਦੇਖ ਸਕੋ। ਜਿਨ੍ਹਾਂ ਨੇ ਦੇਖਿਆ, ਉਹਨਾਂ ਨੂੰ ਤੁਸੀਂ ਪਾਗਲ ਸਮਝਿਆ। ਤੁਸੀਂ ਕਿਹਾ: ਸਾਨੂੰ ਤਾਂ ਕੁਝ ਦਿਖਾਈ ਨਹੀਂ ਪੈਂਦਾ। ਅਤੇ ਤੁਹਾਡੀ ਭੀੜ ਹੈ। ਬਹੁਮਤ ਤੁਹਾਡਾ ਹੈ। ਦੇਖਣ ਵਾਲੇ ਇੱਕੜ-ਦੁੱਕੜ ਹਨ, ਪਾਗਲ ਮਲੂਮ ਹੋਣ ਲਗਦੇ ਹਨ। ਇਸਲਈ ਜ਼ਰੂਰੀ ਨਹੀਂ ਹੈ ਕਿ ਸਾਰਿਆਂ ਨੂੰ ਹੀ ਦਿਖਾਈ ਪਵੇ।

ਪਰ ਤੁਹਾਨੂੰ ਜਿਥੇ ਦਿਸ ਪਵੇ, ਉਥੇ ਹੀ ਮਿਟ ਜਾਣਾ, ਉਥੇ ਹੀ ਢਹਿ ਜਾਣਾ, ਉਥੇ ਹੀ ਢੇਰੀ ਹੋ ਜਾਣਾ, ਫਿਰ ਉਥੇ ਹੀ ਆਖਰੀ ਸੁਆਸ ਲੈਣਾ। ਮਰ ਜਾਣਾ ਗੁਰੂ ਵਿਚ ਅਤੇ ਤੁਸੀਂ ਨਵਾਂ ਜੀਵਨ ਪਾ ਕੇ ਉਠੋਗੇ। ਅਤੇ ਤੁਸੀਂ ਇਕ ਅਜੇਹਾ ਜੀਵਨ ਪਾ ਕੇ ਉਠੋਗੇ ਜਿਸਦਾ ਫਿਰ ਕੋਈ ਅੰਤ ਨਹੀਂ ਹੈ।

ਤੀਜਾ ਸਵਾਲ-

ਅਜੇਹਾ ਲਗਦਾ ਹੈ ਕਿ ਕੁਝ ਅੰਦਰ ਹੀ ਅੰਦਰ ਖਾਈ ਜਾ ਰਿਹਾ ਹੈ, ਜਿਸਦੀ ਵਜ੍ਹਾ ਨਾਲ ਉਦਾਸੀ ਅਤੇ ਨਿਰਾਸ਼ਾ ਮਹਿਸੂਸ ਹੁੰਦੀ ਹੈ।

ਵੇਦਾਂਤ! ਸ਼ੁਭ ਹੋ ਰਿਹਾ ਹੈ। ਤੇਰੀ ਪੁਰਾਣੀ ਦੁਨੀਆਂ ਖਿੰਡ ਰਹੀ ਹੈ। ਤੇਰਾ ਪੁਰਾਣਾ ਭਵਨ ਢਹਿ ਰਿਹਾ ਹੈ। ਉਹ ਤਾਸ਼ ਦਾ ਭਵਨ ਸੀ। ਉਸ ਵਿਚਾਰੇ ਵਿਚ ਕੁਝ ਵੀ ਸਾਰ ਨਹੀਂ ਹੈ। ਤੇਰੀ ਬੇੜੀ ਡੁੱਬ ਰਹੀ ਹੈ, ਉਹ ਕਾਗਜ਼ ਦੀ ਬੇੜੀ ਸੀ! ਉਹ ਡੁੱਬ ਹੀ ਜਾਵੇ, ਜਿੰਨੀ ਛੇਤੀ ਡੁੱਬ ਜਾਵੇ, ਉਂਨਾ ਚੰਗਾ! ਕਿਉਂਕਿ ਉਹ ਡੁੱਬ ਜਾਵੇ ਤਾਂ ਤੁਸੀਂ ਨਵੀਂ ਬੇੜੀ ਲੱਭੋਂ। ਉਹ ਡੁੱਬ ਜਾਵੇ ਤਾਂ ਘਟੋ-ਘਟ ਤੈਰਨਾ ਸਿੱਖੋਂ। ਉਸਦੇ ਭਰੋਸੇ ਤੁਸੀਂ ਸਮਾਂ ਗੰਵਾ ਰਹੇ ਹੋ।

ਠੀਕ ਹੋ ਰਿਹਾ ਹੈ। ਸ਼ੁਭ ਹੋ ਰਿਹਾ ਹੈ।

ਦਿਯਾ ਜਲੇ ਸਾਰੀ ਰਾਤ
ਪਹਿਨੇ ਸਿਰ ਪਰ ਤਾਜ ਅਗਨ ਕਾ
ਭੇਦੀ ਮੇਰੇ ਦਿਲ ਕੀ ਜਲਨ ਕਾ
ਲਾਯਾ ਹੈ ਇਸੇ ਅੰਧਿਆਰੇ ਘਰ ਮੇਂ ਅਸੁਵਨ ਕੀ ਸੌਗਾਤ

ਦਿਯਾ ਜਲੇ ਸਾਰੀ ਰਾਤ
ਜਲ-ਥਲ ਜਲ-ਥਲ ਭੀਗੀਂ ਪਲਕੇਂ
ਪਲਕ-ਪਲਕ ਮੇਰੇ ਆਂਸੂ ਛਲਕੇਂ
ਬਰਸ ਰਹੀ ਦੋ ਨੈਨਨ ਸੇ ਬਿਨ ਬਾਦਲ ਬਰਸਾਤ
ਦਿਯਾ ਜਲੇ ਸਾਰੀ ਰਾਤ
ਟੂਟ ਗਏ ਕਿਓਂ ਪਿਆਰ ਪੁਰਾਨੇ
ਮੈਂ ਜਾਨੂੰ ਯਾ ਦੀਪਕ ਜਾਨੇ
ਜਲਤੇ-ਜਲਤੇ ਜਲ ਜਾਏ ਪਰ ਕਹੇ ਨਾ ਦਿਲ ਕੀ ਬਾਤ
ਦਿਯਾ ਜਲੇ ਸਾਰੀ ਰਾਤ
ਭੂਲ ਗਈ ਮੋਹੇ ਸਬ ਰੰਗਰਲੀਆਂ
ਬਿਖਰ ਗਈ ਆਸ਼ਾ ਕੀ ਕਲੀਆਂ
ਐਸੀ ਚਲੀ ਵਿਰਹ ਕੀ ਆਂਧੀ ਡਾਲ ਰਹੇ ਨਾ ਪਾਤ
ਦਿਯਾ ਜਲੇ ਸਾਰੀ ਰਾਤ

ਹਨੇਰੀ ਆਈ ਹੈ, ਸੁੱਕੇ ਪੱਤੇ ਡਿੱਗਣਗੇ। ਫੜੋ ਨਾ। ਹਨੇਰੀ ਆਈ ਹੈ, ਇਹ ਤੁਹਾਡਾ ਤਾਸ਼ ਦਾ ਭਵਨ ਉਡੇਗਾ। ਰੋਕਣ ਦੀ ਕੋਸ਼ਿਸ਼ ਨਾ ਕਰੋ। ਇਹ ਕਿਸ਼ਤੀ ਕਾਗਜ਼ ਦੀ ਡੁੱਬ ਰਹੀ ਹੈ, ਡੁੱਬਣ ਦਿਉ। ਤੂੰ ਖ਼ੁਸ਼ਨਸੀਬ ਹੈਂ। ਇਹ ਉਦਾਸੀ, ਉਦਾਸੀ ਨਹੀਂ ਹੈ। ਇਹ ਹਨੇਰਾ ਆਉਣ ਵਾਲੀ ਸਵੇਰ ਦੀ ਖ਼ਬਰ ਲਿਆ ਰਿਹਾ ਹੈ। ਸਵੇਰ ਹੋਣ ਦੇ ਪਹਿਲਾਂ ਰਾਤ ਬੜੀ ਹਨੇਰੀ ਹੋ ਜਾਂਦੀ ਹੈ। ਅਤੇ ਇਵੇਂ ਹੀ ਉਤਸਵ ਦੇ ਜਨਮ ਤੋਂ ਪਹਿਲਾਂ ਉਦਾਸੀ ਗੂਹੜੀ ਹੋ ਜਾਂਦੀ ਹੈ।

ਐਪਰ ਡਰ ਤਾਂ ਲਗਦਾ ਹੈ ਜਦ ਚਿੱਤ ਉਦਾਸ ਹੋਣ ਲਗਦਾ ਹੈ ਅਤੇ ਅਜੇਹਾ ਲਗਦਾ ਹੈ ਕਿ ਸਭ ਨਿਰਾਸ਼ਾ ਹੁੰਦੀ ਜਾ ਰਹੀ ਹੈ, ਜੀਵਨ ਵਿਚ ਕੁਝ ਸਾਰ ਨਹੀਂ ਮਲੂਮ ਹੁੰਦਾ। ਆਦਮੀ ਘਬਰਾਉਂਦਾ ਹੈ ਕਿ ਜੀਵਾਂਗਾ ਕਿਵੇਂ ਹੁਣ? ਕਿਸ ਆਸਰੇ ਜੀਵਾਂਗਾ? ਕਿਸ ਬਹਾਨੇ? ਲੇਕਿਨ ਇਕ ਅਜੇਹਾ ਹੀ ਜੀਵਨ ਹੈ, ਜਿਸਦੀ ਖ਼ਾਤਰ ਸਹਾਰੇ ਦੀ ਕੋਈ ਜ਼ਰੂਰਤ ਨਹੀਂ ਅਤੇ ਜਿਸਦੀ ਖ਼ਾਤਰ ਭਵਿੱਖ ਦੀ ਖ਼ਾਤਰ ਬਹਾਨੇ ਦੀ ਕੋਈ ਜ਼ਰੂਰਤ ਨਹੀਂ। ਸੱਚ ਤਾਂ ਇਹ ਹੈ ਕਿ ਉਹ ਜੀਵਨ ਹੀ ਸੱਚਾ ਜੀਵਨ ਹੈ, ਜਿਸ ਲਈ ਭਵਿੱਖ ਦੀ ਕੋਈ ਲੋੜ ਨਹੀਂ ਹੈ ਅਤੇ ਜਿਸ ਦੀ ਖ਼ਾਤਰ ਸੁਫਨਿਆਂ ਦੀ ਟੇਕ ਨਹੀਂ ਲੈਣੀ ਪੈਂਦੀ। ਸੁਫਨਿਆਂ ਦੀ ਬੈਸਾਖੀ ਜਿਸ ਜੀਵਨ ਨੂੰ ਲੋੜੀਂਦੀ ਹੁੰਦੀ ਹੈ, ਉਹ ਜੀਵਨ ਝੂਠਾ ਹੈ। ਉਸ ਜੀਵਨ ਨੂੰ ਮਾਯਾ ਆਖਿਆ ਹੈ।

ਛਿਨ-ਛਿਨ ਬਿਨਾਂ ਭਵਿੱਖ ਦੇ, ਬਿਨਾਂ ਚਾਹਤ ਦੇ, ਬਿਨਾਂ ਕਿਸੇ ਦੌੜ ਦੇ, ਬਿਨਾਂ ਕਿਸੇ ਨਿਸ਼ਾਨੇ ਦੇ, ਜੀਣ ਦੀ

ਇਕ ਕਲਾ ਹੈ। ਉਹੀ ਕਲਾ ਮੈਂ ਤੁਹਾਨੂੰ ਸਿਖਾ ਰਿਹਾ ਹਾਂ। ਇਸ ਤੋਂ ਪਹਿਲਾਂ ਕਿ ਤੁਸੀਂ ਵਰਤਮਾਨ ਵਿਚ ਜਾਗੋ, ਤੁਹਾਡਾ ਭਵਿੱਖ ਖਿੱਲਰ ਜਾਏਗਾ। ਉਸੇ ਤੋਂ ਤੁਸੀਂ ਉਦਾਸ ਹੋ ਰਹੇ ਹੋ। ਮੇਰੇ ਕੋਲ ਉਠਦੇ ਰਹੇ, ਬੈਠਦੇ ਰਹੇ, ਤਾਂ ਤੁਹਾਡਾ ਅਤੀਤ ਫਜ਼ੂਲ ਹੈ, ਇਹ ਤੁਹਾਨੂੰ ਪਤਾ ਲੱਗੇਗਾ। ਤੁਹਾਡਾ ਅਤੀਤ ਮੈਂ ਖੋਹ ਲਵਾਂਗਾ। ਅਤੇ ਉਹੀ ਤੁਹਾਡੀ ਸਾਰੀ ਸੰਪਦਾ ਹੈ। ਤੁਹਾਡਾ ਗਿਆਨ, ਤੁਹਾੜਾ ਪੁੰਨ—ਸਭ ਤੁਹਾਡੇ ਅਤੀਤ ਵਿਚ ਹੈ। ਅਤੇ ਪਹਿਲਾਂ ਅਤੀਤ ਹਟ ਗਿਆ, ਤਾਂ ਦੂਜੀ ਚੋਟ ਤੁਹਾਡੇ ਭਵਿੱਖ ਉਤੇ ਹੋਵੇਗੀ, ਕਿਉਂਕਿ ਉਥੇ ਹੀ ਤੁਹਾਡੇ ਸਾਰੇ ਰਸ ਦੇ ਸੋਮੇ ਹਨ। ਕਲ੍ਹ ਅਜੇਹਾ ਹੋਵੇਗਾ, ਕਲ੍ਹ ਦੀ ਖ਼ਾਤਰ ਜਿਉਂ ਰਹੇ ਹੋ, ਅੱਜ ਦੀ ਕੀ ਫਿਕਰ ਹੈ!... ਕਲ੍ਹ ਅਜੇਹਾ ਹੋਵੇਗਾ!

ਅਤੇ ਅਜੇਹਾ ਨਹੀਂ ਹੈ ਕਿ ਸੰਸਾਰੀ ਲੋਕ ਕਲ੍ਹ ਵਿਚ ਜਿਉਂ ਰਹੇ ਹਨ, ਅਖੌਤੀ ਧਾਰਮਕ ਲੋਕ ਵੀ ਕਲ੍ਹ ਵਿਚ ਜਿਉਂ ਰਹੇ ਹਨ—ਤੁਹਾਥੋਂ ਵੀ ਜ਼ਿਆਦਾ! ਉਹ ਕਹਿੰਦੇ ਹਨ, ਮਰਨ ਦੇ ਬਾਅਦ ਸਵਰਗ ਹੋਵੇਗਾ... ਉਥੇ ਮੋਕੱਛ ਹੋਵੇਗਾ। ਉਥੇ ਫਿਰ ਮਿਲੇਗਾ ਸੁਖ, ਇਥੇ ਸੁਖ ਕਿਥੇ ਧਰਿਆ ਪਿਐ?

ਮੈਂ ਤੁਹਾਨੂੰ ਕਹਿ ਰਿਹਾ ਹਾਂ : ਜੇਕਰ ਅਤੀਤ ਅਤੇ ਵਰਤਮਾਨ ਚਲੇ ਜਾਣ, ਤਾਂ ਇਥੇ—ਈ ਇਸੇ ਛਿਨ ਮੋਕੱਛ ਉਤਰ ਸਕਦਾ ਹੈ। ਮੋਕੱਛ ਕੋਈ ਭੂਗੋਲਕ ਜਗ੍ਹਾ ਨਹੀਂ ਹੈ ਜਿਥੇ ਤੁਹਾਨੂੰ ਜਾਣਾ ਪਵੇ। ਮੋਕੱਛ ਜ਼ਿੰਦਗੀ ਨੂੰ ਜੀਣ ਦਾ ਇਕ ਢੰਗ ਹੈ, ਇਕ ਕਲਾ ਹੈ। ਮੋਕੱਛ ਕੋਈ ਥਾਂ ਨਹੀਂ ਹੈ ਕਿ ਚੱਲੇ, ਬੈਠੇ ਰੇਲਗੱਡੀ ਵਿਚ। ਤੁਹਾਡੇ ਸਾਧੂ—ਸੰਨਿਆਸੀ ਇਉਂ ਹੀ ਸੋਚ ਕੇ ਚੱਲ ਪਏ ਹਨ, ਬੈਠ ਗਏ ਹਨ ਰੇਲਗੱਡੀਆਂ ਵਿਚ। ਰੇਲਗੱਡੀਆਂ ਚਲਦੀਆਂ ਰਹਿੰਦੀਆਂ ਹਨ। ਕਿਤੇ ਪਹੁੰਚਦੀਆਂ ਨਹੀਂ। ਮੋਕੱਛ ਕੋਈ ਸਥਾਨ ਨਹੀਂ ਹੈ—ਸਥਿਤੀ ਹੈ। ਅਤੇ ਸਥਿਤੀ ਤਾਂ ਹੁਣੇ ਪਾਈ ਜਾ ਸਕਦੀ ਹੈ। ਉਸ ਸਥਿਤੀ ਦਾ ਇਕ ਹੀ ਲੱਛਣ ਹੈ।

ਮਹਾਂਵੀਰ ਨੇ ਕਿਹਾ ਹੈ : ਜਿਸ ਛਿਨ ਵੀ ਚਿੱਤ ਕਾਲ ਦੇ ਪਾਰ ਹੋ ਜਾਵੇ, ਜਿਸ ਛਿਨ ਵੀ ਚਿੱਤ ਤੋਂ ਸਮਾਂ ਮਿਟ ਜਾਵੇ, ਉਹੀ ਛਿਨ ਮੋਕੱਛ ਹੈ। ਸਮਾਂ ਮਿਟ ਜਾਵੇ!...ਸਮਾਂ ਕੀ ਹੈ? ਅਤੀਤ ਅਤੇ ਭਵਿੱਖ ਸਮਾਂ ਹੈ। ਵਰਤਮਾਨ ਸਮੇਂ ਦਾ ਹਿੱਸਾ ਨਹੀਂ ਹੈ। ਤੁਸੀਂ ਕਿਤਾਬਾਂ ਵਿਚ ਪੜ੍ਹਿਆ ਹੋਵੇ, ਤਾਂ ਬਦਲ ਲੈਣਾ। ਤੁਸੀਂ ਕਿਤਾਬਾਂ ਵਿਚ ਪੜ੍ਹਿਆ ਹੈ ਕਿ ਸਮੇਂ ਦੇ ਤਿੰਨ ਹਿੱਸੇ ਹਨ—ਅਤੀਤ, ਵਰਤਮਾਨ, ਭਵਿੱਖ। ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ : ਸਮੇਂ ਦੇ ਦੋ ਹੀ ਹਿੱਸੇ ਹਨ—ਅਤੀਤ ਅਤੇ ਭਵਿੱਖ। ਵਰਤਮਾਨ ਸਮੇਂ ਦਾ ਹਿੱਸਾ ਨਹੀਂ ਹੈ, ਵਰਤਮਾਨ ਸਦੀਵੀਂ ਦਾ ਹਿੱਸਾ ਹੈ। ਵਰਤਮਾਨ ਕਾਲ ਦੇ ਪਾਰ ਹੈ। ਵਰਤਮਾਨ ਕਾਲ ਦਾ ਅੰਗ ਨਹੀਂ ਹੈ।

ਇਸਲਈ ਤੂੰ ਉਦਾਸ ਤਾਂ ਹੋਵੇਂਗਾ। ਮੇਰੇ ਕੋਲ ਜਿਹੜਾ ਵੀ ਆਏਗਾ, ਉਸ ਕੋਲੋਂ ਮੈਂ ਬਹੁਤ—ਕੁਝ ਖੋਹਾਂਗਾ। ਹਾਲਾਂਕਿ ਜੋ ਮੈਂ ਖੋਹ ਰਿਹਾ ਹਾਂ, ਉਹ ਉਹੀ ਹੈ ਜੋ ਤੁਹਾਡੇ ਕੋਲ ਹੈ ਹੀ ਨਹੀਂ, ਸਿਰਫ ਭੁਲੇਖਾ ਹੈ ਤੁਹਾਨੂੰ ਕਿ ਹੈ।

ਇਉਂ ਹੀ ਸਮਝੋ, ਇਕ ਆਦਮੀ ਮੰਨ ਕੇ ਚਲਦਾ ਹੈ ਕਿ ਉਸਦੇ ਕੋਲ ਹੀਰਾ ਹੈ। ਉਸਦੀ ਆਕੜ ਦੇਖੋ! ਉਸਦੀ ਚਾਲ ਦੇਖੋ।

ਮੈਂ ਸੁਣੀ ਹੈ ਇਕ ਕਹਾਣੀ। ਦੋ ਫਕੀਰ ਇਕ ਜੰਗਲ ਵਿਚੋਂ ਲੰਘ ਰਹੇ ਹਨ—ਗੁਰੂ ਅਤੇ ਸ਼ਿਸ਼। ਗੁਰੂ ਬੁੱਢਾ ਹੈ, ਸ਼ਿਸ਼ ਜਵਾਬ ਹੈ। ਸ਼ਿਸ਼ ਕੁਝ ਪਰੇਸ਼ਾਨ ਹੈ, ਕਿਉਂਕਿ ਗੁਰੂ ਕਦੇ ਇਸ ਤਰ੍ਹਾਂ ਨਾਲ ਪਰੇਸ਼ਾਨ ਪਹਿਲਾਂ ਦਿਸਿਆ ਨਹੀਂ, ਅੱਜ ਬਹੁਤ ਪਰੇਸ਼ਾਨ ਹੈ। ਅਤੇ ਗੁਰੂ ਵਾਰ–ਵਾਰ ਆਪਣੀ ਝੋਲੀ ਵਿਚ ਹੱਥ ਪਾ ਕੇ ਕੁਝ ਟੋਹ ਕੇ ਦੇਖ ਲੈਂਦਾ ਹੈ, ਵਾਰ–ਵਾਰ। ਅਤੇ ਬੜੀ ਤੇਜ਼ੀ ਨਾਲ ਤੁਰ ਰਿਹਾ ਹੈ। ਇੰਨੀ ਤੇਜ਼ੀ ਨਾਲ ਕਦੇ ਤੁਰਿਆ ਵੀ ਨਹੀਂ। ਅਤੇ ਵਾਰ–ਵਾਰ ਪੁੱਛਦਾ ਹੈ ਆਪਣੇ ਸ਼ਿਸ਼ ਤੋਂ : ਰਾਤ ਹੋਣ ਤੋਂ ਪਹਿਲਾਂ ਅਸੀਂ ਪਿੰਡ ਪਹੁੰਚ ਜਾਵਾਂਗੇ ਕਿ ਨਹੀਂ ਪਹੁੰਚ ਪਾਵਾਂਗੇ? ਕਿਤੇ ਜੰਗਲ ਵਿਚ ਰਾਤ ਨਾ ਹੋ ਜਾਵੇ!

ਸ਼ਿਸ਼ ਸੋਚ ਰਿਹਾ ਹੈ ਕਿ ਸਾਨੂੰ ਜੰਗਲ ਵਿਚ ਰਾਤ ਹੋਵੇ ਕਿ ਪਿੰਡ ਵਿਚ ਰਾਤ ਹੋਵੇ, ਕੀ ਫਰਕ ਪੈਂਦਾ ਹੈ! ਇਸ ਤੋਂ ਪਹਿਲਾਂ ਵੀ ਅਸੀਂ ਕਈ ਵਾਰ ਸਾਥ ਤੁਰੇ ਅਤੇ ਜੰਗਲਾਂ ਵਿਚ ਰਾਤਾਂ ਕੱਟੀਆਂ ਹਨ; ਕਦੇ ਗੁਰੂ ਨੂੰ ਇੰਨਾ ਭੈਮਾਨ ਨਹੀਂ ਦੇਖਿਆ। ਗੱਲ ਕੀ ਹੈ?

ਫਿਰ ਉਹ ਇਕ ਖੂਹ 'ਤੇ ਰੁਕੇ। ਗੁਰੂ ਨੇ ਝੋਲਾ ਰਖਿਆ ਖੂਹ ਦੀ ਮਣ ਉਤੇ ਅਤੇ ਸ਼ਿਸ਼ ਨੂੰ ਕਿਹਾ, ਜ਼ਰਾ ਝੋਲੇ ਦਾ ਧਿਆਨ ਰੱਖੀਂ। ਆਪ ਪਾਣੀ ਖਿੱਚਣ ਲਗਿਆ। ਸ਼ਿਸ਼ ਨੂੰ ਮੌਕਾ ਮਿਲਿਆ, ਉਸਨੇ ਝੋਲੇ ਵਿਚ ਹੱਥ ਪਾ ਕੇ ਦੇਖਿਆ। ਇਕ ਸੋਨੇ ਦੀ ਇੱਟ! ਸਾਰਾ ਰਾਜ਼ ਸਾਫ ਹੋ ਗਿਆ ਕਿ ਕਿਉਂ ਅੱਜ ਘਬਰਾਹਟ ਹੈ, ਕਿਉਂ ਅੱਜ ਡਰ ਹੈ, ਕਿਉਂ ਅੱਜ ਛੇਤੀ ਨਗਰ ਪਹੁੰਚ ਜਾਣ ਦੀ ਚਾਹਨਾ ਹੈ, ਅੱਜ ਜੰਗਲ ਵਿਚ ਸੌਣ ਤੋਂ ਇੰਨੀ ਬੇਚੈਨੀ ਕੀ ਹੈ? ਡਾਕੂ... ਕੋਈ ਲੁੱਟ ਨਾ ਲਵੇ! ਉਸ ਨੌਜਵਾਨ ਨੇ ਸੋਨੇ ਦੀ ਇੱਟ ਕਢ ਕੇ ਖੂਹ ਦੇ ਕੋਲ ਸੁੱਟ ਦਿਤੀ ਅਤੇ ਇਕ ਪੱਥਰ ਦਾ ਟੁਕੜਾ ਉਨੇ ਹੀ ਵਜਨ ਦਾ ਚੁੱਕ ਕੇ ਝੋਲੇ ਵਿਚ ਪਾ ਦਿਤਾ। ਗੁਰੂ ਨੇ ਹੱਥ–ਮੂਹ ਧੋਤਾ, ਇਸ਼ਨਾਨ ਕੀਤਾ, ਵਿਚ–ਵਿਚਾਲੇ 'ਚ ਝੋਲੇ ਨੂੰ ਦੇਖਦਾ ਰਿਹਾ। ਸ਼ਿਸ਼ ਵੀ ਮਨ ਹੀ ਮਨ ਮੁਸਕਰਾਉਂਦਾ ਰਿਹਾ ਕਿ ਦੇਖਦਾ ਰਹਿ ਝੋਲੇ ਨੂੰ। ਹੁਣ ਝੋਲਾ ਹੀ ਹੈ। ਫਿਰ ਛੇਤੀ ਨਾਲ ਇਸ਼ਨਾਨ ਕਰਕੇ ਝੋਲਾ ਮੋਢੇ ਧਰਿਆ ਟੋਹ ਕੇ, ਝੋਲੇ ਨੂੰ ਉਪਰ ਹੀ ਟੋਹ ਕੇ ਦੇਖਿਆ, ਇੱਟ ਆਪਣੀ ਥਾਂ ਹੈ। ਖ਼ੁਸ਼ੀ ਮਨ ਦੋਵੇਂ ਤੁਰ ਪਏ। ਬੜੀ ਕਾਹਲੀ ਤੁਰ ਰਿਹਾ ਹੈ, ਦੌੜੇ ਜਾ ਰਹੇ ਹਨ। ਬੁੱਢਾ ਹੈ, ਹਫਣ ਲੱਗਿਆ ਹੈ। ਸ਼ਿਸ਼ ਕਹਿੰਦਾ ਹੈ : ਹੌਲੀ ਤੁਰੋ, ਇੰਨੀ ਕਾਹਲੀ ਕੀ ਹੈ? ਨਹੀਂ ਵੀ ਪਹੁੰਚੇ ਸ਼ਹਿਰ ਤਾਂ ਕੀ?

ਆਖਰ ਨੂੰ ਗੁਰੂ ਨੇ ਕਿਹਾ ਕਿ ਨਹੀਂ ਪਹੁੰਚੇ, ਤਾਂ ਮੁਸ਼ਕਲ ਹੋ ਜਾਏਗੀ, ਖ਼ਤਰਾ ਹੈ।

ਉਸ ਸ਼ਿਸ਼ ਨੇ ਕਿਹਾ : ਤੁਸੀਂ ਬੇਫਿਕਰ ਰਹੋ, ਖ਼ਤਰੇ ਨੂੰ ਮੈਂ ਪਿਛੇ ਹੀ ਸੁੱਟ ਆਇਆ ਹਾਂ।

ਤਦ ਘਬਰਾ ਕੇ ਉਸ ਬੁੱਢੇ ਨੇ ਆਪਣੇ ਝੋਲੇ ਵਿਚ ਹੱਥ ਪਾਇਆ, ਦੇਖਿਆ, ਉਥੇ ਪੱਥਰ ਹੈ। ਲੇਕਿਨ ਇਹ ਦੋ–ਤਿੰਨ ਮੀਲ ਪੱਥਰ ਵੀ ਸੋਨਾ ਬਣਿਆ ਰਿਹਾ। ਇਕਦਮ ਬੈਠ ਗਿਆ। ਪਹਿਲਾਂ ਤਾਂ ਬੜੀ ਉਦਾਸੀ ਘਿਰ ਗਈ ਕਿ ਇਹ ਤੂੰ ਕੀ ਕੀਤਾ? ਸੋਨੇ ਦੀ ਇੱਟ ਸੁੱਟ ਦਿਤੀ! ਅਤੇ ਫਿਰ ਹਾਸਾ ਵੀ ਆਇਆ, ਫਿਰ ਖ਼ਿਆਲ ਵੀ ਆਇਆ ਕਿ ਪੱਥਰ ਦੀ ਇੱਟ ਝੋਲੇ ਵਿਚ ਸੀ, ਮੇਰੀ ਮਾਨਤਾ ਸੀ ਕਿ ਸੋਨੇ ਦੀ ਹੈ, ਤਾਂ ਮੈਂ ਘਬਰਾਇਆ ਰਿਹਾ। ਸੋਨੇ ਦੀ ਇੱਟ ਵੀ ਝੋਲੇ ਵਿਚ

ਪਈ ਹੋਵੇ ਅਤੇ ਸਮਝਾਂ ਕਿ ਮਿੱਟੀ ਹੈ ਤਾਂ ਘਬਰਾਹਟ ਕੇਹੀ? ਦੋਵੇਂ ਗੱਲਾਂ ਹੋ ਸਕਦੀਆਂ ਹਨ।

ਤੁਸੀਂ ਜਦ ਮੇਰੇ ਕੋਲ ਆਉਂਦੇ ਹੋ, ਤੁਸੀਂ ਇਸੇ ਖਿਆਲ ਨਾਲ ਆਉਂਦੇ ਹੋ ਕਿ ਸੋਨੇ ਦੀ ਇੱਟ ਤੁਹਾਡੇ ਝੋਲੇ ਵਿਚ ਹੈ। ਕਿਸੇ ਦੇ ਝੋਲੇ ਵਿਚ ਸੋਨੇ ਦੀ ਇੱਟ ਨਹੀਂ ਹੈ। ਹੁੰਦੀ ਤਾਂ ਤੁਸੀਂ ਇਥੇ ਆਉਂਦੇ ਨਾ। ਤੁਸੀਂ ਖ਼ਾਲੀ ਹੋ, ਪਰ ਮੰਨ ਰਖਿਆ ਹੈ ਕਿ ਸੋਨੇ ਦੀ ਇੱਟ ਹੈ। ਜਦ ਤੁਸੀਂ ਮੇਰੇ ਕੋਲ ਆਉਂਦੇ ਹੋ, ਮੈਂ ਤੁਹਾਨੂੰ ਰੋਸ਼ਨੀ ਵਿਖਾਉਂਦਾ ਹਾਂ ਕਿ ਤੁਹਾਡੇ ਝੋਲੇ ਵਿਚ ਸੋਨੇ ਦੀ ਇੱਟ ਨਹੀਂ ਹੈ, ਤਾਂ ਬੜੀ ਉਦਾਸੀ ਹੁੰਦੀ ਹੈ। ਕਿਉਂਕਿ ਇੰਨੇ ਦਿਨ ਦੀ ਮੰਨੀ ਹੋਈ ਧਾਰਨਾ, ਜਿਸਦੇ ਸਹਾਰੇ ਜਿਉਂ ਰਹੇ ਸੀ, ਜਿਸ ਤੋਂ ਜ਼ਿੰਦਗੀ ਵਿਚ ਕੁਝ ਮਜ਼ਾ ਸੀ ਕਿ ਇੰਜ ਕਰ ਲਵਾਂਗੇ ਉਂਜ ਕਰ ਲਵਾਂਗੇ, ਇਹ ਹੋ ਜਾਵਾਂਗੇ ਉਹ ਹੋ ਜਾਵਾਂਗੇ—ਸਭ ਗਿਆ, ਸਭ ਮਿੱਟੀ ਹੋ ਗਿਆ! ਸੋਨੇ ਦੀ ਇੱਟ ਹੀ ਕੋਲ ਨਹੀਂ ਹੈ, ਹੁਣ ਕੀ ਹੋਵੇਗਾ? ਉਦਾਸੀ ਘੇਰ ਲੈਂਦੀ ਹੈ।

ਕਲ੍ਹ ਤਕ ਤੁਸੀਂ ਚੱਲ ਰਹੇ ਸੀ ਕਿ ਅੱਜ ਤਾਂ ਵਿਅਰਥ ਹੈ ਸਭ, ਲੇਕਿਨ ਕਲ੍ਹ ਸਫਲਤਾ ਮਿਲਣ ਵਾਲੀ ਹੈ, ਕਿਸਮਤ ਜਾਗੇਗੀ। ਮੇਰੇ ਕੋਲ ਤੁਸੀਂ ਆਉਂਦੇ ਹੋ, ਮੈਂ ਤੁਹਾਥੋਂ ਭਵਿੱਖ ਖੋਹ ਲੈਂਦਾ ਹਾਂ। ਮੈਂ ਕਹਿੰਦਾ ਹਾਂ, ਕਲ੍ਹ ਕੋਈ ਤਕਦੀਰ ਨਹੀਂ ਜਾਗਦੀ, ਕਿਉਂਕਿ ਕਲ੍ਹ ਕਦੇ ਆਉਂਦਾ ਹੀ ਨਹੀਂ, ਨਾ ਕਦੇ ਆਇਆ ਹੈ, ਨਾ ਕਦੇ ਆਏਗਾ। ਕਲ੍ਹ ਦਾ ਕੋਈ ਵਜੂਦ ਨਹੀਂ ਹੈ, ਤੁਸੀਂ ਭਰਮਾਂ ਵਿਚ ਪਏ ਹੋ।

ਤੁਹਾਥੋਂ ਮੈਂ ਤੁਹਾਡਾ ਅਤੀਤ ਖੋਂਹਦਾ ਹਾਂ, ਤੁਹਾਡੀਆਂ ਸੋਨੇ ਦੀਆਂ ਇੱਟਾਂ ਮਿੱਟੀ ਦੀਆਂ ਹੋ ਜਾਂਦੀਆਂ ਹਨ। ਮੈਂ ਤੁਹਾਡਾ ਭਵਿੱਖ ਖੋਹ ਲੈਂਦਾ ਹਾਂ, ਤੁਹਾਡੀ ਉਚੀ ਆਸ ਦੇ ਮਹਿਲ ਢਹਿ ਜਾਂਦੇ ਹਨ। ਫਿਰ ਉਦਾਸੀ ਪਕੜਦੀ ਹੈ।

ਇਹ ਉਦਾਸੀ ਸ਼ੁਭ ਹੈ। ਜੇਕਰ ਤੂੰ ਨੱਸ ਹੀ ਨਾ ਗਿਆ ਵੇਦਾਂਤ! ਤਾਂ ਇਸੇ ਉਦਾਸੀ ਤੋਂ ਉਤਸਵ ਦਾ ਜਨਮ ਹੋਵੇਗਾ। ਜੇ ਤੂੰ ਰੁਕਿਆ ਹੀ ਰਿਹਾ ਹਿੰਮਤ ਨਾਲ... ਅਤੇ ਇਹੀ ਘੜੀ ਹੈ ਰੁਕਣ ਦੀ। ਇਹਨਾਂ ਹੀ ਘੜੀਆਂ ਵਿਚ ਲੋਕ ਨੱਸਦੇ ਹਨ, ਕਿ ਇਹ ਤਾਂ ਉਲਟਾ ਹੋ ਗਿਆ। ਅਸੀਂ ਤੁਰੇ ਸੀ ਘਰੋਂ ਸੋਚ ਕੇ ਕਿ ਕੁਝ ਥੋੜ੍ਹਾ ਹੋਰ ਅਨੰਦ ਜ਼ਿੰਦਗੀ ਵਿਚ ਆਏਗਾ, ਇਥੇ ਆ ਕੇ ਤਾਂ ਜੋ ਸੀ ਉਹ ਵੀ ਖੁੱਸ ਗਿਆ।

ਪਹਿਲਾਂ ਤਾਂ ਮੈਨੂੰ ਤੁਹਾਡਾ ਖੋਹ ਲੈਣਾ ਪਏਗਾ, ਕਿਉਂਕਿ ਉਹ ਝੂਠਾ ਹੈ। ਅਤੇ ਤੁਹਾਨੂੰ ਮੈਂ ਉਹ ਦੇ ਸਕਦਾ ਹਾਂ ਜੋ ਸੱਚਾ ਹੈ। ਅਤੇ ਮਜ਼ਾ ਅਜੇਹਾ ਹੈ, ਫਿਰ ਤੁਹਾਨੂੰ ਦੁਹਰਾ ਦਿਆਂ—ਮੈਂ ਤੁਹਾਥੋਂ ਉਹੀ ਖੋਹ ਰਿਹਾ ਹਾਂ, ਜੋ ਤੁਹਾਡੇ ਕੋਲ ਨਹੀਂ ਹੈ ਅਤੇ ਤੁਹਾਨੂੰ ਉਹੀ ਦੇਵਾਂਗਾ, ਜੋ ਹਮੇਸ਼ਾ ਤੋਂ ਤੁਹਾਡੇ ਕੋਲ ਹੈ, ਲੇਕਿਨ ਤੁਹਾਨੂੰ ਜਿਸਦੀ ਯਾਦ ਨਹੀਂ। ਪਰ ਉਸਦੀ ਯਾਦ ਆ ਸਕੇ ਜੋ ਤੁਹਾਡੇ ਕੋਲ ਹੈ, ਉਹਦੇ ਲਈ ਜ਼ਰੂਰੀ ਹੈ ਕਿ ਉਹ ਤੁਹਾਥੋਂ ਖੋਹ ਲਿਆ ਜਾਵੇ ਜੋ ਤੁਹਾਡੇ ਕੋਲ ਨਹੀਂ ਹੈ।

ਤੁਹਾਡੇ ਸੁਫ਼ਨਿਆਂ ਵਿਚ ਤੁਹਾਡਾ ਸੱਚ ਖੋ ਗਿਆ ਹੈ, ਤੁਹਾਡੇ ਕਚਰੇ ਵਿਚ, ਤੁਹਾਡਾ ਹੀਰਾ ਖੋ ਗਿਆ ਹੈ। ਅੱਧਾ ਕੰਮ ਹੋ ਗਿਆ ਹੈ, ਹੁਣ ਨੱਸ ਨਾ ਜਾਵੀਂ!

ਚੌਥਾ ਸਵਾਲ ਵੀ ਉਹੋ-ਜਿਹਾ ਹੀ ਹੈ। ਪੁਛਿਆ ਹੈ ਧਰਮ ਭਾਰਤੀ ਨੇ : ਸੰਸਾਰ ਤੋਂ ਰੁਚੀ ਤਾਂ ਘਟ ਹੋ ਰਹੀ ਹੈ ਅਤੇ ਇਕ ਉਦਾਸੀ ਆ ਗਈ ਹੈ। ਜੀਵਨ ਵਿਚ ਵੀ ਲਗਦਾ ਹੈ ਕਿ ਇਹ ਕੰਢਾ ਛੁੱਟਦਾ ਜਾ ਰਿਹਾ ਹੈ ਅਤੇ ਉਸ ਕੰਢੇ ਦੀ ਝਲਕ ਵੀ ਨਹੀਂ ਮਿਲੀ। ਅਤੇ ਇਕੱਲੇਪਣ ਵਿਚ ਘਬਰਾਹਟ ਵੀ ਬਹੁਤ ਹੁੰਦੀ ਹੈ ਅਤੇ ਇਸ ਕੰਢੇ ਨੂੰ ਪਕੜ ਲੈਂਦੀ ਹਾਂ। ਪ੍ਰਭੂ! ਮੈਂ ਕੀ ਕਰਾਂ? ਕਿਵੇਂ ਉਥੋਂ ਤਕ ਪਹੁੰਚਾਂ?

ਪਹਿਲੀ ਗੱਲ : ਜਿਹੜਾ ਕੰਢਾ ਛੁੱਟ ਗਿਆ, ਉਸਨੂੰ ਪਕੜਨ ਦਾ ਕੋਈ ਉਪਾਅ ਨਹੀਂ। ਫਿਰ ਸੋਚੋ ਉਸ ਬੁੱਢੇ ਫ਼ਕੀਰ ਦੀ ਗੱਲ। ਜਦ ਤਕ ਭੁਲੇਖਾ ਸੀ ਕਿ ਸੋਨੇ ਦੀ ਇੱਟ ਝੋਲੇ ਵਿਚ ਹੈ, ਤਦ ਤਕ ਇਕ ਗੱਲ ਸੀ। ਹੁਣ ਜਾਣ ਲਿਆ ਕਿ ਮਿੱਟੀ ਹੈ, ਪੱਥਰ ਪਿਆ ਹੈ ਝੋਲੇ ਵਿਚ। ਹੁਣ ਤੁਸੀਂ ਸੋਚਦੇ ਹੋ ਕਿ ਦੁਬਾਰਾ ਉਹੀ ਗਰਮੀ ਆ ਸਕਦੀ ਹੈ ਚਾਲ ਵਿਚ? ਹੁਣ ਇਹ ਫਿਰ ਤੋਂ ਤਾਘਵਾਨ ਹੋ ਕੇ ਦੌੜ ਸਕਦਾ ਹੈ ਸ਼ਹਿਰ ਦੇ ਵਲ? ਹੁਣ ਇਹ ਫਿਰ ਉਸੇ ਤਾਂਘ ਨਾਲ ਕਹਿ ਸਕਦਾ ਹੈ ਆਪਣੇ ਸ਼ਿੱਸ਼ ਨੂੰ ਕਿ ਸ਼ਹਿਰ ਕਦੋਂ ਪਹੁੰਚਾਂਗੇ, ਰਾਤ ਹੁੰਦੀ ਜਾਂਦੀ ਹੈ, ਖ਼ਤਰਾ ਹੈ? ਹੁਣ ਕੋਈ ਉਪਾਅ ਨਹੀਂ।

ਇਹੀ ਹੋਇਆ ਵੀ ਸੀ। ਫਿਰ ਜਿਸ ਬਿਰਛ ਦੇ ਹੇਠਾਂ ਇਹ ਪਤਾ ਲੱਗਿਆ ਸੀ ਕਿ ਸੋਨੇ ਦੀ ਇੱਟ ਨਹੀਂ ਹੈ ਹੁਣ, ਉਸੇ ਬਿਰਛ ਦੇ ਹੇਠਾਂ ਸੌਂ ਗਏ ਸੀ, ਫਿਰ ਇਕ ਕਦਮ ਅੱਗੇ ਨਹੀਂ ਵਧੇ। ਹੁਣ ਜਾਣ ਦਾ ਸਾਰ ਕੀ ਹੈ? ਹੁਣ ਜੰਗਲ ਹੀ ਮੰਗਲ ਹੈ। ਹੁਣ ਭੈ ਦਾ ਕਾਰਨ ਹੀ ਨਾ ਰਿਹਾ। ਹੁਣ ਖੋਣ ਨੂੰ ਹੀ ਕੁਝ ਨਾ ਬਚਿਆ। ਜੋ ਖੋਣਾ ਸੀ ਖੋ ਗਿਆ। ਹੁਣ ਕੋਈ ਲੁੱਟੇਗਾ ਕੀ?

ਧਰਮ ਭਾਰਤੀ! ਜਿਹੜਾ ਕੰਢਾ ਛੁੱਟ ਗਿਆ, ਉਸਨੂੰ ਪਕੜਨ ਦਾ ਹੁਣ ਕੋਈ ਉਪਾਅ ਨਹੀਂ ਹੈ। ਕਿਉਂਕਿ ਉਹ ਕੰਢਾ ਹੁਣ ਹੈ ਹੀ ਨਹੀਂ। ਉਹ ਤੇਰੀ ਮਾਨਤਾ ਵਿਚ ਸੀ, ਸੀ ਥੋੜ੍ਹਾ-ਈ! ਅਜੇਹਾ ਤਾਂ ਨਹੀਂ ਸੀ ਕਿ ਕੰਢਾ ਸੀ ਅਤੇ ਤੂੰ ਪਕੜਿਆ ਸੀ। ਅਤੇ ਤੂੰ ਪਕੜਿਆ ਸੀ, ਇਹ ਸੱਚ ਹੈ, ਪਰ ਕੰਢਾ ਉਥੇ ਸੀ ਨਹੀਂ। ਤੂੰ ਮੰਨਿਆਂ ਸੀ। ਮੰਨ ਕੇ ਪਕੜਿਆ ਸੀ। ਪਕੜ ਕੇ ਕੰਢੇ ਨੂੰ ਬਣਾ ਲਿਆ ਸੀ, ਕਿਆਸ ਕਰ ਲਿਆ ਸੀ, ਜੀਵਨ ਦੇ ਦਿਤਾ ਸੀ। ਹੁਣ ਛੁੱਟ ਗਿਆ। ਹੁਣ ਦਿਖਾਈ ਪੈ ਗਿਆ ਹੈ ਕਿ ਇਥੇ ਕੁਝ ਸਾਰ ਨਹੀਂ ਹੈ।

ਮੁੜਨ ਦਾ ਤਾਂ ਕੋਈ ਉਪਾਅ ਨਹੀਂ, ਪਕੜਨ ਦਾ ਵੀ ਕੋਈ ਉਪਾਅ ਨਹੀਂ। ਹੁਣ ਲੱਖ ਅੱਖ ਬੰਦ ਕਰੋ, ਤਾਂ ਤੁਸੀਂ ਜਾਣੋਗੇ ਹੀ ਕਿ ਹੁਣ ਬੰਦ ਕਰਨ ਵਿਚ ਕੁਝ ਸਾਰ ਨਹੀਂ। ਉਹ ਜ਼ਿੰਦਗੀ ਤਾਂ ਵਿਅਰਥ ਹੋ ਗਈ। ਉਹ ਜ਼ਿੰਦਗੀ ਤਾਂ ਰਾਖ ਹੋ ਗਈ। ਰਾਖ਼ ਸੀ, ਪਛਾਣ ਲਈ ਗਈ।

ਸ਼ੌਕੇ ਮੰਜ਼ਿਲ ਇਸ ਕਦਰ ਥਾ ਤੇਜ਼ਗਾਮ
ਜ਼ਿੰਦਗੀ ਗਰਦੇ-ਸਫ਼ਰ ਹੋਕਰ ਰਹੀ

ਉਹ ਸਭ ਤਾਂ ਧੂੜ-ਧੁਆਂਖ ਹੋ ਗਈ। ਦੌੜਦੇ ਰਹੇ ਜਦ ਤਕ ਦੌੜਦੇ ਰਹੇ। ਉਚੀ-ਆਸ ਨੇ ਜਦ ਤਕ

ਪਕੜਿਆ ਸੀ, ਪਕੜੀ ਰਖਿਆ। ਤਦ ਤਕ ਧੂਤ ਫੱਕਦੇ ਰਹੇ, ਦੌੜਦੇ ਰਹੇ, ਹਫਦੇ ਰਹੇ, ਪਰੇਸ਼ਾਨ ਹੁੰਦੇ ਰਹੇ। ਹੁਣ ਇਹ ਨਹੀਂ ਹੋ ਸਕੇਗਾ।

ਜਨਮ-ਮਰਨ ਕਾ ਸਾਥ ਥਾ ਜਿਨਕਾ, ਉਨਹੋਂ ਭੀ ਹਮਸੇ ਬੈਰ।
ਵਾਪਿਸ ਲੈ ਚਲ ਅਬ ਤੋ 'ਆਲੀ' ਹੋ ਗਈ ਜਗ ਕੀ ਸੈਰ॥

ਹੁਣ ਉਸ ਭੁਲੇਖੇ ਨੂੰ ਫਿਰ ਤੋਂ ਪ੍ਰਾਣ ਦੇਣ ਦੀ ਕੋਈ ਦਵਾਈ ਨਹੀਂ ਹੈ।

ਅਗਨੀ ਸੀ ਹੈ ਰੁਏਂ-ਰੁਏਂ ਮੇਂ ਨਸ-ਨਸ ਦੁਖ ਸੇ ਚੂਰ।
'ਆਲੀ' ਹਮ ਪਰ ਜੀਵਨ ਕਾ ਜੋ ਵਾਰ ਪੜਾ ਭਰਪੂਰ॥

ਹੁਣ ਮੁੜ ਕੇ ਪਿਛੇ ਨਾ ਦੇਖੋ। ਉਥੇ ਪਾਇਆ ਵੀ ਕੀ ਸੀ? ਉਥੇ ਪਕੜਨ ਯੋਗ ਹੈ ਵੀ ਕੀ! ਸਭ ਛਿਨਭੰਗਰ ਸੀ!

ਵੋ ਆਏ ਭੀ ਤੋ ਬਗੂਲੇ ਕੀ ਤਰਹ ਆਏ ਗਏ।
ਚਿਰਾਗ ਬਨ ਕੇ ਜਲੇ ਜਿਨਕੇ ਇੰਤਜ਼ਾਰ ਮੇਂ ਹਮ॥

ਉਥੇ ਮਿਲਿਆ ਸੀ, ਜਿਸਦੀ ਉਡੀਕ ਵਿਚ ਇੰਨੇ-ਇੰਨੇ ਜਲੇ ਸੀ। ਚਿਰਾਗ ਬਨਕੇ ਜਲੇ ਜਿਨਕੇ ਇੰਤਜ਼ਾਰ ਮੇਂ ਹਮ! ਉਹਨਾਂ ਦੇ ਆਉਣ ਤੇ ਹੋਇਆ ਕੀ? ਜਿਹਨਾਂ ਚਾਹਨਾਵਾਂ ਨੂੰ ਸੰਜੋਇਆ ਵੀ ਅਤੇ ਜ਼ਿੰਦਗੀ ਜਿਨ੍ਹਾਂ ਦੀ ਖ਼ਾਤਰ ਦਾਅ 'ਤੇ ਲਾਈ, ਜਦ ਉਹ ਚਾਹਨਾਵਾਂ ਪੂਰੀਆਂ ਹੋਈਆਂ, ਤਾਂ ਪੂਰਾ ਹੋਇਆ ਕੀ?

ਵੋ ਆਏ ਭੀ ਤੋ ਬਗੂਲੇ ਕੀ ਤਰਹ ਆਏ ਗਏ।

ਇਸ ਜੀਵਨ ਵਿਚ ਜੋ ਵੀ ਮਿਲਦਾ ਹੈ, ਇਸ ਹੱਥ ਮਿਲਦਾ ਹੈ ਉਸ ਹੱਥ ਛੁੱਟ ਜਾਂਦਾ ਹੈ। ਇਥੇ ਸਭ ਛਿਨਭੰਗਰ ਹੈ। ਮਿਲਣ ਦਾ ਬਸ ਭੁਲੇਖਾ ਹੁੰਦਾ ਹੈ। ਬਹੁਤ ਹੋ ਚੁੱਕਿਆ ਇਹ ਜਲਣਾ!

ਗ਼ਮ ਕੀ ਚਿਤਾ ਮੇਂ ਰਾਖ਼ ਹੁਏ ਹੈਂ ਜਲ ਕਰ ਸਾਂਝ ਸਵੇਰੇ।
ਦਿਨ ਜੋ ਢਲਾ ਤੋ ਰਾਤ ਖੜ੍ਹੀ ਹੈ ਅਪਨੇ ਬਾਲ ਬਿਖੇਰੇ॥

ਇਹੀ ਹੁੰਦਾ ਰਿਹਾ ਹੈ। ਦਿਨ ਕਿਸੇ ਤਰ੍ਹਾਂ ਕਟ ਗਿਆ ਤਾਂ ਰਾਤ ਆ ਗਈ। ਰਾਤ ਕਟ ਗਈ ਤਾਂ ਦਿਨ ਆ ਗਿਆ।

ਯੂੰ ਹੀ ਸੁਬਹ-ਸ਼ਾਮ ਹੋਤੀ ਹੈ।
ਯੂੰ ਹੀ ਉਮਰ ਤਮਾਮ ਹੋਤੀ ਹੈ॥

ਪਾਇਆ ਕੀ ਹੈ? ਉਹ ਕੰਢਾ ਤਾਂ ਗਿਆ। ਹੁਣ ਤੂੰ ਪੁੱਛ ਰਹੀ ਹੈਂ ਕਿ ਦੂਜਾ ਕੰਢਾ ਦਿਖਾਈ ਨਹੀਂ ਪੈਂਦਾ। ਦੂਜਾ ਕੰਢਾ ਵੀ ਨਹੀਂ ਹੈ। ਦੂਜਾ ਕੰਢਾ ਤਾਂ ਸਿਰਫ ਗੱਲਬਾਤ ਦੀ ਖ਼ਾਤਰ ਹੈ, ਤਾਂ ਜੋ ਪਹਿਲਾ ਕੰਢਾ ਛੁੱਟ ਜਾਵੇ। ਦੂਜਾ ਕੰਢਾ ਤਾਂ ਪਹਿਲੇ ਕੰਢੇ ਤੋਂ ਮੁਕਤ ਕਰਾਉਣ ਦਾ ਉਪਾਅ ਹੈ। ਇਹ ਦੂਜਾ ਕੰਢਾ ਵੀ ਪਹਿਲੇ ਕੰਢੇ ਦੀ ਚਾਹਨਾ ਹੈ ਅਜੇ।

ਪਹਿਲੇ ਕੰਢੇ ਨੂੰ ਹੀ ਤੁਸੀਂ ਦੂਜੇ ਕੰਢੇ ਉੱਤੇ ਅਰੋਪਤ ਕਰ ਲਿਆ ਹੈ। ਤੁਸੀਂ ਕਹਿੰਦੇ ਹੋ : ਸੰਸਾਰ ਤਾਂ ਗਿਆ, ਹੁਣ ਸਵਰਗ ਕਿਥੇ ਹੈ?

ਸਵਰਗ ਕੀ ਹੈ? ਉਹ ਵੀ ਤੁਹਾਡੇ ਸੰਸਾਰ ਦੇ ਦੁਖਾਂ ਵਿਚ ਹੀ ਸੋਚੇ ਗਏ ਸੁਫਨੇ ਸਨ। ਸੰਸਾਰ ਵਿਚ ਪਾਏ ਸਨ ਬਹੁਤ ਦੁਖ, ਇੰਨੇ ਦੁਖ ਕਿ ਝੱਲਣਾ ਅਸੰਭਵ ਸੀ, ਸਹਿਣਾ ਅਸੰਭਵ ਸੀ। ਅਸਹਿ ਸਨ, ਤਾਂ ਸਵਰਗ ਦੀ ਕਲਪਨਾ ਕੀਤੀ ਸੀ, ਕਿ ਥੋੜ੍ਹੇ ਦਿਨਾਂ ਦੀ ਗੱਲ ਹੋਰ ਹੈ। ਬਸ ਦੋ-ਚਾਰ ਦਿਨ ਦੀ ਗੱਲ ਹੋਰ ਹੈ। ਫਿਰ ਆਏਗੀ ਮੌਤ ਅਤੇ ਵਿਸਰਾਮ ਹੋਵੇਗਾ—ਸਵਰਗ ਵਿਚ ਵਿਸਰਾਮ। ਥੋੜ੍ਹੇ ਦਿਨ ਹੋਰ ਸਹਿ ਲਵੋ, ਬਸ ਪਹੁੰਚੇ... ਹੁਣ ਪਹੁੰਚੇ... ਹੁਣ ਪਹੁੰਚੇ ਹੀ ਜਾਂਦੇ ਹਾਂ।

ਬੁੱਧ ਇਕ ਜੰਗਲ ਵਿਚੋਂ ਲੰਘ ਰਹੇ ਸਨ। ਖੇਤ ਵਿਚ ਕੰਮ ਕਰਦੇ ਇਕ ਕਿਸਾਨ ਤੋਂ ਆਨੰਦ ਪੁੱਛਦਾ ਹੈ ਕਿ ਪਿੰਡ ਕਿੰਨੀ ਦੂਰ ਹੈ? ਉਹ ਕਹਿੰਦਾ ਹੈ : ਹੋਏਗਾ ਕੋਈ ਦੋ ਕੋਹ। ਦੋ ਕੋਹ ਤੁਰਦੇ ਹਨ, ਪਿੰਡ ਦਾ ਫਿਰ ਵੀ ਕੋਈ ਪਤਾ ਨਹੀਂ। ਇਕ ਲਕੜਹਾਰੇ ਨੂੰ ਪੁੱਛਦੇ ਹਨ ਕਿ ਭਾਈ, ਪਿੰਡ ਕਿੰਨੀ ਦੂਰ ਹੋਵੇਗਾ? ਉਹ ਕਹਿੰਦਾ ਹੈ : ਹੋਣੈ ਕੋਈ ਦੋ ਕੋਹ, ਬਸ ਹੁਣ ਪਹੁੰਚੇ। ਜ਼ਰਾ ਹੈਰਾਨ ਹੁੰਦਾ ਹੈ ਆਨੰਦ ਕਿ ਦੋ ਕੋਹ ਤਾਂ ਅਸੀਂ ਤੁਰ ਵੀ ਚੁੱਕੇ! ਲੇਕਿਨ ਬੁੱਧ ਮੁਸਕਰਾਉਂਦੇ ਹਨ। ਦੋ ਕੋਹ ਤੁਰ ਕੇ ਅਜੇ ਵੀ... ਸ਼ਾਮ ਹੋਣ ਲੱਗੀ, ਹੁਣ ਸੂਰਜ ਢਲਣ ਲੱਗਿਆ ਅਤੇ ਪਿੰਡ ਦਾ ਕੋਈ ਪਤਾ ਨਹੀਂ ਹੈ। ਦੂਰ ਕਿਤੇ ਕੋਈ ਦੀਵਾ ਵੀ ਜਗਦਾ ਦਿਖਾਈ ਨਹੀਂ ਦਿੰਦਾ। ਹਨੇਰਾ ਉੱਤਰ ਰਿਹਾ ਹੈ। ਹੁਣ ਤਾਂ ਆਨੰਦ ਬੜੀ ਬੇਚੈਨੀ ਨਾਲ ਇਕ ਆਦਮੀ ਤੋਂ ਪੁਛਦਾ ਹੈ। ਆਪਣੇ ਝੋਂਪੜੇ ਦੇ ਸਾਹਮਣੇ, ਆਪਣੇ ਖੇਤ ਵਿਚ ਇਕ ਆਦਮੀ ਬੈਠਾ ਹੈ, ਉਸ ਤੋਂ ਪੁਛਦਾ ਹੈ : ਪਿੰਡ ਕਿੰਨੀ ਦੂਰ ਹੋਵੇਗਾ? ਉਹ ਕਹਿੰਦਾ ਹੈ : ਹੋਵੇਗਾ ਕੋਈ ਦੋ ਕੋਹ, ਬਸ ਹੁਣ ਪਹੁੰਚੇ, ਘਬਰਾਉ ਨਾ। ਹੁਣ ਆਨੰਦ ਦੇ ਬਰਦਾਸ਼ਤ ਤੋਂ ਬਾਹਰ ਹੋ ਗਿਆ। ਉਸਨੇ ਕਿਹਾ: ਹੱਦ ਹੋ ਗਈ! ਬਹੁਤ ਝੂਠ ਬੋਲਣ ਵਾਲੇ ਦੁਨੀਆਂ ਵਿਚ ਦੇਖੇ, ਪਰ ਤੇਰਾ ਕੋਈ ਮੁਕਾਬਲਾ ਨਹੀਂ ਹੈ! ਦੋ ਕੋਹ ਪਹਿਲਾ ਆਦਮੀ ਦੱਸ ਰਿਹਾ ਸੀ, ਦੋ ਕੋਹ ਤੁਰ ਲਏ, ਦੂਜੇ ਨੇ ਵੀ ਦੋ ਕੋਹ, ਉਹ ਦੋ ਕੋਹ ਵੀ ਤੁਰ ਲਏ, ਤੂੰ ਵੀ ਦੋ ਕੋਹ ਆਖ ਰਿਹਾ ਹੈਂ। ਇਹ ਯਾਤਰਾ ਕਦੇ ਪੂਰੀ ਹੋਵੇਗੀ ਜਾਂ ਨਹੀਂ ਹੋਵੇਗੀ?

ਬੁੱਧ ਨੇ ਕਿਹਾ : ਆਨੰਦ, ਨਰਾਜ਼ ਨਾ ਹੋ। ਮੈਂ ਇਹਨਾਂ ਦਾ ਰਾਜ਼ ਸਮਝਦਾ ਹਾਂ, ਕਿਉਂਕਿ ਇਹੀ ਮੈਂ ਵੀ ਕਰ ਰਿਹਾ ਹਾਂ। ਪਿੰਡ ਹੈ ਹੀ ਨਹੀਂ। ਇਹ ਤਾਂ ਸਿਰਫ ਤੈਨੂੰ ਸਹਾਰਾ ਦੇ ਰਹੇ ਹਨ, ਇਹ ਭਲੇ ਲੋਕ ਹਨ। ਇਹ ਇਉਂ ਨਹੀਂ ਕਹਿੰਦੇ ਕਿ ਤੂੰ ਪਹੁੰਚ ਨਹੀਂ ਪਾਏਂਗਾ; ਕਹਿੰਦੇ ਹਨ, ਤੁਰੀ ਜਾਉ, ਤੁਰਦੇ ਜਾਉ। ਤੂੰ ਥੱਕ ਕੇ ਡਿੱਗ ਨਾ ਪਵੇਂ, ਤੂੰ ਉਦਾਸ ਹੋ ਕੇ ਰੁਕ ਨਾ ਜਾਵੇਂ, ਤੂੰ ਬੇਆਸ ਨਾ ਹੋ ਜਾਵੇਂ। ਇਹ ਝੂਠ ਨਹੀਂ ਬੋਲ ਰਹੇ ਹਨ। ਇਹ ਸਿਰਫ ਤੇਰੇ ਉਤਸ਼ਾਹ ਨੂੰ ਕਾਇਮ ਰਖਣ ਖ਼ਾਤਰ ਕਹਿੰਦੇ ਹਨ ਕਿ ਇਹੀ ਕੋਈ ਦੋ ਕੋਹ... ਹੁਣੇ ਪਹੁੰਚੇ। ਇਹੀ ਤਾਂ ਮੇਰੀ ਪਰਕਿਰਿਆ ਹੈ, ਇਸਲਈ ਮੈਂ ਹੱਸ ਰਿਹਾ ਹਾਂ ਕਿ ਇਹਨਾਂ ਕਿਸਾਨਾਂ ਨੂੰ ਇਹ ਕਿਵੇਂ ਪਤਾ ਲੱਗਿਆ? ਇਹ ਤਾਂ ਬੁੱਧਾਂ ਦੀ ਪਰਕਿਰਿਆ ਹੈ। ਉਹ ਹਮੇਸ਼ਾ ਕਹਿੰਦੇ

ਹਨ: ਇਹ ਰਿਹਾ ਦੂਜਾ ਕੰਢਾ। ਤੁਹਾਨੂੰ ਦਿਖਾਈ ਨਹੀਂ ਪੈਂਦਾ, ਮੈਨੂੰ ਦਿਖਾਈ ਪੈਂਦਾ ਹੈ। ਚਲੇ ਜਾਓ, ਚਲਦੇ ਜਾਓ। ਪਹਿਲਾ ਕੰਢਾ ਛੁੱਟ ਜਾਂਦਾ ਹੈ ਪਹਿਲਾਂ। ਤਦ ਜਦ ਪਹਿਲਾ ਕੰਢਾ ਛੁੱਟਦਾ ਹੈ, ਸੁਭਾਵਕ ਹੀ ਤੁਸੀਂ ਹੋਰ ਵੀ ਤੇਜ਼ੀ ਨਾਲ ਪੁੱਛਦੇ ਹੋ: ਦੂਜਾ ਕਿਥੇ ਹੈ? ਅਤੇ ਬੁੱਧ-ਪੁਰਸ਼ ਆਖੀ ਜਾਂਦੇ ਹਨ : ਇਹੀ ਕੋਈ ਦੋ ਕੋਹ, ਇਹੀ ਕੋਈ ਦੋ ਕੋਹ...। ਹੌਲੀ-ਹੌਲੀ-ਹੌਲੀ, ਉਸ ਜਗ੍ਹਾ ਲੈ ਆਉਂਦੇ ਹਨ, ਜਿਥੇ ਇਹ ਤੁਹਾਨੂੰ ਸਮਝ ਵਿਚ ਆ ਜਾਂਦਾ ਹੈ ਕਿ ਨਾ ਪਹਿਲਾ ਕੰਢਾ ਹੈ ਨਾ ਕੋਈ ਦੂਜਾ ਕੰਢਾ ਹੈ। ਪਹੁੰਚਣ ਦੀ ਗੱਲ ਹੀ ਵਿਅਰਥ ਹੈ।

ਜੀਵਨ ਅਨੰਤ ਯਾਤਰਾ ਹੈ। ਨਾ ਇਥੇ ਕੋਈ ਜਾਣ ਵਾਲਾ ਹੈ, ਨਾ ਕੋਈ ਪੁੱਜਣ-ਸਥਾਨ। ਜੀਵਨ ਇਕ ਅਨੰਤ ਯਾਤਰਾ ਹੈ। ਉਸ ਅਨੰਤ ਯਾਤਰਾ ਦਾ ਨਾਂ ਹੀ ਜੀਵਨ ਹੈ। ਪਹੁੰਚਣਾ ਕਿਥੇ ਹੈ? ਪਹੁੰਚ ਕੇ ਫਿਰ ਕਰੋਗੇ ਕੀ?

ਜ਼ਰਾ ਸੋਚ, ਧਰਮ ਭਾਰਤੀ! ਦੂਜਾ ਕੰਢਾ ਆ ਜਾਵੇ, ਫਿਰ ਕੀ ਕਰੇਂਗੀ? ਕਿੰਨੀ ਦੇਰ ਦੂਜਾ ਕੰਢਾ ਮਨ ਨੂੰ ਭਾਏਗਾ? ਸ਼ਾਸਤਰ ਕਹਿੰਦੇ ਹਨ, ਮੋਕਸ਼ ਵਿਚ ਜਿਹੜੇ ਲੋਕ ਬੈਠੇ ਹਨ, ਅਨੰਤ ਕਾਲ ਦੇ ਲਈ ਬੈਠ ਗਏ। ਹੁਣ ਜ਼ਰਾ ਸੋਚ, ਬੈਠੇ ਹਨ ਕੋਈ ਮੁਨੀ ਮਹਾਰਾਜ, ਆਪਣੀ ਸਿੱਧ ਸ਼ਿਲਾ ਉਤੇ। ਅਨੰਤ ਕਾਲ ਵਿਚ! ਕੀ ਕਰਨਗੇ ਹੁਣ ਉਥੇ? ਕਿੰਨੀ ਦੇਰ ਬੈਠਣਗੇ? ਫਿਰ ਦਿਲ ਕਰਨ ਲੱਗੇਗਾ ਕਿ ਚਲੋ ਜ਼ਰਾ ਸੰਸਾਰ ਦੀ ਸੈਰ ਹੀ ਕਰ ਆਈਏ, ਫਿਰ ਇਥੇ-ਈ ਬੈਠੇ-ਬੈਠੇ ਕੀ ਕਰਨਾ ਹੈ? ਅਨੰਤ ਕਾਲ ਤਕ ਇਹ ਤਾਂ ਬੜੀ ਸਜ਼ਾ ਹੋ ਜਾਏਗੀ।

ਅਨੰਤ ਯਾਤਰਾ ਹੈ ਜੀਵਨ। ਹਰ ਪਲ ਨਵੇਂ ਦੀ ਉਤਪਤੀ ਹੁੰਦੀ ਹੈ। ਹਰ ਪਲ ਨਵਾਂ ਅਕਾਸ਼, ਨਵੇਂ ਦੁਆਰ ਖੁਲ੍ਹਦੇ ਹਨ। ਪਹੁੰਚਣਾ ਨਹੀਂ ਹੈ—ਇਹ ਜਾਣਨਾ ਹੈ ਕਿ ਇਥੇ ਪਹੁੰਚਣ ਨੂੰ ਕੁਝ ਵੀ ਨਹੀਂ ਹੈ। ਅਤੇ ਤਦ ਇਕ ਡੂੰਘੀ ਮੁਕਤੀ ਹੁੰਦੀ ਹੈ। ਪਹੁੰਚਣ ਦੀ ਦੌੜ ਹਟ ਜਾਂਦੀ ਹੈ, ਚਿੰਤਾ ਮਿਟ ਜਾਂਦੀ ਹੈ, ਭਾਰ ਮਿਟ ਜਾਂਦਾ ਹੈ।

ਤੁਹਾਨੂੰ ਮੈਂ ਨਿਰਭਾਰ ਕਰਨਾ ਚਾਹੁੰਦਾ ਹਾਂ। ਹੁਣ ਇਹ ਦੂਜੇ ਕੰਢੇ ਦੀ ਗੱਲ ਤੁਹਾਨੂੰ ਹੋਰ ਭਾਰ ਨਾਲ ਭਰ ਦੇਵੇਗੀ। ਪਹਿਲਾ ਗਿਆ, ਦੂਜਾ ਵੀ ਜਾਣ ਦਿਓ। ਇਕ ਕੰਡੇ ਨੂੰ ਅਸੀਂ ਦੂਜੇ ਕੰਡੇ ਨਾਲ ਕਢ ਲੈਂਦੇ ਹਾਂ, ਫਿਰ ਅਸੀਂ ਦੋਵੇਂ ਕੰਡੇ ਸੁੱਟ ਦਿੰਦੇ ਹਾਂ। ਪਹਿਲੇ ਕੰਢੇ ਨੂੰ ਹਟਾਉਣ ਦੇ ਲਈ ਦੂਜਾ ਕੰਢਾ ਕਲਪਤ ਕੀਤਾ। ਹੁਣ ਪਹਿਲਾ ਗਿਆ, ਹੁਣ ਮੈਂ ਤੁਹਾਨੂੰ ਸੱਚੀ ਗੱਲ ਕਹਿ ਦਿਆਂ : ਦੂਜਾ ਕੋਈ ਕੰਢਾ ਨਹੀਂ ਹੈ। ਧੱਕਾ ਲੱਗੇਗਾ, ਕਿਉਂਕਿ ਇਹ ਤਾਂ ਬੜਾ ਧੋਖਾ ਹੋ ਗਿਆ! ਪਹਿਲਾ ਹੀ ਨਾ ਛੱਡਦੇ ਅਸੀਂ, ਜੇ ਪਹਿਲਾਂ ਹੀ ਪਤਾ ਹੁੰਦਾ ਕਿ ਦੂਜਾ ਨਹੀਂ ਹੈ। ਇਸੇਲਈ ਤਾਂ ਦੂਜੇ ਦੀ ਗੱਲ ਕਰਨੀ ਪੈਂਦੀ ਹੈ।

ਜਦ ਦੋਵੇਂ ਕੰਢੇ ਛੁੱਟ ਜਾਂਦੇ ਹਨ, ਤਦ ਜੋ ਬਾਕੀ ਰਹਿ ਜਾਂਦਾ ਹੈ ਉਹੀ ਪਰਮਾਤਮਾ ਹੈ। ਨਾ ਕਿਤੇ ਪਹੁੰਚਣਾ, ਨਾ ਕਿਤੇ ਜਾਣਾ, ਸਭ ਇਥੇ-ਈ ਹੈ, ਹੁਣੇ ਹੈ।

ਆਸਮਾਂ ਪਰ ਬਦਲੀਓਂ ਕੇ ਕਾਫਿਲੋਂ ਕੇ ਸਾਥ-ਸਾਥ
ਪਲ ਮੇਂ ਆਗੇ ਪਲ ਮੇਂ ਪੀਛੇ ਦਾਏਂ-ਬਾਏਂ ਦੋਨੋਂ ਹਾਥ

ਦਿਲਰੁਬਾ ਤਾਰੋਂ ਕੀ ਬਜਤੀ ਘੰਟੀਆਂ!
ਡੋਲਤੀ ਪਗਡੰਡੀਉਂ ਪਰ ਨਰਮ ਬਾਤੋਂ ਕਾ ਖਿਰਾਮ
ਨੁਕਰਈ ਆਵਾਜ਼ੇ-ਪਾ ਗਾਹੇ ਝਿਝਕਤਾ ਸਾ ਸਲਾਮ
ਥਾ ਤੋ ਅੰਦੇਸ਼ਾ ਨਹੀਂ ਲੇਕਿਨ ਯਹਾਂ
ਵਹ ਹਵਾ ਕੇ ਨਿੱਸਬਤਨ ਇਕ ਤੁੰਦ ਝੋਂਕੇ ਕਾ ਨੁਜ਼ੂਲ
ਸਰਸਰਾਹਟ, ਹਲਕਾ-ਹਲਕਾ ਸ਼ੋਰ ਕੁਛ ਉਡ਼ਤੀ-ਸੀ ਧੂਲ
ਝਨਝਨਾ ਉਠੀ ਸੁਨਹਰੀ ਬਾਲੀਆਂ
ਲਹਲਹਾਤੀ ਆਰਜ਼ੂਓਂ ਕਾ ਜਹਾਂ ਗੰਦੁਮ ਕੇ ਖੇਤ
ਵੱਕਤ ਕੇ ਬਾੜੇ ਮੇਂ ਭੇੜੇਂ-ਬਕਰੀਆਂ ਬੱਚੋਂ ਸਮੇਤ
ਜਿਨਕੀ ਸ਼ਾਦਾਬੀ ਜੁਨੂੰ ਕੀ ਦਾਸਤਾਂ
ਔਰ ਫਿਰ ਸ਼ੀਸ਼ਮ ਕੇ ਪੇੜੋਂ ਪਰ ਬੜੇ ਛੋਟੇ ਤਯੂਰ
ਅਪਨੇ-ਅਪਨੇ ਸਾਜ਼ ਪਰ ਲਹਿਰਾਕਰ ਨੱਗਮੋਂ ਕਾ ਸਰੂਰ
ਫਲ ਰਹੇ ਹੈਂ ਰੋਸ਼ਨੀ ਮੇਂ ਬੇਗੁਮਾਂ!

ਇਥੇ-ਈ ਇਸੇ ਛਿਨ ਸਭ ਹੈ। ਕਿਸ ਦੂਜੇ ਕੰਢੇ ਦੀ ਗੱਲ? ਕੇਹੇ ਕੰਢੇ ਦੀ ਗੱਲ? ਕਿਤੇ ਜਾਣਾ ਨਹੀਂ ਹੈ, ਇਥੇ-ਈ ਹੋਣਾ ਹੈ! ਸਮੱਗ੍ਰਤਾ ਨਾਲ ਇਥੇ-ਈ ਹੋਣਾ ਹੈ! ਸੰਪੂਰਨਤਾ ਨਾਲ ਇਥੇ-ਈ ਜਾਗਣਾ ਹੈ। ਹਰ ਪਲ ਪ੍ਰਾਰਥਨਾ ਹੈ। ਹਰ ਪਲ ਧਿਆਨ ਹੈ। ਅਤੇ ਇਹ ਸਧਾਰਨ ਜੀਵਨ ਸਧਾਰਨ ਨਹੀਂ ਹੈ; ਅੱਖ ਤੋਂ ਤੁਹਾਡੀ ਧੂੜ ਹਟ ਜਾਵੇ, ਤਾਂ ਗੈਰ-ਸਧਾਰਨ ਹੈ। ਸੰਸਾਰ ਮੋਕੱਛ ਹੈ, ਝੇਨ ਫ਼ਕੀਰ ਕਹਿੰਦੇ ਹਨ-ਇਸੇ ਅਰਥ ਵਿਚ ਕਹਿੰਦੇ ਹਨ।

ਪੰਜਵਾਂ ਸਵਾਲ-

ਕੀ ਤੁਸੀਂ ਮੈਨੂੰ ਪਾਗਲ ਬਣਾ ਕੇ ਹੀ ਛਡੋਗੇ?

ਪਾਗਲ ਤੋਂ ਘਟ ਵਿਚ ਕੰਮ ਚਲਦਾ ਨਹੀਂ। ਜੀਵਨ ਦੇ ਅਸਲ ਜਗਤ ਵਿਚ ਪਾਗਲਾਂ ਦਾ ਹੀ ਪ੍ਰਵੇਸ਼ ਹੈ, ਦੀਵਾਨਿਆਂ ਦਾ ਹੀ ਪ੍ਰਵੇਸ਼ ਹੈ। ਬੁੱਧੀਮਾਨ ਵਾਂਝੇ ਰਹਿ ਜਾਂਦੇ ਹਨ ਉਥੇ, ਕਿਉਂਕਿ ਉਹ ਚਾਲਬਾਜ਼ ਹਨ, ਕਿਉਂਕਿ ਉਹ ਗਣਿਤ ਬਿਠਾਂਦੇ ਹਨ, ਕਿਉਂਕਿ ਉਹ ਚਤਰ ਹਨ, ਇਸਲਈ ਵਾਂਝੇ ਰਹਿ ਜਾਂਦੇ ਹਨ। ਉਥੇ ਚਾਹੀਦੇ ਹਨ ਸਭ ਦਾਅ 'ਤੇ ਲਾ ਦੇਣ ਵਾਲੇ ਦੀਵਾਨੇ। ਜਿਹੜੇ ਕਹਿਣ-ਇਹ ਜਾਂ ਉਹ, ਜਾਂ ਤਾਂ ਮੈਂ ਰਹਾਂ ਜਾਂ ਤੂੰ। ਹੁਣ ਦੋ ਨਹੀਂ ਰਹਿਣਗੇ, ਹੁਣ ਇਕ ਹੀ ਰਹੇਗਾ। ਜਾਂ ਤਾਂ ਤੂੰ ਮੇਰੇ ਵਿਚ ਮਿਟ ਜਾ ਜਾਂ ਮੈਂ ਤੇਰੇ ਵਿਚ ਮਿਟ ਜਾਵਾਂ।

ਅਜੇਹੀ ਹਿੰਮਤ ਸਮਝਦਾਰਾਂ ਵਿਚ ਨਹੀਂ ਹੁੰਦੀ। ਸਮਝਦਾਰਾਂ ਵਿਚ ਹਿੰਮਤ ਹੁੰਦੀ ਹੀ ਨਹੀਂ।

ਤੁਸੀਂ ਦੇਖਿਐ ਕਦੇ, ਜਿੰਨਾ ਆਦਮੀ ਸਮਝਦਾਰ ਹੋਵੇ ਉੰਨੀ ਹੀ ਹਿੰਮਤ ਘਟ ਹੁੰਦੀ ਹੈ। ਕਿਉਂਕਿ ਸਮਝ ਕਹਿੰਦੀ ਹੈ : ਸੋਚ ਕੇ ਚੱਲ, ਸੰਭਲ ਕੇ ਚੱਲ ਇਕ-ਇਕ ਕਦਮ, ਇਕ-ਇਕ ਰੱਤੀ ਹਿਸਾਬ ਰਖ ਕੇ ਚੱਲ। ਸਮਝ ਇੰਨਾ ਹਿਸਾਬ ਲਾਉਂਦੀ ਕਿ ਮੌਕਾ ਵਿਹਾ ਜਾਂਦਾ ਹੈ, ਤਦ ਹਿਸਾਬ ਲੱਗ ਪਾਂਦਾ ਹੈ। ਤਦ ਤਕ ਸਮਾਂ ਹੀ ਗਿਆ। ਹਿਸਾਬ ਲਾਉਣ ਵਾਲੇ ਹਿਸਾਬ ਹੀ ਲਾਉਂਦੇ ਰਹਿੰਦੇ ਹਨ, ਪਾਣ ਵਾਲੇ ਪਾ ਲੈਂਦੇ ਹਨ।

ਪਾਗਲ ਦਾ ਮਤਲਬ ਕੀ ਹੁੰਦਾ ਹੈ? ਪਾਗਲ ਦਾ ਮਤਲਬ ਹੁੰਦਾ ਹੈ: ਹੁਣ ਹਿਸਾਬ-ਕਿਤਾਬ ਨਾਲ ਨਹੀਂ ਚੱਲਾਂਗੇ।

ਤੂੰ ਪੁੱਛਦਾ ਹੈਂ : ਕੀ ਤੁਸੀਂ ਮੈਨੂੰ ਪਾਗਲ ਬਣਾ ਕੇ ਹੀ ਛੱਡੋਗੇ?

ਹੋਰ ਕਿਸੇ ਤਰ੍ਹਾਂ ਮੈਂ ਤੇਰੇ ਕੰਮ ਵੀ ਨਹੀਂ ਆ ਸਕਦਾ। ਮੈਂ ਪਾਗਲ ਹਾਂ ਅਤੇ ਜਦ ਤਕ ਤੈਨੂੰ ਪਾਗਲ ਨਾ ਬਣਾ ਦਿਆਂ, ਤਦ ਤਕ ਦੋਸਤੀ ਬਣੀ ਹੀ ਨਹੀਂ। ਮੇਰੇ ਵਰਗਾ ਹੀ ਤੈਨੂੰ ਬਣਾ ਕੇ ਛੱਡਾਂਗਾ। ਮੇਰੇ ਹੀ ਰੰਗ ਵਿਚ ਰੰਗ ਕੇ ਛੱਡਾਂਗਾ। ਕਠਨ ਹੈ ਇਹ ਯਾਤਰਾ, ਕਿਉਂਕਿ ਸਮਝਦਾਰੀ ਛੱਡਣੀ ਬੜੀ ਮੁਸ਼ਕਲ ਹੁੰਦੀ ਹੈ। ਸਮਝਦਾਰੀ ਦੇ ਲਾਭ ਬਿਲਕੁਲ ਸਾਫ ਹਨ। ਪਾਗਲਪਣ ਦੇ ਖ਼ਤਰੇ ਸਾਫ ਹਨ। ਲੇਕਿਨ ਜਿਹੜੇ ਖ਼ਤਰਿਆਂ ਵਿਚ ਜੀਂਦੇ ਹਨ, ਉਹੀ ਜੀਂਦੇ ਹਨ। ਅਤੇ ਜਿਹੜੇ ਖ਼ਤਰਿਆਂ ਤੋਂ ਬਚਦੇ ਹਨ, ਉਹ ਜੀਂਦੇ ਹੀ ਨਹੀਂ, ਸਿਰਫ ਮਰਦੇ ਹਨ। ਜਿਹੜੇ ਖ਼ਤਰਿਆਂ ਤੋਂ ਬਚਣਾ ਚਾਹੁੰਦੇ ਹਨ ਉਹਨਾਂ ਨੂੰ ਆਪਣੀ ਕਬਰ ਵਿਚ ਸਮਾ ਜਾਣਾ ਚਾਹੀਦਾ ਹੈ, ਕਿਉਂਕਿ ਕਬਰ ਵਿਚ ਕੋਈ ਖ਼ਤਰਾ ਨਹੀਂ ਹੈ।

ਇਕ ਸਮਰਾਟ ਨੇ ਇਕ ਮਹਿਲ ਬਣਾਇਆ। ਖ਼ਤਰੇ ਤੋਂ ਬਚਣ ਖ਼ਾਤਰ ਉਸਨੇ ਉਸ ਵਿਚ ਇਕ ਹੀ ਦੁਆਰ ਰਖਿਆ। ਦੁਆਰ ਉਤੇ ਪਹਿਰਿਆਂ 'ਤੇ ਪਹਿਰੇ ਲਾ ਦਿਤੇ। ਗੁਆਂਢ ਦਾ ਸਮਰਾਟ ਉਸਦੇ ਮਹਿਲ ਨੂੰ ਦੇਖਣ ਆਇਆ। ਖ਼ਤਰੇ ਤਾਂ ਉਸਨੂੰ ਵੀ ਸਨ। ਇਹ ਮਹਿਲ ਦੇਖ ਕੇ ਉਹ ਵੀ ਹੈਰਾਨ ਹੋ ਗਿਆ। ਇੰਨਾ ਇੰਤਜ਼ਾਮ ਸੀ ਕਿ ਕੋਈ ਗੁੰਜਾਇਸ਼ ਹੀ ਨਹੀਂ ਸੀ ਕਿ ਵੈਰੀ ਵੜ ਜਾਵੇ ਕਿਸੇ ਪਾਸਿਉਂ। ਇਕ ਹੀ ਦੁਆਰ ਸੀ ਪੂਰੇ ਮਹਿਲ ਵਿਚ। ਖਿੜਕੀਆਂ ਵੀ ਨਹੀਂ ਸਨ। ਅਤੇ ਉਸ ਦੁਆਰ ਉਤੇ ਜ਼ਬਰਦਸਤ ਪਹਿਰਾ ਸੀ। ਪਹਿਰੇਦਾਰਾਂ ਉਤੇ ਪਹਿਰੇਦਾਰ ਸਨ। ਜਦ ਦੂਜਾ ਸਮਰਾਟ ਵਿਦਾ ਹੋਣ ਲੱਗਿਆ ਬਾਹਰ ਅਤੇ ਮਹਿਲ ਦਾ ਮਾਲਕ ਉਸਨੂੰ ਵਿਦਾ ਦੇਣ ਆਇਆ, ਤਾਂ ਉਸ ਦੂਜੇ ਸਮਰਾਟ ਨੇ ਕਿਹਾ ਕਿ ਅਜੇਹਾ ਮਹਿਲ ਮੈਂ ਵੀ ਬਣਾਵਾਂਗਾ। ਬੜਾ ਸੁਰੱਖਿਅਤ ਹੈ। ਇਸ ਤੋਂ ਜ਼ਿਆਦਾ ਸੁਰੱਖਿਅਤ ਹੋਰ ਕੋਈ ਥਾਂ ਨਹੀਂ ਹੋ ਸਕਦੀ।

ਇਕ ਬੁੱਢਾ ਭਿਖਾਰੀ ਰਾਹ ਦੇ ਕੰਢੇ ਬੈਠਾ ਸੀ, ਖ਼ੂਬ ਹੱਸਣ ਲੱਗਿਆ। ਦੋਵੇਂ ਹੈਰਾਨ ਹੋਏ। ਉਹਨਾਂ ਦੋਹਾਂ ਨੇ ਉਸ ਤੋਂ ਪੁਛਿਆ ਕਿ ਤੂੰ ਕਿਉਂ ਹੱਸਦਾ ਹੈਂ ਬੁੱਢਿਆ? ਉਸਨੇ ਕਿਹਾ : ਮੈਂ ਇਸਲਈ ਹੱਸਦਾ ਹਾਂ ਕਿ ਮੈਂ ਇਸ ਮਕਾਨ ਨੂੰ ਬਣਦਾ ਦੇਖਦਾ ਰਿਹਾ ਹਾਂ। ਮੈਂ ਇਥੇ-ਈ ਬੈਠਾ-ਬੈਠਾ ਬੁੱਢਾ ਹੋ ਗਿਆ ਹਾਂ। ਇਹ ਮਕਾਨ ਮੇਰੇ ਸਾਹਮਣੇ ਹੀ ਬਣਦਾ ਰਿਹਾ ਹੈ,

ਬਣਦਾ ਰਿਹਾ ਹੈ, ਬਣਦਾ ਰਿਹਾ ਹੈ। ਮੈਂ ਹਮੇਸ਼ਾ ਸੋਚਦਾ ਰਿਹਾ, ਇਸ ਵਿਚ ਸਿਰਫ ਇਕ ਕਮੀ ਹੈ।

ਮਹਿਲ ਦੇ ਮਾਲਕ ਨੇ ਪੁਛਿਆ : ਕਿਹੜੀ ਕਮੀ ਹੈ? ਹੁਣ ਤਕ ਇੰਨੇ ਲੋਕ ਦੇਖਣ ਆਏ, ਕਿਸੇ ਨੇ ਕੋਈ ਕਮੀ ਨਹੀਂ ਦੱਸੀ। ਤੈਨੂੰ ਕਿਹੜੀ ਕਮੀ ਦਿਖਾਈ ਦਿੰਦੀ ਹੈ? ਬੋਲ! ਉਸਨੂੰ ਠੀਕ ਕਰ ਦਿਆਂਗੇ।

ਉਸਨੇ ਕਿਹਾ ਕਿ ਕਮੀ ਇੰਨੀ ਹੈ ਕਿ ਤੁਸੀਂ ਇਸਦੇ ਅੰਦਰ ਹੋ ਜਾਉ ਅਤੇ ਇਹ ਜੋ ਇਕ ਦਰਵਾਜ਼ਾ ਹੈ, ਇਸਨੂੰ ਵੀ ਪੱਥਰਾਂ ਨਾਲ ਚਿਣਵਾ ਦਿਉ। ਫਿਰ ਕੋਈ ਖ਼ਤਰਾ ਨਹੀਂ। ਇਹ ਇਕ ਦਰਵਾਜ਼ਾ ਖ਼ਤਰਨਾਕ ਹੈ। ਇਸੇ ਵਿਚੋਂ ਦੀ ਮੌਤ ਅੰਦਰ ਆਏਗੀ ਅਤੇ ਤੇਰੇ ਪਹਿਰੇਦਾਰ ਕੰਮ ਨਹੀਂ ਆਉਣਗੇ।

ਸੁਰੱਖਿਅਤ ਥਾਂ ਤਾਂ ਕਬਰ ਹੈ। ਇਸਲਈ ਜਿਹੜੇ ਲੋਕ ਸੁਰੱਖਿਆ ਵਿਚ ਜੀਣਾ ਚਾਹੁੰਦੇ ਹਨ, ਉਹ ਜੀਂਦੇ ਹੀ ਨਹੀਂ। ਜਿਉਂ ਹੀ ਨਹੀਂ ਸਕਦੇ। ਇੰਨੇ ਡਰੇ-ਡਰੇ ਜੀਂਦੇ ਹਨ ਕਿ ਜੀਣ ਕਿਵੇਂ? ਕਦਮ ਚੁੱਕਣ ਵਿਚ ਘਬਰਾਉਂਦੇ ਹਨ। ਅਟਕੇ ਹੀ ਰਹਿੰਦੇ ਹਨ, ਕਿਸੇ ਤਰ੍ਹਾਂ ਬੇਮਾਨ, ਸਮਾਂ ਗੁਜ਼ਾਰ ਲੈਂਦੇ ਹਨ ਅਤੇ ਮਰ ਜਾਂਦੇ ਹਨ। ਬਹੁਤ ਘਟ ਲੋਕ ਇਥੇ ਜੀਂਦੇ ਹਨ। ਜਿਹੜੇ ਜੀਂਦੇ ਹਨ ਉਹਨਾਂ ਵਿਚ ਇਕ ਤਰ੍ਹਾਂ ਦਾ ਪਾਗਲਪਣ ਚਾਹੀਦਾ ਹੈ।

ਜੀਣ ਦੇ ਲਈ ਇਕ ਪਾਗਲ ਸਿੱਕ ਚਾਹੀਦੀ ਹੈ, ਇਕ ਦੀਵਾਨਗੀ ਚਾਹੀਦੀ ਹੈ। ਅਤੇ ਜਿੰਨੀ ਦੀਵਾਨਗੀ ਨਾਲ ਜੀਵੋਗੇ ਉਨੇ ਹੀ ਪਰਮਾਤਮਾ ਦੇ ਨੇੜੇ ਪਹੁੰਚ ਪਾਉਗੇ, ਕਿਉਂਕਿ ਪਰਮਾਤਮਾ ਜੀਵਨ ਦੀ ਘਣਤਾ ਦਾ ਨਾਂ ਹੈ।

ਹੁਸ਼ਿਆਰੀ ਨਾਲ ਮਿਲਿਆ ਵੀ ਕੀ? ਪਾਗਲ ਹੋਣ ਤੋਂ ਇੰਨਾ ਡਰਦੇ ਕਿਉਂ ਹੋ? ਹੁਸ਼ਿਆਰੀ ਨਾਲ ਕੁਝ ਮਿਲਿਆ ਹੁੰਦਾ, ਤਾਂ ਵੀ ਠੀਕ ਸੀ—ਤਾਂ ਡਰ ਵੀ ਸਹੀ ਸੀ। ਹੁਸ਼ਿਆਰੀ ਨਾਲ ਮਿਲਿਆ ਕੀ? ਜਨਮਾਂ-ਜਨਮਾਂ ਤੋਂ ਹੁਸ਼ਿਆਰ ਰਹੇ ਹੋ, ਸਿਰਫ ਗੰਵਾਇਆ ਹੀ, ਪਾਇਆ ਕੀ? ਹਾਂ ਜੋੜ ਲਏ ਹੋਣਗੇ ਠੀਕਰੇ, ਅੰਪਰ ਠੀਕਰਿਆਂ ਦਾ ਕੀ ਹੈ? ਕਲ੍ਹ ਤੁਸੀਂ ਚਲੇ ਜਾਉਗੇ, ਠੀਕਰੇ ਇਥੇ ਦੇ ਇਥੇ ਪਏ ਰਹਿ ਜਾਣਗੇ।

ਰਹ-ਏ-ਖ਼ਿਜ਼ਾਂ ਮੇਂ ਤਲਾਸ਼ੇ ਬਹਾਰ ਕਰਤੇ ਰਹੇ
ਸ਼ਬੇ-ਸਿਯਹ ਸੇ ਤਲਬੇ-ਹੁਸਨੇ-ਯਾਰ ਕਰਤੇ ਰਹੇ

ਪਤਝੜ ਵਿਚ ਬਸੰਤ ਲੱਭਦੇ ਰਹੇ ਹੋ ਹੁਣ ਤਕ ਤੁਸੀਂ।

ਰਹ-ਏ-ਖ਼ਿਜ਼ਾਂ ਮੇਂ ਤਲਾਸ਼ੇ-ਬਹਾਰ ਕਰਤੇ ਰਹੇ
ਸ਼ਬੇ ਸਿਯਹ ਸੇ ਤਲਬੇ-ਹੁਸਨੇ ਯਾਰ ਕਰਤੇ ਰਹੇ

ਕਾਲੀ ਹਨੇਰੀ ਰਾਤ ਤੋਂ ਪਿਆਰੇ ਦੇ ਸੁਹੱਪਣ ਨੂੰ ਮੰਗਦੇ ਰਹੇ। ਇਹ ਤੁਸੀਂ ਕੀਤਾ ਹੈ।

ਨਹੀਂ ਸ਼ਿਕਾਇਤੇ-ਹਿਜ਼ਾਂ ਕਿ ਇਸ ਵਸੀਲੇ ਸੇ
ਹਮ ਉਨਸੇ ਰਿਸ਼ਤਾ-ਏ-ਦਿਲ ਉੱਸਤਵਾਰ ਕਰਤੇ ਰਹੇ

ਹੁਣ ਸ਼ਿਕਾਇਤ ਵੀ ਕੀ ਕਰੋਗੇ! ਇੰਨੇ ਨਾਲ ਹੀ ਤੁਸੀਂ ਚਾਹੁੰਦੇ ਸੀ ਕਿ ਈਸ਼ਵਰ ਮਿਲ ਜਾਵੇ? ਇੰਨੇ ਨਾਲ ਹੀ

ਚਾਹੁੰਦੇ ਸੀ ਕਿ ਜੀਵਨ ਮਿਲ ਜਾਵੇ? ਤੁਸੀਂ ਦਿਤਾ ਕੀ ਸੀ? ਤੁਸੀਂ ਦਾਅ 'ਤੇ ਕੀ ਲਾਇਆ ਸੀ?

ਵੋ ਦਿਨ ਕਿ ਕੋਈ ਭੀ ਜਬ ਵਜਹ-ਏ-ਇੰਤਜ਼ਾਰ ਨਾ ਥੀ
ਹਮ ਉਨਮੇਂ ਤੇਰਾ ਸਿਵਾ ਇੰਤਜ਼ਾਰ ਕਰਤੇ ਰਹੇ

ਕੋਈ ਕਾਰਨ ਨਹੀਂ ਹੈ ਤੁਹਾਡੀ ਜ਼ਿੰਦਗੀ ਵਿਚ ਕਿ ਤੁਹਾਨੂੰ ਜ਼ਿੰਦਗੀ ਮਿਲੇ ਅਤੇ ਕੋਈ ਕਾਰਨ ਨਹੀਂ ਹੈ ਤੁਹਾਡੀ ਜ਼ਿੰਦਗੀ ਵਿਚ ਕਿ ਪਰਮਾਤਮਾ ਤੁਹਾਡੇ ਉਤੇ ਬਰਸੇ। ਬਸ ਤੁਸੀਂ ਇੰਤਜ਼ਾਰ ਕਰਦੇ ਰਹੋ, ਕਰਦੇ ਰਹੋ। ਤੁਹਾਡਾ ਇੰਤਜ਼ਾਰ ਕੰਮ ਨਹੀਂ ਆਏਗਾ। ਉਡੀਕ ਦੇ ਪਿਛੇ ਪਾਤਰਤਾ ਵੀ ਤਾਂ ਖੜ੍ਹੀ ਕਰੋ! ਅਤੇ ਪਾਗਲ ਹੀ ਪਾਤਰ ਹੁੰਦੇ ਹਨ।

ਹਮ ਅਪਨੇ ਰਾਜ਼ ਪੇ ਨਾਜ਼ਾਂ ਥੇ, ਸ਼ਰਮਸਾਰ ਨਾ ਥੇ
ਹਰ ਏਕ ਸੇ ਸੁਖਨੇ-ਰਾਜ਼ਦਾਰ ਕਰਤੇ ਰਹੇ
ਉਨਹੀਂ ਕੇ ਫ਼ੈਜ਼ ਸੇ ਬਾਜ਼ਾਰੇ-ਅੱਕਲ ਰੋਸ਼ਨ ਹੈ
ਜੋ ਗਾਹ-ਗਾਹ ਜੁਨੂੰ ਅਖ਼ਿਤਆਰ ਕਰਤੇ ਰਹੇ

ਜ਼ਰਾ ਗੌਰ ਨਾਲ ਦੇਖੋ, ਇਸ ਦੁਨੀਆਂ ਵਿਚ ਜੋ ਥੋੜ੍ਹੇ-ਜਿਹੇ ਦੀਵੇ ਜਗਦੇ ਹੋਏ ਮਲੂਮ ਪੈਂਦੇ ਹਨ, ਇਸ ਬਜ਼ਾਰ ਵਿਚ ਜੋ ਕਿਤੇ-ਕਿਤੇ ਮੋਕੱਛ ਦੀ ਥੋੜ੍ਹੀ-ਜਿਹੀ ਝਲਕ ਮਲੂਮ ਪੈਂਦੀ ਹੈ, ਉਹ ਕਿਹਨਾਂ ਦੀ ਵਜ੍ਹਾ ਨਾਲ ਹੈ?

ਉਨਹੀਂ ਕੇ ਫ਼ੈਜ਼ ਸੇ ਬਾਜ਼ਾਰੇ-ਅੱਕਲ ਰੋਸ਼ਨ ਹੈ!

ਉਹਨਾਂ ਦੀ ਹੀ ਕਿਰਪਾ ਨਾਲ। ਕਿਹਨਾਂ ਦੀ ਕਿਰਪਾ ਨਾਲ?

ਜੋ ਗਾਹ-ਗਾਹ ਜੁਨੂੰ ਅਖ਼ਤਿਆਰ ਕਰਤੇ ਰਹੇ

ਜਿਹੜੇ ਕਦੇ-ਕਦੇ ਪਾਗਲ ਹੋਣ ਦੀ ਸਮਰੱਥਾ ਦਿਖਾਉਂਦੇ ਰਹੇ। ਜੋ ਗਾਹ-ਗਾਹ ਜੁਨੂੰ ਅਖ਼ਤਿਆਰ ਕਰਤੇ ਰਹੇ!

ਤੁਹਾਨੂੰ ਮੈਂ ਪਾਗਲ ਤਾਂ ਬਨਾਉਣਾ ਹੀ ਚਾਹੁੰਦਾ ਹਾਂ, ਐਪਰ ਉਹ ਪਾਗਲਪਣ ਸਧਾਰਨ ਪਾਗਲਪਣ ਨਹੀਂ ਹੈ।

ਦੁਨੀਆਂ ਵਿਚ ਦੋ ਤਰ੍ਹਾਂ ਦੇ ਪਾਗਲਪਣ ਹਨ। ਇਕ ਪਾਗਲਪਣ ਹੈ-ਬੁੱਧੀ ਤੋਂ ਹੇਠਾਂ ਡਿੱਗ ਜਾਣਾ; ਅਤੇ ਇਕ ਪਾਗਲਪਣ ਹੈ-ਬੁੱਧੀ ਤੋਂ ਉਪਰ ਉਠ ਜਾਣਾ। ਦੋਵੇਂ ਬੜੇ ਭਿੰਨ ਹਨ ਅਤੇ ਦੋਵੇਂ ਕਦੇ-ਕਦੇ ਇਕੋ-ਜਿਹੇ ਮਲੂਮ ਹੁੰਦੇ ਹਨ। ਇਕ ਗੱਲ ਇਕੋ-ਜਿਹੀ ਹੈ ਦੋਹਾਂ ਵਿਚ ਕਿ ਦੋਹਾਂ ਵਿਚ ਬੁੱਧੀ ਵਿਦਾ ਹੋ ਜਾਂਦੀ ਹੈ। ਐਪਰ ਬੜਾ ਫਰਕ ਵੀ ਹੈ ਦੋਹਾਂ ਵਿਚ। ਇਕ ਵਿਚ ਆਦਮੀ ਬੁੱਧੀ ਤੋਂ ਹੇਠਾਂ ਡਿੱਗ ਜਾਂਦਾ ਹੈ, ਉਹ ਵੀ ਪਾਗਲ ਹੈ; ਅਤੇ ਇਕ ਵਿਚ ਆਦਮੀ ਬੁੱਧੀ ਤੋਂ ਉਪਰ ਉਠ ਜਾਂਦਾ ਹੈ, ਉਹ ਵੀ ਪਾਗਲ ਹੈ। ਪਹਿਲੇ ਪਾਗਲ ਪਾਗਲਖਾਨਿਆਂ ਵਿਚ ਹਨ, ਦੂਜੇ ਪਾਗਲ ਮੋਕੱਛ ਵਿਚ ਬਰਾਜਮਾਨ ਹੋ ਜਾਂਦੇ ਹਨ।

ਮੈਂ ਤੁਹਾਨੂੰ ਦੂਜੇ ਢੰਗ ਦੇ ਪਾਗਲ ਬਨਾਉਣਾ ਚਾਹੁੰਦਾ ਹਾਂ। ਇਹ ਤਾਂ ਮਸਤਾਂ ਦੀ, ਪਿਆਕਾਂ ਦੀ ਗੱਲ ਹੈ, ਹੁਸ਼ਿਆਰਾਂ ਦੀ ਨਹੀਂ ਹੈ, ਹਿਸਾਬੀ-ਕਿਤਾਬੀਆਂ ਦੀ ਨਹੀਂ, ਬਹੀ-ਖਾਤੇ ਰਖਣ ਵਾਲਿਆਂ ਦੀ ਨਹੀਂ। ਡਰੋ ਨਾ, ਭੈ ਨਾ ਖਾਉ। ਇਸ ਪਾਗਲਪਣ ਨੂੰ ਖ਼ੁਸ਼-ਖ਼ੁਸ਼ ਉਤਰਨ ਦਿਉ, ਸ਼ੁਕਰਾਨਾ-ਭਾਵ ਨਾਲ ਅੰਗੀਕਾਰ ਕਰੋ। ਬੁੱਧੀ ਨੂੰ ਹਟਾ

ਦਿਉ। ਇਸ ਨਾਲ ਕੁਝ ਮਿਲਿਆ ਨਹੀਂ। ਇਸ ਨਾਲ ਕੁਝ ਮਿਲੇਗਾ ਵੀ ਨਹੀਂ। ਹੁਣ ਬੁੱਧੀ-ਸ਼ੂੰਨਯ ਹੋ ਕੇ ਤਲਾਸ਼ ਕਰੋ। ਵਿਚਾਰ-ਮੁਕਤ ਹੋ ਕੇ ਤਲਾਸ਼ ਕਰੋ।

ਚਸ਼ਮੇ-ਮੈਗੂੰ ਜ਼ਰਾ ਇਧਰ ਕਰ ਦੇ
ਦੱਸਤੇ-ਕੁਦ੍ਰਤ ਕੋ ਬੇਅਸਰ ਕਰ ਦੇ

ਅਤੇ ਤੁਸੀਂ ਜ਼ਰਾ ਬੁੱਧੀ ਨੂੰ ਸਰਕਾਉ, ਤਾਂ ਤੁਹਾਡੀ ਪਿਆਲੀ ਵਿਚ ਉਸਦੀ ਸੁਰਾਹੀ ਤੋਂ ਸ਼ਰਾਬ ਢਲਣ ਲੱਗੇ।

ਚਸ਼ਮੇ-ਮੈਗੂੰ ਜ਼ਰਾ ਇਧਰ ਕਰ ਦੇ!

ਜ਼ਰਾ ਸੁਰਾਹੀ ਦਾ ਰੁਖ਼ ਏਧਰ ਹੋਵੇ।

ਦੱਸਤੇ-ਕੁਦ੍ਰਤ ਕੋ ਬੇਅਸਰ ਕਰ ਦੇ
ਤੇਜ਼ ਹੈ ਆਜ ਦਰਦੇ-ਦਿਲ ਸਾਕੀ
ਤਲਖੀ-ਏ-ਮੈਯ ਕੋ ਤੇਜ਼ਤਰ ਕਰ ਦੇ

ਜ਼ਰਾ ਇਸ ਸ਼ਰਾਬ ਨੂੰ ਹੋਰ ਗੂਹੜੀ ਕਰਦੇ, ਜ਼ਰਾ ਹੋਰ ਤਿੱਖੀ ਕਰ ਦੇ।

ਤਲਖੀ-ਏ-ਮੈਯ ਕੋ ਤੇਜ਼ਤਰ ਕਰ ਦੇ
ਤੇਜ਼ ਹੈ ਆਜ ਦਰਦੇ-ਦਿਲ ਸਾਕੀ
ਚਸ਼ਮੇ-ਮੈਗੂੰ ਜ਼ਰਾ ਇਧਰ ਕਰ ਦੇ

ਜ਼ਰਾ ਮੇਰੀ ਤਰਫ...! ਪਰ ਤੁਸੀਂ ਇਹ ਤਦੇ ਕਹਿ ਪਾਉਗੇ, ਜਦ ਤੁਸੀਂ ਆਪਣਾ ਪਾਤਰ ਪਾਗਲਪਣ ਦਾ ਤਿਆਰ ਕਰ ਲਿਆ ਹੋਵੇ। ਜਦ ਤੁਸੀਂ ਪੀ ਕੇ ਡੋਲਣ ਨੂੰ ਰਾਜ਼ੀ ਹੋਵੋ, ਤਾਂ ਪਰਮਾਤਮਾ ਤੁਹਾਨੂੰ ਪਿਆਏ ਵੀ! ਅਜੇ ਤੁਸੀਂ ਇੰਨੇ ਡਰਦੇ ਹੋ ਡੋਲਣ ਤੋਂ! ਇੰਨੇ ਘਬਰਾਉਂਦੇ ਹੋ ਕਿ ਕਿਧਰੇ ਪੈਰ ਕਿਤੇ-ਦੇ-ਕਿਤੇ ਨਾ ਪੈ ਜਾਣ! ਤੁਹਾਡੇ ਭੈ ਦੇ ਕਾਰਨ ਹੀ ਪਰਮਾਤਮਾ ਦੀ ਸ਼ਰਾਬ ਤੁਹਾਡੇ ਵਿਚ ਉਤਰਨ ਤੋਂ ਰੁਕੀ ਰਹਿੰਦੀ ਹੈ।

ਜੋਸ਼ੇ ਵਹਿਸ਼ਤ ਹੈ ਤਸ਼ਨਾ-ਕਾਮ ਅਭੀ
ਚਾਕ-ਦਾਮਨ ਕੋ ਤਾਜਗਰ ਕਰ ਦੇ
ਮੇਰੀ ਕਿਸਮਤ ਸੇ ਖੇਲਨੇ ਵਾਲੇ
ਮੁਝ ਕੋ ਕਿਸਮਤ ਸੇ ਬੇਖ਼ਬਰ ਕਰ ਦੇ
ਲੁਟ ਰਹੀ ਹੈ ਮੇਰੀ ਮਤਾਅ-ਏ-ਨਿਆਜ਼
ਕਾਸ਼! ਵੋ ਇਸ ਤਰਫ ਨਜ਼ਰ ਕਰ ਦੇ

ਉਸਦੀ ਇਕ ਨਜ਼ਰ ਕਾਫੀ ਹੈ, ਪਰ ਨਜ਼ਰ ਉਠਦੀ ਪਾਗਲਾਂ ਦੀ ਤਰਫ ਹੈ, ਦੀਵਾਨਿਆਂ ਦੀ ਤਰਫ ਹੈ। ਕਿਉਂਕਿ ਦੀਵਾਨੇ ਹੀ ਇਸ ਯੋਗ ਹੁੰਦੇ ਹਨ ਕਿ ਪਰਮਾਤਮਾ ਉਹਨਾਂ ਵਿਚ ਬਰਾਜੇ। ਉਹਨਾਂ ਦੀਵਾਨਿਆਂ ਨੂੰ ਅਸੀਂ ਪਰਮਹੰਸ ਕਿਹਾ ਹੈ। ਸੂਫ਼ੀ ਉਹਨਾਂ ਦੀਵਾਨਿਆਂ ਨੂੰ ਮਸਤ ਕਹਿੰਦੇ ਹਨ। ਨਾਂ ਕੁਝ ਵੀ ਹੋਵੇ, ਪਰ ਸੰਨਿਆਸ ਉਸੇ

ਪਾਗਲਪਣ ਦੀ ਤਲਾਸ਼ ਹੈ। ਬੁੱਧੀ ਦੇ ਉਪਰ ਜਾਣ ਦੇ ਸਭ ਰਾਹ ਪਰਮਾਤਮਾ ਵਿਚ ਲੈ ਜਾਣ ਵਾਲੇ ਰਾਹ ਹਨ। ਫਿਰ ਕਿਵੇਂ ਤੁਸੀਂ ਬੁੱਧੀ ਦੇ ਪਾਰ ਜਾਂਦੇ ਹੋ, ਇਹ ਵੱਖਰੀ ਗੱਲ ਹੈ। ਧਿਆਨ ਨਾਲ ਜਾਉ ਤਾਂ ਵੀ ਬੁੱਧੀ ਛੱਡ ਦੇਣੀ ਪੈਂਦੀ ਹੈ। ਪ੍ਰੇਮ ਨਾਲ ਜਾਉ ਤਾਂ ਵੀ ਬੁੱਧੀ ਛੱਡ ਦੇਣੀ ਪੈਂਦੀ ਹੈ।

ਅਜੇ ਤਾਂ ਅਸੀਂ ਜੋ ਗੱਲ ਕਰ ਰਹੇ ਹਾਂ, ਇਹ ਪ੍ਰੇਮ ਦੀ ਸ਼ਾਖ ਦੀ ਗੱਲ ਹੈ। ਸੁੰਦਰ ਦੇ ਬਚਨ ਪ੍ਰੇਮੀ ਦੇ ਬਚਨ ਹਨ। ਅਤੇ ਪ੍ਰੇਮੀ ਤਾਂ... ਇਸ ਜਗਤ ਦੇ ਵੀ ਪ੍ਰੇਮੀ ਪਾਗਲ ਹੁੰਦੇ ਹਨ, ਉਸ ਜਗਤ ਦੇ ਪ੍ਰੇਮੀਆਂ ਨੂੰ ਤਾਂ ਮਹਾਂਪਾਗਲਪਣ ਚਾਹੀਦਾ ਹੀ ਹੈ, ਚਾਹੀਦਾ ਹੀ ਚਾਹੀਦਾ ਹੈ! ਉਸ ਤੋਂ ਘਟ ਵਿਚ ਕੁਝ ਵੀ ਨਹੀਂ ਹੋ ਸਕੇਗਾ।

ਆਖ਼ਰੀ ਸਵਾਲ—

ਚੁੱਕ-ਚੁੱਕ ਮੇਰੀ, ਠੀਕ-ਠੀਕ ਤੇਰਾ।

ਅੰਮ੍ਰਿਤ ਸਿਧਾਰਥ! ਇਹ ਪਹਿਲਾ ਕਦਮ ਹੈ। ਸੁੰਦਰ। ਚੁੱਕਿਐ ਤਾਂ ਚੰਗਾ! ਪਰ ਧਿਆਨ ਰੱਖੀਂ, ਇਹ ਸਿਰਫ ਪਹਿਲਾ ਕਦਮ ਹੈ। ਇਕ ਕਦਮ ਹੋਰ ਹੈ, ਇਸ ਤੋਂ ਅੱਗੇ ਇਕ ਕਦਮ ਹੋਰ ਹੈ। ਇੰਨੇ 'ਤੇ ਰੁਕ ਨਾ ਜਾਵੀਂ। ਇਸ ਨਾਲ ਤੂੰ ਸਾਧੂ ਹੋ ਜਾਏਂਗਾ, ਸਿੱਧ ਨਹੀਂ ਹੋ ਸਕੇਂਗਾ।

ਸਾਧੂ ਕਹਿੰਦਾ ਹੈ : ਚੁੱਕ-ਚੁੱਕ ਮੇਰੀ, ਠੀਕ-ਠੀਕ ਤੇਰਾ। ਇਹ ਉਸਦੀ ਪ੍ਰਾਰਥਨਾ ਹੈ। ਉਹ ਕਹਿੰਦਾ ਹੈ : ਸਭ ਗ਼ਲਤੀ ਮੇਰੀ, ਸਭ ਪਾਪ ਮੇਰਾ, ਸਭ ਭੁੱਲ ਮੇਰੀ। ਅਤੇ ਜੋ ਵੀ ਪੁੰਨ ਹੈ ਅਤੇ ਜੋ ਵੀ ਠੀਕ ਹੈ, ਉਹ ਸਭ ਤੇਰਾ। ਇਸ ਜਗਤ ਵਿਚ ਮੈਥੋਂ ਤਾਂ ਬੁਰਾ ਹੀ ਬੁਰਾ ਹੋਇਐ; ਕਦੇ ਜੇ ਕੁਝ ਠੀਕ ਹੋ ਗਿਆ, ਤਾਂ ਉਹ ਤੂੰ ਕੀਤਾ ਹੋਵੇਗਾ। ਤੇਰੇ ਹੱਥ ਰਹੇ ਹੋਣਗੇ। ਮੈਥੋਂ ਤਾਂ ਬੁਰਾ ਹੀ ਹੋ ਸਕਦਾ ਹੈ; ਮੈਂ ਬੁਰਾ ਹਾਂ।

ਇਹ ਸਾਧੂ ਦੀ ਭਾਸ਼ਾ ਹੈ ਕਿ ਬੁਰੇ ਨੂੰ ਖੋਜਣ ਨਿਕਲਿਆ, ਤਾਂ ਮੈਥੋਂ ਬੁਰਾ ਕੋਈ ਵੀ ਨਾ ਮਿਲਿਆ। ਅਤੇ ਕੁਝ-ਕੁਝ ਚੰਗੀਆਂ ਗੱਲਾਂ ਵੀ ਹੋ ਗਈਆਂ ਜੀਵਨ ਵਿਚ, ਕਦੇ-ਕਦੇ ਫੁੱਲ ਵੀ ਖਿੜੇ, ਤਾਂ ਉਹਨਾਂ ਫੁੱਲਾਂ ਦਾ ਗੌਰਵ ਮੈਂ ਕਿਵੇਂ ਲੈ ਸਕਦਾ ਹਾਂ? ਇਹ ਸਾਧੂ ਦੀ ਨਿਮਰਤਾ ਹੈ ਕਿ ਉਹ ਕਹਿੰਦਾ ਹੈ ਨਹੀਂ, ਸਭ ਚੰਗਾ ਤੇਰਾ, ਸਭ ਮੰਦਾ ਮੇਰਾ।

ਐਪਰ ਧਿਆਨ ਰਖਣਾ : ਇਹ ਪਹਿਲਾ ਕਦਮ ਹੈ, ਇਸ 'ਤੇ ਰੁਕ ਨਾ ਜਾਣਾ! ਸਿੱਧ ਕੀ ਕਹਿੰਦਾ ਹੈ? ਸਿੱਧ ਕਹਿੰਦਾ ਹੈ : ਠੀਕ-ਠੀਕ ਤੇਰਾ, ਚੁੱਕ-ਚੁੱਕ ਵੀ ਤੇਰੀ। ਮੈਂ ਵਿਚਾਲੇ ਆਉਣ ਵਾਲਾ ਕੌਣ? ਕਿਉਂਕਿ ਸਿੱਧ ਦਾ ਅਰਥ ਹੁੰਦਾ ਹੈ : ਨਿਰਹੰਕਾਰੀ। ਸਾਧੂ ਦਾ ਅਰਥ ਹੁੰਦਾ ਹੈ : ਨਿਮਰ। ਨਿਮਰਤਾ, ਨਿਰ-ਹੰਕਾਰਤਾ ਨਹੀਂ ਹੈ। ਨਿਮਰਤਾ ਇਕ ਬੜਾ ਸੂਖਮ ਹੰਕਾਰ ਹੈ। ਸਾਧੂ ਇਹ ਕਹਿ ਰਿਹਾ ਹੈ, ਬੁਰਾ-ਬੁਰਾ ਮੇਰਾ, ਲੇਕਿਨ ਮੈਂ ਅਜੇ ਹਾਂ। ਅਤੇ ਦੇਖੋ, ਮੇਰੀ ਨਿਮਰਤਾ ਦੇਖੋ, ਜ਼ਰਾ ਮੇਰਾ ਭਾਵ ਦੇਖੋ ਕਿ ਬੁਰਾ ਮੈਂ ਆਪਣੇ ਉਪਰ ਲੈ ਰਿਹਾ ਹਾਂ ਅਤੇ ਸਭ ਭਲਾ ਤੈਨੂੰ ਦੇ ਰਿਹਾ ਹਾਂ! ਜ਼ਰਾ ਖ਼ਿਆਲ ਕੀਤੈ ਮੇਰੇ ਦਾਤਾਪਣ ਦਾ! ਜ਼ਰਾ ਮੇਰੀ ਉਦਾਰਤਾ ਦੇਖੀ!

ਕਿਤੇ ਅੰਦਰ... ਇਹ ਧੁਨ ਬਣੀ ਰਹੇਗੀ ਕਿ ਕੰਡੇ ਮੇਰੇ, ਫੁੱਲ ਤੇਰੇ! ਸਮਝੇ ਕੁਝ! ਸਾਧੂ ਇਹ ਕਹਿ ਰਿਹਾ ਹੈ : ਸਮਝੇ ਕੁਝ? ਸਭ ਛੱਡ ਦਿਤਾ ਮੈਂ ਤੇਰੇ ਚਰਨਾਂ ਵਿਚ, ਅਜੇਹਾ ਨਿਰ-ਹੰਕਾਰ ਹੋ ਗਿਆ ਹਾਂ! ਅਜੇਹੀ ਮੇਰੀ ਨਿਮਰਤਾ

ਹੈ! ਤੇਰੇ ਪੈਰਾਂ ਦੀ ਧੂੜ ਹਾਂ! ਐਪਰ ਹਾਂ! ਉਹ ਜੋ ਹੋਣਾ ਹੈ, ਉਹੀ ਰੁਕਾਵਟ ਹੈ।

ਅਸਾਧੂ ਕੀ ਕਹਿੰਦਾ ਹੈ? ਅਸਾਧੂ ਕਹਿੰਦਾ ਹੈ : ਚੁੱਕ-ਚੁੱਕ ਤੇਰੀ, ਠੀਕ-ਠੀਕ ਮੇਰਾ। ਜਦ ਵੀ ਅਸਾਧੂ ਦੇ ਜੀਵਨ ਵਿਚ ਕੁਝ ਗ਼ਲਤ ਹੋ ਜਾਂਦਾ ਹੈ, ਉਹ ਕਹਿੰਦਾ ਹੈ : ਹੇ ਪ੍ਰਭੂ, ਇਹ ਕੀ ਕਰਵਾ ਦਿਤਾ? ਇਹ ਕੀ ਤਕਦੀਰ ਵਿਚ ਲਿਖ ਦਿਤਾ? ਇਹ ਕੀ ਬਿਧੀ ਦਾ ਵਿਧਾਨ! ਅਤੇ ਜਦ ਠੀਕ ਹੋ ਜਾਂਦਾ ਹੈ, ਤਾਂ ਉਹ ਆਕੜ ਕੇ ਤੁਰਦਾ ਹੈ। ਤਦ ਉਹ ਕਹਿੰਦਾ ਹੈ: ਦੇਖੋ, ਮੈਂ ਕੀਤਾ! ਠੀਕ ਦਾ ਗੌਰਵ ਲੈਂਦਾ ਹੈ, ਗੈਰ-ਠੀਕ ਦਾ ਜਿੰਮਾ ਪਰਮਾਤਮਾ ਉੱਤੇ ਸੁੱਟ ਦਿੰਦਾ ਹੈ। ਇਹ ਅਸਾਧੂ ਦਾ ਲੱਛਣ ਹੈ।

ਸਾਧੂ, ਅਸਾਧੂ ਤੋਂ ਉਲਟਾ ਹੋ ਜਾਂਦਾ ਹੈ। ਉਹ ਸ਼ੀਰਸ਼ਾਸਣ ਕਰਕੇ ਖੜ੍ਹਾ ਹੋ ਜਾਂਦਾ ਹੈ। ਉਹ ਕਹਿੰਦਾ ਹੈ ਚੁੱਕ-ਚੁੱਕ ਮੇਰੀ, ਠੀਕ-ਠੀਕ ਤੇਰਾ। ਇਹ ਪਹਿਲਾ ਕਦਮ ਹੈ। ਸਿੱਧ-ਅਵਸਥਾ ਦੋਹਾਂ ਦੇ ਪਾਰ ਹੈ। ਸਿੱਧ-ਅਵਸਥਾ ਕਹਿੰਦੀ ਹੈ : ਸਭ ਤੇਰਾ, ਮੈਂ ਹਾਂ ਕਿਥੇ? ਮੇਰਾ ਹੋਣਾ ਹੀ ਨਹੀਂ ਹੈ। ਮੈਂ ਇੰਨਾ ਵੀ ਦਾਅਵਾ ਨਹੀਂ ਕਰ ਸਕਦਾ ਕਿ ਚੁੱਕ-ਚੁੱਕ ਮੇਰੀ। ਤੁਸੀਂ ਜ਼ਰਾ ਸਮਝਣਾ, ਉਹ ਕਹਿੰਦਾ ਹੈ : ਪੁੰਨ ਵੀ ਤੇਰੇ, ਪਾਪ ਵੀ ਤੇਰੇ। ਪਰਮ-ਮੁਕਤੀ ਪਰਗਟ ਹੁੰਦੀ ਹੈ ਤਦ। ਤਦ ਨਿਰਭਾਰ ਹੋ ਜਾਂਦਾ ਹੈ। ਫਿਰ ਕੋਈ ਭਾਰ ਹੀ ਨਾ ਰਿਹਾ। ਫਿਰ ਤੂੰ ਜੋ ਕਰਵਾਇਆ ਉਹ ਕੀਤਾ। ਚੰਗਾ ਤਾਂ ਚੰਗਾ ਅਤੇ ਬੁਰਾ ਤਾਂ ਬੁਰਾ। ਤੂੰ ਰਾਵਣ ਬਣਾਇਆ ਤਾਂ ਰਾਵਣ ਦਾ ਅਭਿਨੈ ਪੂਰਾ ਕਰ ਦਿਤਾ ਅਤੇ ਤੂੰ ਰਾਮ ਬਣਾਇਆ, ਤਾਂ ਰਾਮ ਦਾ ਅਭਿਨੈ ਪੂਰਾ ਕਰ ਦਿਤਾ। ਤੇਰੀ ਜਿਵੇਂ ਮਰਜ਼ੀ ਸੀ, ਉਹੀ ਹੋਇਆ। ਅਸੀਂ ਅਭਿਨੇਤਾ ਸੀ। ਅਸੀਂ ਨਾਟਕ ਦੇ ਮੰਚ ਉੱਤੇ ਖੇਡੇ। ਤੂੰ ਜੋ ਸਾਨੂੰ ਪਾਰਟ ਦੇ ਦਿਤਾ ਸੀ ਉਸੇ ਨੂੰ ਅਸਾਂ ਦੁਹਰਾ ਦਿਤਾ। ਇਸ ਵਿਚ ਸਾਡਾ ਕੁਝ ਵੀ ਨਹੀਂ ਹੈ।

ਕੀ ਤੁਸੀਂ ਸੋਚਦੇ ਹੋ, ਨਾਟਕ ਦੇ ਮੰਚ ਉੱਤੇ ਜਿਹੜਾ ਰਾਵਣ ਦਾ ਪਾਰਟ ਕਰ ਰਿਹਾ ਹੈ ਉਹ ਪਾਪੀ ਹੈ? ਜਿਹੜਾ ਰਾਮ ਦਾ ਪਾਰਟ ਕਰ ਰਿਹਾ ਹੈ, ਉਹ ਪੁੰਨਆਤਮਾ ਹੈ? ਲੋਕ ਸੋਚਣ ਲਗਦੇ ਹਨ ਅਜੇਹਾ। ਤਾਂ ਜਿਹੜਾ ਰਾਮ ਦਾ ਪਾਰਟ ਕਰਦਾ ਹੈ ਰਾਮਲੀਲ੍ਹਾ ਵਿਚ ਜਦ ਪਿੰਡ ਸ਼ੋਭਾ-ਯਾਤਰਾ ਨਿਕਲਦੀ ਹੈ, ਲੋਕ ਉਸਦੇ ਚਰਨ ਛੋਂਹਦੇ, ਚਰਨਾਂ ਦਾ ਪਾਣੀ ਪੀਂਦੇ ਹਨ। ਰਾਮ ਹੀ ਹੋ ਗਿਆ ਉਹ! ਰਾਵਣ ਨੂੰ ਲੋਕ ਚੰਗੀ ਨਜ਼ਰ ਨਾਲ ਨਹੀਂ ਦੇਖਦੇ। ਮੈਨੂੰ ਪਤਾ ਹੈ, ਮੇਰੇ ਪਿੰਡ ਵਿਚ ਜਿਹੜਾ ਆਦਮੀ ਰਾਵਣ ਬਣਦਾ ਸੀ, ਲੋਕ ਉਸਨੂੰ ਸਮਝਦੇ ਸਨ—ਬਹੁਤ ਭ੍ਰਿਸ਼ਟ ਆਦਮੀ ਹੈ। ਚੰਗਾ ਆਦਮੀ ਨਹੀਂ। ਨਹੀਂ ਤਾਂ ਰਾਵਣ ਕਿਉਂ ਬਣੇਗਾ? ਕੁਝ ਹੋਰ ਨਹੀਂ ਸੁੱਝਦਾ?

ਨਾਟਕ ਦੇ ਮੰਚ ਉੱਤੇ ਕੌਣ ਰਾਮ, ਕੌਣ ਰਾਵਣ! ਸਭ ਖੇਡ ਦੀ ਗੱਲ ਹੈ। ਜ਼ਰਾ ਵੀ ਫਰਕ ਨਹੀਂ ਹੈ। ਦੋਨੋਂ ਉਸਦੀ ਮਰਜੀ ਪੂਰੀ ਕਰ ਰਹੇ ਹਨ। ਇਹ ਸਿੱਧ ਦੀ ਅਵਸਥਾ ਹੈ। ਇਹ ਦੂਜਾ ਅਤੇ ਅੰਤਮ ਕਦਮ ਹੈ।

ਤਾਂ ਅੰਮ੍ਰਿਤ ਸਿਧਾਰਥ! ਗੱਲ ਤੂੰ ਪਿਆਰੀ ਆਖੀ, ਲੇਕਿਨ ਅਜੇ ਹੋਰ ਅੱਗੇ ਜਾਣਾ ਹੈ। ਇੰਨਾ ਵੀ ਨਾ ਬਚਾ : ਚੁੱਕ ਵੀ ਨਾ ਬਚਾ। ਨਹੀਂ ਤਾਂ ਚੁੱਕ ਦੇ ਪਿਛੇ ਹੰਕਾਰ ਬਚ ਜਾਇਗਾ। ਸਭ ਦੇ ਛੱਡ। ਦੇ ਹੀ ਛੱਡ ਪੂਰਾ-ਪੂਰਾ। ਖ਼ੁਦ ਨੂੰ ਹੀ ਚੜ੍ਹਾ ਦਿਤਾ ਤਾਂ ਹੁਣ ਚੁੱਕ ਵੀ ਕੀ ਬਚਾਉਣੀ! ਚੁੱਕ ਵੀ ਕਰਵਾਈ ਹੋਵੇਗੀ ਤਾਂ ਉਸੇ ਨੇ ਕਰਵਾਈ ਹੋਵੇਗੀ।

ਇਹ ਭਗਤਾਂ ਦੀ ਹਿੰਮਤ ਹੈ! ਗਿਆਨੀ ਇਹ ਨਹੀਂ ਕਰ ਪਾਂਦੇ। ਗਿਆਨੀ ਸਾਧੂ ਹੋਣ 'ਤੇ ਰੁਕ ਜਾਂਦੇ ਹਨ,

ਅਟਕ ਜਾਂਦੇ ਹਨ। ਗਿਆਨੀ ਕਹਿੰਦਾ ਹੈ ਕਿ ਵਧ ਤੋਂ ਵਧ ਇੰਨਾ ਹੀ ਕਹਿ ਸਕਦਾ ਹਾਂ—ਪੁੰਨ ਉਸਦਾ। ਪਾਪ ਵੀ ਉਸਦਾ, ਇਹ ਕਹਿਣ ਦੀ ਹਿੰਮਤ ਗਿਆਨੀ ਦੀ ਨਹੀਂ ਹੈ। ਇਹ ਤਾਂ ਪ੍ਰੇਮੀ ਅਤੇ ਪਾਗਲ ਦੀ ਹਿੰਮਤ ਹੈ। ਉਹ ਕਹਿੰਦਾ ਹੈ : ਮੈਂ ਹਾਂ ਹੀ ਕੀ ? ਤੂੰ ਜੋ ਕਰਵਾਇਆ ਸੋ ਕੀਤਾ, ਨਾ ਕਰਵਾਉਂਦਾ ਤਾਂ ਕਿਵੇਂ ਕਰਦਾ ? ਜੇ ਤੂੰ ਮੇਰੇ ਵਿਚ ਵਾਸਨਾ ਪਾ ਦਿਤੀ ਤਾਂ ਵਾਸਨਾ ਸੀ, ਜੇ ਤੂੰ ਕ੍ਰੋਧ ਪਾ ਦਿਤਾ ਤਾਂ ਕ੍ਰੋਧ ਸੀ, ਤੂੰ ਲੋਭ ਪਾ ਦਿਤਾ ਤਾਂ ਲੋਭ ਸੀ। ਤੂੰ ਜਿਥੇ–ਜਿਥੇ ਭਟਕਾਇਆ, ਨਰਕਾਂ ਵਿਚ ਵੀ ਭਟਕਾਇਆ ਤਾਂ ਭਟਕਿਆ, ਐਪਰ ਤੇਰੇ ਹੀ ਉਪਰ ਜਿੰਮਾ ਹੈ—ਸਾਰਾ ਜਿੰਮਾ ਤਾਂ ਤੇਰੇ ਉਪਰ ਹੈ। ਮੈਂ ਤੇਰੇ ਹੱਥ ਦੀ ਕਠਪੁਤਲੀ ਹਾਂ, ਡੋਰ ਤੇਰੇ ਹੱਥ ਵਿਚ ਹੈ। ਤੂੰ ਜਿਵੇਂ ਨਚਾਇਆ ਨੱਚਿਆ। ਹੁਣ ਨਹੀਂ ਨਚਾਉਂਦਾ ਹਾਂ ਨਹੀਂ ਨੱਚਦਾ ਹਾਂ। ਤੂੰ ਸੰਸਾਰ ਦਿਤਾ ਤਾਂ ਸੰਸਾਰ। ਤੂੰ ਮੋਕੱਛ ਦਿਤਾ ਤਾਂ ਮੋਕੱਛ।

ਭਗਤ ਦੀ ਆਪਣੀ ਕੋਈ ਚਾਹਤ ਨਹੀਂ। ਭਗਤ ਖ਼ੁਦ ਨੂੰ ਬਚਾਉਣ ਦੀ ਕੋਈ ਥਾਂ ਨਹੀਂ ਛੱਡਦਾ। ਭਗਤ ਪੂਰਾ–ਪੂਰਾ ਖ਼ੁਦ ਨੂੰ ਖੋਲ੍ਹ ਦਿੰਦਾ ਹੈ। ਇਸੇ ਖੁਲ੍ਹਣ ਵਿਚ ਮੋਕੱਛ ਹੈ, ਮੁਕਤੀ ਹੈ। ਇਸੇ ਖੁਲ੍ਹਣ ਵਿਚ ਪਰਮ–ਸੁਤੰਤਰਤਾ ਹੈ। ਇਕ ਕਦਮ ਹੋਰ ਚੁੱਕ, ਹੁਣ ਚੁੱਕ ਵੀ ਉਸੇ ਨੂੰ ਦੇ ਦੇ। ਪੁੰਨ ਤਾਂ ਦਿਤੇ, ਚੰਗਾ ਕੀਤਾ। ਲੇਕਿਨ ਪੁੰਨ ਦੇਣਾ ਉਨਾ ਕਠਨ ਨਹੀਂ ਹੈ, ਪਾਪ ਦੇਣਾ ਕਠਨ ਹੁੰਦਾ ਹੈ। ਪੁੰਨ ਦੇਣ ਵਿਚ ਤਾਂ ਇਕ ਰਸ ਆਉਂਦਾ ਹੈ ਕਿ ਦੇਖੋ, ਕਿੰਨੀ ਸੁੰਦਰ ਚੀਜ਼ ਦੇ ਰਹੇ ਹਾਂ ! ਪਾਪ ਦੇਣ ਵਿਚ ਸੰਕੋਚ ਲਗਦਾ ਹੈ ਕਿ ਪਾਪ, ਅਤੇ ਪਰਮਾਤਮਾ ਨੂੰ ਦਿਆਂ ? ਡਰ ਲਗਦਾ ਹੈ। ਕੀ ਸੋਚੇਗਾ ?

ਲੇਕਿਨ ਨਿਵੇਦਨ ਸਮੱਗ੍ਰ ਹੋਣਾ ਚਾਹੀਦਾ ਹੈ, ਅਧੂਰਾ ਨਹੀਂ। ਇਸਲਈ ਮੈਂ ਸਾਧੂ–ਅਸਾਧੂ ਵਿਚ ਬਹੁਤਾ ਫਰਕ ਨਹੀਂ ਕਰਦਾ। ਇਕੋ–ਜਿਹੇ ਹੀ ਲੋਕ ਹਨ। ਇਕ–ਦੂਜੇ ਤੋਂ ਉਲਟ ਚਲਦੇ ਹਨ ਐਪਰ ਇਕੋ–ਜਿਹੇ ਹੀ ਲੋਕ ਹਨ। ਉਹਨਾਂ ਦੀ ਜੀਵਨ–ਦ੍ਰਿਸ਼ਟੀ ਭਿੰਨ ਨਹੀਂ ਹੈ। ਸਿੱਧ ਦੀ ਜੀਵਨ–ਦ੍ਰਿਸ਼ਟੀ ਬਿਲਕੁਲ ਹੋਰ ਹੈ। ਅਤੇ ਸਿੱਧ ਤੋਂ ਘਟ 'ਤੇ ਮੈਂ ਤੈਨੂੰ ਨਹੀਂ ਚਾਹਾਂਗਾ ਕਿ ਰੁਕੀਂ।

ਜ਼ਰਾ ਸੋਚ, ਇਕ ਛਿਨ ਦੇ ਲਈ ਸੋਚ। ਸਭ ਉਸਨੂੰ ਦੇ ਦਿਤਾ, ਫਿਰ ਕੀ ਦੁਖ ਹੈ ? ਫਿਰ ਕੀ ਪੀੜ ਹੈ ? ਫਿਰ ਕੀ ਚਿੰਤਾ ਹੈ ? ਫਿਰ ਕੀ ਇਹੀ ਛਿਨ ਪਰਮ–ਮਹਾਂਉਤਸਵ ਨਹੀਂ ਹੋ ਜਾਏਗਾ ? ਸਭ ਦੇ ਦਿਤਾ, ਫਿਰ ਕੀ ਬਾਕੀ ਹੈ ? ਫਿਰ ਕੇਹੀ... ਪੀੜ ਦੀ ਰੇਖ ਵੀ ਨਹੀਂ ਰਹਿ ਸਕਦੀ। ਤੇਰਾ ਅਕਾਸ਼ ਨਿਰਮਲ ਹੋ ਜਾਏਗਾ। ਉਸ ਨਿਰਮਲਤਾ ਵਿਚ ਹੀ ਜਾਣਾ ਹੈ। ਉਹ ਨਿਰਮਲਤਾ ਹੀ ਅੱਖ ਹੈ।

ਅੱਜ ਇਨਾ ਹੀ।

7

ਹਰਿ ਬੋਲੋਂ ਹਰਿ ਬੋਲ

ਬਾਂਕਿ ਬੁਰਾਈ ਛਾਤਿ ਸਬ, ਗਾਂਠਿ ਹ੍ਰਿਦੈ ਕੀ ਖੋਲ।
ਬੇਗਿ ਵਿਲੰਬ ਕਿਓਂ ਬਨਤ ਹੈ ਹਰਿ ਬੋਲੋ ਹਰਿ ਹੋਲ॥

ਹਿਰਦੈ ਭੀਤਰ ਪੈਠਿ ਕਰਿ ਅੰਤਹਕਰਣ ਵਿਰੋਲ।
ਕੋ ਤੇਰੌ ਤੂ ਕੌਨ ਕੋ ਹਰਿ ਬੋਲੌ ਹਰਿ ਹੋਲ॥

ਤੇਰੌ ਤੇਰੇ ਪਾਸ ਹੈ ਅਪਨੈਂ ਮਾਂਹਿ ਟਟੋਲ।
ਰਾਈ ਘਟੈ ਨਾ ਤਿਲ ਬੜ੍ਹੈਂ ਹਰਿ ਬੋਲੌ ਹਰਿ ਬੋਲ॥

ਸੁੰਦਰਦਾਸ ਪੁਕਾਰਿਕੈ ਕਹਤ ਬਜਾਏਂ ਢੋਲ।
ਚੇਤਿ ਸਕੈ ਤੌ ਚੇਤਿਲੇ ਹਰਿ ਬੋਲੌ ਹਰਿ ਬੋਲ॥

ਪਿਯ ਕੇ ਵਿਰਹ ਵਿਯੋਗ ਭਈ ਹੂੰ ਬਾਵਰੀ।
ਸ਼ੀਤਲ ਮੰਦ ਸੁਗੰਧ ਸੁਹਾਤ ਨਾ ਬਾਵਰੀ॥

ਅਬ ਮੁਹਿ ਦੋਸ਼ ਨਾ ਕੋਈ ਪਰੌਗੀ ਬਾਵਰੀ।
ਪਰਿਹਾਂ ਸੁੰਦਰ ਚਹੁੰ ਦਿਸ਼ ਵਿਰਹ ਸੁਘੇਰਿ ਬਾਵਰੀ॥

ਪਿਯ ਨੈਨਨਿ ਕੀ ਬੋਰ ਸੈਨ ਮੁਹਿ ਦੇਹਰੀ।
ਫੇਰਿ ਨਾ ਆਏ ਦੁਆਰ ਨਾ ਮੇਰੀ ਦੇਹਰੀ॥
ਵਿਰਹ ਸੁ ਅੰਦਰ ਪੈਠਿ ਜਰਾਵਤ ਦੇਹਰੀ।
ਸੁੰਦਰ ਵਿਰਹਿਣੀ ਦੁਖਿਤ ਸੀਖ ਦੇ ਦੇਹਰੀ॥

ਦੂਭਰ ਰੈਨਿ ਬਿਹਾਯ ਅਕੇਲੀ ਸੇਜਰੀ।
ਜਿਨਕੇ ਸੰਗਿ ਨਾ ਪੀਵ ਬਿਰਹਨੀ ਸੇਜਰੀ॥

ਨਵੀਂ ਦਿੱਲੀ ਤੋਂ ਇਕ ਮਿੱਤਰ ਰਤਨ ਪ੍ਰਕਾਸ਼ ਨੇ ਲਿਖਿਆ ਹੈ :

ਮੇਰੇ ਮਹਿਬੂਬ, ਮੇਰੇ ਦਿਲਬਰ, ਮੇਰੇ ਰਹਿਬਰ!
ਆਜ ਕੇ ਦਿਨ ਭੀ ਤੇਰੀ ਮਹਿਫਿਲ ਸਜੀ ਹੋਗੀ
ਜੋਕ ਦਰ ਜੋਕ ਲੋਗ ਆਏ ਹੋਂਗੇ
ਮੁੰਤਜ਼ਿਰ ਹੋਂਗੇ ਤੁਝੇ ਦੇਖਨੇ ਤੁਝੇ ਸੁਨਨੇ ਕੋ
ਆਜ ਕੇ ਦਿਨ ਤੂ ਫਿਰ ਬਨ ਸੰਵਰ ਕੇ ਆਇਆ ਹੋਗਾ
ਧੀਰੇ-ਧੀਰੇ ਹਾਥੋਂ ਕੋ ਜੋੜੇ ਹੁਏ
ਅੰਧੇਰੇ ਬਾਦਲੋਂ ਸੇ ਜੈਸੇ ਚਾਂਦ ਨਿਕਲਤਾ ਹੋ
ਗੁਲਫਸ਼ਾਨੀ ਭੀ ਹੁਈ ਹੋਗੀ ਅਮ੍ਰਿਤ-ਵਰਸ਼ਾ ਭੀ
ਤੂਨੇ ਹਯਾਤੋ ਕਾਯਨਾਤ ਕੇ ਰਾਜ਼ ਖੋਲੇ ਹੋਂਗੇ
ਫਿਰ ਇਕ ਕੁਫ਼੍ਰ ਕੀ ਦੀਵਾਰ ਭੀ ਗਿਰੀ ਹੋਗੀ
ਵੋ ਦੀਵਾਰ ਜਿਸਨੇ ਕਰ ਦੀ ਸਿਆਹ ਪਿਛਲੀ ਸਦੀਆਂ ਭੀ
ਤੇਰੇ ਤਰਾਜ਼ੂ ਨੇ ਝੂਠ ਔਰ ਸਚ ਤੌਲੇ ਹੋਂਗੇ
ਖ਼ੁਦਾਈ ਕੇ ਨਾਮ ਪਰ ਜਿਨ੍ਹੋਂ ਨੇ ਦੁਕਾਨੇਂ ਸਜਾ ਰੱਖੀਂ ਹੋਂ
ਉਨਕੇ ਤਾਬੂਤ ਮੇਂ ਕੀਲੇਂ ਗਾੜੀ ਹੋਂਗੀ
ਭਟਕੀ ਹੁਈ ਰੂਹੋਂ ਕੋ ਤਸਕੀਨ ਮਿਲੀ ਹੋਗੀ
ਜਨਮੋਂ ਕੇ ਪਿਆਸੋਂ ਕੋ ਜਾਮ ਪਿਲਾਏ ਹੋਂਗੇ
ਝੂਮ ਕਰ ਉਠੇ ਹੋਂਗੇ ਰਿੰਦ ਤੇਰੇ ਮੈਖ਼ਾਨੇ ਸੇ
ਤੂਨੇ ਕਿਆ ਕਹਾ ਹੋਗਾ, ਆਜ ਕਿਆ ਕਹਾ ਹੋਗਾ
ਯਹੀ ਦਿਲ ਸੋਚਤਾ ਹੈ, ਯਹੀ ਦਿਲ ਪੂਛਦਾ ਹੈ
ਮੇਰੇ ਮਹਿਬੂਬ ਅਫਸੋਸ, ਮੇਰੇ ਦਿਲਬਰ, ਮੇਰੇ ਰਹਿਬਰ,
ਮੈਂ ਨਹੀਂ ਹੂ ਆਜ ਵਹਾਂ ਮੈਂ ਨਹੀਂ ਹੂ
ਮੇਰੇ ਮਹਿਬੂਬ, ਮੇਰੇ ਦਿਲਬਰ, ਮੇਰੇ ਰਹਿਬਰ
ਯਹੀ ਦਿਲ ਸੋਚਤਾ ਹੈ, ਯਹੀ ਦਿਲ ਪੂਛਤਾ ਹੈ।

ਮੈਂ ਇਕ ਹੀ ਗੱਲ ਕਹਿ ਰਿਹਾ ਹਾਂ। ਇਕ ਹੀ ਅੰਦਾਜ਼ ਹੈ ਮੇਰਾ, ਇਕ ਹੀ ਬਯਾਂ! ਇਕ ਹੀ ਤਰਫ ਇਸ਼ਾਰਾ ਹੈ।

ਨਿੱਤ ਨਵੀਂ-ਨਵੀਂ ਗੱਲ ਨਹੀਂ ਕਹਿ ਰਿਹਾ ਹਾਂ। ਉਹੀ ਗੱਲ ਕਹਿ ਰਿਹਾ ਹਾਂ, ਫਿਰ-ਫਿਰ ਉਹੀ ਕਹਿ ਰਿਹਾ ਹਾਂ। ਇਕ ਹੀ ਗੱਲ ਦੋਹਰਾ ਰਿਹਾ ਹਾਂ, ਲੇਕਿਨ ਆਦਮੀ ਦੇ ਕੰਨ ਬੋਲ਼ੇ ਹਨ। ਆਦਮੀ ਚੁੱਕ-ਚੁੱਕ ਜਾਂਦਾ ਹੈ।

ਅਤੇ ਅਜੇਹਾ ਹੀ ਨਹੀਂ ਕਿ ਮੈਂ ਇਕ ਗੱਲ ਦੁਹਰਾ ਰਿਹਾ ਹਾਂ, ਇਕ ਹੀ ਗੱਲ ਹਮੇਸ਼ਾ ਤੋਂ ਦੁਹਰਾਈ ਜਾ ਰਹੀ ਹੈ। ਸਾਰੇ ਬੁੱਧਾਂ ਨੇ ਇਕ ਹੀ ਗੱਲ ਕਹੀ ਹੈ—ਹਰਿ ਬੋਲੌ ਹਰਿ ਬੋਲ! ਉਸ ਇਕ ਗੱਲ ਵਿਚ ਸਭ ਸਮਾਇਆ ਹੈ : 'ਮੈਂ ਦਾ ਚੇਤਾ ਛੁੱਟੇ ਅਤੇ ਪ੍ਰਭੂ ਦਾ ਚੇਤਾ ਆਏ! ਮੈਂ ਮਿਟਾਂ ਅਤੇ ਉਹ ਹੋ ਜਾਏ! ਮੈਂ ਹਟਾਂ, ਮੈਂ ਨਾ ਬਚਾਂ। ਮੈਂ ਬਾਂਸ ਦੀ ਪੋਂਗਰੀ ਹੋ ਜਾਵਾਂ, ਉਸਦੇ ਗੀਤ ਮੇਰੇ 'ਚੋਂ ਵਗਣ, ਮੇਰੀ ਰੁਕਾਵਟ ਨਾ ਹੋਵੇ। ਮੈਂ ਵਿਚਾਲੇ ਪੱਥਰ ਬਣ ਕੇ ਅਟਕਾਂ ਨਾ। ਉਸਦੀ ਮਰਜ਼ੀ ਪੂਰੀ ਹੋਵੇ!' ਇਕ ਹੀ ਗੱਲ ਹੈ।

ਸ਼ਾਇਦ ਤੈਨੂੰ ਲਗਦਾ ਹੈ ਕਿ ਨਿੱਤ-ਨਿੱਤ ਮੈਂ ਨਵੀਆਂ ਗੱਲਾਂ ਕਹਿੰਦਾ ਹਾਂ। ਨਵੀਂ ਗੱਲ ਕਹਿਣ ਨੂੰ ਨਹੀਂ ਹੈ। ਸੱਚ ਇਕ ਹੈ, ਝੂਠ ਅਨੇਕ ਹਨ। ਜੇ ਝੂਠ ਕਹਿਣਾ ਹੋਵੇ ਤਾਂ ਨਿੱਤ-ਨਿੱਤ ਨਵੇਂ ਕਹੇ ਜਾ ਸਕਦੇ ਹਨ। ਕਿਉਂਕਿ ਝੂਠ ਦੀ ਈਜ਼ਾਦ ਕੀਤੀ ਜਾ ਸਕਦੀ ਹੈ। ਆਦਮੀ ਝੂਠ ਨੂੰ ਬਣਾ ਸਕਦਾ ਹੈ। ਝੂਠ ਜਿੰਨੇ ਚਾਹੋ ਉਨੇ ਹੋ ਸਕਦੇ ਹਨ; ਜਿਵੇਂ ਬੀਮਾਰੀਆਂ ਜਿੰਨੀਆਂ ਚਾਹੋ ਉਨੀਆਂ ਹੋ ਸਕਦੀਆਂ ਹਨ; ਸਿਹਤ ਇਕ ਹੈ। ਸਿਹਤ ਦੇ ਨਾਂ ਵੀ ਨਹੀਂ ਹੁੰਦੇ। ਤੁਸੀਂ ਜੇਕਰ ਕਹੋ ਕਿ ਮੈਂ ਸਿਹਤਮੰਦ ਹਾਂ, ਤਾਂ ਕੋਈ ਇਹ ਵੀ ਨਹੀਂ ਪੁੱਛ ਸਕਦਾ ਕਿ ਕਿਹੜੀ ਕਿਸਮ ਦੀ ਸਿਹਤ? ਤੁਸੀਂ ਕਹੋ ਬੀਮਾਰ ਹਾਂ, ਤਾਂ ਸੰਗਤ ਰੂਪ ਨਾਲ ਪੁਛਿਆ ਜਾ ਸਕਦਾ ਹੈ, ਕਿਹੜੀ ਬੀਮਾਰੀ? ਤਪੇਦਿਕ ਹੋਇਐ ਕਿ ਟੀ.ਬੀ. ਹੈ, ਕਿ ਕੁਝ ਹੋਰ? ਬੀਮਾਰੀਆਂ ਵਿਚ ਬੀਮਾਰੀਆਂ ਹਨ। ਬੀਮਾਰੀਆਂ ਦੀਆਂ ਬੜੀਆਂ ਪਰਤਾਂ ਹਨ। ਸਿਹਤ ਤਾਂ ਇਕ ਹੈ।

ਝੂਠ ਅਨੇਕ ਹਨ, ਸੱਚ ਇਕ ਹੈ। ਝੂਠ ਦਾ ਮਤਲਬ—ਆਦਮੀ ਦੀ ਈਜ਼ਾਦ। ਸੱਚ ਦਾ ਅਰਥ ਹੈ—ਜੋ ਹੈ। ਜੋ ਹੈ, ਉਸੇ ਨੂੰ ਰੋਜ਼-ਰੋਜ਼ ਕਹਿ ਰਿਹਾ ਹਾਂ। ਉਸੇ ਨੂੰ ਵਾਰ-ਵਾਰ ਕਹਿ ਰਿਹਾ ਹਾਂ। ਸ਼ਾਇਦ ਸ਼ਬਦ ਬਦਲ ਜਾਂਦੇ ਹੋਣ, ਸ਼ਾਇਦ ਰੰਗ ਬਦਲ ਜਾਂਦੇ ਹੋਣ, ਢੰਗ ਬਦਲ ਜਾਂਦੇ ਹੋਣ—ਐਪਰ ਸਾਰ ਉਹੀ ਹੈ, ਚੋਟ ਉਹੀ ਹੈ। ਤੀਰ ਇਕ ਹੀ ਤਰਫ ਜਾ ਰਿਹਾ ਹੈ—ਇਕ ਹੀ ਇਸ਼ਾਰੇ ਹੀ ਤਰਫ।

ਇਸਲਈ ਰਤਨ ਪ੍ਰਕਾਸ਼! ਦੂਰ ਹੈਂ ਜਾਂ ਨੇੜੇ, ਇਥੇ ਬੈਠੇਂ ਜਾਂ ਇਥੇ ਨਾ ਬੈਠੇਂ, ਕੋਈ ਫਰਕ ਨਹੀਂ ਪੈਂਦਾ। ਬਸ ਇਕ ਗੱਲ ਯਾਦ ਰਹੇ—ਹਰਿ ਬੋਲੌ ਹਰਿ ਬੋਲ। ਫਿਰ ਜਿਥੇ ਹੈਂ ਤੂੰ ਮੇਰੇ ਨਾਲ ਹੈਂ। ਸੱਚ ਕਿਹਾ ਜਾਵੇ ਤਾਂ ਇਉਂ ਕਹਿਣਾ ਚਾਹੀਦਾ ਹੈ: ਇਹ ਮੇਰੀ ਮਹਿਫਿਲ ਨਹੀਂ ਹੈ, ਉਸਦੀ ਮਹਿਫਿਲ ਹੈ। ਇਥੇ ਮੈਂ ਨਹੀਂ ਬੋਲ ਰਿਹਾ ਹਾਂ, ਉਹੀ ਬੋਲ ਰਿਹਾ ਹੈ। ਉਹੀ ਬੋਲ ਰਿਹਾ ਹੈ, ਇਸਲਈ ਬੋਲਣ ਵਿਚ ਕੁਝ ਸਾਰ ਹੈ। ਉਹੀ ਬੋਲ ਰਿਹਾ ਹੈ, ਇਸਲਈ ਸੁਣਨ ਵਿਚ ਕੁਝ ਸਾਰ ਹੈ। ਉਹੀ ਬੋਲ ਰਿਹਾ ਹੈ, ਇਸਲਈ ਇਸਨੂੰ ਪੀ ਜਾਣ ਵਿਚ ਅਤੇ ਇਸਦੇ ਜ਼ਰੀਏ ਰੂਪ-ਪਰਤਣ ਹੋਣ ਦੀ ਸੰਭਾਵਨਾ ਹੈ।

'...ਆਜ ਕੇ ਦਿਨ ਭੀ ਤੇਰੀ ਮਹਿਫਿਲ ਸਜੀ ਹੋਗੀ।' ਇਹ ਉਸੇ ਦੀ ਮਹਿਫਿਲ ਹੈ। ਅਤੇ ਇਹ ਹਮੇਸ਼ਾ ਸਜੀ ਹੋਈ

ਹੈ। ਇਹ ਸਾਰਾ ਵਜੂਦ ਉਸਦੀ ਮਹਿਫਿਲ ਹੈ। ਅਤੇ ਇਸ ਸਾਰੇ ਵਜੂਦ ਵਿਚ ਇਕ ਹੀ ਅਵਾਜ਼ ਉਠ ਰਹੀ ਹੈ। ਅੰਪਰ ਆਦਮੀ ਬੱਜਰ-ਬੋਲ਼ਾ ਹੈ। ਅਤੇ ਆਦਮੀ ਅਜੇਹਾ ਅੰਨ੍ਹਾ ਹੈ ਕਿ ਅੱਖਾਂ ਦੇ ਸਾਹਮਣੇ ਖੜ੍ਹਾ ਹੈ ਕੋਈ, ਅਤੇ ਦਿਖਾਈ ਨਹੀਂ ਪੈਂਦਾ। ਕੰਨਾਂ 'ਤੇ ਢੋਲ ਵਜਾਏ ਜਾ ਰਹੇ ਹਨ, ਅਤੇ ਸੁਣਾਈ ਨਹੀਂ ਪੈਂਦਾ। ਜਿਵੇਂ ਆਦਮੀ ਨੇ ਚੁੱਕਣ ਦਾ ਨਿਰਨਾ ਹੀ ਲੈ ਰਖਿਆ ਹੈ: ਜਿਵੇਂ ਜ਼ਿਦ ਹੀ ਬੰਨ੍ਹ ਰੱਖੀ ਹੈ। ਸ਼ਾਇਦ ਜ਼ਿਦ ਦੇ ਪਿਛੇ ਕਾਰਨ ਵੀ ਹੈ। ਕਾਰਨ ਇਕ ਹੀ ਹੈ ਕਿ ਜੇ ਪਰਮਾਤਮਾ ਨੂੰ ਦੇਖੋ ਤਾਂ ਤਾਂ ਤੁਸੀਂ ਮਿਟੇ। ਇਸਲਈ ਤੁਸੀਂ ਤਦੇ ਤਕ ਬਚ ਸਕਦੇ ਹੋ ਜਦ ਤਕ ਪਰਮਾਤਮਾ ਨੂੰ ਨਾ ਦੇਖੋ। ਤੁਸੀਂ ਦੋਵੇਂ ਨਾਲ-ਨਾਲ ਨਹੀਂ ਹੋ ਸਕਦੇ। 'ਪ੍ਰੇਮ ਗਲੀ ਅਤਿ ਸਾਂਕਰੀ, ਤਾਮੇਂ ਦੋ ਨਾ ਸਮਾਯ!' ਜਾਂ ਤੁਸੀਂ ਜਾਂ ਹਰੀ। ਇਸਲਈ ਲੋਕ ਹਰੀ ਨਹੀਂ ਬੋਲਦੇ। ਬੋਲਣਾ ਮਹਿੰਗਾ ਸੌਦਾ ਹੈ।

ਹਰਿ ਬੋਲੋ ਹਰਿ ਬੋਲ... ਇਹ ਬੋਲ ਜਦ ਤੁਹਾਡੇ ਅੰਦਰ ਉਠੇਗਾ, ਤੁਸੀਂ ਨਾ ਰਹਿ ਜਾਓਗੇ। ਤਦੇ ਉਠ ਸਕਦਾ ਹੈ। ਤੁਹਾਡੀ ਰਾਖ ਉਤੇ ਹੀ ਇਹ ਫੁੱਲ ਖਿਤੇਗਾ। ਅਤੇ ਲੋਕ ਮਿਟਣਾ ਨਹੀਂ ਚਾਹੁੰਦੇ। ਇਸਲਈ ਲੋਕ ਸੁਣ ਵੀ ਲੈਂਦੇ ਹਨ ਅਤੇ ਸੁਣਦੇ ਵੀ ਨਹੀਂ। ਸੁਣਕੇ ਵੀ ਅਣਸੁਣਿਆਂ ਰਖਦੇ ਹਨ। ਦੇਖ ਲੈਂਦੇ ਹਨ ਅਤੇ ਦੇਖਦੇ ਨਹੀਂ।

ਅੰਪਰ ਯਾਦ ਰਹੇ, ਆਦਮੀ ਜਦ ਤਕ ਪਰਮਾਤਮਾ ਨਾਲ ਨਾ ਭਰੇ ਤਦ ਤਕ ਬਾਂਝ ਹੈ-ਅਜੇਹਾ ਜਿਵੇਂ ਬਿਰਛ ਹੋਵੇ ਅਤੇ ਫੁੱਲ ਨਾ ਲੱਗੇ ਹੋਣ, ਜਿਵੇਂ ਕਿਸੇ ਇਸਤ੍ਰੀ ਦੀ ਕੁੱਖ ਤੋਂ ਬੱਚਾ ਜਨਮ ਨਾ ਲਵੇ: ਜਿਵੇਂ ਪ੍ਰਿਥਵੀ ਵਿਚ ਅੰਕੁਰ ਨਾ ਫੁੱਟਣ: ਜਿਵੇਂ ਸੂਰਜ ਹੋਵੇ ਅਤੇ ਹਨੇਰਾ ਡਿੱਗੇ। ਜਦ ਤਕ ਆਦਮੀ ਦੇ ਜੀਵਨ ਵਿਚ ਹਰਿ ਨਹੀਂ, ਹਰਿਆਵਲ ਨਹੀਂ। ਜਦ ਤਕ ਆਦਮੀ ਦੇ ਜੀਵਨ ਵਿਚ ਹਰਿ ਨਹੀਂ ਤਦ ਤਕ ਕੁਝ ਵੀ ਨਹੀਂ। ਫਿਰ ਲੱਖ ਤੁਸੀਂ ਠੀਕਰੇ ਇਕੱਠ ਕਰੋ, ਪਦਵੀ ਅਤੇ ਪ੍ਰਸਿੱਧੀ ਅਤੇ ਪ੍ਰਮਾਣ-ਪੱਤਰ ਜੁਟਾਓ, ਸਭ ਕੂੜਾ-ਕਰਕਟ ਹੈ। ਤੁਸੀਂ ਕਿਸਨੂੰ ਧੋਖਾ ਦੇ ਰਹੇ ਹੋ? ਸੰਪਦਾ ਤਾਂ ਇਕ ਹੈ। ਉਸਦੇ ਬਿਨਾਂ ਆਦਮੀ ਬਾਂਝ ਰਹਿ ਜਾਂਦਾ ਹੈ, ਇਸਨੂੰ ਯਾਦ ਰਖਣਾ। ਉਸਦੇ ਬਿਨਾਂ ਆਦਮੀ ਅਜੇਹਾ-ਜਿਵੇਂ ਚੱਲਿਆ ਹੋਇਆ ਕਾਰਤੂਸ, ਜਿਸ ਵਿਚ ਕੁਝ ਵੀ ਨਹੀਂ। ਦਿਸਦਾ ਕਾਰਤੂਸ ਵਰਗਾ ਹੀ ਹੈ, ਅੰਪਰ ਆਤਮਾ ਨਹੀਂ ਹੈ। ਪਰਮਾਤਮਾ ਦੇ ਚੇਤੇ ਨਾਲ ਹੀ ਤੁਸੀਂ ਆਤਮਵਾਨ ਹੁੰਦੇ ਹੋ।

ਮੈਂ ਰੋਜ਼-ਰੋਜ਼ ਇਹੀ ਕਹਿ ਰਿਹਾ ਹਾਂ ਕਿ ਬਹੁਤ ਦਿਨ ਬਾਂਝ ਰਹਿ ਲਏ, ਹੁਣ ਹਰੇ ਹੋ ਜਾਉ। ਹੁਣ ਜਨਮਾਓ ਆਪਣੇ ਅੰਦਰ ਪ੍ਰਭੂ ਨੂੰ। ਬਹੁਤ ਦਿਨ ਖ਼ਾਲੀ ਰਹਿ ਲਏ, ਹੁਣ ਭਰੋ। ਬਹੁਤ ਦਿਨ ਇਹ ਦੀਵਾ ਬੁਝਿਆ-ਬੁਝਿਆ ਰਹਿ ਲਿਆ, ਹੁਣ ਜਗੋ! ਇਹ ਵਿਰਾਟ ਅਵਸਰ ਐਵੇਂ ਹੀ ਨਾ ਚੁੱਕ ਜਾਏ। ਇਹੀ ਰੋਜ਼ ਕਹਿ ਰਿਹਾ ਹਾਂ। ਇਸਲਈ ਤੂੰ ਚਿੰਤਾ ਨਾ ਕਰ ਕਿ-

ਤੂਨੇ ਕਿਆ ਕਹਾ ਹੋਗਾ, ਆਜ ਕਿਆ ਕਹਾ ਹੋਗਾ?
ਮੇਰੇ ਮਹਿਬੂਬ, ਮੇਰੇ ਦਿਲਬਰ, ਮੇਰੇ ਰਹਿਬਰ! ਅਫਸੋਸ
ਮੈਂ ਨਹੀਂ ਆਜ ਵਹਾਂ, ਮੈਂ ਨਹੀਂ ਹੂੰ!

ਕੀ ਤੂੰ ਸੋਚਦਾ ਹੈਂ ਜਿਹੜੇ ਇਥੇ ਹਨ, ਉਹ ਸੁਣਨਗੇ? ਕੀ ਤੂੰ ਸੋਚਦਾ ਹੈਂ ਜਦ ਤੂੰ ਇਥੇ ਸੀ ਤਦ ਤੂੰ ਸੁਣਿਆ? ਜੇ ਤੂੰ ਸੁਣ ਲਿਆ ਹੁੰਦਾ ਤਾਂ ਦਿੱਲੀ ਵਿਚ ਹੋ ਕੇ ਵੀ ਦੂਰ ਨਹੀਂ ਹੋ ਸਕਦਾ ਸੀ। ਜੇ ਤੂੰ ਸੁਣ ਲਿਆ ਹੁੰਦਾ ਤਾਂ ਅਫਸੋਸ ਦੀ ਫਿਰ ਗੱਲ ਹੀ ਨਹੀਂ ਸੀ। ਫਿਰ ਤੂੰ ਕਿਤੇ ਵੀ ਹੁੰਦਾ, ਤੂੰ ਇਸੇ ਮਹਿਫਿਲ ਦਾ ਹਿੱਸਾ ਹੋ ਜਾਂਦਾ। ਤੂੰ ਇਸੇ ਮਧੂਸ਼ਾਲਾ ਵਿਚ ਬੈਠਦਾ। ਤੂੰ ਇਹੀ ਰਸ ਪੀਂਦਾ। ਕਿਉਂਕਿ ਇਹ ਰਸ ਕਿਤੇ ਬੱਧਾ ਨਹੀਂ ਹੈ—ਕਿਸੇ ਤੀਰਥ ਨਾਲ, ਕਿਸੇ ਮੰਦਰ ਨਾਲ, ਕਿਸੇ ਸਥਾਨ ਨਾਲ, ਕਿਸੇ ਵਿਅਕਤੀ ਨਾਲ, ਕਿਸੇ ਸ਼ਾਸਤਰ ਨਾਲ। ਇਸ ਰਸ ਦੇ ਬੱਦਲਾਂ ਨੇ ਤਾਂ ਸਾਰੇ ਵਜੂਦ ਨੂੰ ਘੇਰਿਆ ਹੋਇਆ ਹੈ। ਜਿਥੇ ਵੀ ਪਿਆਸ ਹੈ, ਉਥੇ—ਈ ਬਰਸ ਜਾਂਦੇ ਹਨ। ਅਤੇ ਜਿਥੇ ਵੀ ਪਾਤਰਤਾ ਹੈ, ਉਥੇ ਇਹ ਸ਼ਰਾਬ ਉਤਰਦੀ ਹੈ ਅਤੇ ਪਾਤਰ ਨੂੰ ਭਰ ਦਿੰਦੀ ਹੈ।

ਸੁਣੋ! ਵੇਖੋ! ਅੱਖ ਖੋਲ੍ਹੋ!

ਅਕਸਰ ਅਜੇਹਾ ਹੋ ਜਾਂਦਾ ਹੈ, ਇਥੇ ਸੁਣਨ ਵਾਲੇ ਸੁਣਦੇ ਨਹੀਂ; ਫਿਰ ਜਦ ਦੂਰ ਚਲੇ ਜਾਂਦੇ ਹੋ ਤਦ ਯਾਦ ਆਉਂਦੀ ਹੈ। ਆਦਮੀ ਬਹੁਤ ਅਜੀਬ ਹੈ। ਅਤੀਤ ਦੀ ਯਾਦ ਕਰਦਾ ਹੈ, ਭਵਿੱਖ ਦੀ ਯਾਦ ਕਰਦਾ ਹੈ, ਵਰਤਮਾਨ ਨੂੰ ਖੁੰਝਦਾ ਹੈ। ਜੋ ਨਹੀਂ ਰਿਹਾ, ਉਸਦਾ ਵਿਚਾਰ ਕਰਦਾ ਹੈ। ਹੁਣ ਕੁਝ ਕੀਤਾ ਨਹੀਂ ਜਾ ਸਕਦਾ। ਜੋ ਨਹੀਂ ਰਿਹਾ, ਨਹੀਂ ਰਿਹਾ। ਜੋ ਨਹੀਂ ਹੋਇਆ, ਨਹੀਂ ਹੋਇਆ। ਹੁਣ ਤੁਹਾਡੇ ਵਿਚਾਰ ਨਾਲ ਕੁਝ ਵੀ ਨਹੀਂ ਹੋਵੇਗਾ। ਹੁਣ ਫਜ਼ੂਲ ਯਾਦਾਂ ਦੀ ਧੂੜ ਨੂੰ ਸੰਜੋਈ ਨਾ ਫਿਰੋ। ਜਾਂ ਆਦਮੀ ਭਵਿੱਖ ਦੀ ਸੋਚਦਾ ਹੈ—ਇੰਜ ਹੋਵੇ, ਉਂਜ ਹੋਵੇ।

ਜੋ ਅਜੇ ਨਹੀਂ ਹੋਇਆ, ਨਹੀਂ ਹੋਇਆ ਅਤੇ ਤੁਹਾਡੇ ਸੋਚਣ ਨਾਲ ਕਦੇ ਕੁਝ ਨਾ ਹੋਇਆ ਹੈ, ਨਾ ਹੋਵੇਗਾ। ਜੋ ਹੋਣਾ ਹੈ, ਉਹੀ ਹੋਵੇਗਾ। ਉਸਦਾ ਤੁਹਾਡੇ ਸੋਚਣ ਨਾਲ ਕੋਈ ਲੈਣਾ—ਦੇਣਾ ਨਹੀਂ ਹੈ।

ਤੁਸੀਂ ਸੋਚੋ ਤਾਂ ਹੋਵੇਗਾ, ਤੁਸੀਂ ਨਾ ਸੋਚੋ ਤਾਂ ਹੋਵੇਗਾ। ਉਹ ਹੋ ਹੀ ਰਿਹਾ ਹੈ। ਤੁਸੀਂ ਨਹੀਂ ਸੀ ਤਾਂ ਵੀ ਹੁੰਦਾ ਸੀ। ਤੁਸੀਂ ਨਹੀਂ ਰਹੋਗੇ ਤਾਂ ਵੀ ਹੁੰਦਾ ਰਹੇਗਾ। ਭਵਿੱਖ ਤੁਹਾਡੇ ਉਤੇ ਨਿਰਭਰ ਨਹੀਂ ਹੈ।

ਆਦਮੀ ਅਤੀਤ ਦੀ ਸੋਚਦਾ ਹੈ। ਆਦਮੀ ਭਵਿੱਖ ਦੀ ਸੋਚਦਾ ਹੈ। ਬਸ ਇਕ ਚੀਜ਼ ਤੋਂ ਆਦਮੀ ਖੁੰਝਦਾ ਚਲਿਆ ਜਾਂਦਾ ਹੈ—ਵਰਤਮਾਨ। ਅਤੇ ਵਰਤਮਾਨ ਪਰਮਾਤਮਾ ਦਾ ਦੁਆਰ ਹੈ। ਵਰਤਮਾਨ ਹੀ ਹੈ। ਨਾ ਤਾਂ ਅਤੀਤ ਹੈ, ਨਾ ਭਵਿੱਖ ਹੈ। ਇਕ ਹੈ ਕਲਪਨਾ, ਇਕ ਹੈ ਯਾਦ। ਵਜੂਦ ਤਾਂ ਵਰਤਮਾਨ ਦਾ ਹੈ।

ਇਸਲਈ ਨਾ ਪੁੱਛ ਰਤਨ ਪ੍ਰਕਾਸ਼, ਕਿ ਇਥੇ ਕੀ ਹੋ ਰਿਹਾ ਹੈ? ਜਿਥੇ ਹੈਂ, ਉਥੇ—ਈ ਜਾਗ। ਅਤੇ ਵੇਖ ਉਥੇ ਕੀ ਹੋ ਰਿਹਾ ਹੈ। ਅਤੇ ਤੂੰ ਪਾਏਂਗਾ ਕਿ ਸਭ ਜਗ੍ਹਾ ਹਰੀ ਹੀ ਵਿਆਪਤ ਹੈ। ਉਸੇ ਦਾ ਅੰਤਰਨਾਦ ਉਠ ਰਿਹਾ ਹੈ। ਉਸੇ ਦੇ ਫੁੱਲ ਖਿੜ ਰਹੇ ਹਨ। ਉਸੇ ਦੇ ਝਰਨੇ ਫੁੱਟ ਰਹੇ ਹਨ। ਉਸੇ ਦੀ ਰੋਸ਼ਨੀ ਵਹਿ ਰਹੀ ਹੈ। ਧਾਰੇ ਉਤੇ ਧਾਰੇ, ਝਰਨਿਆਂ ਉਤੇ ਝਰਨੇ, ਫੁਹਾਰੇ ਉਤੇ ਫੁਹਾਰੇ... ਸਭ ਤਰਫ ਉਹੀ ਹੈ। ਤੁਸੀਂ ਜਿਥੇ ਹੋ, ਉਥੇ—ਈ ਸ਼ਾਂਤ ਹੋ ਜਾਓ, ਨਿਰਵਿਕਾਰ ਹੋ ਜਾਓ—ਅਤੇ ਤੁਸੀਂ ਮਹਿਫਿਲ ਵਿਚ ਸ਼ਾਮਲ ਹੋ ਗਏ! ਤੁਸੀਂ ਬੈਠ ਗਏ ਉਸਦੀ ਸਭਾ ਵਿਚ!

ਪਰਮਾਤਮਾ ਦੇ ਬਿਨਾਂ ਆਦਮੀ ਬਾਂਝ ਹੈ। ਤੁਸੀਂ ਕਿਵੇਂ ਬਾਂਝ ਨਾ ਰਹਿ ਜਾਉ, ਇਹੀ ਇਕ ਗੱਲ ਤੁਹਾਨੂੰ ਵਾਰ-ਵਾਰ ਕਹਿ ਰਿਹਾ ਹਾਂ।

ਕਿਤਨੇ ਹੀ ਸਾਲ ਸਿਤਾਰੋਂ ਕੀ ਤਰਹ ਟੂਟ ਗਏ
ਮੇਰੀ ਗੋਦੀ ਮੇਂ ਕੋਈ ਚਾਂਦ ਜਨਮ ਲੇ ਨਾ ਸਕਾ
ਟਕਟਕੀ ਬਾਂਧ ਕੇ ਅਫ਼ਲਾਕ ਪੇ ਰੋਈ ਬਰਸੋਂ
ਆਜ ਤਕ ਕੋਈ ਭੀ ਵਾਪਿਸ ਮੇਰਾ ਗ਼ਮ ਲੇ ਨਾ ਸਕਾ
ਵਹ ਜ਼ਮੀਂ ਜੋ ਕੋਈ ਪੌਦਾ ਨਾ ਉਗਲ ਸਕਤੀ ਹੋ
ਕਾਯਦਾ ਹੈ ਕਿ ਉਸੇ ਛੋੜ ਦਿਯਾ ਜਾਤਾ ਹੈ
ਘਰ ਮੇਂ ਹਰ ਰੋਜ਼ ਯਹੀ ਜ਼ਿਕ੍ਰ ਯਹੀ ਸ਼ੋਰ ਸੁਨਾ
ਸ਼ਾਖ਼ ਸੂਖੇ ਤੋ ਉਸੇ ਤੋੜ ਦਿਯਾ ਜਾਤਾ ਹੈ
ਮੁਝੇ ਬਾਹੋਂ ਮੇਂ ਉਠਾ ਲੇ ਮੁਝੇ ਮਾਯੂਸ ਨਾ ਕਰ
ਅਪਨੇ ਹਾਥੋਂ ਕੀ ਲਕੀਰੋਂ ਮੇਂ ਸਜਾ ਲੇ ਮੁਝਕੋ
ਅਪਨੇ ਅਹਿਸਾਂ ਕੇ ਸਿਲੇ ਮੇਂ ਮੇਰਾ ਜੋਬਨ ਲੇ ਲੇ
ਕਰ ਦਿਯਾ ਸਬਨੇ ਮੁਕੱਦਰ ਕੇ ਹਵਾਲੇ ਮੁਝਕੋ
ਏਕ ਦੋ, ਤੀਨ-ਕਹਾਂ ਤਕ ਕੋਈ ਗਿਨਤਾ ਜਾਏ
ਅਨਗਿਨਤ ਸਾਂਸ ਮਹਿਕਤੇ ਹੈਂ ਮੇਰੇ ਸੀਨੇ ਪਰ
ਮੇਰੇ ਲਬ ਪਰ ਕੋਈ ਨਗਮਾ ਕੋਈ ਫਰਿਆਦ ਨਹੀਂ
ਲੋਕ ਅੰਗੁਸ਼ਤ-ਬਦੰਦਾਂ ਹੈਂ ਮੇਰੇ ਜੀਨੇ ਪਰ
ਕਿਤਨੇ ਹਾਥੋਂ ਨੇ ਟਟੋਲਾ ਹੈ ਮੇਰੀ ਤਨਹਾਈ ਕੋ
ਕੋਈ ਜੁਗਨੂੰ, ਕੋਈ ਮੋਤੀ, ਕੋਈ ਤਾਰਾ ਨਾ ਮਿਲਾ
ਕਿਤਨੇ ਝੂਲੇ ਨੇ ਝੁਲਾਇਆ ਹੈ, ਮੇਰੇ ਅਰਮਾਨੋਂ ਕੋ
ਦਿਲ ਮੇਂ ਸੋਈ ਹੁਈ ਮਮਤਾ ਕੋ ਸਹਾਰਾ ਨਾ ਮਿਲਾ
ਕਲ ਭੀ ਖ਼ਾਮੋਸ਼ ਥੀ ਮੈਂ, ਆਜ ਭੀ ਖ਼ਾਮੋਸ਼ ਹੂੰ ਮੈਂ
ਮੇਰੇ ਮਾਹੌਲ ਮੇਂ ਤੂਫ਼ਾਨ ਨਾ ਆਇਆ ਕੋਈ
ਕਿਤਨੇ ਅਰਮਾਨ ਮਿਟੇ ਏਕ ਤਮੰਨਾ ਨਾ ਲਿਯੇ

ਘਰ ਲੁਟਾਨੇ ਪੇ ਭੀ ਮੇਹਮਾਨ ਨਾ ਆਇਆ ਕੋਈ

ਕਿਤਨੇ ਹੀ ਸਾਲ ਸਿਤਾਰੋਂ ਕੀ ਤਰਹ ਟੂਟ ਗਏ...

ਜਿਵੇਂ ਕੋਈ ਇਸਤ੍ਰੀ ਬਾਂਝ ਰਹਿ ਜਾਵੇ, ਉਸਦੀ ਕੁੱਖ ਨਾ ਭਰੇ, ਉਸਦੀ ਗੋਦੀ ਵਿਚ ਕੋਈ ਚੰਦ ਨਾ ਉਤਰੇ—ਇਵੇਂ ਹੀ ਜਦ ਤਕ ਹਰੀ ਤੁਹਾਡੀ ਗੋਦੀ ਵਿਚ ਨਾ ਉਤਰ ਆਏ, ਹਰੀ ਦਾ ਚੰਦ ਤੁਹਾਡੇ ਹਿਰਦੇ ਵਿਚ ਨਾ ਉਤਰ ਆਏ, ਤਦ ਤਕ ਸਮਝਣਾ ਅਜੇ ਕੁਝ ਵੀ ਨਹੀਂ ਹੋਇਆ। ਅਜੇ ਅਸਲੀ ਗੱਲ ਹੋਣ ਨੂੰ ਹੈ। ਤਲਾਸ਼ਣਾ, ਖੋਜਣਾ! ਰੁਕੇ ਨਾ ਰਹਿ ਜਾਣਾ, ਬੈਠੇ ਨਾ ਰਹਿ ਜਾਣਾ। ਜਗਾਉਣਾ ਅਤ੍ਰਿਪਤੀ ਨੂੰ, ਜਗਾਉਣਾ ਅਸੰਤੋਸ਼ ਨੂੰ। ਜਗਾਉਣਾ ਉਸਦੀ ਤ੍ਰਿਖਾ ਨੂੰ। ਜਗਾਉਣਾ ਇਕ ਭਿਆਨਕ ਲਪਟ ਕਿ ਉਸਨੂੰ ਪਾ ਕੇ ਹੀ ਰਹਾਂਗਾ; ਕਿ ਉਸਨੂੰ ਬਿਨਾਂ ਪਾਇਆਂ ਜਾਣਾ ਨਹੀਂ ਹੈ; ਕਿ ਸਭ ਦਾਅ 'ਤੇ ਲਾਵਾਂਗਾ, ਕਿ ਮਿਟਣਾ ਪਵੇ ਤਾਂ ਮਿਟਾਂਗਾ; ਕੁਝ ਵੀ ਨਹੀਂ ਬਚਾਵਾਂਗਾ। ਤਦ ਕੋਈ ਬੋਲ ਸਕਦਾ ਹੈ—ਹਰਿ ਬੋਲੌ ਹਰਿ ਬੋਲ।

ਅਤੇ ਹਰੀ ਦੇ ਬੋਲਦਿਆਂ ਹੀ ਤੁਹਾਡੇ ਜੀਵਨ ਵਿਚ ਹਜ਼ਾਰ—ਹਜ਼ਾਰ ਕਮਲ ਖਿੜਨੇ ਸ਼ੁਰੂ ਹੋ ਜਾਂਦੇ ਹਨ। ਬਸ ਇਹੀ ਇਕ ਗੱਲ ਰੋਜ਼—ਰੋਜ਼ ਕਹਿ ਰਿਹਾ ਹਾਂ। ਅਤੇ ਮੈਂ ਹੀ ਨਹੀਂ ਕਹਿ ਰਿਹਾ ਹਾਂ, ਉਹੀ ਗੱਲ ਰੋਜ਼—ਰੋਜ਼ ਕਹੀ ਗਈ ਹੈ—ਕ੍ਰਿਸ਼ਨ ਨੇ, ਬੁੱਧ ਨੇ, ਮੁਹੰਮਦ ਨੇ, ਨਾਨਕ ਨੇ, ਕਬੀਰ ਨੇ, ਦਾਦੂ ਨੇ, ਸੁੰਦਰਦਾਸ ਨੇ। ਬਸ ਇਹੀ ਇਕ ਗੱਲ ਕਹੀ ਹੈ। ਦੂਜੀ ਗੱਲ ਕਹਿਣ ਨੂੰ ਨਹੀਂ ਹੈ। ਇਸ ਇਕ ਗੱਲ ਨੂੰ ਸੁਣ ਲੈਣ 'ਤੇ, ਸਭ ਸੁਣ ਲਿਆ ਗਿਆ। ਇਸ ਇਕ ਗੱਲ ਨੂੰ ਸਮਝ ਲੈਣ 'ਤੇ, ਸਭ ਸਮਝ ਲਿਆ ਗਿਆ। ਅਤੇ ਇਸ ਇਕ ਤੋਂ ਖੁੰਝੇ ਤਾਂ ਕਿੰਨਾ ਹੀ ਤੁਸੀਂ ਜਾਣੋ, ਤੁਹਾਡੇ ਜਾਣਨ ਦਾ ਮੁੱਲ ਦੋ ਕੌਡੀ ਹੈ। ਅਤੇ ਤੁਸੀਂ ਕਿੰਨਾ ਹੀ ਸੁਣਿਆ ਹੋਵੇ, ਕਿੰਨਾ ਹੀ ਪੜ੍ਹਿਆ ਹੋਵੇ, ਸਮਝਣਾ ਕਿ ਖ਼ੁਦ ਨੂੰ ਧੋਖਾ ਦਿੰਦੇ ਰਹੇ। ਹਰੀ—ਦਰਸ਼ਨ ਹੋਵੇ, ਹਰੀ—ਮਿਲਾਪ ਹੋਵੇ, ਤਾਂ ਹੀ ਇਸ ਜੀਵਨ ਵਿਚ ਸ਼ਿੰਗਾਰ ਹੈ, ਤਾਂ ਹੀ ਇਸ ਜੀਵਨ ਵਿਚ ਉਤਸਵ ਹੈ।

ਸੁਣੋ ਇਹ ਸੂਤਰ—ਸੁੰਦਰਦਾਸ ਪੁਕਾਰਿਕੈ ਕਹਤ ਬਜਾਏਂ ਢੋਲ! ਢੋਲ ਵਜਾ ਕੇ ਕਹਿ ਰਹੇ ਹਨ। ਐਪਰ ਆਦਮੀ ਕੁਝ ਅਜੇਹਾ ਹੈ, ਫਜ਼ਲੂ ਦੀਆਂ ਗੱਲਾਂ ਹੌਲੀ—ਹੌਲੀ ਵੀ ਕਹੋ ਤਾਂ ਵੀ ਸੁਣ ਲੈਂਦਾ ਹੈ; ਸਾਰਥਕ ਗੱਲਾਂ ਜ਼ੋਰ ਨਾਲ ਕਹੋ ਤਾਂ ਵੀ ਨਹੀਂ ਸੁਣਦਾ। ਸੁਣਨਾ ਨਹੀਂ ਚਾਹੁੰਦਾ। ਅਤੇ ਜੋ ਤੁਸੀਂ ਸੁਣਨਾ ਨਹੀਂ ਚਾਹੁੰਦੇ ਉਹ ਢੋਲ ਵਜਾ ਕੇ ਵੀ ਕਿਹਾ ਜਾਵੇ ਤਾਂ ਸੁਣਿਆਂ ਨਹੀਂ ਜਾਇਗਾ।

ਜੀਸਸ ਨੇ ਆਪਣੇ ਸ਼ਿੱਸ਼ਾਂ ਨੂੰ ਕਿਹਾ ਹੈ—ਜਾਉ, ਚੜ੍ਹ ਜਾਉ ਮਕਾਨਾਂ ਦੇ ਬਨੇਰਿਆਂ ਉਤੇ। ਵਜਾਉ ਢੋਲ। ਚਿੱਲਾ—ਚਿੱਲਾ ਕੇ ਕਹੋ ਕਿ ਮੈਂ ਆ ਗਿਆ ਹਾਂ। ਸ਼ਾਇਦ ਹਜ਼ਾਰ ਲੋਕਾਂ ਦੇ ਕੰਨ 'ਚ ਪਵੇ ਤਾਂ ਇਕ—ਅੱਧਾ ਸੁਣੇ।

ਬੁੱਧ ਚਾਲੀ ਵਰ੍ਹਿਆਂ ਤਕ ਲਗਾਤਾਰ ਸਵੇਰ—ਸ਼ਾਮ ਸਮਝਾਉਂਦੇ ਰਹੇ, ਸਮਝਾਉਂਦੇ ਰਹੇ। ਕਿਨੇ ਥੋੜ੍ਹੇ—ਜਿਹੇ ਲੋਕਾਂ ਨੇ ਉਹਨਾਂ ਦੇ ਖੂਹ ਤੋਂ ਪਾਣੀ ਪੀਤਾ। ਜਿਨ੍ਹਾਂ ਨੇ ਪੀਤਾ, ਉਹਨਾਂ ਦੀ ਪਿਆਸ ਹਮੇਸ਼ਾ ਦੇ ਲਈ ਮਿਟ ਗਈ। ਐਪਰ

ਅਨੰਤਾਂ ਨੇ ਤਾਂ ਤੈਅ ਇਹੀ ਕੀਤਾ ਕਿ ਨਹੀਂ ਪੀਵਾਂਗੇ, ਪਿਆਸੇ ਹੀ ਰਹਾਂਗੇ। ਆਦਮੀ ਦੇ ਇਸ ਨਿਰਨੇ ਦੇ ਪਿਛੇ ਕੀ ਹੈ ਕਾਰਨ? ਜ਼ਰੂਰ ਕੋਈ ਵੱਡਾ ਕਾਰਨ ਹੈ। ਆਖ਼ਰ ਇੰਨੀ ਕੀ ਅੜਿੱਚਣ ਹੈ ਈਸ਼ਵਰ ਨੂੰ ਚੇਤੇ ਕਰਨ ਵਿਚ? ਕੀਮਤ ਅਦਾ ਕਰਨ ਦੀ ਤਿਆਰੀ ਨਹੀਂ ਹੈ। ਅਤੇ ਕੀਮਤ ਕੋਈ ਅਜੇਹੀ ਨਹੀਂ ਕਿ ਦੋ ਫੁੱਲ ਚੜ੍ਹਾ ਦਿਤੇ, ਕਿ ਚਾਰ ਪੈਸੇ ਚੜ੍ਹਾ ਆਏ। ਤੁਸੀਂ ਵੀ ਕੀ ਕਚਰਾ ਪਰਮਾਤਮਾ ਨੂੰ ਚੜ੍ਹਾਉਂਦੇ ਹੋ ਜਾ ਕੇ! ਜਦ ਤਕ ਖ਼ੁਦ ਨੂੰ ਨਹੀਂ ਚੜ੍ਹਾਇਆ ਤਦ ਤਕ ਕੁਝ ਨਹੀਂ ਚੜ੍ਹਾਇਆ। ਹੋਰ ਕੁਝ ਨਾ ਚੜ੍ਹਾਉਣਾ। ਤੁਸੀਂ ਵੀ ਕੀ ਪਾਗਲਪਣ ਦੀ ਗੱਲ ਕਰਦੇ ਹੋ ਕਿ ਚਾਰ ਪੈਸੇ ਚੜ੍ਹਾ ਆਏ! ਅਤੇ ਅਕਸਰ ਤਾਂ ਉਹ ਚਾਰ ਪੈਸੇ ਖੋਟੇ ਹੁੰਦੇ ਹਨ। ਅਤੇ ਚਾਰ ਪੈਸੇ ਚੜ੍ਹਾਉਂਦੇ ਹੋ ਤਾਂ ਪਤਾ ਨਹੀਂ ਕਿੰਨੀ ਚਾਹਨਾ ਵਿਚ ਚੜ੍ਹਾਉਂਦੇ ਹੋ ਕਿ ਹੋਰ ਕਿੰਨੇ ਮਿਲ ਜਾਣਗੇ। ਮਜਬੂਰੀ ਵਿਚ ਚੜ੍ਹਾਉਂਦੇ ਹੋ।

ਇਕ ਛੋਟੇ ਬੱਚੇ ਨੂੰ ਉਸਦੀ ਮਾਂ ਨੇ ਦੋ ਚੁਆਨੀਆਂ ਦਿਤੀਆਂ ਅਤੇ ਕਿਹਾ : ਅੱਜ ਕ੍ਰਿਸ਼ਨ ਜਨਮਸ਼ਟਮੀ ਹੈ। ਇਕ ਤੂੰ ਰਖ ਲਵੀਂ ਅਤੇ ਇਕ ਜਾ ਕੇ ਕ੍ਰਿਸ਼ਨ ਦੇ ਮੰਦਰ ਵਿਚ ਚੜ੍ਹਾ ਆ।

ਬੜਾ ਖ਼ੁਸ਼ ਸੀ ਬੱਚਾ। ਉਹਨਾਂ ਚਮਕੀਲੀਆਂ ਚੁਆਨੀਆਂ ਨੂੰ ਉਛਾਲਦਾ ਹੋਇਆ ਮੰਦਰ ਦੀ ਤਰਫ ਜਾ ਰਿਹਾ ਸੀ। ਇਕ ਉਸਦੇ ਹੱਥ ਤੋਂ ਛੁੱਟੀ, ਡਿੱਗੀ ਸੜਕ ਉਤੇ, ਸਰਕੀ ਅਤੇ ਨਾਲੀ ਵਿਚ ਚਲੀ ਗਈ। ਧੱਕ ਕਰਕੇ ਰਹਿ ਗਿਆ ਉਸਦਾ ਦਿਲ! ਲੇਕਿਨ ਆਦਮੀ ਦਾ ਬੱਚਾ! ਉਸਨੇ ਅਸਮਾਨ ਵਲ ਦੇਖ ਕੇ ਕਿਹਾ ਕਿ ਹੇ ਕ੍ਰਿਸ਼ਨਦੇਵ ਮਹਾਰਾਜ? ਤੁਹਾਡੀ ਚੁਆਨੀ ਤਾਂ ਚੜ੍ਹ ਗਈ। ਹੁਣ ਤੁਸੀਂ ਤਾਂ ਸਰਬਵਿਆਪੀ ਹੋ। ਹੁਣ ਮੈਂ ਕਿਥੇ ਭਾਲਾਂਗਾ ਉਸ ਚੁਵਾਨੀ ਨੂੰ। ਉਹ ਤੇਰੀ ਰਹੀ।

ਜੋ ਫਜ਼ੂਲ ਹੈ, ਜੋ ਸਾਥੋਂ ਛੁੱਟਿਆ ਹੀ ਜਾ ਰਿਹਾ ਹੈ, ਜੋ ਸਾਡੇ ਕਿਸੇ ਕੰਮ ਦਾ ਹੀ ਨਹੀਂ ਹੈ, ਉਸਨੂੰ ਅਸੀਂ ਚੜ੍ਹਾ ਆਉਂਦੇ ਹਾਂ। ਤੁਸੀਂ ਕੀ ਧੋਖਾ ਦੇ ਰਹੇ ਹੋ? ਤੁਹਾਡੇ ਸਿੱਕੇ ਉਥੇ ਨਹੀਂ ਚਲਦੇ। ਤੁਹਾਡੇ ਸਿੱਕੇ ਇਥੇ ਭਾਵੇਂ ਚਲਦੇ ਹੋਣ। ਇਕ ਦੇਸ਼ ਦੇ ਸਿੱਕੇ ਦੂਜੇ ਦੇਸ਼ ਵਿਚ ਨਹੀਂ ਚਲਦੇ, ਇਸ ਲੋਕ ਦੇ ਸਿੱਕੇ ਉਸ ਲੋਕ ਵਿਚ ਕਿਵੇਂ ਚੱਲਣਗੇ? ਜ਼ਰਾ ਸੋਚੋ ਤਾਂ! ਔਪਰ ਲੋਕ ਬੜੇ ਹੁਸ਼ਿਆਰ ਹਨ।

ਇਕ ਆਦਮੀ ਮਰਿਆ। ਆਪਣੇ ਤਿੰਨ ਮਿੱਤਰਾਂ ਨੂੰ ਕਹਿ ਗਿਆ ਸੀ ਕਿ 'ਮਰ ਜਾਵਾਂ ਤਾਂ ਜ਼ਿੰਦਗੀ–ਭਰ ਦੀ ਯਾਦ ਵਿਚ ਮੇਰੀ ਲਾਸ਼ ਉਤੇ ਕੁਝ ਭੇਟਾ ਚੜ੍ਹਾ ਦੇਣਾ। ਉਹਨਾਂ ਵਿਚੋਂ ਇਕ ਤਾਂ ਪਾਰਸੀ ਸੀ—ਸਿੱਧਾ–ਸਾਦਾ ਪਾਰਸੀ। ਉਸਨੇ ਸੌ ਰੁਪਏ ਦਾ ਨੋਟ ਚੜ੍ਹਾ ਦਿਤਾ। ਦੂਜਾ ਆਦਮੀ ਗੁਜਰਾਤੀ ਸੀ—ਹੁਸ਼ਿਆਰ! ਉਸਨੇ ਦੇਖਿਆ ਕਿ ਸੌ ਰੁਪਏ ਦਾ ਨੋਟ ਚੜ੍ਹਾਇਆ ਹੈ, ਇਹ ਸੌ ਰੁਪਏ ਵਿਅਰਥ ਚਲੇ ਜਾਣਗੇ। ਉਸਨੇ ਇਕ ਹਜ਼ਾਰ ਦਾ ਨੋਟ ਚੜ੍ਹਾ ਦਿਤਾ। ਸੌ ਰੁਪਏ ਚੁੱਕ ਕੇ ਰਖ ਲਏ। ਹਜ਼ਾਰ ਦੇ ਨੋਟ ਹੁਣ ਚਲਦੇ ਨਹੀਂ। ਉਸਨੇ ਕਿਹਾ : ਭਰਾ! ਨੌਂ ਸੌ ਮੇਰੇ ਵਲੋਂ।

ਤੀਜਾ ਮਾਰਵਾੜੀ ਸੀ। ਉਸਨੇ ਦੋਵੇਂ ਨੋਟ ਚੁੱਕ ਲਏ ਅਤੇ ਇਕ ਚੈਕ ਲਿਖ ਕੇ ਰਖ ਦਿਤਾ। ਹੁਣ ਨਾ ਮੁਰਦਾ ਚੈਕ ਭੁਨਾਉਣ ਆਏਗਾ, ਨਾ ਕੋਈ ਝੰਜਟ ਹੋਵੇਗੀ।

ਆਦਮੀ ਪਰਲੋਕ ਨੂੰ ਵੀ ਧੋਖਾ ਦੇਣ ਦੇ ਸਾਰੇ ਉਪਾਅ ਕਰ ਰਹੇ ਹਨ। ਪਰਲੋਕ ਨਾਲ ਵੀ ਜਦ ਮਾਰਵਾੜੀ ਆਪਣਾ ਸਬੰਧ ਜੋੜਦਾ ਹੈ, ਤਾਂ ਆਪਣੇ ਹਿਸਾਬ ਨਾਲ ਜੋੜਦਾ ਹੈ। ਉਥੇ ਵੀ ਆਪਣੀ ਚਾਲਬਾਜ਼ੀ ਲਾ ਦਿੰਦਾ ਹੈ। ਅਤੇ ਇਥੇ ਸਾਰੇ ਤਾਂ ਮਾਰਵਾੜੀ ਹਨ। ਮਾਰਵਾੜ ਨਾਲ ਥੋੜ੍ਹਾ-ਈ ਮਾਰਵਾੜੀ ਦਾ ਕੋਈ ਲੈਣਾ-ਦੇਣਾ ਹੈ। ਜਿਥੇ ਚਲਾਕੀ ਹੈ, ਉਥੇ-ਈ ਮਾਰਵਾੜੀ ਹੈ। ਜਿਥੇ ਬੇਈਮਾਨੀ ਹੈ, ਉਥੇ-ਈ ਮਾਰਵਾੜੀ ਹੈ। ਜਿਥੇ ਕੰਜੂਸੀ ਹੈ, ਉਥੇ-ਈ ਮਾਰਵਾੜੀ ਹੈ। ਇਥੇ ਕੌਣ ਹੈ, ਜਿਹੜਾ ਮਾਰਵਾੜੀ ਨਹੀਂ ਹੈ! ਅਤੇ ਤੁਸੀਂ ਆਪਣੀਆਂ ਚਲਾਕੀਆਂ ਪਰਮਾਤਮਾ ਤਕ ਫੈਲਾ ਦਿਤੀਆਂ ਹਨ।

ਨਹੀਂ; ਕੁਝ ਹੋਰ ਚੜ੍ਹਾਉਣ ਨਾਲ ਕੰਮ ਨਹੀਂ ਚੱਲਣਾ। ਖ਼ੁਦ ਨੂੰ ਚੜ੍ਹਾਉਣਾ ਹੋਵੇਗਾ। ਉਨੀ ਹਿੰਮਤ ਕੁਝ ਮਰਦਾਂ ਵਿਚ ਹੁੰਦੀ ਹੈ। ਉਹੀ ਮਰਦ ਪਾ ਪਾਂਦੇ ਹਨ।

ਧਰਮ ਡਰਾਕਲ ਅਤੇ ਕਾਇਰ ਦਾ ਰਾਹ ਨਹੀਂ ਹੈ—ਹੌਸਲਾਮੰਦ ਦਾ, ਦਲੇਰ ਦਾ ਰਾਹ ਹੈ।

ਅੱਜ ਦੇ ਬਚਨ ਬੜੇ ਪਿਆਰੇ ਹਨ। ਇਕ-ਇਕ ਬਚਨ ਅਜੇਹਾ ਹੈ ਕਿ ਤਾਰੋ ਮੁੱਲ, ਤਾਂ ਤਾਰਿਆ ਨਾ ਜਾ ਸਕੇ।

ਬਾਂਕਿ ਬੁਰਾਈ ਛਾੜਿ ਸਬ, ਗਾਂਠਿ ਹ੍ਰਿਦੈ ਕੀ ਖੋਲ।
ਬੇਗਿ ਵਿਲੰਬ ਕਿਓਂ ਬਨਤ ਹੈ, ਹਰਿ ਬੋਲੌ ਹਰਿ ਬੋਲ॥

ਸੁੰਦਰਦਾਸ ਕਹਿੰਦੇ ਹਨ : ਉਂਜ ਹੀ ਬਹੁਤ ਦੇਰ ਹੋ ਗਈ, ਹੁਣ ਹੋਰ ਦੇਰ ਕਿਉਂ ਲਾ ਰਿਹਾ ਹੈਂ? ਸਵੇਰ ਸ਼ਾਮ ਹੋਣ ਲੱਗੀ। ਕਹਿੰਦੇ ਹਨ, ਸਵੇਰ ਦਾ ਭੁੱਲਿਆ ਸ਼ਾਮੀਂ ਆ ਜਾਵੇ ਤਾਂ ਭੁੱਲਿਆ ਨਹੀਂ ਅਖਵਾਉਂਦਾ। ਲੇਕਿਨ ਹੁਣ ਤਾਂ ਸ਼ਾਮ ਵੀ ਹੋਣ ਲੱਗੀ ਅਤੇ ਤੂੰ ਹੁਣ ਵੀ ਘਰ ਨਹੀਂ ਮੁੜਿਆ ਹੈ! ਸੱਚ ਤਾਂ ਇਹ ਹੈ—ਕਿੰਨੀਆਂ ਸਵੇਰਾਂ ਸ਼ਾਮਾਂ ਬਣ ਚੁੱਕੀਆਂ, ਕਿੰਨੇ ਜਨਮ ਮੌਤ ਬਣੇ—ਅਤੇ ਫਿਰ ਵੀ ਤੂੰ ਉਸੇ ਘੇਰੇ ਵਿਚ ਘੁੰਮਦਾ ਰਿਹਾ ਹੈਂ, ਕੋਹਲੂ ਦੇ ਬੈਲ ਦੀ ਤਰ੍ਹਾਂ। ਕਿੰਨੀ ਪਛੇਤ ਤਾਂ ਹੋ ਹੀ ਚੁੱਕੀ ਹੈ। ਹੁਣ ਹੋਰ ਮੁਲਤਵੀ ਨਾ ਕਰੋ। ਹੁਣ ਨਾ ਕਹੋ ਕਿ ਕਲ੍ਹ! ਹੁਣ ਤਾਂ ਅੱਜ! ਹੁਣ ਤਾਂ ਹੁਣੇ।

ਬੇਗਿ ਵਿਲੰਬਿ ਕਿਓਂ ਬਨਤ ਹੈ!

ਜ਼ਰਾ ਦੇਖ, ਕਿਉਂ ਦੇਰ ਕਰ ਰਿਰਾ ਹੈਂ?

ਦੇਰ ਕਰਨ ਵਿਚ ਅਸੀਂ ਬੜੇ ਕੁਸ਼ਲ ਹਾਂ। ਅਸੀਂ ਕਲ੍ਹ ਉਤੇ ਟਾਲਣ ਵਿਚ ਬੜੇ ਹੁਸ਼ਿਆਰ ਹਾਂ। ਅਤੇ ਤੁਸੀਂ ਦੇਖਿਐ, ਸਾਡਾ ਗਣਿਤ ਕੀ ਹੈ? ਵਿਅਰਥ ਨੂੰ ਤਾਂ ਅਸੀਂ ਹੁਣੇ ਕਰ ਲੈਂਦੇ ਹਾਂ, ਸਾਰਥਕ ਅਸੀਂ ਕਲ੍ਹ ਉਤੇ ਟਾਲ ਦਿੰਦੇ ਹਾਂ। ਜੇ ਕੋਈ ਤੁਹਾਡੇ ਉਤੇ ਕ੍ਰੋਧ ਕਰਦਾ ਹੈ ਤਾਂ ਤੁਸੀਂ ਉਸੇ ਛਿਨ ਕ੍ਰੋਧ 'ਚ ਆ ਜਾਂਦੇ ਹੋ। ਨਾਲ ਦੀ ਨਾਲ! ਨਗਦ ਹੁੰਦਾ ਹੈ ਤੁਹਾਡਾ ਕ੍ਰੋਧ। ਤੁਸੀਂ ਅੱਗ ਨਾਲ ਭਰ ਜਾਂਦੇ ਹੋ। ਤੁਸੀਂ ਉਸੇ ਛਿਨ ਕੁਝ ਕਰਨਾ ਚਾਹੁੰਦੇ ਹੋ। ਪਰ ਜੇਕਰ ਪ੍ਰੇਮ ਉਠੇ, ਤਾਂ ਤੁਸੀਂ ਕਹਿੰਦੇ ਹੋ ਕਲ੍ਹ। ਜੇ ਦਯਾ ਉਠੇ, ਤਾਂ ਤੁਸੀਂ ਕਹਿੰਦੇ ਹੋ ਕਲ੍ਹ, ਜੇ ਦਾਨ ਦਾ ਭਾਵ ਉਠੇ, ਤਾਂ ਤੁਸੀਂ ਕਹਿੰਦੇ ਹੋ ਕਲ੍ਹ। ਕ੍ਰੋਧ ਉਠੇ ਤਾਂ ਹੁਣੇ, ਲੋਭ ਉਠੇ ਤਾਂ ਹੁਣੇ, ਹਿੰਸਾ ਉਠੇ ਤਾਂ ਹੁਣੇ। ਕਰੁਣਾ ਉਠੇ ਤਾਂ ਕਲ੍ਹ।

ਅਤੇ ਧਿਆਨ ਰਖਣਾ, ਜੋ ਕਲ੍ਹ ਉਤੇ ਛਡਿਆ, ਉਹ ਹਮੇਸ਼ਾ ਦੇ ਲਈ ਛੱਡਿਆ। ਅਸਲ ਵਿਚ 'ਕਲ੍ਹ' ਸਾਡੀ ਇਕ ਤਰਕੀਬ ਹੈ ਛੱਡਣ ਦੀ ਅਤੇ ਨਾਲ ਹੀ ਇਹ ਵੀ ਮੰਨੀਂ ਰਖਣ ਦੀ—ਛੱਡਿਆ ਥੋੜ੍ਹਾ—ਈ ਹੈ, ਕਲ੍ਹ ਕਰ ਲਵਾਂਗੇ। ਇਉਂ ਮਨ ਨੂੰ ਤਸੱਲੀ ਬਣੀ ਰਹਿੰਦੀ ਹੈ। ਕਲ੍ਹ ਤਾਂ ਕਰਨਾ ਹੀ ਹੈ। ਅੱਜ ਨਹੀਂ ਕੀਤਾ ਤਾਂ ਕੋਈ ਛਡ ਥੋੜ੍ਹਾ—ਈ ਦਿਤਾ ਹੈ, ਕਲ੍ਹ ਕਰਾਂਗੇ। ਕਲ੍ਹ ਕਦੇ ਆਉਂਦਾ ਨਹੀਂ। ਅਤੇ ਰੋਜ਼—ਰੋਜ਼ ਅਸੀਂ ਕਲ੍ਹ ਉਤੇ ਟਾਲੀ ਚਲੇ ਜਾਂਦੇ ਹਾਂ। ਅਤੇ ਜੋ ਫਜ਼ੂਲ ਹੈ, ਅਸੀਂ ਨਿੱਤ ਕਰੀ ਚਲੇ ਜਾਂਦੇ ਹਾਂ। ਇਸ ਪਰਕਿਰਿਆ ਨੂੰ ਬਦਲੋ। ਫਜ਼ੂਲ ਨੂੰ ਕਹਿਣਾ ਕਲ੍ਹ। ਸਾਰਥਕ ਨੂੰ ਕਹਿਣਾ ਅੱਜ। ਕਿਉਂਕਿ ਜੋ ਨਾ ਕਰਨਾ ਹੋਵੇ ਉਸਨੂੰ ਕਲ੍ਹ ਉਤੇ ਟਾਲ ਦਿਉ। ਜੋ ਕਰਨਾ ਹੈ ਉਸਨੂੰ ਅੱਜ ਕਰ ਲਉ।

ਗੁਰਜਿਏਫ ਦਾ ਬਾਪ ਮਰ ਰਿਹਾ ਸੀ। ਬੁੱਢਾ ਸੀ। ਉਸਨੇ ਆਪਣੇ ਬੇਟੇ ਨੂੰ ਕੋਲ ਸੱਦਿਆ। ਅਤੇ ਕਿਹਾ ਕਿ ਤੈਨੂੰ ਦੇਣ ਲਈ ਮੇਰੇ ਕੋਲ ਕੁਝ ਹੋਰ ਨਹੀਂ, ਸਿਰਫ ਇਕ ਛੋਟਾ—ਜਿਹਾ ਸੂਤਰ ਹੈ, ਜੋ ਮੇਰੇ ਬਾਪ ਨੇ ਮੈਨੂੰ ਦਿਤਾ ਸੀ। ਉਸਨੇ ਮੇਰੀ ਜ਼ਿੰਦਗੀ ਬਦਲ ਦਿਤੀ। ਮੇਰਾ ਬਾਪ ਅਨਪੜ੍ਹ ਸੀ, ਮੈਂ ਵੀ ਅਨਪੜ੍ਹ ਹਾਂ। ਸਾਡੇ ਕੋਲ ਬਹੁਤਾ ਨਹੀਂ ਹੈ ਦੇਣ ਨੂੰ। ਲੇਕਿਨ ਇਹ ਸੂਤਰ ਮੇਰੀ ਜ਼ਿੰਦਗੀ ਵਿਚ ਅਜੇਹਾ ਸੀ, ਜਿਵੇਂ ਸੋਨਾ ਬਰਸਿਆ ਹੋਵੇ ਜਿਸ ਵਿਚ ਸੁਗੰਧ ਰਹੀ ਹੋਵੇ। ਤੂੰ ਵੀ ਇਸਨੂੰ ਯਾਦ ਰਖ ਲੈ।

ਗੁਰਜਿਏਫ ਛੋਟਾ ਹੀ ਸੀ—ਨੌਂ ਹੀ ਸਾਲ ਦਾ ਸੀ। ਬਾਪ ਨੇ ਕਿਹਾ ਕਿ ਸ਼ਾਇਦ ਹਾਲੇ ਤੂੰ ਸਮਝੇਂ ਵੀ ਨਾ, ਐਪਰ ਯਾਦ ਰਖ ਲੈ। ਕਦੇ ਜਦ ਵੱਡਾ ਹੋ ਜਾਏਂਗਾ ਤਾਂ ਕੰਮ ਆ ਜਾਏਗਾ। ਭੁਨਾ ਲਵੀਂ ਬਾਅਦ ਵਿਚ। ਪਰ ਯਾਦ ਰਖ ਲੈ ਹੁਣੇ। ਛੋਟਾ—ਜਿਹਾ ਸੂਤਰ ਸੀ। ਗੁਰਜਿਏਫ ਬਾਅਦ ਵਿਚ ਕਹਿੰਦਾ ਸੀ ਕਿ ਉਸ ਛੋਟੇ—ਜਿਹੇ ਸੂਤਰ ਨੇ ਮੇਰੀ ਪੂਰੀ ਜ਼ਿੰਦਗੀ ਬਦਲ ਦਿਤੀ। ਸੂਤਰ ਕੀ ਸੀ? ਇਹੀ ਸੀ ਕਿ ਜੇਕਰ ਕੋਈ ਅਪਮਾਨ ਕਰੇ ਤਾਂ ਚੌਵੀ ਘੰਟੇ ਦਾ ਸਮਾਂ ਮੰਗ ਕੇ ਜਵਾਬ ਦੇਣਾ। ਕਹਿਣਾ ਕਿ ਚੌਵੀ ਘੰਟੇ ਦਾ ਸਮਾਂ ਦੇ ਦਿਉ। ਸੋਚਾਂਗਾ, ਵਿਚਾਰਾਂਗਾ, ਚੌਵੀ ਘੰਟੇ ਦੇ ਬਾਅਦ ਆ ਕੇ ਜਵਾਬ ਦੇ ਦਿਆਂਗਾ। ਅਜੇਹੀ ਛੇਤੀ ਵੀ ਕੀ ਹੈ? ਹੋ ਸਕਦਾ ਹੈ, ਚੌਵੀ ਘੰਟੇ ਵਿਚ ਦਿਖਾਈ ਪੈ ਜਾਵੇ ਕਿ ਜੋ ਉਸਨੇ ਕਿਹਾ, ਉਹ ਠੀਕ ਹੀ ਹੈ। ਜਿਵੇਂ ਕਿਸੇ ਨੇ ਤੁਹਾਨੂੰ ਚੋਰ ਕਹਿ ਦਿਤਾ ਭਰੇ ਬਜ਼ਾਰ ਵਿਚ, ਸੌ ਵਿਚੋਂ ਨੜ੍ਹਿੰਨਵੇਂ ਮੌਕੇ ਤਾਂ ਇਹ ਹਨ ਕਿ ਉਹ ਠੀਕ ਹੀ ਕਹਿ ਰਿਹਾ ਹੈ। ਇਸ ਧਰਤੀ ਉਤੇ ਅਜੇਹਾ ਆਦਮੀ ਪਾਣਾ ਮੁਸ਼ਕਲ ਹੈ ਜਿਹੜਾ ਚੋਰ ਨਾ ਹੋਵੇ, ਕਿਸੇ—ਨਾ—ਕਿਸੇ ਅਰਥ ਵਿਚ ਚੋਰ ਨਾ ਹੋਵੇ। ਚੌਵੀ ਘੰਟੇ ਸੋਚੋਗੇ ਤਾਂ ਸ਼ਾਇਦ ਲੱਗੇਗਾ ਉਸਨੇ ਠੀਕ ਹੀ ਤਾਂ ਕਿਹੈ। ਅਪਮਾਨ ਕਿਥੇ ਹੈ? ਬੁਰਾਈ ਕਿਥੇ ਹੈ? ਜਾਵਾਂ, ਧੰਨਵਾਦ ਦੇ ਆਵਾਂ। ਜਾਂ ਇਹ ਵੀ ਹੋ ਸਕਦਾ ਹੈ ਕਿ ਤੁਸੀਂ ਉਹਨਾਂ ਲੋਕਾਂ ਵਿਚੋਂ ਹੋਵੋ ਜਿਹੜੇ ਚੋਰ ਨਹੀਂ ਹਨ। ਤਾਂ ਤੁਹਾਨੂੰ ਹਾਸਾ ਆਏਗਾ ਚੌਵੀ ਘੰਟੇ ਵਿਚ ਕਿ ਕੀ ਫਜ਼ੂਲ ਗੱਲ ਆਖੀ। ਇਸਨੂੰ ਕੁਝ ਵੀ ਪਤਾ ਨਹੀਂ। ਤੁਸੀਂ ਹੱਸੋਗੇ। ਇਸ ਵਿਚ ਕ੍ਰੋਧ ਦਾ ਕੀ ਕਾਰਨ ਹੈ? ਜੋ ਤੁਹਾਡੇ ਉਤੇ ਲਾਗੂ ਹੀ ਨਹੀਂ ਹੁੰਦਾ ਉਸ ਉਤੇ ਕ੍ਰੋਧ ਕੀ ਕਰਨਾ ਹੈ? ਜਿਵੇਂ ਤੁਹਾਨੂੰ ਕਿਹਾ ਹੀ ਨਹੀਂ ਗਿਆ। ਇਸ ਨਾਲ ਤੁਹਾਡਾ ਕੋਈ ਸਬੰਧ

ਨਹੀਂ ਹੈ।

ਇਹ ਦੋ ਹੀ ਸੰਭਾਵਨਾਵਾਂ ਹਨ। ਜਾਂ ਤਾਂ ਸੱਚ ਦਿਖਾਈ ਪੈ ਜਾਏਗਾ—ਜੋ ਕਿਹਾ ਗਿਆ ਹੈ, ਉਸਦਾ; ਜਾਂ ਉਸਦਾ ਝੂਠ ਦਿਖਾਈ ਪੈ ਜਾਏਗਾ। ਜਾਂ ਤਾਂ ਕੋਈ ਚੀਜ਼ ਸੱਚ ਹੁੰਦੀ ਹੈ ਜਾਂ ਝੂਠ ਹੁੰਦੀ ਹੈ। ਜੇ ਸੱਚ ਹੈ ਤਾਂ ਜਾ ਕੇ ਧੰਨਵਾਦ ਦੇਣਾ ਅਤੇ ਜੇ ਝੂਠ ਹੈ ਤਾਂ ਜਾ ਕੇ ਕਹਿ ਆਉਣਾ ਕਿ ਭਰਾਵਾ, ਇਸ ਨਾਲ ਮੈਂ ਮੇਲ ਨਹੀਂ ਖਾਂਦਾ। ਮੇਰਾ ਸਮਝੌਤਾ ਨਹੀਂ ਹੁੰਦਾ। ਇਸ ਤੋਂ ਮੈਂ ਬਹੁਤ ਖੋਜਿਆ। ਇਹ ਗੱਲ ਮੇਰੇ ਅੰਦਰ ਜਚਦੀ ਨਹੀਂ। ਇਹ ਮੇਰੇ ਉਤੇ ਲਾਗੂ ਨਹੀਂ ਹੁੰਦੀ। ਅੰਪਰ ਝਗੜਾ ਕਿਥੇ ਹੈ?

ਅਤੇ ਗੁਰਜਿਏਫ ਨੇ ਕਿਹਾ ਕਿ ਇਸ ਸੂਤਰ ਨੂੰ ਮੰਨ ਕੇ ਮੈਂ ਚੱਲਿਆ, ਮੇਰੀ ਜ਼ਿੰਦਗੀ ਵਿਚ ਕਿਸੇ ਨਾਲ ਝਗੜਾ ਨਹੀਂ ਹੋਇਆ। ਅਤੇ ਚੌਵੀ ਘੰਟੇ ਦਾ ਜਦ ਮੈਂ ਕਿਸੇ ਕੋਲੋਂ ਸਮਾਂ ਮੰਗਿਆ ਤਾਂ ਉਹ ਵੀ ਬਹੁਤ ਚੌਂਕਿਆ। ਅਤੇ ਜਦ ਚੌਵੀ ਘੰਟੇ ਦੇ ਬਾਅਦ ਜਾ ਕੇ ਮੈਂ ਧੰਨਵਾਦ ਦਿਤਾ ਤਦ ਤਾਂ ਉਸ ਦੀਆਂ ਅੱਖਾਂ ਵਿਚੋਂ ਹੰਝੂ ਡਿੱਗਣ ਲੱਗੇ। ਜਾਂ ਚੌਵੀ ਘੰਟੇ ਦੇ ਬਾਅਦ ਜਾ ਕੇ ਮੈਂ ਕਿਹਾ ਕਿ ਮਾਫ ਕਰਨਾ ਭਰਾ, ਇਹ ਗੱਲ ਮੇਰੇ ਉਤੇ ਲਾਗੂ ਨਹੀਂ ਹੁੰਦੀ, ਮੈਂ ਬਹੁਤ ਸੋਚਿਆ; ਤੇਰੀ ਗੱਲ ਉਤੇ ਜਿੰਨਾ ਧਿਆਨ ਦੇ ਸਕਦਾ ਸੀ, ਦਿਤਾ। ਮਾਫ ਕਰਨਾ, ਇਹ ਮੇਰੇ ਉਤੇ ਲਾਗੂ ਨਹੀਂ ਹੁੰਦੀ। ਮੈਂ ਕੀ ਕਰਾਂ?.... ਤਾਂ ਵੀ ਉਹ ਆਦਮੀ ਅਚੰਭਤ ਹੋਇਆ।

ਇਕ ਤਾਂ ਕ੍ਰੋਧ ਦੇ ਲਈ ਕੋਈ ਚੌਵੀ ਘੰਟੇ ਦਾ ਸਮਾਂ ਨਹੀਂ ਮੰਗਦਾ। ਬੁਰਾਈ ਦੇ ਲਈ ਕੋਈ ਸਮਾਂ ਮੰਗਦਾ ਹੀ ਨਹੀਂ। ਬੁਰਾਈ ਤਾਂ ਅਸੀਂ ਨਾਲ ਦੀ ਨਾਲ ਕਰਦੇ ਹਾਂ, ਕਿਉਂਕਿ ਅਸੀਂ ਕਰਨਾ ਚਾਹੁੰਦੇ ਹਾਂ। ਜੋ ਅਸੀਂ ਕਰਨਾ ਚਾਹੁੰਦੇ ਹਾਂ, ਉਹ ਅਸੀਂ ਹੁਣੇ ਕਰਦੇ ਹਾਂ।

ਇਕ ਮਨੋਵਿਗਿਆਨਕ ਨੇ ਇਕ ਆਦਮੀ ਨੂੰ ਸਲਾਹ ਦਿਤੀ...। ਕਿਉਂਕਿ ਉਹ ਆਦਮੀ ਕਹਿ ਰਿਹਾ ਸੀ ਮੇਰੇ ਦਫਤਰ ਵਿਚ ਕੋਈ ਕੰਮ ਨਹੀਂ ਕਰਦਾ ਹੈ। ਮੈਂ ਬੜੀ ਪਰੇਸ਼ਾਨੀ ਵਿਚ ਪੈ ਗਿਆ ਹਾਂ। ਮੈਂ ਥੱਕ ਗਿਆ ਹਾਂ, ਉਹਨਾਂ ਨੂੰ ਕਹਿ–ਕਹਿ ਕੇ।

ਉਸ ਮਨੋਵਿਗਿਆਨਕ ਨੇ ਕਿਹਾ ਕਿ ਤੂੰ ਇਕ ਤਖ਼ਤੀ ਟੰਗ ਦੇ ਦਫਤਰ ਦੇ ਹਰ ਕਮਰੇ ਵਿਚ। ਹਰ ਟੇਬਲ ਉਤੇ ਤਖ਼ਤੀ ਲਾ ਦੇ। ਉਸ ਨਾਲ ਲੋਕਾਂ ਨੂੰ ਬੋਧ ਹੋ ਜਾਏਗਾ ਕਿ ਜੋ ਵੀ ਕਰਨਾ ਹੈ ਹੁਣੇ ਕਰ ਲਉ। ਜੋ ਵੀ ਕਰਨਾ ਹੈ, ਹੁਣੇ ਕਰਨਾ ਹੈ। ਇਸ ਤਰ੍ਹਾਂ ਦੇ ਬਚਨ ਸਾਰੇ ਦਫਤਰ ਵਿਚ ਟੰਗ ਦੇ। ਉਸਨੇ ਟੰਗ ਲਏ। ਸੁੰਦਰ–ਸੁੰਦਰ ਬਚਨ ਬਣਵਾਏ ਅਤੇ ਟੰਗ ਦਿਤੇ। ਜਿਨ੍ਹਾਂ ਦਾ ਸਭ ਦਾ ਸਾਰ ਇਹੀ ਸੀ ਕਿ ਟਾਲੋ ਨਾ, ਮੁਤਲਵੀ ਨਾ ਕਰੋ। ਜੋ ਵੀ ਕਰਨਾ ਹੈ ਹੁਣੇ ਕਰੋ। ਫਾਈਲ ਵਿਚ ਰਖ ਕੇ ਇਕੱਠੇ ਨਾ ਕਰਦੇ ਜਾਉ। ਆਲਸ ਨਾ ਕਰੋ। ਕਲ੍ਹ ਦਾ ਕੀ ਪਤਾ! ਕਲ੍ਹ ਤਾਂ ਮੌਤ ਹੈ।

ਕੁਝ ਦਿਨਾਂ ਪਿਛੋਂ ਮਨੋਵਿਗਿਆਨਕ ਨੇ ਪੁਛਿਆ ਕਿ ਕੀ ਹਾਲਤ ਹੈ, ਕੁਝ ਤਬਦੀਲੀ ਹੋਈ ਹੈ? ਉਹ ਆਦਮੀ ਬੜੇ ਗੁੱਸੇ ਵਿਚ ਆ ਗਿਆ, ਮਨੋਵਿਗਿਆਨਕ ਨੂੰ ਮਿਲਿਆ ਤਾਂ। ਉਸਨੇ ਕਿਹਾ, ਤਬਦੀਲੀ? ਜਿਸ ਦਿਨ ਮੈਂ ਪਹਿਲੇ

ਦਿਨ ਤਖ਼ਤੀ ਟੰਗੀ, ਉਸੇ ਦਿਨ ਜੋ ਝੰਜਟਾਂ ਹੋਈਆਂ ਉਹਨਾਂ ਦਾ ਹਿਸਾਬ ਲਾਉਣਾ ਮੁਸ਼ਕਲ ਹੈ। ਕੈਸ਼ੀਅਰ ਪੂਰੀ ਦੀ ਪੂਰੀ ਤਿਜੌਰੀ ਲੈ ਕੇ ਨੱਸ ਗਿਆ। ...ਕਾਲ ਕਰੇ ਸੋ ਆਜ ਕਰੇ, ਬਹੁਰਿ ਕਰੋਗੇ ਕਬ!...ਮੇਰਾ ਸੈਕ੍ਰੇਟਰੀ ਮੇਰੀ ਟਾਈਪਿਸਟ ਨੂੰ ਲੈ ਕੇ ਫਰਾਰ ਹੋ ਗਿਆ। ਅਤੇ ਮੇਰੇ ਦਰਬਾਨ ਨੇ ਮੈਨੂੰ ਘਸੁੰਨ ਮਾਰਿਆ। ਅਤੇ ਜਦ ਮੈਂ ਉਸ ਤੋਂ ਪੁਛਿਆ ਕਿ ਇਹ ਤੂੰ ਕੀ ਕਰ ਰਿਹਾ ਹੈਂ, ਤਾਂ ਉਸਨੇ ਕਿਹਾ ਕਿ ਤੁਸੀਂ ਹੀ ਤਾਂ ਤਖ਼ਤੀ ਲਗਵਾ ਦਿਤੀ। ਇਹ ਮੈਂ ਸਦਾ ਤੋਂ ਕਰਨਾ ਚਾਹੁੰਦਾ ਸੀ। ਇਕ ਘਸੁੰਨ! ਸੰਭਾਲਦਾ ਸੀ ਖ਼ੁਦ ਨੂੰ। ਤਾਂ ਫਿਰ ਜਦ ਤੁਸੀਂ ਤਖ਼ਤੀ ਹੀ ਲਾ ਦਿਤੀ ਤਾਂ ਮੈਂ ਕਿਹਾ ਹੁਣ ਜਦ ਮਾਲਕ ਹੀ ਕਹਿ ਰਹੇ ਹਨ ਕਿ ਕਰ ਹੀ ਲੈ ਜੋ ਕਰਨਾ ਹੈ...।

ਜੇ ਤੁਹਾਨੂੰ ਕੋਈ ਕਹੇ, ਹੁਣੇ ਕਰ ਲਉ, ਤਾਂ ਤੁਸੀਂ ਜ਼ਰਾ ਸੋਚਣਾ, ਤੁਸੀਂ ਕੀ ਕਰੋਗੇ? ਕਿਹੜੇ ਵਿਚਾਰ ਤੁਹਾਡੇ ਮਨ ਵਿਚ ਉਠਦੇ ਹਨ? ਤੁਹਾਡੇ ਮਨ ਵਿਚ ਇਹੀ ਸਭ ਵਿਚਾਰ ਉਠਣਗੇ। ਬੁਰੇ ਨੂੰ ਆਦਮੀ ਉਸੇ ਵੇਲੇ ਕਰ ਲੈਣਾ ਚਾਹੁੰਦਾ ਹੈ, ਭਲੇ ਨੂੰ ਟਾਲ ਦਿੰਦਾ ਹੈ; ਭਲੇ ਨੂੰ ਕਰਨਾ ਹੀ ਨਹੀਂ ਚਾਹੁੰਦਾ।

ਬੇਗਿ ਵਿਲੰਬ ਕਿਉਂ ਬਨਤ ਹੈ...। ਹੁਣ ਦੇਰ ਨਾ ਕਰੋ। ਸੁੰਦਰਦਾਸ ਕਹਿੰਦੇ ਹਨ, ਜੇ ਹਰੀ ਨੂੰ ਪੁਕਾਰਨਾ ਹੈ ਤਾਂ ਪੁਕਾਰ ਹੀ ਲਵੋ। ਹੁਣ ਇਹ ਨਾ ਕਹੋ, ਕਲ੍ਹ ਪੁਕਾਰਾਂਗੇ।

ਬਾਂਕਿ ਬੁਰਾਈ ਛਾੜਿ ਸਬ।

ਜੀਵਨ ਦੀ ਸਭ ਤੋਂ ਵੱਡੀ ਬੁਰਾਈ ਕੀ ਹੈ? ਬਾਂਕਾਪਣ। ਤਿਰਛਾਪਣ। ਚਾਲਬਾਜ਼ੀ। ਘਟੋ-ਘਟ ਪਰਮਾਤਮਾ ਅਤੇ ਆਪਣੇ ਵਿਚਾਲੇ ਤਾਂ ਤਿਰਛਾਪਣ ਨਾ ਆਉਣ ਦਿਉ। ਘਟੋ-ਘਟ ਉਸ ਨਾਲ ਤਾਂ ਸਾਫ਼-ਸੁਥਰੇ ਰਹੋ। ਘਟੋ-ਘਟ ਉਸਦੇ ਸਾਹਮਣੇ ਤਾਂ ਨਗਨ ਹੋ ਜਾਉ। ਉਸਦੇ ਸਾਹਮਣੇ ਤਾਂ ਨਿਸਕਪਟ ਹੋ ਜਾਉ। ਉਸਦੇ ਸਾਹਮਣੇ ਤਾਂ ਹਿਰਦਾ ਉਹੋ-ਜਿਹਾ ਹੀ ਖੋਲ ਦਿਉ, ਜਿਹੋ-ਜਿਹੇ ਤੁਸੀਂ ਹੋ। ਉਸ ਤੋਂ ਤਾਂ ਨਾ ਛੁਪਾਉ। ਉਸ ਤੋਂ ਦੂਰੀ ਨਾ ਰਖੋ।

ਬਾਂਕਿ ਬੁਰਾਈ ਛਾੜਿ ਸਬ। ਅਤੇ ਜੇ ਤੁਸੀਂ ਇਹ ਤਿਰਛਾਪਣ ਛੱਡ ਦਿਉ ਤਾਂ ਬਾਕੀ ਬੁਰਾਈਆਂ ਆਪਣੇ-ਆਪ ਛੁੱਟ ਜਾਂਦੀਆਂ ਹਨ। ਇਸੇ ਇਕ ਬੁਰਾਈ ਦੇ ਅਧਾਰ 'ਤੇ ਸਾਰੀਆਂ ਬੁਰਾਈਆਂ ਖੜ੍ਹੀਆਂ ਹੋਈਆਂ ਹਨ। ਤੁਸੀਂ ਸੋਚ ਰਹੇ ਹੋਵੋਗੇ ਆਪਣੀ ਹੁਸ਼ਿਆਰੀ ਵਿਚ ਕਿ ਵਜੂਦ ਨੂੰ ਵੀ ਧੋਖਾ ਦੇ ਲਵੋਗੇ। ਤੁਸੀਂ ਧੋਖੇ ਦੇ ਕਈ ਇੰਤਜ਼ਾਮ ਕਰ ਰਖੇ ਹਨ। ਅਸਲੀ ਪੂਜਾ ਤੋਂ ਬਚਣ ਦੇ ਲਈ ਤੁਸੀਂ ਨਕਲੀ ਪੂਜਾ ਈਜ਼ਾਦ ਕਰ ਰੱਖੀ ਹੈ। ਅਸਲੀ ਪਰਮਾਤਮਾ ਤੋਂ ਬਚਣ ਲਈ ਤੁਸੀਂ ਪਰਮਾਤਮਾ ਦੇ ਮੰਦਰ ਅਤੇ ਮੂਰਤੀਆਂ ਬਣਾ ਰੱਖੀਆਂ ਹਨ। ਅਸਲੀ ਸੱਚ ਤੋਂ ਬਚਣ ਲਈ ਤੁਸੀਂ ਸ਼ਾਸਤਰਾਂ ਵਿਚ ਉਲਝ ਗਏ ਹੋ, ਸ਼ਬਦਾਂ ਨੂੰ ਪਕੜ ਲਿਆ ਹੈ।

ਇਹ ਸਭ ਚਾਲਬਾਜ਼ੀਆਂ ਕਿਸਦੇ ਨਾਲ ਕਰ ਰਹੇ ਹੋ? ਸੋਚੋ ਜ਼ਰਾ। ਇਹ ਧੋਖੇ ਤੁਸੀਂ ਕਿਸਨੂੰ ਦੇ ਰਹੇ ਹੋ? ਕਿਉਂਕਿ ਆਖ਼ਰਕਾਰ ਸਭ ਦਿਤੇ ਗਏ ਧੋਖੇ, ਉਸੇ ਨੂੰ ਦਿਤੇ ਗਏ ਧੋਖੇ, ਕਿਉਂਕਿ ਉਹੀ ਸਭ ਦੇ ਅੰਦਰ ਮੌਜੂਦ ਹੈ। ਤੁਸੀਂ ਜਦ ਵੀ ਕਿਸੇ ਨੂੰ ਧੋਖਾ ਦਿੰਦੇ ਹੋ, ਪਰਮਾਤਮਾ ਨੂੰ ਹੀ ਧੋਖਾ ਦਿੰਦੇ ਹੋ। ਕਿਸਨੂੰ ਧੋਖਾ ਦਿਉਗੇ? ਉਸਦੇ ਇਲਾਵਾ ਕੋਈ ਹੈ ਹੀ

ਨਹੀਂ। ਇਹ ਤਿਰਛਾਪਣ ਛੱਡੋ। ਇਹ ਹੁਸ਼ਿਆਰੀ ਛੱਡੋ, ਸਰਲ ਹੋ ਜਾਉ। ਸਹਿਜ ਹੋ ਜਾਉ ਜਿਹੋ-ਜਿਹੇ ਹੋ, ਉਹੋ-ਜਿਹੇ ਹੀ। ਇਹ ਦੂਹਰਾਪਣ ਛੱਡੋ।

ਆਦਮੀ ਅੰਦਰ ਕੁਝ ਹੈ, ਬਾਹਰ ਕੁਝ ਹੈ। ਅਤੇ ਇਹਨਾਂ ਦੋਹਾਂ ਦੇ ਵਿਚਾਲੇ ਏਨਾ ਫਾਸਲਾ ਹੈ ਕਿ ਕਦੇ-ਕਦੇ ਤੁਹਾਨੂੰ ਖ਼ੁਦ ਵੀ ਧੋਖਾ ਹੋ ਜਾਂਦਾ ਹੈ, ਕਿ ਤੁਸੀਂ ਕੌਣ ਹੋ? ਤੁਹਾਨੂੰ ਆਪਣੀ ਵਾਕਫੀ ਵੀ ਨਹੀਂ ਹੋ ਪਾ ਰਹੀ ਹੈ ਇਸੇ ਧੋਖੇ ਦੇ ਕਾਰਨ। ਜੇ ਤੁਸੀਂ ਪੁਛੋ ਵੀ ਕਿ ਮੈਂ ਕੌਣ ਹਾਂ, ਤਾਂ ਕੋਈ ਜਵਾਬ ਨਹੀਂ ਆਉਂਦਾ। ਕਿਉਂਕਿ ਤੁਸੀਂ 'ਮੈਂ ਕੌਣ ਹਾਂ' ਦੇ ਨਾਂ 'ਤੇ ਇੰਨੇ ਮੁਖੌਟੇ ਲਾ ਰਖੇ ਹਨ, ਕਿ ਅੱਜ ਕਿਵੇਂ ਪਛਾਣੋਗੇ ਅਚਾਨਕ ਕਿ ਕਿਹੜਾ ਤੁਹਾਡਾ ਅਸਲੀ ਚੇਹਰਾ ਹੈ?

ਝੇਨ ਫ਼ਕੀਰ ਕਹਿੰਦੇ ਹਨ ਕਿ ਜੇਕਰ ਆਦਮੀ ਆਪਣਾ ਅਸਲੀ ਚੇਹਰਾ ਪਛਾਣ ਲਵੇ, ਤਾਂ ਫਿਰ ਕੁਝ ਹੋਰ ਕਰਨ ਨੂੰ ਨਹੀਂ ਬਚਦਾ। ਅਸਲੀ ਚੇਹਰਾ... ਜੋ ਜਨਮ ਦੇ ਪਹਿਲਾਂ ਤੁਹਾਡਾ ਸੀ, ਅਤੇ ਮੌਤ ਦੇ ਬਾਅਦ ਫਿਰ ਤੁਹਾਡਾ ਹੋਵੇਗਾ। ਉਸ ਅਸਲੀ ਚੇਹਰੇ ਨੂੰ ਪਛਾਣ ਲੈਣ ਦਾ ਮਤਲਬ ਇਹ ਹੁੰਦਾ ਹੈ, ਵਿਚ-ਵਿਚਾਲੇ ਜੋ ਨਕਲੀ ਚੇਹਰੇ ਅਸੀਂ ਖੜ੍ਹੇ ਕਰ ਰਖੇ ਹਨ, ਉਹ ਹਟਾ ਦਿਤੇ, ਉਹਨਾਂ ਨੂੰ ਸਰਕਾ ਦਿਤਾ।

ਕਿੰਨੇ ਨਕਲੀ ਚੇਹਰੇ ਤੁਸੀਂ ਆਪਣੇ ਉਪਰ ਲਾ ਰਖੇ ਹਨ! ਤੁਸੀਂ ਕਦੇ ਵਿਚਾਰ ਕੀਤਾ ਹੈ? ਇਕ ਦੋ ਨਹੀਂ, ਹਜ਼ਾਰਾਂ ਹਨ। ਅਤੇ ਦਿਨ-ਭਰ ਤੁਸੀਂ ਚੇਹਰੇ ਬਦਲਦੇ ਹੋ। ਪਤਨੀ ਦੇ ਸਾਹਮਣੇ ਇਕ ਚੇਹਰਾ ਹੁੰਦਾ ਹੈ, ਪ੍ਰੇਮਿਕਾ ਦੇ ਸਾਹਮਣੇ ਦੂਜਾ ਚੇਹਰਾ ਹੁੰਦਾ ਹੈ। ਮਾਲਕ ਦੇ ਸਾਹਮਣੇ ਇਕ ਚੇਹਰਾ ਹੁੰਦਾ ਹੈ, ਨੌਕਰ ਦੇ ਸਾਹਮਣੇ ਦੂਜਾ ਚੇਹਰਾ ਹੁੰਦਾ ਹੈ।

ਮੁੱਲਾ ਨਸਰੁੱਦੀਨ ਦੀ ਪਤਨੀ ਮਰ ਰਹੀ ਸੀ। ਆਖ਼ਰੀ ਸੁਆਸ ਗਿਣ ਰਹੀ ਸੀ। ਉਸਨੇ ਅੱਖਾਂ ਖੋਲ੍ਹੀਆਂ ਅਤੇ ਕਿਹਾ ਕਿ ਨਸਰੁਦੀਨ, ਤੂੰ ਮੈਨੂੰ ਪ੍ਰੇਮ ਕਰਦਾ ਹੈਂ ਨਾ?

ਇਸ ਦੁਨੀਆਂ ਵਿਚ ਇੰਨਾ ਪ੍ਰੇਮ ਘਟ ਹੈ ਕਿ ਲੋਕ ਇਹੀ ਪੁੱਛਦੇ ਜੀਂਦੇ ਹਨ ਅਤੇ ਇਹੀ ਪੁੱਛਦੇ ਮਰਦੇ ਹਨ, ਕਿ ਤੂੰ ਮੈਨੂੰ ਪ੍ਰੇਮ ਕਰਦਾ ਹੈਂ, ਨਾ? ਕਿੰਨਾ ਘਟ ਪ੍ਰੇਮ ਹੋਵੇਗਾ ਦੁਨੀਆਂ ਵਿਚ! ਹਰ ਇਸਤ੍ਰੀ ਇਹੀ ਪੁੱਛ ਰਹੀ ਹੈ ਹਜ਼ਾਰ ਢੰਗਾਂ ਨਾਲ, ਕਿ ਤੂੰ ਮੈਨੂੰ ਹੁਣ ਵੀ ਪ੍ਰੇਮ ਕਰਦਾ ਹੈਂ ਨਾ? ਅਤੇ ਹਰ ਪੁਰਸ਼ ਇਹੀ ਪੁੱਛ ਰਿਹਾ ਹੈ ਹਜ਼ਾਰ ਢੰਗਾਂ ਨਾਲ, ਤੂੰ ਮੈਨੂੰ ਹੁਣ ਵੀ ਪ੍ਰੇਮ ਕਰਦੀ ਹੈਂ? ਪ੍ਰੇਮ ਦੀ ਅਜੇਹੀ ਪਿਆਸ! ਅਤੇ ਇੰਨੀ ਕਮੀ ਕਿਉਂ ਹੈ ਪ੍ਰੇਮ ਦੀ? ਕੋਈ ਕਰਦਾ ਹੀ ਨਹੀਂ।

ਨਸਰੁਦੀਨ ਨੇ ਇਕ ਵੱਡਾ ਸਾਰਾ ਹੰਝੂ ਟਪਕਾ ਦਿਤਾ ਅੱਖ 'ਚੋਂ। ਤਿਆਰ ਹੀ ਬੈਠਾ ਹੋਣੈਂ। ਅਤੇ ਕਿਹਾ ਕਿ ਤੇਰੇ ਬਿਨਾਂ ਮੈਂ ਜਿਉਂ ਨਾ ਸਕਾਂਗਾ। ਤੂੰ ਪੁੱਛਦੀ ਹੈਂ ਪ੍ਰੇਮ ਦੀ ਗੱਲ? ਤੂੰ ਮਰੀ, ਤਾਂ ਮੈਂ ਮਰਿਆ।

ਫਿਰ ਪਤਨੀ ਬੇਹੋਸ਼ ਹੋ ਗਈ। ਡਾਕਟਰ ਆਇਆ। ਡਾਕਟਰ ਨੇ ਨਸਰੁਦੀਨ ਦੀ ਗਿੱਲੀ ਅੱਖ ਦੇਖੀ, ਹੰਝੂ ਦੇਖਿਆ, ਤਾਂ ਬਹੁਤ ਦੁਖੀ ਹੋ ਗਿਆ ਅਤੇ ਕਿਹਾ, ਕਿ ਮੈਂ ਦੁਖੀ ਹਾਂ ਕਿ ਬੇਮੌਕਾ ਹੀ ਤੇਰੀ ਪਤਨੀ ਨੂੰ ਜਾਣਾ ਪੈ ਰਿਹਾ

ਹੈ। ਅਸੀਂ ਕੁਝ ਵੀ ਨਹੀਂ ਕਰ ਸਕਦੇ। ਜੋ ਕੀਤਾ ਜਾ ਸਕਦਾ ਸੀ, ਕੀਤਾ ਜਾ ਚੁੱਕਿਆ ਹੈ। ਮੈਂ ਤੈਨੂੰ ਇਹ ਕਹਿ ਦੇਣਾ ਚਾਹੁੰਦਾ ਹਾਂ—ਹਾਲਾਂਕਿ ਮੇਰਾ ਹਿਰਦਾ ਟੁੱਟਦਾ ਹੈ ਇਹ ਕਹਿੰਦੇ ਹੋਏ, ਤੈਨੂੰ ਦੇਖ ਕੇ—ਕਿ ਤੇਰੀ ਪਤਨੀ ਹੁਣ ਤਿੰਨ-ਚਾਰ ਘੰਟੇ ਦੀ ਮਹਿਮਾਨ ਹੋਰ ਹੈ।

ਪਤਾ ਹੈ, ਨਸਰੁੱਦੀਨ ਨੇ ਕੀ ਕਿਹਾ? ਕਿਹਾ, ਡਾਕਟਰ ਸਾਹਬ, ਤੁਸੀਂ ਐਂਵੇ ਹੀ ਕਸ਼ਟ ਵਿਚ ਨਾ ਹੋਵੋ। ਤਿੰਨ-ਚਾਰ ਘੰਟੇ ਦੁਖ ਹੋਰ ਸਹਿ ਲਵਾਂਗਾ। ਜ਼ਿੰਦਗੀ-ਭਰ ਸਹਾਰਿਆ ਹੈ ਤਾਂ ਤਿੰਨ-ਚਾਰ ਘੰਟੇ ਹੋਰ ਸਹਿ ਲਵਾਂਗਾ। ਤੁਸੀਂ ਨਾਹਕ ਦੁਖੀ ਨਾ ਹੋਵੋ।

ਹੁਣੇ ਮਰ ਰਿਹਾ ਸੀ ਪਤਨੀ ਦੀ ਖ਼ਾਤਰ। ਹੁਣ ਪਤਨੀ ਬੇਹੋਸ਼ ਹੈ ਤਾਂ ਚੇਹਰਾ ਬਦਲ ਗਿਆ। ਹੁਣ ਖ਼ੁਸ਼ ਹੋ ਰਿਹਾ ਹੈ ਅੰਦਰ। ਹੁਣ ਅੰਦਰ ਇਕ ਸੁਤੰਤਰਤਾ ਮਹਿਸੂਸ ਕਰ ਰਿਹਾ ਹੋਵੇਗਾ ਕਿ ਚਲੋ ਇਕ ਝੰਜਟ ਮੁੱਕੀ, ਇਕ ਜਾਲ ਛੁਟਿਆ। ਚਲੋ ਹੁਣ ਮੁਕਤ ਹੋਇਆ। ਚਲੋ ਹੁਣ ਦੂਜੀਆਂ ਇਸਤ੍ਰੀਆਂ ਦਾ ਪਿਛਾ ਕਰ ਸਕਾਂਗਾ।

ਤੁਸੀਂ ਜ਼ਰਾ ਦੇਖਣਾ ਆਪਣੇ ਚੇਹਰੇ। ਕਿਸ ਤਰ੍ਹਾਂ ਤੁਸੀਂ ਤਿਰਛੇ ਹੋ ਗਏ ਹੋ। ਕਹਿੰਦੇ ਕੁਝ ਹੋ, ਸੋਚਦੇ ਕੁਝ ਹੋ, ਕਰਦੇ ਕੁਝ ਹੋ। ਤੁਹਾਡਾ ਪੱਕਾ ਪਤਾ ਲਾਉਣਾ ਕਠਨ ਹੈ, ਕਿ ਤੁਸੀਂ ਕੌਣ ਹੋ।

ਮਨੋਵਿਗਿਆਨਕ ਕਹਿੰਦੇ ਹਨ ਕਿ ਇਸ ਸਦੀ ਵਿਚ ਜੋ ਸਭ ਤੋਂ ਵੱਡੀ ਸਮੱਸਿਆ ਹੈ ਮਨੁੱਖ ਦੇ ਸਾਹਮਣੇ, ਉਹ ਇਹੀ ਹੈ। ਉਸਨੂੰ ਉਹਨਾਂ ਨੇ ਖ਼ਾਸ ਨਾਂ ਦਿਤਾ ਹੈ—ਆਈਡੈਂਟਿਟੀ ਕ੍ਰਾਈਸਿਸ। ਆਦਮੀ ਨੂੰ ਇਹ ਪਤਾ ਨਹੀਂ ਲੱਗ ਪਾਂਦਾ ਕਿ ਮੈਂ ਕੌਣ ਹਾਂ। ਇਹ ਆਤਮ-ਬੋਧ ਦਾ ਸੰਕਟ ਕਿਵੇਂ ਪੈਦਾ ਹੋ ਗਿਆ ਹੈ? ਇਹ ਇਸੇਲਈ ਪੈਦਾ ਹੋ ਗਿਆ ਹੈ ਕਿ ਤੁਸੀਂ ਇੰਨੀਆਂ ਤਸਵੀਰਾਂ ਆਪਣੀਆਂ ਬਣਾ ਰੱਖੀਆਂ ਹਨ, ਕਿ ਉਹਨਾਂ ਤਸਵੀਰਾਂ ਵਿਚ ਸਭ ਤੁਸੀਂ ਹੀ ਉਲਝ ਗਏ ਹੋ। ਤੁਹਾਡਾ ਉਹ ਚੇਹਰਾ ਸੱਚ ਸੀ ਜੋ ਤੁਸੀਂ ਮਾਲਕ ਦੇ ਸਾਹਮਣੇ ਦਿਖਾਇਆ, ਜਾਂ ਉਹ ਚੇਹਰਾ ਸੱਚ ਸੀ, ਜੋ ਤੁਸੀਂ ਆਪਣੇ ਨੌਕਰ ਦੇ ਸਾਹਮਣੇ ਦਿਖਾਇਆ?

ਤੁਸੀਂ ਦੇਖਦੇ ਹੋ, ਲੋਕ ਕਿੰਨੀ ਛੇਤੀ ਬਦਲਦੇ ਹਨ? ਤੁਹਾਡਾ ਨੌਕਰ ਤੁਹਾਡੇ ਕੋਲ ਆ ਕੇ ਖੜ੍ਹਾ ਹੁੰਦਾ ਹੈ, ਤੁਸੀਂ ਕਿਵੇਂ ਆਕੜੇ ਹੁੰਦੇ ਹੋ! ਜਿਵੇਂ ਸਿਕੰਦਰ ਹੋ ਤੁਸੀਂ! ਉਸਨੂੰ ਤਾਂ ਇਉਂ ਦੇਖਦੇ ਹੋ ਜਿਵੇਂ ਉਹ ਕੋਈ ਕੀੜਾ-ਮਕੌੜਾ ਹੈ। ਅਤੇ ਤਦੇ ਤੁਹਾਡਾ ਮਾਲਕ ਆ ਗਿਆ ਅਤੇ ਤੁਸੀਂ ਇਕਦਮ ਬਦਲ ਜਾਂਦੇ ਹੋ, ਤਰਲ ਹੋ ਜਾਂਦੇ ਹੋ। ਤੁਹਾਡੀ ਪੂੰਛ ਇਕਦਮ ਹਿੱਲਣ ਲਗਦੀ ਹੈ। ਤੁਸੀਂ ਇਕਦਮ ਚਾਪਲੂਸੀ ਵਿਚ ਪੈ ਜਾਂਦੇ ਹੋ।

ਜੇ ਇਹ ਬਦਲਦੇ ਹੋਏ ਚੇਹਰੇ ਤੁਸੀਂ ਦੇਖਣੇ ਹੋਣ ਤਾਂ ਦਿੱਲੀ ਜਾਣਾ ਚਾਹੀਦਾ ਹੈ। ਉਥੇ ਤੁਹਾਨੂੰ ਚਮਤਕਾਰ ਦਿਖਾਈ ਪੈਣਗੇ। ਜਿਹੜਾ ਸੱਤਾ ਵਿਚ ਆ ਜਾਂਦਾ ਹੈ, ਚਾਪਲੂਸ ਉਸੇ ਦੀ ਚਾਪਲੂਸੀ ਕਰਨ ਲਗਦੇ ਹਨ। ਇਹੀ ਕਲ੍ਹ ਦੂਜਿਆਂ ਦੀ ਖ਼ੁਸ਼ਾਮਦ ਕਰ ਰਹੇ ਸਨ। ਕਲ੍ਹ ਤਕ ਦੂਜਿਆਂ ਨੂੰ ਜ਼ਿੰਦਾਬਾਦ ਕਹਿ ਰਹੇ ਸਨ। ਹੁਣ ਇਹ ਉਹਨਾਂ ਨੂੰ ਮੁਰਦਾਬਾਦ ਕਹਿ ਰਹੇ ਹਨ। ਜਿਨ੍ਹਾਂ ਨੂੰ ਕਲ੍ਹ ਇਹ ਮੁਰਦਾਬਾਦ ਕਹਿੰਦੇ ਸੀ, ਹੁਣ ਉਹਨਾਂ ਨੂੰ ਜ਼ਿੰਦਾਬਾਦ ਕਹਿ ਰਹੇ ਹਨ।

ਇਹਨਾਂ ਦੇ ਚੇਹਰੇ ਦੀ ਤਰਲਤਾ ਦੇਖੋ। ਉਸੇ ਮਗਨ-ਭਾਵ ਨਾਲ ਕਹਿ ਰਹੇ ਹਨ। ਇਹਨਾਂ ਨੇ ਪੂੰਛ ਹਿਲਾਉਣੀ ਹੈ। ਜਿਥੇ ਤਾਕਤ ਹੋਵੇ ਉਸਦੇ ਸਾਹਮਣੇ ਪੂੰਛ ਹਿਲਦੀ ਹੈ। ਇਹਨਾਂ ਦੀ ਕੋਈ ਨਿਸ਼ਠਾ ਨਹੀਂ ਹੈ। ਇਹਨਾਂ ਦੀ ਕੋਈ ਆਤਮਾ ਨਹੀਂ ਹੈ। ਇਹਨਾਂ ਕੋਲ ਕੋਈ ਆਤਮਗੌਰਵ ਵੀ ਨਹੀਂ ਹੈ। ਇਹਨਾਂ ਕੋਲ ਥੋੜ੍ਹਾ-ਜਿੰਨਾ ਸ੍ਵੈਮਾਣ ਵੀ ਨਹੀਂ ਹੈ। ਫਿਰ ਹਵਾ ਬਦਲੇਗੀ ਅਤੇ ਇਹ ਫਿਰ ਬਦਲ ਜਾਣਗੇ। ਉਹੀ ਚਮਚੇ! ਸਾਰਿਆਂ ਦੀ ਚਮਚਾਗਿਰੀ ਕਰਦੇ ਹੋਏ ਤੁਸੀਂ ਪਾਉਗੇ।

ਜਿਨ੍ਹਾਂ ਲੋਕਾਂ ਨੂੰ ਤੁਸੀਂ ਇੰਦਰਾ ਦੇ ਕੋਲ ਇਕੱਠੇ ਦੇਖਦੇ ਸੀ, ਉਹਨਾਂ ਨੂੰ ਹੀ ਤੁਸੀਂ ਮੋਰਾਰਜੀ ਦੇ ਕੋਲ ਇਕੱਠੇ ਪਾਉਗੇ। ਦਿੱਲੀ ਜਾਉ। ਚਮਤਕਾਰ ਦੇਖਣ ਕਦੇ-ਕਦੇ ਦਿੱਲੀ ਜਾਣਾ ਚਾਹੀਦਾ ਹੈ। ਇਹਨਾਂ ਦੇ ਕੋਈ ਚੇਹਰੇ ਨਹੀਂ ਹਨ। ਜੇ ਜ਼ਿੰਦਗੀ ਦੇ ਬਾਅਦ ਇਹਨਾਂ ਤੋਂ ਕੋਈ ਪੁਛੇ ਕਿ ਤੁਸੀਂ ਕੌਣ ਹੋ, ਤਾਂ ਇਹਨਾਂ ਨੂੰ ਪੱਕਾ ਯਾਦ ਹੀ ਨਹੀਂ ਆਏਗਾ ਕਿ ਮੈਂ ਕੌਣ ਹਾਂ। ਕਿਉਂਕਿ ਇਹਨਾਂ ਨੇ ਇੰਨੇ ਚੇਹਰੇ ਬਦਲੇ ਹਨ, ਇੰਨੀ ਵਾਰ ਬਦਲੇ ਹਨ! ਅਤੇ ਨਾਲ-ਦੀ-ਨਾਲ ਤਿਆਰ ਹੁੰਦੇ ਹਨ ਇਹ ਬਦਲਣ ਨੂੰ।

ਔਪਰ ਤੁਸੀਂ ਵੀ ਕਰਦੇ ਹੋ। ਛੋਟੇ ਪੈਮਾਨੇ 'ਤੇ ਤੁਸੀਂ ਵੀ ਕਰਦੇ ਹੋ। ਦਿੱਲੀ ਵਿਚ ਜੋ ਹੁੰਦਾ ਹੈ, ਉਹ ਵੱਡੇ ਪੈਮਾਨੇ 'ਤੇ ਹੁੰਦਾ ਹੈ, ਉਹ ਤੁਹਾਡਾ ਹੀ ਵਧਿਆ ਹੋਇਆ ਰੂਪ ਹੈ। ਤੁਸੀਂ ਛੋਟੇ ਪੈਮਾਨੇ 'ਤੇ ਕਰਦੇ ਹੋ। ਤੁਸੀਂ ਆਪਣੀ ਸੀਮਾ ਵਿਚ ਜੀਂਦੇ ਹੋ। ਔਪਰ ਉਹੀ... ਕੋਈ ਗੁਣਾਤਮਕ ਫਰਕ ਨਹੀਂ ਹੈ। ਮਿਕਦਾਰ ਦਾ ਫਰਕ ਹੋਵੇਗਾ।

ਬਾਂਕਿ ਬੁਰਾਈ ਛਾਡਿ ਸਬ, ਗਾਂਠਿ ਹ੍ਰਿਦੈ ਕੀ ਖੋਲ।

ਸੁੰਦਰਦਾਸ ਕਹਿੰਦੇ ਹਨ : ਜੇ ਤੁਸੀਂ ਇਹ ਤਿਰਛਾਪਣ ਛੱਡ ਦਿਉ, ਤਾਂ ਹੀ ਤੁਹਾਡੇ ਹਿਰਦੇ ਦੀ ਗੰਢ ਖੁਲ੍ਹੇ। ਇਸੇ ਤਿਰਛੇਪਣ ਨਾਲ ਤੁਹਾਡੇ ਹਿਰਦੇ ਦੀ ਗੰਢ ਬੱਧੀ ਹੈ। ਤੁਸੀਂ ਜਿਹੋ-ਜਿਹੇ ਹੋ ਉਹੋ-ਜਿਹੇ ਹੀ ਹੋ ਜਾਉ ਨਾ! ਤੁਸੀਂ ਜਿਹੋ-ਜਿਹੇ ਹੋ ਉਹੋ-ਜਿਹੇ ਹੀ ਹੋਣ ਦਾ ਐਲਾਨ ਕਰ ਦਿਉ। ਬੁਰੇ ਤਾਂ ਬੁਰੇ, ਚੰਗੇ ਤਾਂ ਚੰਗੇ। ਰੱਤੀ-ਭਰ ਇਸ ਤੋਂ ਭਿੰਨ ਨਾ ਕਰੋ, ਅਤੇ ਤੁਸੀਂ ਅਚਾਨਕ ਪਾਉਗੇ, ਹਿਰਦਾ ਬਾਲਕ ਵਰਗਾ ਸਰਲ ਹੋ ਗਿਆ, ਨਿਰਦੋਸ਼ ਹੋ ਗਿਆ, ਨਿਰਮਲ ਹੋ ਗਿਆ। ਅਤੇ ਉਸੇ ਨਿਰਮਲ ਹਿਰਦੇ ਵਿਚ ਪਰਮਾਤਮਾ ਦੀ ਅਵਤਾਰਨਾ ਹੁੰਦੀ ਹੈ। ...ਹਰਿ ਬੋਲੌ ਹਰਿ ਬੋਲ। ਉਹੀ ਨਿਰਮਲ ਹਿਰਦਾ ਪਰਮਾਤਮਾ ਨੂੰ ਪੁਕਾਰ ਸਕਦਾ ਹੈ। ਅਜੇ ਤਾਂ ਤੁਸੀਂ ਪੁਕਾਰ ਵੀ ਨਹੀਂ ਸਕਦੇ।

ਮੈਂ ਸੁਣਿਆ ਹੈ, ਮੁੱਲਾ ਨਸਰੂਦੀਨ ਜਦ ਮਰਨ ਲੱਗਿਆ ਤਾਂ ਉਸਨੇ ਹੱਥ ਜੋੜੇ ਅਸਮਾਨ ਵਲ ਅਤੇ ਕਿਹਾ : 'ਹੇ ਪਰਮਾਤਮਾ! ਹੇ ਸ਼ੈਤਾਨ! ਮੈਨੂੰ ਬਚਾ।' ਕੋਲ ਖੜ੍ਹੇ ਮੌਲਵੀ ਨੇ ਕਿਹਾ : ਨਸਰੂਦੀਨ। ਇਹ ਤੂੰ ਕੀ ਕਹਿ ਰਿਹਾ ਹੈਂ? ਇਹ ਕੀ ਕੁੱਫਰ ਬੋਲ ਰਿਹਾ ਹੈਂ? ਪਰਮਾਤਮਾ ਨੂੰ ਲੋਕ ਪ੍ਰਾਰਥਨਾ ਕਰਦੇ ਹਨ ਬਚਾਉਣ ਦੀ, ਸ਼ੈਤਾਨ ਨੂੰ ਨਹੀਂ। ਇਹ ਸ਼ੈਤਾਨ ਦਾ ਨਾਂ ਕਿਉਂ ਵਿਚਾਲੇ ਲਿਆ ਰਿਹਾ ਹੈਂ?

ਉਸਨੇ ਕਿਹਾ : ਹੁਣ ਮਰਦੇ ਵਕਤ ਮੈਂ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦਾ। ਪਤਾ ਨਹੀਂ ਕਿਸਦੇ ਹੱਥਾਂ ਵਿਚ ਪਵਾਂ।

ਦੋਹਾਂ ਨੂੰ ਪ੍ਰਾਰਥਨਾ ਕਰ ਲੈਣੀ ਮੁਨਾਸਬ ਹੈ ਅਤੇ ਪਤਾ ਨਹੀਂ ਕੌਣ ਅਸਲੀ ਮਾਲਕ ਹੈ। ਫਿਰ ਪਿਛੋਂ ਪਤਾ ਲੱਗੇ ਮਰਨ ਦੇ ਬਾਅਦ, ਦੇਰ ਹੋ ਜਾਏਗੀ।

ਇਹ ਜ਼ਿੰਦਗੀ-ਭਰ ਦੀ ਚਾਲਬਾਜੀ ਆਖ਼ਰੀ ਛਿਨ ਤਕ ਵੀ ਆਦਮੀ ਛੱਡ ਨਹੀਂ ਪਾਂਦਾ। ਦੋਹਾਂ ਦੀ ਹੀ ਪ੍ਰਾਰਥਨਾ ਕਰ ਲੈਣੀ ਮੁਨਾਸਬ ਹੈ। ਪਰਮਾਤਮਾ ਦਾ ਵੀ ਪੈਰ ਘੁੱਟ ਦਿਉ ਇਕ ਹੱਥ ਨਾਲ, ਇਕ ਹੱਥ ਨਾਲ ਸ਼ੈਤਾਨ ਦਾ ਵੀ ਪੈਰ ਦਬਾ ਦਿਉ। ਪਤਾ ਨਹੀਂ ਕੌਣ ਅਸਲੀ ਮਾਲਕ ਹੈ। ਪਤਾ ਨਹੀਂ ਕਿਸਦੇ ਹੱਥ ਵਿਚ ਪਵੇ। ਪਤਾ ਨਹੀਂ ਕਿਸਦੇ ਨਾਲ ਸਾਹਮਣੇ ਕਰਨਾ ਪਵੇ ਬਾਅਦ ਵਿਚ। ਇਹ ਹੁਸ਼ਿਆਰ ਆਦਮੀ, ਸਿਆਸੀ ਆਦਮੀ ਦਾ ਲੱਛਣ ਹੈ। ਇਹ ਕੁਸ਼ਲ ਆਦਮੀ ਦਾ ਲੱਛਣ ਹੈ। ਐਪਰ ਇਹ ਕੁਸ਼ਲ ਆਦਮੀ ਹੀ ਹਿਰਦੇ ਨੂੰ ਗੰਵਾ ਦਿੰਦੇ ਹਨ।

ਜਿੰਨੇ ਤੁਸੀਂ ਚਤਰ ਹੁੰਦੇ ਜਾਂਦੇ ਹੋ ਉਨਾ ਹਿਰਦਾ ਤੁਹਾਡਾ ਟੁੱਟਦਾ ਜਾਂਦਾ ਹੈ। ਸਾਰੇ ਹੀ ਬੱਚੇ ਨਿਸਕਪਟ ਹਿਰਦਾ ਲੈ ਕੇ ਪੈਦਾ ਹੁੰਦੇ ਹਨ, ਅਤੇ ਮਰਦੇ-ਮਰਦੇ ਤਕ ਸਭ ਦੇ ਹੀ ਹਿਰਦੇ ਇੰਨੇ ਕਪਟ ਨਾਲ ਭਰ ਜਾਂਦੇ ਹਨ ਕਿ ਉਸ ਵਿਚ ਪਰਮਾਤਮਾ ਦੀ ਜਗ੍ਹਾ ਨਹੀਂ ਰਹਿ ਜਾਂਦੀ।

ਇਹ ਕਪਟ ਛੱਡੋ। ਇਕਰਸ ਹੋ ਜਾਉ। ਜੇਕਰ ਉਸਨੂੰ ਬੁਲਾਉਣਾ ਹੈ ਤਾਂ ਘਟੋ-ਘਟ ਇਕ ਚੇਹਰਾ ਥਿਰ ਕਰ ਲਵੋ। ਜੋ ਤੁਹਾਡਾ ਸੁਭਾਵਕ ਚੇਹਰਾ ਹੈ ਉਹੀ ਰਹਿ ਜਾਵੇ।

ਬਾਂਕਿ ਬੁਰਾਈ ਛਾੜਿ ਸਭ, ਗਾਂਠ ਹ੍ਰਿਦੈ ਕੀ ਖੋਲ।
ਬੇਗਿ ਵਿਲੰਬ ਕਿਉਂ ਬਨਤ ਹੈ, ਹਰਿ ਬੋਲੋ ਹਰਿ ਬੋਲ॥

ਅਤੇ ਜਿੰਨਾ ਇਹ ਹਿਰਦੇ ਦਾ ਪਿਆਲਾ ਸੁਥਰਾ ਹੋਵੇਗਾ, ਸਾਫ ਹੋਵੇਗਾ, ਨਿਸਕਪਟ ਹੋਵੇਗਾ, ਟੇਢਾ-ਤਿਰਛਾ ਨਹੀਂ ਹੋਵੇਗਾ, ਉਨੀ ਹੀ ਤੁਹਾਡੀ ਪਾਤਰਤਾ ਵਧ ਜਾਂਦੀ ਹੈ।

ਜਿਤਨੀ ਦਿਲ ਕੀ ਗਹਿਰਾਈ ਹੋ
ਉਤਨਾ ਗਹਿਰਾ ਹੈ ਪਿਆਲਾ,
ਜਿਤਨੀ ਦਿਲ ਕੀ ਮਾਦਕਤਾ ਹੋ
ਉਤਨੀ ਮਾਦਕ ਹੈ ਹਾਲਾ;
ਜਿਤਨੀ ਉਰ ਕੀ ਭਾਵੁਕਤਾ ਹੋ
ਉਤਨਾ ਸੁੰਦਰ ਸਾਕੀ ਹੈ;
ਜਿਤਨਾ ਹੋ ਜੋ ਰਸਿਕ ਉਸੇ ਹੈ
ਉਤਨੀ ਰਸਮਯ ਮਧੁਸ਼ਾਲਾ

ਸਭ ਤੁਹਾਡੇ ਉਤੇ ਨਿਰਭਰ ਹੈ। ਅਤੇ ਇਕ ਵਾਰ ਤੁਹਾਡਾ ਪਿਆਲਾ ਪਰਮਾਤਮਾ ਦੇ ਰਸ ਨਾਲ ਭਰ ਜਾਵੇ ਤਾਂ

ਇਹ ਜਗਤ ਦੂਸਰਾ ਹੋ ਜਾਂਦਾ ਹੈ। ਇਹੀ ਜਗਤ! ਸਭ ਅਜੇਹਾ ਹੀ ਰਹਿੰਦਾ ਹੈ, ਫਿਰ ਵੀ ਕੁਝ ਅਜੇਹਾ ਨਹੀਂ ਰਹਿ ਜਾਂਦਾ।

ਕਿਸੀ ਓਰ ਮੈਂ ਦੇਖੂੰ, ਮੁਝਕੋ
ਦਿਖਲਾਈ ਦੇਤਾ ਸਾਕੀ,
ਕਿਸੀ ਓਰ ਦੇਖੂੰ, ਦਿਖਲਾਈ
ਪੜਤੀ ਮੁਝਕੋ ਮਧੁਸ਼ਾਲਾ
ਹਰ ਸੂਰਤ ਸਾਕੀ ਕੀ ਸੂਰਤ
ਮੇਂ ਪਰਿਵਰਤਿਤ ਹੋ ਜਾਤੀ ਹੈ
ਆਖੋਂ ਕੇ ਆਗੇ ਹੋ ਕੁਛ ਭੀ
ਆਖੋਂ ਮੇਂ ਹੈ ਮਧੁਸ਼ਾਲਾ।

ਹਿਰਦੇ ਦਾ ਪਾਤਰ ਸਾਫ਼-ਸੁਥਰਾ ਕਰੋ, ਸਰਲ ਕਰੋ, ਇਕਰਸ ਕਰੋ।

ਹਿਰਦੈ ਭੀਤਰ ਪੈਠਿ ਕਰਿ ਅੰਤਹਕਰਣ ਵਿਰੋਲ।

ਅਤੇ ਜੇਕਰ ਕਿਤੇ ਵੀ ਕੁਝ ਖੋਜ ਕਰਨੀ ਹੈ ਤਾਂ ਉਥੇ-ਈ ਕਰਨੀ ਹੈ—ਹਿਰਦੇ ਦੇ ਅੰਦਰ ਬੈਠ ਕੇ। ਉਥੇ-ਈ ਗਹਿਰੀ ਬੈਠਕ ਮਾਰਨੀ ਹੈ। ਇਹ ਬਾਹਰ ਆਸਣ ਲਾਉਣ ਨਾਲ ਕੁਝ ਵੀ ਨਹੀਂ ਹੋਵੇਗਾ। ਇਹ ਯੋਗਾਸਣ ਕੰਮ ਨਹੀਂ ਆਉਣਗੇ। ਆਸਣ ਉਥੇ ਲਾਉਣਾ ਹੈ। ਉਥੇ ਅੰਦਰ ਹਿਰਦੇ ਦੀ ਤਰਲਤਾ ਵਿਚ, ਸਰਲਤਾ ਵਿਚ ਟੁੱਭੀ ਮਾਰਨੀ ਹੈ।

ਹਿਰਦੈ ਭੀਤਰ ਪੈਠਿ ਕਰਿ ਅੰਤਹਕਰਣ ਵਿਰੋਲ।

ਮੰਥਨ ਉਥੇ ਕਰਨਾ ਹੈ। ਉਥੇ ਛੁਪਿਆ ਹੈ ਅੰਮ੍ਰਿਤ। ਐਪਰ ਉਥੇ ਤਾਂ ਤੁਸੀਂ ਜਾਂਦੇ ਹੀ ਨਹੀਂ, ਤੁਸੀਂ ਤਾਂ ਬਾਹਰ-ਬਾਹਰ ਹੀ ਦੌੜਦੇ ਰਹਿੰਦੇ ਹੋ। ਤੁਸੀਂ ਤਾਂ ਅੰਦਰ ਆਉਂਦੇ ਹੀ ਨਹੀਂ। ਤੁਸੀਂ ਤਾਂ ਇਕ ਗੱਲ ਸਮਝ ਰੱਖੀ ਹੈ, ਸ਼ਾਇਦ ਅੰਦਰ ਕੁਝ ਹੈ ਹੀ ਨਹੀਂ, ਬਾਹਰ ਸਭ-ਕੁਝ ਹੈ।

ਬਾਹਰ ਕੁਝ ਵੀ ਨਹੀਂ ਹੈ। ਧੂੜ ਦੇ ਇਲਾਵਾ ਹੋਰ ਕਦੇ ਕਿਸੇ ਦੇ ਹੱਥ ਕੁਝ ਵੀ ਨਹੀਂ ਲੱਗਿਆ ਹੈ। ਅੰਦਰ ਹੈ ਮਾਲਕ! ਅਤੇ ਅੰਦਰ ਹੈ ਤੁਹਾਡੀ ਮਾਲਕੀਅਤ। ਅੰਦਰ ਹੈ ਤੁਹਾਡਾ ਸਾਮਰਾਜ! ਅੰਦਰ ਹੈ ਤੁਹਾਡਾ ਸਮਰਾਟ! ਐਪਰ ਅੰਦਰ ਜਾਣ ਦੇ ਲਈ ਸਿੱਧਾ-ਸਰਲ ਹਿਰਦਾ ਹੋਵੇ, ਤਾਂ ਹੀ ਅੰਦਰ ਜਾ ਸਕੋਗੇ। ਜੇ ਬਹੁਤਾ ਜ਼ਿਆਦਾ ਉਲਝਿਆ ਹੋਇਆ ਹਿਰਦਾ ਹੋਇਆ ਤਾਂ ਭਟਕ ਜਾਉਗੇ, ਪਹੁੰਚ ਨਾ ਸਕੋਗੇ। ਬੁਝਾਰਤ ਨਾ ਬਣਾਉ ਆਪਣੇ ਹਿਰਦੇ ਨੂੰ। ਉਹੀ ਤੁਸੀਂ ਕਰ ਲਿਆ ਹੈ। ਤੁਸੀਂ ਇਕ ਅਣਬੁੱਝ ਬੁਝਾਰਤ ਬਣਾ ਲਈ ਹੈ।

ਹਿਰਦੈ ਭੀਤਰ ਪੈਠਿ ਕਰਿ ਅੰਤਹਕਰਣ ਵਿਰੋਲ।

ਕੋ ਤੇਰੋ ਤੂ ਕੌਨ ਕੋ ਹਰਿ ਬੋਲੌ ਹਰਿ ਬੋਲ॥

ਅਤੇ ਉਥੇ ਜਾ ਕੇ ਤੁਹਾਨੂੰ ਪਤਾ ਲੱਗੇਗਾ, ਨਾ ਤੁਹਾਡਾ ਕੋਈ ਹੈ, ਨਾ ਤੁਸੀਂ ਕਿਸੇ ਦੇ ਹੋ। ਇਥੇ ਦੋ ਹਨ ਹੀ ਨਹੀਂ। ਕੌਣ ਕਿਸਦਾ ਹੋ ਸਕਦਾ ਹੈ। ਇਥੇ ਬਸ ਪਰਮਾਤਮਾ ਹੈ।

ਹਰ ਸੂਰਤ ਸਾਕੀ ਕੀ ਸੂਰਤ ਮੇਂ
ਪਰਿਵਰਤਿਤ ਹੋ ਜਾਤੀ,
ਆਂਖੋ ਕੇ ਆਗੇ ਹੋ ਕੁਛ ਭੀ
ਆਂਖੋ ਮੇਂ ਹੈ ਮਧੁਸ਼ਾਲਾ

ਵੱਸਲ ਕਾ ਖ਼੍ਵਾਬ ਕੁਜਾ ਲੱਜ਼ਤੇ-ਦੀਦਾਰ ਕੁਜਾ
ਹੈ ਗ਼ਨੀਮਤ ਤੋ ਤੇਰਾ ਦੀਦਾਰ ਭੀ ਹੋ ਜਾਏ
ਜ਼ਬਤ ਬੀ, ਸੱਬ੍ਰ ਭੀ, ਇਮਕਾਂ ਮੇਂ ਸਬ ਕੁਛ ਹੈ ਮਗਰ
ਪਹਿਲੇ ਕੰਬਖ਼ਤ ਮੇਰਾ ਦਿਲ ਤੋ ਮੇਰਾ ਦਿਲ ਹੋ ਜਾਏ
ਆਹ ਉਸ ਆਸ਼ਿਕੇ-ਨਾਸ਼ਾਦ ਕਾ ਜੀਨਾ ਐ ਦੋਸਤ
ਜਿਸਕੋ ਮਰਨਾ ਭੀ ਤੇਰੇ ਇਸ਼ਕ ਮੇਂ ਮੁਸ਼ਕਿਲ ਹੋ ਜਾਏ

ਬਸ ਇਕ ਹੀ ਚੀਜ਼ ਹੋਣ ਦੀ ਹੈ, ਇਕ ਹੀ ਚੀਜ਼ ਕਰਨ ਦੀ ਹੈ—

ਜ਼ਬਤ ਭੀ, ਸੱਬ੍ਰ ਭੀ, ਇਮਕਾਂ ਮੇਂ ਸਬ ਕੁਛ ਹੈ ਮਗਰ
ਪਹਿਲੇ ਕੰਬਖ਼ਤ ਮੇਰਾ ਦਿਲ ਤੋ ਮੇਰਾ ਦਿਲ ਹੋ ਜਾਏ

ਤੁਹਾਡਾ ਦਿਲ ਵੀ ਤੁਹਾਡਾ ਨਹੀਂ, ਅਤੇ ਸਾਰੀ ਦੁਨੀਆਂ ਨੂੰ ਜੀਣ ਚਲ ਪਏ ਹੋ! ਆਪਣੇ ਮਾਲਕ ਨਹੀਂ ਹੋ ਅਤੇ ਸੰਸਾਰ ਵਿਚ ਮਾਲਕੀਅਤ ਕਰਨ ਦੇ ਇਰਾਦੇ ਬੰਨ੍ਹ ਰਹੇ ਹੋ। ਇਹ ਮਾਲਕੀਅਤ ਪਹਿਲਾਂ ਅੰਦਰ ਤਾਂ ਹੋ ਜਾਵੇ। ਅਤੇ ਜਿਹੜਾ ਆਪਣਾ ਮਾਲਕ ਹੋ ਗਿਆ ਉਸਨੂੰ ਚਿੰਤਾ ਹੀ ਨਹੀਂ ਰਹਿ ਜਾਂਦੀ ਹੈ, ਦੁਨੀਆਂ ਦੀ ਮਾਲਕੀਅਤ ਕਰਨ ਦੀ। ਇਸ ਸੂਤਰ ਨੂੰ ਸਮਝਣਾ।

ਮਨਸਵਿਦ ਕਹਿੰਦੇ ਹਨ ਕਿ ਜੋ ਵਿਅਕਤੀ ਆਪਣਾ ਮਾਲਕ ਨਹੀਂ ਹੈ, ਉਹ ਦੂਜਿਆਂ ਦਾ ਮਾਲਕ ਬਣ ਕੇ, ਪੂਰਕ ਭਾਲਦਾ ਹੈ। ਜੋ ਆਦਮੀ ਅੰਦਰ ਨਿਰਧਨ ਹੈ, ਉਹ ਬਾਹਰ ਧਨ ਇਕੱਠਾ ਕਰਦਾ ਹੈ। ਕੁਝ ਤਾਂ ਤ੍ਰਿਪਤੀ ਮਿਲੇ! ਅੰਦਰ ਨਾ ਸਹੀ ਤਾਂ ਬਾਹਰ। ਜੋ ਆਦਮੀ ਅੰਦਰ ਹੀਣਤਾ ਦੀ ਗੁੰਝਲ ਤੋਂ ਪੀੜਤ ਹੈ, ਇਨਫਿਰਿਆਰਿਟੀ ਕਾਂਪਲੈਕਸ ਤੋਂ ਪੀੜਤ ਹੈ, ਉਹ ਆਦਮੀ ਅਹੁਦੇ ਦੀ ਯਾਤਰਾ ਉਤੇ ਨਿਕਲਦਾ ਹੈ। ਉਹ ਰਾਜਨੀਤੀ ਵਿਚ ਉਤਰਦਾ ਹੈ। ਉਹ ਪਦਵੀਆਂ ਦੀਆਂ ਪੌੜੀਆਂ ਚੜ੍ਹਦਾ ਹੈ। ਉਹ ਵੱਡੇ ਸਿੰਘਾਸਣਾਂ ਉਤੇ ਬੈਠਣਾ ਚਾਹੁੰਦਾ ਹੈ। ਉਹ ਇਹ ਦਿਖਾਉਣਾ

ਚਾਹੁੰਦਾ ਹੈ ਕਿ ਚਲੋ ਅੰਦਰ ਤਾਂ ਜੋ ਹੈ ਠੀਕ ਹੈ, ਘਟੋ-ਘਟ ਬਾਹਰ ਤਾਂ ਮੈਂ ਦਿਖਾ ਦਿਆਂ ਕਿ ਮੈਂ ਕੁਝ ਹਾਂ; ਅੰਦਰ ਤਾਂ ਨਾ-ਕੁਝ ਹਾਂ।

ਜੋ ਆਦਮੀ ਅੰਦਰ ਦੇ ਸੱਚ ਨੂੰ ਅਨੁਭਵ ਕਰਨ ਲਗਦਾ ਹੈ ਉਸਨੂੰ ਪਦਵੀਆਂ ਦੀ ਚਿੰਤਾ ਨਹੀਂ ਰਹਿ ਜਾਂਦੀ। ਉਹ ਰਾਹ 'ਤੇ ਭਿਖਾਰੀ ਦੀ ਤਰ੍ਹਾਂ ਵੀ ਖੜ੍ਹਾ ਹੈ, ਤੁਸੀਂ ਉਸ ਵਿਚ ਸਮਰਾਟ ਦਾ ਪ੍ਰਸਾਦ ਪਾਓਗੇ। ਉਹ ਨਿਰਧਨ ਹੈ ਤਾਂ ਵੀ ਤੁਸੀਂ ਦੇਖ ਪਾਓਗੇ ਕਿ ਉਸਦੇ ਅੰਦਰ ਕੋਈ ਧਨ ਹੈ, ਜੋ ਕੋਈ ਨਹੀਂ ਖੋਹ ਸਕਦਾ। ਦੇਹ ਦੇ ਅੰਦਰ ਵੀ ਤੁਸੀਂ ਉਸਦੇ ਅੰਦਰ ਚਮਕਦੀ ਹੋਈ ਕੋਈ ਰੋਸ਼ਨੀ ਪਾਓਗੇ—ਜੋ ਰੋਸ਼ਨੀ ਇਸ ਜਗਤ ਦੀ ਨਹੀਂ ਹੈ; ਜੋ ਪਾਰ ਤੋਂ ਆਉਂਦੀ ਹੈ।

ਹਿਰਦੈ ਭੀਤਰ ਪੈਠਿ, ਕਰਿ ਅੰਤਹਕਰਣ ਵਿਰੋਲ।
ਕੋ ਤੇਰੋ ਤੂ ਕੌਨ ਕੋ, ਹਰਿ ਬੋਲੌ ਹਰਿ ਬੋਲ॥

ਇਕ ਹੀ ਹੈ ਤੁਹਾਡਾ ਜੇਕਰ ਕੋਈ ਹੈ, ਨਾਤਾ ਇਕ ਹੀ ਬਨਾਉਣ ਜਿਹਾ ਹੈ—ਉਹ ਹਰੀ ਨਾਲ ਹੈ। ਅਤੇ ਤੁਸੀਂ ਸਭ ਨਾਤੇ ਬਣਾਏ ਅਤੇ ਸਭ ਨਾਤਿਆਂ ਵਿਚ ਬਹੁਤ ਕਸ਼ਟ ਪਾਇਆ। ਹੁਣ ਨਾਤਾ ਉਸ ਨਾਲ ਬਣਾਉ, ਉਸ ਨਾਲ ਲੱਗ ਜਾਵੇ ਲਗਨ, ਸਭ ਲਗਨ ਆਪਣੇ-ਆਪ ਬਾਕੀ ਫਿੱਕੀ ਪੈ ਜਾਂਦੀ ਹੈ।

ਤੁਝਸੇ ਲਾਗ ਲਗੀ ਜਬ ਮਨ ਕੀ
ਹੁਈ ਵਾਸਨਾ ਜਗ ਕੀ ਬਾਸੀ
ਫਿਰ ਕੁਝ ਨਹੀਂ ਸੁਹਾਂਦਾ।
ਤੇਰੋ ਤੇਰੇ ਪਾਸ ਹੈ ਅਪਨੇ ਮਾਂਹਿ ਟਟੋਲ।

ਕਿਥੇ ਭਾਲਦੇ ਫਿਰ ਰਹੇ ਹੋ? ਕਿਸਦੇ ਅੱਗੇ ਭੀਖ ਵਾਲਾ ਕਾਸਾ ਅੱਡਿਆ ਹੋਇਆ ਹੈ। ਕਿਸ ਤੋਂ ਮੰਗਣ ਨਿਕਲੇ ਹੋ।

ਤੇਰੋ ਤੇਰੇ ਪਾਸ ਹੈ, ਅਪਨੇ ਮਾਂਹਿ ਟਟੋਲ।

ਜੇ ਖੋਜਣਾ ਹੋਵੇ ਤਾਂ ਅੰਦਰ ਖੋਜ ਲਵੋ। ਪਰਮਾਤਮਾ ਨੇ ਤੁਹਾਨੂੰ ਸਾਰੀ ਸੰਪਦਾ ਦੇ ਕੇ ਭੇਜਿਆ ਹੈ। ਰੱਤੀ ਭਰ ਕਮੀ ਨਹੀਂ ਰੱਖੀ ਹੈ। ਤੁਹਾਨੂੰ ਮੁਕੰਮਲ ਬਣਾ ਕੇ ਭੇਜਿਆ ਹੈ। ਤੁਹਾਨੂੰ ਜਿਹੋ-ਜਿਹਾ ਹੋਣਾ ਚਾਹੀਦਾ ਹੈ ਉਹੋ-ਜਿਹਾ ਬਣਾ ਕੇ ਭੇਜਿਆ ਹੈ। ਪਰਮਾਤਮਾ ਦਾ ਕੰਮ ਅਪੂਰਨ ਹੋ ਵੀ ਕਿਵੇਂ ਸਕਦਾ ਹੈ? ਜੇ ਉਸਦੇ ਹੱਥ ਨਾਲ ਹੀ ਤੁਸੀਂ ਘੜੇ ਗਏ ਹੋ ਤਾਂ ਤੁਸੀਂ ਅਧੂਰੇ ਕਿਵੇਂ ਹੋ ਸਕਦੇ ਹੋ।

ਅਤੇ ਬੜਾ ਮਜ਼ਾ ਹੈ, ਧਾਰਮਕ ਆਦਮੀ ਆਖੀ ਤੁਰੇ ਜਾਂਦੇ ਹਨ: ਪਰਮਾਤਮਾ ਨੇ ਸੰਸਾਰ ਬਣਾਇਆ, ਆਦਮੀ ਬਣਾਏ, ਪਸ਼ੂ-ਪੰਛੀ ਬਣਾਏ...। ਫਿਰ ਵੀ ਉਹਨਾਂ ਨੂੰ ਇਹ ਸਮਝ ਵਿਚ ਨਹੀਂ ਆਉਂਦਾ, ਜੇਕਰ ਉਸਦੇ ਹੱਥੀਂ ਇਹ ਸਭ ਬਣਿਆ ਹੈ ਤਾਂ ਇਹ ਪੂਰਨ ਹੋਣਾ ਚਾਹੀਦਾ ਹੈ। ਪੂਰਨ ਤੋਂ ਪੂਰਨ ਹੀ ਨਿਕਲ ਸਕਦਾ ਹੈ। ਐਪਰ ਅਸੀਂ ਤਾਂ ਬਤੇ

ਅਪੂਰਨ ਮਲੂਮ ਹੁੰਦੇ ਹਾਂ। ਸ਼ਾਇਦ ਜਿਥੇ ਉਸਨੇ ਹੀਰੇ ਸੰਭਾਲ ਕੇ ਰਖ ਦਿਤੇ ਸਾਡੇ ਅੰਦਰ..! ਅਤੇ ਹੀਰੇ ਤਾਂ ਸੰਭਾਲ ਕੇ ਰਖਣੇ ਹੁੰਦੇ ਹਨ ਨਾ! ਤੁਸੀਂ ਵੀ ਆਪਣੇ ਹੀਰੇ ਮਕਾਨ ਦੇ ਬਾਹਰ ਕੂੜੇ-ਕਚਰੇ ਦੇ ਕੋਲ ਨਹੀਂ ਰਖ ਦਿੰਦੇ ਹੋ। ਘਰ ਦੇ ਅੰਦਰ ਤੋਂ ਅੰਦਰ, ਜੋ ਕਮਰਾ ਸਭ ਤੋਂ ਵਧ ਗਹਿਰਾਈ ਵਿਚ ਹੁੰਦਾ ਹੈ ਅੰਦਰ, ਸਭ ਤੋਂ ਵਧ ਸੁਰੱਖਿਅਤ ਹੁੰਦਾ ਹੈ, ਉਥੇ ਟੋਆ ਪੁੱਟਦੇ ਹੋ, ਡੂੰਘਾ ਟੋਆ ਪੁੱਟਦੇ ਹੋ। ਜਿੰਨਾ ਬਹੁਮੁੱਲਾ ਹੀਰਾ ਹੁੰਦਾ ਹੈ, ਉਨਾ ਡੂੰਘਾ ਟੋਆ ਪੁੱਟਦੇ ਹੋ, ਤਾਂ ਜੋ ਚੁਰਾਇਆ ਨਾ ਜਾ ਸਕੇ, ਤਾਂ ਜੋ ਖੋ ਨਾ ਜਾਵੇ।

ਤੁਹਾਡੀ ਪਰਮ ਸੰਪਦਾ ਤੁਹਾਡੇ ਹੀ ਗਹਿਰੇ ਖੂਹ ਵਿਚ ਰੱਖੀ ਹੈ। ਉਥੇ-ਈ ਉਤਰੋ।

ਤੇਰੌ ਤੇਰੇ ਪਾਸ ਹੈ, ਅਪਨੇ ਮਾਂਹਿ ਟਟੋਲ।
ਰਾਈ ਘਟੈ ਨਾ ਤਿਲ ਬੜ੍ਹੈ, ਹਰਿ ਬੋਲੌ ਹਰਿ ਬੋਲ॥

ਇਹ ਇਕ ਸੂਤਰ ਸਾਰੇ ਸ਼ਾਸਤਰਾਂ ਦਾ ਸਾਰ ਹੈ। ਨਾ ਤਾਂ ਤੁਹਾਡੇ ਅੰਦਰ ਦੀ ਸੰਪਦਾ ਘਟਦੀ ਹੈ ਅਤੇ ਨਾ ਵਧਦੀ ਹੈ। ਰਾਈ ਘਟੈ ਨਾ ਤਿਲ ਬੜ੍ਹੈ! ਜਿਹੋ-ਜਿਹਾ ਹੈ ਉਹੋ-ਜਿਹਾ ਰਹੇਗਾ। ਜਿਹੋ-ਜਿਹਾ ਹੈ ਉਹੋ-ਜਿਹਾ ਹੀ ਹਮੇਸ਼ਾ ਤੋਂ ਹੈ। ਤੁਸੀਂ ਮੁਕੰਮਲ ਹੋ ਅਤੇ ਮੁਕੰਮਲ ਰਹੋਗੇ। ਇਸ ਵਿਚ ਕੁਝ ਜੁੜਨਾ ਨਹੀਂ, ਘਟਣਾ ਨਹੀਂ ਹੈ।

ਲੋਕ ਸੋਚਦੇ ਹਨ : ਅਧਿਆਤਮਕ ਵਿਕਾਸ ਕਰਨਾ ਹੈ। ਤੁਸੀਂ ਪਾਗਲ ਹੋ! ਅਧਿਆਤਮਕ ਵਿਕਾਸ ਹੁੰਦਾ ਹੀ ਨਹੀਂ। ਅਧਿਆਤਮਕ ਅਨੁਭਵ ਹੁੰਦਿਆਂ ਹੀ ਪਤਾ ਲਗਦਾ ਹੈ : ਵਿਕਾਸ ਵਗੈਰਾ ਸਭ ਕਲਪਨਾ ਦਾ ਜਾਲ ਹੈ। ਰਾਈ ਘਟੈ ਨਾ ਤਿਲ ਬੜ੍ਹੈ। ਵਿਕਾਸ ਕਿਥੇ? ਦਸ ਰੁਪਏ ਤਾਂ ਵੀਹ ਹੋ ਸਕਦੇ ਹਨ। ਦਸ ਲੱਖ ਹਨ ਤਾਂ ਵੀਹ ਲੱਖ ਹੋ ਸਕਦੇ ਹਨ। ਹਜ਼ਾਰ ਆਦਮੀ ਤੁਹਾਨੂੰ ਸਨਮਾਨ ਦਿੰਦੇ ਹਨ, ਦੋ ਹਜ਼ਾਰ ਦੇ ਸਕਦੇ ਹਨ। ਇਸ ਵਿਚ ਵਧਾਰਾ ਹੋ ਸਕਦਾ ਹੈ। ਐਪਰ ਤੁਹਾਡੇ ਅੰਦਰ ਪਰਮਾਤਮਾ ਜਿੰਨਾ ਹੈ ਉਨਾ ਹੀ ਹੈ। ਪੂਰੇ ਦਾ ਪੂਰਾ ਹੈ।

ਇਸਲਈ ਉਪਨਿਸ਼ਦ ਕਹਿੰਦੇ ਹਨ : ਉਸ ਪੂਰਨ ਵਿਚੋਂ ਪੂਰਨ ਨੂੰ ਵੀ ਕਢ ਲਵੋ, ਤਾਂ ਵੀ ਪਿਛੇ ਪੂਰਨ ਹੀ ਬਾਕੀ ਰਹਿ ਜਾਂਦਾ ਹੈ। ਤੁਸੀਂ ਅਜੇਹਾ ਨਾ ਸਮਝਣਾ ਕਿ ਟੁਕੜੇ-ਟੁਕੜੇ ਵਿਚ ਮਿਲਿਆ ਹੈ, ਤਾਂ ਕਿਸੇ ਨੂੰ ਜ਼ਿਆਦਾ ਮਿਲ ਗਿਆ ਹੋਵੇਗਾ, ਕਿਸੇ ਨੂੰ ਘਟ ਮਿਲ ਗਿਆ ਹੋਵੇਗਾ। ਤੁਹਾਨੂੰ ਸਾਰਿਆਂ ਨੂੰ ਪੂਰਾ-ਪੂਰਾ ਮਿਲਿਆ ਹੈ।

ਇਸਨੂੰ ਅਸੀਂ ਇਉਂ ਸਮਝੀਏ ਤਾਂ ਸ਼ਾਇਦ ਸਮਝ ਵਿਚ ਆ ਜਾਵੇ, ਗੱਲ ਤਾਂ ਜ਼ਰਾ ਸਮਝਣ ਦੇ ਪਾਰ ਦੀ ਹੈ। ਪੂਰੇ ਚੰਦ ਨੂੰ ਦੇਖਣਾ ਰਾਤ ਨੂੰ, ਪੂਰਾ ਚੰਦ ਨਿਕਲਿਆ ਹੈ, ਪੁੰਨਿਆਂ ਦੀ ਰਾਤ। ਹਜ਼ਾਰਾਂ ਨਦੀਆਂ ਹਨ, ਹਜ਼ਾਰਾਂ ਨਦ ਹਨ, ਹਜ਼ਾਰਾਂ ਸਰੋਵਰ, ਹਜ਼ਾਰਾਂ ਸਾਗਰ, ਛੋਟੇ ਛੱਪੜ, ਤਲਾਅ, ਖੂਹ-ਸਭ ਵਿਚ ਚੰਦ ਦਾ ਅਕਸ ਬਣੇਗਾ ਅਤੇ ਸਭ ਵਿਚ ਪੂਰਾ-ਪੂਰਾ ਬਣੇਗਾ। ਉਹ ਜੋ ਨਦੀ ਵਿਚ ਝਲਕ ਰਿਹਾ ਹੈ-ਚੰਦ, ਉਹ ਕੁਝ ਅਧੂਰਾ ਨਹੀਂ ਹੈ। ਅਤੇ ਵੱਡੇ-ਤੋਂ-ਵੱਡੇ ਸਾਗਰ ਵਿਚ ਵੀ ਜੋ ਝਲਕੇਗਾ ਉਹ ਵੀ ਕੁਝ ਵੱਡਾ ਨਹੀਂ ਹੈ। ਅਤੇ ਰਾਹ ਦੇ ਕੰਢੇ ਵਰਖਾ ਵਿਚ ਭਰ ਗਿਆ ਟੋਆ ਪਾਣੀ ਨਾਲ, ਉਸ ਵਿਚ ਜੋ ਚੰਦ ਝਲਕ ਰਿਹਾ ਹੈ, ਉਹ ਕੁਝ ਛੋਟਾ ਨਹੀਂ, ਟੋਏ ਦਾ ਚੰਦ ਕੁਝ ਛੋਟਾ ਨਹੀਂ ਹੈ।

ਚੰਦ ਤਾਂ ਇਕ ਹੈ। ਸਰੋਵਰ ਅਨੇਕ ਹਨ—ਛੋਟੇ ਹਨ, ਵੱਡੇ ਹਨ; ਅੰਪਰ ਜੋ ਝਲਕ ਰਿਹਾ ਹੈ ਉਹ ਸਭ ਵਿਚ ਬਰਾਬਰ ਝਲਕ ਰਿਹਾ ਹੈ।

ਇਵੇਂ ਹੀ ਪਰਮਾਤਮਾ ਸਭ ਵਿਚ ਬਰਾਬਰ ਝਲਕ ਰਿਹਾ ਹੈ। ਕ੍ਰਿਸ਼ਨ ਵਿਚ ਅਤੇ ਬੁੱਧ ਵਿਚ ਅਤੇ ਕ੍ਰਾਈਸਟ ਵਿਚ ਅਤੇ ਤੁਹਾਡੇ ਵਿਚ—ਸਭ ਵਿਚ ਬਰਾਬਰ ਝਲਕ ਰਿਹਾ ਹੈ। ਸੁੰਦਰ ਦੇਹ ਵਿਚ, ਨਰੋਈ ਦੇਹ ਵਿਚ, ਬੀਮਾਰ ਦੇਹ ਵਿਚ, ਗਰੀਬ ਵਿਚ, ਅਮੀਰ ਵਿਚ, ਬੁੱਧੀਮਾਨ ਵਿਚ, ਬੁੱਧੂ ਵਿਚ, ਸਭ ਵਿਚ, ਬਰਾਬਰ ਝਲਕ ਰਿਹਾ ਹੈ। ਉਸਦਾ ਚੇਤਾ ਕਾਫੀ ਹੈ। ਕੋਈ ਅਧਿਆਤਮਕ ਵਿਕਾਸ ਨਹੀਂ ਹੁੰਦਾ ਹੈ। ਅਧਿਆਤਮ ਸਿਰਫ ਚੇਤਾ—ਮਾਤਰ ਹੈ—ਹਰਿ ਬੋਲੌ ਹਰਿ ਬੋਲਿ ! ਬਸ ਇੰਨਾ ਚੇਤਾ। ਇਕ ਚੇਤੇ ਦੀ ਜਾਗ੍ਰਿਤੀ ! ਅੰਦਰ ਇਕ ਹੋਸ਼, ਕਿ ਮੈਂ ਕੌਣ ਹਾਂ—ਅਤੇ ਉਸੇ ਵੇਲੇ ਸਾਰਾ ਸਾਮਰਾਜ ਉਪਲਬੱਧ ਹੋ ਜਾਂਦਾ ਹੈ ! ਜਿਸਨੂੰ ਤਲਾਸ਼—ਤਲਾਸ਼ ਕੇ ਕਦੇ ਨਹੀਂ ਪਾਇਆ ਸੀ, ਉਹ ਬਿਨਾਂ ਤਲਾਸ਼ਿਆਂ ਮਿਲ ਜਾਂਦਾ ਹੈ।

ਤੇਰੋ ਤੇਰੇ ਪਾਸ ਹੈ, ਅਪਨੇ ਮਾਂਹਿ ਟਟੋਲ।

ਅਤੇ ਬਾਹਰ ਤੁਸੀਂ ਕੁਝ ਪਾ ਲਵੋਗੇ, ਤਾਂ ਵੀ ਤੁਹਾਡਾ ਨਹੀਂ ਹੈ ਉਹ, ਇਸਲਈ ਖੋਹਿਆ ਜਾਏਗਾ। ਅਤੇ ਬਾਹਰ ਤੁਸੀਂ ਜੋ ਪਾ ਲਵੋਗੇ, ਦੂਜਿਆਂ ਤੋਂ ਖੋਹ ਕੇ ਹੀ ਪਾਉਗੇ। ਤੁਹਾਥੋਂ ਵੀ ਖੋਹਿਆ ਜਾਏਗਾ। ਅਤੇ ਬਾਹਰ ਤੁਸੀਂ ਜੋ ਪਾ ਲਵੋਗੇ, ਜੇ ਕਿਸੇ ਤਰ੍ਹਾਂ ਜ਼ਿੰਦਗੀ—ਭਰ ਸੰਭਾਲ ਵੀ ਲਿਆ ਤਾਂ ਅੰਤ ਵਿਚ ਖੋਹ ਹੋ ਜਾਏਗਾ। ਜੋ ਬਾਹਰ ਤੋਂ ਤੁਹਾਡਾ ਹੈ, ਉਹ ਕਦੇ ਤੁਹਾਡਾ ਹੋ ਨਹੀਂ ਪਾਂਦਾ। ਪਰਾਇਆ ਪਰਾਇਆ ਹੀ ਰਹਿੰਦਾ ਹੈ। ...ਤੇਰੋ ਤੇਰੇ ਪਾਸ ਹੈ ! ਲੇਕਿਨ ਜੋ ਅਸਲ ਵਿਚ ਤੁਹਾਡਾ ਹੈ ਉਹ ਤੁਹਾਡੇ ਕੋਲ ਹੈ। ਉਸਨੂੰ ਚਿਖਾ ਦੀਆਂ ਲਪਟਾਂ ਵੀ ਸਾੜਨਗੀਆਂ ਨਹੀਂ... ਅਪਨੇ ਮਾਂਹਿ ਟਟੋਲ !

ਕਭੀ ਮੁੜਕੇ ਸਾਥ ਲੇਕਰ, ਕਭੀ ਮੇਰੇ ਸਾਥ ਚਲ ਕੇ
ਵੋ ਬਦਲ ਗਏ ਅਚਾਨਕ ਮੇਰੀ ਜ਼ਿੰਦਗੀ ਬਦਲ ਕੇ
ਹੁਏ ਜਿਸ ਪੇ ਮੇਹਰਬਾਂ ਤੁਮ ਕੋਈ ਖ਼ੁਸ਼ਨਸੀਬ ਹੋਗਾ
ਮੇਰੀ ਹਸਰਤੇਂ ਤੋ ਨਿਕਲੀ ਮੇਰੇ ਆਸੂੰਓ ਮੇਂ ਢਲ ਕੇ
ਤੇਰੀ ਜ਼ੁਲਫੋ—ਰੁਖ਼ ਕੇ ਕੁਰਬਾਂ ਦਿਲੇਜ਼ਾਰ ਢੂੰਡਤਾ ਹੈ
ਵਹੀ ਚੰਪਈ ਉਜਾਲੇ ਵਹੀ ਸੁਰਮਈ ਧੁੰਧਲਕੇ
ਕੋਈ ਫੂਲ ਬਨ ਗਯਾ ਹੈ ਕੋਈ ਚਾਂਦ ਕੋਈ ਤਾਰਾ
ਜੋ ਚਿਰਾਗ ਬੁਝ ਗਏ ਹੈਂ ਤੇਰੀ ਅੰਜੁਮਨ ਮੇਂ ਜਲ ਕੇ
ਮੇਰੇ ਦੋਸਤੋ ! ਖ਼ੁਦਾਰਾ ਮੇਰੇ ਸਾਥ ਤੁਮ ਭੀ ਢੂੰਢੋ

ਵੋ ਯਹੀਂ ਕਹੀਂ ਛੁਪੇ ਹੈਂ ਮੇਰੇ ਗਮ ਕਾ ਰੁਖ਼ ਬਦਲ ਕੇ
ਤੇਰੀ ਬੇਝਿਜਕ ਹੰਸੀ ਸੇ ਨਾ ਕਿਸੀ ਕਾ ਦਿਲ ਹੋ ਮੈਲਾ
ਯਹ ਨਗਰ ਹੈ ਆਈਨੋਂ ਕਾ ਯਹਾਂ ਸਾਂਸ ਲੇ ਸੰਭਲ ਕੇ
ਮੇਰੇ ਦੋਸਤੋ! ਖ਼ੁਦਾਰਾ ਮੇਰੇ ਸਾਥ ਤੁਮ ਭੀ ਢੂੰਢੋ
ਵੋ ਯਹੀਂ ਕਹੀਂ ਛੁਪੇ ਹੈਂ ਮੇਰੇ ਗਮ ਕਾ ਰੁਖ਼ ਬਦਲ ਕੇ

ਦੂਰ ਨਹੀਂ ਛੁਪਿਆ ਹੈ ਪਰਮਾਤਮਾ—ਇਥੇ—ਈ ਕਿਤੇ ਛੁਪਿਆ ਹੈ—ਇਥੇ—ਈ ਤੁਹਾਡੇ ਅੰਦਰ ਛੁਪਿਆ ਹੈ।

ਤੇਰੌ ਤੇਰੇ ਪਾਸ ਹੈ, ਅਪਨੇ ਮਾਂਹਿ ਟਟੋਲ।
ਰਾਈ ਘਟੈ ਨਾ ਤਿਲ ਬੜ੍ਹੈਂ, ਹਰਿ ਬੋਲੌ ਹਰਿ ਬੋਲ॥
ਸੁੰਦਰਦਾਸ ਪੁਕਾਰਿਕੈ ਕਹਤ ਬਜਾਏਂ ਢੋਲ!
ਚੇਤਿ ਸਕੈ ਤੌ ਚੇਤਿਲੇ ਹਰਿ ਬੋਲੌ ਹਰਿ ਬੋਲ॥

ਬਸ ਇੰਨੀ ਹੀ ਗੱਲ ਹੈ, ਇੰਨੀ—ਕੁ ਗੱਲ ਹੈ : 'ਚੇਤਿ ਸਕੈ ਤੌ ਚੇਤਿਲੇ!' ਇਸ ਤੋਂ ਜ਼ਿਆਦਾ ਨਹੀਂ। ਅਧਿਆਤਮ ਕੋਈ ਸਾਧਨਾ ਨਹੀਂ ਹੈ—ਚੇਤਨਾ ਹੈ: ਅਭਿਆਸ ਨਹੀਂ ਹੈ—ਚੇਤਾ ਹੈ। ਕਿਤੇ ਜਾਣਾ ਨਹੀਂ ਹੈ, ਕੁਝ ਹੋਣਾ ਨਹੀਂ ਹੈ—ਸਿਰਫ ਨੀਂਦ ਤੋੜ ਦੇਣੀ ਹੈ: ਸਿਰਫ ਅੱਖ ਖੋਲ੍ਹ ਲੈਣੀ ਹੈ। 'ਚੇਤਿ ਸਕੈ ਤੌ ਚੇਤਿ ਲੇ।'

ਸੁੰਦਰਦਾਸ ਕਿਉਂ ਕਹਿੰਦੇ ਹਨ। 'ਕਹਤ ਬਜਾਏਂ ਢੋਲ?' ਕਿਉਂਕਿ ਆਦਮੀ ਚੇਤਨਾ ਨਹੀਂ ਚਾਹੁੰਦਾ। ਆਦਮੀ ਕਹਿੰਦਾ ਹੈ: ਥੋੜ੍ਹੀ ਦੇਰ ਹੋਰ ਸੌਂ ਲੈਣ ਦਿਉ। ਇਕ ਪਾਸਾ ਹੋਰ ਪਰਤਾ ਲਵਾਂ। ਅਜੇ ਤਾਂ ਬੜਾ ਸਵਖਤਾ ਹੈ। ਜ਼ਰਾ ਹੋਰ ਸੌਂ ਲਵਾਂ। ਥੋੜ੍ਹੀ ਦੇਰ ਹੋਰ...।

ਮੈਂ ਇਕ ਨਗਰ ਵਿਚ ਬੋਲ ਰਿਹਾ ਸੀ। ਇਕ ਮਿੱਤਰ ਮੇਰੇ ਸਾਹਮਣੇ ਹੀ ਬੈਠੇ ਸੁਣ ਰਹੇ ਸਨ। ਮੈਂ ਦੇਖਿਆ ਉਹਨਾਂ ਦੀਆਂ ਅੱਖਾਂ ਵਿਚੋਂ ਹੰਝੂ ਵਗ ਰਹੇ ਹਨ ਅਤੇ ਫਿਰ ਅਚਾਨਕ ਵਿਚਾਲਿਉਂ ਉਹ ਉਠ ਗਏ। ਕੋਈ ਹੋਰ ਉਠ ਗਿਆ ਹੁੰਦਾ ਤਾਂ ਮੈਨੂੰ ਖ਼ਿਆਲ ਵਿਚ ਵੀ ਨਾ ਆਉਂਦਾ। ਉਹਨਾਂ ਦੀਆਂ ਅੱਖਾਂ ਵਿਚੋਂ ਵਗਦੀ ਹੰਝੂਆਂ ਦੀ ਧਾਰ ਅਤੇ ਉਹਨਾਂ ਦੇ ਹਿਰਦੇ ਦੀ ਤਰੰਗ, ਅਤੇ ਉਹਨਾਂ ਦਾ ਭਾਵ। ਉਹਨਾਂ ਦੇ ਉਠਣ ਨਾਲ ਹੀ ਮੇਰੇ ਲਈ ਮਹਿਫਿਲ ਉਠ ਗਈ। ਜਿਵੇਂ ਉਹਨਾਂ ਦੀ ਖ਼ਾਤਰ ਹੀ ਬੋਲ ਰਿਹਾ ਸੀ! ਜਿਵੇਂ ਉਹਨਾਂ ਨਾਲ ਹੀ ਬੋਲ ਰਿਹਾ ਸੀ! ਬਾਕੀ ਤਾਂ ਬੋਲ੍ਹੇ ਸਨ। ਬਾਕੀ ਤਾਂ ਠੀਕ ਸਨ, ਸੋ ਸਨ। ਐਪਰ ਉਹਨਾਂ ਨਾਲ ਮੇਰੀ ਤਰੰਗ ਜੁੜ ਗਈ ਸੀ, ਉਹਨਾਂ ਨਾਲ ਮੇਰਾ ਭਾਵ ਜੁੜ ਗਿਆ ਸੀ। ਮੇਰੇ ਨਾਲ ਉਹਨਾਂ ਦੀ ਸੁਆਸ ਧੜਕ ਰਹੀ ਸੀ। ਮੇਰੇ ਹਿਰਦੇ ਨਾਲ ਉਹਨਾਂ ਦਾ ਹਿਰਦਾ ਧੜਕ ਰਿਹਾ ਸੀ। ਉਠ ਕਿਉਂ ਗਏ?

ਮੈਂ ਅੱਗੇ ਨਹੀਂ ਬੋਲ ਸਕਿਆ। ਮੈਂ ਪੁਛਿਆ ਕਿ ਗੱਲ ਕੀ ਹੋਈ? ਉਹਨਾਂ ਦੀ ਪਤਨੀ ਵੀ ਬੈਠੀ ਸੀ। ਉਸਨੇ ਮੈਨੂੰ

ਇਕ ਚਿਟ ਲਿਆ ਕੇ ਦਿਤੀ, ਅਤੇ ਕਿਹਾ ਕਿ ਉਹ ਇਹ ਚਿਟ ਲਿਖ ਕੇ ਦੇ ਗਏ ਹਨ। ਚਿਟ ਵਿਚ ਲਿਖਿਆ ਸੀ : ਤੁਹਾਨੂੰ ਸਹਿਣਾ ਅਸੰਭਵ ਹੈ। ਅਤੇ ਤੁਹਾਨੂੰ ਹੋਰ ਜ਼ਿਆਦਾ ਸੁਣਿਆਂ ਤਾਂ ਮੇਰਾ ਸਭ ਖਿੰਡ-ਖੱਪਰ ਹੋ ਜਾਏਗਾ। ਇਸਲਈ ਮੈਂ ਜਾ ਰਿਹਾ ਹਾਂ। ਹੋਰ ਜ਼ਿਆਦਾ ਨਹੀਂ ਸੁਣਨਾ ਚਾਹੁੰਦਾ। ਪਤਨੀ ਹੈ, ਬੱਚੇ ਹਨ, ਗ੍ਰਹਿਸਥੀ ਕੱਚੀ ਹੈ। ਜੇ ਹੋਰ ਥੋੜ੍ਹਾ ਸੁਣਿਆ ਤਾਂ ਮੈਂ ਘਰ ਨਹੀਂ ਮੁੜ ਸਕਾਂਗਾ।

ਜੇ ਬੰਦਾ ਚੇਤਣ ਦੇ ਕਰੀਬ ਵੀ ਆਉਣ ਲੱਗੇ ਤਾਂ ਹਜ਼ਾਰ ਭੈ ਖੜ੍ਹੇ ਹੋ ਜਾਂਦੇ ਹਨ।

ਮੈਂ ਉਹਨਾਂ ਨੂੰ ਐਵੇਂ ਨਹੀਂ ਛਡ ਦਿਤਾ, ਮੈਂ ਉਹਨਾਂ ਦੇ ਘਰ ਪਹੁੰਚ ਗਿਆ।... ਕਹਤ ਬਜਾਏਂ ਢੋਲ ! ਹੁਣ ਢੋਲ ਹੀ ਵਜਾਉਣਾ ਹੋਵੇ ਤਾਂ ਫਿਰ ਇਉਂ ਕੋਈ ਨੱਸ ਜਾਵੇ ਤਾਂ ਉਸਨੂੰ ਨੱਸ ਥੋੜ੍ਹਾ-ਈ ਜਾਣ ਦਿਤਾ ਜਾਂਦਾ ਹੈ ! ਮੈਨੂੰ ਘਰ ਦੇਖ ਕੇ ਉਹ ਇਕਦਮ ਹੈਰਾਨ ਰਹਿ ਗਏ। ਉਹਨਾਂ ਨੇ ਕਿਹਾ : ਤੁਸੀਂ... ਤੁਸੀਂ ਕਿਵੇਂ ਆਏ ? ਮੈਂ ਕਿਹਾ: ਗੱਲ ਅੱਧੀ ਰਹਿ ਗਈ ਹੈ। ਉਸਨੂੰ ਪੂਰਾ ਕਰਨਾ ਹੋਵੇਗਾ।

ਅਤੇ ਮੈਂ ਕਿਹਾ : ਘਬਰਾ ਨਾ, ਮੈਂ ਤੇਰੀ ਪਤਨੀ ਨਾਲੋਂ ਤੈਨੂੰ ਤੋੜਨਾ ਨਹੀਂ ਚਾਹੁੰਦਾ। ਪਰਮਾਤਮਾ ਨਾਲ ਜੋੜਨਾ ਚਾਹੁੰਦਾ ਹਾਂ, ਪਤਨੀ ਨਾਲੋਂ ਤੋੜਨਾ ਨਹੀਂ ਚਾਹੁੰਦਾ। ਅਤੇ ਪਰਮਾਤਮਾ ਕੀ ਇੰਨਾ ਕਮਜ਼ੋਰ ਹੈ ਕਿ ਪਤਨੀ ਵਿਚਾਲੇ ਆ ਜਾਵੇ ਤਾਂ ਪਰਮਾਤਮਾ ਨਾਲੋਂ ਸਬੰਧ ਟੁੱਟ ਜਾਵੇ ? ਤਾਂ ਜਿਨ੍ਹਾਂ ਨੇ ਪਰਮਾਤਮਾ ਘੜਿਆ ਹੈ ਉਹ ਕਮਜ਼ੋਰ ਰਹੇ ਹੋਣਗੇ, ਉਹਨਾਂ ਦਾ ਪਰਮਾਤਮਾ ਵੀ ਕਮਜ਼ੋਰ ਹੈ। ਮੈਂ ਤੇਰੇ ਬੱਚਿਆਂ ਨਾਲੋਂ ਵੀ ਤੈਨੂੰ ਤੋੜਨਾ ਨਹੀਂ ਚਾਹੁੰਦਾ: ਸਿਰਫ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਬੱਚੇ ਤੇਰੇ ਨਹੀਂ ਹਨ, ਪਰਮਾਤਮਾ ਦੇ ਹਨ। ਸਿਰਫ ਇੰਨੀ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਪਤਨੀ ਤੇਰੀ ਮਿਲਕੀਅਤ ਨਹੀਂ ਹੈ, ਇਸ ਵਿਚ ਪਰਮਾਤਮਾ ਬਰਾਜਮਾਨ ਹੈ, ਇਸਦਾ ਸਨਮਾਨ ਕਰ। ਇਸਨੂੰ ਮੇਰਾ-ਤੇਰਾ ਮੰਨ ਕੇ ਨਾ ਚੱਲ। ਸਭ ਉਸਦਾ ਹੈ।

ਤੇਰੋ ਤੇਰੇ ਪਾਸ ਹੈ, ਅਪਨੇ ਮਾਂਹਿ ਟਟੋਲ।
ਕੋ ਤੇਰੋ ਤੂ ਕੌਨ ਕੋ, ਹਰਿ ਬੋਲੌ ਹਰਿ ਬੋਲ।।
ਸੁੰਦਰਦਾਸ ਪੁਕਾਰਿਕੇ ਕਹਤ ਬਜਾਏਂ ਢੋਲ।
ਚੇਤਿ ਸਕੈ ਤੌ ਚੇਤਿਲੇ, ਹਰਿ ਬੋਲੌ ਹਰਿ ਬੋਲ।।

ਨਾ ਤਾਂ ਪਤਨੀ ਨੂੰ ਛੱਡਣਾ ਹੈ, ਨਾ ਬੱਚਿਆਂ ਨੂੰ ਛੱਡਣਾ ਹੈ, ਛੱਡਣ ਦਾ ਸਵਾਲ ਹੀ ਕਿਥੇ ਹੈ ? ਛੱਡਣਾ ਤਾਂ ਤਦ ਹੋ ਸਕਦਾ ਸੀ ਜਦ ਆਪਣਾ ਕੁਝ ਹੁੰਦਾ। ਆਪਣਾ ਕੁਝ ਹੈ ਹੀ ਨਹੀਂ ਤਾਂ ਛੱਡੋਗੇ ਕਿਵੇਂ ?

ਇਸਲਈ ਮੈਂ ਤੁਹਾਨੂੰ ਕਹਿੰਦਾ ਹਾਂ : ਜਿਹੜੇ ਸੋਚਦੇ ਹਨ ਕਿ ਅਸੀਂ ਤਿਆਗ ਕੀਤਾ, ਉਹਨਾਂ ਨੇ ਤਿਆਗ ਨਹੀਂ ਕੀਤਾ। ਉਹ ਕੁਝ ਸਮਝੇ ਹੀ ਨਹੀਂ। ਉਹਨਾਂ ਨੇ ਤਾਂ ਤਿਆਗ ਵਿਚ ਵੀ ਉਹੀ ਪੁਰਾਣੀ ਧਾਰਨਾ ਕਾਇਮ ਰੱਖੀ ਕਿ ਆਪਣਾ ਸੀ।

ਮੇਰੇ ਇਕ ਵਾਕਫ ਹਨ। ਜਦ ਵੀ ਮਿਲਦੇ ਸੀ, ਤਦ ਉਹ ਇਹੀ ਗੱਲ ਕਰਦੇ ਕਿ ਮੈਂ ਲੱਖਾਂ 'ਤੇ ਲੱਤ ਮਾਰ ਦਿਤੀ। ਮੈਂ ਉਹਨਾਂ ਨੂੰ ਪੁਛਿਆ ਕਿ ਵੀਰ ਮੇਰਿਆ, ਲੱਤ ਮਾਰੀ ਕਦੋਂ? ਉਹਨਾਂ ਨੇ ਕਿਹਾ ਕੋਈ ਤੀਹ ਸਾਲ ਹੋ ਗਏ। ਤਾਂ ਮੈਂ ਕਿਹਾ, ਲੱਤ ਵੱਜੀ ਨਹੀਂ। ਤੀਹ ਸਾਲ ਹੋ ਗਏ, ਹੁਣ ਲੱਖਾਂ ਦਾ ਚੇਤਾ ਕੀ ਕਰ ਰਿਹਾ ਹੈਂ? ਜੇ ਲੱਤ ਹੀ ਵੱਜ ਗਈ, ਤਾਂ ਹੁਣ ਯਾਦ ਕੀ ਕਰਦਾ ਹੈਂ? ਪਹਿਲਾਂ ਸੋਚਦਾ ਸੀ ਮੇਰੇ ਕੋਲ ਲੱਖਾਂ ਹਨ, ਹੁਣ ਸੋਚਦਾ ਹੈਂ ਕਿ ਮੈਂ ਲੱਖਾਂ ਤਿਆਗ ਦਿਤੇ! ਨਾ ਤਾਂ ਤੇਰੇ ਸੀ, ਤਾਂ ਤਿਆਗੇਂਗਾ ਕਿਵੇਂ? ਇਹ ਤਾਂ ਬੜਾ ਪਾਗਲਪਣ ਹੋਇਆ।

ਇਹ ਤਾਂ ਅਜੇਹਾ ਹੀ ਪਾਗਲਪਣ ਹੋਇਆ ਕਿ ਮੈਂ ਉਹਨਾਂ ਨੂੰ ਕਿਹਾ ਕਿ ਦੋ ਆਦਮੀ, ਦੋ ਅਫੀਮਚੀ ਪੀਨਕ ਵਿਚ ਆ ਗਏ ਸਨ, ਇਕ ਝਾੜ ਦੇ ਹੇਠਾਂ ਬੈਠੇ ਸਨ। ਇਕ ਨੇ ਅੱਖ ਖੋਲ੍ਹੀ ਅਤੇ ਉਸਨੇ ਕਿਹਾ: ਮੇਰਾ ਦਿਲ ਕਰਦਾ ਹੈ ਕਿ ਸਾਰੀ ਦੁਨੀਆਂ ਖਰੀਦ ਲਵਾਂ। ਦੂਜੇ ਨੇ ਕਿਹਾ ਤੇਰਾ ਦਿਲ ਕਰਦਾ ਰਹੇ, ਪਰ ਮੈਂ ਵੇਚਣੀ ਹੀ ਨਹੀਂ ਚਾਹੁੰਦਾ।

ਦੁਨੀਆਂ ਕਿਸੇ ਦੀ ਨਹੀਂ ਹੈ। '...ਲੱਖ ਤੇਰਾ ਦਿਲ ਕਰਦਾ ਰਹੇ, ਪਰ ਅਸੀਂ ਵੇਚੀਏ ਤਦੇ-ਈ ਨਾ। ਸਾਡਾ ਵੇਚਣ ਦਾ ਇਰਾਦਾ ਹੀ ਨਹੀਂ ਹੈ।'

ਕੁਝ ਹਨ, ਜਿਹੜੇ ਕਹਿੰਦੇ ਹਨ ਸਾਡਾ; ਅਤੇ ਕੁਝ ਕਹਿੰਦੇ ਹਨ, ਅਸੀਂ ਤਿਆਗਿਆ। ਭੋਗੀ ਤਾਂ ਭੁਲੇਖੇ ਵਿਚ ਹੈ ਹੀ, ਤਿਆਗੀ ਮਹਾਂਭੁਲੇਖੇ ਵਿਚ ਹੈ।

ਕੁਝ ਨਹੀਂ ਛੱਡਣਾ ਹੈ। ਸਿਰਫ ਇੰਨਾ ਹੀ ਜਾਣਨਾ ਹੈ ਕਿ ਸਾਡੀ ਪਕੜ ਵਿਚ ਕੁਝ ਨਹੀਂ ਹੈ। ਛੱਡੋਗੇ ਕਿਵੇਂ? ਛੱਡਣ ਤੋਂ ਪਹਿਲਾਂ ਪਕੜ ਵਿਚ ਸੀ ਇਹ ਤਾਂ ਮੰਨ ਹੀ ਲੈਣਾ ਹੋਵੇਗਾ। ਇਹ ਤਾਂ ਲਾਜ਼ਮੀ ਹੈ ਕਿ ਮੇਰਾ ਸੀ, ਤਾਂ ਛੱਡਣਾ ਹੋ ਸਕਦਾ ਹੈ। ਇਥੇ ਕੁਝ ਮੇਰਾ ਨਹੀਂ ਹੈ।

ਕੋ ਤੇਰੋ ਤੂ ਕੌਨ ਕੋ...! ਇਸਲਈ ਮੈਂ ਆਪਣੇ ਸੰਨਿਆਸੀ ਨੂੰ ਨਹੀਂ ਕਹਿੰਦਾ ਕਿ ਪਤਨੀ ਨੂੰ ਛੱਡ ਕੇ ਨੱਸ ਜਾ। ਤੇਰੀ ਹੈ ਹੀ ਨਹੀਂ, ਨੱਸੇਂਗਾ ਕਿਥੇ। ਜੇ ਨੱਸਿਆ ਤਾਂ ਇਸੇ ਭੁਲੇਖੇ ਵਿਚ ਰਹੇਂਗਾ ਕਿ ਮੇਰੀ ਸੀ। ਨੱਸਣਾ ਕਿਥੇ ਹੈ? ਜਾਗਣਾ ਹੈ। ਚੇਤਿ ਸਕੇ ਤੇ ਚੇਤਿ ਲੇ! ਇੰਨਾ ਦੇਖਣਾ-ਭਰ ਹੈ ਕਿ ਇਥੇ ਕੋਈ ਆਪਣਾ ਨਹੀਂ ਹੈ, ਕੋਈ ਪਰਾਇਆ ਨਹੀਂ। ਬਸ ਇਹ ਦ੍ਰਿਸ਼ਟੀ ਆ ਜਾਵੇ ਤਾਂ ਤੁਸੀਂ ਜਿਥੇ ਹੋ ਉਥੇ-ਈ ਸਭ ਵਾਪਰ ਜਾਂਦਾ ਹੈ। ਅਤੇ ਤੁਸੀਂ ਜਿਹੋ-ਜਿਹੇ ਹੋ, ਉਵੇਂ ਹੀ ਸਭ ਮਿਲ ਜਾਂਦਾ ਹੈ। ਰਾਈ ਘਟੈ ਨਾ ਤਿਲ ਬੜ੍ਹੈ!

ਪਿਯ ਕੈ ਵਿਰਹ ਵਿਯੋਗ ਭਈ ਹੂ ਬਾਵਰੀ।

ਚੇਤਨਾ ਜਾਗੇ ਤਾਂ ਬਿਰਹਾ ਜਾਗੇਗਾ, ਤਾਂ ਵਿਯੋਗ ਜਾਗੇਗਾ। ਚੇਤਨਾ ਜਾਗੇ ਤਾਂ ਇਹ ਚੇਤਾ ਆਏਗਾ ਕਿ ਜੋ ਆਪਣਾ ਹੈ ਉਸਨੂੰ ਛੱਡ ਬੈਠੇ ਹਾਂ ਅਤੇ ਜੋ ਆਪਣਾ ਨਹੀਂ ਹੈ, ਉਸਨੂੰ ਆਪਣਾ ਮੰਨ ਬੈਠੇ ਹਾਂ। ਚੇਤਨਾ ਜਾਗੇ ਤਾਂ ਇਸ ਗੱਲ ਦਾ ਚੇਤਾ ਆਏਗਾ ਕਿ ਮੇਰਾ ਸਰੂਪ ਕੀ, ਮੇਰਾ ਸੋਮਾ ਕੀ? ਮੇਰਾ ਮੂਲ ਪੈਦਾਇਸ਼ੀ-ਸਥਾਨ ਕੀ? ਕਿਉਂਕਿ ਜੋ ਮੂਲ ਪੈਦਾਇਸ਼ੀ-ਸਥਾਨ ਹੈ, ਉਹੀ ਅੰਤਮ ਟੀਚਾ ਹੈ। ਗੰਗਾ ਸਾਗਰ ਵਿਚ ਵੀ ਪੈਦਾ ਹੁੰਦੀ ਹੈ ਅਤੇ ਸਾਗਰ ਵਿਚ ਹੀ

ਡਿੱਗਦੀ ਹੈ। ਜੋ ਮੂਲ ਸੋਮਾ ਹੈ, ਉਹੀ ਪੂਜਣ-ਸਥਾਨ ਵੀ ਹੈ।

ਚੇਤੋਗੇ ਤਾਂ ਚੇਤੇ ਆਉਣਾ ਸ਼ੁਰੂ ਹੋਵੇਗਾ ਕਿ ਕਿਵੇਂ ਮੇਰਾ ਵਿਯੋਗ ਹੋ ਗਿਆ? ਮੈਂ ਪਰਮਾਤਮਾ ਤੋਂ ਦੂਰ ਕਿਵੇਂ ਹਟ ਗਿਆ ਹਾਂ? ਮੈਂ ਪਰਮਾਤਮਾ ਵਲ ਪਿੱਠ ਕਿਵੇਂ ਕਰ ਲਈ? ਮੈਂ ਬੇਮੁਖ ਕਿਵੇਂ ਹੋ ਗਿਆ ਹਾਂ।

ਪਿਯ ਕੈ ਵਿਰਹ ਵਿਯੋਗ ਭਈ ਹੂੰ ਬਾਵਰੀ।

ਇਸ ਬਿਰਹ ਦਾ ਰੰਗ ਹੀ ਸੰਨਿਆਸ ਦਾ ਰੰਗ ਹੈ। ਇਸ ਵਿਯੋਗ ਨਾਲ ਜੋ ਭਰਿਆ ਉਹੀ ਯੋਗ ਦਾ ਅਨੁਭਵ ਕਰ ਪਾਏਗਾ। ਵਿਯੋਗ ਯਾਨੀ ਕਿਵੇਂ ਟੁੱਟ ਗਏ ਪਰਮਾਤਮਾ ਤੋਂ। ਜਿਸਨੇ ਠੀਕ ਤਰ੍ਹਾਂ ਨਾਲ ਦੇਖ ਲਿਆ ਕਿਵੇਂ ਟੁੱਟ ਗਏ, ਉਹ ਜੁੜ ਜਾਂਦਾ ਹੈ-ਦੇਖਣ ਵਿਚ ਹੀ ਜੁੜ ਜਾਂਦਾ ਹੈ। ਕੁਝ ਕਰਨਾ ਨਹੀਂ ਪੈਂਦਾ। ਜਿਸ ਦਿਨ ਤੁਹਾਨੂੰ ਸਮਝ ਵਿਚ ਆ ਗਿਆ ਕਿ ਮੈਨੂੰ ਸੂਰਜ ਕਿਉਂ ਦਿਖਾਈ ਨਹੀਂ ਪੈ ਰਿਹਾ ਹੈ, ਕਿਉਂਕਿ ਮੈਂ ਪਿੱਠ ਕੀਤੀ ਹੋਈ ਹੈ, ਉਸੇ ਛਿਨ ਤੁਸੀਂ ਮੁੜ ਗਏ। ਇੰਨੀ ਹੀ ਗੱਲ ਹੈ। ਇੰਨੀ-ਕੁ ਗੱਲ ਹੈ। ਅਤੇ ਸੂਰਜ ਸਦਾ ਤੁਹਾਡੀਆਂ ਅੱਖਾਂ ਦੇ ਸਾਹਮਣੇ ਹੈ। ਤੁਸੀਂ ਪਿੱਠ ਕਰੋ ਤਾਂ ਦਿਖਾਈ ਨਹੀਂ ਪੈਂਦਾ। ਜਾਂ ਇਹ ਵੀ ਹੋ ਸਕਦਾ ਹੈ, ਕਿ ਤੁਸੀਂ ਮੂੰਹ ਵੀ ਸੂਰਜ ਦੀ ਤਰਫ ਕਰੋ ਅਤੇ ਅੱਖਾਂ ਬੰਦ ਰਖੋ, ਤਾਂ ਵੀ ਦਿਖਾਈ ਨਹੀਂ ਪੈਂਦਾ। ਇੰਨੀ ਗੱਲ ਸਮਝ ਵਿਚ ਆ ਗਈ ਕਿ ਅੱਖ ਖੋਲ੍ਹ ਲਵਾਂ ਤਾਂ ਸੂਰਜ ਸਾਹਮਣੇ ਹੈ।

ਪਰਮਾਤਮਾ ਸਦਾ ਸਾਹਮਣੇ ਹੈ। ਬਸ ਤੁਹਾਡੀਆਂ ਅੱਖਾਂ ਬੰਦ ਹਨ। ਬਿਰਹਾ ਵਿਚ ਰੋ-ਰੋ ਕੇ ਅੱਖ ਖੁਲ੍ਹ ਜਾਂਦੀ ਹੈ।

ਪਿਯ ਕੈ ਵਿਰਹ ਵਿਯੋਗ ਭਈ ਹੂੰ ਬਾਵਰੀ।

ਕਮਲੀ ਹੋ ਗਈ ਹਾਂ।

ਅਤੇ ਤੁਸੀਂ ਦੇਖਿਐ, ਜਦ ਵੀ ਸੰਤ ਉਸਦੇ ਵਿਯੋਗ ਦੀ ਗੱਲ ਕਰਦੇ ਹਨ, ਤਦ ਉਸੇ ਵੇਲੇ ਉਹ ਖ਼ੁਦ ਨੂੰ ਜਨਾਨਾ ਰੂਪ ਵਿਚ ਮਹਿਸੂਸ ਕਰਨ ਲਗਦੇ ਹਨ। ਕਿਉਂਕਿ ਬਿਰਹੋਂ ਦੀ ਗਹਿਰਾਈ ਇਸਤ੍ਰੀ ਦਾ ਮਨ ਹੀ ਜਾਣ ਸਕਦਾ ਹੈ। ਜਦ ਬਿਰਹੋਂ ਦੀ ਗਹਿਰਾਈ ਕੋਈ ਜਾਣਦਾ ਹੈ ਤਦ ਨਾਲ-ਦੀ-ਨਾਲ ਉਸਦੇ ਅੰਦਰ ਪੁਰਸ਼ ਛੁਪਨ ਹੋ ਜਾਂਦਾ ਹੈ। ਉਸਦੇ ਅੰਦਰ ਇਸਤ੍ਰੀ ਹੀ ਆ ਜਾਂਦੀ ਹੈ। ਫਿਰ ਇਕ ਹੀ ਪੁਰਸ਼ ਰਹਿ ਜਾਂਦਾ ਹੈ-ਉਹੀ ਪਰਮਾਤਮਾ।

ਪਿਯ ਕੈ ਵਿਰਹ ਵਿਯੋਗ ਭਈ ਹੂੰ ਬਾਵਰੀ।

ਮੈਂ ਕਮਲੀ ਹੋ ਗਈ!

ਕਲ੍ਹ ਤੁਸੀਂ ਪੁਛਿਆ ਸੀ-ਕਿਸੇ ਨੇ-ਕਿ ਕੀ ਤੁਸੀਂ ਮੈਨੂੰ ਪਾਗਲ ਕਰਕੇ ਹੀ ਛੱਡੋਗੇ? ਉਸਦਾ ਹੀ ਅਯੋਜਨ ਚੱਲ ਰਿਹਾ ਹੈ। ਇਥੇ ਜਿਹੜੇ ਚੰਗੇ-ਭਲੇ ਆਉਂਦੇ ਹਨ, ਉਹਨਾਂ ਨੂੰ ਪਾਗਲ ਬਣਾਇਆ ਜਾਂਦਾ ਹੈ। ਉਹ ਪਾਗਲ ਹੋ ਜਾਣ ਤਾਂ ਕੰਮ ਹੋ ਗਿਆ। ਉਹਨਾਂ ਨੂੰ ਬਿਰਹੋਂ ਦਾ ਪਾਗਲਪਣ ਜਾਗ ਜਾਵੇ। ਅਤੇ ਪਾਗਲਪਣ ਹੀ ਹੈ। ਕਿਉਂ ਪਾਗਲਪਣ ਹੈ? ਕਿਉਂਕਿ ਧਨ ਲੱਭੋ, ਧਨ ਨੂੰ ਦਿਖਾਈ ਪੈਂਦਾ ਹੈ, ਇਸਲਈ ਪਾਗਲਪਣ ਨਹੀਂ ਹੈ। ਅਤੇ ਸਭ ਜਾਣਦੇ ਹਨ ਧਨ ਦਾ ਮੁੱਲ, ਇਸਲਈ ਪਾਗਲਪਣ ਨਹੀਂ ਹੈ। ਪਰਮਾਤਮਾ ਨੂੰ ਖੋਜੋ, ਲੋਕ ਪੁੱਛਦੇ ਹਨ : 'ਕਿਵੇਂ

ਪਾਗਲ ਹੋ ਗਏ? ਕਿਥੇ ਹੈ ਪਰਮਾਤਮਾ? ਤੁਸੀਂ ਦਿਖਾ ਵੀ ਨਾ ਪਾਉਗੇ। ਤੁਸੀਂ ਕਿਸੇ ਨੂੰ ਸਮਝਾ ਵੀ ਨਾ ਪਾਉਗੇ। ਲੋਕ ਕਹਿਣਗੇ, ਕਿਸ ਭੁਲੇਖੇ ਵਿਚ ਪੈਂ ਰਹੇ ਹੋ? ਕਿਸ ਭਰਮ ਵਿਚ ਉਲਝ ਰਹੇ ਹੋ? ਕਿਥੇ ਹੈ ਪਰਮਾਤਮਾ? ਦਿਖਾ ਤਾਂ ਦਿਉ ਪਹਿਲਾਂ, ਫਿਰ ਖੋਜਣਾ, ਫਿਰ ਆਪਣੇ ਜੀਵਨ ਨੂੰ ਉਸ ਉਤੇ ਬਲੀਦਾਨ ਕਰਨਾ। ਹੋਵੇ ਤਾਂ ਸਹੀ! ਹੋਵੇ ਤਾਂ ਅਸੀਂ ਵੀ ਕਰ ਦੇਈਏ ਬਲੀਦਾਨ। ਲੇਕਿਨ ਦਿਖਾਉ, ਦਿਖਾ ਦਿਉ! ...ਪਾਗਲ ਹੀ ਲੱਗੋਗੇ।

ਅਤੇ ਜਿਥੇ ਸਾਰੇ ਲੋਕ ਧਨ ਖੋਜ ਰਹੇ ਹਨ ਉਥੇ ਤੁਸੀਂ ਧਿਆਨ ਖੋਜੋਗੇ, ਪਾਗਲ ਹੀ ਲੱਗੋਗੇ। ਜਿਥੇ ਸਾਰੇ ਲੋਕ ਇਕ ਪਾਸੇ ਜਾ ਰਹੇ ਹਨ, ਉਥੇ ਤੁਸੀਂ ਦੂਜੇ ਪਾਸੇ ਚੱਲਣ ਲੱਗੇ ...ਸੁਭਾਵਕ ਹੀ ਭੀੜ ਆਖੇਗੀ : ਕੀ ਹੋ ਗਿਆ ਹੈ ਤੈਨੂੰ? ਤੈਨੂੰ ਸੁਰਤ ਨਹੀਂ ਹੈ? ਸਾਰੀ ਦੁਨੀਆਂ ਕਿਥੇ ਜਾ ਰਹੀ ਹੈ, ਤੂੰ ਕਿਥੇ ਜਾ ਰਿਹਾ ਹੈਂ? ਤੂੰ ਉਲਟਾ ਜਾ ਰਿਹਾ ਹੈਂ।

ਮਜ਼ਾ ਇਹ ਹੈ ਕਿ ਇਥੇ ਜਿਹੜਾ ਸਿੱਧਾ ਜਾਂਦਾ ਹੈ ਉਹ ਉਲਟਾ ਮਲੂਮ ਪਏਗਾ, ਕਿਉਂਕਿ ਭੀੜ ਉਲਟੀ ਜਾ ਰਹੀ ਹੈ। ਇਥੇ ਜਿਹੜਾ ਤੰਦਰੁਸਤ ਹੈ ਉਹ ਪਾਗਲ ਮਲੂਮ ਪਏਗਾ ਕਿਉਂਕਿ ਇਥੇ ਪਾਗਲ ਤੰਦਰੁਸਤ ਸਮਝੇ ਜਾ ਰਹੇ ਹਨ। ਧਨ ਨੂੰ ਇਕੱਠਾ ਕਰਨ ਵਾਲਾ ਸਹੀ ਸਮਝਿਆ ਜਾਂਦਾ ਹੈ। ਪਦਵੀ ਦੀ ਯਾਤਰਾ 'ਤੇ ਚੱਲਣ ਵਾਲਾ ਸਹੀ ਸਮਝਿਆ ਜਾਂਦਾ ਹੈ। ਕਿਉਂਕਿ ਮਾਂ-ਬਾਪ ਇਹੀ ਸਿਖਾਉਂਦੇ, ਸਕੂਲ ਇਹੀ ਸਿਖਾਉਂਦੇ, ਕਾਲਜ, ਯੂਨੀਵਰਸਿਟੀ ਇਹੀ ਸਿਖਾਉਂਦੇ—ਉੱਚੀ-ਆਸ! ਸਭ ਤੋਂ ਪਹਿਲਾਂ ਹੋ ਜਾਣਾ ਹੈ।

ਜੀਸਸ ਨੇ ਕਿਹਾ ਹੈ : ਧਿਆਨ ਰਖਣਾ, ਜਿਹੜੇ ਪਹਿਲੇ ਹਨ, ਉਹ ਅੰਤਮ ਹੋ ਜਾਣਗੇ। ਅਤੇ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜਿਹੜੇ ਇਥੇ ਅੰਤਮ ਹੋਣ ਦੀ ਸਮਰੱਥਾ ਰਖਣਗੇ, ਉਹ ਮੇਰੇ ਪ੍ਰਭੂ ਦੇ ਰਾਜ ਵਿਚ ਪਹਿਲੇ ਹੋਣਗੇ। ਹੁਣ ਅੰਤਮ ਹੋਣ ਦੀ ਸਮਰੱਥਾ ਤਾਂ ਪਾਗਲਪਣ ਹੈ।

ਲਾਓਤਸੂ ਨੇ ਕਿਹਾ ਹੈ ਕਿ ਮੈਂ ਜਦ ਕਿਸੇ ਸਭਾ ਵਿਚ ਜਾਂਦਾ ਹਾਂ ਤਾਂ ਸਭ ਤੋਂ ਅਖੀਰ ਵਿਚ ਬੈਠ ਜਾਂਦਾ ਹਾਂ, ਜਿਥੋਂ ਮੈਨੂੰ ਕੋਈ ਉਠਾ ਨਾ ਸਕੇ। ਜਿਹੜੇ ਅੱਗੇ ਬੈਠਦੇ ਹਨ, ਉਠਾਏ ਜਾ ਸਕਦੇ ਹਨ। ਕਿਉਂਕਿ ਅੱਗੇ ਬੈਠਣ ਦੇ ਲਈ ਮੁਕਾਬਲਾ ਹੁੰਦਾ ਹੈ, ਸੰਘਰਸ਼ ਹੁੰਦਾ ਹੈ।

ਲਾਓਤਸੂ ਕਹਿੰਦਾ ਹੈ : ਮੈਂ ਉਥੇ ਬੈਠਦਾ ਹਾਂ ਜਿਥੇ ਲੋਕ ਜੁੱਤੀਆਂ ਲਾਹੁੰਦੇ ਹਨ। ਉਥੋਂ ਮੈਨੂੰ ਕਦੇ ਕੋਈ ਨਹੀਂ ਹਟਾਉਂਦਾ, ਉਥੇ ਮੈਂ ਨਿਸਚਿੰਤ ਭਾਵ ਨਾਲ ਬੈਠਦਾ ਹਾਂ। ਉਥੇ ਕੋਈ ਭੈ ਨਹੀਂ ਹੁੰਦਾ।

ਅੰਤਮ ਆਦਮੀ ਨੂੰ ਕੀ ਭੈ! ਹੁਣ ਅੰਤਮ ਤੋਂ ਹੋਰ ਅੰਤਮ ਕੀ ਹੋਵੇਗਾ? ਲੇਕਿਨ ਜਿਹੜਾ ਅੰਤਮ ਹੋਣ ਚੱਲਿਆ ਹੈ, ਉਹ ਪਾਗਲ ਤਾਂ ਲੱਗੇਗਾ। ਜਿਥੇ ਸਾਰੇ ਅੱਵਲ ਹੋਣ ਦੀ ਦੌੜ ਵਿਚ ਹਨ, ਜਿਥੇ ਇਕ ਹੀ ਜ਼ਹਿਰ ਨੇ ਸਭ ਨੂੰ ਪਕੜਿਆ ਹੈ ਕਿ ਕਿਵੇਂ ਅੱਵਲ ਹੋ ਜਾਈਏ...?

ਮੈਕਸਿਕੋ ਇਕ ਛੋਟਾ-ਜਿਹਾ ਪਿੰਡ ਹੈ—ਦੂਰ ਪਹਾੜਾਂ ਵਿਚ ਵਸਿਆ ਹੋਇਆ। ਛੋਟੀ ਅਬਾਦੀ ਹੈ। ਸੱਤ ਸੌ ਬੰਦੇ ਹਨ। ਸਾਰੇ ਅੰਨ੍ਹੇ ਹਨ। ਬੜਾ ਉਚੇਚਾ ਪਿੰਡ ਹੈ। ਸਾਰੇ ਬੱਚੇ ਅੱਖ ਵਾਲੇ ਪੈਦਾ ਹੁੰਦੇ ਹਨ, ਲੇਕਿਨ ਤਿੰਨ-ਚਾਰ ਮਹੀਨੇ ਦੇ

ਅੰਦਰ ਅੰਨ੍ਹੇ ਹੋ ਜਾਂਦੇ ਹਨ। ਇਕ ਖ਼ਾਸ ਕਿਸਮ ਦੀ ਮਧੂਮੱਖੀ ਉਥੇ ਪਾਈ ਜਾਂਦੀ ਹੈ, ਜਿਸਦੇ ਕੱਟ ਲੈਣ ਨਾਲ ਬੰਦਾ ਅੰਨ੍ਹਾ ਹੋ ਜਾਂਦਾ ਹੈ। ਅਤੇ ਮਧੂਮੱਖੀ ਭਾਰੀ ਮਿਕਦਾਰ ਵਿਚ ਪਾਈ ਜਾਂਦੀ ਹੈ। ਉਸ ਤੋਂ ਬਚਣ ਦਾ ਵੀ ਕੋਈ ਉਪਾਅ ਨਹੀਂ, ਕਿਉਂਕਿ ਬਾਕੀ ਵੀ ਸਭ ਅੰਨ੍ਹੇ ਹਨ। ਅੱਜ ਤੋਂ ਸੌ ਸਾਲ ਪਹਿਲਾਂ ਪਹਿਲਾ ਅੱਖ ਵਾਲਾ ਆਦਮੀ ਉਸ ਪਿੰਡ ਵਿਚ ਦਾਖ਼ਲ ਹੋਇਆ। ਇਕ ਵਿਗਿਆਨਕ ਅਧਿਐਨ ਕਰਨ ਪਹੁੰਚ ਗਿਆ। ਉਹ ਬੜਾ ਹੈਰਾਨ ਹੋਇਆ। ਸੱਤ ਸੌ ਲੋਕਾਂ ਦੀ ਬਸਤੀ, ਸਭ ਅੰਨ੍ਹੇ! ਉਥੇ ਕਦੇ ਅੱਖ ਵਾਲਾ ਸਦੀਆਂ ਤੋਂ ਹੋਇਆ ਹੀ ਨਹੀਂ ਹੈ। ਕੰਮ ਚਲਦਾ ਹੈ, ਘਿਸਟਦਾ ਹੋਇਆ ਕਿਸੇ ਤਰ੍ਹਾਂ। ਥੋੜ੍ਹੀ-ਬਹੁਤ ਸਬਜੀ ਵੀ ਉਗਾ ਲੈਂਦੇ ਹਨ, ਥੋੜ੍ਹੀ-ਬਹੁਤ ਖੇਤੀ ਵੀ ਕਰ ਲੈਂਦੇ ਹਨ। ਬੜਾ ਮੁਸ਼ਕਲ ਮਾਮਲਾ ਹੈ। ਕਿਸੇ ਤਰ੍ਹਾਂ ਜੁਟਾ ਲੈਂਦੇ ਹਨ, ਇਕ ਜੂਨ ਪੇਟ ਭਰ ਲੈਂਦੇ ਹਨ। ਉਹ ਆਦਮੀ, ਉਹ ਵਿਗਿਆਨਕ ਉਸ ਕਬੀਲੇ ਦੀ ਇਕ ਲੜਕੀ ਦੇ ਪ੍ਰੇਮ ਵਿਚ ਪੈ ਗਿਆ। ਉਹ ਅਧਿਐਨ ਕਰਨ ਗਿਆ ਸੀ। ਅਧਿਐਨ ਕਰ ਰਿਹਾ ਸੀ। ਉਹ ਉਸਦੇ ਪ੍ਰੇਮ ਵਿਚ ਪੈ ਗਿਆ। ਲੇਕਿਨ ਪਿੰਡ ਵਾਲਿਆਂ ਨੇ ਕਿਹਾ : ਕਿ ਸ਼ਰਤ ਹੈ, ਵਿਆਹ ਅਸੀਂ ਕਰਵਾ ਦਿਆਂਗੇ, ਪਰ ਅੱਖਾਂ ਭੰਨਣੀਆਂ ਪੈਣਗੀਆਂ। ਕਿਉਂਕਿ ਇਹ ਅਸੀਂ ਮੰਨ ਹੀ ਨਹੀਂ ਸਕਦੇ ਕਿ ਅੱਖ ਵਾਲਾ ਆਦਮੀ ਤੰਦਰੁਸਤ ਹੈ। ਸੱਤ ਸੌ ਸਾਲ ਜਿਥੇ ਅੰਨ੍ਹੇ ਹੋਣ ਅਤੇ ਸਦਾ ਤੋਂ ਜਿਥੇ ਅੰਨ੍ਹੇ ਹੀ ਆਦਮੀ ਰਹੇ ਹੋਣ, ਉਥੇ ਅੱਖ ਵਾਲੇ ਨੂੰ ਤਾਂ ਅਣਤੰਦਰੁਸਤ ਮੰਨਣਗੇ ਹੀ! ਕੁਝ ਗੜਬੜ ਹੈ।

ਤੁਸੀਂ ਹੀ ਸੋਚੋ, ਜੇ ਅਚਾਨਕ ਇਕ ਆਦਮੀ ਪੈਦਾ ਹੋ ਜਾਵੇ ਜਿਸ ਦੀਆਂ ਤਿੰਨ ਅੱਖਾਂ ਹੋਣ ਤਾਂ ਬਸ ਤੁਸੀਂ ਲੈ ਜਾਓਗੇ ਹਸਪਤਾਲ, ਡਾਕਟਰ ਨੂੰ ਕਹੋਗੇ ਕਿ ਇਸਦਾ ਆਪਰੇਸ਼ਨ ਕਰੋ। ਜੇ ਬੁੱਧੀਮਾਨ ਹੋਏ ਤਾਂ ਆਪਰੇਸ਼ਨ ਕਰਵਾਣ ਵਿਚ ਲੱਗੋਗੇ। ਜੇ ਬੁੱਧੂ ਹੋਏ ਤਾਂ ਪੂਜਾ ਕਰਨ ਲੱਗੋਗੇ ਕਿ ਸ਼ਾਇਦ ਸ਼ਿਵਜੀ ਦਾ ਅਵਤਾਰ ਹੋਇਆ ਹੈ ਜਾਂ ਕੀ ਮਾਮਲਾ ਹੈ! ਅੰਪਰ ਸਵੀਕਾਰ ਕੋਈ ਵੀ ਨਹੀਂ ਕਰੇਗਾ ਕਿ ਇਹ ਠੀਕ ਹੈ। ਕੋਈ ਵਿਕਾਰ ਹੈ। ਕੁਝ ਗੜਬੜ ਹੈ।

ਉਸ ਕਬੀਲੇ ਦੇ ਲੋਕਾਂ ਨੇ ਕਿਹਾ ਕਿ ਅਸੀਂ ਰਾਜ਼ੀ ਹਾਂ, ਵਿਆਹ ਤੇਰਾ ਕਰ ਦਿਆਂਗੇ, ਪਰ ਅੱਖਾਂ ਗੰਵਾਉਣੀਆਂ ਪੈਣਗੀਆਂ। ਉਹ ਵਿਗਿਆਨਕ ਉਥੋਂ ਨੱਸ ਖਲੋਤਾ। ਨੱਸਣਾ ਹੀ ਪਿਆ। ਉਸਨੇ ਕਿਹਾ : ਇਹ ਤਾਂ ਖ਼ਤਰਨਾਕ ਮਾਮਲਾ ਹੈ। ਅੱਖਾਂ ਆਪਣੀਆਂ ਗੰਵਾਉਣੀਆਂ ਪੈਣ ਅਤੇ ਇਹਨਾਂ ਪਾਗਲਾਂ ਨੂੰ ਕੌਣ ਸਮਝਾਏ ਕਿ ਅੰਨ੍ਹਾਂ ਹੋਣਾ ਕੋਈ ਤੰਦਰੁਸਤੀ ਦੀ ਗੱਲ ਨਹੀਂ ਹੈ। ਪਰ ਜਿਥੇ ਭੀੜ ਅੰਨ੍ਹੀ ਹੋਵੇ, ਉਥੇ ਕਠਨਾਈ ਹੋ ਜਾਂਦੀ ਹੈ।

ਜਿਬ੍ਰਾਨ ਦੀ ਇਕ ਬੜੀ ਪ੍ਰਸਿੱਧ ਕਹਾਣੀ ਹੈ। ਇਕ ਪਿੰਡ ਵਿਚ ਇਕ ਚੁੜੇਲ ਆਈ ਅਤੇ ਉਸਨੇ ਇਕ ਮੰਤਰ ਫੂਕਿਆ ਅਤੇ ਇਕ ਖੂਹ ਵਿਚ ਕੋਈ ਚੀਜ਼ ਸੁੱਟ ਦਿਤੀ ਅਤੇ ਕਿਹਾ ਕਿ ਜਿਹੜਾ ਵੀ ਇਸਦਾ ਪਾਣੀ ਪੀਵੇਗਾ ਪਾਗਲ ਹੋ ਜਾਏਗਾ। ਉਸ ਪਿੰਡ ਵਿਚ ਦੋ ਹੀ ਖੂਹ ਸਨ—ਇਕ ਪਿੰਡ ਦਾ ਖੂਹ, ਇਕ ਰਾਜੇ ਦਾ ਖੂਹ। ਪਿੰਡ ਦੇ ਖੂਹ ਦਾ ਪਾਣੀ ਸਭ ਨੂੰ ਪੀਣਾ ਹੀ ਪਿਆ, ਹੋਰ ਖੂਹ ਹੀ ਨਹੀਂ ਸੀ। ਉਹ ਸਾਰੇ ਸ਼ਾਮ ਹੁੰਦੇ-ਹੁੰਦੇ ਪਾਗਲ ਹੋ ਗਏ। ਸਿਰਫ ਰਾਜਾ, ਉਸਦਾ ਵਜ਼ੀਰ, ਉਸਦੀ ਰਾਣੀ, ਇਹ ਤਿੰਨ ਬਚ ਗਏ। ਉਹ ਬੜੇ ਖ਼ੁਸ਼ ਸਨ, ਭਗਵਾਨ ਨੂੰ ਧੰਨਵਾਦ ਦੇ ਰਹੇ ਸਨ ਕਿ

ਅਸੀਂ ਖ਼ੁਸ਼ਨਸੀਬ ਹਾਂ ਕਿ ਸਾਡੇ ਖੂਹ ਵਿਚ ਕੋਈ ਖ਼ਤਰਾ ਨਹੀਂ ਹੋਇਆ। ਲੇਕਿਨ ਸ਼ਾਮ ਨੂੰ ਉਹਨਾਂ ਨੂੰ ਪਤਾ ਲੱਗਿਆ ਕਿ ਗ਼ਲਤੀ ਵਿਚ ਹਨ ਉਹ। ਜਦ ਸਾਰਾ ਪਿੰਡ ਪਾਗਲ ਹੋ ਗਿਆ ਤਾਂ ਪਿੰਡ ਵਿਚ ਇਕ ਅਫਵਾਹ ਜ਼ੋਰ ਨਾਲ ਉੱਡੀ ਕਿ ਰਾਜੇ ਦਾ ਦਿਮਾਗ ਖ਼ਰਾਬ ਹੋ ਗਿਆ। ਸੁਭਾਵਕ ਹੈ। ਪਿੰਡ ਦੇ ਲੋਕ ਇਕੱਠੇ ਹੋਣ ਲੱਗੇ ਮਹਿਲ ਦੇ ਕੋਲ, ਕਿ ਰਾਜੇ ਦਾ ਦਿਮਾਗ ਖ਼ਰਾਬ ਹੋ ਗਿਆ। ਅਤੇ ਉਹਨਾਂ ਵਿਚ ਕੁਝ ਰਾਜਨੇਤਾ ਵੀ ਹੋਣਗੇ, ਉਹ ਚਿੱਲਾਣ ਲੱਗੇ ਕਿ ਰਾਜੇ ਨੂੰ ਬਦਲਾਂਗੇ, ਕਿਉਂਕਿ ਪਾਗਲ ਰਾਜਾ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਰਾਜੇ ਦੇ ਸਿਪਾਹੀ ਵੀ ਪਾਗਲ ਹੋ ਗਏ ਸਨ। ਰਾਜੇ ਦੇ ਪਹਿਰੇਦਾਰ ਵੀ ਪਾਗਲ ਹੋ ਗਏ ਸਨ। ਉਹ ਵੀ ਭੀੜ ਵਿਚ ਸ਼ਾਮਲ ਸਨ। ਹੁਣ ਬੜੀ ਮੁਸ਼ਕਲ ਸੀ। ਰਾਜਾ ਉਹਨਾਂ ਦੇ ਹੀ ਬਲ 'ਤੇ ਤਾਂ ਰਾਜਾ ਸੀ। ਜਦ ਪਾਗਲਾਂ ਦੀ ਭੀੜ ਸਭ ਪਾਸੇ ਇਕੱਠੀ ਹੋ ਗਈ—ਅਤੇ ਰਾਜਾ ਜਾਣਦਾ ਹੈ ਕਿ ਇਹ ਪਾਗਲ ਹਨ, ਪਰ ਹੁਣ ਕੀ ਉਪਾਅ ਹੈ ? ਉਸਨੇ ਆਪਣੇ ਬੁੱਢੇ ਵਜ਼ੀਰ ਨੂੰ ਕਿਹਾ ਕੰਬਦੇ ਹੋਏ ਕਿ ਹੁਣ ਮੈਂ ਕੀ ਕਰਾਂ ? ਸਾਨੂੰ ਪੱਕਾ ਪਤਾ ਹੈ ਕਿ ਅਸੀਂ ਸਹੀ ਹਾਂ, ਇਹ ਗ਼ਲਤ ਹਨ; ਔਪਰ ਇਹ ਭੀੜ ਹੈ। ਸਾਰਾ ਪਿੰਡ ਪਾਗਲ ਹੋ ਗਿਆ ਹੈ। ਮੇਰੇ ਲਈ ਕੋਈ ਉਪਾਅ ਹੈ ?

ਵਜ਼ੀਰ ਨੇ ਕਿਹਾ : ਤੁਸੀਂ ਇਕ ਕੰਮ ਕਰੋ, ਮੈਂ ਇਹਨਾਂ ਨੂੰ ਉਲਝਾ ਕੇ ਰਖਦਾ ਹਾਂ ਥੋੜ੍ਹੀ ਦੇਰ, ਤੁਸੀਂ ਦੌੜੋ, ਉਸ ਖੂਹ ਦਾ ਪਾਣੀ ਪੀ ਕੇ ਆਉ। ਹੁਣ ਹੋਰ ਕੋਈ ਉਪਾਅ ਨਹੀਂ।

ਰਾਜਾ ਦੌੜਿਆ, ਉਸ ਖੂਹ ਦਾ ਪਾਣੀ ਪੀ ਕੇ ਜਦ ਆਇਆ ਤਾਂ ਨੰਗ-ਧੜੰਗਾ ਨੱਚਦਾ ਹੋਇਆ ਚਲਿਆ ਆ ਰਿਹਾ ਸੀ। ਉਸ ਪਿੰਡ ਵਿਚ ਬਹੁਤ ਜਲਸਾ ਮਨਾਇਆ ਗਿਆ ਉਸ ਰਾਤ, ਕਿ ਆਪਣੇ ਰਾਜੇ ਦਾ ਦਿਮਾਗ ਠੀਕ ਹੋ ਗਿਆ ਹੈ। ਆਪਣਾ ਪਿਆਰਾ ਰਾਜਾ ! ਇਸਦਾ ਦਿਮਾਗ ਬਿਲਕੁਲ ਠੀਕ ਹੋ ਗਿਆ ! ਨੰਗੇ ਰਾਜੇ ਨੂੰ ਲੈ ਕੇ ਉਹ ਖ਼ੂਬ ਨੱਚੇ-ਟੱਪੇ, ਖ਼ੂਬ ਜ਼ਿੰਦਾਬਾਦ ਕੀਤਾ।

ਭੀੜ ਜੋ ਕਰਦੀ ਹੈ ਉਹ ਸਹੀ ਮਲੂਮ ਹੁੰਦਾ ਹੈ। ਭੀੜ ਤੋਂ ਜੋ ਵੱਖਰਾ ਕਰੋਗੇ, ਭੀੜ ਪਾਗਲ ਸਮਝੇਗੀ। ਇਸਲਈ ਜਿਸਨੇ ਧਰਮ ਦੇ ਰਾਹ 'ਤੇ ਜਾਣਾ ਹੋਵੇ ਉਹ ਇੰਨੀ ਤਿਆਰੀ ਰਖੇ ਕਿ ਲੋਕ ਪਾਗਲ ਆਖਣ ਤਾਂ ਚੁੱਪਚਾਪ ਸੁਣ ਲੈਣਾ, ਸਮਝ ਲੈਣਾ। ਇਸ ਵਿਚ ਝਗੜੇ ਦੀ ਗੱਲ ਵੀ ਨਹੀਂ ਹੈ। ਠੀਕ ਹੀ ਆਖਦੇ ਹਨ ਲੋਕ। ਉਹਨਾਂ ਵਲੋਂ ਠੀਕ ਹੀ ਕਹਿੰਦੇ ਹਨ।

ਪਿਯ ਕੇ ਵਿਰਹ ਵਿਯੋਗ ਭਈ ਹੂੰ ਬਾਵਰੀ

ਅਤੇ ਜਿਵੇਂ-ਜਿਵੇਂ ਬਿਰਹਾ ਵਧਦਾ ਹੈ, ਉਵੇਂ-ਉਵੇਂ ਬੇਚੈਨੀ ਵਧਦੀ ਹੈ, ਹੰਝੂ ਵਧਦੇ ਹਨ, ਦੁਖ ਅਤੇ ਪੀੜ ਵਧਦੀ ਹੈ, ਲਪਟਾਂ ਵਧਦੀਆਂ ਹਨ।

ਬਾਰਹਾ ਦੇਖੀ ਹੈ ਉਨਕੀ ਰੰਜਿਸ਼ੇਂ
ਪਰ ਕੁਛ ਅਬ ਕੇ ਸਰਗਰਾਨੀ ਔਰ ਹੈ

ਕਠਨਾਈਆਂ ਵਧਦੀਆਂ ਹੋਈਆਂ ਮਲੂਮ ਪੈਂਦੀਆਂ ਹਨ। ਇਕਦਮ ਨਾਲ ਹੱਲ ਨਹੀਂ ਹੋ ਜਾਂਦਾ। ਪੁਰਾਣੇ ਹੱਲ ਖੋ ਜਾਂਦੇ ਹਨ। ਨਵੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਸਮਾਧੀ ਸਸਤੀ ਥੋੜ੍ਹਾ-ਈ ਮਿਲਦੀ ਹੈ। ਪਹਿਲੇ ਪੁਰਾਣੇ ਸਭ ਹੱਲ ਖੋ ਜਾਂਦੇ ਹਨ ਅਤੇ ਸਭ ਸਮੱਸਿਆਵਾਂ ਹੀ ਸਮੱਸਿਆਵਾਂ ਹੋ ਜਾਂਦੀਆਂ ਹਨ। ਵਿਅਕਤੀ ਇਕਦਮ ਹਨੇਰੇ ਵਿਚ ਘਿਰ ਜਾਂਦਾ ਹੈ, ਤਦ ਰੋਸ਼ਨੀ ਮਿਲਦੀ ਹੈ।

ਬਾਰਹਾ ਦੇਖੀ ਹੈਂ ਉਨਕੀ ਰੰਜਿਸ਼ੇਂ
ਪਰ ਕੁਝ ਅਬ ਕੇ ਸਰਗਰਾਨੀ ਔਰ ਹੈ

ਜਦ ਪ੍ਰਭੂ ਦੀ ਯਾਦ ਆਉਣੀ ਸ਼ੁਰੂ ਹੁੰਦੀ ਹੈ ਤਾਂ ਹਿਰਦੇ ਵਿਚ ਇਕਦਮ ਫੱਟ ਲਗਦੇ ਹਨ, ਕਟਾਰ ਖੁਭ ਜਾਂਦੀ ਹੈ।

ਮੈਂ ਤੁਝਕੋ ਭੂਲ ਚੁਕਾ ਲੇਕਿਨ ਇਕ ਉਮਰ ਕੇ ਬਾਦ
ਤੇਰਾ ਖਯਾਲ ਕਿਯਾ ਥਾ ਚੋਟ ਉਭਰ ਆਈ

ਜਨਮਾਂ-ਜਨਮਾਂ ਦੇ ਬਾਅਦ ਵੀ ਚੋਟ ਉਭਰ ਆਉਂਦੀ ਹੈ। ਹਿਰਦਾ ਦੁਖਣ ਲਗਦਾ ਹੈ। ਹਿਰਦਾ ਇਕ ਜ਼ਖਮ ਬਣ ਜਾਂਦਾ ਹੈ। ਰਿਸਣ ਲਗਦਾ ਹੈ ਦਰਦ! ਹੁਣ ਬਿਨਾਂ ਮਿਲੇ ਇਕ ਛਿਨ ਕੱਟਣਾ ਮੁਸ਼ਕਲ ਹੋ ਜਾਂਦਾ ਹੈ। ਇਸਲਈ ਭਗਤ ਪਾਗਲ ਮਲੂਮ ਹੁੰਦਾ ਹੈ। ਰੋਂਦਾ ਹੈ, ਡਿੱਗਦਾ ਹੈ, ਢਹਿੰਦਾ ਹੈ। ਉਸ ਦੀਆਂ ਅੱਖਾਂ ਦੇ ਹੰਝੂ, ਉਸ ਦੀਆਂ ਆਹਾ, ਕਿਸੇ ਦੀ ਸਮਝ ਵਿਚ ਨਹੀਂ ਆਉਂਦੀਆਂ। ਲੇਕਿਨ ਜਦ ਪਹੁੰਚ ਜਾਂਦਾ ਹੈ ਭਗਤ ਤਦ ਉਹ ਜਾਣਦਾ ਹੈ ਕਿ ਉਹ ਦਿਨ ਵੀ ਲਾਜ਼ਮੀ ਸਨ। ਉਹ ਧੰਨਵਾਦ ਕਰਦਾ ਹੈ। ਕਿਉਂਕਿ ਉਹ ਦਿਨ ਨਾ ਆਉਂਦੇ, ਉਹ ਦੁਖ ਦੇ ਦਿਨ ਨਾ ਆਉਂਦੇ, ਤਾਂ ਇਹ ਸੁਖ ਦੇ ਦਿਨ ਵੀ ਨਾ ਆਉਂਦੇ।

ਹਰ ਹਕੀਕਤ ਮਜਾਜ਼ ਹੋ ਜਾਏ
ਕਾਫਿਰੋਂ ਕੀ ਨਮਾਜ਼ ਹੋ ਜਾਏ
ਮਿੰਨਤੇ ਚਾਰਾਸਾਜ਼ ਕੌਨ ਕਰੇ
ਦਰਦ ਜਬ ਜਾਂ-ਨਵਾਜ਼ ਹੋ ਜਾਏ
ਇਸ਼ਕ ਦਿਲ ਮੇਂ ਰਹੇ ਤੋ ਰੁਸਵਾ ਹੋ
ਲਬ ਪੇ ਆਏ ਤੋ ਰਾਜ਼ ਹੋ ਜਾਏ
ਲੁੱਤਫ ਕਾ ਇੰਤਜ਼ਾਰ ਕਰਤਾ ਹੂੰ
ਜ਼ੋਰ ਤਾ-ਹੱਦੇ-ਨਾਜ਼ ਹੋ ਜਾਏ

ਜਦ ਭਗਤ ਪਹੁੰਚ ਜਾਂਦਾ ਹੈ ਤਦ ਉਸਨੂੰ ਅਨੁਭਵ ਹੋਣਾ ਸ਼ੁਰੂ ਹੁੰਦਾ ਹੈ ਕਿ ਉਇ! ਉਹ ਬਿਰਹੋਂ ਦੀ ਰਾਤ ਨਾ

ਹੁੰਦੀ ਤਾਂ ਇਹ ਮਿਲਣੀ ਦਾ ਸੂਰਜ ਉਦੈ ਵੀ ਨਹੀਂ ਹੋ ਸਕਣਾ ਸੀ...। ਇਸਲਈ ਸਤਿਗੁਰੂ ਆਪਣੇ ਸ਼ਿਸ਼ਾਂ ਨੂੰ ਸਮਝਾਉਂਦੇ ਹਨ ਕਿ ਜਦ ਦਰਦ ਉਠੇ ਤਾਂ ਉਸਦਾ ਇਲਾਜ ਨਾ ਕਰ ਲੈਣਾ। ਜਦ ਦਰਦ ਉਠੇ ਤਾਂ ਪ੍ਰਾਰਥਨਾ ਕਰਨਾ ਕਿ ਬੇਹੱਦ ਹੋ ਜਾਵੇ, ਦਰਦ ਵਧਦਾ ਚਲਿਆ ਜਾਵੇ।

ਹਰ ਹਕੀਕ਼ਤ ਮਜਾਜ਼ ਹੋ ਜਾਏ
ਕਾਫਿਰੋਂ ਕੀ ਨਮਾਜ਼ ਹੋ ਜਾਏ
ਮਿੰਨਤੇ–ਚਾਰਾਸਾਜ਼ ਕੌਨ ਕਰੇ–

ਤਦ ਜਾ ਕੇ ਵੈਦਾਂ ਦੀਆਂ, ਇਲਾਜ–ਕਰਤਾਵਾਂ ਦੀਆਂ, ਖ਼ੁਸ਼ਾਮਦਾਂ ਨਾ ਕਰਨ ਲੱਗਣਾ। ਨਾਨਕ ਨੂੰ ਅਜੇਹੇ ਹੀ ਬਿਰਹੋਂ ਸਤਾਇਆ....ਅਜੇਹੇ ਹੀ ਬਿਰਹੋਂ! ਇਕ ਰਾਤ ਪਪੀਹਾ ਬੋਲੀ ਗਿਆ—ਪੀ ਕਿਥੇ? ਪੀ ਕਿਥੇ? ਅਤੇ ਨਾਨਕ ਵੀ ਰੋਈ ਗਏ—ਪੀ ਕਿਥੇ? ਪੀ ਕਿਥੇ? ਉਹਨਾਂ ਦੀ ਮਾਂ ਆਈ। ...ਨੌਜਵਾਨ ਸਨ ਅਜੇ। ਉਸਨੇ ਕਿਹਾ : ਹੁਣ ਸੌਂ ਵੀ ਜਾ! ਇਹ ਕੀ ਲਾ ਰੱਖੀ ਹੈ—ਪੀ ਕਿਥੇ? ਪੀ ਕਿਥੇ? ਨਾਨਕ ਨੇ ਕਿਹਾ : ਅਜੇ ਪਪੀਹਾ ਵੀ ਨਹੀਂ ਥੱਕਿਆ, ਮੈਂ ਕਿਵੇਂ ਥੱਕ ਜਾਵਾਂ? ਅਜੇ ਪਪੀਹਾ ਵੀ ਚੁੱਪ ਨਹੀਂ ਹੋਇਆ, ਮੈਂ ਕਿਵੇਂ ਚੁੱਪ ਹੋ ਜਾਵਾਂ? ਪਪੀਹੇ ਨਾਲ ਟਾਕਰਾ ਬੱਝਾ ਹੈ। ਜੇ ਪਪੀਹਾ ਪੁਕਾਰਦਾ ਹੈ ਤਾਂ ਮੈਂ ਵੀ ਪੁਕਾਰੀ ਜਾਵਾਂਗਾ। ਜਦ ਤਕ ਪਪੀਹਾ ਨਹੀਂ ਰੁਕਦਾ, ਮੈਂ ਵੀ ਨਹੀਂ ਰੁਕਣ ਵਾਲਾ ਹਾਂ। ਪਪੀਹੇ ਕੋਲੋਂ ਥੋੜ੍ਹਾ–ਈ ਹਾਰ ਜਾਵਾਂਗਾ? ਮੈਂ ਵੀ ਆਪਣੇ ਪੀ ਨੂੰ ਪੁਕਾਰ ਰਿਹਾ ਹਾਂ।

ਰਾਤ–ਭਰ ਪੁਕਾਰਦੇ ਰਹੇ। ਪਪੀਹਾ ਵੀ ਪਾਗਲ ਰਿਹਾ ਹੋਣੈ! ਅੱਜ ਕਲ੍ਹ ਅਜੇਹੇ ਪਪੀਹੇ ਵੀ ਨਹੀਂ ਮਿਲਦੇ। ਇਕ–ਅੱਧ ਦੋ ਵਾਰੀ ਪੁਕਾਰਿਆ, ਚੁੱਪ ਹੋ ਜਾਂਦੇ ਹਨ। ਕਲਜੁਗੀ ਪਪੀਹੇ! ਪਪੀਹਾ ਵੀ ਪੁਕਾਰਦਾ ਰਿਹਾ। ਸ਼ਾਇਦ ਜਿਦ ਬੰਨ੍ਹ ਲਈ ਹੋਵੇਗੀ ਨਾਨਕ ਨਾਲ ਕਿ ਤੂੰ ਵੀ ਕੀ ਸਮਝ ਰਖਿਆ ਹੈ? ਸਵੇਰੇ ਤਾਂ ਮੁਸ਼ਕਲ ਹੋ ਗਈ। ਘਰ ਦੇ ਲੋਕਾਂ ਨੇ ਸਮਝਿਆ ਕਿ ਪਾਗਲ ਹੋ ਗਏ ਹਨ। ਵੈਦ ਨੂੰ ਬੁਲਾਇਆ ਗਿਆ। ਵੈਦ ਨਬਜ਼ ਟੋਂਹਦਾ ਹੈ ਅਤੇ ਨਾਨਕ ਉਸਨੂੰ ਹੱਸ ਕੇ ਕਹਿੰਦੇ ਹਨ ਕਿ ਇਹ ਬੀਮਾਰੀ ਅਜੇਹੀ ਨਹੀਂ, ਜਿਸਦਾ ਤੂੰ ਇਲਾਜ ਕਰ ਸਕੇਂ। ਇਹ ਤੇਰੇ ਇਲਾਜ–ਸ਼ਾਸਤਰ ਦੇ ਬਾਹਰ ਦੀ ਬੀਮਾਰੀ ਹੈ।

ਮਿੰਨਤੇ–ਚਾਰਾਸਾਜ਼ ਕੌਨ ਕਰੇ
ਦਰਦ ਜਬ ਜਾਂ–ਨਵਾਜ਼ ਹੋ ਜਾਏ

ਦਰਦ ਹੀ ਤਾਂ ਜੀਵਨਦਾਇਕ ਹੈ। ਪ੍ਰਭੂ ਦੇ ਰਾਹ 'ਤੇ ਪਾਇਆ ਗਿਆ ਦਰਦ ਨਹੀਂ, ਸੁਖ ਦੀ ਘਣਤਾ ਹੈ। ਸੁਖ ਇੰਨਾ ਘਣਾ ਹੈ, ਇਸਲਈ ਪੀੜ ਮਲੂਮ ਹੁੰਦੀ ਹੈ।

ਸ਼ੀਤਲ ਮੰਦ ਸੁਗੰਧ ਸੁਹਾਤ ਨਾ ਬਾਵਰੀ

ਹੁਣ ਕੁਝ ਨਹੀਂ ਸੁਹਾਂਦਾ। ਠੰਡੀ ਹਵਾ, ਮਲਯਾਨਿਲ ਤੋਂ ਆਉਂਦੀ ਹਵਾ... ਸ਼ੀਤਲ ਮੰਦ ਸੁਗੰਧ ਸੁਹਾਤ ਨਾ

ਬਾਵਰੀ... ਜਿਸਨੂੰ ਪਰਮਾਤਮਾ ਦੀ ਯਾਦ ਆਉਣ ਲੱਗੀ, ਫਿਰ ਕੁਝ ਨਹੀਂ ਸੁਹਾਂਦਾ। ਹੁਣ ਤਾਂ ਉਹੀ ਸੁਹਾਂਦਾ ਹੈ, ਉਸੇ ਦੀ ਯਾਦ ਸੁਹਾਂਦੀ ਹੈ—ਹਰਿ ਬੋਲੌ ਹਰਿ ਬੋਲ!

ਮੁੱਦਤ ਹੁਈ ਹੈ ਜ਼ਖ਼ਮ ਦਿਲ ਪੇ ਖਾਤੇ ਖਾਤੇ
ਐ ਕਾਸ਼! ਵੋ ਪੂਛ ਲੇਤੇ ਆਤੇ ਜਾਤੇ
ਜਬ ਗ਼ਮ ਕਾ ਪਹਾੜ ਟੂਟ ਪੜਤਾ ਹੈ 'ਅਸਰ'
ਆਤਾ ਹੈ ਕਰਾਰ ਦਿਲ ਕੋ ਆਤੇ ਆਤੇ

ਸਮਾਂ ਲਗਦਾ ਹੈ। ਰੋਣਾ ਚਲਦਾ ਹੈ। ਅਨੁਭਵ ਹੁੰਦੇ-ਹੁੰਦੇ ਆਉਂਦਾ ਹੈ। ਸ਼ੀਤਲ ਮੰਦ ਸੁਗੰਧ ਸੁਹਾਤ ਨਾ ਬਾਵਰੀ।

ਨਾ ਪੂਛ ਜਬ ਸੇ ਤੇਰਾ ਇੰਤਿਜ਼ਾਰ ਕਿਤਨਾ ਹੈ
ਕਿ ਜਿਨ ਦਿਨੋਂ ਸੇ ਮੁਝੇ ਤੇਰਾ ਇੰਤਿਜ਼ਾਰ ਨਹੀਂ
ਤੇਰਾ ਹੀ ਅੱਕਸ ਹੈ ਉਨ ਅਨਜਬੀ ਬਹਾਰੋ ਮੇਂ
ਜੋ ਤੇਰੇ ਲਬ ਤੇਰੇ ਗੇਸੂ ਤੇਰਾ ਕਿਨਾਰ ਨਹੀਂ।

ਕਈ ਵਾਰੀ ਭਗਤ ਤੈਅ ਕਰ ਲੈਂਦਾ ਹੈ ਕਿ ਛੱਡੋ, ਕਿਥੋਂ ਦੀ ਝੰਜਟ ਵਿਚ ਪੈ ਗਿਆ! ਕਿਸ ਉਪੱਦਰ ਨੂੰ ਮੁੱਲ ਲੈ ਲਿਆ! ਇਸ ਪੀੜ ਦਾ ਕੋਈ ਅੰਤ ਨਹੀਂ ਹੈ। ਰੋਂਦਾ ਹੈ ਅਤੇ ਰਾਤ ਦਾ ਹਨੇਰਾ ਵਧਦਾ ਹੈ। ਸਵੇਰ ਦੀ ਕੋਈ ਕਿਰਨ ਦਿਖਾਈ ਨਹੀਂ ਪੈਂਦੀ। ਕਈ ਵਾਰ ਸੋਚ ਲੈਂਦਾ ਹੈ : ਭੁੱਲੋ! ਛਡੋ! ਐਪਰ ਹੁਣ ਭੁੱਲਣਾ ਸੰਭਵ ਨਹੀ। ਭੁਲਾਓ ਤਾਂ ਹੋਰ ਯਾਦ ਆਉਂਦਾ ਹੈ। ਹਰਿ ਬੋਲੌ ਹਰਿ ਬੋਲ! ਵਿਸਾਰੋ ਤਾਂ ਚੇਤਾ ਹੋਰ ਘਣਾ ਹੁੰਦਾ ਹੈ। ਬਚਣਾ ਚਾਹੋ ਤਾਂ ਸਭ ਤਰਫ ਤੋਂ ਘੇਰਦਾ ਹੈ।

ਅਬ ਮੁਹਿ ਦੋਸ਼ ਨਾ ਕੋਈ ਪਰੌਗੀ ਬਾਵਰੀ।

ਸੁੰਦਰਦਾਸ ਕਹਿੰਦੇ ਹਨ ਕਿ ਹਾਲਤ ਮੇਰੀ ਅਜੇਹੀ ਹੈ ਕਿ ਜੇ ਮੈਂ ਜਾ ਕੇ ਬਾਵੜੀ ਵਿਚ ਡਿੱਗ ਪਵਾਂ ਤਾਂ ਮੈਨੂੰ ਦੋਸ਼ ਨਾ ਦੇਣਾ, ਉਸੇ ਨੂੰ ਦੋਸ਼ ਦੇਣਾ!

ਇਹਨਾਂ ਬਚਨਾਂ ਵਿਚ ਉਹਨਾਂ ਨੇ ਯਮਕ ਅਲੰਕਾਰ ਦੀ ਵਰਤੋਂ ਕੀਤੀ ਹੈ—ਇਕ ਹੀ ਸ਼ਬਦ ਦੇ ਬਹੁਤ ਅਰਥ।

ਪਿਯ ਕੈ ਵਰਹ ਵਿਯੋਗ ਭਈ ਹੂ ਬਾਵਰੀ।

ਬਾਵਰੀ ਦਾ ਉਥੇ ਅਰਥ ਹੈ : ਕਮਲੀ!

ਸ਼ੀਤਲ ਮੰਦ ਸੁਗੰਧ ਸੁਹਾਤ ਨਾ ਬਾਵਰੀ।

ਉਥੇ 'ਬਾਵਰੀ' ਦਾ ਅਰਥ ਹੁੰਦਾ ਹੈ : ਹਵਾ!

ਅਬ ਮੁਹਿ ਦੋਸ਼ ਨਾ ਕੋਈ ਪਰੌਗੀ ਬਾਵਰੀ।

ਮੈਨੂੰ ਦੋਸ਼ ਨਾ ਦੇਣਾ...ਇਥੇ 'ਬਾਵਰੀ' ਦਾ ਅਰਥ ਹੁੰਦਾ ਹੈ : ਬਾਵੜੀ! ਬਉਲੀ! ਖੂਹ!

ਪਰਿਹਾਂ ਸੁੰਦਰ ਚਹੁੰ ਦਿਸ਼ ਵਿਰਹ ਸੁਘੇਰਿ ਬਾਵਰੀ!

ਇਥੇ ਬਾਵਰੀ ਦਾ ਅਰਥ ਹੁੰਦਾ ਹੈ: ਭੌਰਾ। ਭੰਵਰਾ।

ਕਹਿੰਦੇ ਹਨ ਜਾ ਕੇ ਡਿੱਗ ਪਵਾਂ ਖੂਹ ਵਿਚ, ਅਜੇਹੀ ਹਾਲਤ ਹੈ। ਐਪਰ ਮੈਨੂੰ ਪਤਾ ਹੈ ਕਿ ਉਹ ਮੈਨੂੰ ਖੂਹ ਵਿਚ ਵੀ ਛੱਡੇਗਾ ਨਹੀ। ਉਹ ਮੈਨੂੰ ਘੇਰੀ ਹੀ ਰਹੇਗਾ। ਮੈਂ ਉਸ ਤੋਂ ਇਸ ਤਰ੍ਹਾਂ ਘਿਰ ਗਈ ਹਾਂ, ਜਿਵੇਂ ਕਿ ਕੋਈ ਭੌਰਾ ਕਮਲ ਵਿਚ ਘਿਰ ਜਾਂਦਾ ਹੈ। ਬੈਠ ਜਾਂਦਾ ਹੈ ਕਮਲ ਵਿਚ ਅਤੇ ਚਾਰੇ ਪਾਸੇ ਤੋਂ ਕਮਲ ਦੀਆਂ ਪੰਖੜੀਆਂ ਬੰਦ ਹੋ ਜਾਂਦੀਆਂ ਹਨ।

ਪਰਿਹਾਂ ਸੁੰਦਰ ਚਹੁੰ ਦਿਸ਼ ਵਿਰਹ ਸੁਘੇਰਿ ਬਾਵਰੀ।

ਉਸਨੇ ਮੈਨੂੰ ਇਸ ਤਰ੍ਹਾਂ ਘੇਰਿਆ ਹੈ, ਇੰਨੀ ਸੁਘੜਤਾ ਨਾਲ ਘੇਰਿਆ ਹੈ, ਇੰਨੀ ਕੁਸ਼ਲਤਾ ਨਾਲ ਘੇਰਿਆ ਹੈ, ਕਿ ਹੁਣ ਜਾਣ ਦਾ ਕਿਤੇ ਕੋਈ ਉਪਾਅ ਨਹੀਂ ਹੈ। ਜਿਥੇ ਜਾਵਾਂ ਉਹੀ ਹੈ। ਜਿਸਨੂੰ ਦੇਖਾਂ ਉਹੀ ਹੈ।

ਤਾਜ਼ਾ ਹੈ ਅਭੀ ਯਾਦ ਮੇਂ ਐ ਸਾਕੀ–ਏ–ਗੁਲਫਾਮ
ਵੋ ਅੱਕਸੇ–ਰੁਖ਼ੇ–ਯਾਰ ਸੇ ਲਹਿਕੇ ਹੁਏ ਅੱਯਾਮ
ਵੋ ਫੂਲ–ਸੀ ਖਿਲਤੀ ਹੁਈ ਦੀਦਾਰ ਕੀ ਸਾਅਤ
ਵੋ ਦਿਲ–ਸਾ ਧੜਕਤਾ ਹੁਆ ਉਮੀਦ ਕਾ ਹੰਗਾਮ
ਉਮੀਦ ਕਿ ਲੋ ਜਾਗਾ ਗ਼ਮੇ–ਦਿਲ ਕਾ ਨਸੀਬਾ
ਲੋ ਸ਼ੌਕ ਕੀ ਤਰਸੀ ਹੁਈ ਸ਼ਬ ਹੋ ਗਈ ਆਖ਼ਿਰ
ਲੋ ਡੂਬ ਗਏ ਦਰਦ ਕੇ ਬੇਖ਼੍ਵਾਬ ਸਿਤਾਰੇ
ਅਬ ਚਮਕੇਗਾ ਬੇਸਬ੍ਰ ਨਿਗਾਹੋਂ ਕਾ ਮੁਕੱਦਰ
ਇਸ ਬਾਮ ਸੇ ਨਿਕਲੇਗਾ ਤੇਰੇ ਹੁਸਨ ਕਾ ਖ਼ੁਰਸ਼ੀਦ
ਉਸ ਕੁੰਜ ਸੇ ਫੂਟੇਗੀ ਕਿਰਨ ਰੰਗੇ–ਹਿਨਾ ਕੀ
ਇਸ ਦਰ ਸੇ ਬਹੇਗਾ ਤੇਰੀ ਰਫਤਾਰ ਕਾ ਸੀਮਾਬ
ਇਸ ਰਾਹ ਪਰ ਫੂਟੇਗੀ ਸ਼ਫ਼ਕ ਤੇਰੀ ਕ਼ਬਾ ਕੀ
ਫਿਰ ਦੇਖੇ ਹੈਂ ਵੋ ਹਿਜਰ ਕੇ ਤਪਤੇ ਹੁਏ ਦਿਨ ਭੀ
ਜਬ ਫ਼ਿੱਕ੍ਰੇ–ਦਿਲੋ–ਜਾਂ ਮੇਂ ਫੁਗਾਂ ਭੂਲ ਗਈ ਹੈ

ਹਰ ਸ਼ਬ ਵੋ ਸਿਆਹ ਬੋਝ ਕਿ ਦਿਲ ਬੈਠ ਗਯਾ ਹੈ
ਹਰ ਸੁਬਹ ਕੀ ਲੌ ਤੀਰ-ਸੀ ਸੀਨੇ ਮੇਂ ਲਗੀ ਹੈ
ਤਨਹਾਈ ਮੇਂ ਕਿਆ-ਕਿਆ ਨਾ ਤੁਝੇ ਯਾਦ ਕਿਯਾ ਹੈ
ਕਿਆ-ਕਿਆ ਨਾ ਦਿਲੇ ਜ਼ਾਰ ਨੇ ਢੂੰਢੀ ਹੈ ਪਨਾਹੇਂ
ਆਂਖੋਂ ਸੇ ਲਗਾਇਆ ਹੈ, ਕਭੀ ਦਸਤੇ-ਸਬਾ ਕੋ
ਜਲੀ ਹੈਂ ਕਭੀ ਗਰਦਨੇ-ਮੇਹਤਾਬ ਮੇਂ ਬਾਹੇਂ।

ਭਗਤ ਦੀਆਂ ਭਾਵ-ਭੰਗਮਾਵਾਂ... ਇਕ ਛਿਨ ਲਗਦਾ ਹੈ ਕਿ ਡੁੱਬ ਹੀ ਮਰਾਂ, ਜਾਵਾਂ। ਹੁਣ ਜੀਣ ਵਿਚ ਕੋਈ ਸਾਰ ਨਹੀਂ ਹੈ। ਮਿਲਣਾ ਹੋਵੇਗਾ ਨਹੀਂ। ਸੰਸਾਰ ਤਾਂ ਗਿਆ ਹੀ ਗਿਆ, ਅਤੇ ਪਰਮਾਤਮਾ ਦਾ ਕੁਝ ਪਤਾ ਨਹੀਂ ਲਗਦਾ ਹੈ। ਡੁੱਬ ਹੀ ਜਾਵਾਂ, ਮਿਟ ਹੀ ਜਾਵਾਂ। ਹੁਣ ਜੀਣਾ ਦੁੱਭਰ ਹੈ। ਅੱਪਰ ਇਹ ਵੀ ਸਮਝ ਵਿਚ ਆਉਂਦਾ ਹੈ : ਪਰਿਹਾਂ ਸੁੰਦਰ ਚਹੁੰ ਦਿਸ਼ ਵਿਰਹ ਸੁਘੇਰਿ ਬਾਵਰੀ। ਲੇਕਿਨ ਉਸਨੇ ਵੀ ਖ਼ੂਬ ਘੇਰਿਆ ਹੈ, ਮਰ ਕੇ ਵੀ ਛੁੱਟਣ ਦਾ ਉਪਾਅ ਨਹੀਂ ਹੈ! ਉਹ ਮੌਤ ਵਿਚ ਵੀ ਘੇਰੀ ਰਹੇਗਾ।

ਭਗਤ ਮਰੇਗਾ ਵੀ ਤਾਂ ਭਗਵਾਨ ਵਿਚ ਮਰੇਗਾ। ਭਗਤ ਸੜੇਗਾ ਵੀ ਤਾਂ ਭਗਵਾਨ ਵਿਚ ਸੜੇਗਾ। ਅਗਨੀ ਵੀ ਉਸਦੀ, ਚਿਖਾ ਵੀ ਉਸਦੀ, ਸਭ ਉਸਦਾ। ਹੁਣ ਭਗਵਾਨ ਤੋਂ ਜਾਣ ਦਾ ਕੋਈ ਉਪਾਅ ਨਹੀਂ ਹੈ। ਅਤੇ ਫਿਰ ਆਸ ਦੀਆਂ ਹਜ਼ਾਰ-ਹਜ਼ਾਰ ਕਿਰਨਾਂ ਵੀ ਫੁੱਟਦੀਆਂ ਹਨ, ਉਮੀਦਾਂ ਵੀ ਬਣਦੀਆਂ ਹਨ।

ਉਮੀਦ ਕਿ ਲੋ ਜਾਗਾ ਗ਼ਮੇਂ-ਦਿਲ ਕਾ ਨਸੀਬਾ

ਲਗਦਾ ਹੈ ਕਿ ਏਹ ਹੋਈ ਸਵੇਰ, ਏਹ ਬੋਲੇ ਪੰਛੀ, ਏਹ ਕਿਰਨ ਫੁੱਟੀ। ਉਮੀਦ ਕਿ ਲੋ ਜਾਗਾ ਗ਼ਮੇ-ਦਿਲ ਕਾ ਨਸੀਬਾ।... ਕਿ ਜਾਗ ਗਏ ਮੇਰੇ ਨਸੀਬ! ਬਸ ਹੁਣ ਹੋ ਗਈ ਰਾਤ ਖ਼ਤਮ ਅਤੇ ਸਵੇਰ ਹੋਣ ਦੇ ਕਰੀਬ ਹੈ। ਆ ਗਈ ਸਵੇਰ।

ਲੋ ਸ਼ੌਕ ਕੀ ਤਰਸੀ ਹੁਈ ਸ਼ਬ ਹੋ ਗਈ ਆਖ਼ਿਰ
ਲੋ ਡੂਬ ਗਏ ਦਰਦ ਕੇ ਬੇਖ਼੍ਵਾਬ ਸਿਤਾਰੇ
ਅਬ ਚਮਕੇਗਾ ਬੇਸਬ੍ਰ ਨਿਗਾਹੋਂ ਕਾ ਮੁਕੱਦਰ

ਹੁਣ ਮੇਰੀ ਕਿਸਮਤ ਦਾ ਛਿਨ ਆ ਰਿਹਾ ਹੈ, ਹੁਣ ਮੇਰੀ ਕਿਸਮਤ ਜਾਗਣ ਦਾ ਛਿਨ ਆ ਰਿਹਾ ਹੈ। ਹੁਣ ਖ਼ੁਸ਼ਨਸੀਬੀ ਮੇਰੇ ਉਤੇ ਬਰਸੇਗੀ। ਬਸ ਹੁਣ ਹੋਇਆ, ਹੁਣ ਹੋਇਆ...।

ਇਸ ਬਾਮ ਸੇ ਨਿਕਲੇਗਾ ਤੇਰੇ ਹੁਸਨ ਕਾ ਖ਼ੁਰਸ਼ੀਦ

ਤੇਰੇ ਸੁਹੱਪਣ ਦਾ ਸੂਰਜ ਨਿਕਲਣ ਹੀ ਵਾਲਾ ਹੈ।

ਉਸ ਕੁੰਜ ਸੇ ਫੂਟੇਗੀ ਕਿਰਨ ਰੰਗੇ-ਹਿਨਾ ਕੀ

ਅਤੇ ਮਹਿੰਦੀ ਨਾਲ ਰੱਤੇ ਹੋਏ ਤੇਰੇ ਹੱਥ ਇਸ ਕੁੰਜ ਤੋਂ ਬਾਹਰ ਆਉਣ ਦੇ ਕਰੀਬ ਹੀ ਹਨ...

ਇਸ ਦਰ ਸੇ ਬਹੇਗਾ ਤੇਰੀ ਰਫਤਾਰ ਕਾ ਸੀਮਾਬ

ਇਸ ਰਾਹ ਪਰ ਫੂਟੇਗੀ ਸ਼ਫਕ ਤੇਰੀ ਕ਼ਬਾ ਕੀ

ਬਸ ਹੁਣ ਤੂੰ ਆਉਂਦਾ ਹੀ ਹੈਂ, ਹੁਣ ਤੂੰ ਆਉਂਦਾ ਹੀ ਹੈਂ।...

ਫਿਰ ਦੇਖੇ ਹੈਂ ਵੋ ਹਿੱਜਰ ਕੇ ਤਪਤੇ ਹੁਏ ਦਿਨ ਭੀ

ਜਬ ਫਿਕ੍ਰੇ-ਦਿਲੋ-ਜਾਂ ਮੇਂ ਫੁਗਾਂ ਭੂਲ ਗਈ ਹੈ

ਹਰ ਸ਼ਬ ਵੋ ਸਿਆਹ ਬੋਝ ਕਿ ਦਿਲ ਬੈਠ ਗਯਾ ਹੈ

ਹਰ ਸੁਬਹ ਕੀ ਲੌ ਤੀਰ-ਸੀ ਸੀਨੇ ਮੇਂ ਲਗੀ ਹੈ

ਅਤੇ ਜਦ ਇਹ ਉਮੀਦ ਬੱਝਦੀ ਹੈ ਤਾਂ ਸਭ ਭੁੱਲ ਜਾਂਦੇ ਹਨ ਉਹ ਦਿਨ, ਜੋ ਦੁਖ ਦੇ ਸਨ, ਪੀੜ ਦੇ ਸਨ। ਪੀੜ ਅਤੇ ਉਮੀਦ, ਨਿਰਾਸਾ ਅਤੇ ਆਸ ਦੇ ਵਿਚਾਲੇ ਝੂਲੇ ਲੈਂਦਾ ਹੈ ਭਗਤ।

ਪਿਯ ਨੈਨਨਿ ਕੀ ਬੋਰ ਸੈਨ ਮੁਹਿ ਦੇਹਰੀ।

....ਕੀ ਦੇਖਿਆ ਤੂੰ, ਕਿਸ ਢੰਗ ਨਾਲ ਦੇਖਿਆ, ਕਿਸ ਅੰਦਾਜ਼ ਨਾਲ, ਕਿਸ ਅਦਾ ਨਾਲ!

ਪਿਯ ਨੈਨਨਿ ਕੀ ਬੋਰ ਸੈਨ ਮੁਹਿ ਦੇਹਰੀ।

...ਕਿ ਮੈਨੂੰ ਹਰ ਲਿਆ, ਕਿ ਮੇਰੇ ਦਿਲ ਨੂੰ ਚੁਰਾ ਲਿਆ। ਇਹ 'ਹਰ' ਸ਼ਬਦ ਬੜਾ ਪਿਆਰਾ ਹੈ। ਇਸਦਾ ਮਤਲਬ ਹੁੰਦਾ ਹੈ, ਜਿਹੜਾ ਚੁਰਾ ਲਵੇ, ਜਿਹੜਾ ਤੁਹਾਡੇ ਦਿਲ ਨੂੰ ਚੁਰਾ ਲਵੇ। ਇਸ ਦੁਨੀਆਂ ਵਿਚ ਬਹੁਤ ਚੁਰਾਉਣ ਵਾਲੇ ਮਿਲਦੇ ਹਨ, ਪਰ ਕੋਈ ਚੁਰਾ ਨਹੀਂ ਪਾਂਦਾ। ਲਗਦਾ ਹੀ ਹੈ ਬਸ! ਅਸਲੀ ਚੋਰ ਤਾਂ ਤਦੇ ਮਿਲਦਾ ਹੈ ਜਦ ਹਰੀ ਨਾਲ ਮਿਲਾਪ ਹੁੰਦਾ ਹੈ।

ਪਿਯ ਨੈਨਨਿ ਕੀ ਬੋਰ ਸੈਨ ਮੁਹਿ ਦੇਹਰੀ।

ਜ਼ਰਾ-ਕੁ ਅੱਖ ਦਾ ਇਸ਼ਾਰਾ ਕੀਤਾ ਅਤੇ ਮੇਰੇ ਹਿਰਦੇ ਨੂੰ ਚੁਰਾ ਕੇ ਲੈ ਗਏ।

ਫੇਰਿ ਨਾ ਆਏ ਦੁਆਰ ਨਾ ਮੇਰੀ ਦੇਹਰੀ।

ਅਤੇ ਹੁਣ ਕਿੰਨੀ ਦੇਰ ਹੋ ਗਈ, ਫਿਰ ਦੁਬਾਰਾ ਤੇਰੇ ਦਰਸ਼ਨ ਨਹੀਂ ਹੋਏ! ਕਦੇ-ਕਦੇ ਭਗਤ ਨੂੰ ਝਲਕਾਂ ਆਉਂਦੀਆਂ ਹਨ। ਪੀੜ ਦੇ ਵਿਚ ਵੀ ਪ੍ਰਸਾਦ ਬਰਸ ਜਾਂਦਾ ਹੈ ਕਦੇ-ਕਦੇ। ਬਿਰਹੋਂ ਦੇ ਵਿਚ ਵੀ ਇਕ ਛਿਨ ਨੂੰ ਕਿਰਨ ਫੁੱਟਦੀ ਹੈ ਅਤੇ ਨਾਚ ਛਾ ਜਾਂਦਾ ਹੈ, ਅਤੇ ਮਸਤੀ ਆ ਜਾਂਦੀ ਹੈ। ਫਿਰ ਦਿਨ ਬੀਤ ਜਾਂਦੇ ਹਨ, ਕੋਈ ਪਤਾ ਨਹੀਂ ਲਗਦਾ। ਫਿਰ ਆਪਣੇ ਉੱਤੇ ਹੀ ਭਰੋਸਾ ਖੋਣ ਲਗਦਾ ਹੈ। ਫਿਰ ਅੰਦੇਸਾ ਹੋਣ ਲਗਦਾ ਹੈ ਕਿ ਜੋ ਹੋਇਆ ਸੀ, ਉਹ

ਹੋਇਆ ਵੀ ਸੀ? ਕੋਈ ਸੁਫ਼ਨਾ ਤਾਂ ਨਹੀਂ ਦੇਖਿਆ ਸੀ? ਕੋਈ ਕਲਪਨਾ ਤਾਂ ਨਹੀਂ ਕਰ ਲਈ ਸੀ? ਕੋਈ ਮਨ ਦਾ ਹੀ ਜਾਲ ਤਾਂ ਨਹੀਂ ਸੀ? ਕਿਸੇ ਸੰਮੋਹਣ ਵਿਚ ਤਾਂ ਨਹੀਂ ਪੈ ਗਿਆ ਸੀ?

ਪਿਯ ਨੈਨਨਿ ਕੀ ਬੋਰ ਸੈਨ ਮੁਹਿ ਦੇਹਰੀ।
ਫੇਰਿ ਨਾ ਆਏ ਦੁਆਰ ਨਾ ਮੇਰੀ ਦੇਹਰੀ॥
ਵਿਰਹ ਸੁ ਅੰਦਰ ਪੈਠਿ ਜਰਾਵਤ ਦੇਹਰੀ।
ਸੁੰਦਰ ਵਿਰਹਿਣੀ ਦੁਖਿਤ ਸੀਖ ਦੇ ਦੇਹਰੀ॥

ਉਹੀ ਯਮਕ ਅਲੰਕਾਰ ਦਾ ਇਸਤੇਮਾਲ ਜਾਰੀ ਰਖਿਆ ਹੈ। ਪਿਯ ਨੈਨਨਿ ਕੀ ਬੋਰ ਸੈਨ ਮੁਹਿ ਦੇਹਰੀ। ਦੇਹਰੀ! ਹਰੀ ਦੀਆਂ ਅੱਖਾਂ ਨੇ ਇਸ ਤਰ੍ਹਾਂ ਦੀ ਸੈਨ, ਇਸ ਤਰ੍ਹਾਂ ਦਾ ਇਸ਼ਾਰਾ ਕੀਤਾ ਕਿ ਮੇਰੇ ਹਿਰਦੇ ਨੂੰ ਚੁਰਾ ਲੈ ਗਏ।

ਫੇਰਿ ਨਾ ਆਏ ਦੁਆਰ ਨਾ ਮੇਰੀ ਦੇਹਰੀ।

'ਦੇਹਰੀ' ਯਾਨੀ ਦੇਹਲੀ! ਫਿਰ ਦੁਆਰ 'ਤੇ ਨਹੀਂ ਆਏ। ਦੇਹਲੀ 'ਤੇ ਨਹੀਂ ਆਏ। ਫਿਰ ਝਾਕਿਆ ਨਹੀਂ। ਤੜਫਾ ਗਏ, ਸਾੜ ਗਏ, ਫਿਰ ਪਤਾ ਨਹੀਂ ਹੈ। ਉਕਸਾ ਗਏ, ਅੱਗ ਭੜਕਾ ਗਏ, ਫਿਰ ਪਤਾ ਨਹੀਂ ਹੈ।

ਵਿਰਹ ਸੁ ਅੰਦਰ ਪੈਠਿ ਜਰਾਵਤ ਦੇਹਰੀ।

ਅਤੇ ਇਸ ਤਰ੍ਹਾਂ ਭੜਕਾ ਗਏ ਹਨ ਅੱਗ ਨੂੰ ਕਿ ਹੁਣ ਸਾਰੀ ਦੇਹ ਸੜ ਰਹੀ ਹੈ। ਦੇਹਰੀ!

ਸੁੰਦਰ ਵਿਰਹਿਣੀ ਦੁਖਿਤ ਸੀਖ ਦੇ ਦੇਹਰੀ॥

ਅਤੇ ਹਾਲਤ ਅਜੇਹੀ ਹੋ ਗਈ ਹੈ ਕਿ ਹੁਣ ਕੋਈ ਕਿੰਨੀ ਹੀ ਸਮਝੌਤੀ ਦੇਵੇ, ਕਿੰਨੀ ਹੀ ਸਿੱਖਿਆ ਦੇਵੇ, ਸ਼ਾਸਤਰ ਸਮਝਾਏ, ਗਿਆਨ ਦੀਆਂ ਗੱਲਾਂ ਕਰੇ, ਕੁਝ ਕੰਮ ਨਹੀਂ ਆਉਂਦਾ। ਹੁਣ ਕੋਈ ਸਿੱਖਿਆ ਕੰਮ ਨਹੀਂ ਆਏਗੀ। ਹੁਣ ਉਸ ਦੀ ਅੱਖ ਨਾਲ ਅੱਖ ਮਿਲ ਗਈ ਹੈ। ਹੁਣ ਤਾਂ ਉਹੀ ਮਿਲੇ। ਉਸ ਤੋਂ ਘਟ ਵਿਚ ਕੋਈ ਚੀਜ਼ ਕੰਮ ਨਹੀਂ ਆ ਸਕਦੀ। ਉਸ ਤੋਂ ਘਟ ਵਿਚ ਹੁਣ ਹਿਰਦਾ ਭਰ ਨਹੀਂ ਸਕਦਾ।

ਹੈ ਲਬਰੇਜ਼ ਆਹੋਂ ਸੇ ਠੰਡੀ ਹਵਾਏਂ
ਉਦਾਸੀ ਮੇਂ ਡੂਬੀ ਹੁਈ ਹੈਂ ਘਟਾਏਂ
ਮੋਹੱਬਤ ਕੀ ਦੁਨੀਆਂ ਪੇ ਸ਼ਾਮ ਆ ਚੁਕੀ ਹੈ
ਸਿਯਾਹ-ਪੋਸ਼ ਹੈਂ ਜ਼ਿੰਦਗੀ-ਕੀ ਫ਼ਜਾਏਂ
ਮਚਲਤੀ ਹੈਂ ਸੀਨੇ ਮੇਂ ਲਾਖ ਆਰਜ਼ੂਏਂ
ਤੜਫਤੀ ਹੈਂ ਆਂਖੋਂ ਮੇਂ ਲਾਖ ਇੱਲਤਜਾਏਂ
ਤਗ਼ਾਫ਼ੁਲ ਕੇ ਆਗੋਸ਼ ਮੇਂ ਸੋ ਰਹੇ ਹੈਂ

ਤੁਮ੍ਹਾਰੇ ਸਿਤਮ ਔਰ ਮੇਰੀ ਵਫਾਏਂ
ਮਗਰ ਫਿਰ ਭੀ ਐ ਮੇਰੇ ਮਾਸੂਮ ਕਾਤਿਲ
ਤੁਮ੍ਹੇਂ ਪਿਆਰ ਕਰਤੀ ਹੈਂ ਮੇਰੀ ਦੁਆਏਂ

ਫਿਰ ਭਗਤ ਕਹਿੰਦਾ ਹੈ ਕਿ ਤੂੰ ਮੈਨੂੰ ਮਾਰ ਸੁੱਟਿਆ। ਮਗਰ ਫਿਰ ਭੀ ਐ ਮੇਰੇ ਮਾਸੂਮ ਕਾਤਿਲ ! ਤੁਮ੍ਹੇਂ ਪਿਆਰ ਕਰਤੀ ਹੈਂ ਮੇਰੀ ਦੁਆਏਂ। ਅਤੇ ਮਿਲਿਆ ਕੀ ਹੈ ?

ਤਗ਼ਾਫੁਲ ਕੇ ਆਗੋਸ਼ ਮੇਂ ਸੋ ਰਹੇ ਹੈਂ
ਤੁਮ੍ਹਾਰੇ ਸਿਤਮ ਔਰ ਮੇਰੀ ਵਫਾਏਂ।

ਤੂੰ ਸਤਾਈ ਜਾਂਦਾ ਹੈਂ ਅਤੇ ਮੇਰੀ ਸ਼ਰਧਾ ! ਅਤੇ ਤੂੰ ਤੜਫਾਈ ਜਾਂਦਾ ਹੈਂ।

ਇਹ ਪ੍ਰੀਖਿਆ ਵੀ ਹੈ ਭਗਤ ਦੀ। ਇਸ ਪ੍ਰੀਖਿਆ ਵਿਚੋਂ ਜਿਹੜਾ ਲੰਘ ਜਾਂਦਾ ਹੈ, ਉਹੀ ਪਰਮਾਤਮਾ ਨੂੰ ਪਾਣ ਦਾ ਹੱਕਦਾਰ ਵੀ ਹੈ। ਮੁਫਤ ਨਹੀਂ ਮਿਲਦਾ। ਮੁੱਲ ਤਾਰਨਾ ਪੈਂਦਾ ਹੈ। ਭਾਰੀ ਮੁੱਲ ਤਾਰਨਾ ਪੈਂਦਾ ਹੈ।

ਅੰਜਾਮੇ-ਸਫਰ ਦੇਖ ਕੇ ਰੋ ਦੇਤਾ ਹੂੰ
ਟੂਟੇ ਹੁਏ ਪਰ ਦੇਖ ਕੇ ਰੋ ਦੇਤਾ ਹੂੰ
ਰੋਤਾ ਹੂੰ ਕਿ ਆਹੋਂ ਮੇਂ ਅਸਰ ਹੋ ਲੇਕਿਨ
ਆਹੋਂ ਕਾ ਅਸਰ ਦੇਖ ਕੇ ਰੋ ਦੇਤਾ ਹੂੰ

ਰੋਂਦਾ ਹੀ ਰਹਿੰਦਾ ਹੈ ਭਗਤ। ਰੋਣਾ ਹੀ ਉਸਦੀ ਪ੍ਰਾਰਥਨਾ ਬਣ ਜਾਂਦਾ ਹੈ। ਰੋਂਦਾ ਹੈ, ਪੁਕਾਰਦਾ ਹੈ। ਫਿਰ ਰੋਣ ਦੀ ਵਿਅਰਥਤਾ ਦੇਖ ਕੇ ਰੋਂਦਾ ਹੈ, ਕਿ ਕੁਝ ਵੀ ਤਾਂ ਨਾ ਹੋਇਆ ! ਹੰਝੂ ਆਏ ਅਤੇ ਗਏ। ਅਤੇ ਅੱਖਾਂ ਵਿਚ ਉਸਦੀ ਝਲਕ ਨਹੀਂ ਆ ਰਹੀ।

ਦੂਭਰ ਰੈਨਿ ਬਿਹਾਯ ਅਕੇਲੀ ਸੇਜਰੀ।

ਰਾਤ ਬਿਤਾਉਣੀ ਦੁੱਭਰ ਹੋ ਜਾਂਦੀ ਹੈ। ਸੇਜ ਉੱਤੇ ਜਿਵੇਂ ਇਕੱਲਿਆਂ...

ਦੂਭਰ ਰੈਨਿ ਬਿਹਾਯ ਅਕੇਲੀ ਸੇਜਰੀ।
ਜਿਨਕੈ ਸੰਗਿ ਨਾ ਪੀਵ ਬਿਰਹਿਨੀ ਸੇਜਰੀ॥
ਵਿਰਹ ਸਕਲ ਵਾਹਿ ਬਿਚਾਰੀ ਸੇਜਰੀ।
ਸੁੰਦਰ ਦੁਖ ਅਪਾਰ ਨਾ ਪਾਊਂ ਸੇਜਰੀ॥

ਦੂਭਰ ਰੈਨਿ ਬਿਹਾਯ ਅਕੇਲੀ ਸੇਜਰੀ।...ਸੇਜਰੀ ਯਾਨੀ ਸੇਜ। ਸੇਜ ਉੱਤੇ ਇਕੱਲੀ ਪਈ ਹਾਂ, ਰਾਤ ਕੱਟਦੀ ਨਹੀਂ।

ਜਿਨਕੈ ਸੰਗਿ ਨਾ ਪੀਵ ਬਿਰਹਨੀ ਸੇਜਰੀ।

ਅਤੇ ਜਿਨ੍ਹਾਂ ਦੇ ਨਾਲ ਪੀਆ ਨਾ ਹੋਣ, ਅਤੇ ਜਿਨ੍ਹਾਂ ਨੂੰ ਪੀਆ ਦੀ ਯਾਦ ਆ ਗਈ ਹੋਵੇ, ਅਤੇ ਜਿਨ੍ਹਾਂ ਨੂੰ ਪੀਆ ਦੀ ਝਲਕ ਮਿਲ ਗਈ ਹੋਵੇ... ਸੇਜਰੀ... ਉਹ ਤਾਂ ਸੜ ਹੀ ਰਹੀ ਹੈ। ਚਿਖਾ ਵਿਚ ਸੜ ਰਹੀ ਹੈ। ਸੇਜ ਕਿਥੇ ਹੈ? ਚਿਖਾ ਹੈ। ਅੱਗ ਦੀਆਂ ਲਾਟਾਂ ਹਨ।

ਵਿਰਹ ਸਕਲ ਵਾਹਿ ਬਿਚਾਰੀ ਸੇਜਰੀ।

ਅਤੇ ਉਸਨੂੰ ਤਾਂ ਜਕੜ ਦਿਤਾ ਤੂੰ ਬਿਰਹੋਂ ਦੇ ਸੰਗਲਾਂ ਵਿਚ।

ਸੁੰਦਰ ਦੂਖ ਅਪਾਰ ਨਾ ਪਾਊਂ ਸੇਜਰੀ।

ਐਪਰ ਫਿਰ ਵੀ ਭਗਤ ਕਹਿੰਦਾ ਹੈ : ਇਹ ਦੁਖ ਬੜਾ ਸੁੰਦਰ ਹੈ, ਬੜਾ ਪਿਆਰਾ ਹੈ! ਇਹ ਤੇਰਾ ਦਿਤਾ ਹੋਇਆ ਹੈ, ਇਸਲਈ ਪਿਆਰਾ ਹੈ। ਤੂੰ ਦੁਖ ਵੀ ਦੇਵੇਂ ਤਾਂ ਵੀ ਪਿਆਰਾ ਹੈ। ਸੰਸਾਰ ਸੁਖ ਦੇਵੇ ਤਾਂ ਵੀ ਪਿਆਰਾ ਨਹੀਂ ਹੈ। ਸੰਸਾਰ ਵਿਚ ਸਫਲਤਾ ਮਿਲੇ ਤਾਂ ਵੀ ਵਿਅਰਥ ਹੈ। ਅਤੇ ਪਰਮਾਤਮਾ ਨੂੰ ਪੁਕਾਰਨ ਵਿਚ ਅਸਫਲਤਾ ਮਿਲੇ ਤਾਂ ਵੀ ਸਫਲਤਾ ਹੈ। ਫ਼ਜ਼ੂਲ ਨੂੰ ਪਾਣ ਵਿਚ ਜਿੱਤ ਵੀ ਹਾਰ ਹੈ। ਸਾਰਥਕ ਨੂੰ ਖੋਜਣ ਜਿਹੜਾ ਚੱਲਿਆ ਹੈ, ਉਥੇ ਹਾਰ ਜਿੱਤ ਦੀ ਤਰਫ ਇਕ ਉਪਾਅ ਹੈ। ਹਾਰ ਜਿੱਤ ਦੀ ਇਕ ਪੌੜੀ ਹੈ।

ਸੁੰਦਰ ਦੂਖ ਅਪਾਰ ਨਾ ਪਾਊਂ ਸੇਜਰੀ।

ਜੜੀ-ਬੂਟੀ ਦੀ ਜ਼ਰੂਰਤ ਵੀ ਨਹੀਂ ਹੈ। ਦੁਖ ਅਪਾਰ ਹੈ, ਲੇਕਿਨ ਕਿਸੇ ਇਲਾਜ ਦੀ ਮੈਨੂੰ ਚਾਹਨਾ ਨਹੀਂ। ਤੂੰ ਹੀ ਆ। ਤੂੰ ਹੀ ਮੇਰਾ ਇਲਾਜ ਹੈਂ, ਤੂੰ ਹੀ ਮੇਰੀ ਦਵਾਈ ਹੈਂ।

ਕਲੀ-ਕਲੀ ਨੇ ਭੀ ਦੇਖਾ ਨਾ ਆਂਖ ਭਰ ਕੇ ਮੁਝੇ
ਗੁਜ਼ਰ ਗਈ ਜਰਸੇ-ਗੁਲ ਉਦਾਸ ਕਰ ਕੇ ਮੁਝੇ
ਮੈਂ ਸੋ ਰਹਾ ਥਾ ਕਿਸੀ ਯਾਦ ਕੇ ਸ਼ਬਿਸਤਾਂ ਮੇਂ
ਜਗਾ ਕੇ ਛੋੜ ਗਏ ਕਾਫ਼ਿਲੇ ਸਹਰ ਕੇ ਮੁਝੇ
ਤੇਰੇ ਫਿਰਾਕ ਕੀ ਰਾਤੇਂ ਕਭੀ ਨਾ ਭੂਲੇਂਗੀ
ਮਜੇ ਮਿਲੇ ਇਨਹੀਂ ਰਾਤੋਂ ਮੇਂ ਉਮਰ ਭਰ ਕੇ ਮੁਝੇ
ਜ਼ਰਾ ਸੀ ਦੇਰ ਠਹਿਰ ਐ ਗ਼ਮੇ-ਦੁਨੀਆਂ
ਬੁਲਾ ਰਹਾ ਹੈ ਕੋਈ ਬਾਮ ਸੇ ਉਤਰ ਕੇ ਮੁਝੇ
ਫਿਰ ਆਜ ਆਈ ਥੀ ਏਕ ਮੌਜੇ-ਹਵਾਏ-ਤਰਬ
ਸੁਨਾ ਗਈ ਹੈ' ਫਸਾਨੇ ਇਧਰ-ਉਧਰ ਕੇ ਮੁਝੇ

ਪੀੜ ਚਲਦੀ ਰਹਿੰਦੀ ਹੈ ਅਤੇ ਲਾਟਾਂ ਉਠਦੀਆਂ ਰਹਿੰਦੀਆਂ ਹਨ, ਐਪਰ ਵਿਚ-ਵਿਚ 'ਚ ਅੰਮ੍ਰਿਤ ਦੀਆਂ ਬੂੰਦਾਂ ਵੀ ਝਲਕਦੀਆਂ ਰਹਿੰਦੀਆਂ ਹਨ। ਹਵਾ ਦੇ ਬੁੱਲੇ ਆਉਂਦੇ ਰਹਿੰਦੇ ਹਨ। ਪਰਮਾਤਮਾ ਸਾੜਦਾ ਹੈ ਕਿ ਨਿਖਾਰ ਸਕੇ। ਜਿਵੇਂ ਅੱਗ ਵਿਚ ਸੋਨੇ ਨੂੰ ਸੁੱਟਦੇ ਹਨ। ਮਿੱਟੀ ਨੂੰ ਤਾਂ ਕੋਈ ਅੱਗ ਵਿਚ ਸੁੱਟਦਾ ਨਹੀਂ। ਧੰਨਭਾਗੀ ਹਨ ਉਹ,

ਜਿਹੜੇ ਬਿਰਹੋਂ ਦੀ ਅੱਗ ਵਿਚ ਸੁੱਟੇ ਜਾਂਦੇ ਹਨ। ਉਹ ਚੁਣੇ ਗਏ। ਉਹ ਖ਼ੁਸ਼ਨਸੀਬ ਹਨ। ਅਤੇ ਜਦ ਬਾਅਦ ਵਿਚ ਉਪਲਬਧੀ ਹੁੰਦੀ ਹੈ, ਤਦ ਤੁਸੀਂ ਧੰਨਵਾਦ ਦਿਉਗੇ।

ਤੇਰੇ ਫ਼ਿਰਾਕ ਕੀ ਰਾਤੇਂ ਕਭੀ ਨਾ ਭੂਲੇਂਗੀ

ਉਹ ਤੇਰੇ ਬਿਰਹੋਂ ਦੀਆਂ ਰਾਤਾਂ...

ਤੇਰੇ ਫ਼ਿਰਾਕ ਕੀ ਰਾਤੇਂ ਕਭੀ ਨਾ ਭੂਲੇਂਗੀ
ਮਜ਼ੇ ਮਿਲੇ ਇਨਹੀਂ ਰਾਤੋਂ ਮੇਂ ਉਮਰ ਭਰ ਕੇ ਮੁਝੇ

ਪਿਛੇ ਤੋਂ ਮੁੜ ਕੇ ਜਦ ਤੁਸੀਂ ਦੇਖੋਂਗੇ ਤਾਂ ਪਾਉਗੇ ਉਡੀਕ ਦੀਆਂ ਘੜੀਆਂ ਵੀ ਬੜੀਆਂ ਪਿਆਰੀਆਂ ਸਨ। ਉਹ ਪੀੜ ਸੀ ਸੁਭਾਗ ਸੀ। ਉਹ ਸਰਾਪ ਨਹੀਂ, ਵਰਦਾਨ ਸੀ। ਕਿਉਂਕਿ ਉਸੇ ਦੀ ਪਰਕਿਰਿਆ ਵਿਚੋਂ ਲੰਘ ਕੇ ਪਰਮਾਤਮਾ ਤਕ ਪਹੁੰਚਣਾ ਹੁੰਦਾ ਹੈ।

ਮਨੁੱਖ ਵਿਚ ਬਹੁਤ ਕੂੜ-ਕਬਾੜ ਇਕੱਠਾ ਹੋ ਗਿਆ ਹੈ, ਉਸਦਾ ਸੜਨਾ ਜ਼ਰੂਰੀ ਹੈ। ਬਹੁਤ ਗੰਦਗੀ ਇਕੱਠੀ ਹੋ ਗਈ ਹੈ, ਉਸਨੂੰ ਕੱਟਿਆ ਜਾਣਾ ਜ਼ਰੂਰੀ ਹੈ। ਅਤੇ ਅਸੀਂ ਉਸ ਗੰਦਗੀ ਨੂੰ ਆਪਣੀ ਆਤਮਾ ਸਮਝਿਆ ਹੋਇਆ ਹੈ। ਇਸਲਈ ਜਦ ਕੱਟੀ ਜਾਂਦੀ ਹੈ, ਤਾਂ ਸਾਨੂੰ ਪੀੜ ਹੁੰਦੀ ਹੈ। ਲਗਦਾ ਹੈ ਸਾਡੇ ਅੰਗ ਭੰਗ ਕੀਤੇ ਜਾ ਰਹੇ ਹਨ।

ਤੁਸੀਂ ਜਿਹੋ-ਜਿਹੇ ਹੋ, ਗ਼ਲਤ ਹੋ। ਤੁਹਾਨੂੰ ਤਾਂ ਤੋੜਿਆ ਹੀ ਜਾਏਗਾ। ਤੁਹਾਨੂੰ ਤਾਂ ਕੱਟਿਆ ਹੀ ਜਾਏਗਾ। ਤੁਹਾਡੇ ਉਤੇ ਤਾਂ ਬਹੁਤ ਚੋਟਾਂ ਕੀਤੀਆਂ ਜਾਣਗੀਆਂ। ਛੈਣੀ ਅਤੇ ਹਥੌੜਾ ਲੈ ਕੇ ਪਰਮਾਤਮਾ ਤੁਹਾਡੇ ਅੰਗ ਭੰਗ ਕਰੇਗਾ। ਤਦੇ ਤੁਹਾਡੀ ਅਸਲੀ ਮੂਰਤੀ ਪਰਗਟ ਹੋਵੇਗੀ। ਇਸ ਪੀੜ ਵਿਚ ਬਹੁਤ ਵਾਰ ਭਗਤ ਸੋਚ ਲੈਂਦਾ ਹੈ—ਮੁੜ ਚੱਲੋ। ਪੁਰਾਣੇ ਦਿਨ ਚੰਗੇ ਸਨ। ਸਭ ਠੀਕ-ਠਾਕ ਸੀ। ਕਿਸ ਝੰਜਟ ਵਿਚ ਪਿਆ! ਕਿਸ ਪਾਗਲਪਣ ਵਿਚ ਪਿਆ! ਅੰਪਰ ਮੁੜਨ ਦਾ ਕੋਈ ਉਪਾਅ ਨਹੀਂ ਹੈ। ਪਰਮਾਤਮਾ ਦੀ ਤਰਫ ਜਿਹੜਾ ਚੱਲਿਆ ਹੈ, ਉਸਨੂੰ ਪਰਤਣ ਦਾ ਕੋਈ ਉਪਾਅ ਨਹੀਂ ਹੈ।

ਹੋਤੀ ਹੈ ਤੇਰੇ ਨਾਮ ਸੇ ਵਹਿਸ਼ਤ ਕਭੀ-ਕਭੀ।
ਬਰਹਮ ਹੁਈ ਹੈ ਯੂੰ ਭੀ ਤਬੀਅਤ ਕਭੀ-ਕਭੀ॥
ਐ ਦਿਲ ਕਿਸੇ ਨਸੀਬ ਦੇ ਤੌਫ਼ੀਕੇ ਇਜ਼ਤਿਰਾਬ।
ਮਿਲਤੀ ਹੈ ਜ਼ਿੰਦਗੀ ਮੇਂ ਯਹ ਰਾਹਤ ਕਭੀ-ਕਭੀ॥
ਜੋਸ਼ੇ-ਜੁਨੂੰ ਮੇਂ ਦਰਦ ਕੀ ਤੁਗਯਾਨਿਓਂ ਕੇ ਸਾਥ।
ਅਸ਼ਕੋਂ ਮੇਂ ਢਲ ਗਈ ਤੇਰੀ ਸੂਰਤ ਕਭੀ-ਕਭੀ॥
ਤੇਰੇ ਕਰੀਬ ਰਹਿ ਕੇ ਭੀ ਦਿਲ ਮੁਤਮਇਨ ਨਾ ਥਾ।
ਗੁਜ਼ਰੀ ਹੈ ਮੁਝ ਪੇ ਯਹ ਕਯਾਮਤ ਕਭੀ-ਕਭੀ॥
ਕੁਛ ਅਪਨਾ ਹੋਸ਼ ਥਾ ਨਾ ਤੁਮ੍ਹਾਰਾ ਖ਼ਯਾਲ ਥਾ।

ਯੂੰ ਭੀ ਗੁਜ਼ਰ ਗਈ ਸ਼ਬੇ-ਫੁਰਕਤ ਕਭੀ-ਕਭੀ॥
ਐ ਦੋਸਤ ਹਮਨੇ ਤਰਕੇ-ਮੋਹੱਬਤ ਕੇ ਬਾਵਜੂਦ
ਮਹਿਸੂਸ ਕੀ ਹੈ ਤੇਰੀ ਜ਼ਰੂਰਤ ਕਭੀ-ਕਭੀ॥

ਕਦੇ-ਕਦੇ ਕਸਮ ਖਾ ਲੈਂਦਾ ਹੈ ਭਗਤ ਕਿ ਬਸ, ਹੋ ਗਿਆ ਬਹੁਤ। ਚੱਲਿਆ ਵਾਪਸ। ਹੁਣ ਦੁਬਾਰਾ ਨਹੀਂ ਪੁਕਾਰਾਂਗਾ। ਹੁਣ ਦੁਬਾਰਾ ਨਾਂ ਨਹੀਂ ਲਿਆਵਾਂਗਾ।

ਐ ਦੋਸਤ ਹਮਨੇ ਤਰਕੇ-ਮੋਹੱਬਤ ਕੇ ਬਾਵਜੂਦ।
ਮਹਿਸੂਸ ਕੀ ਹੈ ਤੇਰੀ ਜ਼ਰੂਰਤ ਕਭੀ-ਕਭੀ॥

ਲੇਕਿਨ ਫਿਰ... ਫਿਰ ਯਾਦ ਆ ਜਾਂਦੀ ਹੈ, ਫਿਰ ਘਣੀ ਹੋ ਕੇ ਆ ਜਾਂਦੀ ਹੈ। ਫਿਰ ਚੱਲ ਪੈਂਦਾ ਹੈ।

ਬਹੁਤ ਪੜਾਅ ਆਉਂਦੇ ਹਨ, ਜਿਥੋਂ ਕਿ ਮੁੜ ਜਾਣ ਦਾ ਮਨ ਕਰੇਗਾ। ਸਾਵਧਾਨ ਰਹਿਣਾ। ਪੀੜ ਜਿੰਨੀ ਵਧੇ, ਚੇਤੇ ਰਖਣਾ ਪਰਭਾਤ ਉਨਾ ਹੀ ਕਰੀਬ ਹੈ। ਰਾਤ ਜਿੰਨੀ ਹਨੇਰੀ ਹੋਵੇ, ਸਮਝਣਾ ਕਿ ਸਵੇਰ ਉਨੀ ਹੀ ਕਰੀਬ ਹੈ। ਅਤੇ ਜਿਹੜੇ ਪਹੁੰਚ ਗਏ ਹਨ ਸਵੇਰ ਉਤੇ, ਉਹ ਕਹਿੰਦੇ ਹਨ ਕਿ ਖ਼ੁਸ਼ਨਸੀਬਾਂ ਨੂੰ ਹੀ ਅਜੇਹੀ ਪੀੜ ਮਿਲਦੀ ਹੈ। ਧੰਨਭਾਗੀਆਂ ਨੂੰ ਹੀ!

ਸੁੰਦਰਦਾਸ ਦੇ ਇਹ ਸੂਤਰ ਤੁਹਾਡੇ ਹਿਰਦੇ ਵਿਚ ਥੋੜ੍ਹੀ-ਜਿਹੀ ਵੀ ਚਿਣਗ ਪੈਦਾ ਕਰ ਦੇਣ, ਜ਼ਰਾ-ਕੁ ਅੱਗ ਝਲਕ ਉਠੇ, ਤਾਂ ਹੀ ਤੁਸੀਂ ਇਹਨਾਂ ਦਾ ਅਰਥ ਸਮਝ ਪਾਉਗੇ। ਮੇਰੇ ਸਮਝਾਉਣ ਨਾਲ ਨਹੀਂ ਹੋਣਾ। ਇਹਨਾਂ ਦਾ ਅਰਥ ਤੁਹਾਡੇ ਤੋਂ ਪਰਗਟ ਹੋਵੇਗਾ। ਇਹ ਸਿਧਾਂਤਕ ਸ਼ਬਦ ਨਹੀਂ ਹਨ, ਅਨੁਭਵ-ਭਿੰਨੇ ਹਨ। ਅਨੁਭਵ ਨਾਲ ਹੀ ਸਮਝੇ-ਬੁੱਝੇ ਜਾ ਸਕਦੇ ਹਨ।

ਬਾਂਕਿ ਬੁਰਾਈ ਛਾਡਿ ਸਬ, ਗਾਂਠਿ ਹਿਏ ਕੀ ਖੋਲ।
ਬੇਗਿ ਵਿਲੰਬ ਕਿਓਂ ਬਨਤ ਹੈ, ਹਰਿ ਬੋਲੌ ਹਰਿ ਬੋਲ॥
ਹਿਰਦੈ ਭੀਤਰ ਪੈਠਿ ਕਰਿ ਅੰਤਹਕਰਣ ਵਿਰੋਲ।
ਕੋ ਤੇਰੌ ਤੂ ਕੌਨ ਕੋ, ਹਰਿ ਬੋਲੌ ਹਰਿ ਬੋਲ॥
ਤੇਰੌ ਤੇਰੇ ਪਾਸ ਹੈ, ਅਪਨੈ ਮਾਂਹਿ ਟਟੋਲ।
ਰਾਈ ਘਟੈ ਨਾ ਤਿਲ ਬੜ੍ਹੈ, ਹਰਿ ਬੋਲੌ ਹਰਿ ਬੋਲ॥
ਸੁੰਦਰਦਾਸ ਪੁਕਾਰਿਕੈ ਕਹਤ ਬਜਾਏਂ ਢੋਲ।
ਚੇਤਿ ਸਕੈ ਤੌ ਚੇਤਿਲੇ ਹਰਿ ਬੋਲੌ ਹਰਿ ਬੋਲ॥

ਅੱਜ ਇੰਨਾ ਹੀ।

8

ਪੁਕਾਰੋ—ਅਤੇ ਦੁਆਰ ਖੁਲ੍ਹ ਜਾਣਗੇ

ਓਸ਼ੋ! ਪਿਛਲੇ ਇਕ ਮਹੀਨੇ ਤੋਂ ਕੁਝ ਅਜੀਬ ਵਾਪਰ ਰਿਹਾ ਹੈ. ਧਿਆਨ–ਮੰਦਰ ਵਿਚ ਤੁਹਾਡੀ ਤਸਵੀਰ ਦੇ ਹੇਠਾਂ ਤੁਹਾਨੂੰ ਨਿਮਨ ਅਤੇ ਯਾਦ ਕਰਕੇ ਧਿਆਨ ਸ਼ੁਰੂ ਕਰਦਾ ਹਾਂ ਤਾਂ ਕੁਝ ਛਿਨਾਂ ਵਿਚ ਹੀ ਚਮੜੀ ਸੁੰਨ ਹੋ ਜਾਂਦੀ ਹੈ. ਖ਼ੂਨ ਦਾ ਦੌਰਾ ਬੰਦ ਹੋ ਜਾਂਦਾ, ਸਾਹ ਰੁਕ–ਜਿਹਾ ਜਾਂਦਾ ਹੈ, ਘੰਟੇ–ਡੇਢ–ਘੰਟੇ ਪਿਛੋਂ ਪਹਿਲਾਂ ਵਾਲੀ ਹਾਲਤ ਆਉਣ ਵਿਚ ਅੱਧਾ ਘੰਟਾ ਲੱਗ ਜਾਂਦਾ ਹੈ। ਐਪਰ ਪੂਰਾ ਸਮਾਂ ਅਦੁੱਤੀ ਅਨੰਦ ਅਤੇ ਤਾਜ਼ਗੀ ਮਹਿਸੂਸ ਹੁੰਦੀ ਹੈ। ਕਿਰਪਾ ਕਰਕੇ ਰਹਿਨੁਮਾਈ ਕਰੋ।

ਮੇਰੇ ਖ਼ਾਬੋਂ ਕੇ ਝਰੋਖੋਂ ਕੋ ਫੂਲੋਂ ਸੇ ਸਜਾਨੇ ਵਾਲੇ
ਤੇਰੇ ਖ਼ਾਬੋਂ ਮੇਂ ਮੇਰਾ ਕਹੀਂ ਗੁਜ਼ਾਰਾ ਹੈ ਕਿ ਨਹੀਂ
ਪੂਛ ਕਰ ਅਪਨੀ ਨਿਗਾਹੋਂ ਸੇ ਤੂ ਬਤਾ ਦੇ ਮੁਝ ਕੋ
ਮੇਰੀ ਰਾਤੋਂ ਕੇ ਮੁਕੱਦਰ ਮੇਂ ਕਹੀਂ ਸੁਬਹ ਹੈ ਕਿ ਨਹੀਂ?

ਕਦ ਤਕ ਉਡੀਕ? ਪ੍ਰਭੂ! ਕਦ ਤਕ ਉਡੀਕ?

ਮੈਂ ਅੰਨ੍ਹਾਂ–ਸ਼ਰਧਾਲੂ ਨਹੀਂ ਹਾਂ। ਪਿਛਲੇ ਪੰਜ ਵਰ੍ਹਿਆਂ ਤੋਂ ਪ੍ਰਵਚਨ ਅਤੇ ਸਾਹਿੱਤ ਦੇ ਜ਼ਰੀਏ ਨਾਲ ਤੁਹਾਡੇ ਸਾਥ ਵਿਚ ਹਾਂ, ਐਪਰ ਅਜੇ ਤਕ ਕੁਝ ਵਾਪਰਿਆ ਨਹੀਂ ਹੈ। ਸੰਨਿਆਸ ਲੈਣ ਦੀ ਇੱਛਿਆ ਨਾਲ ਇਥੇ ਆਇਆ ਹਾਂ। ਕੀ ਅਜੇਹੀ ਦਸ਼ਾ ਵਿਚ ਸੰਨਿਆਸ ਲੈਣਾ ਆਤਮਠੱਗੀ ਨਹੀਂ ਹੋਵੇਗੀ? ਕਿਰਪਾ ਕਰਕੇ ਯੋਗ ਰਹਿਨੁਮਾਈ ਕਰੋ।

ਆਂਖਿਨ ਮੇਂ ਤਿਮਿਰ ਅਮਾਵਸ ਕੀ ਰੈਨ ਜਿਮਿ।
ਜੰਬੁਨਦ–ਬੂੰਦ ਜਮੁਨਾ ਜਲ ਤਰੰਗ ਮੇਂ।।
ਯੋਂ ਹੀ ਮੇਰੋ ਮਨ ਮੇਰੋ ਕਾਮ ਕੋ ਨਾ ਰਹੱਯੋ ਮਾਈ।
ਰਜਨੀਸ਼ ਰੰਗ ਹੈ ਕਰਿ ਸਮਾਨੋ ਰਜਨੀਸ਼ ਰੰਗ ਮੇਂ।।

ਪਹਿਲਾ ਸਵਾਲ—

ਓਸ਼ੋ! ਪਿਛਲੇ ਇਕ ਮਹੀਨੇ ਤੋਂ ਕੁਝ ਅਜੀਬ ਵਾਪਰ ਰਿਹਾ ਹੈ, ਧਿਆਨ–ਮੰਦਰ ਵਿਚ ਤੁਹਾਡੀ ਤਸਵੀਰ ਦੇ ਹੇਠਾਂ ਤੁਹਾਨੂੰ ਨਿਮਨ ਅਤੇ ਯਾਦ ਕਰਕੇ ਧਿਆਨ ਸ਼ੁਰੂ ਕਰਦਾ ਹਾਂ ਤਾਂ ਕੁਝ ਛਿਨਾਂ ਵਿਚ ਹੀ ਚਮੜੀ ਸੁੰਨ ਹੋ ਜਾਂਦੀ ਹੈ, ਖ਼ੂਨ ਦਾ ਦੌਰਾ ਬੰਦ ਹੋ ਜਾਂਦਾ, ਸਾਹ ਰੁਕ–ਜਿਹਾ ਜਾਂਦਾ ਹੈ, ਘੰਟੇ–ਡੇਢ–ਘੰਟੇ ਪਿਛੋਂ ਪਹਿਲਾਂ ਵਾਲੀ ਹਾਲਤ ਆਉਣ ਵਿਚ ਅੱਧਾ ਘੰਟਾ ਲੱਗ ਜਾਂਦਾ ਹੈ। ਔਪਰ ਪੂਰਾ ਸਮਾਂ ਅਦੁੱਤੀ ਅਨੰਦ ਅਤੇ ਤਾਜ਼ਗੀ ਮਹਿਸੂਸ ਹੁੰਦੀ ਹੈ। ਕਿਰਪਾ ਕਰਕੇ ਰਹਿਨੁਮਾਈ ਕਰੋ।

• ਆਨੰਦ ਗੌਤਮ! ਸੁਭਾਗ ਦੀ ਘੜੀ ਕਰੀਬ ਹੈ। ਸਵੇਰ ਕਦੇ ਵੀ ਹੋ ਸਕਦੀ ਹੈ। ਬਸੰਤ ਦੇ ਪਹਿਲੇ ਲੱਛਣ ਹਨ। ਪਹਿਲੇ ਫੁੱਲ ਆਉਣੇ ਸ਼ੁਰੂ ਹੋ ਗਏ ਹਨ। ਅਨੰਦਤ ਹੋ, ਧੰਨਵਾਦੀ ਹੋ। ਸਮਾਧੀ ਦੇ ਪਹਿਲੇ ਕਦਮ। ਭੈ ਵੀ ਲੱਗੇਗਾ, ਕਿਉਂਕਿ ਚਮੜੀ ਸੁੰਨ ਹੋ ਜਾਵੇ, ਸਾਹ ਰੁਕਣ ਲੱਗੇ, ਸਰੀਰ ਜੜ੍ਹ ਵਾਂਗ ਮਲੂਮ ਪਵੇ, ਖ਼ੂਨ ਦਾ ਦੌਰਾ ਰੁਕਣ ਲੱਗੇ—ਭੈ ਲੱਗੇਗਾ। ਕਿਉਂਕਿ ਇਹੀ ਤਾਂ ਮੌਤ ਦੇ ਵੀ ਲੱਛਣ ਹਨ।

ਮੌਤ ਅਤੇ ਸਮਾਧੀ ਬੜੀਆਂ ਇਕਸਾਰ ਹਨ; ਭਿੰਨ ਵੀ ਬਹੁਤ। ਉਪਰ–ਉਪਰ ਤੋਂ ਬਿਲਕੁਲ ਇਕਸਾਰ ਹਨ। ਜਿਵੇਂ ਆਦਮੀ ਮਰਦਾ ਹੈ, ਉਹੋ–ਜਿਹੀ ਹੀ ਘਟਨਾ ਉਪਰ ਤੋਂ ਦੇਖਣ 'ਚ ਸਮਾਧੀ ਵਿਚ ਵੀ ਵਾਪਰਦੀ ਹੈ। ਕਿਉਂਕਿ ਅੰਦਰ ਚੇਤਨਾ ਸਰਕਦੀ ਜਾਂਦੀ, ਸਰਕਦੀ ਜਾਂਦੀ; ਸਰੀਰ ਨਾਲ ਸਬੰਧ ਢਿੱਲੇ ਹੋ ਜਾਂਦੇ ਹਨ। ਪੁਲ ਟੁੱਟ ਜਾਂਦਾ ਹੈ। ਇਹ ਸਾਡੇ ਸਰੀਰ ਨਾਲ ਸਬੰਧ ਹਨ। ਖ਼ੂਨ ਦੀ ਗਤੀ, ਸਾਹ ਦਾ ਚੱਲਣਾ, ਲਹੂ ਦਾ ਦੌਰਾ ਹੈ—ਇਹ ਸਾਡੇ ਸਰੀਰ ਨਾਲ ਸਬੰਧਤ ਹਨ। ਹੁਣ ਚੇਤਨਾ ਕੇਂਦਰ ਦੇ ਵਲ ਪ੍ਰਵਾਹਤ ਹੁੰਦੀ ਹੈ ਤਾਂ ਸਰੀਰ ਦੀ ਤਰਫ ਪ੍ਰਵਾਹਤ ਹੋਣਾ ਬੰਦ ਹੋ ਜਾਂਦਾ ਹੈ। ਸਰੀਰ ਨਾਲ ਸਬੰਧ ਛੁੱਟਣ ਲਗਦੇ ਹਨ। ਬਸ, ਨਾਂਮਾਤਰ ਦੇ ਸਬੰਧ ਰਹਿ ਜਾਂਦੇ ਹਨ; ਉਨੇ ਹੀ ਜਿੰਨੇ ਜੀਵਨ ਦੇ ਲਈ ਜ਼ਰੂਰੀ ਹਨ—ਘਟ ਤੋਂ ਘਟ। ਬਸ ਤੁਸੀਂ ਸਰੀਰ ਨਾਲ ਅਟਕੇ ਰਹਿ ਜਾਂਦੇ ਹੋ, ਜੁੜੇ ਨਹੀਂ।

ਤਾਂ ਭੈ ਲੱਗ ਸਕਦਾ ਹੈ। ਲੱਗੇਗਾ, ਇਹ ਕੀ ਹੋ ਰਿਹਾ ਹੈ? ਮੈਂ ਮਰ ਤਾਂ ਨਹੀਂ ਰਿਹਾ ਹਾਂ?

ਘਬਰਾਈਂ ਨਾ! ਦੂਜੀ ਗੱਲ ਉਤੇ ਧਿਆਨ ਦੇ—ਉਹ ਜੋ ਅਦੁੱਤੀ ਅਨੰਦ ਵਾਪਰ ਰਿਹਾ ਹੈ, ਉਹ ਮੌਤ ਵਿਚ ਨਹੀਂ ਵਾਪਰਦਾ। ਅਤੇ ਅਦੁੱਤੀ ਅਨੰਦ ਸਿਰਫ ਖ਼ੂਨ ਦਾ ਦੌਰਾ ਰੁਕਣ ਨਾਲ ਨਹੀਂ ਵਾਪਰਦਾ, ਨਾ ਸਾਹ ਦੇ ਰੁਕਣ ਨਾਲ ਵਾਪਰਦਾ ਹੈ। ਅਦੁੱਤੀ ਅਨੰਦ ਆਤਮਾ ਦਾ ਆਪੇ ਨਾਲ ਜੋੜ ਹੁੰਦਾ ਹੈ, ਤਦ ਵਾਪਰਦਾ ਹੈ। ਵਿਅਕਤੀ ਜਦ ਘਰ ਪਰਤਦਾ ਹੈ, ਤਦ ਵਾਪਰਦਾ ਹੈ। ਜਦ ਪਰਮਾਤਮਾ ਦੀ ਪਹਿਲੀ ਕਿਰਨ ਫੁੱਟਣ ਲਗਦੀ ਹੈ ਤਦ ਵਾਪਰਦਾ ਹੈ।

ਤਾਂ ਦੋ ਹੀ ਗੱਲਾਂ ਹਨ—ਸਰੀਰ ਨਾਲੋਂ ਸਬੰਧ ਟੁੱਟ ਰਿਹਾ ਹੈ, ਆਤਮਾ ਨਾਲ ਸਬੰਧ ਜੁੜ ਰਿਹਾ ਹੈ। ਇਸਲਈ ਇਹ ਦੋਵੇਂ ਲੱਛਣ ਨਾਲੋਂ–ਨਾਲ ਹੋ ਰਹੇ ਹਨ। ਮੌਤ ਵਿਚ ਸਿਰਫ ਸਰੀਰ ਨਾਲੋਂ ਸਬਧ ਟੁੱਟਦਾ ਹੈ, ਆਤਮਾ ਨਾਲ

ਸਬੰਧ ਨਹੀਂ ਜੁੜਦਾ। ਸਮਾਧੀ ਵਿਚ ਸਰੀਰ ਨਾਲੋਂ ਸਬੰਧ ਟੁੱਟਦਾ ਹੈ, ਮੌਤ ਜਿਹਾ ਹੀ; ਪਰ ਇਕ ਨਵੀਂ ਹੋਰ ਘਟਨਾ ਵਾਪਰਦੀ ਹੈ, ਆਤਮਾ ਨਾਲ ਸਬੰਧ ਜੁੜਦਾ ਹੈ। ਮੌਤ ਸਿਰਫ ਨਕਾਰਾਤਮਕ ਹੈ। ਸਮਾਧੀ ਨਕਾਰਾਤਮਕ ਵੀ ਹੈ ਅਤੇ ਵਿਧਾਇਕ ਵੀ। ਨਕਾਰਾਤਮਕ—ਸਰੀਰ ਦੇ ਨਜ਼ਰੀਏ ਤੋਂ; ਵਿਧਾਇਕ—ਆਤਮਾ ਦੀ ਦ੍ਰਿਸ਼ਟੀ ਤੋਂ।

ਸ਼ੁਭ ਘੜੀ ਆਈ! ਤੇਰੀ ਚੇਤਨਾ ਦਾ ਅੰਬਰ ਸਵੇਰ ਦੀ ਲਾਲੀ ਨਾਲ ਭਰਨ ਲੱਗਿਆ। ਨੱਚ! ਖ਼ੁਸ਼ ਹੋ! ਕਿਉਂਕਿ ਜਿੰਨੇ ਸਵਾਗਤ ਨਾਲ ਤੂੰ ਸਵੀਕਾਰ ਕਰੇਂਗਾ, ਇਸਦਾ, ਉਨੀ ਹੀ ਤੀਬਰਤਾ ਨਾਲ ਗਤੀ ਹੋਵੇਗੀ। ਸਵੇਰ ਉਨੀ ਹੀ ਛੇਤੀ ਆ ਜਾਏਗੀ। ਸੂਰਜ ਉਨੀ ਹੀ ਛੇਤੀ ਨਿਕਲ ਆਏਗਾ। ਅਜੇ ਪਹਿਲੀਆਂ—ਪਹਿਲੀਆਂ ਕਲੀਆਂ ਖਿੜੀਆਂ ਹਨ। ਜੇ ਤੂੰ ਭੈਮਾਨ ਹੋ ਗਿਆ ਤਾਂ ਇਹ ਕਲੀਆਂ ਵੀ ਛੁਪਨ ਹੋ ਜਾਣਗੀਆਂ। ਆਉਂਦਾ—ਆਉਂਦਾ ਬਸੰਤ ਰੁਕ ਜਾਏਗਾ। ਸਭ ਤੇਰੇ 'ਤੇ ਨਿਰਭਰ ਹੈ। ਜੇ ਤਾਂ ਤੂੰ ਖਿੜਿਆ, ਬਾਹਵਾਂ ਫੈਲਾ ਕੇ ਗਲਵੱਕੜੀ ਦੇ ਲਈ ਸਵਾਗਤ ਦੀ ਤਿਆਰੀ ਕੀਤੀ, ਤਾਂ ਬਸੰਤ ਟੁੱਟ ਪਏਗਾ। ਹਜ਼ਾਰਾਂ ਕਮਲ ਦੇ ਫੁੱਲ ਖਿੜ ਜਾਣਗੇ।

ਅਤੇ ਭੈ ਨਾ ਲਵੀਂ, ਜ਼ਰਾ ਵੀ ਭੈ ਨਾ ਲਵੀਂ। ਭੈ ਦਾ ਕੋਈ ਕਾਰਨ ਨਹੀਂ, ਕਿਉਂਕਿ ਜੋ ਮਰਦਾ ਹੈ ਉਹ ਤੂੰ ਨਹੀਂ ਹੈਂ। ਤੂੰ ਅੰਮ੍ਰਿਤ ਹੈਂ। ਉਸੇ ਅੰਮ੍ਰਿਤ ਦੀ ਪਛਾਣ ਹੁੰਦੀ ਹੈ, ਤਦ ਅਨੰਦ ਦਾ ਜਨਮ ਹੁੰਦਾ ਹੈ। ਮਰਨ—ਯੋਗ ਨਾਲ ਜੁੜੇ—ਜੁੜੇ ਤਾਂ ਦੁਖ ਦੇ ਇਲਾਵਾ ਤਾਂ ਕੁਝ ਮਿਲਦਾ ਨਹੀਂ। ਸਰੀਰ ਦੇ ਨਾਲ ਜੁੜੇ—ਜੁੜੇ ਦੁਖ ਦੇ ਇਲਾਵਾ ਹੋਰ ਕੀ ਪਾਇਆ ਹੈ? ਭਰੋਸੇ ਮਿਲੇ ਹੋਣਗੇ ਸੁਖ ਦੇ, ਸੁਖ ਮਿਲਿਆ ਕਦੋਂ? ਆਤਮਾ ਨਾਲ ਜੁੜ ਕੇ ਹੀ ਸੁਖ ਦੀ ਪਹਿਲੀ ਭਿਣਕ ਪੈਂਦੀ ਹੈ। ਅੱਪਰ ਕਠਨਾਈਆਂ ਵਿਚੋਂ ਲੰਘਣਾ ਪੈਂਦਾ ਹੈ। ਇਮਤਿਹਾਨਾਂ ਵਿਚੋਂ ਲੰਘਣਾ ਪੈਂਦਾ ਹੈ।

ਦਾਮ ਹਰ ਮੌਜ ਮੇਂ ਹੈ ਹਲਕਾ—ਏ—ਸਦਕਾਮੇ—ਨਹੰਗ
ਦੇਖੇਂ ਕਿਆ ਗੁਜ਼ਰੇ ਹੈ ਕਤਰੇ ਪੇ ਗੁਹਰ ਹੋਨੇ ਤਕ?

ਹਰ ਲਹਿਰ ਇਕ ਜਾਲ ਹੈ, ਅਤੇ ਜਾਲ ਦੇ ਫੰਦੇ ਬਹੁਤ—ਸਾਰੇ ਮਗਰਮੱਛਾਂ ਵਾਂਗ ਮੂੰਹ ਟੱਡੀ ਖੜ੍ਹੇ ਹਨ, ਦੇਖੀਏ ਮੋਤੀ ਬਣਨ ਤਕ ਬੂੰਦ ਉਤੇ ਕੀ—ਕੀ ਆਫਤਾਂ ਟੁੱਟਦੀਆਂ ਹਨ! ਦੇਖੇਂ ਕਿਆ ਗੁਜ਼ਰੇ ਹੈ ਕਤਰੇ ਪੇ ਗੁਹਰ ਹੋਨੇ ਤਕ।

ਬੂੰਦ ਮੋਤੀ ਬਣੇ, ਇਸਦੇ ਪਹਿਲਾਂ ਬਹੁਤ—ਸਾਰੀਆਂ ਪ੍ਰੀਖਿਆਵਾਂ ਵਿਚੋਂ ਲੰਘਣਾਂ ਜ਼ਰੂਰੀ ਹੈ। ਅਤੇ ਇਹ ਕਠਨ ਪ੍ਰੀਖਿਆ ਹੈ ਜਿਸ ਵਿਚੋਂ ਤੂੰ ਲੰਘੇਂਗਾ। ਇਲਾਜ—ਕਰਤਾਵਾਂ ਤੋਂ ਪੁੱਛਣ ਨਾ ਜਾਵੀਂ, ਨਹੀਂ ਤਾਂ ਸਮਝਣਗੇ, ਸਰੀਰ ਰੋਗੀ ਹੈ। ਦਵਾਈ ਦੀ ਤੈਨੂੰ ਲੋੜ ਨਹੀਂ ਹੈ। ਦਵਾਈ ਤਾਂ ਤੇਰੇ ਅਨੰਦ ਤੋਂ ਹੀ ਪੈਦਾ ਹੋ ਜਾਏਗੀ। ਦਵਾਈ ਦਾ ਨਿਰਮਾਣ ਤੇਰੇ ਅੰਦਰ ਹੋਵੇਗਾ। ਉਸ ਅੰਮ੍ਰਿਤ ਦੀ ਛਾਂ ਵਿਚ ਹੀ ਦਵਾਈ ਤਿਆਰ ਹੋ ਜਾਂਦੀ ਹੈ।

ਤੂੰ ਸੰਜੀਵਣੀ ਦੇ ਸੋਮੇ ਦੇ ਕਰੀਬ ਆ ਰਿਹਾ ਹੈਂ। ਹੋਰਾਂ ਕੋਲੋਂ ਨਾ ਪੁੱਛੀਂ। ਜਿਨ੍ਹਾਂ ਨੂੰ ਸਮਾਧੀ ਦਾ ਕੋਈ ਅਨੁਭਵ ਨਹੀਂ, ਉਹਨਾਂ ਤੋਂ ਨਾ ਪੁੱਛੀਂ। ਅਤੇ ਇਥੇ ਗੈਰ—ਅਨੁਭਵੀਆਂ ਨੂੰ ਵੀ ਸਲਾਹ ਦੇਣ ਵਿਚ ਬੜੀ ਰੁਚੀ ਹੁੰਦੀ ਹੈ। ਜਿਨ੍ਹਾਂ ਨੇ ਸਮਾਧੀ ਜਿਹੀ—ਕੋਈ ਚੀਜ਼ ਨਾ ਜਾਣੀ, ਨਾ ਸੁਣੀ, ਉਹ ਵੀ ਤੁਹਾਨੂੰ ਸਲਾਹ ਦੇਣ ਲੱਗਣਗੇ, ਕਿ ਇਹ ਤਾਂ

ਪਾਗਲਪਣ ਹੈ, ਇਹ ਤਾਂ ਸ਼ੁਦਾਅ ਹੈ, ਇਹ ਤਾਂ ਮੂਰਛਾ ਹੈ, ਇਹ ਤਾਂ ਕੋਮਾ ਹੈ। ਇਹ ਤੂੰ ਕੀ ਕਰ ਰਿਹਾ ਹੈਂ? ਬੰਦ ਕਰ ਇਹ ਧਿਆਨ! ਇਹ ਤੂੰ ਖ਼ਤਰੇ ਵਿਚ ਉਤਰ ਰਿਹਾ ਹੈਂ! ਕਿਤੇ ਆਪੇ ਨੂੰ ਗੰਵਾ ਨਾ ਬੈਠੀਂ!

ਇਹਨਾਂ ਅਖੌਤੀ ਬੁੱਧੀਮਾਨਾਂ ਕੋਲੋਂ ਸਾਵਧਾਨ ਰਹਿਣਾ। ਅਤੇ ਅਜੇਹਾ ਨਹੀਂ ਕਿ ਤੁਸੀਂ ਉਹਨਾਂ ਨੂੰ ਭਾਲਣ ਜਾਉ ਤਦ ਉਹ ਤੁਹਾਨੂੰ ਮਿਲਣਗੇ—ਉਹ ਹੀ ਤੁਹਾਨੂੰ ਭਾਲਦੇ ਹੋਏ ਆਉਣ ਲੱਗਣਗੇ। ਸਲਾਹ ਦੇਣ ਦਾ ਮਜ਼ਾ ਅਜੇਹਾ ਹੈ। ਇਥੇ ਬੁੱਧੀਮਾਨ ਆਦਮੀ ਸਲਾਹ ਤਦ ਦਿੰਦਾ ਹੈ ਜਦ ਤੁਸੀਂ ਮੰਗੋ। ਇਥੇ ਬੁੱਧੂ ਬਿਨਾਂ ਮੰਗੇ ਸਲਾਹ ਦਿੰਦੇ ਹਨ। ਜ਼ਰਾ ਉਹਨਾਂ ਦੀਆਂ ਅੱਖਾਂ ਵਿਚ ਦੇਖ ਲੈਣਾ। ਉਹਨਾਂ ਤੋਂ ਪੁੱਛ ਲੈਣਾ ਕਿ ਸਮਾਧੀ ਦਾ ਕੋਈ ਅਨੁਭਵ ਹੈ? ਪਰਮਾਤਮਾ ਦੀ ਕੋਈ ਝਲਕ ਮਿਲੀ ਹੈ? ਜੀਵਨ ਦੇ ਸੋਮੇ ਤੋਂ ਇਕ-ਅੱਧ ਘੁੱਟ ਪੀਤਾ ਹੈ ਅੰਮ੍ਰਿਤ ਦਾ। ਜ਼ਰਾ ਗੌਰ ਨਾਲ ਉਹਨਾਂ ਨੂੰ ਦੇਖ ਲੈਣਾ, ਨਹੀਂ ਤਾਂ ਇਹ ਸਲਾਹਕਾਰ ਪਤਾ ਨਹੀਂ ਕਿੰਨੇ ਲੋਕਾਂ ਦੀਆਂ ਸਮਾਧੀਆਂ ਨੂੰ ਪੈਦਾ ਹੋਣ ਤੋਂ ਰੋਕ ਦਿੰਦੇ ਹਨ।

ਕਠਨਾਈਆਂ ਤਾਂ ਹਨ ਰਾਹ 'ਤੇ। ਅਤੇ ਇਹ ਵੱਡੀ ਤੋਂ ਵੱਡੀ ਕਠਨਾਈ ਹੈ : ਜਦ ਸਰੀਰ ਨਾਲੋਂ ਸਬੰਧ ਛੁੱਟਦਾ ਹੈ ਅਤੇ ਆਤਮਾ ਨਾਲ ਸਬੰਧ ਜੁੜਦਾ ਹੈ। ਇਕ ਰੂਪ-ਪਰਤਣ ਹੁੰਦਾ ਹੈ। ਇਕ ਯਾਤਰਾ ਦਾ ਮੋੜ ਆ ਜਾਂਦਾ ਹੈ। ਕਲ੍ਹ ਤਕ ਬਾਹਰ ਦੌੜੇ ਜਾਂਦੇ ਸੀ, ਤਾਂ ਸਰੀਰ ਨਾਲ ਜੁੜੀ ਸੀ। ਹੁਣ ਊਰਜਾ ਅੰਤਰਯਾਤਰਾ ਉਤੇ ਨਿਕਲੀ ਹੈ, ਹੁਣ ਸਰੀਰ ਤੋਂ ਜਾਣ ਦੀ ਕੋਈ ਜ਼ਰੂਰਤ ਨਹੀਂ ਹੈ। ਇਸਲਈ ਸਰੀਰ ਨਾਲ ਸਬੰਧ ਢਿੱਲੇ ਹੋ ਜਾਣਗੇ।

ਰਾਮਕ੍ਰਿਸ਼ਨ ਨੂੰ ਕਦੇ-ਕਦੇ ਅਜੇਹਾ ਹੁੰਦਾ ਸੀ ਕਿ ਛੇ-ਛੇ ਦਿਨ ਅਜੇਹੀ ਹੀ ਬੇਹੋਸ਼ੀ ਵਿਚ ਪਏ ਰਹਿੰਦੇ। ਉਹਨਾਂ ਦੇ ਸ਼ਿਸ਼ ਉਹਨਾਂ ਨੂੰ ਸੰਭਾਲਦੇ। ਸੇਵਾ ਕਰਦੇ ਰਹਿੰਦੇ। ਚੌਵੀ ਘੰਟੇ ਬੈਠ ਕੇ ਹੋਸ਼ਪੂਰਵਕ ਉਹਨਾਂ ਦੇ ਸਰੀਰ ਦੀ ਰਾਖੀ ਕਰਦੇ ਰਹਿੰਦੇ, ਕਿਉਂਕਿ ਉਹ ਤਾਂ ਬੇਹੋਸ਼ ਪਏ ਸਨ। ਬਾਹਰ ਤੋਂ ਬੇਹੋਸ਼ੀ ਸੀ, ਅਤੇ ਅੰਦਰ ਹੋਸ਼ ਦਾ ਦੀਵਾ ਜਗਿਆ ਸੀ। ਬਾਹਰ ਤੋਂ ਲੋਕ ਸੋਚਦੇ, ਵਿਚਾਰਾ! ਕਿਸ ਮੁਸੀਬਤ ਵਿਚ ਪਿਆ ਹੈ! ਜਦ ਉਹਨਾਂ ਦੀ ਅੱਖ ਖੁਲ੍ਹਦੀ, ਉਹ ਉਸੇ ਵੇਲੇ ਰੋਣ ਲਗਦੇ, ਕਹਿਣ ਲਗਦੇ—ਫਿਰ, ਫਿਰ ਮੋੜ ਦਿਤਾ ਬਾਹਰ? ਮੈਨੂੰ ਅੰਦਰ ਲੈ ਚੱਲ। ਮੈਨੂੰ ਉਥੇ-ਈ ਲੈ ਚੱਲ ਜਿਥੇ ਮੈਂ ਸੀ। ਮੇਰੀ ਅੰਤਰਯਾਤਰਾ ਖੰਡਤ ਨਾ ਕਰ। ਹੇ ਪ੍ਰਭੂ, ਮੈਨੂੰ ਉਥੇ-ਈ ਲੈ ਚੱਲ! ਮੈਨੂੰ ਉਸੇ ਦਸ਼ਾ ਵਿਚ ਲੈ ਚੱਲ!

ਲੋਕਾਂ ਦੀ ਕੁਝ ਸਮਝ ਵਿਚ ਨਾ ਆਉਂਦਾ, ਕਿਉਂਕਿ ਲੋਕ ਤਾਂ ਦੇਖਦੇ—ਪਏ ਹਨ ਬੇਹੋਸ਼। ਕੁਝ ਡਾਕਟਰਾਂ ਨੇ ਇਹ ਐਲਾਨ ਵੀ ਕਰ ਦਿਤਾ ਸੀ ਕਿ ਇਹ ਇਕ ਤਰ੍ਹਾਂ ਦੀ ਮਿਰਗੀ ਹੈ—ਰਾਮਕ੍ਰਿਸ਼ਨ ਦੇ ਸਬੰਧ ਵਿਚ—ਹਿਸਟੀਰੀਕਲ ਹੈ। ਮਿਰਗੀ ਅਤੇ ਇਸ ਦੇ ਲੱਛਣ ਬਾਹਰ ਤੋਂ ਇਕੋ-ਜਿਹੇ ਲਗਦੇ ਵੀ ਹਨ। ਡਾਕਟਰਾਂ ਨੂੰ ਦੋਸ਼ ਵੀ ਕੀ ਦਿਉ। ਮੂੰਹ 'ਚੋਂ ਫਸੂਕਰ ਡਿਗਣ ਲਗਦਾ ਸੀ ਰਾਮਕ੍ਰਿਸ਼ਨ ਦੇ, ਜਿਵੇਂ ਮਿਰਗੀ ਕਿਸੇ ਨੂੰ ਆ ਜਾਂਦੀ ਹੈ, ਉਹਨਾਂ ਨੂੰ ਡਿਗਦਾ ਹੈ। ਅੱਖਾਂ ਚੜ੍ਹ ਜਾਂਦੀਆਂ। ਹੱਥ-ਪੈਰ ਬਿਲਕੁਲ ਜੜ੍ਹ ਹੋ ਜਾਂਦੇ। ਸੁਭਾਵਕ ਹੀ, ਇਲਾਜ-ਸ਼ਾਸਤਰ ਕਹੇਗਾ, ਇਹ ਮਿਰਗੀ ਹੈ। ਲੇਕਿਨ ਇਲਾਜ-ਸ਼ਾਸਤਰ ਨੂੰ ਦੇਹ ਦੇ ਇਲਾਵਾ ਹੋਰ ਕਿਸੇ ਚੀਜ਼ ਦਾ ਪਤਾ ਨਹੀਂ ਹੈ। ਅਜੇ ਇਲਾਜ-ਸ਼ਾਸਤਰ ਬੀਮਾਰੀਆਂ ਨਾਲ ਉਲਝ ਰਿਹਾ ਹੈ। ਅਜੇ ਸਿਹਤ ਦੀ ਦਿਸ਼ਾ ਵਿਚ ਉਸਦੇ ਕਦਮ ਨਹੀਂ ਪਏ। ਅਜੇ

ਇਲਾਜ-ਸ਼ਾਸਤਰ ਇਸੇ ਚੇਸ਼ਟਾ ਵਿਚ ਲੱਗਿਆ ਹੈ ਕਿ ਬੰਦਾ ਬੀਮਾਰੀ ਤੋਂ ਕਿਵੇ ਛੁਟੇ? ਸਿਹਤ ਅਤੇ ਅਨੰਦ ਅਤੇ ਅਨੁਭਵ ਵਿਚ ਕਿਵੇਂ ਉਤਰੇ, ਅਜੇ ਇਸ ਤਰਫ ਕਦਮ ਨਹੀਂ ਪਏ ਹਨ।

ਧਰਮ ਅੱਗੇ ਦਾ ਇਲਾਜ ਹੈ। ਬੁੱਧ ਨੇ ਖ਼ੁਦ ਨੂੰ ਵੈਦ ਕਿਹਾ ਹੈ ਇਹਨਾਂ ਹੀ ਅਰਥਾਂ ਵਿਚ। ਨਾਨਕ ਨੇ ਵੀ ਖ਼ੁਦ ਨੂੰ ਵੈਦ ਕਿਹਾ ਹੈ-ਇਹਨਾਂ ਹੀ ਅਰਥਾਂ ਵਿਚ। ਇਕ ਅੱਗੇ ਦਾ ਇਲਾਜ। ਔਪਰ ਉਸ ਇਲਾਜ ਦੇ ਸੂਤਰ ਬਿਲਕੁਲ ਭਿੰਨ ਹਨ। ਇਸਲਈ ਭੁੱਲ ਕੇ ਵੀ ਕਿਸੇ ਕੋਲੋਂ ਸਲਾਹ ਨਾ ਲੈ ਲੈਣਾ। ਅਤੇ ਕਿਸੇ ਦੀ ਸਲਾਹ ਮੰਨ ਕੇ ਰੁਕ ਨਾ ਜਾਣਾ। ਅਜੇਹੀ ਘੜੀ ਮੁਸ਼ਕਲ ਨਾਲ ਆਉਂਦੀ ਹੈ। ਗੰਵਾਉਣਾ ਬਹੁਤ ਸੌਖਾ ਹੈ, ਖੋਜਣਾ ਬਹੁਤ ਮੁਸ਼ਕਲ ਹੈ। ਇਹ ਦੁਆਰ ਕਦੇ-ਕਦੇ ਕਰੀਬ ਆਉਂਦਾ ਹੈ, ਜਿਸ ਵਿਚੋਂ ਨਿਕਲ ਸਕਦੇ ਸੀ। ਚੁੱਕ ਗਏ, ਫਿਰ ਪਤਾ ਨਹੀਂ ਕਦੋਂ ਆਵੇ! ਕੋਈ ਵੀ ਉਸਦਾ ਐਲਾਨ ਨਹੀਂ ਕਰ ਸਕਦਾ, ਕੋਈ ਭਵਿੱਖਬਾਣੀ ਨਹੀਂ ਹੋ ਸਕਦੀ।

ਇੰਨਾ ਖਿਆਲ ਰਖਣਾ ਕਿ ਕੁਝ ਤਕਲੀਫ ਤਾਂ ਹੋਵੇਗੀ, ਕਿਉਂਕਿ ਖ਼ੂਨ ਦਾ ਦਬਾਅ ਘਟੇਗਾ, ਸਾਹ ਰੁਕੇਗਾ, ਤਾਂ ਪੀੜ ਤਾਂ ਹੋਵੇਗੀ। ਇਹ ਮੁੱਲ ਸਾਨੂੰ ਤਾਰਨਾ ਪੈਂਦਾ ਹੈ। ਇਹ ਤਾਰਨਯੋਗ ਹੈ।

ਕਿਸੇ ਖ਼ਬਰ ਥੀ ਕਿ ਹਰ-ਇਕ ਫੂਲ ਕੇ ਤਬੱਸੁਮ ਮੇਂ
ਝਲਕ ਰਹੇ ਹੈਂ ਸਿਤਮ ਖ਼ੁਰੱਦ ਸ਼ਬਨਮੋਂ ਕੇ ਮਜ਼ਾਰ

ਜਦ ਇਕ ਫੁੱਲ ਹੱਸਦਾ ਹੈ ਤਾਂ ਖ਼ਿਆਲ ਰਖਣਾ, ਪਤਾ ਨਹੀਂ ਕਿੰਨੇ ਤ੍ਰੇਲ-ਤੁਪਕੇ, ਉਸਦੇ ਹਾਸੇ ਵਿਚ ਮਜ਼ਾਰ ਬਣ ਗਏ ਹਨ। ਉਸਦੇ ਹਾਸੇ ਦੇ ਪਿਛੇ ਪਤਾ ਨਹੀਂ ਕਿੰਨੀਆਂ ਤ੍ਰੇਲ ਦੀਆਂ ਬੂੰਦਾਂ ਦੀ ਮੌਤ ਛੁਪੀ ਹੈ। ਜਦ ਕੋਈ ਸਮਾਧੀ ਦੇ ਅਨੰਦ ਨੂੰ ਉਪਲਬੱਧ ਹੁੰਦਾ ਹੈ, ਤਾਂ ਉਸਦੇ ਪਿਛੇ ਬਹੁਤ-ਸਾਰੀਆਂ ਪੀੜਾਂ ਛੁਪੀਆਂ ਹਨ। ਉਹਨਾਂ ਪੀੜਾਂ ਨੂੰ ਸ਼ੁਕਰਾਨਾ-ਭਾਵ ਨਾਲ ਝੱਲ ਲੈਣ ਦਾ ਨਾਂ ਤਪੱਸਿਆ ਹੈ।

ਤਪੱਸਿਆ ਦਾ ਅਰਥ ਨਹੀਂ ਹੁੰਦਾ ਆਪਣੇ-ਆਪ ਨੂੰ ਦੁਖ ਦਿਉ, ਦੇਣ ਦੀ ਲੋੜ ਨਹੀਂ ਹੈ। ਜਦ ਤੁਸੀਂ ਅੰਤਰਯਾਤਰਾ ਉਤੇ ਜਾਉਗੇ ਤਾਂ ਆਪਣੇ-ਆਪ ਬਹੁਤ-ਸਾਰੇ ਦੁਖ ਹੋਣਗੇ। ਉਹਨਾਂ ਦੁਖਾਂ ਨੂੰ ਧੰਨਭਾਗ ਮੰਨ ਕੇ, ਈਸ਼ਵਰ ਦੀ ਕਿਰਪਾ ਮੰਨ ਕੇ, ਮੇਹਰ ਮੰਨ ਕੇ, ਜਿਹੜਾ ਝੱਲ ਲੈਂਦਾ ਹੈ, ਉਹ ਤਪੱਸਵੀ ਹੈ।

ਸੋ ਆਨੰਦ ਗੌਤਮ! ਸ਼ੁਭ ਘੜੀ ਆਈ, ਇਸ ਘੜੀ ਨੂੰ ਗੰਵਾ ਨਾ ਦੇਵੀਂ। ਜੋ ਕਰ ਰਿਹਾ ਹੈਂ, ਉਵੇਂ ਹੀ ਕਰਦਾ ਚਲਿਆ ਜਾ। ਜਿਸ ਦਿਸ਼ਾ ਵਿਚ ਯਾਤਰਾ ਸ਼ੁਰੂ ਹੋਈ ਹੋਵੇ, ਉਸ ਵਿਚ ਵਧਦਾ ਚਲਿਆ ਜਾ। ਹੋਰ-ਹੋਰ ਵਾਪਰੇਗਾ। ਹੋਰ-ਹੋਰ ਦੇਰ ਤਕ ਵਾਪਰੇਗਾ। ਘੰਟਿਆਂ-ਬੱਧੀ ਵੀ ਜੇਕਰ ਤੂੰ ਖੋ ਜਾਵੇਂ, ਤਾਂ ਆਪਣੇ ਮਿੱਤਰਾਂ ਨੂੰ, ਆਪਣੇ ਸਬੰਧੀਆਂ ਨੂੰ, ਸਭ ਨੂੰ ਖ਼ਬਰ ਕਰ ਦੇਣਾ-ਭੈਮਾਨ ਨਾ ਹੋਣ। ਮੁੜ ਆਏਂਗਾ। ਅਤੇ ਜ਼ਿਆਦਾ ਹੋ ਕੇ ਮੁੜੇਂਗਾ ਸਦਾ। ਮੁੜ-ਮੁੜ ਆਏਂਗਾ। ਅਤੇ ਹਰ ਵਾਰ ਬੜੀ ਸੰਪਦਾ ਲੈ ਕੇ ਆਏਂਗਾ। ਕਿਉਂਕਿ ਖ਼ਜ਼ਾਨਾ ਅੰਦਰ ਹੈ। ਉਸ ਅੰਦਰ ਦੇ ਮਾਲਕ ਨਾਲ ਜ਼ਰਾ-ਕੁ ਅੱਖ ਵੀ ਮਿਲ ਜਾਏ, ਤਾਂ ਜ਼ਿੰਦਗੀ ਰੋਸ਼ਨ ਹੋ ਜਾਂਦੀ ਹੈ।

ਯੇ ਚਾਂਦਨੀ, ਯੇ ਹਵਾਏਂ, ਯੇ ਸ਼ਾਖੇ–ਗੁਲ ਕੀ ਲਚਕ
ਐ ਦੌਰੇ–ਬਾਦਾ, ਯੇ ਸਾਜ਼ੇ–ਖ਼ਾਮੋਸ਼ ਫਿਤਰਤ ਕੇ
ਸੁਨਾਈ ਦੇਨੇ ਲਗੀ, ਜਗਮਗਾਤੇ ਸੀਨੋਂ ਮੇਂ
ਦਿਲੋਂ ਕੇ ਨਾਜ਼ੁਕ–ਓ–ਸ਼ੱਫਾਕ ਆਬਗੀਨੋਂ ਮੇਂ
ਤੇਰੇ ਖ਼ਯਾਲ ਕੀ ਪੜਤੀ ਹੁਈ ਕਿਰਨ ਕੀ ਖਨਕ
ਤੇਰੇ ਖ਼ਯਾਲ ਕੀ ਪੜਤੀ ਹੁਈ ਕਿਰਨ ਕੀ ਖਨਕ!

ਪਹਿਲੀ ਵਾਰ ਤੇਰੇ ਅੰਦਰ ਉਸਦੀ ਕਿਰਨ ਦੀ ਖਣਕ ਉਤਰ ਰਹੀ ਹੈ। ਨਵੀਂ ਹੈ, ਅਣਵਾਕਫ ਹੈ, ਅਣਜਾਣੀ ਹੈ, ਅਣਪਛਾਤੀ ਹੈ। ਅਤੇ ਅਣਜਾਣ ਤੋਂ, ਅਣਵਾਕਫ ਤੋਂ ਅਸੀਂ ਸੁੰਗੜ ਵੀ ਜਾਂਦੇ ਹਾਂ। ਨਵੇਂ ਤੋਂ ਡਰ ਲਗਦਾ–ਪਤਾ ਨਹੀਂ ਕਿਥੇ ਲੈ ਜਾਵੇ, ਕਿਸ ਜਗ੍ਹਾ ਪੁਜਾਏ! ਵਾਕਫ ਨੂੰ ਅਸੀਂ ਪਕੜਨ ਦੀ ਚੇਸ਼ਟਾ ਕਰਦੇ ਹਾਂ। ਵਾਕਫ ਨੂੰ ਪਕੜਨ ਤੋਂ ਬਚਣਾ ਹੈ।

ਸੰਨਿਆਸ ਦਾ ਅਰਥ ਹੈ : ਹੁਣ ਵਾਕਫ ਅਤੇ ਅਣਵਾਕਫ ਜਦ ਵੀ ਖੜ੍ਹੇ ਹੋਣਗੇ ਸਾਹਮਣੇ ਤਾਂ ਅਣਵਾਕਫ ਨੂੰ ਚੁਣਾਂਗੇ, ਵਾਕਫ ਨਹੀਂ ਚੁਣਾਂਗੇ। ਵਾਕਫ ਨੂੰ ਤਾਂ ਜਾਣ ਲਿਆ, ਬੁੱਝ ਲਿਆ, ਦੇਖ ਲਿਆ, ਜਿਉਂ ਲਿਆ। ਵਾਕਫ ਨੂੰ ਤਾਂ ਅਸੀਂ ਨਚੋੜ ਚੁੱਕੇ, ਹੁਣ ਅਣਵਾਕਫ ਵਿਚ ਜਾਵਾਂਗੇ। ਜਾਣੇ ਹੋਏ ਵਿਚ ਹੁਣ ਕੀ ਅਟਕਣਾ ਹੈ? ਹੁਣ ਅਣਜਾਣੇ ਵਿਚ ਜਾਵਾਂਗੇ। ਗਿਆਤ ਵਿਚ ਹੁਣ ਕੀ ਉਲਝਣਾ ਹੈ, ਅਗਿਆਤ ਦਾ ਨਿਉਂਦਾ ਮਿਲ ਰਿਹਾ ਹੈ।

ਖ਼ਿਆਲ ਰਖਣਾ : ਤੇਰੇ ਖ਼ਯਾਲ ਕੀ ਪੜਤੀ ਹੁਈ ਕਿਰਨ ਕੀ ਖਨਕ!

ਅਤੇ ਅਜੇਹਾ ਧਿਆਨ ਵਿਚ ਹੀ ਨਹੀਂ ਹੋਵੇਗਾ, ਹੌਲੀ–ਹੌਲੀ ਤੁਸੀਂ ਪਾਉਗੇ ਤੁਹਾਡੇ ਚੌਵੀ ਘੰਟਿਆਂ ਵਿਚ ਵੀ। ਸਰੀਰ ਨਾਲ ਸਬੰਧ ਉਹੋ–ਜਿਹਾ ਨਹੀਂ ਰਿਹਾ ਜਿਵੇਂ ਪਹਿਲਾ ਸੀ। ਤੁਹਾਡਾ ਵਤੀਰਾ ਬਦਲੇਗਾ–ਬਦਲਣਾ ਹੀ ਚਾਹੀਦਾ ਹੈ। ਇਸਨੂੰ ਮੈਂ ਵਤੀਰੇ ਦਾ ਸਹੀ ਬਦਲਾਵ ਆਖਦਾ ਹਾਂ। ਇਕ ਤਾਂ ਜ਼ਬਰਦਸਤੀ ਆਚਰਣ ਨੂੰ ਥੋਪ ਲੈਣਾ। ਉਸਦਾ ਕੋਈ ਮੁੱਲ ਨਹੀਂ ਹੈ। ਦੋ ਕੌਡੀ ਦਾ ਮੁੱਲ ਹੈ। ਧੋਖਾ ਹੈ। ਠੱਗੀ ਹੈ। ਪਖੰਡ ਹੈ। ਹੁਣ ਤੁਹਾਡੀ ਜ਼ਿੰਦਗੀ ਵਿਚ ਅਸਲੀ ਆਚਰਣ ਦੀ ਸੰਭਾਵਨਾ ਖੁਲ੍ਹ ਰਹੀ ਹੈ। ਜਦ ਅੰਦਰ ਇਹ ਅਨੰਦ ਝਲਕਣ ਲੱਗੇਗਾ ਤਾਂ ਤੁਹਾਡੇ ਬਾਹਰ ਦੇ ਸਾਰੇ ਵਿਵਹਾਰ ਬਦਲਣਗੇ। ਬਦਲਣਾ ਹੀ ਪਏਗਾ। ਤੁਹਾਡੀ ਸ਼ੈਲੀ ਬਦਲੇਗੀ। ਕਲ੍ਹ ਤਕ ਜਿਹੜੀ ਚੀਜ਼ ਸਾਰਥਕ ਮਲੂਮ ਹੁੰਦੀ ਸੀ, ਅੱਜ ਵਿਅਰਥ ਮਲੂਮ ਹੋਣ ਲੱਗੇਗੀ। ਅਤੇ ਕਲ੍ਹ ਇਕ ਜੋ ਚੀਜ਼ ਕਦੇ ਤੁਸੀਂ ਸੋਚੀ ਵੀ ਨਹੀਂ ਸੀ ਕਿ ਸਾਰਥਕ ਹੋ ਸਕਦੀ ਹੈ, ਉਹ ਸਾਰਥਕ ਹੋ ਜਾਏਗੀ। ਸਾਰੇ ਮਾਪਦੰਡ ਬਦਲ ਜਾਣਗੇ। ਸਭ ਉਲਟਾ–ਸਿੱਧਾ ਹੋ ਜਾਏਗਾ। ਬੜੀ ਅਫਰਾ–ਤਫਰੀ ਫੈਲ ਜਾਏਗੀ। ਕਲ੍ਹ ਜਿਸ ਕੰਮ ਵਿਚ ਬੜਾ ਰਸ ਆਉਂਦਾ ਸੀ, ਸ਼ਾਇਦ ਹੁਣ ਰਸ ਨਾ ਆਵੇ। ਅੱਜ ਕੁਝ ਨਵੀਆਂ ਚੀਜ਼ਾਂ ਵਿਚ ਰਸ ਪੈਦਾ ਹੋਣ ਲੱਗੇਗਾ। ਘਬਰਾਉਣਾ ਨਾ!

ਜਿਤਨਾ ਸੰਨਾਟਾ ਹੁਆ ਗਹਿਰਾ ਖਿਜ਼ਾਂ ਕੀ ਸ਼ਾਮ ਕਾ,
ਆਸ਼ਨਾ ਰਾਜ਼ੇ-ਚਮਨ ਸੇ ਹਰ ਕਲੀ ਹੋਤੀ ਗਈ।
ਕਰ ਦਿਯਾ ਅਹਿਸਾਨ ਦਿਲ ਕੋ ਦਿਲ ਗ਼ਮੇ-ਆਲਮ ਨੇ,
ਜ਼ਿੰਦਗੀ ਨਾਕਾਮ ਹੋਕਰ ਕਾਮ ਕੀ ਹੋਤੀ ਗਈ।

ਲੋਕ ਕਹਿਣਗੇ : ਨਕੰਮੇ ਹੋ ਗਏ। ਲੋਕ ਕਹਿਣਗੇ, ਨਾਕਾਮ ਹੋ ਗਏ। ਲੋਕ ਕਹਿਣਗੇ, ਹੁਣ ਤੁਸੀਂ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਰਹੇ ਹੋ। ਤੁਸੀਂ ਇੰਜ ਕਰਦੇ ਸੀ, ਤੁਸੀਂ ਉਂਜ ਕਰਦੇ ਸੀ : ਧਨ ਕਿੰਨਾ ਕਮਾਉਂਦੇ ਸੀ, ਕੀ ਹੋਇਐ ਤੁਹਾਨੂੰ?

ਤੁਹਾਡੀ ਟਾਕਰੇਬਾਜ਼ੀ, ਮੁਕਾਬਲਾਬਾਜ਼ੀ ਮੱਧਮ ਹੋ ਜਾਏਗੀ। ਤੁਹਾਡੀ ਉਚੀ-ਆਸ ਮੱਧਮ ਹੋ ਜਾਏਗੀ। ਤੁਹਾਡੀ ਦੌੜ ਘਟ ਹੋ ਜਾਏਗੀ। ਇਹ ਜੋ ਖ਼ੂਨ ਦੀ ਦੌੜ ਘਟ ਹੋਈ ਹੈ, ਇਹ ਸਿਰਫ ਅਰੰਭ ਹੈ। ਹੁਣ ਤੁਹਾਡੀ ਦੌੜ ਘਟ ਹੋ ਜਾਏਗੀ। ਇਹ ਜੋ ਸਾਹ ਅਟਕਣ ਲੱਗਿਆ ਹੈ, ਰੁਕਣ ਲੱਗਿਆ ਹੈ, ਇਹ ਤੁਹਾਡੇ ਪੈਰਾਂ ਦੀ ਗਤੀ ਨੂੰ ਵੀ ਬਦਲ ਦੇਵੇਗਾ। ਕਲ੍ਹ ਤਕ ਜਿਵੇਂ ਆਕੜ ਕੇ ਤੁਰੇ ਸੀ, ਹੁਣ ਨਹੀਂ ਤੁਰ ਸਕੋਗੇ। ਅਤੇ ਕਲ੍ਹ ਤਕ ਜਿਨ੍ਹਾਂ ਟੀਚਿਆਂ ਵਿਚ ਬੜਾ ਮੋਹ ਸੀ, ਬੜਾ ਲਗਾਅ ਸੀ, ਬੜੀ ਖਿੱਚ ਸੀ, ਜਿਨ੍ਹਾਂ ਦੀ ਖ਼ਾਤਰ ਜੀ ਦੇ ਦਿੰਦੇ, ਜਾਨ ਦੇ ਦਿੰਦੇ, ਹੁਣ ਉਹ ਦੋ ਕੌਡੀ ਦੇ ਮਲੂਮ ਹੋਣ ਲੱਗਣਗੇ। ਇਹੀ ਸੰਨਿਆਸ ਹੈ-ਅਸਲ ਸੰਨਿਆਸ।

ਤੁਹਾਡੇ ਅੰਦਰ ਚੇਤੰਨ ਦੀ ਬਦਲਾਹਟ ਤੁਹਾਡੇ ਬਾਹਰ ਆਚਰਣ ਦੀ ਬਦਲਾਹਟ ਹੋ ਜਾਂਦੀ ਹੈ। ਅਜੇਹਾ ਨਹੀਂ ਹੈ ਕਿ ਤੁਸੀਂ ਨੱਸ ਹੀ ਜਾਉਗੇ ਸਭ ਛੱਡ ਕੇ। ਰਹੋਗੇ ਇਥੇ-ਈ, ਲੇਕਿਨ ਰਹਿਣ ਦੀ ਸ਼ੈਲੀ ਬਦਲ ਜਾਏਗੀ। ਦੁਕਾਨ 'ਤੇ ਵੀ ਬੈਠੋਗੇ, ਕੰਮ ਵੀ ਕਰੋਗੇ, ਨੌਕਰੀ 'ਤੇ ਵੀ ਜਾਉਗੇ, ਪਤਨੀ ਵੀ ਹੋਵੇਗੀ, ਬੱਚੇ ਵੀ ਹੋਣਗੇ, ਘਰ ਵੀ ਹੋਵੇਗਾ, ਸਭ-ਕੁਝ ਕਰੋਗੇ, ਐਪਰ ਕਰਤਾ ਮਰ ਜਾਏਗਾ। ਕਰਤਾ ਪਰਮਾਤਮਾ ਹੋ ਜਾਏਗਾ। ਤੁਸੀਂ ਸਿਰਫ ਉਸਦੀ ਆਗਿਆ ਦੀ ਪਾਲਣਾ ਕਰਨ ਵਾਲੇ ਸੇਵਕ।

ਤੇਰੇ ਆਨੇ ਕੀ ਮਹਿਫਿਲ ਮੇਂ ਜੋ ਕੁਛ ਆਹਟ ਸੀ ਪਾਈ ਹੈ,
ਹਰ-ਇਕ ਨੇ ਸਾਫ ਦੇਖਾ ਸ਼ਮਅ ਕੀ ਲੌ ਲੜਖੜਾਈ ਹੈ।
ਤਪਾਕ ਔਰ ਮੁਸਕਰਾਹਟ ਮੇਂ ਭੀ ਆਂਸੂ ਥਰਥਰਾਤੇ ਹੈਂ,
ਨਿਸ਼ਾਤੇ-ਦੀਦ ਭੀ ਚਮਕਾ ਹੁਆ ਦਰਦੇ-ਜੁਦਾਈ ਹੈ।
ਬਹੁਤ ਚੰਚਲ ਹੈਂ ਅਰਬਾਬੇ-ਹਵਸ ਕੀ ਉਂਗਲੀਆਂ ਲੇਕਿਨ,
ਉਰੂਸੇ-ਜ਼ਿੰਦਗੀ ਕੀ ਭੀ ਨਕਾਬੇ-ਰੁਖ ਉਠਾਈ ਹੈ।
ਇਨ ਮੌਜੋਂ ਕੇ ਥਪੇੜੇ, ਯੇ ਉਭਰਨਾ ਬਹਰੇ ਹੱਸਤੀ ਮੇਂ

ਹੁਬਾਬੇ–ਜ਼ਿੰਦਗੀ ਯੇ ਕਿਆ ਹਵਾ ਸਰ ਮੇਂ ਸਮਾਈ ਹੈ।
ਸੁਕੂਤੇ–ਬਹਰੋ–ਬਰ ਕੀ ਖਲਵਤੋਂ ਮੇਂ ਖੋ ਗਯਾ ਹੂੰ ਜਬ,
ਉਨਹੀਂ ਮੌਕੋਂ ਪੇ ਕਾਨੋਂ ਮੇਂ ਤੇਰੀ ਆਵਾਜ਼ ਆਈ ਹੈ।

ਜਦ ਤੁਸੀਂ ਬਿਲਕੁਲ ਖੋ ਜਾਓਗੇ, ਜਦ ਤੁਹਾਨੂੰ ਪਤਾ ਹੀ ਨਹੀਂ ਲੱਗੇਗਾ ਕਿ ਮੈਂ ਹਾਂ, ਜਦ ਸਭ ਪਾਸੇ ਸੰਨਾਟਾ ਹੋ ਜਾਏਗਾ ਬਾਹਰ–ਅੰਦਰ, ਜਦ ਤੁਸੀਂ ਭਾਲੋਗੇ ਅਤੇ ਖ਼ੁਦ ਨੂੰ ਨਾ ਪਾਓਗੇ ਕਿ ਮੈਂ ਕਿਥੇ ਗਿਆ–ਤਦੋਂ।

ਸੁਕੂਤੇ–ਬਹਰੋ–ਬਰ ਕੀ ਖ਼ਲਵੱਤੋ ਮੇਂ ਖੋ ਗਯਾ ਹੂੰ ਜਬ,
ਉਨਹੀਂ ਮੌਕੋਂ ਪੇ ਕਾਨੋਂ ਮੇਂ ਤੇਰੀ ਆਵਾਜ਼ ਆਈ ਹੈ।
ਤੇਰੇ ਆਨੇ ਕੀ ਮਹਿਫਿਲ ਮੇਂ ਜੋ ਕੁਛ ਆਹਟ ਸੀ ਪਾਈ ਹੈ,
ਹਰ–ਇਕ ਨੇ ਸਾਫ ਦੇਖਾ ਸ਼ਮਅ ਕੀ ਲੌ ਲੜਖੜਾਈ ਹੈ।

ਗੌਤਮ! ਤੇਰੀ ਸ਼ਮ੍ਹਾਂ ਦੀ ਲੋਅ ਲੜਖੜਾਉਣ ਲੱਗੀ। ਉਸ ਦੇ ਆਉਣ ਦੀ ਅਵਾਜ਼ ਆਉਣ ਲੱਗੀ। ਤੇਰੇ ਅੰਦਰ ਸੰਨਾਟਾ ਘਣਾ ਹੋ ਰਿਹਾ ਹੈ। ਅਨੰਦ ਦੀਆਂ ਕਿਰਨਾਂ ਫੁੱਟਣ ਲੱਗੀਆਂ। ਤੂੰ ਧੰਨਭਾਗੀ ਹੈਂ! ਖ਼ੁਸ਼ਨਸੀਬੀ ਮੰਨ ਕੇ ਚੁੱਪਚਾਪ ਇਸ ਅਣਜਾਣ, ਅਣਵਾਕਫ ਅਗਿਆਤ ਵਿਚ ਉਤਰ। ਹੌਸਲੇ ਦੀ ਜ਼ਰੂਰਤ ਹੋਵੇਗੀ। ਮੈਂ ਤੇਰੇ ਨਾਲ ਹਾਂ।

ਦੂਜਾ ਸਵਾਲ–
ਮੇਰੇ ਖ਼ਾਬੋਂ ਕੇ ਝਰੋਖੋਂ ਕੋ ਫੂਲੋਂ ਸੇ ਸਜਾਨੇ ਵਾਲੇ
ਤੇਰੇ ਖ਼ਾਬੋਂ ਮੇਂ ਮੇਰਾ ਕਹੀਂ ਗੁਜ਼ਾਰਾ ਹੈ ਕਿ ਨਹੀਂ
ਪੂਛ ਕਰ ਅਪਨੀ ਨਿਗਾਹੋਂ ਸੇ ਤੂ ਬਤਾ ਦੇ ਮੁਝ ਕੋ
ਮੇਰੀ ਰਾਤੋਂ ਕੇ ਮੁਕੱਦਰ ਮੇਂ ਕਹੀਂ ਸੁਬਹ ਹੈ ਕੀ ਨਹੀਂ?

• ਰਾਤ ਹੈ, ਤਾਂ ਸਵੇਰ ਯਕੀਨੀ ਹੈ। ਰਾਤ ਵਿਚ ਸਵੇਰ ਛੁਪੀ ਹੈ। ਰਾਤ ਸਵੇਰ ਦਾ ਹੀ ਕੱਜਣ ਹੈ। ਰਾਤ ਸਵੇਰ ਦੀ ਵੈਰਨ ਨਹੀਂ। ਰਾਤ ਸਵੇਰ ਦੀ ਮਾਂ ਹੈ। ਰਾਤ ਸਵੇਰ ਦੇ ਉਲਟ ਨਹੀਂ ਹੈ। ਰਾਤ ਸਵੇਰ ਦੀ ਰਾਹ ਹੈ। ਰਾਤ ਦੇ ਗਰਭ ਵਿਚ ਸਵੇਰ ਹੈ।

ਇਸਲਈ ਇਹ ਤਾਂ ਕਦੇ ਸੋਚਣਾ ਹੀ ਨਾ ਕਿ ਮੇਰੀ ਰਾਤੋਂ ਕੇ ਮੁਕੱਦਰ ਮੇਂ... ਰਾਤ ਹੈ ਤਾਂ ਸਵੇਰ ਯਕੀਨੀ ਹੈ। ਰਾਤ ਵਿਚ ਹੀ ਤੈਅ ਹੋਣਾ ਹੋ ਗਿਆ।

ਦੁਖ ਹੈ, ਅਨੰਦ ਨਿਸਚਿਤ ਹੈ।

ਮੌਤ ਹੈ, ਅੰਮ੍ਰਿਤ ਨਿਸਚਿਤ ਹੈ।

ਪਦਾਰਥ ਹੈ, ਪਰਮਾਤਮਾ ਨਿਸਚਿਤ ਹੈ। ਇਕ ਨਹੀਂ ਹੋ ਸਕਦਾ। ਦੋਵੇਂ ਪੂਰਕ ਸਿਰੇ ਹਨ।

ਕੀ ਤੁਸੀਂ ਸੋਚ ਸਕਦੇ ਹੋ ਅਜੇਹੀ ਇਕ ਦੁਨੀਆਂ, ਜਿਥੇ ਹਨੇਰਾ ਹੋਵੇ, ਰੌਸ਼ਨੀ ਨਾ ਹੋਵੇ? ਅਤੇ ਹਨੇਰਾ ਹੋਵੇ, ਰੌਸ਼ਨੀ ਨਾ ਹੋਵੇ, ਤਾਂ ਉਸਨੂੰ ਹਨੇਰਾ ਵੀ ਕਿਵੇਂ ਆਖੋਗੇ? ਜਾਂ ਰੌਸ਼ਨੀ ਹੋਵੇ ਅਤੇ ਹਨੇਰਾ ਨਾ ਹੋਵੇ। ਨਹੀਂ; ਇਹ ਸੰਭਵ ਨਹੀਂ ਹੈ। ਇਹ ਜੋੜਾ ਤੋੜਿਆ ਨਹੀਂ ਜਾ ਸਕਦਾ। ਹਨੇਰਾ ਰੌਸ਼ਨੀ ਦੇ ਹੀ ਘਟ ਹੋਣ ਦਾ ਨਾਂ ਹੈ, ਹੋਰ ਕੀ? ਰੌਸ਼ਨੀ ਹਨੇਰੇ ਦੇ ਹੀ ਘਟ ਹੋਣ ਦਾ ਨਾਂ ਹੈ, ਹੋਰ ਕੀ?

ਅਜੇਹਾ ਹੀ ਸਮਝੋ ਜਿਵੇਂ ਸਰਦੀ-ਗਰਮੀ, ਦੋ ਚੀਜ਼ਾਂ ਥੋੜ੍ਹਾ-ਈ ਹਨ। ਇਕ ਹੀ ਚੀਜ਼ ਦੇ ਦੋ ਨਾਂ ਹਨ। ਤੁਹਾਡੇ ਉਤੇ ਨਿਰਭਰ ਹੁੰਦਾ ਹੈ ਕਿ ਤੁਸੀਂ ਸਰਦੀ ਆਖੋਗੇ ਕਿ ਗਰਮੀ।

ਕਦੇ ਇਕ ਛੋਟਾ-ਜਿਹਾ ਪ੍ਰਯੋਗ ਕਰੋ। ਇਕ ਹੱਥ ਨੂੰ ਅੰਗੀਠੀ ਉਤੇ ਸੇਕ ਲਵੋ। ਅਤੇ ਦੂਜੇ ਹੱਥ ਨੂੰ ਬਰਫ ਦੀ ਸਿਲ ਉਤੇ ਰਖ ਕੇ ਠੰਡਾ ਕਰ ਲਵੋ। ਫਿਰ ਦੋਹਾਂ ਹੱਥਾਂ ਨੂੰ, ਇਕ ਬਾਲਟੀ ਵਿਚ ਭਰੇ ਪਾਣੀ 'ਚ ਪਾ ਦਿਉ। ਤਦ ਤੁਸੀਂ ਬੜੀ ਮੁਸ਼ਕਲ ਵਿਚ ਪੈ ਜਾਉਗੇ। ਇਕ ਹੱਥ ਕਹੇਗਾ ਪਾਣੀ ਠੰਡਾ ਹੈ, ਦੂਜਾ ਹੱਥ ਕਹੇਗਾ ਪਾਣੀ ਗਰਮ ਹੈ। ਪਾਣੀ ਕੀ ਹੈ ਹੁਣ-ਠੰਡਾ ਜਾਂ ਗਰਮ? ਜਿਹੜਾ ਹੱਥ ਗਰਮ ਹੈ ਉਹ ਕਹੇਗਾ ਠੰਡਾ ਹੈ, ਕਿਉਂਕਿ ਉਸਦੀ ਤੁਲਣਾ ਵਿਚ ਘਟ ਗਰਮ ਹੈ। ਜਿਹੜਾ ਹੱਥ ਠੰਡਾ ਹੋ ਗਿਆ, ਉਹ ਕਹੇਗਾ ਗਰਮ ਹੈ, ਕਿਉਂਕਿ ਉਸਦੀ ਤੁਲਣਾ ਵਿਚ ਗਰਮ ਮਲੂਮ ਪਏਗਾ।

ਰਾਤ ਵਿਚ ਸਵੇਰ ਛੁਪੀ ਹੈ, ਜ਼ਰਾ ਤਲਾਸ਼ ਕਰੋ!

ਅਤੇ ਧਿਆਨ ਰਖਣਾ, ਮੁਕਦਰ-ਜਿਹੀ ਕੋਈ ਚੀਜ਼ ਨਹੀਂ। ਮੁਕੱਦਰ ਮਨੁੱਖ ਦੇ ਆਲਸ ਦਾ ਬਹਾਨਾ ਹੈ।

ਤੂੰ ਪੁੱਛਦਾ ਹੈਂ ਮੇਰੀ ਰਾਤੋਂ ਕੇ ਮੁਕੱਦਰ ਮੇਂ...ਮੁਕੱਦਰ ਹੈ ਹੀ ਨਹੀਂ। ਮੁਕੱਦਰ ਆਲਸੀਆਂ ਦੀ ਤਰਕੀਬ ਹੈ। ਮੁਕੱਦਰ ਨਕਰਮਿਆ ਦੀ ਯੋਜਨਾ ਹੈ, ਉਹਨਾਂ ਦਾ ਫਲਸਫਾ ਹੈ, ਉਹਨਾਂ ਦਾ ਦਰਸ਼ਨ-ਸ਼ਾਸਤਰ। ਉਹ ਕਹਿੰਦੇ ਹਨ : ਕੀ ਕਰੀਏ, ਜੋ ਨਸੀਬ ਵਿਚ ਹੋਵੇਗਾ ਹੋਵੇਗਾ।

ਖ਼ਿਆਲ ਰਖਣਾ, ਨਸੀਬ ਨੂੰ ਤੁਸੀਂ ਚੁਣਦੇ ਹੋ, ਤਾਂ ਨਸੀਬ ਬਲਸ਼ਾਲੀ ਹੋ ਜਾਂਦਾ ਹੈ। ਲੇਕਿਨ ਤੁਹਾਡੀ ਚੋਣ ਦੇ ਕਾਰਨ ਨਸੀਬ ਵਿਚ ਕੋਈ ਬਲ ਨਹੀਂ ਹੈ। ਤੁਸੀਂ ਜੋ ਚੁਣ ਲੈਂਦੇ ਹੋ ਉਹੀ ਬਲਸ਼ਾਲੀ ਹੋ ਜਾਂਦਾ ਹੈ। ਤੁਸੀਂ ਪਰਮ ਸੁਤੰਤਰ ਹੋ। ਅੈਪਰ ਇਹ ਗੱਲ ਇੰਨੀ ਵੱਡੀ ਹੈ ਕਿ ਛੋਟੀ-ਜਿਹੀ ਬੁੱਧੀ ਇਸਨੂੰ ਪਕੜ ਨਹੀਂ ਪਾਂਦੀ। ਛੋਟੀ-ਜਿਹੀ ਬੁੱਧੀ ਨੂੰ ਛੋਟੀਆਂ-ਛੋਟੀਆਂ ਗੱਲਾਂ ਰੁਚਦੀਆਂ ਹਨ। ਛੋਟੀ ਬੁੱਧੀ ਕਹਿੰਦੀ ਹੈ ਕਿ ਇਹ ਤਾਂ ਹੋ ਹੀ ਨਹੀਂ ਸਕਦਾ ਕਿ ਦੁਖ ਅਤੇ ਮੈਂ ਚੁਣਿਆ ਹੈ। ਇਹ ਮੇਰੇ ਮੁਕੱਦਰ ਵਿਚ ਲਿਖਿਆ ਹੈ। ਮੈਂ ਦੁਖ ਕਿਉਂ ਚੁਣਾਂਗਾ? ਜੇਕਰ ਮੇਰੇ ਹੱਥ ਵਿਚ ਚੋਣ ਹੁੰਦੀ ਤਾਂ ਸਾਰੀ ਦੁਨੀਆਂ ਦਾ ਅਨੰਦ ਚੁਣ ਲੈਂਦਾ।

ਅਤੇ ਮੈਂ ਤੁਹਾਨੂੰ ਕਹਿੰਦਾ ਹਾਂ ਤੁਹਾਡੇ ਹੱਥ ਵਿਚ ਚੋਣ ਹੈ। ਅਤੇ ਤੁਸੀਂ ਚਾਹੋ ਤਾਂ ਸਾਰੀ ਦੁਨੀਆਂ ਦਾ ਅਨੰਦ ਤੁਹਾਡੇ ਵਿਹੜੇ ਵਿਚ ਬਰਸੇ। ਮੇਰੇ ਵਿਹੜੇ ਵਿਚ ਬਰਸਿਆ ਹੈ, ਇਸਲਈ ਕਹਿੰਦਾ ਹਾਂ। ਤੁਹਾਡੇ ਵਿਹੜੇ ਵਿਚ ਵੀ ਬਰਸ ਸਕਦਾ ਹੈ, ਲੇਕਿਨ ਤੁਸੀਂ ਚੁਣਿਆ ਹੀ ਨਹੀਂ। ਤੁਸੀਂ ਦੁਖ ਚੁਣਦੇ ਚਲੇ ਗਏ। ਅਤੇ ਜਦ ਤੁਸੀਂ ਦੁਖ ਚੁਣਿਆ ਅਤੇ ਦੁਖ ਆਇਆ ਤਾਂ ਤੁਸੀਂ ਛਾਤੀ ਪਿੱਟਦੇ ਹੋ। ਤੁਸੀਂ ਸੋਚਦੇ ਹੋ, ਦੁਖ ਮੇਰੇ ਮੁਕੱਦਰ ਵਿਚ ਹੈ, ਇਹ ਮੇਰੇ ਨਸੀਬ ਵਿਚ ਹੈ, ਇਹ ਮੇਰੀ ਕਿਸਮਤ ਵਿਚ ਹੈ।

ਤੁਹਾਡੀ ਕਿਸਮਤ ਵਿਚ ਕੁਝ ਵੀ ਨਹੀਂ ਹੈ। ਪਰਮਾਤਮਾ ਕਿਸੇ ਦੀ ਖੋਪੜੀ ਵਿਚ ਕੁਝ ਲਿਖ ਕੇ ਭੇਜਦਾ ਨਹੀਂ। ਕੋਰਾ ਕਾਗਜ਼ ਤੁਹਾਨੂੰ ਦੇ ਦਿੰਦਾ ਹੈ। ਕੋਰਾ ਚੈਕ ਤੁਹਾਡੇ ਹੱਥ ਵਿਚ ਦੇ ਦਿੰਦਾ ਹੈ। ਫਿਰ ਲਿਖ ਲੈਣਾ ਜੋ ਤੁਸੀਂ ਲਿਖਣਾ ਹੈ। ਕੋਈ ਗਰੀਬੀ ਲਿਖ ਲੈਂਦਾ ਹੈ, ਕੋਈ ਅਮੀਰੀ ਲਿਖ ਲੈਂਦਾ ਹੈ। ਕੋਈ ਅਗਿਆਨ ਲਿਖ ਲੈਂਦਾ ਹੈ, ਕੋਈ ਗਿਆਨ ਲਿਖ ਲੈਂਦਾ ਹੈ। ਕੋਈ ਸੰਸਾਰ ਲਿਖ ਲੈਂਦਾ ਹੈ, ਕੋਈ ਨਿਰਵਾਣ ਲਿਖ ਲੈਂਦਾ ਹੈ। ਪਰਮਾਤਮਾ ਕੋਰਾ ਚੈਕ ਦਿੰਦਾ ਹੈ।

ਪਰਮਾਤਮਾ ਤੁਹਾਨੂੰ ਸੁਤੰਤਰ ਬਣਾਉਂਦਾ ਹੈ। ਤੁਹਾਨੂੰ ਚੋਣ ਦੀ ਸਮਰੱਥਾ ਦਿੰਦਾ ਹੈ। ਤੁਸੀਂ ਚੁਣ ਲਉ। ਲੇਕਿਨ ਸੁਭਾਵਕ ਹੀ ਇਹ ਸਵਾਲ ਉਠਦਾ ਹੈ, ਆਦਮੀ ਦੁਖ ਕਿਉਂ ਚੁਣੇ ਫਿਰ? ਕਿਉਂ ਚੁਣਦਾ ਹੈ ਆਦਮੀ ਦੁਖ, ਕਿਉਂਕਿ ਅਨੰਤ ਲੋਕ ਦੁਖੀ ਹਨ। ਸੁਖੀ ਤਾਂ ਕੋਈ ਇਕ-ਅੱਧਾ ਹੁੰਦਾ ਹੈ, ਕੋਈ ਬੁੱਧ...। ਇੰਨੇ ਲੋਕ ਦੁਖੀ ਹਨ, ਇੰਨੇ ਲੋਕਾਂ ਨੇ ਦੁਖ ਚੁਣਿਆ ਹੈ, ਇਹ ਗੱਲ ਜਚਦੀ ਨਹੀਂ। ਦੁਖ ਲੋਕ ਚੁਣਨਗੇ ਕਿਉਂ? ਕਿਉਂਕਿ ਹਰ ਆਦਮੀ ਦੁਖ ਦੇ ਖ਼ਿਲਾਫ਼ ਮਲੂਮ ਹੁੰਦਾ ਹੈ। ਹਰ ਆਦਮੀ ਦੁਖ ਦਾ ਰੋਣਾ ਰੋਂਦਾ ਹੈ। ਹਰ ਆਦਮੀ ਕਹਿੰਦਾ ਹੈ, ਮੈਂ ਬਹੁਤ ਦੁਖੀ ਹਾਂ, ਇਸ ਤੋਂ ਕਿਵੇਂ ਛੁਟਕਾਰਾ ਹੋਵੇ? ਇਸਲਈ ਇਹ ਗੱਲ ਸਮਝ ਵਿਚ ਵੀ ਆਉਂਦੀ ਹੈ ਕਿ ਆਦਮੀ ਦੁਖ ਚੁਣੇਗਾ ਕਿਉਂ, ਜੇਕਰ ਉਸਦੇ ਹੱਥ ਵਿਚ ਹੁੰਦਾ ਹੈ? ਫਿਰ ਵੀ ਮੈਂ ਤੁਹਾਨੂੰ ਕਹਿੰਦਾ ਹਾਂ, ਆਦਮੀ ਨੇ ਦੁਖ ਚੁਣਿਆ ਹੈ।

ਜਦ ਕੋਈ ਆਦਮੀ ਆਪਣੇ ਦੁਖ ਦੀ ਕਥਾ ਸੁਣਾਉਂਦਾ ਹੈ ਤਦ ਤੁਸੀਂ ਜ਼ਰਾ ਗੌਰ ਨਾਲ ਸੁਣਨਾ ਅਤੇ ਜ਼ਰਾ ਗੌਰ ਨਾਲ ਦੇਖਣਾ। ਉਹ ਆਪਣੇ ਦੁਖ ਦੀ ਕਥਾ ਕਹਿਣ ਵਿਚ ਬੜਾ ਮਜ਼ਾ ਲੈ ਰਿਹਾ ਹੈ, ਰਸ ਲੈ ਰਿਹਾ ਹੈ। ਉਹ ਦੁਖਾਂ ਨੂੰ ਵਧਾ-ਚੜ੍ਹਾ ਕੇ ਵੀ ਦੱਸ ਰਿਹਾ ਹੈ, ਅਤਿਕਥਣੀ ਵੀ ਕਰ ਰਿਹਾ ਹੈ। ਜਿੰਨੇ ਦੁਖ ਨਹੀਂ ਹਨ, ਉਹ ਵੀ ਉਸ ਵਿਚ ਜੋੜੀ ਜਾ ਰਿਹਾ ਹੈ। ਜਦ ਬੋਲਣ ਹੀ ਬੈਠ ਗਿਆ ਹੈ ਤਾਂ ਫਿਰ ਦੁਖਾਂ ਨੂੰ ਖਿੱਚੀ ਜਾ ਰਿਹਾ ਹੈ, ਵੱਡਾ ਕਰੀ ਜਾ ਰਿਹਾ ਹੈ। ਤੁਸੀਂ ਜ਼ਰਾ ਗੌਰ ਨਾਲ ਸੁਣਨਾ। ਬੋਲਣ ਦੇ ਕੋਲ-ਕੋਲ ਤੁਹਾਨੂੰ ਅਨੁਭਵ ਵਿਚ ਆਏਗਾ, ਹਰ ਸ਼ਬਦ ਦੇ ਪਿਛੇ ਇਕ ਰਸ ਛੁਪਿਆ ਹੈ। ਕੀ ਰਸ ਹੋਵੇਗਾ? ਜੀਵਨ ਦੀਆਂ ਵੱਡੀਆਂ ਸਮੱਸਿਆਵਾਂ ਵਿਚ ਇਕ ਸਮੱਸਿਆ ਇਹ ਹੈ।

ਦੁਖ ਦੇ ਮਾਧਿਅਮ ਨਾਲ ਹੰਕਾਰ ਉੱਸਰਦਾ ਹੈ। ਸੁਖ ਵਿਚ ਹੰਕਾਰ ਛੁਪਨ ਹੋ ਜਾਂਦਾ ਹੈ। ਅਨੰਦ ਵਿਚ ਹੰਕਾਰ ਪਾਇਆ ਹੀ ਨਹੀਂ ਜਾਂਦਾ; ਦੁਖ ਵਿਚ ਹੀ ਪਾਇਆ ਜਾਂਦਾ ਹੈ। ਅਤੇ ਕਿਉਂਕਿ ਤੁਸੀਂ ਇਹ ਚੁਣ ਲਿਆ ਹੈ ਕਿ ਮੈਂ ਹਾਂ, ਇਸਲਈ ਤੁਹਾਨੂੰ ਦੁਖ ਚੁਣਨਾ ਪਿਆ ਹੈ। ਦੁਖ ਦੀ ਇੱਟ ਨਾਲ ਹੀ ਮੈਂ ਦਾ ਮਕਾਨ ਬਣਦਾ ਹੈ। ਇਸਲਈ ਤੁਸੀਂ

ਆਪਣੇ ਦੁਖ ਨੂੰ ਵਧਾ-ਚੜ੍ਹਾ ਕੇ ਦੱਸਦੇ ਹੋ, ਕਿ ਸਾਰੀ ਦੁਨੀਆਂ ਦਾ ਦੁਖ ਤੁਹਾਨੂੰ ਹੀ ਮਿਲ ਰਿਹਾ ਹੈ, ਅਜੇਹਾ ਦੁਖ ਕਿਸੇ ਦਾ ਵੀ ਨਹੀਂ ਹੈ। ਕਿਉਂਕਿ ਜਿੰਨੀਆਂ ਵੱਡੀਆਂ ਇੱਟਾਂ ਹੋਣਗੀਆਂ ਦੁਖ ਦੀਆਂ, ਉਨਾ ਹੀ ਵੱਡਾ ਭਵਨ ਹੰਕਾਰ ਦਾ ਬਣ ਸਕੇਗਾ।

ਖਿਆਲ ਕਰੋ, ਜੇਕਰ ਕੋਈ ਜਾਦੂ ਦੀ ਛਿਟੀ ਘੁਮਾਵੇ, ਅਤੇ ਤੁਹਾਡੇ ਸਾਰੇ ਦੁਖ ਖੋਹ ਲਵੇ, ਤੁਸੀਂ ਕੀ ਬਚੋਗੇ? ਦੁਖਾਂ ਦੇ ਸਿਵਾਇ ਤੁਹਾਡੇ ਕੋਲ ਹੋਰ ਕੀ ਹੈ? ਇਕਦਮ ਖ਼ਾਲੀ ਹੋ ਜਾਉਗੇ, ਇਕਦਮ ਘਬਰਾ ਜਾਉਗੇ। ਇਕਦਮ ਬੇਚੈਨ ਹੋ ਜਾਉਗੇ। ਆਪਣੇ ਦੁਖ ਵਾਪਸ ਮੰਗੋਗੇ।

ਸੋਚੋ ਜ਼ਰਾ, ਤੁਸੀਂ ਆਪਣੇ ਦੁਖ ਦੇਣ ਨੂੰ ਰਾਜ਼ੀ ਹੋਵੋਗੇ। ਜਦ ਦੁਖ ਖੋਹੇ ਜਾਣਗੇ ਤਦ ਤੁਹਾਨੂੰ ਲੱਗੇਗਾ ਕਿ ਸੁੰਨੇ ਹੋਣ ਨਾਲੋਂ, ਖ਼ਾਲੀ ਹੋਣ ਨਾਲੋਂ ਤਾਂ ਦੁਖ ਨਾਲ ਹੀ ਭਰਿਆ ਹੋਣਾ ਬਿਹਤਰ ਹੈ। ਕੁਝ ਤਾਂ ਹੈ-ਮੁੱਠੀ ਬੰਨ੍ਹਣ ਨੂੰ ਕੁਝ ਤਾਂ ਹੈ। ਪਕੜਨ ਨੂੰ ਕੁਝ ਤਾਂ ਹੈ। ਲੋਕਾਂ ਨੇ ਆਪਣੇ ਦੁਖਾਂ ਨੂੰ ਵਸਾਇਆ ਹੋਇਆ ਹੈ। ਲੋਕ ਜਾਣਦੇ ਹਨ। ਤੁਸੀਂ ਜਾਣਦੇ ਹੋ ਕ੍ਰੋਧ ਦੁਖ ਲਿਆਉਂਦਾ ਹੈ, ਐਪਰ ਕ੍ਰੋਧ ਨੂੰ ਤੁਸੀਂ ਫੜਿਆ ਹੋਇਆ ਹੈ। ਤੁਸੀਂ ਜਾਣਦੇ ਹੋ ਈਰਖਾ ਦੁਖ ਲਿਆਉਂਦੀ ਹੈ, ਪਰ ਈਰਖਾ ਨੂੰ ਤੁਸੀਂ ਫੜਿਆ ਹੋਇਆ ਹੈ। ਤੁਸੀਂ ਜਾਣਦੇ ਹੋ ਕਿਥੇ-ਕਿਥੇ ਤੋਂ ਦੁਖ ਆਉਂਦਾ ਹੈ, ਲੇਕਿਨ ਉਹਨਾਂ ਹੀ ਦਰਵਾਜ਼ਿਆਂ ਉਤੇ ਦਸਤਕ ਦਿੰਦੇ ਹੋ। ਅਤੇ ਅਜੇਹਾ ਵੀ ਨਹੀਂ ਹੈ ਕਿ ਤੁਹਾਨੂੰ ਦੱਸਿਆ ਨਹੀਂ ਹੈ ਲੋਕਾਂ ਨੇ ਕਿ ਸੁਖ ਕਿਹੜੇ ਦਰਵਾਜ਼ਿਆਂ ਤੋਂ ਮਿਲਦਾ ਹੈ। ਆਖ਼ਰ ਬੁੱਧ-ਪੁਰਸ਼ ਕਰਦੇ ਕੀ ਰਹੇ? ਆਖ਼ਰ ਸੁੰਦਰਦਾਸ ਇਹ ਢੋਲ ਕਿਉਂ ਵਜਾ ਰਹੇ ਸਨ? ਕੀ ਹੈ ਕਹਿਣ ਦਾ? ਛੋਟੀ-ਜਿਹੀ ਗੱਲ ਕਹਿ ਰਹੇ ਹਨ ਕਿ ਇਕ ਦਰਵਾਜ਼ਾ ਹੈ-ਹਰੀ ਦਾ ਦਰਵਾਜ਼ਾ-ਹਰਿ ਬੋਲੌ ਹਰਿ ਬੋਲ! ਉਥੋਂ ਤੋਂ ਸੁਖ ਦੀ ਗੰਗਾ ਵਹਿੰਦੀ ਹੈ। ਤੁਸੀਂ ਸੁਣ ਲੈਂਦੇ ਹੋ, ਤੁਸੀਂ ਕਹਿੰਦੇ ਹੋ : ਠੀਕ ਹੈ, ਹੋਵੇਗਾ। ਜਦ ਆਏਗਾ ਸਮਾਂ ਤਦ ਦੇਖਾਂਗੇ। ਜਦ ਮੁਕੱਦਰ ਵਿਚ ਹੋਵੇਗਾ ਤਦ ਦੇਖਾਂਗੇ। ਅਜੇ ਤਾਂ ਜ਼ਿੰਦਗੀ ਜੀਣੀ ਹੈ। ਅਜੇ ਤਾਂ ਦੁਖ ਭੋਗਣੇ ਹਨ।

ਜ਼ਿੰਦਗੀ ਜੀਣ ਦਾ ਮਤਲਬ-ਅਜੇ ਦੁਖ ਭੋਗਣੇ ਹਨ। ਅਜੇ ਸਭ ਪਾਸੇ ਤੋਂ ਦੁਖ ਦਾ ਇੰਤਜ਼ਾਮ ਕਰਨਾ ਹੈ। ਹਾਲਾਂਕਿ ਤੁਸੀਂ ਅਜੇਹਾ ਨਹੀਂ ਕਹਿੰਦੇ ਕਿ ਅਜੇ ਦੁਖ ਭੋਗਣੇ ਹਨ। ਤੁਸੀਂ ਕਹਿੰਦੇ ਹੋ, ਅਜੇ ਸੁਖ ਭੋਗਣੇ ਹਨ। ਕਹਿੰਦੇ ਹੋ ਸੁਖ ਭੋਗਣੇ ਹਨ, ਭੋਗਦੇ ਦੁਖ ਹੋ, ਤੁਹਾਡਾ ਕਹਿਣਾ ਕੋਈ ਸੁਣ ਲਵੇ ਤਾਂ ਬੜਾ ਭੁਲੇਖਾ ਹੋ ਜਾਂਦਾ ਹੈ, ਤੁਹਾਨੂੰ ਦੇਖੇ ਤਦੇ ਸੱਚਾਈ ਦਾ ਪਤਾ ਲਗਦਾ ਹੈ। ਤੁਸੀਂ ਸੁਖ ਦੇ ਨਾਂ 'ਤੇ ਜੋ ਖੋਜਦੇ ਹੋ, ਉਹ ਦੁਖ ਹੈ। ਤੁਸੀਂ ਨਾਂ ਚੰਗੇ ਰਖ ਲਏ ਹਨ। ਨਾਂ ਰਖਣ ਵਿਚ ਬੜੇ ਕੁਸ਼ਲ ਹੋ। ਅਤੇ ਚੰਗੇ ਨਾਂ ਰਖ ਕੇ ਤੁਸੀਂ ਧੋਖੇ ਵੀ ਖਾ ਜਾਂਦੇ ਹੋ। ਸੋਹਣੇ-ਸੋਹਣੇ ਨਾਂ ਰਖਦੇ ਹੋ। ਅਤੇ ਸੋਹਣੇ-ਸੋਹਣੇ ਨਾਵਾਂ ਦੀ ਛਾਂ ਵਿਚ ਛਲਾਵਾ ਹੋ ਜਾਂਦਾ ਹੈ।

ਕਿਸ ਨੂੰ ਤੁਸੀਂ ਸੁਖ ਕਹਿੰਦੇ ਹੋ? ਜ਼ਿਆਦਾ ਧਨ ਹੋਵੇਗਾ ਤਾਂ ਸੁਖ ਹੋਵੇਗਾ? ਤਾਂ ਫਿਰ ਜਿਨ੍ਹਾਂ ਕੋਲ ਜ਼ਿਆਦਾ ਧਨ ਹੈ ਜ਼ਰਾ ਉਹਨਾਂ ਦੀ ਜ਼ਿੰਦਗੀ ਤਾਂ ਗੌਰ ਨਾਲ ਦੇਖ ਲਵੋ, ਇਸ ਤੋਂ ਪਹਿਲਾਂ ਕਿ ਦੌੜ ਉਤੇ ਨਿਕਲੋ। ਉਹਨਾਂ ਕੋਲ ਸੁਖ

ਹੈ? ਉਹ ਤੁਸੀਂ ਨਹੀਂ ਦੇਖਦੇ। ਤੁਸੀਂ ਕਹਿੰਦੇ ਹੋ, ਵੱਡਾ ਅਹੁਦਾ ਹੋਵੇਗਾ, ਤਾਂ ਸੁਖ ਹੋਵੇਗਾ। ਐਪਰ ਜਿਨ੍ਹਾਂ ਦੇ ਕੋਲ ਵੱਡਾ ਅਹੁਦਾ ਹੈ, ਜ਼ਰਾ ਉਹਨਾਂ ਦੀ ਜ਼ਿੰਦਗੀ ਵਿਚ ਝਾਕ ਤਾਂ ਲਵੋ। ਉਹ ਤੁਸੀਂ ਨਹੀਂ ਕਰਦੇ। ਕਿਉਂਕਿ ਤੁਸੀਂ ਡਰੇ ਹੋ ਕਿ ਜੇ ਉਹਨਾਂ ਦੀ ਜ਼ਿੰਦਗੀ ਵਿਚ ਝਾਕਿਆ ਅਤੇ ਦੁਖ ਦਿਖਾਈ ਪੈ ਗਿਆ ਤਾਂ ਫਿਰ ਮੈਂ ਕੀ ਕਰਾਂਗਾ। ਤੁਸੀਂ ਦੇਖਣਾ ਹੀ ਨਹੀਂ ਚਾਹੁੰਦੇ, ਤੁਸੀਂ ਜੀਵਨ ਦੇ ਤੱਥ ਝੁਠਲਾਉਣਾ ਚਾਹੁੰਦੇ ਹੋ। ਤੁਸੀਂ ਕਹਿੰਦੇ ਹੋ, ਹੋਵੇਗਾ ਉਹਨਾਂ ਦੀ ਜ਼ਿੰਦਗੀ ਵਿਚ ਦੁਖ, ਪਰ ਜਦ ਮੈਂ ਅਹੁਦੇ ਉਤੇ ਹੋਵਾਂਗਾ ਤਾਂ ਸੁਖ ਨੂੰ ਭੋਗਾਂਗਾ; ਹੋਵੇਗਾ ਉਹਨਾਂ ਦੀ ਜ਼ਿੰਦਗੀ ਵਿਚ ਦੁਖ, ਜਦ ਮੇਰੇ ਕੋਲ ਧਨ ਹੋਵੇਗਾ ਤਾਂ ਮੈਂ ਸੁਖ ਨੂੰ ਭੋਗਾਂਗਾ।

ਹਰ ਵਿਅਕਤੀ ਇਸੇ ਭੁਲੇਖੇ ਵਿਚ ਜੀਂਦਾ ਹੈ। ਧਨ ਵੀ ਆ ਜਾਂਦਾ ਹੈ, ਅਹੁਦਾ ਵੀ ਆ ਜਾਂਦਾ ਹੈ, ਪ੍ਰਸਿੱਧੀ ਵੀ ਆ ਜਾਂਦੀ ਹੈ, ਨਾਲ ਹੀ ਮਹਾਂਨਰਕ ਵੀ ਆ ਜਾਂਦਾ ਹੈ। ਤਦ ਤਕ ਬਹੁਤ ਦੇਰ ਹੋ ਗਈ ਹੁੰਦੀ ਹੈ। ਫਿਰ ਪਰਤਣਾ ਵੀ ਮੁਸ਼ਕਲ ਹੋ ਜਾਂਦਾ ਹੈ। ਪਰਤਣਾ ਫਿਰ ਥੁੱਕ ਕੇ ਚੱਟਣ ਜਿਹਾ ਲਗਦਾ ਹੈ। ਫਿਰ ਹੰਕਾਰ ਨੂੰ ਹੋਰ ਪੀੜ ਹੁੰਦੀ ਹੈ ਕਿ ਹੁਣ ਕੀ ਪਰਤਣਾ, ਦੁਨੀਆਂ ਕੀ ਆਖੇਗੀ? ਹੁਣ ਚਲੇ ਹੀ ਜਾਉ, ਹੁਣ ਥੋੜ੍ਹੇ ਦਿਨ ਹੋਰ ਹਨ, ਇਸੇ ਤਰ੍ਹਾਂ ਲੰਘਾ ਦਿਉ, ਗੁਜ਼ਾਰ ਦਿਉ।

ਹੰਕਾਰ ਨੇ ਤੁਹਾਨੂੰ ਸੁਖ ਦਿਤਾ ਹੈ ਕਦੇ? ਲੇਕਿਨ ਫਿਰ ਹੰਕਾਰ ਨੂੰ ਤੁਸੀਂ ਉਸਾਰਦੇ ਕਿਉਂ ਚਲੇ ਜਾਂਦੇ ਹੋ? ਹੰਕਾਰ ਸਿਰਫ ਕੰਡੇ ਵਾਂਗ ਚੁਭਦਾ ਹੈ, ਸੂਲ ਦੀ ਤਰ੍ਹਾਂ ਚੁਭਦਾ ਹੈ। ਤੁਹਾਨੂੰ ਹੋਰ ਚੀਜ਼ਾਂ ਪੀੜ ਦਿੰਦੀਆਂ ਹਨ, ਉਹ ਹੰਕਾਰ ਦੇ ਕਾਰਨ ਹੀ ਪੀੜ ਦਿੰਦੀਆਂ ਹਨ। ਕਿਸੇ ਨੇ ਅਪਮਾਨ ਕਰ ਦਿਤਾ, ਤੁਸੀਂ ਪਰੇਸ਼ਾਨ ਹੋ ਗਏ। ਉਸਦੇ ਅਪਮਾਨ ਕਰਨ ਕਰਕੇ ਪਰੇਸ਼ਾਨ ਹੋਏ, ਤਾਂ ਤੁਸੀਂ ਗ਼ਲਤ ਵਿਸ਼ਲੇਸ਼ਣ ਕਰ ਰਹੇ ਹੋ। ਜੇ ਹੰਕਾਰ ਨਾ ਹੁੰਦਾ ਤਾਂ ਤੁਸੀਂ ਪਰੇਸ਼ਾਨ ਨਾ ਹੁੰਦੇ। ਬੁੱਧ ਨੂੰ ਅਨੇਕਾਂ ਲੋਕਾਂ ਨੇ ਗਾਲ੍ਹਾਂ ਦਿਤੀਆਂ। ਬੁੱਧ ਨੂੰ ਹਮੇਸ਼ਾ ਲੋਕ ਗਾਲ੍ਹਾਂ ਦਿੰਦੇ ਰਹੇ। ਲੇਕਿਨ ਬੁੱਧ ਪਰੇਸ਼ਾਨ ਨਹੀਂ ਹੋਏ। ਬੁੱਧ ਨੇ ਇੰਨਾ ਹੀ ਕਿਹਾ ਲੋਕਾਂ ਨੂੰ : ਜੇ ਤੁਹਾਡੀ ਗੱਲ ਪੂਰੀ ਹੋ ਗਈ ਹੋਵੇ ਤਾਂ ਮੈਂ ਜਾਵਾਂ, ਕਿਉਂਕਿ ਮੈਂ ਦੂਜੇ ਪਿੰਡ ਪਹੁੰਚਣਾ ਹੈ, ਉਥੇ ਲੋਕ ਉਡੀਕ ਕਰਦੇ ਹੋਣਗੇ। ਅਤੇ ਜੇ ਅਧੂਰੀ ਰਹਿ ਗਈ ਹੋਵੇ ਤਾਂ ਚਿੰਤਾ ਨਾ ਕਰੋ, ਮੁੜਦੇ ਸਮੇਂ ਫਿਰ ਰੁਕ ਜਾਵਾਂਗਾ, ਫਿਰ ਤੁਹਾਡੀ ਗੱਲ ਸੁਣ ਲਵਾਂਗਾ।

ਉਹ ਲੋਕ ਤਾਂ ਗਾਲ੍ਹਾਂ ਦੇ ਰਹੇ ਸਨ। ਉਹਨਾਂ ਨੂੰ ਤਾਂ ਭਰੋਸਾ ਹੀ ਨਾ ਆਇਆ ਕਿ ਗਾਲ੍ਹਾਂ ਦਾ ਕਿਤੇ ਕੋਈ ਅਜੇਹਾ ਜਵਾਬ ਹੁੰਦਾ ਹੈ। ਉਹਨਾਂ ਵਿਚੋਂ ਕਿਸੇ ਇਕ ਨੇ ਕਿਹਾ, ਤੁਸੀਂ ਇਹ ਕੀ ਕਹਿ ਰਹੇ ਹੋ? ਅਸੀਂ ਗਾਲ੍ਹਾਂ ਦੇ ਰਹੇ ਹਾਂ, ਗੱਲਾਂ ਨਹੀਂ ਹਨ ਇਹ, ਜ਼ਹਿਰ-ਬੁਝੇ ਤੀਰ ਹਨ।

ਬੁੱਧ ਨੇ ਕਿਹਾ, ਤੁਸੀਂ ਜੇਕਰ ਪਾਣੀ ਦੀ ਤਰਫ ਅੰਗਿਆਰਾ ਸੁੱਟੋ ਤਾਂ ਜਦ ਤਕ ਪਾਣੀ ਨੂੰ ਨਾ ਛੋਹੇ, ਅੰਗਿਆਰਾ ਰਹੇਗਾ; ਅਤੇ ਜਿਵੇਂ ਹੀ ਪਾਣੀ ਨੂੰ ਛੋਹੇਗਾ, ਬੁਝ ਜਾਏਗਾ, ਰਾਖ ਹੋ ਜਾਏਗਾ। ਮੈਨੂੰ ਅੰਦਰ ਅਜੇਹਾ ਅਨੰਦ ਮਿਲ ਰਿਹਾ ਹੈ, ਅਜੇਹੀ ਸੀਤਲਤਾ ਮਿਲ ਰਹੀ ਹੈ ਕਿ ਹੁਣ ਮੈਂ ਤੁਹਾਡੀਆਂ ਗਾਲ੍ਹਾਂ ਦੀ ਖ਼ਾਤਰ ਉਸਨੂੰ ਖੋ ਨਹੀਂ ਸਕਦਾ। ਤੁਹਾਡਾ

ਅੰਗਿਆਰਾ ਆਉਂਦਾ ਹੈ, ਤੁਹਾਡੀ ਤਰਫ ਤੋਂ ਅੰਗਿਆਰਾ ਹੁੰਦਾ ਹੋਵੇਗਾ, ਮੇਰੀ ਤਰਫ ਆਉਂਦਿਆਂ ਹੀ ਫੁੱਲ ਹੋ ਜਾਂਦਾ ਹੈ। ਮੈਂ ਤੁਹਾਡੀ ਤਕਲੀਫ ਸਮਝ ਰਿਹਾ ਹਾਂ ਕਿ ਤੁਸੀਂ ਬੜੀ ਪੀੜ ਵਿਚ ਹੋ, ਇਸਲਈ ਗਾਲ੍ਹਾਂ ਨਿਕਲ ਰਹੀਆਂ ਹਨ। ਪਰ ਮੈਂ ਬੜੇ ਅਨੰਦ ਵਿਚ ਹਾਂ, ਮੈਂ ਕੀ ਕਰਾਂ? ਤੁਹਾਨੂੰ ਜੇਕਰ ਗਾਲ੍ਹਾਂ ਦਾ ਜਵਾਬ ਚਾਹੀਦਾ ਸੀ, ਦਸ ਸਾਲ ਪਹਿਲਾਂ ਆਉਣਾ ਸੀ। ਤੁਸੀਂ ਜ਼ਰਾ ਦੇਰ ਨਾਲ ਆਏ। ਦਸ ਸਾਲ ਪਹਿਲਾਂ ਆਉਂਦੇ, ਤੁਹਾਡੀ ਗਰਦਨ ਲੁਹਾ ਦਿੰਦਾ। ਅੱਪਰ ਦੇਰ ਹੋ ਗਈ ਤੁਹਾਨੂੰ ਆਉਣ ਵਿਚ। ਹੁਣ ਤੁਸੀਂ ਮੈਨੂੰ ਖ਼ਫਾ ਨਾ ਕਰ ਪਾਉਗੇ; ਕਿਉਂਕਿ ਹੁਣ ਮੈਂ ਪ੍ਰਸੰਨ ਹੋਣ ਦਾ ਰਾਹ ਜਾਣ ਲਿਆ ਹੈ। ਹੁਣ ਤੁਸੀਂ ਮੈਨੂੰ ਖ਼ਫਾ ਨਾ ਕਰ ਪਾਉਗੇ, ਕਿਉਂਕਿ ਹੁਣ ਮੈਂ ਖ਼ਫਾ ਨਹੀਂ ਹੋਣਾ ਚਾਹੁੰਦਾ ਹਾਂ।

ਇਹਨਾਂ ਸ਼ਬਦਾਂ ਉਤੇ ਵਿਚਾਰ ਕਰਨਾ : ਹੁਣ ਤਸੀਂ ਮੈਨੂੰ ਦੁਖੀ ਨਾ ਕਰ ਪਾਉਗੇ, ਕਿਉਂਕਿ ਮੈਂ ਦੁਖ ਛੱਡ ਦਿਤਾ ਹੈ। ਹੁਣ ਮੈਂ ਦੁਖ ਲੈਂਦਾ ਹੀ ਨਹੀਂ। ਤੁਸੀਂ ਗਾਲ੍ਹ ਦਿੰਦੇ ਹੋ, ਸੱਚ; ਅੱਪਰ ਮੈਂ ਗਾਲ੍ਹ ਲਵਾਂ, ਤਦੇ ਹੀ ਤਾਂ ਮੈਨੂੰ ਮਿਲੇਗੀ ਨਾ? ਤੁਹਾਡੇ ਦੇਣ-ਭਰ ਨਾਲ ਕੀ ਹੁੰਦਾ ਹੈ? ਪਿਛਲੇ ਪਿੰਡ ਵਿਚ ਲੋਕ ਫੁੱਲ ਲਿਆਏ ਸਨ ਅਤੇ ਮਠਿਆਈ ਲਿਆਏ ਸਨ ਅਤੇ ਮੈਨੂੰ ਭੇਟਾ ਕਰਨੀ ਚਾਹੁੰਦੇ ਸਨ। ਮੈਂ ਕਿਹਾ, ਮੇਰਾ ਪੇਟ ਭਰਿਆ ਹੈ। ਉਹ ਵਾਪਸ ਲੈ ਗਏ। ਜਦ ਮੈਂ ਨਹੀਂ ਲਵਾਂਗਾ ਤਾਂ ਮਠਿਆਈਆਂ ਵੀ ਕੀ ਕਰੋਗੇ? ਵਾਪਸ ਹੀ ਲੈ ਜਾਉਗੇ। ਮੈਂ ਤੁਹਾਥੋਂ ਪੁੱਛਦਾ ਹਾਂ, ਉਹਨਾਂ ਨੇ ਮਠਿਆਈਆਂ ਦਾ ਕੀ ਕੀਤਾ ਹੋਵੇਗਾ?

ਇਕ ਆਦਮੀ ਨੇ ਭੀੜ ਵਿਚੋਂ ਕਿਹਾ, ਕੀ ਕੀਤਾ ਹੋਵੇਗਾ, ਜਾਕੇ ਵੰਡ ਲਈਆਂ ਹੋਣਗੀਆਂ। ਤਾਂ ਬੁੱਧ ਨੇ ਕਿਹਾ, ਹੁਣ ਤੁਸੀਂ ਕੀ ਕਰੋਗੇ? ਤੁਸੀਂ ਗਾਲ੍ਹਾਂ ਲੈ ਕੇ ਆਏ ਹੋ, ਮੈਂ ਤਾਂ ਲੈਂਦਾ ਨਹੀਂ, ਮੈਂ ਤਾਂ ਖ਼ਰੀਦ ਬੰਦ ਹੀ ਕਰ ਦਿਤੀ। ਹੁਣ ਮੇਰੀ ਦੁਖ ਵਿਚ ਕੋਈ ਚਾਹਨਾ ਹੀ ਨਹੀਂ ਰਹੀ। ਦੁਖ ਹੋਰ ਚਾਹੀਦੇ ਨਹੀਂ, ਬਹੁਤ ਲੈ ਲਏ, ਜਨਮ-ਜਨਮ ਲੈ ਲਏ! ਹੁਣ ਤੁਸੀਂ ਕੀ ਕਰੋਗੇ? ਚੰਗੇ ਸਨ ਉਹ ਲੋਕ, ਮਠਿਆਈਆਂ ਲਿਆਏ ਸੀ, ਵੰਡ ਤਾਂ ਲੈਣਗੇ। ਹੁਣ ਤੁਸੀਂ ਇਹਨਾਂ ਗਾਲ੍ਹਾਂ ਨੂੰ ਵਾਪਸ ਲਿਜਾ ਕੇ ਕੀ ਕਰੋਗੇ? ਇਹ ਤੁਹਾਡੇ ਉਤੇ ਹੀ ਪੈ ਗਈਆਂ, ਕਿਉਂਕਿ ਮੈਂ ਤਾਂ ਇਹਨਾਂ ਨੂੰ ਲਿਆ ਨਹੀਂ।

ਜ਼ਰਾ ਸੋਚਦੇ ਹੋ, ਗਾਲ੍ਹ ਨਾ ਲਈ ਜਾਵੇ, ਤਾਂ ਕੋਈ ਤੁਹਾਨੂੰ ਕਿਵੇਂ ਦੇ ਸਕਦਾ ਹੈ? ਅੱਪਰ ਤੁਸੀਂ ਲੈਣ ਨੂੰ ਇਨੇ ਤਾਂਘਵਾਨ ਹੋ ਕਿ ਕਦੇ-ਕਦੇ ਕੋਈ ਦੂਜਾ ਦਿੰਦਾ ਵੀ ਨਹੀਂ ਹੈ ਅਤੇ ਤੁਸੀਂ ਲੈ ਲੈਂਦੇ ਹੋ। ਤੁਹਾਡੀ ਤਾਂਘ ਅਜੇਹੀ ਹੈ ਕਿ ਰਾਹ 'ਤੇ ਦੋ ਆਦਮੀ ਖੜ੍ਹੇ ਹੋ ਕੇ ਹੌਲੀ-ਹੌਲੀ ਗੱਲਾਂ ਕਰਦੇ ਹੁੰਦੇ ਹਨ, ਤੁਸੀਂ ਚਿੰਤਤ ਹੋ ਜਾਂਦੇ ਹੋ-ਮੇਰੇ ਹੀ ਸਬੰਧ ਵਿਚ ਕਰਦੇ ਹੋਣਗੇ। ਕੋਈ ਆਦਮੀ ਇਕ ਪਾਸੇ ਖਲੋਤਾ, ਰਾਹ 'ਤੇ ਹੱਸ ਪੈਂਦਾ ਹੈ, ਤੁਸੀਂ ਸਮਝਦੇ ਹੋ-ਮੇਰੇ ਲਈ, ਮੈਨੂੰ ਦੇਖ ਕੇ ਹੱਸ ਰਿਹਾ ਹੈ, ਇਸਨੂੰ ਮਜ਼ਾ ਚਖਾ ਕੇ ਰਹਾਂਗਾ। ਹੁਣ ਹੋ ਸਕਦਾ ਹੈ ਕਿਸੇ ਹੋਰ ਕਾਰਨ ਕਰਕੇ ਹੱਸ ਰਿਹਾ ਹੋਵੇ। ਦੁਨੀਆਂ ਵਿਚ ਤੁਸੀਂ ਹੀ ਤਾਂ ਨਹੀਂ ਹੋ, ਹੋਰ ਵੀ ਬਹੁਤ ਲੋਕ ਹਨ। ਉਹ ਜਿਹੜੇ ਦੋ ਆਦਮੀ ਹੌਲੀ-ਹੌਲੀ ਗੱਲਾਂ ਕਰ ਰਹੇ ਸਨ, ਗੁਪ-ਚੁਪ ਗੱਲਾਂ ਕਰ ਰਹੇ ਸਨ,ਅਤੇ ਤੁਹਾਨੂੰ ਦੇਖ ਕੇ ਚੁੱਪ ਹੋ ਗਏ, ਜ਼ਰੂਰੀ ਨਹੀਂ ਹੈ ਕਿ ਤੁਹਾਡੇ ਸਬੰਧ

ਵਿਚ ਗੱਲਾਂ ਕਰ ਰਹੇ ਹੋਣ। ਦੁਨੀਆਂ ਬੜੀ ਹੈ, ਪਰ ਤੁਸੀਂ ਲੈ ਲਿਆ।

ਗਾਲ੍ਹ ਨਹੀਂ ਦਿਤੀ ਜਾਂਦੀ—ਅਤੇ ਤੁਸੀਂ ਲੈ ਲੈਂਦੇ ਹੋ। ਅਪਮਾਨ ਨਹੀਂ ਕੀਤਾ ਜਾਂਦਾ—ਅਤੇ ਤੁਸੀਂ ਲੈ ਲੈਂਦੇ ਹੋ। ਤੁਸੀਂ ਜਿਵੇਂ ਤਿਆਰ ਹੀ ਹੋ। ਤੁਸੀਂ ਜਿਵੇਂ ਨਿਕਲੇ ਹੋ ਐਲਾਨ ਕਰਕੇ, ਆ ਬੈਲ ਮੈਨੂੰ ਮਾਰ। ਜਿਸ ਦਿਨ ਤੁਹਾਨੂੰ ਦੁਖ ਨਹੀਂ ਮਿਲਦਾ ਉਸ ਦਿਨ ਤੁਹਾਨੂੰ ਲਗਦਾ ਹੈ, ਕੁਝ ਖ਼ਾਲੀ-ਖ਼ਾਲੀ ਗਿਆ ਦਿਨ, ਕੁਝ ਸੱਖਣਾ-ਸੱਖਣਾ। ਨਾ ਕੋਈ ਝਗੜਾ, ਨਾ ਕੋਈ ਝਾਂਸਾ।

ਮਨੋਵਿਗਿਆਨਕ ਕਹਿੰਦੇ ਹਨ : ਚੰਗੇ ਆਦਮੀ ਦੀ ਜ਼ਿੰਦਗੀ ਵਿਚ ਕੋਈ ਕਹਾਣੀ ਨਹੀਂ ਹੁੰਦੀ। ਹੋ ਵੀ ਕਿਵੇਂ ਸਕਦੀ ਹੈ? ਚੰਗੇ ਆਦਮੀ ਦੀ ਜ਼ਿੰਦਗੀ ਇੰਨੀ ਕੋਰੀ ਹੁੰਦੀ ਹੈ ਕਿ ਉਸ ਵਿਚ ਕਹਾਣੀ ਕੀ ਹੋਵੇਗੀ? ਸਾਹਿਤਕਾਰ ਕਹਿੰਦੇ ਹਨ, ਚੰਗੇ ਆਦਮੀ ਦੀ ਜ਼ਿੰਦਗੀ ਉਤੇ ਨਾਵਲ ਨਹੀਂ ਲਿਖਿਆ ਜਾ ਸਕਦਾ। ਕੀ ਖ਼ਾਕ ਲਿਖੋਗੇ। ਇੰਨਾ ਹੀ ਲਿਖ ਦਿਓ ਕਿ ਚੰਗੇ ਆਦਮੀ, ਬਸ ਖ਼ਤਮ। ਬੁਰੇ ਆਦਮੀ ਦੀ ਜ਼ਿੰਦਗੀ ਵਿਚ ਕਹਾਣੀ ਹੁੰਦੀ ਹੈ। ਖ਼ੂਬ ਭਰਮਾਰ ਹੁੰਦੀ ਹੈ! ਹੱਤਿਆ ਦੀ, ਚੋਰੀ ਦੀ, ਬੇਈਮਾਨੀ ਦੀ, ਸਭ ਤਰ੍ਹਾਂ ਦੇ ਉਪੱਦਰ ਕੀਤੇ ਤਾਂ ਕਹਾਣੀ ਵਿਚ ਭਰਿਆਪਣ ਹੁੰਦਾ ਹੈ। ਤੁਸੀਂ ਖ਼ਾਲੀ ਹੋਣਾ ਚਾਹੋਗੇ ਜਿਸ ਦਿਨ, ਉਸੇ ਦਿਨ ਸੁਖੀ ਹੋ ਜਾਓਗੇ। ਲੇਕਿਨ ਤੁਸੀਂ ਕੋਈ ਕਹਾਣੀ ਚਾਹੁੰਦੇ ਹੋ, ਤੁਸੀਂ ਆਪਣਾ ਅਫ਼ਸਾਨਾ ਚਾਹੁੰਦੇ ਹੋ। ਤੁਸੀਂ ਚਾਹੁੰਦੇ ਹੋ ਮੇਰੀ ਕੋਈ ਆਤਮਕਥਾ ਹੋਵੇ। ਆਤਮਕਥਾ ਯਾਨੀ ਹੰਕਾਰ ਦੀ ਕਥਾ।

ਪੁਛਿਆ ਹੈ ਤੂੰ : ਮੇਰੀ ਰਾਤੋਂ ਕੇ ਮੁਕੱਦਰ ਮੇਂ...

ਸਵੇਰ ਤਾਂ ਹਰ ਆਦਮੀ ਦਾ ਜਮਾਂਦਰੂ ਹੱਕ ਹੈ। ਹਾਂ, ਤੁਸੀਂ ਜਿੰਨੀ ਦੇਰ ਚਾਹੋ, ਰੋਕ ਸਕਦੇ ਹੋ। ਨਾ ਆਉਣ ਦੇਣਾ ਹੋਵੇ, ਤਾਂ ਸਵੇਰ ਕਦੇ ਨਹੀਂ ਆਏਗੀ। ਅਜੇਹਾ ਵੀ ਹੋ ਸਕਦਾ ਹੈ। ਸਵੇਰ ਆ ਜਾਵੇ, ਤੁਸੀਂ ਅੱਖਾਂ ਬੰਦ ਕਰ ਲਵੋ। ਤਾਂ ਤੁਸੀਂ ਤਾਂ ਹਨੇਰੇ ਵਿਚ ਹੀ ਰਹੇ ਆਓਗੇ। ਸਵੇਰ ਆ ਜਾਵੇ, ਤੁਸੀਂ ਕੰਨ ਬੰਦ ਕਰ ਲਵੋ; ਪੰਛੀ ਗੀਤ ਗਾਉਣ, ਲੇਕਿਨ ਤੁਹਾਨੂੰ ਕੁਝ ਸੁਣਾਈ ਨਾ ਪਵੇ। ਸੂਰਜ ਉਗ ਆਵੇ, ਤੁਸੀਂ ਪਿੱਠ ਕਰਕੇ ਖੜ੍ਹੇ ਹੋ ਜਾਓ। ਵਰਖਾ ਹੋਵੇ ਅਤੇ ਤੁਸੀਂ ਆਪਣੇ ਘੜੇ ਨੂੰ ਉਲਟਾ ਕਰ ਲਵੋ। ਇਹ ਸਭ ਸੰਭਾਵਨਾਵਾਂ ਹਨ। ਜੇ ਤੁਸੀਂ ਤੈਅ ਹੀ ਕਰ ਲਿਆ ਹੈ, ਦੁਖ ਵਿਚ ਹੀ ਜੀਣਾ ਹੈ, ਰਾਤ ਵਿਚ ਹੀ ਜੀਣਾ ਹੈ, ਤਾਂ ਤੁਸੀਂ ਰਾਤ ਵਿਚ ਹੀ ਜੀਵੋਗੇ। ਤੁਹਾਡੇ ਫੈਸਲੇ ਉਤੇ ਸਭ-ਕੁਝ ਹੈ। ਇਸ ਗੱਲ ਨੂੰ ਜਿੰਨੀ ਗਹਿਰਾਈ ਤਕ ਤੁਸੀਂ ਆਪਣੇ ਅੰਦਰ ਉਤਰ ਜਾਣ ਦਿਓ ਉਨਾ ਸ਼ੁਭ ਹੈ। ਕਿਉਂਕਿ ਇਸ ਫੈਸਲੇ ਨਾਲ ਹੀ ਕ੍ਰਾਂਤੀ ਵਾਪਰੇਗੀ।

ਸ਼ਾਮੇ-ਗ਼ਮ ਕੁਛ ਉਸ ਨਿਗਾਹੇ-ਨਾਜ਼ ਕੀ ਬਾਤੇਂ ਕਰੋ।
ਬੇਖ਼ੁਦੀ ਬੜਤੀ ਚਲੀ ਹੈ, ਰਾਜ਼ ਕੀ ਬਾਤੇਂ ਕਰੋ।।
ਨਕਹਤੇ-ਜ਼ੁਲਫੇ-ਪਰੇਸ਼ਾਂ ਦਾਸਤਾਨੇ-ਸ਼ਾਮੇ-ਗ਼ਮ।

ਸੁਬਹ ਹੋਨੇ ਤਕ ਇਸੀ ਅੰਦਾਜ਼ ਕੀ ਬਾਤੇਂ ਕਰੋ॥

ਸਵੇਰ ਤਾਂ ਹੋਵੇਗੀ ਹੀ। ਹਰਿ ਬੋਲੌ ਹਰਿ ਬੋਲ ! ਤਦ ਤਕ ਸਵੇਰ ਦੇ ਰਸ ਦੀਆਂ, ਸਵੇਰ ਦੀ ਰੋਸ਼ਨੀ ਦੀਆਂ, ਸਵੇਰ ਦੇ ਅੰਬਰ ਦੀਆਂ, ਉਡਦੇ ਪੰਛੀਆਂ ਦੀਆਂ, ਖਿੜਦੇ ਫੁੱਲਾਂ ਦੀਆਂ—ਇਹਨਾਂ ਦੀਆਂ ਕੁਝ ਗੱਲਾਂ ਕਰੋ। ਇਹ ਗੱਲਾਂ ਤੁਹਾਡੇ ਮਨ ਵਿਚ ਗਹਿਰੀਆਂ ਬੈਠ ਜਾਣ, ਤਾਂ ਜਦ ਸਵੇਰ ਆਏਗੀ, ਤੁਸੀਂ ਪਛਾਣ ਲਵੋਗੇ, ਅਤੇ ਅੱਖਾਂ ਬੰਦ ਨਹੀਂ ਰਖੋਗੇ, ਅਤੇ ਕੰਨ ਬੰਦ ਨਹੀਂ ਰਖੋਗੇ। ਕਿਉਂਕਿ ਜਿਸਨੂੰ ਪਤਾ ਹੈ ਕਿ ਸਵੇਰ ਜਦ ਹੁੰਦੀ ਹੈ ਤਾਂ ਪੰਛੀ ਗੀਤ ਗਾਉਂਦੇ ਹਨ, ਉਸਦੇ ਕੰਨ ਤਾਂਘ ਨਾਲ ਸਵੇਰ ਦੀ ਉਡੀਕ ਕਰਨਗੇ, ਉਸਦੇ ਕੰਨ ਚੇਤੰਨ ਰਹਿਣਗੇ। ਅਤੇ ਜਿਸਨੂੰ ਪਤਾ ਹੈ ਕਿ ਸਵੇਰ ਹੁੰਦੀ ਹੈ ਤਾਂ ਸੂਰਜ ਨਿਕਲਦਾ ਹੈ—ਹਜ਼ਾਰ-ਹਜ਼ਾਰ ਰੰਗਾਂ ਦੇ ਫੁੱਲ ਖਿੜਦੇ ਹਨ, ਦੁਨੀਆਂ ਇਕਦਮ ਰੰਗਾਂ ਦਾ ਉਤਸਵ ਹੋ ਜਾਂਦੀ ਹੈ—ਉਹ ਅੱਖਾਂ ਬੰਦ ਨਹੀਂ ਰਖ ਸਕੇਗਾ। ਉਹ ਅੱਖਾਂ ਖੁਲ੍ਹੀਆਂ ਰਖੇਗਾ। ਸਵੇਰ ਦੀ ਜ਼ਰਾ-ਜਿੰਨੀ ਭਿਣਕ ਪੈ ਜਾਏਗੀ ਕਿ ਉਠ ਕੇ ਖੜ੍ਹਾ ਹੋ ਜਾਏਗਾ।

ਨਕਹਤੇ-ਜ਼ੁਲਫੇ-ਪਰੇਸ਼ਾਂ, ਦਾਸਤਾਨੇ-ਸ਼ਾਮੇ-ਗ਼ਮ।
ਸੁਬਹ ਹੋਨੇ ਤਕ ਇਸੀ ਅੰਦਾਜ਼ ਕੀ ਬਾਤੇਂ ਕਰੋ॥

ਸਤਿਸੰਗ ਦਾ ਇਹੀ ਨਾਂ ਹੈ। ਸਤਿਸੰਗ ਦਾ ਇਹੀ ਅਰਥ ਹੈ।

ਯੇ ਸੁਕੂਤੇ-ਯਾਸ ਯੇ ਦਿਲ ਕੀ ਰਗੋਂ ਕਾ ਟੂਟਨਾ।
ਖ਼ਾਮਸ਼ੀ ਮੇਂ ਕੁਛ ਸ਼ਿਕੱਸਤੇ-ਸਾਜ਼ ਕੀ ਬਾਤੇਂ ਕਰੋ॥
ਹਰ ਰਗੇ-ਦਿਲ ਵੱਜਦ ਮੇਂ ਆਤੀ ਰਹੇ ਦੁਖਤੀ ਰਹੇ।
ਯੂੰ ਹੀ ਉਸਕੇ ਜਾ-ਓ-ਬੇਜ਼ਾ ਨਾਜ਼ ਕੀ ਬਾਤੇਂ ਕਰੋ॥
ਕੁਛ ਕ਼ਫਸ ਕੀ ਤੀਲਿਓਂ ਸੇ ਛਨ ਰਹਾ ਹੈ ਨੂਰ-ਸਾ।
ਕੁਛ ਫ਼ਜ਼ਾ ਕੁਛ ਹਸਰਤੇ-ਪਰਵਾਜ਼ ਕੀ ਬਾਤੇਂ ਕਰੋ।
ਜਿਸਕੀ ਫੁਰਕਤ ਨੇ ਪਲਟ ਦੀ ਇਸ਼ਕ ਕੀ ਕਾਯਾ 'ਫਿਰਾਕ।'
ਆਜ ਉਸ ਈਸਾ-ਨਫਸ-ਦਮਸਾਜ਼ ਕੀ ਬਾਤੇਂ ਕਰੋ॥

ਪ੍ਰਭੂ ਦੀ ਕਿਰਪਾ ਦੀ ਗੱਲ ਕਰੋ। ਪ੍ਰਭੂ ਦੀ ਅਪਾਰ ਮੇਹਰ ਦੀ ਗੱਲ ਕਰੋ।

ਜਿਸਕੀ ਫੁਰਕਤ ਨੇ ਪਲਟ ਦੀ ਇਸ਼ਕ ਕੀ ਕਾਯਾ 'ਫਿਰਾਕ'
ਆਜ ਉਸ ਈਸਾ-ਨਫਸ-ਦਮਸਾਜ਼ ਕੀ ਬਾਤੇਂ ਕਰੋ।

ਉਸ ਪਵਿੱਤਰ ਹਿਰਦਾ ਮਿੱਤਰ ਦੀਆਂ ਗੱਲਾਂ ਹੋਣ। ਉਸ ਪਿਆਰੇ ਦੀ ਯਾਦ ਹੋਵੇ।

ਕੁਛ ਕ਼ਫਸ ਕੀ ਤੀਲਿਓਂ ਸੇ ਛਨ ਰਹਾ ਹੈ ਨੂਰ ਸਾ।

ਏਹ ਉਤਰੀ ਰੋਸ਼ਨੀ, ਏਹ ਕਿਰਨਾਂ ਜਾਗੀਆਂ, ਏਹ ਸਵੇਰ ਹੋਈ। ...*ਕੁਛ ਫ਼ਜ਼ਾ, ਕੁਝ ਅੰਬਰ ਦੀਆਂ। ਕੁਛ ਹਸਰਤੇ–ਪਰਵਾਜ਼ ਕੀ ਬਾਤੇਂ ਕਰੋ।* ਕੁਝ ਉੱਡਣ ਦੀ ਸਿੱਕ ਦੀਆਂ ਗੱਲਾਂ ਕਰੋ। ਸਵੇਰ ਤਾਂ ਆਉਣ ਦੇ ਕਰੀਬ ਹੈ, ਇਸਦੇ ਪਹਿਲਾਂ ਤੁਸੀਂ ਖੰਭ ਫਰਕਾਓ; ਕਿਤੇ ਅਜੇਹਾ ਨਾ ਹੋਵੇ ਕਿ ਸਵੇਰ ਆ ਜਾਵੇ ਅਤੇ ਤੁਹਾਨੂੰ ਖੰਭ ਫਰਕਾਉਣਾ ਨਾ ਆਵੇ! ਕਿਤੇ ਅਜੇਹਾ ਨਾ ਹੋਵੇ ਕਿ ਸਵੇਰ ਦਾ ਅਕਾਸ਼ ਜਾਗ ਉਠੇ, ਪੁਕਾਰ ਦੇਣ ਲੱਗੇ, ਅਤੇ ਤੁਸੀਂ ਆਪਣੀਆਂ ਪੁਰਾਣੀਆਂ ਆਦਤਾਂ ਵਿਚ ਜਕੜੇ ਪਏ ਰਹੋ, ਉੱਡਣ ਦੀ ਚਾਹਤ ਹੀ ਪੈਦਾ ਨਾ ਹੋਵੇ। ਤਾਂ ਅਕਾਸ਼ ਕੀ ਕਰੇਗਾ?

ਅਕਾਸ਼ ਪੰਛੀਆਂ ਨੂੰ ਜਬਰਦਸਤੀ ਨਹੀਂ ਉਡਾ ਸਕਦਾ। ਅਕਾਸ਼ ਤਾਂ ਸਿਰਫ ਮੌਕਾ ਦਿੰਦਾ ਹੈ ਕਿ ਜਿਸਨੇ ਉਡਣਾ ਹੈ ਉਡ ਲਵੇ। ਉਡਣਾਂ ਤਾਂ ਤੁਹਾਨੂੰ ਹੀ ਪਏਗਾ। ਜੇ ਤੁਸੀਂ ਆਪਣੇ ਖੰਭਾਂ ਨੂੰ ਸੰਗੋੜੀ ਪਏ ਰਹੇ ਜਾਂ ਤੁਸੀਂ ਭੁੱਲ ਹੀ ਗਏ ਕਿ ਤੁਹਾਡੇ ਕੋਲ ਖੰਭ ਹਨ... ਕਿਉਂਕਿ ਤੁਸੀਂ ਜਨਮਾਂ–ਜਨਮਾਂ ਤੋਂ ਉਡੇ ਨਹੀਂ, ਤੁਹਾਨੂੰ ਉਡਣ ਦਾ ਖ਼ਿਆਲ ਹੀ ਭੁੱਲ ਗਿਆ ਹੈ...ਤਾਂ ਅਕਾਸ਼ ਮੌਜੂਦ ਰਹੇਗਾ, ਐਪਰ ਤੁਸੀਂ ਖੁੰਝ ਜਾਓਗੇ।

ਕੁਛ ਕ਼ਫਸ ਕੀ ਤੀਲਿਓਂ ਸੇ ਛਨ ਰਹਾ ਹੈ ਨੂਰ ਸਾ।
ਕੁਛ ਫ਼ਜ਼ਾ, ਕੁਛ ਹਸਰਤੇ–ਪਰਵਾਜ਼ ਕੀ ਬਾਤੇਂ ਕਰੋ।।

ਸਵੇਰ ਤਾਂ ਕਰੀਬ ਹੈ। ਸਵੇਰ ਤਾਂ ਹਮੇਸ਼ਾ ਕਰੀਬ ਹੈ। ਤੁਹਾਡੀ ਸਿੱਕ ਦੀ ਗੁੜ੍ਹਤਾ ਉਤੇ ਨਿਰਭਰ ਕਰਦਾ ਹੈ– ਕਿੰਨੀ ਕਰੀਬ, ਕਿੰਨੀ ਦੂਰ। ਮੰਗੋ ਅਤੇ ਮਿਲੇਗੀ। ਪੁਕਾਰੋ–ਅਤੇ ਦੁਆਰ ਖੁਲ੍ਹ ਜਾਣਗੇ।

ਮੁਕੱਦਰ ਦੀ ਤਾਂ ਗੱਲ ਹੀ ਨਾ ਵਿਚਾਲੇ ਲਿਆਉਣਾ। ਮੁਕੱਦਰ ਦੀ ਗੱਲ ਤਾਂ ਉਹ ਲਿਆਉਂਦੇ ਹਨ ਜਿਹੜੇ ਸਵੇਰ ਤੋਂ ਬਚਣਾ ਚਾਹੁੰਦੇ ਹਨ। ਕਿਸਮਤ ਉਤੇ ਛੱਡ ਦਿਤਾ ਸਭ, ਫਿਰ ਨਿਸਚਿੰਤ ਹੋ ਗਏ, ਹੁਣ ਕਰਨਾ ਕੀ ਹੈ? ਫਿਰ ਪਾਸਾ ਪਰਤਾ ਲਿਆ, ਤਾਣ ਕੇ ਚਾਦਰ ਸੌਂ ਗਏ ...ਚੇਤ ਸਕੇ ਤੇ ਚੇਤਿ ਲੇ।

ਤੀਜਾ ਸਵਾਲ–

ਕਦ ਤਕ ਉਡੀਕ? ਪ੍ਰਭੂ! ਕਦ ਤਕ ਉਡੀਕ?

• 'ਕਦ ਤਕ' ਪੁਛਿਆ ਕਿ ਖ਼ਬਰ ਦੇ ਦਿਤੀ ਕਿ ਤੈਨੂੰ ਉਡੀਕ ਦਾ ਸ਼ਾਸਤਰ ਨਹੀਂ ਆਉਂਦਾ। ਕਦ ਤਕ ਵਿਚ ਤਾਂ ਅਧੀਰਜ ਹੈ, ਉਡੀਕ ਕਿਥੇ? ਕਦ ਤਕ ਵਿਚ ਤਾਂ ਕਾਹਲੀ ਹੈ, ਉਡੀਕ ਕਿਥੇ? ਉਡੀਕ ਹੋਵੇ ਤਾਂ ਅਨੰਤ ਹੀ ਹੁੰਦੀ ਹੈ। ਅਨੰਤ ਤੋਂ ਘਟ ਉਡੀਕ ਉਡੀਕ ਨਹੀਂ ਹੁੰਦੀ; ਉਡੀਕ ਦਾ ਧੋਖਾ ਹੁੰਦੀ ਹੈ। ਅਤੇ ਜਿਸਦੀ ਅਨੰਤ ਉਡੀਕ ਹੈ, ਉਸਨੂੰ ਇਸੇ ਛਿਨ ਮਿਲਣਾ ਹੋ ਜਾਏਗਾ। ਅਤੇ ਜਿਸਨੇ ਅਧੀਰਜ ਕੀਤਾ, ਜਿੰਨਾ ਅਧੀਰਜ ਕੀਤਾ, ਉੰਨੀ ਹੀ ਦੇਰ ਲੱਗ ਜਾਏਗੀ। ਇਸ ਗਣਿਤ ਨੂੰ ਠੀਕ–ਠੀਕ ਬੈਠ ਜਾਣ ਦਿਉ ਆਪਣੇ ਅੰਦਰ। ਜਿੰਨੀ ਕਾਹਲੀ ਕੀਤੀ ਉੰਨੀ ਦੇਰ ਲੱਗ ਜਾਏਗੀ। ਕਿਉਂਕਿ ਅਧੀਰਜ ਨਾਲ ਭਰਿਆ ਹੋਇਆ ਚਿੱਤ ਅਸ਼ਾਂਤ ਹੁੰਦਾ ਹੈ, ਕੰਬਦਾ ਹੁੰਦਾ ਹੈ, ਸ਼ਾਂਤ ਨਹੀਂ ਹੋ

ਸਕਦਾ। ਅਧੀਰਜ ਨਾਲ ਭਰਿਆ ਚਿੱਤ ਭਵਿੱਖ ਵਿਚ ਝਾਕਦਾ ਹੁੰਦਾ ਹੈ, ਵਰਤਮਾਨ ਵਿਚ ਨਹੀਂ ਹੁੰਦਾ। ਅਧੀਰਜ ਨਾਲ ਭਰਿਆ ਚਿੱਤ—ਹੁਣ ਹੋਇਆ, ਤਦ ਹੋਇਆ, ਹੁਣ ਹੋਣਾ ਚਾਹੀਦਾ ਹੈ, ਹੁਣ ਤਕ ਨਹੀਂ ਹੋਇਆ—ਹਜ਼ਾਰ ਸ਼ਿਕਾਇਤਾਂ ਆ ਜਾਂਦੀਆਂ ਹਨ, ਹਜ਼ਾਰ ਸ਼ੱਕ ਆ ਜਾਂਦੇ ਹਨ, ਹਜ਼ਾਰ ਸ਼ੰਕਾਵਾਂ ਮਨ ਨੂੰ ਘੇਰ ਲੈਂਦੀਆਂ ਹਨ—ਹੋਵੇਗਾ ਕਿ ਨਹੀਂ ਹੋਵੇਗਾ, ਹੈ ਵੀ ਜਾਂ ਨਹੀਂ ਹੈ, ਮੈਂ ਫਜ਼ੂਲ ਹੀ ਤਾਂ ਸਮਾਂ ਨਹੀਂ ਗੰਵਾ ਰਿਹਾ ਹਾਂ, ਮੈਂ ਨਾਹਕ ਬੈਠਾ ਇਹ ਕੀ ਕਰ ਰਿਹਾ ਹਾਂ? ਇੰਨੀ ਦੇਰ ਵਿਚ ਤਾਂ ਕੁਝ ਕਮਾ ਹੀ ਲੈਂਦਾ। ਪਰਮਾਤਮਾ ਦਾ ਤਾਂ ਕੁਝ ਪਤਾ ਨਹੀਂ ਲਗਦਾ ਹੈ। ਸੰਸਾਰ ਵੀ ਹੱਥੋਂ ਜਾ ਰਿਹਾ ਹੈ।...ਜਿਸਦੇ ਅੰਦਰ ਅਧੀਰਜ ਹੈ ਉਸਨੂੰ ਇਹ ਸਭ ਜੱਕੇ-ਤੱਕੀਆਂ ਘੇਰ ਲੈਂਦੀਆਂ ਹਨ।

ਉਡੀਕ ਦਾ ਅਰਥ ਹੁੰਦਾ ਹੈ : ਜਦ ਮੇਰੀ ਯੋਗਤਾ ਹੋਵੇਗੀ ਤਦ ਹੋਵੇਗਾ। ਮੈਂ ਸ਼ਾਂਤ ਹੋ ਕੇ ਰਾਹ ਤੱਕਾਂ। ਮੈਂ ਹੋਰ-ਹੋਰ ਸ਼ਾਂਤ ਹੋ ਕੇ ਰਾਹ ਤੱਕਾਂ। ਜੇ ਨਹੀਂ ਹੋਇਆ ਤਾਂ ਇਸਦਾ ਇੰਨਾ ਹੀ ਅਰਥ ਹੈ ਕਿ ਮੇਰੇ ਅੰਦਰ ਅਜੇ ਵੀ ਕੁਝ ਅਧੀਰਜ ਹੋਵੇਗਾ। ਮੈਂ ਹੋਰ ਧੀਰਜ ਨੂੰ ਸੰਭਾਲਾਂ। ਮੈਂ ਹੋਰ ਮੌਨ ਹੋ ਜਾਵਾਂ। ਮੈਂ ਬਿਲਕੁਲ ਚੁਪ ਹੋ ਜਾਵਾਂ। ਮੈਂ ਆਪਣੀ ਚਾਹਨਾ ਵਜੂਦ ਉਤੇ ਨਾ ਰੋਪਾਂ।

ਉਡੀਕ ਦਾ ਅਰਥ ਹੁੰਦਾ ਹੈ : ਵਜੂਦ ਦੀ ਮਰਜ਼ੀ ਪੂਰੀ ਹੋਵੇ। ਜੇਕਰ ਤੁਸੀਂ ਮਸਤ ਹੋ ਤਾਂ ਕਹੋ : ਭਗਵਾਨ ਦੀ ਮਰਜ਼ੀ ਪੂਰੀ ਹੋਵੇ। ਉਸਦੀ ਮਰਜ਼ੀ ਪੂਰੀ ਹੋਵੇ! ਜਦ ਉਹ ਚਾਹੇ ਤਦ ਹੋਵੇਗਾ। ਮੈਂ ਰਾਹ ਤੱਕਾਂ। ਇਸਦਾ ਅਰਥ ਨਕਰਮਤਾ ਨਹੀਂ ਹੈ। ਇਸਦਾ ਅਰਥ ਉਡੀਕ ਹੈ। ਉਡੀਕ ਕੋਈ ਨਕਰਮਤਾ ਦੀ ਦਸ਼ਾ ਨਹੀਂ ਹੈ। ਉਡੀਕ ਬੜੀ ਜੀਵਨ-ਭਰਪੂਰ ਦਸ਼ਾ ਹੈ—ਜਗਦੀ ਦਸ਼ਾ ਹੈ। ਜਾਗ੍ਰਤ ਦਸ਼ਾ ਹੈ। ਲੇਕਿਨ ਧੀਰਜ, ਡੂੰਘੇ ਧੀਰਜ ਨਾਲ ਭਰੀ ਹੋਈ।

ਉਮੀਦੇ-ਮਰਗ ਕਬ ਤਕ, ਜ਼ਿੰਦਗੀ ਕਾ ਦਰਦੇ-ਸਰ ਕਬ ਤਕ?
ਯੇ ਮਾਨਾ ਸੱਬ੍ਰ ਕਰਤੇ ਹੈਂ ਮੋਹੱਬਤ ਮੇਂ, ਮਗਰ ਕਬ ਤਕ?
ਦਿਯਾਰੇ-ਦੋਸਤ ਹਦ ਹੋਤੀ ਹੈ ਯੂੰ ਭੀ ਦਿਲ ਬਹਿਲਨੇ ਕੀ?
ਨਾ ਯਾਦ ਆਏਂ ਗਰੀਬੋਂ ਕੋ ਤੇਰੇ ਦੀਵਾਰੋ-ਦਰ ਕਬ ਤਕ?
ਯੇ ਤਦਬੀਰੇਂ ਭੀ ਤਕਦੀਰੇ-ਮੋਹੱਬਤ ਬਨ ਨਹੀਂ ਸਕਤੀਂ।
ਕਿਸੀ ਕੇ ਹਿੱਜਰ ਮੇਂ ਭੂਲੇ ਰਹੋਗੇ ਹਮ ਮਗਰ ਕਬ ਤਕ?
ਇਨਾਯਤ ਕੀ, ਕਰਮ ਕੀ, ਲੁੱਤਫ ਕੀ ਆਖ਼ਿਰ ਕੋਈ ਹਦ ਹੈ!
ਕੋਈ ਕਰਤਾ ਰਹੇਗਾ ਚਾਰਾ-ਏ-ਜ਼ਖ਼ਮੇ-ਜਿਗਰ ਕਬ ਤਕ?
ਕਿਸੀ ਕਾ ਹੁੱਸਨ ਰੁਸਵਾ ਹੋ ਗਯਾ ਪਰਦੇ ਹੀ ਪਰਦੇ ਮੇਂ।
ਨਾ ਲਾਏ ਰੰਗ ਆਖ਼ਿਰਕਾਰ ਤਾਸੀਰੇ-ਨਜ਼ਰ ਕਬ ਤਕ?

'ਕਬ ਤਕ' ਦੀ ਗੱਲ ਹੀ ਨਾ ਕਹੋ। ਜਦ ਤੁਸੀਂ ਪੁੱਛਦੇ ਹੋ....

ਉਮੀਦੇ-ਮਰਗ ਕਬ ਤਕ, ਜ਼ਿੰਦਗੀ ਕਾ ਦਰਦੇ-ਸਰ ਕਬ ਤਕ?
ਯੇ ਮਾਨਾ ਸਬ੍ਰ ਕਰਤੇ ਹੈਂ ਮੋਹੱਬਤ ਮੇਂ, ਮਗਰ ਕਬ ਤਕ?

...ਤਾਂ ਤੁਸੀਂ ਸਬਰ ਜਾਣਿਆਂ ਨਹੀਂ।

ਸੂਫ਼ੀਆਂ ਨੇ ਪਰਮਾਤਮਾ ਨੂੰ ਨੜ੍ਹਿੱਨਵੇਂ ਨਾਂ ਦਿਤੇ, ਉਹਨਾਂ ਵਿਚ ਇਕ ਨਾਂ ਹੈ : ਸਬੂਰ, ਸਬਰ। ਅਨੰਤ ਉਡੀਕ, ਅਨੰਤ ਧੀਰਜ। ਪਿਆਰਾ ਨਾਂ ਹੈ। ਬਹੁਤ ਨਾਂ ਪਰਮਾਤਮਾ ਨੂੰ ਦਿਤੇ ਹਨ ਲੋਕਾਂ ਨੇ ਅਲੱਗ-ਅਲੱਗ, ਐਪਰ ਸੂਫ਼ੀਆਂ ਨੇ ਸਭ ਨੂੰ ਮਾਤ ਕਰ ਦਿਤਾ। ਉਸ ਨਾਂ ਵਿਚ ਸੂਚਨਾ ਦਿਤੀ ਗਈ ਹੈ ਤੁਹਾਨੂੰ ਕਿ ਜਦ ਤੁਸੀਂ ਵੀ ਸਬਰ ਹੋ ਜਾਉਗੇ ਤਦੇ ਉਸਨੂੰ ਪਾ ਸਕੋਗੇ! ਉਸਨੂੰ ਪਾਣਾ ਹੈ ਤਾਂ ਕੁਝ ਉਸ-ਜਿਹੇ ਹੋਣਾ ਪਏਗਾ। ਅਸੀਂ ਉਹੀ ਪਾ ਸਕਦੇ ਹਾਂ ਜਿਸ-ਜਿਹੇ ਅਸੀਂ ਹੋ ਜਾਈਏ। ਅਸੀਂ ਆਪਣੇ ਨਾਲੋਂ ਬਿਲਕੁਲ ਭਿੰਨ ਨੂੰ ਨਹੀਂ ਪਾ ਸਕਾਂਗੇ। ਕੁਝ ਇਕਸਾਰਤਾ ਹੋਣੀ ਚਾਹੀਦੀ ਹੈ-ਸਾਡੇ ਵਿਚ ਅਤੇ ਉਸ ਵਿਚ।

ਉਸਦਾ ਸਬਰ ਦੇਖਦੇ ਹੋ! ਉਸਦਾ ਸਬੂਰ ਦੇਖਦੇ ਹੋ! ਰਵਿੰਦਰਨਾਥ ਦੀ ਇਕ ਕਵਿਤਾ ਹੈ, ਜਿਸ ਵਿਚ ਰਵਿੰਦਰਨਾਥ ਨੇ ਕਿਹਾ ਹੈ ਕਿ ਹੇ ਪਰਮਾਤਮਾ! ਜਦ ਮੈਂ ਸੋਚਦਾ ਹਾਂ ਤੇਰੇ ਸਬਰ ਦੀ ਗੱਲ ਤਾਂ ਮੇਰਾ ਸਿਰ ਘੁੰਮ ਜਾਂਦਾ ਹੈ! ਅਤੇ ਤੇਰਾ ਕਿੰਨਾ ਧੀਰਜ ਹੈ, ਤੂੰ ਆਦਮੀ ਨੂੰ ਬਣਾਈ ਚਲਿਆ ਜਾਂਦਾ ਹੈ। ਅਤੇ ਆਦਮੀ ਤੇਰੇ ਨਾਲ ਬਦਸਲੂਕੀ ਕਰੀ ਚਲਿਆ ਜਾਂਦਾ ਹੈ। ਅਤੇ ਤੂੰ ਹੈਂ ਕਿ ਆਦਮੀ ਨੂੰ ਬਣਾਈ ਚਲਿਆ ਜਾਂਦਾ ਹੈਂ। ਤੂੰ ਆਸ ਛੱਡਦਾ ਹੀ ਨਹੀਂ। ਤੂੰ ਸੋਚਦਾ ਹੈਂ, ਐਤਕੀਂ ਵਾਰ ਠੀਕ ਹੋ ਜਾਏਗਾ, ਐਤਕੀਂ ਵਾਰ ਠੀਕ ਹੋ ਜਾਏਗਾ। ਤੂੰ ਪਾਪੀ ਨੂੰ ਵੀ ਪ੍ਰਾਣ ਦੇਈ ਜਾਂਦਾ ਹੈ, ਪਾਪੀ ਵਿਚ ਵੀ ਸਾਹ ਲਈ ਜਾਂਦਾ ਹੈਂ। ਤੇਰਾ ਧੀਰਜ ਨਹੀਂ ਮੁੱਕਦਾ! ਹੱਤਿਆਰੇ ਤੋਂ ਹੱਤਿਆਰਾ ਵੀ ਤੇਰੀਆਂ ਨਜ਼ਰਾਂ ਵਿਚ ਜੀਣ ਦੀ ਯੋਗਤਾ ਨਹੀਂ ਖੋਂਦਾ, ਤੂੰ ਉਸਨੂੰ ਵੀ ਜੀਵਨ ਦੇਈ ਜਾਂਦਾ ਹੈਂ। ਤੈਨੂੰ ਆਸ ਹੈ, ਅੱਜ ਤਕ ਤਾਂ ਠੀਕ ਨਹੀਂ ਹੋਇਆ, ਕਲ੍ਹ ਤਕ ਹੋ ਜਾਏਗਾ, ਪਰਸੋਂ ਹੋ ਜਾਏਗਾ। ਕਦ ਤਕ ਭਟਕੇਗਾ। ਅੱਜ ਘਰ ਨਹੀਂ ਆਇਆ, ਕਲ੍ਹ ਆਏਗਾ, ਕਲ੍ਹ ਨਹੀਂ ਤਾਂ ਪਰਸੋਂ ਆਏਗਾ। ਆਏਗਾ ਹੀ। ਜਨਮਾਂ-ਜਨਮਾਂ ਤਕ ਲੋਕ ਭਟਕਦੇ ਰਹਿੰਦੇ ਹਨ, ਐਪਰ ਤੇਰੀ ਮੇਹਰ ਜ਼ਰਾ ਵੀ ਕਠੋਰ ਨਹੀਂ ਹੁੰਦੀ! ਤੇਰੀ ਮੇਹਰ ਉਵੇਂ ਹੀ ਸਦਾ ਤੋਂ ਹੈ, ਉਹੋ-ਜਿਹੀ ਹੀ ਉਦਾਰ, ਉਵੇਂ ਹੀ ਬਰਸਦੀ ਹੈ। ਤੂੰ ਇਸਦੀ ਫਿਕਰ ਨਹੀਂ ਕਰਦਾ ਕਿ ਕੌਣ ਪਾਪੀ ਹੈ, ਕੌਣ ਪੁੰਨਆਤਮਾ ਹੈ! ਤੇਰੇ ਬੱਦਲ ਆਉਂਦੇ ਹਨ, ਅਤੇ ਦੋਹਾਂ ਉਤੇ ਬਰਸਦੇ ਹਨ। ਇਹ ਵੱਖਰੀ ਗੱਲ ਹੈ ਕਿ ਪੁੰਨਆਤਮਾ ਪੀ ਲੈਂਦਾ ਹੈ ਤੇਰੇ ਬੱਦਲ ਤੋਂ ਅਤੇ ਪਾਪੀ ਨਹੀਂ ਪੀਂਦਾ। ਇਹ ਉਹਨਾਂ ਦਾ ਨਿਰਨਾ ਹੈ। ਐਪਰ ਤੇਰੀ ਤਰਫ਼ ਤੋਂ ਕੋਈ ਫਰਕ ਨਹੀਂ ਹੁੰਦਾ। ਤੇਰੀ ਤਰਫ਼ ਤੋਂ ਬੇਵਿਤਕਰਾ ਹੈ। ਤੇਰਾ ਸੂਰਜ ਨਿਕਲਿਆ ਹੈ ਅਤੇ ਸਭ ਉਤੇ ਰੋਸ਼ਨੀ ਬਰਸਾਉਂਦਾ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਅੱਖਾਂ ਬੰਦ ਰਖੇ। ਇਹ ਉਸਦੀ ਮਰਜ਼ੀ। ਐਪਰ ਤੇਰੇ ਵਲੋਂ ਸੁਗਾਤ ਵਿਚ ਕਦੇ ਫਰਕ ਨਹੀਂ ਪੈਂਦਾ। ਤੇਰਾ ਕਿੰਨਾ ਧੀਰਜ ਹੈ? ਤੂੰ ਆਦਮੀ ਤੋਂ ਥੱਕਿਆ ਨਹੀਂ। ਤੂੰ ਆਦਮੀ ਦੀਆਂ ਹੱਤਿਆਵਾਂ, ਪਖੰਡ, ਉਪੱਦਰ ਦੇਖ ਕੇ ਅੱਕਿਆ ਨਹੀਂ? ਤੇਰੇ ਮਨ ਵਿਚ ਇਹ ਖ਼ਿਆਲ ਨਹੀਂ

ਆਉਂਦਾ ਕਿ ਬਸ ਖ਼ਤਮ ਕਰੋ? ਤੇਰਾ ਆਦਮੀ ਉੱਤੇ ਅਜੇ ਵੀ ਭਰੋਸਾ ਹੈ?

ਰਵਿੰਦਰਨਾਥ ਨੇ ਕਿਹਾ ਹੈ ਕਿ ਜਦ ਵੀ ਕੋਈ ਛੋਟਾ ਨਵਾਂ ਬੱਚਾ ਪੈਦਾ ਹੁੰਦਾ ਹੈ, ਤਦ ਫਿਰ ਮੇਰਾ ਧੰਨਵਾਦ ਦੇਣ ਨੂੰ ਦਿਲ ਕਰਦਾ ਹੈ ਕਿ ਉਸਨੇ ਫਿਰ ਇਕ ਆਸ ਦੀ ਕਿਰਨ ਭੇਜੀ। ਹਰ ਨਵਾਂ ਬੱਚਾ ਇਸ ਗੱਲ ਦੀ ਖ਼ਬਰ ਹੈ ਕਿ ਪਰਮਾਤਮਾ ਅਜੇ ਆਦਮੀ ਤੋਂ ਚੁੱਕਿਆ ਨਹੀਂ, ਅਤੇ ਆਦਮੀ ਉੱਤੇ ਭਰੋਸਾ ਹੈ। ਅਜੇ ਵੀ ਆਦਮੀ ਤੋਂ ਆਸ ਹੈ।

ਸੂਫ਼ੀ ਠੀਕ ਹੀ ਕਹਿੰਦੇ ਹਨ ਕਿ ਉਹ ਸਬਰ ਹੈ, ਸਬੂਰ ਹੈ। ਧੀਰਜ ਹੈ। ਧੀਰ ਹੈ। ਤੁਸੀਂ ਵੀ ਉਸ ਵਰਗੇ ਬਣੋ। 'ਕਦ ਤਕ' ਨਾ ਪੁਛੋ।

ਮੈਂ ਜਾਣਦਾ ਹਾਂ, ਅਸੀਂ ਥੱਕ ਜਾਂਦੇ ਹਾਂ, ਅਸੀਂ ਛੇਤੀ ਥੱਕ ਜਾਂਦੇ ਹਾਂ। ਥੋੜ੍ਹੇ-ਬਹੁਤ ਦਿਨ ਧਿਆਨ ਕੀਤਾ, ਮਨ ਵਿਚ ਆਉਂਦਾ ਹੈ : ਹੁਣ ਕਦ ਤਕ ਕਰਦੇ ਰਹੀਏ? ਥੋੜ੍ਹੇ-ਬਹੁਤ ਦਿਨ ਪ੍ਰਾਰਥਨਾ ਕੀਤੀ ਅਤੇ ਮਨ ਕਰਨ ਲਗਦਾ ਹੈ ਕਿ ਇਹ ਕੀ ਜ਼ਿੰਦਗੀ-ਭਰ ਕਰਦੇ ਰਹਾਂਗੇ? ਅਜੇ ਤਕ ਕੁਝ ਨਹੀਂ ਹੋਇਆ, ਅੱਗੋਂ ਵੀ ਕੀ ਹੋਵੇਗਾ? ਸਾਡਾ ਮਨ ਬੜਾ ਸ਼ੰਕਾਸ਼ੀਲ ਹੈ। ਉਸ ਦੀਆਂ ਸ਼ੰਕਾਵਾਂ ਦੇ ਕਾਰਨ ਅਸੀਂ ਕਦੇ-ਕਦੇ ਐਨ ਦਰਵਾਜ਼ੇ 'ਤੇ ਪਹੁੰਚੇ ਹੋਏ ਵਾਪਸ ਮੁੜ ਜਾਂਦੇ ਹਾਂ। ਕਦੇ-ਕਦੇ ਬਸ ਇਕ ਹੱਥ ਹੋਰ ਟੋਆ ਪੁੱਟਣਾ ਸੀ ਕਿ ਖੂਹ ਦਾ ਪਾਣੀ ਮਿਲ ਜਾਂਦਾ। ਐਪਰ ਮਨ ਕਹਿੰਦਾ ਹੈ : ਬਸ ਬਹੁਤ ਹੋ ਗਈ ਪੁਟਾਈ। ਅਜੇ ਤਕ ਪਾਣੀ ਨਹੀਂ ਮਿਲਿਆ, ਹੁਣ ਕੀ ਮਿਲੇਗਾ!

ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਪ੍ਰਿਥਵੀ ਵਿਚ ਸਭ ਜਗ੍ਹਾ ਜਲ ਹੈ—ਕਿਤੇ ਜ਼ਰਾ ਗਹਿਰਾਈ 'ਤੇ, ਕਿਤੇ ਕੁਝ ਘਟ ਗਹਿਰਾਈ 'ਤੇ। ਪੁੱਟੀ ਜਾਉ, ਪੁੱਟੀ ਜਾਉ, ਜੇ ਤੁਸੀਂ ਪੁੱਟੀ ਹੀ ਚਲੇ ਜਾਉ ਤਾਂ ਅਜੇਹੀ ਕੋਈ ਜਗ੍ਹਾ ਨਹੀਂ ਜਿਥੇ ਜਲ ਨਾ ਮਿਲੇ। ਦੇਰ-ਸਵੇਰ ਹੋ ਸਕਦੀ ਹੈ, ਕਿਉਂਕਿ ਹਰ ਆਦਮੀ ਨੇ ਅਲੱਗ-ਅਲੱਗ ਤਰ੍ਹਾਂ ਦੀ ਮਿੱਟੀ ਆਪਣੇ ਆਸੇ-ਪਾਸੇ ਇਕੱਠੀ ਕਰ ਲਈ ਹੈ। ਕਿਸੇ ਨੇ ਚੱਟਾਨਾਂ ਇਕੱਠੀਆਂ ਕਰ ਲਈਆਂ ਹਨ, ਤਾਂ ਪੁੱਟਣ ਵਿਚ ਜ਼ਰਾ ਦੇਰ ਲੱਗੇਗੀ। ਕਿਸੇ ਨੇ ਬਹੁਤ ਵਿਚਾਰਾਂ ਦਾ ਪੋਸ਼ਣ ਕਰ ਲਿਆ ਹੈ, ਤਾਂ ਪੁੱਟਣ ਵਿਚ ਜ਼ਰਾ ਦੇਰ ਲੱਗੇਗੀ। ਐਪਰ ਇਕ ਗੱਲ ਤੈਅ ਹੈ, ਕਿਤੋਂ ਵੀ ਪੁਟੋ, ਜੇਕਰ ਪੁੱਟਦੇ ਚਲੇ ਜਾਉ ਤਾਂ ਜਲ-ਸੋਮੇ ਨਿਸਚਿਤ ਹੀ ਮਿਲ ਜਾਣਗੇ। ਰੇਗਿਸਤਾਨ ਤੋਂ ਰੇਗਿਸਤਾਨ ਵਿਚ ਵੀ ਪੁੱਟਦੇ ਹੀ ਚਲੇ ਜਾਣ 'ਤੇ ਜਲ ਸੋਮੇ ਮਿਲ ਹੀ ਜਾਣ ਵਾਲੇ ਹਨ। ਇਉਂ ਜਿਹੜਾ ਵਿਅਕਤੀ ਬਿਲਕੁਲ ਰੇਗਿਸਤਾਨ ਜਿਹਾ ਹੈ, ਉਹ ਨਿਰਾਸ਼ ਨਾ ਹੋਵੇ।

ਫਿਰ ਧਿਆਨ ਅਤੇ ਪ੍ਰਾਰਥਨਾ, ਭਗਤੀ ਅਤੇ ਪੂਜਾ, ਆਰਤੀ ਅਤੇ ਅਰਚਨਾ, ਇਹਨਾਂ ਨੂੰ ਕਿਸੇ ਉਦੇਸ਼ ਨਾਲ ਨਹੀਂ ਕਰਨਾ ਚਾਹੀਦਾ। ਸਵਾਂਤਾ ਸੁਖਾਯ—ਆਪਣੇ ਹੀ ਸੁਖ ਦੇ ਲਈ! ਭਜਨ ਆਪਣੇ-ਆਪ ਵਿਚ ਹੀ ਮਸਤੀ ਹੈ, ਹੋਰ ਕੀ ਚਾਹੀਦਾ ਹੈ? ਤੁਸੀਂ ਕਿਹੋ-ਜਿਹੇ ਹੋ ਗਏ ਹੋ। ਤੁਸੀਂ ਕਹਿੰਦੇ ਹੋ ਭਜਨ ਕੀਤਾ, ਹੁਣ ਭਗਵਾਨ ਮਿਲਣਾ ਚਾਹੀਦਾ ਹੈ। ਜਿਵੇਂ ਤੁਸੀਂ ਭਜਨ ਕਰਕੇ ਕੋਈ ਬਹੁਤ ਵੱਡਾ ਕੰਮ ਕਰ ਦਿਤਾ! ਜ਼ਰਾ ਟੱਲੀ ਵਜਾ ਦਿਤੀ ਮੰਦਰ ਦੀ, ਬਸ ਕਰਨ ਲੱਗੇ ਉਡੀਕ, ਕਿ ਕਦ ਤਕ? ਹੇ ਪ੍ਰਭੂ, ਕਦ ਤਕ?

ਉਮੀਦੇ–ਮਰਗ ਕਬ ਤਕ, ਜ਼ਿੰਦਗੀ ਕਾ ਦਰਦੇ–ਸਰ ਕਬ ਤਕ?

ਯੇ ਮਾਨਾ ਸੱਬ੍ਰ ਕਰਤੇ ਹੈਂ ਮੁਹੱਬਤ ਮੇਂ, ਮਗਰ ਕਬ ਤਕ?

ਜ਼ਰਾ ਮੰਦਰ ਦੀ ਟੱਲੀ ਵਜਾ ਦਿਤੀ ਅਤੇ ਪੁੱਛਣ ਲੱਗੇ–ਮਗਰ ਕਬ ਤਕ?...ਕਿ ਜ਼ਰਾ ਦੋ ਫੁੱਲ ਚੜ੍ਹਾ ਦਿਤੇ ਅਤੇ ਪੁੱਛਣ ਲੱਗੇ–ਹੁਣ ਹੋਰ ਕਿੰਨੀ ਦੇਰ ਹੈ? ਤੁਸੀਂ ਜ਼ਰਾ ਸੋਚੋ ਕਿ ਤੁਸੀਂ ਕੀ ਮੰਗ ਰਹੇ ਹੋ? ਜੇਕਰ ਅਨੰਤ–ਕਾਲ ਦੀ ਯਾਤਰਾ ਦੇ ਬਾਅਦ ਵੀ ਉਹ ਮਿਲੇ ਤਾਂ ਮੁਫਤ ਵਿਚ ਮਿਲਿਆ, ਯਾਦ ਰਖਣਾ। ਸਾਡੇ ਕੀਤੇ ਦਾ ਮੁੱਲ ਕਿੰਨਾ ਹੋ ਸਕਦਾ ਹੈ? ਸਾਡੇ ਕਰਮ ਦਾ ਅਰਥ ਕੀ ਹੈ? ਸਾਡੇ ਕਰਮ ਨਾਲ ਉਸਦੇ ਮਿਲਣ ਦਾ ਕੋਈ ਕਾਰਜ–ਕਾਰਨ ਸਬੰਧ ਥੋੜ੍ਹਾ–ਈ ਹੈ ਕਿ ਤੁਸੀਂ ਪੁਛੋ, ਕਦ ਤਕ; ਕਿ ਮੈਂ ਇੰਨਾ ਕੀਤਾ–ਇੰਨੇ ਉਪਵਾਸ, ਇੰਨੇ ਪ੍ਰਾਣਾਯਾਮ, ਇੰਨੇ ਧਿਆਨ, ਇੰਨੀਆਂ ਪ੍ਰਾਰਥਨਾਵਾਂ–ਹੁਣ ਕਦ ਤਕ? ਕੀ ਤੁਸੀਂ ਸੋਚਦੇ ਹੋ, ਤੁਹਾਡੇ ਕਰਮ ਨਾਲ ਪਰਮਾਤਮਾ ਮਿਲਦਾ ਹੈ? ਕਰਮ ਦਾ ਸਿਲਾ ਹੈ ਪਰਮਾਤਮਾ?

ਨਹੀਂ; ਜੇਕਰ ਤੁਸੀਂ ਕਰਮ ਵਿਚ ਅਨੰਦਤ ਹੋਵੋ, ਤਾਂ ਮਿਲਦਾ ਹੈ। ਕਰਮ ਦਾ ਨਤੀਜਾ ਨਹੀਂ ਹੈ–ਕਰਮ ਦੀ ਆਂਤਰਿਕਤਾ ਹੈ, ਕਰਮ ਦੀ ਹਾਰਦਿਕਤਾ ਹੈ। ਇਸ ਫਰਕ ਨੂੰ ਸਮਝ ਲੈਣਾ। ਕਰਮ ਦਾ ਨਤੀਜਾ ਨਹੀਂ ਹੈ–ਕਰਮ ਦੀ ਹਾਰਦਿਕਤਾ। ਕਿੰਨੀ ਹਾਰਦਿਕਤਾ ਨਾਲ ਪ੍ਰਾਰਥਨਾ ਕੀਤੀ ਸੀ, ਇਸ ਤੋਂ ਮਿਲਦਾ ਹੈ। ਕਿੰਨੀ ਵਾਰ ਕੀਤੀ, ਇਸ ਨਾਲ ਨਹੀਂ। ਪ੍ਰਾਰਥਨਾ ਵਿਚ ਕਿੰਨਾ ਝੁਕ ਗਏ ਸੀ, ਇਸ ਨਾਲ ਮਿਲਦਾ ਹੈ। ਕਿੰਨੀ ਵਾਰ ਝੁਕੇ, ਇਸ ਨਾਲ ਨਹੀਂ। ਪਰਮਾਤਮਾ ਅਤੇ ਤੁਹਾਡੇ ਵਿਚਾਲੇ ਕਰਮ ਦੀ ਮਿਕਦਾਰ ਅਤੇ ਮਾਤਰਾ ਦਾ ਫਰਕ ਨਹੀਂ ਹੈ–ਕਰਮ ਦੀ ਗਹਿਰਾਈ ਦਾ, ਤੇਜ਼ੀ ਦਾ, ਤੀਬਰਤਾ ਦਾ। ਇਸਲਈ ਕਹਿੰਦਾ ਹਾਂ ਸਵਾਂਤਹ ਸੁਖਾਯ! ਪ੍ਰਾਰਥਨਾ ਕਰਨਾ–ਪ੍ਰਾਰਥਨਾ ਦੇ ਅਨੰਦ ਦੀ ਖ਼ਾਤਰ। ਪਰਮਾਤਮਾ ਦੀ ਗੱਲ ਹੀ ਨਾ ਉਠਾਉ। ਮਸਤ ਹੋ ਜਾਉ ਪ੍ਰਾਰਥਨਾ ਵਿਚ। ਪ੍ਰਾਰਥਨਾ ਆਪਣੇ–ਆਪ ਵਿਚ ਹੀ ਇੰਨੀ ਨਿਆਰੀ ਹੈ ਕਿ ਕੀ ਫਿਕਰ ਪਰਮਾਤਮਾ ਦੀ!

ਮੇਰੇ ਕੋਲ ਨਾਸਤਕ ਆ ਜਾਂਦੇ ਹਨ। ਉਹ ਕਹਿੰਦੇ ਹਨ : ਕੀ ਅਸੀਂ ਵੀ ਧਿਆਨ ਕਰ ਸਕਦੇ ਹਾਂ। ਮੈਂ ਉਹਨਾਂ ਨੂੰ ਕਹਿੰਦਾ ਹਾਂ? ਤੁਸੀਂ ਹੀ ਕਰ ਸਕਦੇ ਹੋ। ਕਿਉਂਕਿ ਆਸਤਕ ਆਉਂਦਾ ਹੈ ਤਾਂ ਉਹ ਛੇਤੀ–ਛੇਤੀ ਪੁੱਛਣ ਲਗਦਾ ਹੈ–

ਉਮੀਦੇ ਮਰਗ ਕਬ ਤਕ, ਜ਼ਿੰਦਗੀ ਦਾ ਦਰਦੇ–ਸਰ ਕਬ ਤਕ?

ਯੇ ਮਾਨਾ ਸੱਬ੍ਰ ਕਰਤੇ ਹੈਂ ਮੁਹੱਬਤ ਮੇਂ, ਮਗਰ ਕਬ ਤਕ?

ਤੁਹਾਨੂੰ ਤਾਂ ਕੋਈ ਝੰਜਟ ਹੀ ਨਹੀਂ, ਕੋਈ ਪਰਮਾਤਮਾ ਤਾਂ ਹੈ ਹੀ ਨਹੀਂ, ਜੋ ਮਿਲਣਾ ਹੈ, ਤੁਸੀਂ ਮਜ਼ੇ ਨਾਲ ਧਿਆਨ ਕਰੋ। ਤੁਹਾਡਾ ਧਿਆਨ ਛੇਤੀ ਨਤੀਜੇ ਲਿਆਏਗਾ। ਕਿਉਂਕਿ ਤੁਹਾਡੇ ਸਾਹਮਣੇ ਕੋਈ ਟੀਚਾ ਤਾਂ ਹੈ ਨਹੀਂ। ਤੁਸੀਂ ਤਾਂ ਧਿਆਨ ਦੀ ਖ਼ਾਤਰ ਧਿਆਨ ਕਰ ਰਹੇ ਹੋ। ਜ਼ਰੂਰ ਕਰੋ!

ਗੀਤ ਦਾ ਆਪਣਾ ਅਨੰਦ ਹੈ। ਗਾਉਣ ਦਾ ਆਪਣਾ ਅਨੰਦ ਹੈ। ਗੁਣਗੁਣਾਉਣ ਦਾ ਆਪਣਾ ਅਨੰਦ ਹੈ। ਤੁਸੀਂ

ਇਸਨੂੰ ਵੀ ਮੋਲ-ਤੋਲ ਕਰਨ ਲਗਦੇ ਹੋ? ਭਾਅ ਬਿਠਾਉਣ ਲਗਦੇ ਹੋ ਕਿ ਦੇਖੋ ਇਕ ਗਾਣਾ ਗਾਇਆ, ਹੁਣ ਮਿਲੋ! ...ਕਿ ਦੇਖੋ ਕਿੰਨਾ ਸਿਰ ਹਿਲਾਇਆ, ਹੁਣ ਮਿਲੋ!... ਕਿ ਮੈਂ ਨਾਚਯੋ ਬਹੁਤ ਗੋਪਾਲ, ਹੁਣ ਮਿਲੋ!... ਕਿ ਦੇਖੋ ਤਾਂ ਮੁੜ੍ਹਕਾ ਵਗਿਆ ਜਾ ਰਿਹਾ ਹੈ, ਆਖ਼ਰ ਕਦ ਤਕ ਮੁੜ੍ਹਕਾ ਵਗਾਵਾਂ? ਹੇ ਪ੍ਰਭੂ, ਉਡੀਕ ਕਦ ਤਕ?

ਨਹੀਂ; ਇਉਂ ਮਿਲਾਪ ਨਹੀਂ ਹੋਵੇਗਾ। ਮਿਲਾਪ ਜ਼ਰੂਰ ਹੁੰਦਾ ਹੈ, ਐਪਰ ਉਸਦਾ ਦੁਆਰ ਤੁਸੀਂ ਖੁੰਝੀ ਜਾ ਰਹੇ ਹੋ। ਪ੍ਰਾਰਥਨਾ ਦੀ ਮਸਤੀ, ਪ੍ਰਾਰਥਨਾ ਦੀ ਰਸਭਿੰਨਤਾ, ਪ੍ਰਾਰਥਨਾ ਦਾ ਖ਼ੁਮਾਰ, ਕਾਫੀ ਇਨਾਮ ਹੈ। ਹੋਰ ਕੀ ਮੰਗਦੇ ਹੋ? ਪੁੰਨ ਆਪਣਾ ਇਨਾਮ ਆਪ ਹੈ। ਜਿਹੜਾ ਸਵਰਗ ਮੰਗਦਾ ਹੈ ਪੁੰਨ ਦੇ ਜ਼ਰੀਏ, ਉਹ ਆਦਮੀ ਸੰਸਾਰੀ ਹੈ। ਪੁੰਨ ਆਪਣਾ ਇਨਾਮ ਆਪ ਹੈ। ਕੋਈ ਨਦੀ ਵਿਚ ਡੁੱਬਦਾ ਸੀ, ਤੁਸੀਂ ਦੌੜੇ ਅਤੇ ਉਸਨੂੰ ਬਚਾ ਲਿਆ। ਹੁਣ ਕੀ ਤੁਸੀਂ ਪਰਮਾਤਮਾ ਨੂੰ ਕਹੋਗੇ—ਲਿਖ ਲੈ ਖਾਤੇ-ਬਹੀ ਵਿਚ ਕਿ ਮੈਂ ਆਦਮੀ ਨੂੰ ਨਦੀ ਵਿਚ ਡੁੱਬਦੇ ਨੂੰ ਬਚਾਇਆ? ਜੇ ਤੁਸੀਂ ਅਜੇਹਾ ਕਿਹਾ, ਤੁਸੀਂ ਅਧਾਰਮਕ ਹੋ। ਅਜੇਹਾ ਕਹਿ ਕੇ ਤੁਸੀਂ ਪਰਮਾਤਮਾ ਨਾਲੋਂ ਸਬੰਧ ਤੋੜ ਲਿਆ। ਜੁੜਦੇ-ਜੁੜਦੇ ਟੁੱਟ ਗਿਆ। ਲੇਕਿਨ ਕਿਸੇ ਨੂੰ ਨਦੀ ਵਿਚ ਡੁੱਬਣ ਤੋਂ ਬਚਾ ਲਿਆ। ਇਸਦਾ ਆਪਣਾ ਹੀ ਅਨੰਦ ਹੈ, ਇਨਾਮ ਮਿਲ ਗਿਆ!

ਮੇਰੀ ਵਿਚਾਰ-ਸਾਰਣੀ ਵਿਚ ਪਾਪ ਦਾ ਫਲ ਪਾਪ ਵਿਚ ਹੀ ਮਿਲ ਜਾਂਦਾ ਹੈ। ਪੁੰਨ ਦਾ ਫਲ ਵੀ ਪੁੰਨ ਵਿਚ ਮਿਲ ਜਾਂਦਾ ਹੈ। ਫਲ ਉਡੀਕ ਨਹੀਂ ਕਰਦੇ। ਅੱਜ ਅੱਗ ਵਿਚ ਹੱਥ ਪਾਉਗੇ, ਅੱਜ ਸੜ ਜਾਂਦਾ ਹੈ। ਕੋਈ ਅਜੇਹਾ ਥੋੜ੍ਹਾ-ਈ ਹੈ ਕਿ ਅਗਲੇ ਜਨਮ ਵਿਚ ਸੜੇਗਾ। ਹੁਣੇ ਸੜ ਜਾਂਦਾ ਹੈ। ਅਤੇ ਹੁਣੇ ਕਿਸੇ ਨੂੰ ਪ੍ਰੇਮ ਨਾਲ ਦੇਖੋ, ਹੁਣ ਕਿਸੇ ਡਿੱਗਦੇ ਨੂੰ ਸੰਭਾਲ ਲਵੋ, ਹੁਣੇ ਕਿਸੇ ਪਿਆਸੇ ਨੂੰ ਪਾਣੀ ਪਿਲਾ ਦਿਉ, ਹੁਣੇ ਕਿਸੇ ਦਾ ਹੱਥ ਅਨੰਦ-ਭਾਵ ਨਾਲ ਆਪਣੇ ਹੱਥ ਵਿਚ ਲੈ ਲਵੋ—ਇਨਾਮ ਹੁਣੇ ਮਿਲ ਗਿਆ। ਤੁਸੀਂ ਇਸੇ ਛਿਨ ਸਵਰਗ ਦਾ ਇਕ ਕਣ ਪਾ ਗਏ। ਅਜੇਹਾ ਥੋੜ੍ਹਾ-ਈ ਹੈ ਕਿ ਇਹ ਤੁਸੀਂ ਕਰਦੇ ਰਹੋਗੇ, ਕਰਦੇ ਰਹੋਗੇ, ਫਿਰ ਬਾਅਦ ਵਿਚ ਤੁਹਾਨੂੰ ਸਵਰਗ ਮਿਲੇਗਾ।

ਪਰਮਾਤਮਾ ਉਧਾਰ ਨਹੀਂ ਹੈ। ਪਰਮਾਤਮਾ ਨਗਦ ਹੈ। ਪਰਮਾਤਮਾ ਹੁਣੇ ਦੇ ਦਿੰਦਾ ਹੈ। ਐਪਰ ਤੁਹਾਡੀ ਨਜ਼ਰ ਜੇਕਰ ਅੱਗੇ ਉਤੇ ਅਟਕੀ ਹੈ ਤਾਂ ਤੁਸੀਂ ਖੁੰਝ ਜਾਂਦੇ ਹੋ। ਉਹ ਦਿੰਦਾ ਹੈ, ਲੇਕਿਨ ਤੁਸੀਂ ਦੇਖ ਨਹੀਂ ਪਾਂਦੇ, ਕਿਉਂਕਿ ਤੁਹਾਡੀ ਨਜ਼ਰ ਅੱਗੇ ਅਟਕੀ ਹੈ—ਕਦ ਮਿਲੇਗਾ ਸਿਲਾ—ਕਦ ਤਕ?

ਭੁੱਲੋ ਪਰਮਾਤਮਾ ਨੂੰ, ਭੁੱਲੋ ਸਵਰਗਾਂ ਨੂੰ, ਭੁੱਲੋ ਮੋਕਸ਼ ਦੀ ਭਾਸ਼ਾ! ਜੀਵੋ ਛਿਨ ਨੂੰ, ਉਸੇ ਛਿਨ ਵਿਚ, ਭਾਵੇਂ ਪੂਜਾ ਕਰੋ, ਭਾਵੇਂ ਪ੍ਰਾਰਥਨਾ, ਭਾਵੇਂ ਧਿਆਨ, ਭਾਵੇਂ ਸੇਵਾ—ਐਪਰ ਉਸੇ ਛਿਨ ਵਿਚ ਇੰਨੇ ਡੁੱਬ ਜਾਉ ਕਿ ਉਸ ਛਿਨ ਦੇ ਪਾਰ ਹੋਰ ਕੁਝ ਬਚੇ ਹੀ ਨਾ। ਅਜੇਹਾ ਵੀ ਜੇ ਹੋ ਜਾਵੇ ਕਿ ਪਰਮਾਤਮਾ ਆ ਕੇ ਦੁਆਰ 'ਤੇ ਖੜ੍ਹਾ ਹੋਵੇ ਤਾਂ ਤੁਹਾਨੂੰ ਆਪਣੀ ਪ੍ਰਾਰਥਨਾ ਵਿਚ ਇੰਨੇ ਮਸਤ ਹੋਣਾ ਚਾਹੀਦਾ ਹੈ ਕਿ ਪਰਮਾਤਮਾ ਵੀ ਦਿਖਾਈ ਨਾ ਪਵੇ।

ਤੁਹਾਨੂੰ ਪਤਾ ਹੈ ਨਾ, ਪੰਢਰਪੁਰ ਵਿਚ ਜੋ ਮੂਰਤੀ ਹੈ ਵਿਠੋਬਾ ਦੀ, ਉਸਦੇ ਪਿਛੇ ਅਜੇਹੀ ਹੀ ਕਥਾ ਹੈ ਕਿ ਇਕ

ਭਗਤ ਆਪਣੀ ਮਾਂ ਦੇ ਪੈਰ ਦਬਾ ਰਿਹਾ ਹੈ। ਮਾਂ ਬੁੱਢੀ ਹੈ, ਥੱਕੀ-ਹਾਰੀ ਹੈ। ਮੌਤ ਉਸਦੇ ਕਰੀਬ ਹੈ। ਕ੍ਰਿਸ਼ਨ ਦਾ ਭਗਤ ਹੈ। ਅਤੇ ਕ੍ਰਿਸ਼ਨ ਉਸਦੀ ਭਗਤੀ ਤੋਂ ਬੜੇ ਖ਼ੁਸ਼ ਹਨ। ਅਤੇ ਉਹ ਆ ਕੇ ਦਰਸ਼ਨ ਦੇਣ ਨੂੰ ਤਿਆਰ ਖੜ੍ਹੇ ਹੋ ਗਏ। ਲੇਕਿਨ ਉਸ ਭਗਤ ਨੇ ਪਿਛੇ ਮੁੜ ਕੇ ਵੀ ਨਹੀਂ ਦੇਖਿਆ। ਉਸਨੇ ਕਿਹਾ : ਆਉਣਾ ਥੋੜ੍ਹੀ ਦੇਰ ਬਾਅਦ, ਅਜੇ ਮੈਂ ਮਾਂ ਦੇ ਪੈਰ ਘੁੱਟ ਰਿਹਾ ਹਾਂ। ਹੁਣ ਅਜੇਹਾ ਕੋਈ ਭਗਤ ਹੋਵੇ ਤਾਂ ਉਸਨੂੰ ਕ੍ਰਿਸ਼ਨ ਛੱਡ ਕੇ ਜਾ ਵੀ ਕਿਵੇਂ ਸਕਦੇ ਹਨ! ਤਾਂ ਉਹ ਉਥੇ-ਈ ਖੜ੍ਹੇ ਰਹੇ। ਦੇਖਿਆ ਕਿ ਉਹ ਉਥੇ-ਈ ਖੜ੍ਹੇ ਹਨ ਸੱਜਣ, ਜਾਂਦੇ ਹੀ ਨਹੀਂ, ਤਾਂ ਭਗਤ ਦੇ ਕੋਲ ਇਕ ਇੱਟ ਪਈ ਸੀ, ਉਸਨੇ ਇੱਟ ਖਿਸਕਾ ਦਿਤੀ ਅਤੇ ਕਿਹਾ, ਇਸ 'ਤੇ ਬੈਠ ਜਾਉ ਜਾਂ ਇਸ ਉਤੇ ਖੜ੍ਹੇ ਰਹੋ। ਪਰ ਅਜੇ ਵਿਚਾਲੇ ਰੁਕਾਵਟ ਨਾ ਪਾਉਣਾ। ਅਜੇ ਮੈਂ ਮਾਂ ਦੀ ਸੇਵਾ ਕਰ ਰਿਹਾ ਹਾਂ।

ਕ੍ਰਿਸ਼ਨ ਉਸ ਇੱਟ ਉਤੇ ਖੜ੍ਹੇ ਰਹੇ। ਵਿਠੋਬਾ ਦੀ ਜੋ ਮੂਰਤੀ ਹੈ ਪੰਢਰਪੁਰ ਵਿਚ, ਉਸਦੇ ਪਿਛੇ ਅਜੇਹੀ ਪਿਆਰੀ ਕਥਾ ਹੈ। ਕਥਾ ਹੋਈ ਜਾਂ ਨਹੀਂ, ਇਹ ਗੱਲ ਮਹੱਤਵਪੂਰਨ ਨਹੀਂ ਹੈ, ਔਪਰ ਮੈਂ ਜਾਣਦਾ ਹਾਂ ਭਗਤ ਦੀ ਇਹੀ ਦਸ਼ਾ ਹੁੰਦੀ ਹੈ। ਉਹ ਭਗਤੀ ਵਿਚ ਅਜੇਹਾ ਲੀਨ ਹੁੰਦਾ ਹੈ, ਸੇਵਾ ਵਿਚ ਅਜੇਹਾ ਲਿਵਲੀਨ ਹੁੰਦਾ ਹੈ, ਆਪਣੇ ਕਰਮ ਵਿਚ ਅਜੇਹਾ ਡੁੱਬਿਆ ਹੁੰਦਾ ਹੈ, ਕਿ ਪਰਮਾਤਮਾ ਆ ਕੇ ਵੀ ਖੜ੍ਹਾ ਹੋ ਜਾਵੇ ਤਾਂ ਉਹ ਕਹੇ ਖੜ੍ਹਾ ਰਹਿ, ਅਜੇ ਜ਼ਰਾ ਬਾਹਰ ਬੈਠ ਬੈਠਕਖਾਨੇ ਵਿਚ! ਅਜੇ ਮੈਂ ਪ੍ਰਾਰਥਨਾ ਵਿਚ ਲਿਵਲੀਨ ਹਾਂ। ਅਜੇ ਵਿਘਨ ਨਾ ਪਾ। ਅਜੇ ਅੜਿੱਚਣ ਨਾ ਪਾ।

ਇਕ ਇਹ ਦਸ਼ਾ ਅਤੇ ਇਕ ਇਹ ਦਸ਼ਾ ਕਿ ਤੁਸੀਂ ਪ੍ਰਾਰਥਨਾ ਕਰਦੇ ਹੋ ਅਤੇ ਵਿਚ-ਵਿਚਾਲਿਉਂ ਮੁੜ ਕੇ ਦੇਖ ਲੈਂਦੇ ਹੋ ਕਿ ਵਿਠੋਬਾ ਅਜੇ ਤਕ ਆਏ ਕਿ ਨਹੀਂ ਆਏ। ਪ੍ਰਾਰਥਨਾ ਖੰਡਤ ਹੋ ਗਈ। ਪ੍ਰਾਰਥਨਾ ਤੁਸੀਂ ਭ੍ਰਿਸ਼ਟ ਕਰ ਦਿਤੀ। ਅਜੇਹਾ ਹੋ ਸਕੇ ਤਾਂ ਤੁਸੀਂ ਹੁਣੇ ਪਾ ਲਵੋ। ਕਲ੍ਹ ਦੀ ਵੀ ਕੋਈ ਜ਼ਰੂਰਤ ਨਹੀਂ।

ਮੈਂ ਜਾਣਦਾ ਹਾਂ, ਆਦਮੀ ਦਾ ਮਨ ਆਖ਼ਰ ਆਦਮੀ ਦਾ ਮਨ ਹੈ। ਅਤੇ ਸ਼ਿਕਾਇਤ ਸਾਡੀ ਪੁਰਾਣੀ ਆਦਤ ਹੈ। ਜਨਮ-ਜਨਮ ਦਾ ਅਭਿਆਸ, ਪ੍ਰਾਰਥਨਾ ਵਿਚ ਵੀ ਵਿਚ-ਵਿਚਾਲਿਉਂ ਸ਼ਿਕਾਇਤ ਆਉਂਦੀ ਹੈ। ਕਦੇ-ਕਦੇ ਮਨ ਨਰਾਜ਼ ਵੀ ਹੋ ਜਾਂਦਾ ਹੈ। ਮੈਂ ਸਮਝਦਾ ਹਾਂ ਮਨੁੱਖ ਦੀ ਕਮਜ਼ੋਰੀ। ਔਪਰ ਇਹਨਾਂ ਸਾਰੀਆਂ ਕਮਜ਼ੋਰੀਆਂ ਨੂੰ ਹੌਲੀ-ਹੌਲੀ ਛੱਡ ਦੇਣਾ ਹੈ, ਤਾਂ ਹੀ ਤੁਸੀਂ ਪਾਤਰ ਬਣੋਗੇ।

ਇਕ ਬਾਰ ਹੀ ਜੀਨੇ ਕੀ ਸਜ਼ਾ ਕਿਉਂ ਨਹੀਂ ਦੇਤੇ।
ਗਰ ਹਰਫ਼ੇ-ਗਲਤ ਹੂੰ ਤੋ ਮਿਟਾ ਕਿਉਂ ਨਹੀਂ ਦੇਤੇ।।
ਇਸ ਦਰਦੇ-ਸ਼ਬੇ-ਹਿੱਜਰ ਕੀ ਲੱਜ਼ਤ ਹੈ ਪੁਰਾਨੀ।
ਦੇਨਾ ਹੈ ਤੋ ਫਿਰ ਦਰਦ ਨਯਾ ਕਿਉਂ ਨਹੀਂ ਦੇਤੇ।।
ਸਾਯਾ ਹੂੰ ਤੋ ਫਿਰ ਸਾਥ ਨਾ ਰਖਨੇ ਕਾ ਸਬਬ ਕਿਆ।
ਪੱਥਰ ਹੂੰ ਤੋ ਰਸਤੇ ਸੇ ਹਟਾ ਕਿਉਂ ਨਹੀਂ ਦੇਤੇ।।

ਕਦੇ–ਕਦੇ ਭਗਤ ਨਰਾਜ਼ ਵੀ ਹੋ ਜਾਂਦਾ ਹੈ ਕਿ ਹੁਣ ਬਹੁਤ ਹੋ ਗਿਆ। ਸ਼ਾਸਤਰ ਤਾਂ ਇਹੀ ਕਹਿੰਦੇ ਹਨ ਕਿ ਤੇਰਾ ਸਾਯਾ ਹਾਂ, ਤੇਰੀ ਮਾਯਾ ਹਾਂ, ਸਾਯਾ ਹੂੰ ਤੋ ਫਿਰ ਸਾਥ ਨਾ ਰਖਨੇ ਕਾ ਸਬਬ ਕਿਆ? ਤਾਂ ਫਿਰ ਭਗਤ ਪੁੱਛਣ ਲਗਦਾ ਹੈ ਕਿ ਫੇਰ ਮਾਮਲਾ ਕੀ ਹੈ? ਜੇ ਮੈਂ ਤੇਰਾ ਪਰਛਾਵਾਂ ਹਾਂ ਤਾਂ ਫਿਰ ਮੈਨੂੰ ਆਪਣੇ ਨਾਲ ਰਖ। ਅਤੇ ਜੇ ਪਰਛਾਵਾ ਨਹੀਂ ਹਾਂ, ਪੱਥਰ ਹਾਂ, ਤੋ ਰਸਤੇ ਸੇ ਹਟਾ ਕਿਉਂ ਨਹੀਂ ਦੇਤੇ? ਤਾਂ ਇਕੋ–ਵਾਰੀ ਖ਼ਤਮ ਕਰ। ਫਿਰ ਮੈਨੂੰ ਮਿਟਾ ਹੀ ਛੱਡ। ਫਿਰ ਮੈਨੂੰ ਬਚਾਉਣ ਦੀ ਕੀ ਲੋੜ? ਫਿਰ ਮੈਨੂੰ ਜੀਵਨ ਕਿਉਂ ਦੇਈ ਜਾਂਦਾ ਹੈਂ? ਇਕ ਬਾਰ ਹੀ ਜੀਨੇ ਕੀ ਸਜ਼ਾ ਕਿਉਂ ਨਹੀਂ ਦੇਤੇ? ਜੇਕਰ ਗ਼ਲਤ ਹਾਂ ਤਾਂ ਇਕੋ–ਵਾਰੀ ਨਬੇੜਾ ਕਰ ਦੇ। ਗਰ ਹਰਫ਼ੇ–ਗਲਤ ਹੂੰ ਤੋ ਮਿਟਾ ਕਿਉਂ ਨਹੀਂ ਦੇਤੇ? ਜੇ ਗ਼ਲਤ ਅੱਖਰ ਲਿਖਿਆ ਗਿਆ ਹੈ ਤੈਥੋਂ, ਤਾਂ ਮਿਟਾ ਦੇ, ਪੂੰਝ ਸੁੱਟ। ਪਰ ਇਹ ਨਿੱਤ–ਨਿੱਤ ਦਾ ਝੰਜਟ ਕੀ? ਇਹ ਨਿੱਤ–ਨਿੱਤ ਦਾ ਕਸ਼ਟ, ਇਹ ਨਿੱਤ–ਨਿੱਤ ਦੀ ਉਡੀਕ ਕੀ? ਮੰਨਿਆਂ ਕਿ ਭਗਤ ਨੂੰ ਕਦੇ ਸ਼ਿਕਾਇਤ ਆ ਜਾਂਦੀ ਹੈ, ਐਪਰ ਜਦ ਤਕ ਸ਼ਿਕਾਇਤ ਆਉਂਦੀ ਹੈ ਤਦ ਤਕ ਭਗਵਾਨ ਨਹੀਂ ਆਉਂਦਾ। ਪ੍ਰਾਰਥਨਾ ਜਦ ਸ਼ਿਕਾਇਤ–ਸ਼ੂਨਯ ਹੋ ਜਾਂਦੀ ਹੈ ਤਦ ਪ੍ਰਾਰਥਨਾ ਪੂਰੀ ਹੁੰਦੀ ਹੈ। ਜਦ ਤੁਸੀਂ ਕਹਿੰਦੇ ਹੋ ਕਿ ਜਿਹੋ–ਜਿਹਾ ਹੈ, ਸੁੰਦਰ ਹੈ। ਤੇਰਾ ਨਾ ਹੋਣਾ ਵੀ ਸੁੰਦਰ ਹੈ। ਤੇਰਾ ਇੰਤਜ਼ਾਰ ਵੀ ਸੁੰਦਰ ਹੈ। ਤੇਰਾ ਨਾ ਮਿਲਣਾ ਵੀ ਸੁੰਦਰ ਹੈ। ਹੋਵੇਗਾ ਹੀ ਸੁੰਦਰ। ਜ਼ਰੂਰਤ ਹੋਵੇਗੀ ਇਸਦੀ। ਲੋੜ ਹੋਵੇਗੀ ਮੇਰੀ। ਇਉਂ ਹੀ ਤੂੰ ਮੈਨੂੰ ਨਿਖਾਰੇਂਗਾ। ਇਹੀ ਤੇਰਾ ਉਪਾਅ ਹੈ ਮੈਨੂੰ ਘੜਨ ਦਾ। ਇਉਂ ਹੀ ਤੂੰ ਮੈਨੂੰ ਸਾੜੇਂਗਾ। ਇਉਂ ਹੀ ਤੜਫਾਏਂਗਾ। ਇਸੇ ਤਰ੍ਹਾਂ ਸਾੜ–ਸਾੜ ਕੇ, ਤੜਫਾ–ਤੜਫਾ ਕੇ, ਤੂੰ ਮੈਨੂੰ ਕੁੰਦਨ ਬਣਾਏਂਗਾ। ਮੈਂ ਜਾਣਦਾ ਹਾਂ, ਇਸਲਈ ਸਭ ਸਵੀਕਾਰ ਹੈ। ਸਭ ਅੰਗੀਕਾਰ ਹੈ। ਅੱਜ ਮਿਲੇ ਤਾਂ ਠੀਕ, ਕਲ੍ਹ ਮਿਲੇ ਤਾਂ ਠੀਕ, ਅਨੰਤ ਜਨਮਾਂ ਵਿਚ ਮਿਲੇ ਤਾਂ ਠੀਕ। ਜਦ ਵੀ ਮਿਲੇਂਗਾ ਤਦੇ ਛੇਤੀ ਮਿਲਿਆ।

ਅਜੇਹੀ ਉਡੀਕ ਦੀ ਭਾਵਦਸ਼ਾ ਚਾਹੀਦੀ ਹੈ।

ਚੌਥਾ ਸਵਾਲ–

ਮੈਂ ਅੰਨ੍ਹਾ–ਸ਼ਰਧਾਲੂ ਨਹੀਂ ਹਾਂ। ਪਿਛਲੇ ਪੰਜ ਵਰ੍ਹਿਆਂ ਤੋਂ ਪ੍ਰਵਚਨ ਅਤੇ ਸਾਹਿੱਤ ਦੇ ਜ਼ਰੀਏ ਨਾਲ ਤੁਹਾਡੇ ਸਾਥ ਵਿਚ ਹਾਂ, ਐਪਰ ਅਜੇ ਤਕ ਕੁਝ ਵਾਪਰਿਆ ਨਹੀਂ ਹੈ। ਸੰਨਿਆਸ ਲੈਣ ਦੀ ਇੱਛਿਆ ਨਾਲ ਇਥੇ ਆਇਆ ਹਾਂ। ਕੀ ਅਜੇਹੀ ਦਸ਼ਾ ਵਿਚ ਸੰਨਿਆਸ ਲੈਣਾ ਆਤਮਠੱਗੀ ਨਹੀਂ ਹੋਵੇਗੀ? ਕਿਰਪਾ ਕਰਕੇ ਯੋਗ ਰਹਿਨੁਮਾਈ ਕਰੋ।

• ਚੰਦਰਸ਼ੇਖਰ, ਸ਼ਰਧਾ ਅਤੇ ਅੰਨ੍ਹੀ! ਤਾਂ ਫਿਰ ਤੈਨੂੰ ਪਤਾ ਹੀ ਨਹੀਂ ਕਿ ਸ਼ਰਧਾ ਕੀ ਹੈ। ਸ਼ਰਧਾ ਅੰਨ੍ਹੀ ਹੁੰਦੀ ਹੀ ਨਹੀਂ। ਅਤੇ ਜਿਹੜੀ ਸ਼ਰਧਾ ਅੰਨ੍ਹੀ ਹੁੰਦੀ ਹੈ ਉਹ ਸ਼ਰਧਾ ਨਹੀਂ। ਹਾਲਾਂਕਿ ਇਹ ਸੱਚ ਹੈ ਕਿ ਤਰਕ ਨਾਲ ਭਰੀ ਬੁੱਧੀ ਨੂੰ ਸ਼ਰਧਾ ਹਮੇਸ਼ਾ ਅੰਨ੍ਹੀ ਦਿਖਾਈ ਪੈਂਦੀ ਹੈ, ਕਿਉਂਕਿ ਸ਼ਰਧਾ ਦੀਆਂ ਅੱਖਾਂ ਹੋਰ ਹਨ, ਤਰਕ ਦੀਆਂ ਅੱਖਾਂ ਹੋਰ ਹਨ। ਤਰਕ ਹੈ ਦਿਮਾਗ ਨਾਲ ਦੇਖਣ ਦਾ ਢੰਗ ਅਤੇ ਸ਼ਰਧਾ ਹੈ ਹਿਰਦੇ ਨਾਲ ਦੇਖਣ ਦਾ ਢੰਗ। ਸ਼ਰਧਾ ਦੇ ਕੋਲ ਆਪਣੀ

ਅੱਖ ਹੈ, ਪਰ ਉਹ ਅੱਖ ਤਰਕ ਦੀ ਅੱਖ ਨਹੀਂ ਹੈ।

ਇਸਲਈ ਤਰਕ ਸੋਚਦਾ ਹੈ ਕਿ ਸ਼ਰਧਾ ਅੰਨ੍ਹੀ ਹੈ, ਕਿਉਂਕਿ ਉਸ ਜਿਹੀ ਅੱਖ ਸ਼ਰਧਾ ਦੇ ਕੋਲ ਨਹੀਂ ਹੈ। ਅਤੇ ਤਰਕ ਦੀ ਅੱਖ ਕੋਈ ਵੱਡੀ ਅੱਖ ਨਹੀਂ। ਤਰਕ ਦੀ ਅੱਖ ਨਾਲ ਜੋ ਦਿਖਾਈ ਪੈਂਦਾ ਹੈ ਉਹ ਵਿਰਾਟ ਹੈ। ਤਰਕ ਤਾਂ ਅਜੇਹਾ ਹੀ ਹੈ ਜਿਵੇਂ ਟੋਹਣਾ, ਹਨੇਰੇ ਵਿਚ ਟੋਹਣਾ। ਸ਼ਰਧਾ ਇਉਂ ਹੈ ਜਿਵੇਂ ਸੂਰਜ ਨਿਕਲ ਆਇਆ, ਸਭ ਪਾਸੇ ਰੋਸ਼ਨੀ ਹੋ ਗਈ, ਸਭ ਦਿਖਾਈ ਪੈਣ ਲੱਗਿਆ।

ਸੁਭਾਵਕ ਹੀ ਜਿਹੜਾ ਬੰਦਾ ਹਮੇਸ਼ਾ ਟੋਂਹਦਾ ਰਿਹਾ ਹੈ, ਜੇ ਉਹ ਕਿਸੇ ਦੂਜੇ ਨੂੰ ਬਿਨਾਂ ਟੋਂਹਦਿਆਂ ਤੁਰਦਾ ਦੇਖੇ, ਤਾਂ ਉਹ ਕਹੇਗਾ : ਪਾਗਲ ਹੋ ਗਿਆ ਹੈਂ? ਟਕਰਾਏਂਗਾ! ਭਟਕ ਜਾਏਂਗਾ! ਟੋਹ ਲੈ, ਬਿਨਾਂ ਟੋਹ ਦੇ ਕਿਤੇ ਰਾਹ ਮਿਲਿਆ ਹੈ? ਜਿਵੇਂ ਅੰਨ੍ਹਾ ਬੰਦਾ ਆਪਣੀ ਸੋਟੀ ਲੈ ਕੇ ਤੁਰਦਾ ਹੈ, ਸੋਟੀ ਨਾਲ ਟੋਹ–ਟੋਹ ਕੇ ਤੁਰਦਾ ਹੈ; ਜਦ ਉਸ ਦੀਆਂ ਅੱਖਾਂ ਠੀਕ ਹੋ ਜਾਣਗੀਆਂ ਤਾਂ ਕੀ ਤੁਸੀਂ ਸੋਚਦੇ ਹੋ, ਹੁਣ ਵੀ ਉਹ ਸੋਟੀ ਨਾਲ ਟੋਹ–ਟੋਹ ਕੇ ਤੁਰੇਗਾ? ਸੋਟੀ ਨੂੰ ਉਸੇ ਵੇਲੇ ਸੁੱਟ ਦੇਵੇਗਾ।

ਅਜੇਹੀ ਕਹਾਣੀ ਹੈ ਕਿ ਜੀਸਸ ਦੇ ਕੋਲ ਇਕ ਅੰਨ੍ਹਾ ਆਦਮੀ ਆਇਆ, ਉਹਨਾਂ ਨੇ ਉਸ ਦੀਆਂ ਅੱਖਾਂ ਛੋਹੀਆਂ, ਉਸ ਦੀਆਂ ਅੱਖਾਂ ਠੀਕ ਹੋ ਗਈਆਂ। ਉਹ ਆਦਮੀ ਆਪਣੀ ਸੋਟੀ ਟੇਕਦਾ–ਟੇਕਦਾ ਆਇਆ ਸੀ। ਸੋਟੀ ਟੇਕਦਾ–ਟੇਕਦਾ ਵਾਪਸ ਜਾਣ ਲੱਗਿਆ। ਜੀਸਸ ਨੇ ਚਿੱਲਾ ਕੇ ਕਿਹਾ : 'ਮੇਰੇ ਵੀਰ, ਸੋਟੀ ਤਾਂ ਛੱਡ ਜਾ। ਹੁਣ ਸੋਟੀ ਕਿਸਲਈ?' ਤਦ ਉਸ ਅੰਨ੍ਹੇ ਨੂੰ ਯਾਦ ਆਇਆ ਕਿ ਹਾਂ, ਇਹ ਪੁਰਾਣੀ ਆਦਤ ਹੈ। ਉਹ ਜ਼ਿੰਦਗੀ–ਭਰ ਟੋਹ–ਟੋਹ ਕੇ ਤੁਰਿਆ, ਸੋਟੀ ਹੀ ਉਸਦੀ ਅੱਖ ਸੀ।

ਤਰਕ ਦੀ ਅੱਖ ਬਸ ਅਜੇਹੀ ਹੈ ਜਿਵੇਂ ਅੰਨ੍ਹੇ ਦੇ ਹੱਥ ਵਿਚ ਸੋਟੀ। ਇਸਲਈ ਤਰਕ ਨਾਲ ਦੇਹ ਤਾਂ ਦਿਸ ਜਾਂਦੀ ਹੈ, ਆਤਮਾ ਨਹੀਂ ਦਿਸਦੀ। ਤਰਕ ਨਾਲ ਪਦਾਰਥ ਤਾਂ ਦਿਸ ਜਾਂਦਾ ਹੈ, ਪਰਮਾਤਮਾ ਨਹੀਂ ਦਿਸਦਾ। ਤਰਕ ਨਾਲ ਬਾਹਰ–ਬਾਹਰ ਤੋਂ ਤਾਂ ਦਿਖਾਈ ਪੈ ਜਾਂਦਾ ਹੈ; ਅੰਦਰ ਕੀ ਹੈ, ਇਸ ਨਾਲ ਸਬੰਧ ਨਹੀਂ ਜੁੜ ਪਾਂਦਾ। ਇਹ ਵੀ ਕੋਈ ਅੱਖ ਹੈ?

ਜੇਕਰ 'ਅੰਨ੍ਹਾ' ਸ਼ਬਦ ਦੀ ਵਰਤੋਂ ਹੀ ਕਰਨੀ ਹੋਵੇ, ਤਾਂ ਕਹਿਣਾ ਚਾਹੀਦਾ ਹੈ, ਤਰਕ ਅੰਨ੍ਹਾ ਹੈ, ਸ਼ੱਕ ਅੰਨ੍ਹਾ ਹੈ। ਸ਼ਰਧਾ ਤਾਂ ਕਦੇ ਅੰਨ੍ਹੀ ਨਹੀਂ ਹੁੰਦੀ। ਸ਼ਰਧਾ ਤਾਂ ਪ੍ਰੇਮ ਦੀ ਅੱਖ ਹੈ। ਐਪਰ ਪ੍ਰੇਮ ਦੇ ਦੇਖਣ ਦੇ ਢੰਗ ਜ਼ਰੂਰ ਅਲੱਗ ਹਨ—ਬਿਲਕੁਲ ਅਲੱਗ ਹਨ। ਬੜੇ ਭਿੰਨ ਹਨ।

ਅਜੇਹਾ ਹੀ ਸਮਝੋ ਕਿ ਗੁਲਾਬ ਦਾ ਫੁੱਲ ਖਿੜਿਆ। ਹੁਣ ਜੇਕਰ ਤੁਸੀਂ ਤਰਕ ਦੀ ਅੱਖ ਨਾਲ ਦੇਖੋ, ਤਾਂ ਸੁਹੱਪਣ ਨਹੀਂ ਮਿਲੇਗਾ। ਕਿਥੇ ਹੈ ਸੁਹੱਪਣ? ਜੇਕਰ ਤਰਕਸ਼ੀਲ ਵਿਅਕਤੀ ਹੋ, ਤਾਂ ਤੁਸੀਂ ਸਿੱਧ ਨਾ ਕਰ ਪਾਉਗੇ ਕਿ ਸੁਹੱਪਣ ਦਾ ਕੋਈ ਵਜੂਦ ਹੈ। 'ਸਬੂਤ ਕਿਥੇ ਹੈ? ਦਿਖਾਉ, ਛੋਹ ਕੇ ਦੇਖਣਾ ਚਾਹੁੰਦਾ ਹਾਂ ਸੁਹੱਪਣ ਨੂੰ, ਮੇਰੇ ਹੱਥ ਉਤੇ ਰਖੋ।

ਤਰਾਜੂ ਉਤੇ ਤੋਲ ਕੇ ਦੇਖਾਂਗਾ ਸੁਹੱਪਣ ਨੂੰ। ਕਿੰਨਾ ਵਜ਼ਨ ਹੈ?' ਤਦ ਤੁਸੀਂ ਮੁਸ਼ਕਲ ਵਿਚ ਪੈ ਜਾਉਗੇ। ਤੁਸੀਂ ਕਹੋਗੇ : ਭਰਾ, ਸੁਹੱਪਣ ਕੋਈ ਤੋਲੀ ਜਾਣ ਵਾਲੀ ਚੀਜ਼ ਨਹੀਂ ਅਤੇ ਨਾ ਹੀ ਛੋਹੇ ਜਾਣ ਵਾਲੀ ਚੀਜ਼ ਹੈ। ਅਤੇ ਨਾ ਹੀ ਮੈਂ ਤੈਨੂੰ ਦਿਖਾ ਸਕਦਾ ਹਾਂ। ਜੇ ਤੈਨੂੰ ਦਿਖਾਈ ਪੈਂਦਾ ਹੋਵੇ ਤਾਂ ਠੀਕ, ਨਾ ਦਿਖਾਈ ਪੈਂਦਾ ਹੋਵੇ ਤਾਂ ਤੈਨੂੰ ਦਿਖਾ ਵੀ ਨਹੀਂ ਸਕਦਾ, ਫਿਰ ਵੀ ਸੁਹੱਪਣ ਹੈ।

ਲੇਕਿਨ, ਜੇ ਵਿਅਕਤੀ ਜ਼ਰੂਰ ਤਰਕ ਵਿਚ ਡੁੱਬਿਆ ਹੋਵੇ—ਪੂਰਾ ਡੁੱਬਿਆ ਹੋਵੇ—ਤਾਂ ਤੁਹਾਨੂੰ ਹਰਾ ਕੇ ਰਹੇਗਾ। ਉਹ ਕਹੇਗਾ : ਲੈ ਚੱਲੀਏ ਇਸ ਫੁੱਲ ਨੂੰ ਅਸੀਂ ਵਿਗਿਆਨਕ ਦੇ ਕੋਲ, ਇਸਦੀ ਪੁਣ-ਛਾਣ ਕਰਵਾਈਏ। ਦੇਖੀਏ ਕੀ-ਕੀ ਇਸਦੇ ਅੰਦਰ ਹੈ। ਸਭ ਮਿਲ ਜਾਏਗਾ—ਮਿੱਟੀ ਮਿਲੇਗੀ, ਪਾਣੀ ਮਿਲੇਗਾ, ਸੂਰਜ ਦੀ ਰੋਸ਼ਨੀ ਮਿਲ ਜਾਏਗੀ, ਅਤੇ ਪਦਾਰਥ ਅਤੇ ਸਭ ਚੀਜ਼ਾਂ ਮਿਲ ਜਾਣਗੀਆਂ—ਬਸ ਇਕ ਸੁਹੱਪਣ ਹੀ ਨਹੀਂ ਮਿਲੇਗਾ। ਕੀ ਤੁਸੀਂ ਸੋਚਦੇ ਹੋ, ਸੁਹੱਪਣ ਨਹੀਂ ਸੀ?

ਨਹੀਂ; ਸੁਹੱਪਣ ਨੂੰ ਦੇਖਣ ਦੀ ਹੋਰ ਹੀ ਅੱਖ ਹੈ। ਉਹਦੇ ਲਈ ਕਾਵਿ ਨਾਲ ਭਰਿਆ ਹੋਇਆ ਹਿਰਦਾ ਚਾਹੀਦਾ ਹੈ। ਉਹਦੇ ਲਈ ਸੁਹੱਪਣ-ਸੰਵੇਦਨਸ਼ੀਲਤਾ ਚਾਹੀਦਾ ਹੈ। ਅੰਨ੍ਹਾ ਨਹੀਂ ਹੈ ਕਵੀ। ਵਿਗਿਆਨਕ ਨੂੰ ਲੱਗ ਸਕਦਾ ਹੈ, ਕਵੀ ਅੰਨ੍ਹਾ ਹੈ ਜਾਂ ਪਾਗਲ ਹੈ। ਦੋਹਾਂ ਦੇ ਢੰਗ ਇੰਨੇ ਭਿੰਨ ਹਨ।

ਤਰਕ ਸੋਚਦਾ ਹੈ, ਸ਼ਰਧਾ ਦੇਖਦੀ ਹੈ। ਤਰਕ ਸੋਚਦਾ ਹੈ, ਕਿਉਂਕਿ ਦੇਖ ਨਹੀਂ ਸਕਦਾ। ਸ਼ਰਧਾ ਨੂੰ ਸੋਚਣ ਦੀ ਜ਼ਰੂਰਤ ਨਹੀਂ ਪੈਂਦੀ, ਕਿਉਂਕਿ ਦੇਖ ਸਕਦੀ ਹੈ। ਸਮਝਣਾ ਇਸ ਗੱਲ ਨੂੰ। ਇਥੇ ਅੰਨ੍ਹਾ ਆਦਮੀ ਬੈਠਾ ਹੋਵੇ, ਉਸਨੇ ਬਾਹਰ ਜਾਣਾ ਹੋਵੇ ਤਾਂ ਉਹ ਪੁਛੇਗਾ : ਭਰਾ, ਦਰਵਾਜ਼ਾ ਕਿਥੇ ਹੈ? ਪੁੱਛਣ ਤੋਂ ਪਹਿਲਾਂ ਸੋਚੇਗਾ—ਕਿਸ ਤੋਂ ਪੁੱਛਾਂ? ਉੱਤਰ ਜਾਵਾਂ, ਦੱਖਣ ਜਾਵਾਂ, ਪੂਰਬ ਜਾਵਾਂ, ਪੱਛਮ ਜਾਵਾਂ—ਦਰਵਾਜ਼ਾ ਕਿਥੇ ਹੈ? ਲੇਕਿਨ ਜਿਸ ਆਦਮੀ ਦੇ ਕੋਲ ਅੱਖ ਹੈ, ਉਹ ਬਿਨਾਂ ਪੁਛੇ ਉਠੇਗਾ ਅਤੇ ਦਰਵਾਜ਼ੇ ਵਿਚੋਂ ਦੀ ਲੰਘ ਜਾਏਗਾ। ਉਹ ਪੁਛੇਗਾ ਵੀ ਨਹੀਂ, ਸੋਚੇਗਾ ਵੀ ਨਹੀਂ ਕਿ ਦਰਵਾਜ਼ਾ ਕਿਥੇ ਹੈ। ਉਸਨੂੰ ਦਰਵਾਜ਼ਾ ਦਿਸ ਰਿਹਾ ਹੈ, ਸੋਚਣ ਦੀ ਕੋਈ ਜ਼ਰੂਰਤ ਨਹੀਂ। ਅਸੀਂ ਸੋਚਦੇ ਉਹਨਾਂ ਹੀ ਚੀਜ਼ਾਂ ਦੇ ਸਬੰਧ ਵਿਚ ਹਾਂ ਜੋ ਸਾਨੂੰ ਦਿਖਾਈ ਨਹੀਂ ਪੈਂਦੀਆਂ। ਅੰਨ੍ਹਾ ਸੋਚਦਾ ਹੈ, ਅੱਖ ਵਾਲਾ ਲੰਘ ਜਾਂਦਾ ਹੈ। ਤਰਕਸ਼ੀਲ ਵਿਅਕਤੀ ਸੋਚਦਾ ਹੈ, ਸੋਚਦਾ ਹੈ, ਸੋਚਦਾ ਹੈ—ਸੋਚ-ਸੋਚ ਕੇ ਨਚੋੜ ਕਢਦਾ ਹੈ। ਉਸਦੇ ਨਚੋੜ ਸੋਚ-ਵਿਚਾਰ ਦੇ ਸਿੱਟੇ ਹਨ। ਉਹਨਾਂ ਵਿਚ ਜੀਂਦਾ-ਜਾਗਦਾ ਅਨੁਭਵ ਨਹੀਂ ਹੈ।

ਤਾਂ ਚੰਦਰਸ਼ੇਖਰ! ਤੂੰ ਕਹਿੰਦਾ ਹੈਂ : ਮੈਂ ਅੰਨ੍ਹਾ-ਸ਼ਰਧਾਲੂ ਨਹੀਂ ਹਾਂ।

ਤਾਂ ਤੂੰ ਯਕੀਨਨ ਅੰਨ੍ਹਾ ਹੈਂ। ਇਸ ਤੋਂ ਸਾਫ ਜਾਹਰ ਹੈ ਕਿ ਤੂੰ ਤਰਕ ਦੇ ਅੰਨ੍ਹੇਪਣ ਵਿਚ ਪਿਆ ਹੈਂ। ਫਿਰ ਤੂੰ ਕਹਿੰਦਾ ਹੈਂ ਕਿ ਪਿਛਲੇ ਪੰਜ ਵਰ੍ਹਿਆਂ ਤੋਂ ਪ੍ਰਵਚਨ ਅਤੇ ਸਾਹਿੱਤ ਦੇ ਜ਼ਰੀਏ ਨਾਲ ਤੁਹਾਡੇ ਸਾਥ ਵਿਚ ਹਾਂ। ਉਹ ਵੀ ਕੋਈ ਸਾਥ ਵਿਚ ਹੋਣ ਦਾ ਢੰਗ ਹੈ? ਹਾਂ, ਤਰਕਸ਼ੀਲ ਵਿਅਕਤੀ ਦਾ ਉਹ ਢੰਗ ਹੋਵੇਗਾ। ਉਹ ਸੁਣੇਗਾ, ਜੋ ਮੈਂ ਕਿਹਾ;

ਐਪਰ ਚੁੱਕ ਜਾਏਗਾ ਉਸ ਤੋਂ, ਜੋ ਅਣਕਿਹਾ ਸੀ। ਅਤੇ ਅਣਕਿਹਾ ਹੀ ਸੱਚ ਹੈ। ਕਹਿਣਾ ਤਾਂ ਸਿਰਫ ਬਹਾਨਾ ਹੈ। ਉਸਦੇ ਆਲੇ–ਦੁਆਲੇ ਅਣਕਹੇ ਨੂੰ ਲਪੇਟ ਕੇ ਭੇਜਦੇ ਹਾਂ। ਕਹੇ ਦੇ ਸਹਾਰੇ ਅਣਕਹੇ ਨੂੰ ਹਿਰਦੇ ਵਿਚ ਉਤਾਰਦੇ ਹਾਂ। ਤੁਸੀਂ ਕਹੇ ਨੂੰ ਪਕੜ ਲਵੋਗੇ ਤਾਂ ਅਜੇਹਾ ਹੀ ਸਮਝੋ ਦਵਾਈ ਤਾਂ ਬੋਤਲ ਵਿਚ ਭਰ ਕੇ ਦਿਤੀ ਸੀ, ਦਵਾਈ ਤਾਂ ਸੁੱਟ ਦਿਤੀ, ਬੋਤਲ ਸੰਭਾਲ ਕੇ ਰਖ ਲਈ।

ਸ਼ਬਦ ਤਾਂ ਸਿਰਫ ਬੋਤਲਾਂ ਹਨ। ਸ਼ਰਾਬ ਉਹਨਾਂ ਦੇ ਅੰਦਰ ਹੈ। ਸ਼ਰਾਬ ਨਿਰਸ਼ਬਦ ਦੀ ਹੈ।

ਤਾਂ ਤੂੰ ਮੈਨੂੰ ਤਰਕ ਨਾਲ ਸੁਣ ਸਕਦਾ ਹੈਂ, ਸਤਿਸੰਗ ਨਹੀਂ ਹੋਵੇਗਾ, ਸਾਥ ਨਹੀਂ ਹੋਵੇਗਾ। ਹਾਂ, ਤੈਨੂੰ ਮੇਰੀਆਂ ਗੱਲਾਂ ਠੀਕ ਵੀ ਲੱਗ ਸਕਦੀਆਂ ਹਨ। ਅਤੇ ਤੂੰ ਮੇਰੀਆਂ ਗੱਲਾਂ ਤੋਂ ਪ੍ਰਭਾਵਤ ਵੀ ਹੋ ਸਕਦਾ ਹੈਂ। ਲੇਕਿਨ ਉਹ ਠੀਕ ਲੱਗਣਾ, ਉਹ ਪ੍ਰਭਾਵਤ ਹੋਣਾ, ਬਸ ਬੁਧੀ ਤਕ ਰਹੇਗਾ। ਤੂੰ ਗਿਆਨੀ ਹੋ ਜਾਏਂਗਾ। ਤੂੰ ਪੰਡਤ ਹੋ ਜਾਏਂਗਾ; ਐਪਰ ਪ੍ਰੇਮੀ ਨਹੀਂ ਹੋ ਪਾਏਂਗਾ। ਅਤੇ ਪ੍ਰੇਮੀ ਦੇ ਕੋਲ ਹੀ ਸੂਝ ਹੁੰਦੀ ਹੈ। ਪੰਡਤ ਦੇ ਕੋਲ ਕੀ ਹੈ? ਕੂੜ–ਕਬਾੜ ਹੈ। ਉਹ ਫਜ਼ੂਲ ਨੂੰ ਇਕੱਠਾ ਕਰ ਲੈਂਦਾ ਹੈ। ਸਾਧਣ–ਯੋਗ ਤੋਂ ਚੁੱਕ ਜਾਂਦਾ ਹੈ, ਸਾਧਨ ਨੂੰ ਫੜ ਲੈਂਦਾ ਹੈ।

ਅਜੇਹਾ ਹੀ ਸਮਝੋ ਕਿ ਮੈਂ ਉਂਗਲ ਚੁੱਕੀ ਚੰਦ ਦੀ ਤਰਫ ਅਤੇ ਤੁਸੀਂ ਮੇਰੀ ਉਂਗਲ ਫੜ ਲਈ ਅਤੇ ਕਿਹਾ, ਇਹੀ ਹੈ, ਚੰਦ। ਫਿਰ ਇਹ ਉਂਗਲ ਭਾਵੇਂ ਕਿੰਨੀ ਹੀ ਪਿਆਰੀ ਹੋਵੇ, ਤੁਸੀਂ ਚੁੱਕ ਗਏ। ਉਂਗਲ ਚੰਦ ਨਹੀਂ ਹੈ। ਕਿੰਨੀ ਹੀ ਪਿਆਰੀ ਉਂਗਲ ਹੋਵੇ, ਕਿ ਕ੍ਰਿਸ਼ਨ ਦੀ ਹੋਵੇ, ਕਿ ਮਹਾਂਵੀਰ ਦੀ ਹੋਵੇ, ਕਿ ਮੁਹੰਮਦ ਦੀ ਹੋਵੇ, ਚੰਦ ਦੀ ਤਰਫ ਇਸ਼ਾਰਾ ਸੀ। ਚੰਦ ਨੂੰ ਦੇਖਣਾ ਹੋਵੇ ਤਾਂ ਉਂਗਲ ਨੂੰ ਛੱਡਣਾ ਪੈਂਦਾ ਹੈ।

ਤੂੰ ਕਹਿੰਦਾ ਹੈਂ : 'ਤੁਹਾਡੇ ਸਾਹਿੱਤ ਅਤੇ ਪ੍ਰਵਚਨ ਨਾਲ ਤੁਹਾਡੇ ਸਾਥ ਵਿਚ ਹਾਂ।' ਉਂਗਲ ਫੜੀ ਬੈਠਾ ਹੈਂ, ਚੰਦਰਸ਼ੇਖਰ। ਚੰਦ ਵਲ ਅੱਖ ਕਦੋਂ ਚੁੱਕੇਂਗਾ? ਅਤੇ ਨਤੀਜਾ ਵੀ ਸਾਫ ਹੈ। ਤੂੰ ਕਹਿੰਦਾ ਹੈਂ: 'ਐਪਰ ਅਜੇ ਤਕ ਕੁਝ ਵਾਪਰਿਆ ਨਹੀਂ ਹੈ।' ਵਾਪਰੇਗਾ ਕਿਵੇਂ? ਵਾਪਰਨ ਹੀ ਨਹੀਂ ਦੇ ਰਿਹਾ। ਸ਼ਬਦਾਂ ਨਾਲ ਕਿਤੇ ਕੁਝ ਵਾਪਰਿਆ ਹੈ? ਸ਼ਬਦਾਂ ਦੀ ਤਾਂ ਕਿੰਨੀ ਸੰਪਦਾ ਹੈ ਸਾਡੇ ਕੋਲ? ਉਪਨਿਸ਼ਦ ਹਨ, ਅਤੇ ਵੇਦ ਹਨ, ਅਤੇ ਗੀਤਾ ਹੈ ਅਤੇ ਕੁਰਾਨ ਹੈ, ਬਾਈਬਲ ਹੈ,ਅਤੇ ਧੰਮਪਦ ਹੈ–ਸ਼ਬਦਾਂ ਦੇ ਤਾਂ ਕਿੰਨੇ ਅਨੋਖੇ ਭਵਨ ਸਾਡੇ ਕੋਲ ਹਨ। ਐਪਰ ਉਹਨਾਂ ਤੋਂ ਕੀ ਮਿਲਦਾ ਹੈ?

ਕੁਰਾਨ ਜ਼ਬਾਨੀ ਯਾਦ ਕਰਨ ਨਾਲ ਤੁਸੀਂ ਮੁਹੰਮਦ ਨਹੀਂ ਹੋ ਜਾਂਦੇ। ਹਾਂ, ਮੁਹੰਮਦ ਹੋ ਜਾਓ ਤਾਂ ਤੁਸੀਂ ਜੋ ਬੋਲੋਗੇ ਉਹ ਕੁਰਾਨ ਜ਼ਰੂਰ ਹੋਵੇਗਾ। ਧੰਮਪਦ ਦੇ ਵਿਸ਼ਲੇਸ਼ਣ ਨਾਲ ਤੁਸੀਂ ਬੁੱਧ ਨਹੀਂ ਹੋ ਜਾਓਗੇ। ਹਾਂ, ਬੁੱਧ ਹੋ ਜਾਓ ਤਾਂ ਤੁਸੀਂ ਜੋ ਬੋਲੋਗੇ ਉਹ ਸਾਰਾ ਹੀ ਧੰਮਪਦ ਹੈ। ਸ਼ਾਸਤਰ ਨਾਲ ਕੋਈ ਅਹਿਸਾਸ ਨੂੰ ਉਪਲਬਧ ਨਹੀਂ ਹੁੰਦਾ, ਲੇਕਿਨ ਅਹਿਸਾਸ ਨੂੰ ਉਪਲਬਧ ਹੋ ਜਾਵੇ ਤਾਂ ਅਹਿਸਾਸ ਦੇ ਹਿਮਾਲੀਆ ਤੋਂ ਸ਼ਾਸਤਰ ਦੀਆਂ ਗੰਗਾਵਾਂ ਵਹਿੰਦੀਆਂ ਹਨ–ਜ਼ਰੂਰ ਵਹਿੰਦੀਆਂ ਹਨ।

ਤੂੰ ਮੇਰੇ ਸ਼ਬਦ ਪਕੜੇ। ਸ਼ਬਦ ਤੈਨੂੰ ਪਿਆਰੇ ਲੱਗੇ ਹਨ, ਇਸੇਲਈ ਤੂੰ ਇਥੇ ਆ ਵੀ ਗਿਆ। ਜਿਸ ਦਿਨ ਮੈਂ ਤੈਨੂੰ ਪਿਆਰਾ ਲੱਗਾਂਗਾ, ਉਹ ਗੱਲ ਹੋਰ ਹੈ। ਉਹ ਗੱਲ ਬਿਲਕੁਲ ਹੀ ਹੋਰ ਹੈ। ਉਸਦਾ ਮੇਰੇ ਸ਼ਬਦਾਂ ਤੋਂ ਕੁਝ ਲੈਣਾ–ਦੇਣਾ ਨਹੀਂ। ਤਦ ਸਾਥ ਹੋਇਆ। ਫਿਰ ਕੁਝ ਵਾਪਰੇਗਾ, ਉਸਦੇ ਪਹਿਲਾਂ ਵਾਪਰ ਨਹੀਂ ਸਕਦਾ। ਤਦ ਤੂੰ ਮੇਰੇ ਨਾਲ ਜੁੜਿਆ।

ਸੰਨਿਆਸ ਹੋਰ ਕੀ ਹੈ?—ਮੇਰੇ ਨਾਲ ਜੁੜਨਾ, ਮੇਰੇ ਸ਼ਬਦਾਂ ਦੇ ਬਾਵਜੂਦ। ਮੈਂ ਜੇਕਰ ਕਲ੍ਹ ਨਾ ਬੋਲਾਂ, ਕਲ੍ਹ ਇਥੇ ਚੁੱਪ ਬੈਠਾਂ ਤਾਂ ਚੰਦਰਸ਼ੇਖਰ ਨੂੰ ਇਥੇ ਬੈਠਣ ਦਾ ਕੋਈ ਕਾਰਨ ਨਹੀਂ ਰਹਿ ਜਾਏਗਾ। ਸਮਝਣਾ ਕਲ੍ਹ ਜੇ ਮੈਂ ਚੁੱਪ ਬੈਠਾਂ ਇਥੇ, ਬੋਲਾਂ ਨਾ, ਫਿਰ ਪਰਸੋਂ ਵੀ ਚੁੱਪ ਬੈਠਾਂ, ਚੰਦਰਸ਼ੇਖਰ ਛੇਤੀ ਹੀ ਵਿਦਾ ਹੋ ਜਾਣਗੇ। ਕਿਉਂਕਿ ਹੁਣ ਕੀ ਸਾਰ ਹੈ? ਲੇਕਿਨ ਫਿਰ ਵੀ ਕੁਝ ਲੋਕ ਇਥੇ ਬੈਠੇ ਰਹਿਣਗੇ। ਜਿਹੜੇ ਇਥੇ ਫਿਰ ਵੀ ਬੈਠੇ ਰਹਿਣਗੇ, ਉਹ ਮੇਰੇ ਨਾਲ ਜੁੜੇ ਹਨ, ਸ਼ਬਦਾਂ ਤੋਂ ਕੀ ਲੈਣਾ–ਦੇਣਾ? ਮੈਂ ਬੋਲਦਾ ਸੀ। ਮੈਂ ਬੋਲਦਾ ਸੀ, ਇਸਲਈ ਬੋਲਣ ਨੂੰ ਵੀ ਸੁਣ ਲੈਂਦੇ ਸਨ; ਹੁਣ ਮੈਂ ਨਹੀਂ ਬੋਲਦਾ ਹਾਂ ਤਾਂ ਨਹੀਂ ਬੋਲਣ ਨੂੰ ਸੁਣਨਗੇ। ਸਬੰਧ ਮੇਰੇ ਨਾਲ ਸੀ। ਲੇਕਿਨ ਜਿਹੜਾ ਸ਼ਬਦਾਂ ਨੂੰ ਸੁਣਨ ਆਇਆ ਹੈ, ਜਿਸ ਦਿਨ ਬੋਲਣਾ ਬੰਦ ਕਰ ਦੇਵਾਂਗਾ, ਉਸ ਦਿਨ ਵਿਦਾ ਹੋ ਜਾਏਗਾ। ਉਸਨੂੰ ਫਿਰ ਕੋਈ ਸਰੋਕਾਰ ਨਹੀਂ ਰਿਹਾ।

ਸੰਨਿਆਸ ਦਾ ਅਰਥ ਹੁੰਦਾ ਹੈ : ਮੈਂ ਜੋ ਕਹਿ ਰਿਹਾ ਹਾਂ ਉਸ ਨਾਲੋਂ ਜ਼ਿਆਦਾ ਹਾਂ। ਜੋ ਮੈਂ ਕਹਿ ਰਿਹਾ ਹਾਂ, ਉਸਦਾ ਜੋੜ ਹੀ ਮੈਂ ਨਹੀਂ ਹਾਂ। ਜੋ ਮੈਂ ਕਹਿ ਰਿਹਾ ਹਾਂ ਉਹ ਤਾਂ ਕੁਝ ਵੀ ਨਹੀਂ ਹੈ। ਜੋ ਮੈਂ ਕਹਿਣਾ ਚਾਹੁੰਦਾ ਹਾਂ, ਕਿਹਾ ਹੀ ਨਹੀਂ ਜਾ ਸਕਦਾ। ਜੋ ਮੈਂ ਕਹਿਣਾ ਚਾਹੁੰਦਾ ਹਾਂ, ਉਸਨੂੰ ਕਹਿ ਨਹੀਂ ਪਾ ਰਿਹਾ ਹਾਂ, ਉਸਨੂੰ ਕੋਈ ਕਦੇ ਨਹੀਂ ਕਹਿ ਪਾਇਆ। ਉਸਨੂੰ ਜਾਣਨ ਲਈ ਤਾਂ ਤੁਹਾਨੂੰ ਮੇਰੇ ਪ੍ਰੇਮ ਵਿਚ ਪੈਣਾ ਪਵੇ, ਤੁਹਾਨੂੰ ਦੀਵਾਨਾ ਹੋਣਾ ਪਵੇ।

ਅਤੇ ਉਸੇ ਨੂੰ ਤੂੰ ਅੰਨ੍ਹੀ–ਸ਼ਰਧਾ ਕਹਿ ਰਿਹਾ ਹੈਂ। ਅੰਨ੍ਹੀ–ਸ਼ਰਧਾ ਦੀ ਵਰਤੋਂ ਕਰਕੇ ਤੂੰ ਉਹ ਦਰਵਾਜ਼ਾ ਬੰਦ ਕਰ ਦਿਤਾ—ਪ੍ਰੇਮ ਦਾ ਦਰਵਾਜ਼ਾ। ਉਸਨੂੰ ਤੂੰ ਅੰਨ੍ਹੀ ਸ਼ਰਧਾ ਕਹਿ ਦਿਤਾ। ਅਜੇ ਤੈਨੂੰ ਸ਼ਰਧਾ ਦਾ ਪਤਾ ਹੀ ਨਹੀਂ ਹੈ। ਅਤੇ ਸ਼ਰਧਾ ਦੀ ਅੱਖ ਦਾ ਵੀ ਪਤਾ ਨਹੀਂ ਹੈ। ਲੇਕਿਨ ਤੇਰੇ ਤਰਕ ਨੇ ਇਕ ਨਿਰਨਾ ਲੈ ਲਿਆ, ਕਿ ਮੈਂ ਅੰਨ੍ਹਾ–ਸ਼ਰਧਾਲੂ ਨਹੀਂ ਹੈ।

ਭਲੇ ਮਾਣਸ! ਪਹਿਲਾਂ ਕੁਝ ਅਨੁਭਵ ਤਾਂ ਕਰ। ਕੁਝ ਸੁਆਦ ਤਾਂ ਲੈ! ਸ਼ਰਧਾ ਨੂੰ ਜ਼ਰਾ ਚਖ ਤਾਂ ਲੈ! ਚਖਣ ਤੋਂ ਪਹਿਲਾਂ ਨਿਰਨਾ ਤਾਂ ਨਾ ਕਰ।

ਅਤੇ ਮੈਂ ਤੁਹਾਨੂੰ ਕਹਿੰਦਾ ਹਾਂ : ਸ਼ਰਧਾ ਜੇਕਰ ਅੰਨ੍ਹੀ ਹੀ ਹੋਵੇ, ਤਾਂ ਵੀ ਤਰਕ ਦੀ ਅੱਖ ਨਾਲੋਂ ਜ਼ਿਆਦਾ ਦੂਰ ਤਕ ਦੇਖਦੀ ਹੈ, ਜ਼ਿਆਦਾ ਗਹਿਰਾ ਦੇਖਦੀ ਹੈ। ਜੇ ਤਰਕ ਦੀ ਅੱਖ ਅਤੇ ਸ਼ਰਧਾ ਦੇ ਅੰਨ੍ਹੇਪਣ ਵਿਚੋਂ ਚੁਣਨਾ ਹੋਵੇ, ਤਾਂ ਮੈਂ ਤੁਹਾਨੂੰ ਕਹਿੰਦਾ ਹਾਂ: ਸ਼ਰਧਾ ਦਾ ਅੰਨ੍ਹਾਪਣ ਚੁਣ ਲੈਣਾ। ਜੇ ਗਣਿਤ ਦੀ ਅੱਖ ਅਤੇ ਪ੍ਰੇਮ ਦੇ ਅੰਨ੍ਹੇਪਣ ਵਿਚੋਂ ਚੁਣਨਾ ਹੋਵੇ ਤਾਂ ਮੈਂ ਤੁਹਾਨੂੰ ਕਹਾਂਗਾ: ਪ੍ਰੇਮ ਦਾ ਅੰਨ੍ਹਾਪਣ ਚੁਣ ਲੈਣਾ, ਕਿਉਂਕਿ ਗਣਿਤ ਤੋਂ ਕੀ ਮਿਲੇਗਾ? ਕੂੜ–ਕਬਾੜ

ਇਕੱਠਾ ਕਰ ਲਵੋਗੇ, ਠੀਕਰੇ ਜਮ੍ਹਾਂ ਕਰ ਲਵੋਗੇ। ਚਾਲਬਾਜ ਹੋ ਜਾਉਗੇ, ਚਲਾਕ ਹੋ ਜਾਉਗੇ, ਕੁਸ਼ਲ ਹੋ ਜਾਉਗੇ। ਅੱਪਰ ਜੀਵਨ ਦੀ ਪਰਮ-ਸੰਪਦਾ ਤੋਂ ਖੁੰਝ ਜਾਉਗੇ। ਉਸ ਸੰਪਦਾ ਨੂੰ ਤਾਂ ਪ੍ਰੇਮੀ ਹੀ ਜਾਣਦੇ ਹਨ, ਪ੍ਰੇਮੀ ਹੀ ਪਾਂਦੇ ਹਨ।

ਸੋ ਮੇਰਾ ਨਿਵੇਦਨ ਹੈ : ਸ਼ਰਧਾ ਦੇ ਅਨੁਭਵ ਤੋਂ ਪਹਿਲਾਂ ਉਸ ਉਤੇ ਨਾਂ ਨਾ ਲਾਉ, ਲੇਬਲ ਨਾ ਲਾਉ। ਕਿਉਂਕਿ ਜਿਸ ਉਤੇ ਅਸੀਂ ਗ਼ਲਤ ਲੇਬਲ ਲਾ ਦਿੰਦੇ ਹਾਂ, ਉਸ ਤਰਫ ਅਸੀਂ ਜਾਣਾ ਬੰਦ ਕਰ ਦਿੰਦੇ ਹਾਂ।

ਤੁਸੀਂ ਖ਼ਿਆਲ ਕੀਤਾ ਕਿ ਜੇ ਮੰਦਰ ਦੇ ਦਰਵਾਜ਼ੇ ਉਤੇ ਲੇਬਲ ਲੱਗਿਆ ਹੋਵੇ 'ਗੁਸਲਖਾਨਾ', ਫਿਰ ਤੁਸੀਂ ਨਹੀਂ ਜਾਉਗੇ, ਫਿਰ ਜ਼ਰੂਰਤ ਕੀ ਰਹੀ ? ਗੱਲ ਖ਼ਤਮ ਹੋ ਗਈ। ਅਤੇ ਗੁਸਲਖਾਨੇ ਉਤੇ ਲੱਗਿਆ ਹੋਵੇ 'ਹਨੂੰਮਾਨ ਜੀ ਦਾ ਮੰਦਰ' ਚਲੋ, ਜਾਣਾ ਚਾਹੀਦਾ ਹੈ।

ਲੇਬਲ ਤੋਂ ਆਦਮੀ ਬੜਾ ਪ੍ਰਭਾਵਤ ਹੋ ਜਾਂਦਾ ਹੈ। ਇਸਲਈ ਲੇਬਲ ਬਹੁਤ ਸੋਚ ਸਮਝ ਕੇ ਲਾਉਣਾ। ਲੇਬਲਾਂ ਨਾਲ ਆਦਮੀ ਚਲਦੇ ਹਨ, ਅੰਦੋਲਤ ਹੋ ਜਾਂਦੇ ਹਨ। ਸ਼ਬਦ ਤੁਹਾਡੇ ਜੀਵਨ ਦਾ ਸੂਤਰਧਾਰ ਬਣ ਗਏ ਹਨ।

ਕੁਝ ਕਹੋ ਨਾ, ਲੇਬਲ ਨਾ ਲਾਵੋ। ਇਹ ਮੰਦਰ ਤੁਸੀਂ ਅਜੇ ਜਾਣਿਆ ਨਹੀਂ। ਇਸ ਸ਼ਰਧਾ ਦੇ ਮੰਦਰ ਵਿਚ ਕੁਝ ਕਦਮ ਰਖੋ। ਨਾ ਜਚੇ ਤਾਂ ਮੁੜ ਜਾਣਾ। ਪਰ ਇਕ ਵਾਰ ਸੁਆਦ ਤਾਂ ਲਵੋ। ਅਤੇ ਮੈਂ ਤੁਹਾਨੂੰ ਕਹਿੰਦਾ ਹਾਂ : ਜਿਸਨੇ ਵੀ ਸੁਆਦ ਲਿਆ ਉਹ ਕਦੇ ਮੁੜਿਆ ਨਹੀਂ। ਫਿਰ ਤੁਸੀਂ ਉਸਨੂੰ ਲੱਖ ਤਰਕ ਦੇ ਬਹਿਕਾਵੇ ਦਿਉ, ਉਹ ਕਹਿੰਦਾ ਹੈ ਰਖੋ ਆਪਣੇ ਖਿਡੌਣੇ ਆਪਣੇ ਕੋਲ। ਉਸਦੇ ਕੋਲ ਕੋਈ ਬਹੁਮੁੱਲੀ ਚੀਜ਼ ਹੱਥ ਵਿਚ ਆ ਗਈ ਹੈ। ਉਹ ਖਿਡੌਣਿਆਂ ਵਿਚ ਨਹੀਂ ਉਲਝਦਾ।

ਤਰਕ ਤਾਂ ਇਉਂ ਹੀ ਹੈ ਜਿਵੇਂ ਕੋਈ ਆਦਮੀ ਰੰਗੀਨ ਕੰਕਰ-ਪੱਥਰ ਚੁਗ ਰਿਹਾ ਹੋਵੇ। ਅਤੇ ਸ਼ਰਧਾ ਇਉਂ ਹੈ ਜਿਵੇਂ ਹੀਰਿਆਂ ਦੀ ਖਾਨ ਹੱਥ ਆ ਜਾਵੇ। ਜਿਸਨੂੰ ਹੀਰਿਆਂ ਦੀ ਖਾਨ ਹੱਥ ਲੱਗ ਗਈ, ਉਹ ਰੰਗੀਨ ਕੰਕਰ-ਪੱਥਰਾਂ ਵਿਚ ਨਹੀਂ ਉਲਝਦਾ: ਉਹ ਕਹਿੰਦਾ ਹੈ : ਤੂੰ ਹੀ ਖੇਡ ਭਰਾਵਾ। ਤੂੰ ਹੀ ਤੈਅ ਕਰ ਕਿ ਈਸ਼ਵਰ ਹੈ ਜਾਂ ਨਹੀਂ ? ਤੂੰ ਹੀ ਸਬੂਤ ਜੁਟਾ। ਤੂੰ ਹੀ ਵਿਵਾਦ ਕਰ। ਤੂੰ ਹੀ ਪੱਖਬਾਜੀ ਵਿਚ ਪੈ। ਅਸੀਂ ਤਾਂ ਡੁੱਬ ਗਏ। ਅਸੀਂ ਤਾਂ ਡੁੱਬ ਕੇ ਉਭਰ ਗਏ। ਹਾਲਾਂਕਿ ਜਿਹੜਾ ਕੰਢੇ 'ਤੇ ਖੜ੍ਹਾ ਹੈ ਉਹ ਕਹਿੰਦਾ ਹੈ ਕਿ ਇਹ ਕੀ ਮਾਮਲਾ ਹੈ, ਤੂੰ ਡੁੱਬ ਰਿਹਾ ਹੈਂ ਮਝਧਾਰ ਵਿਚ। ਅੱਪਰ ਉਸਨੂੰ ਪਤਾ ਨਹੀਂ, ਇਕ ਮਜ਼ਾ ਹੈ ਡੁੱਬਣ ਦਾ। ਡੁੱਬ ਕੇ ਉਭਰਨ ਦਾ ਇਕ ਰਾਹ ਹੈ। ਤਰਕ ਨਾਲ ਬੰਨ੍ਹੇ ਹੋਏ ਆਦਮੀ ਨੂੰ ਸ਼ਰਧਾਲੂ ਬੰਦਾ ਇਉਂ ਲਗਦਾ ਹੈ—ਗਿਆ ਵਿਚਾਰਾ ਕੰਮੋਂ, ਡੁੱਬਿਆ !

ਦਰਦੇ ਮੁਹੱਬਤ ਕੇ ਮਾਰੋਂ ਕੇ ਸਾਰੇ ਸਹਾਰੇ ਟੂਟ ਗਏ।
ਕਲ ਡੂਬੀ ਥੀ ਅਪਨੀ ਕਸ਼ਤੀ ਆਜ ਕਿਨਾਰੇ ਡੂਬ ਗਏ।।
ਤੁਮ ਤੂਫਾਨੋਂ ਸੇ ਘਬਰਾਏ ਤੁਮਨੇ ਸਾਹਿਲ ਥਾਮ ਲਿਆ।
ਹਮ ਤੂਫਾਨੋਂ ਸੇ ਟਕਰਾਏ, ਹਮ ਬੇਚਾਰੇ ਡੂਬ ਗਏ।।

ਦਿਲ ਵਾਲੋਂ ਕੀ ਹਿੰਮਤ ਦੇਖੋ ਦਿਲ ਵਾਲੋਂ ਕੀ ਕਿਸਮਤ ਦੇਖੋ।
ਦਿਲ ਕੇ ਸਹਾਰੇ ਚਲ ਨਿਕਲੇ ਥੇ, ਦਿਲ ਕੇ ਸਹਾਰੇ ਡੂਬ ਗਏ।।
ਕਸ਼ਤੀ ਕੇ ਕੁਛ ਕਾਮ ਨਾ ਆਈ, ਰਾਸ ਹਵਾ ਕੀ ਚਾਰਾਗਰੀ।
ਜੋ ਆਏ ਥੇ ਪਾਰ ਲਗਾਨੇ, ਸਾਥ ਹਮਾਰੇ ਡੂਬ ਗਏ।।
ਦਿਲ ਵਾਲੋਂ ਕੀ ਹਿੰਮਤ ਦੇਖੋ, ਦਿਲ ਵਾਲੋਂ ਕੀ ਕਿਸਮਤ ਦੇਖੋ।
ਦਿਲ ਕੇ ਸਹਾਰੇ ਚਲ ਨਿਕਲੇ ਥੇ, ਦਿਲ ਕੇ ਸਹਾਰੇ ਡੂਬ ਗਏ।।

ਪ੍ਰੇਮ ਡੋਬ ਦਿੰਦਾ ਹੈ। ਪ੍ਰੇਮ ਮਿਟਾ ਦਿੰਦਾ ਹੈ। ਤਰਕ ਬਚਾਉਂਦਾ ਹੈ। ਲੇਕਿਨ ਤਰਕ ਬਚਾਉਂਦਾ ਹੈ, ਇਸੇਲਈ ਤਾਂ ਤੁਸੀਂ ਹੰਕਾਰ ਨਾਲ ਘਿਰ ਜਾਂਦੇ ਹੋ। ਪ੍ਰੇਮ ਡੋਬ ਦਿੰਦਾ ਹੈ। ਹੰਕਾਰ ਚਲਿਆ ਜਾਂਦਾ ਹੈ। ਪ੍ਰੇਮ ਆਤਮਘਾਤ ਹੈ। ਲੇਕਿਨ ਉਸੇ ਆਤਮਘਾਤ ਵਿਚ ਪਰਮਾਤਮਾ ਦਾ ਫੁੱਲ ਖਿੜਦਾ ਹੈ। ਬਾਹਰ-ਬਾਹਰ ਤੋਂ ਦੇਖੋਗੇ ਤਾਂ ਮੁਸ਼ਕਲ ਵਿਚ ਪੈ ਜਾਓਗੇ, ਕੁਝ ਦਾ ਕੁਝ ਨਿਰਨਾ ਲੈ ਲਵੋਗੇ। ਮਝਧਾਰ ਵਿਚ ਕੋਈ ਡੁਬਦਾ ਹੋਵੇਗਾ, ਤਾਂ ਤੁਸੀਂ ਕਹੋਗੇ ਕਿ ਪਹਿਲਾਂ ਹੀ ਕਿਹਾ ਸੀ ਕਿ ਨਾ ਜਾ, ਇਉਂ ਨਾ ਉਤਰ ਅੰਨ੍ਹੇ ਦੀ ਤਰ੍ਹਾਂ, ਡੁੱਬ ਜਾਏਂਗਾ! ਅਸੀਂ ਭਲੇ, ਕੰਢੇ 'ਤੇ ਤਾਂ ਹਾਂ, ਬਚੇ ਤਾਂ ਹਾਂ।

ਔਪਰ ਤੁਹਾਨੂੰ ਪਤਾ ਹੀ ਨਹੀਂ, ਕਿ ਤੁਸੀਂ ਬਚਣ ਦੇ ਕਾਰਨ ਹੀ ਮਿਟ ਰਹੇ ਹੋ ਅਤੇ ਉਹ ਆਦਮੀ ਮਿਟਣ ਦੇ ਕਾਰਨ ਪਹੁੰਚ ਰਿਹਾ ਹੈ।

ਜੀਸਸ ਦਾ ਬਚਨ ਯਾਦ ਕਰੋ। ਜੀਸਸ ਨੇ ਕਿਹਾ ਹੈ : ਜਿਹੜੇ ਆਪਣੇ-ਆਪ ਨੂੰ ਬਚਾਉਣਗੇ ਉਹ ਆਪਣੇ-ਆਪ ਨੂੰ ਖੋ ਦੇਣਗੇ। ਅਤੇ ਜਿਹੜੇ ਆਪਣੇ-ਆਪ ਨੂੰ ਖੋਣ ਦੀ ਹਿੰਮਤ ਕਰਨਗੇ, ਉਹ ਬਚਾ ਲਏ ਗਏ।

ਆ ਸ਼ਰਧਾ ਦੇ ਮੰਦਰ ਵਿਚ! ਜ਼ਰਾ ਖੋਪੜੀ ਤੋਂ ਹੇਠਾਂ ਉਤਰ, ਚੰਦਰਸ਼ੇਖਰ! ਜ਼ਰਾ ਹਿਰਦੇ ਵਿਚ ਜਾ! ਵਿਚਾਰ ਨਾਲ ਉਤਰ ਜ਼ਰਾ ਭਾਵ ਵਿਚ-ਭਾਵ ਦੇ ਖੂਹ ਵਿਚ ਟੁੱਭੀ ਮਾਰ! ਸੰਨਿਆਸ ਦਾ ਹੋਰ ਕੋਈ ਅਰਥ ਨਹੀਂ ਹੁੰਦਾ।

ਹੁਣ ਤੂੰ ਪੁੱਛਦਾ ਹੈਂ : 'ਅਜੇ ਕੁਝ ਵਾਪਰਿਆ ਨਹੀਂ ਹੈ। ਸੰਨਿਆਸ ਲੈਣ ਦੀ ਇੱਛਿਆ ਨਾਲ ਇਥੇ ਆਇਆ ਹਾਂ।' ਉਹ ਇੱਛਿਆ ਵੀ ਤਰਕ ਦੇ ਹੀ ਕਾਰਨ ਹੋਵੇਗੀ। ਮੈਂ ਤੈਨੂੰ ਸੰਨਿਆਸ ਦੇਵਾਂਗਾ ਵੀ ਨਹੀਂ, ਜੇਕਰ ਤੂੰ ਤਰਕ ਦੇ ਕਾਰਨ ਲੈਣਾ ਚਾਹੇਂ। ਕਿਉਂਕਿ ਮੇਰਾ ਕੋਈ ਭਰੋਸਾ ਹੈ, ਅੱਜ ਮੈਂ ਇਕ ਗੱਲ ਆਖੀ, ਤੈਨੂੰ ਜਚ ਗਈ, ਕਲ੍ਹ ਮੈਂ ਉਲਟੀ ਗੱਲ ਕਹਿ ਦਿਆਂਗਾ, ਤੈਨੂੰ ਨਹੀਂ ਜਚੇਗੀ, ਫਿਰ ਤੂੰ ਬੜੀ ਮੁਸ਼ਕਲ ਵਿਚ ਪੈ ਜਾਏਂਗਾ। ਅਤੇ ਮੈਂ ਤਾਂ ਨਿੱਤ ਗੱਲਾਂ ਬਦਲਦਾ ਰਹਿੰਦਾ ਹਾਂ। ਜਿਨ੍ਹਾਂ ਦਾ ਪ੍ਰੇਮ ਦਾ ਨਾਤਾ ਹੈ ਉਹ ਹੀ ਟਿਕ ਪਾਂਦੇ ਹਨ ਮੇਰੇ ਕੋਲ। ਨਹੀਂ ਤਾਂ ਜਿਹੜਾ ਗੱਲ ਦੇ ਕਾਰਨ ਰੁਕਿਆ ਹੈ, ਇਕ ਦਿਨ ਰੁਕ ਜਾਂਦਾ ਹੈ, ਦੂਜੇ ਦਿਨ ਪਾਂਦਾ ਹੈ : ਇਹ ਤਾਂ ਮਾਮਲਾ ਗੜਬੜ ਹੋਇਆ, ਇਹ ਤਾਂ ਦੂਜੀ ਗੱਲ ਕਹਿ ਦਿਤੀ ਹੁਣ, ਇਹ ਤਾਂ ਜਚਦੀ ਨਹੀਂ। ਇਕ ਗੱਲ ਜਚ ਗਈ ਸੀ, ਰੁਕ ਗਿਆ ਸੀ: ਇਕ ਗੱਲ ਨਹੀਂ ਜਚਦੀ, ਹੁਣ ਕੀ ਕਰੇ? ਲੇਕਿਨ ਜਿਸਨੂੰ ਗੱਲ ਦਾ ਸਵਾਲ ਹੀ ਨਹੀਂ ਹੈ, ਜਿਸਨੂੰ ਮੈਂ ਜਚ ਗਿਆ, ਉਹ ਫਿਰ ਰੁਕਿਆ

ਹੈ। ਫਿਰ ਮੈਂ ਕਹਾਂ ਈਸ਼ਵਰ ਹੈ ਤਾਂ ਰੁਕਿਆ ਹੈ ਅਤੇ ਕਿਸੇ ਦਿਨ ਕਹਿ ਦਿਆਂ ਕੋਈ ਈਸ਼ਵਰ ਨਹੀਂ, ਤਾਂ ਵੀ ਉਹ ਫਿਕਰ ਨਹੀਂ ਕਰਦਾ, ਤਾਂ ਵੀ ਰੁਕਿਆ ਹੈ। ਉਹੀ ਸੰਨਿਆਸੀ ਹੈ। ਫਿਰ ਉਹ ਕਹਿੰਦਾ ਹੈ ਕਿ ਤੂੰ ਕੁਝ ਵੀ ਕਰ, ਤੂੰ ਕੁਝ ਵੀ ਆਖ, ਅਸੀਂ ਤਾਂ ਰੁਕ ਗਏ। ਹੁਣ ਸਾਡਾ ਇਥੋਂ ਜਾਣ ਦਾ ਸਵਾਲ ਹੀ ਨਹੀਂ ਉਠਦਾ। ਹੁਣ ਤੇਰੇ ਕਹਿਣ ਵਿਚ ਅਸੀਂ ਨਹੀਂ ਉਲਝਾਂਗੇ। ਹੁਣ ਤਾਂ ਕਹਿਣ ਦੇ ਪਿਛੇ ਜੋ ਛੁਪਿਆ ਹੈ, ਉਸਦੀ ਸਾਨੂੰ ਝਲਕ ਮਿਲਣ ਲੱਗੀ ਹੈ। ਹੁਣ ਤਾਂ ਉਸ ਨਾਲ ਸਾਡਾ ਸਬੰਧ ਹੋ ਗਿਆ ਹੈ।

ਤੇਰੇ ਮਨ ਵਿਚ ਇੱਛਿਆ ਉਠੀ ਹੋਵੇਗੀ। ਸੋਚਿਆ ਹੋਵੇਗਾ : 'ਕਿਤਾਬਾਂ ਪੜ੍ਹਨ ਵਿਚ ਇੰਨਾ ਅਨੰਦ ਆ ਰਿਹਾ ਹੈ, ਵਿਚਾਰ ਸਮਝਣ ਵਿਚ ਇੰਨਾ ਸੁਖ ਮਿਲ ਰਿਹਾ ਹੈ, ਕਿਉਂ ਨਾ ਸੰਨਿਆਸ ਲਈਏ ! ਸ਼ਾਇਦ ਹੋਰ ਜ਼ਿਆਦਾ ਅਨੰਦ ਮਿਲੇ !' ਤੂੰ ਝੰਜਟ ਵਿਚ ਪੈ ਜਾਏਂਗਾ। ਅਤੇ ਲੋਕਾਂ ਨੂੰ ਝੰਜਟ ਵਿਚ ਪਾਉਣਾ ਮੇਰਾ ਧੰਦਾ ਹੈ।

ਅਜੇਹਾ ਬਹੁਤ ਵਾਰ ਹੋ ਜਾਂਦਾ ਹੈ, ਇਕ ਆਦਮੀ ਇਕ ਗੱਲ ਮੇਰੀ ਸੁਣ ਲੈਂਦਾ ਹੈ, ਉਸਨੂੰ ਬਿਲਕੁਲ ਜਚ ਜਾਂਦੀ ਹੈ, ਫਿਰ ਦੂਜੇ ਦਿਨ ਮੈਂ ਜ਼ਿਆਦਾ ਦੇਰ ਉਸ ਗੱਲ ਨੂੰ ਟਿਕਣ ਨਹੀਂ ਦਿੰਦਾ। ਮੈਂ ਵਿਰੋਧਭਾਸੀ ਹਾਂ। ਮੈਂ ਖ਼ੁਦ ਹੀ ਉਸਦਾ ਖੰਡਣ ਕਰ ਦਿੰਦਾ ਹਾਂ। ਕਿਉਂਕਿ ਮੈਂ ਤੁਹਾਨੂੰ ਕਿਸੇ ਗੱਲ ਵਿਚ ਉਲਝਾਉਣਾ ਨਹੀਂ ਹੈ, ਇਸਲਈ ਖੰਡਣ ਕਰ ਦਿੰਦਾ ਹਾਂ। ਮੈਂ ਤੁਹਾਨੂੰ ਉਥੇ ਲੈ ਚਲਣਾ ਚਾਹੁੰਦਾ ਹਾਂ ਜਿਥੇ ਸਭ ਗੱਲਾਂ ਖ਼ਤਮ ਹੋ ਜਾਂਦੀਆਂ ਹਨ। ਇਸਲਈ ਕਹਿੰਦਾ ਹਾਂ ਅਤੇ ਮਿਟਾਉਂਦਾ ਚਲਦਾ ਹਾਂ। ਇਕ ਹੱਥ ਨਾਲ ਬਣਾਉਂਦਾ ਹਾਂ, ਇਕ ਹੱਥ ਨਾਲ ਮਿਟਾਉਂਦਾ ਹਾਂ। ਕਿਉਂਕਿ ਤੁਹਾਨੂੰ ਲੈ ਚੱਲਣਾ ਹੈ ਉਥੇ ਜਿਥੇ ਸਭ ਵਿਚਾਰ ਸ਼ੂਨਯ ਹੋ ਜਾਂਦੇ ਹਨ, ਜਿਥੇ ਸਭ ਤਰਕ ਅਲੋਪ ਹੋ ਜਾਂਦੇ ਹਨ, ਜਿਥੇ ਚਿੱਤ ਵਿਚ ਕੋਈ ਤਰੰਗ ਨਹੀਂ ਹੁੰਦੀ, ਜਿਥੇ ਸਭ ਨਿਸਤਰੰਗ ਹੋ ਜਾਂਦਾ ਹੈ। ਤੁਹਾਨੂੰ ਇਕ ਤਰੰਗ ਪਸੰਦ ਹੈ, ਤੁਸੀਂ ਮੇਰੇ ਕੋਲ ਆ ਗਏ। ਕਲ੍ਹ ਮੈਂ ਉਸ ਤਰੰਗ ਨੂੰ ਮਿਟਾਵਾਂਗਾ, ਫਿਰ ਤੁਹਾਡੇ ਪ੍ਰਾਣਾਂ ਉਤੇ ਬੜੀ ਬੁਰੀ ਬੀਤੇਗੀ।

ਅਜੇਹਾ ਇਹਨਾਂ ਵੀਹ ਵਰ੍ਹਿਆਂ ਵਿਚ ਅਨੇਕਾਂ ਵਾਰ ਹੋਇਆ ਹੈ। ਅਨੇਕਾਂ ਤਰ੍ਹਾਂ ਦੇ ਲੋਕ ਮੇਰੇ ਕੋਲ ਆਏ ਅਤੇ ਗਏ। ਇਹ ਮੇਰੀ ਲੋਕਾਂ ਨੂੰ ਛਾਂਟਣ ਦੀ ਪਰਕਿਰਿਆ ਹੈ। ਔਪਰ ਕੁਝ ਲੋਕ ਬੈਠੇ ਹਨ ਸੋ ਬੈਠੇ ਹਨ। ਦੇਖਿਆ, ਤਰੂ ਕਿਵੇਂ ਪੈਰ ਪਸਾਰ ਕੇ ਬੈਠੀ ਹੈ ! ਕੁਝ ਲੋਕ ਬੈਠੇ ਹਨ ਸੋ ਬੈਠੇ ਹਨ। ਉਹਨਾਂ ਨੇ ਬੈਠਕ ਮਾਰ ਲਈ ਹੈ। ਉਹ ਕਹਿੰਦੇ ਹਨ : ਤੂੰ ਕਿੰਨਾ ਹੀ ਧੱਕਾ ਦੇ, ਤੂੰ ਇਹ ਕਹਿ, ਉਹ ਕਹਿ, ਅਸੀਂ ਸੁਣਦੇ ਨਹੀਂ। ਸਾਨੂੰ ਸ਼ਬਦਾਂ ਤੋਂ ਜ਼ਿਆਦਾ ਕੁਝ ਅਨੁਭਵ ਵਿਚ ਆਉਣਾ ਸ਼ੁਰੂ ਹੋਇਆ ਹੈ। ਉਹ ਹੀ ਸੰਨਿਆਸੀ ਹੈ—ਜਿਹੜੇ ਇਉਂ ਬੈਠ ਗਏ।

ਤਾਂ ਚੰਦਰਸ਼ੇਖਰ ! ਤਿਆਰੀ ਹੋਵੇ ਸੰਨਿਆਸ ਦੀ ਤਾਂ ਤਰਕ ਨਾਲ ਨਾ ਲਵੀਂ। ਪ੍ਰੇਮ ਨਾਲ ਲਵੀਂ। ਤਦ ਕੁਝ ਹੋਵੇਗਾ। ਤਰਕ ਨਾਲ ਲਵੇਂ, ਝੰਜਟ ਆਏਗੀ। ਪਹਿਲਾਂ ਤਾਂ ਤਰਕ ਨਾਲ ਲਿਆ ਤਾਂ ਅਸਲੀ ਸੰਨਿਆਸ ਤਾਂ ਵਾਪਰੇਗਾ ਹੀ ਨਹੀਂ। ਅਤੇ ਜਦ ਅਸਲੀ ਸੰਨਿਆਸ ਨਹੀਂ ਵਾਪਰੇਗਾ, ਤੂੰ ਦੋ–ਚਾਰ ਦਿਨ ਬਾਅਦ ਸੋਚੇਂਗਾ : ਸੰਨਿਆਸ ਵੀ ਲੈ ਲਿਆ, ਕੁਝ ਵੀ ਨਹੀਂ ਹੋ ਰਿਹਾ ਹੈ। ਅਜੇ ਵੀ ਕੁਝ ਵਾਪਰਿਆ ਨਹੀਂ ਹੈ ! ਇਹ ਤਾਂ ਕੀ ਹੋਈ ਗੱਲ ? ਗੈਰਿਕ

ਰੰਗ ਵਿਚ ਰੰਗੇ ਗਏ, ਪਾਗਲ ਬਣੇ। ਹੁਣ ਮਾਲਾ ਪਹਿਨ ਕੇ ਜਿਥੇ ਜਾਂਦੇ ਹਾਂ, ਲੋਕ ਹੱਸਦੇ ਹਨ। ਅਤੇ ਕੁਝ ਵਾਪਰਿਆ ਵੀ ਨਹੀਂ ਹੈ—ਨਾ ਪਰਮਾਤਮਾ ਮਿਲਿਆ, ਨਾ ਮੋਕੱਛ, ਨਾ ਧਿਆਨ—ਕੁਝ ਵੀ ਨਹੀਂ ਹੋਇਆ।

ਸੰਨਿਆਸ ਹੀ ਨਹੀਂ ਹੋਇਆ, ਇਸਲਈ ਕੁਝ ਹੋਰ ਤਾਂ ਹੋਵੇਗਾ ਹੀ ਨਹੀਂ। ਸੰਨਿਆਸ ਹੀ ਤਰਕ ਨਾਲ ਲਿਆ ਸੀ, ਹਿਸਾਬ ਨਾਲ ਲਿਆ ਸੀ, ਗਣਿਤ ਨਾਲ ਲਿਆ ਸੀ, ਸਮਝਦਾਰੀ ਨਾਲ ਲਿਆ ਸੀ। ਨਾਸਮਝੀ ਨਾਲ ਛਲਾਂਗ ਲਾਉ। ਪਾਗਲਪਣ ਨਾਲ ਛਲਾਂਗ ਲਾਉ। ਤਰਕ ਵਗੈਰਾ ਹਟਾ ਕੇ ਰਖ ਦਿਉ। ਮੈਨੂੰ ਦੇਖੋ! ਮੈਂ ਕੀ ਕਹਿ ਰਿਹਾ ਹਾਂ, ਇਸਦੀ ਫਿਕਰ ਨਾ ਕਰੋ। ਮੇਰੇ ਸ਼ਬਦਾਂ ਦੇ ਵਿਚ-ਵਿਚਾਲੇ ਵਿਚ ਜੋ ਖ਼ਾਲੀ ਜਗ੍ਹਾ ਹੈ, ਉਸਨੂੰ ਸੁਣੋ। ਪੰਗਤੀਆਂ ਦੇ ਵਿਚਾਲੇ ਜੋ ਸੱਖਣਾ ਸਥਾਨ ਹੈ, ਉਸ ਵਿਚ ਟੁੱਭੀ ਮਾਰੋ, ਤਾਂ ਤੁਸੀਂ ਮੈਨੂੰ ਸਮਝੋ। ਤਾਂ ਇਸ਼ਾਰਾ ਪਛਾਣ ਲਿਆ ਜਾਏਗਾ। ਤਦ ਇਕ ਸੰਨਿਆਸ ਵਾਪਰੇਗਾ, ਜਿਸ ਵਿਚ ਨਿੱਤ-ਨਿੱਤ ਤੁਸੀਂ ਮੇਰੇ ਕਰੀਬ ਆਉਂਦੇ ਚਲੇ ਜਾਉਗੇ। ਅਤੇ ਉਸੇ ਕਰੀਬ ਆਉਣ ਵਿਚ ਕਲੀਆਂ ਖਿੜਨਗੀਆਂ, ਫੁੱਲ ਉਭਰਨਗੇ, ਤਾਰੇ ਨਿਕਲਣਗੇ। ਉਹ ਸਭ ਆਪਣੇ-ਆਪ ਹੋ ਜਾਂਦਾ ਹੈ।

ਐਪਰ ਪਹਿਲਾਂ ਗੱਲ ਪਹਿਲੀ ਵਾਪਰਨੀ ਚਾਹੀਦੀ ਹੈ। ਪਹਿਲੀ ਹੀ ਨਾ ਵਾਪਰ ਪਾਏ ਤਾਂ ਮੁਸ਼ਕਲ ਹੋ ਜਾਂਦੀ ਹੈ। ਪਹਿਲੀ ਵਾਪਰ ਗਈ ਤਾਂ ਬਾਕੀ ਸਭ ਤਾਂ ਵਾਪਰਦੀਆਂ ਹਨ। ਬੀ ਬੀਜ ਦਿਤਾ ਤਾਂ ਫਿਰ ਥੋੜ੍ਹੀ ਦੇਰ-ਸਵੇਰ ਵਰਖਾ ਵੀ ਆਏਗੀ, ਅੰਕੁਰ ਵੀ ਫੁੱਟਣਗੇ। ਲੇਕਿਨ ਬੀਜ ਹੀ ਨਾ ਬੀਜਿਆ ਹੋਵੇ ਤਾਂ ਵਰਖਾ ਵੀ ਆ ਜਾਵੇ, ਅੰਕੁਰ ਕਿਥੋਂ ਫੁੱਟਣਗੇ?

ਅਤੇ ਖ਼ਿਆਲ ਰਖਣਾ, ਬੀਜ ਸ਼ਰਧਾ ਦਾ ਹੁੰਦਾ ਹੈ, ਤਰਕ ਦਾ ਕੋਈ ਬੀਜ ਨਹੀਂ ਹੁੰਦਾ। ਤਰਕ ਤਾ ਕੰਕਰ ਹੈ—ਬਾਂਝ! ਉਸ ਵਿਚੋਂ ਪੈਦਾ ਨਾ ਕਦੇ ਹੋਇਆ ਹੈ, ਨਾ ਕਦੇ ਕੁਝ ਹੋ ਸਕਦਾ ਹੈ। ਬੁੱਧੀ ਤਾਂ ਬਾਂਝ ਹੈ। ਜੋ ਕੁਝ ਵੀ ਪੈਦਾ ਹੁੰਦਾ ਹੈ, ਹਿਰਦੇ ਤੋਂ ਪੈਦਾ ਹੁੰਦਾ ਹੈ। ਹਿਰਦੇ ਨਾਲ ਸੰਨਿਆਸ ਲਵੋ, ਤਾਂ ਬਹੁਤ-ਕੁਝ ਵਾਪਰੇਗਾ। ਨਿੱਤ-ਨਿੱਤ ਵਾਪਰਦਾ ਜਾਏਗਾ। ਤੁਸੀਂ ਭਰੋਸਾ ਹੀ ਨਾ ਕਰ ਸਕੋਗੇ ਕਿ ਕਿਵੇਂ ਵਾਪਰ ਰਿਹਾ ਹੈ, ਕਿਸ ਸ਼ੂੰਨਯ ਤੋਂ ਵਾਪਰਦਾ ਜਾ ਰਿਹਾ ਹੈ। ਪਹਿਲੀ ਗੱਲ ਵਾਪਰ ਗਈ ਤਾਂ ਬਾਕੀ ਸਭ ਆਪਣੇ-ਆਪ ਵਾਪਰ ਜਾਂਦਾ ਹੈ।

ਆਖ਼ਰੀ ਸਵਾਲ—

ਆਂਖਿਨ ਮੇਂ ਤਿਮਿਰ ਅਮਾਵਸ ਕੀ ਰੈਨ ਜਿਮਿ।
ਜੰਬੁਨਦ ਬੁੰਦ ਜਮੁਨਾ ਜਲ ਤਰੰਗ ਮੇਂ।।
ਯੋਂ ਹੀ ਮੇਰੋ ਮਨ ਮੇਰੋ ਕਾਮ ਕੋ ਨਾ ਰਹਯੋ ਮਾਈ।
ਰਜਨੀਸ਼ ਰੰਗ ਹੈ ਕਰਿ ਸਮਾਨੋ ਰਜਨੀਸ਼ ਰੰਗ ਮੇਂ।।

ਸ਼ਿਵਾਨੰਦ, ਧੰਨਭਾਗੀ ਹੈਂ ਤੂੰ! ਇਹ ਰੰਗ ਮੇਰਾ ਨਹੀਂ, ਪਰਮਾਤਮਾ ਦਾ ਰੰਗ ਹੈ। ਤੈਨੂੰ ਤਾਂ ਮੈਂ ਦਿਖਾਈ ਪੈ ਰਿਹਾ ਹਾਂ, ਮੈਨੂੰ ਪਰਮਾਤਮਾ ਦਿਖਾਈ ਪੈ ਰਿਹਾ ਹੈ। ਤੂੰ ਮੇਰੇ ਰੰਗ ਵਿਚ ਡੁੱਬ ਰਿਹਾ ਹੈਂ: ਮੇਰਾ ਕੋਈ ਰੰਗ ਨਹੀਂ ਹੈ, ਇਹ ਰੰਗ ਪਰਮਾਤਮਾ ਦਾ ਹੀ ਹੈ। ਛੇਤੀ ਹੀ ਤੂੰ ਪਾਏਂਗਾ, ਡੁੱਬ-ਡੁੱਬ ਕੇ ਪਾਏਂਗਾ ਕਿ ਮੈਂ ਤਾਂ ਵਿਚਾਲਿਉਂ ਹਟ ਗਿਆ, ਪਰਮਾਤਮਾ ਪਰਗਟ ਹੋ ਗਿਆ। ਗੁਰੂ ਦਾ ਇੰਨਾ ਹੀ ਅਰਥ ਹੈ।

ਗੁਰੂ ਦਾ ਇਕ ਹੱਥ ਪਰਮਾਤਮਾ ਦੇ ਹੱਥ ਵਿਚ ਹੈ ਅਤੇ ਇਕ ਹੱਥ ਸ਼ਿੱਸ਼ ਦੇ ਹੱਥ ਵਿਚ। ਇਉਂ ਗੁਰੂ ਪੁਲ ਬਣ ਜਾਂਦਾ ਹੈ। ਗੁਰੂ 'ਤੇ ਰੁਕਣਾ ਨਹੀਂ ਹੈ। ਗੁਰੂ ਤੋਂ ਪਾਰ ਹੋ ਜਾਣਾ ਹੈ। ਗੁਰੂ ਦਾ ਸਹਾਰਾ ਲੈ ਕੇ ਉਸ ਜਗ੍ਹਾ ਪਹੁੰਚ ਜਾਣਾ ਹੈ ਜਿਥੇ ਸਹਾਰੇ ਦੀ ਜ਼ਰੂਰਤ ਨਾ ਰਹਿ ਜਾਵੇ।

ਤਾਂ ਮੈਂ ਤੁਹਾਨੂੰ ਆਪਣੇ ਰੰਗ ਵਿਚ ਵੀ ਰੰਗਦਾ ਹਾਂ, ਅਤੇ ਫਿਰ ਛੇਤੀ ਹੀ ਤੁਹਾਨੂੰ ਯਾਦ ਵੀ ਦਿਵਾਉਂਦਾ ਹਾਂ ਕਿ ਇਹ ਮੇਰਾ ਰੰਗ ਨਹੀਂ ਹੈ। ਮੇਰਾ ਰੰਗ ਕੀ ਹੋਵੇਗਾ? ਮੈਂ ਹੀ ਨਹੀਂ ਹਾਂ, ਮੇਰਾ ਰੰਗ ਕੀ ਹੋਵੇਗਾ? ਰੰਗ ਤਾਂ ਉਸਦਾ ਹੀ ਹੈ। ਮੈਂ ਤਾਂ ਸਿਰਫ ਪੁਰਜ਼ਾ ਹਾਂ।

ਇਉਂ ਸਮਝੋ ਕਿ ਮੈਂ ਪਿਚਕਾਰੀ ਹਾਂ, ਰੰਗ ਉਸਦਾ ਹੈ। ਪਿਚਕਾਰੀ ਦਾ ਕੋਈ ਰੰਗ ਹੁੰਦਾ ਹੈ? ਬੰਸਰੀ ਹਾਂ। ਸੁਰ ਉਸਦਾ ਹੈ। ਬੰਸਰੀ ਦਾ ਕੋਈ ਸੁਰ ਹੁੰਦਾ ਹੈ? ਤੁਹਾਨੂੰ ਬੰਸਰੀ ਦਿਖਾਈ ਪੈ ਰਹੀ ਹੈ, ਕਿਉਂਕਿ ਉਸਦੇ ਅਦ੍ਰਿਸ਼ ਬੁੱਲ੍ਹ ਦੇਖਣ ਦੀ ਅਜੇ ਤੁਹਾਡੀ ਸਮਰੱਥਾ ਨਹੀਂ। ਲੇਕਿਨ ਬੰਸਰੀ ਵੀ ਦਿਖਾਈ ਪੈ ਗਈ ਹੈ, ਤਾਂ ਬਹੁਤੀ ਦੇਰ ਨਹੀਂ ਲੱਗੇਗੀ, ਉਸਦੇ ਅਦ੍ਰਿਸ਼ ਬੁੱਲ੍ਹ ਵੀ ਛੇਤੀ ਹੀ ਦ੍ਰਿਸ਼ ਹੋ ਜਾਣਗੇ।

ਜਿਸਨੂੰ ਗੁਰੂ ਦਿਖਾਈ ਪੈ ਗਿਆ, ਉਸਨੂੰ ਪਰਮਾਤਮਾ ਦਿਖਾਈ ਪੈਣਾ ਬਹੁਤ ਦੂਰ ਨਹੀਂ ਹੈ। ਅੱਧੀ ਯਾਤਰਾ ਪੂਰੀ ਹੋ ਗਈ।

ਤੂੰ ਧੰਨਭਾਗੀ ਹੈਂ! ਡੁੱਬ ਇਸ ਰੰਗ ਵਿਚ! ਡੁੱਬਦਾ ਚਲਿਆ ਜਾ। ਛੇਤੀ ਹੀ ਤੂੰ ਪਾਏਂਗਾ ਕਿ ਚੱਲਿਆ ਤਾਂ ਤੂੰ ਸੀ ਮੇਰੇ ਵਿਚ ਡੁੱਬਣ, ਡੁੱਬ ਗਿਆ ਪਰਮਾਤਮਾ ਵਿਚ। ਮੈਂ ਤੇਰੇ ਲਈ ਦੁਆਰ ਹੋ ਜਾਵਾਂ, ਇੰਨਾ ਹੀ ਇਸ ਸੰਨਿਆਸ ਦਾ ਉਦੇਸ਼ ਹੈ।

ਆਂਖਿਨ ਮੇਂ ਤਿਮਿਰ ਅਮਾਵਸ ਕੀ ਰੈਨ ਜਿਮਿ

ਜੰਬੁਨਦ-ਬੂੰਦ ਜਮੁਨਾ ਜਲ ਤਰੰਗ ਮੇਂ

ਇਉਂ ਹੀ ਡੁੱਬ ਜਾ!

ਯੂੰ ਹੀ ਮੇਰੋ ਮਨ ਮੇਰੇ ਕਾਮ ਕੋ ਰਹਯੋ ਨਾ ਮਾਈ।

ਠੀਕ ਕਹਿ ਰਿਹਾ ਹੈਂ। ਨਾਕਾਮ ਹੋਇਆ ਤਾਂ ਕੰਮ ਦਾ ਹੋਇਆ। ਹੁਣ ਤੇਰਾ ਮਨ ਤੇਰਾ ਨਾ ਰਹਿ ਜਾਏਗਾ। ਤੂੰ ਹਟੇਂਗਾ, ਮੈਂ ਤੇਰੀ ਜਗ੍ਹਾ ਬਰਾਜਮਾਨ ਹੋ ਜਾਵਾਂਗਾ। ਅਤੇ ਫਿਰ ਦੂਜੇ ਕਦਮ ਵਿਚ, ਅੱਧੀ ਯਾਤਰਾ ਵਿਚ, ਮੈਂ ਵੀ ਅਲੋਪ

ਹੋ ਜਾਵਾਂਗਾ ਅਤੇ ਪਰਮਾਤਮਾ ਹੀ ਬਾਕੀ ਰਹਿ ਜਾਏਗਾ।

ਅਜੇਹੀ ਇਸ ਅਨੋਖੀ ਯਾਤਰਾ ਉੱਤੇ ਤੂੰ ਨਿਕਲ ਪਿਐਂ ਅਤੇ ਇਹ ਅਨੋਖੀ ਯਾਤਰਾ ਵੀ ਤੂੰ ਅੱਧੀ ਪੂਰੀ ਕਰ ਲਈ, ਇਹਦੇ ਲਈ ਤੇਰਾ ਧੰਨਵਾਦ ਕਰਦਾ ਹਾਂ। ਸਾਧੂ! ਸਾਧੂ!

ਅੱਜ ਇੰਨਾ ਹੀ।

੧

ਸਤਿਗੁਰੂ ਦੀ ਮਹਿਮਾ

ਧੀਰਜਵੰਤ ਅਡਿੱਗ ਜਿਤੇਂਦ੍ਰਿਯ ਨਿਰਮਲ ਗਿਆਨ ਗਹਯੌ ਦ੍ਰਿੜੁ ਆਦੂ।
ਸ਼ੀਲ ਸੰਤੋਸ਼ ਛਮਾ ਜਿਨਕੇ ਘਟ ਲਾਗਿ ਰਹਯੌ ਸੁ ਅਨਾਹਦ ਨਾਦੂ॥
ਮੇਸ਼ ਨਾ ਪੱਕਛ ਨਿਰੰਤਰ ਲੱਕਛ ਜੁ ਔਰ ਨਹੀਂ ਕਛੂ ਵਾਦ-ਵਿਵਾਦੂ।
ਯੇ ਸਬ ਲੱਕਛਨ ਹੈਂ ਜਿਨ ਮਾਂਹਿ ਸੁ ਸੁੰਦਰ ਕੈ ਉਰ ਹੈਂ ਗੁਰੁ ਦਾਦੂ॥

ਕੋਊਕ ਗੋਰਖ ਕੌ ਗੁਰੁ ਥਾਪਤ, ਕੋਊਕ ਦੱਤ ਦਿਗੰਬਰ ਆਦੂ।
ਕੋਊਕ ਕੰਥਰ ਕੋਊ ਭਰਥੱਰ ਕੋਊ ਕਬੀਰ ਕੋਊ ਰਾਖਤ ਨਾਦੂ॥
ਕੋਈ ਕਹੇ ਹਰਿਦਾਸ ਹਮਾਰੇ ਜੁ ਯੌਂ ਕਰਿ ਠਾਨਤ ਵਾਦ-ਵਿਵਾਦੂ।
ਔਰ ਤੌ ਸੰਤ ਸਬੈ ਸਿਰਿ ਊਪਰ, ਸੁੰਦਰ ਕੈ ਉਰ ਹੈ ਗੁਰੁ ਦਾਦੂ॥

ਗੋਵਿੰਦ ਕੇ ਕਿਯੇ ਜੀਵ ਜਾਤ ਹੈ ਰਸਾਤਲ ਕੌ
ਗੁਰੁ ਉਪਦੇਸ਼ੇ ਸੁ ਤੌ ਛੁਟੇ ਜਮਫੰਦ ਤੇਂ
ਗੋਵਿੰਦ ਕੇ ਕਿਯੇ ਜੀਵ ਬਸ ਪਰੇ ਕਰਮਨਿ ਕੈ
ਗੁਰੂ ਕੇ ਨਿਵਾਜੇ ਸੋ ਫਿਰਤ ਹੈਂ ਸੁੱਚਛੰਦ ਤੇਂ॥

ਗੋਵਿੰਦ ਕੇ ਕਿਯੇ ਜੀਵ ਬੂੜਤ ਭੌਸਾਗਰ ਮੇਂ,
ਸੁੰਦਰ ਕਹਤ ਗੁਰੂ ਕਾੜ੍ਹੇ ਦੁਖਦ੍ਵੰਦ ਤੇਂ।
ਔਰਊ ਕਹਾਂਲੌਂ ਕਛੂ ਮੁਖ ਤੇਂ ਕਹੇ ਬਤਾਇ,
ਗੁਰੁ ਕੀ ਤੋ ਮਹਿਮਾ ਅਧਿਕ ਹੈ ਗੋਵਿੰਦ ਤੇਂ।

ਗਿਆਨ ਕੀ ਧਰਤੀ
ਲਗਨ ਕੀ
ਸਾਧਨਾ ਕੇ ਨੀਰ ਸੀਂਚੀ
ਭਾਵਨਾ ਕੀ ਖਾਦ ਡਾਲੀ
ਰਿਤੁ ਸਮਯ ਸੇ
ਪ੍ਰੇਮ ਕੇ ਕੁਛ
ਬੀਜ ਬੋਏ—
ਕਲ
ਉਗੇਂਗੇ ਅਰੁਣ ਅੰਕੁਰ
ਕਸਮਸਾਕਰ
ਤੋੜ ਮਿੱਟੀ ਕੀ
ਤਰੁਣ ਸੋਂਧੀ ਪਰਤ ਕੋ
ਧੂਪ ਨੂਤਨ ਰੂਪ ਦੇਗੀ
ਮੇਘ ਵਰਸ਼ਾ ਮੇਂ
ਸਘਨ ਘਿਰ ਕਰ
ਬਰਸ ਕਰ
ਤਰ ਕਰੇਂਗੇ ਮੂਲ ਤਕ ਕੋ
ਗੰਧ ਫੂਟੇਗੀ ਗਮਕ ਕਰ
ਗਾਂਵ ਵਨ ਉਪਵਨ—
ਹੰਸੇਗੇ—
ਘਰ ਨਯੇ ਉਜੜੇ ਬਸੇਂਗੇ
ਪ੍ਰਾਣ ਪ੍ਰਾਣੋਂ ਸੇ ਜੁੜੇਂਗੇ
ਮੁੱਕਤਿ ਕਣ–ਕਣ ਕੋ ਛੂਏਗੀ
ਸ਼ਰਦ ਕੀ ਗੀਲੀ ਹਵਾਏਂ
ਕੇ ਪਰਸ ਸੇ
ਨਯੇ ਪੱਤੇ, ਨਯੇ ਕੱਲੇ
ਨਯੀ ਕਲੀਆਂ, ਖਿਲ ਉਠੇਂਗੀ
ਰੰਗ ਫੂਟੇਂਗੇ ਧਰਾ ਪਰ

ਇੰਦਰਧਨੁਸ਼ੀ—
ਸੁਰਭਿ ਸੇ ਉੱਦਯਾਨ ਮਹਕੇਗਾ ਅਨਵਰਤ—
ਕਰਮ—ਸ਼੍ਰਮ ਨਿੱਸ਼ਫਲ ਕਭੀ ਹੋਤਾ ਨਹੀਂ ਹੈ—
ਹੈ ਅਟਲ ਵਿਸ਼ਵਾਸ ਸੁਖ ਕੇ
ਸ਼ਾਂਤਿ ਕੇ ਆਨੰਦ ਕੇ ਫਲ—ਫੂਲ
ਨਿਸ਼ਚਿਤ ਹੀ ਮਿਲੇਂਗੇ।

ਜੀਵਨ ਜਿੰਨਾ ਤੁਸੀਂ ਮੰਨ ਰਖਿਆ ਹੈ, ਉੰਨਾ ਨਹੀਂ ਹੈ। ਜੀਵਨ ਬਹੁਤ ਵੱਡਾ ਹੈ। ਤੁਸੀਂ ਤਾਂ ਜੀਵਨ ਦੇ ਪਹਿਲੇ ਪੜਾਅ ਨੂੰ ਹੀ ਮੰਜ਼ਲ ਮੰਨ ਲਿਆ ਹੈ। ਇਸ ਤੋਂ ਹੀ ਦੁਖੀ ਹੋ। ਜਿਵੇਂ ਕੋਈ ਬੀਜ ਨੂੰ ਹੀ ਫੁੱਲ ਮੰਨ ਲਵੇ। ਇਸ ਤੋਂ ਪਰੇਸ਼ਾਨ ਹੋਵੇ। ਨਿਗੂਣੇ ਨੂੰ ਵਿਰਾਟ ਮੰਨ ਲਿਆ ਹੈ। ਅਸਾਰ ਨੂੰ ਸਾਰ ਮੰਨ ਲਿਆ ਹੈ। ਰਾਤ ਨੂੰ ਹੀ ਦਿਨ ਮੰਨ ਕੇ ਬੈਠ ਗਏ ਹੋ। ਫਿਰ ਟਕਰਾਂਦੇ ਹੋ ਹਨੇਰੇ ਵਿਚ। ਫਿਰ ਭਰਮਾਂਦੇ ਹੋ ਖ਼ੁਦ ਨੂੰ।

ਅਤੇ ਸਵੇਰ ਹੋ ਸਕਦੀ ਹੈ। ਅਤੇ ਸਵੇਰ ਦੀ ਸੰਭਾਵਨਾ ਲੈ ਕੇ ਤੁਸੀਂ ਪੈਦਾ ਹੋਏ ਹੋ।

ਆਤਮਾ ਦਾ ਹੋਰ ਕੀ ਅਰਥ ਹੈ?—ਸਵੇਰ ਦੀ ਸੰਭਾਵਨਾ।

ਆਤਮਾ ਦਾ ਹੋਰ ਕੀ ਅਰਥ ਹੈ?—ਕਿ ਦੇਹ 'ਤੇ ਅਸੀਂ ਸਮਾਪਤ ਨਹੀਂ ਹਾਂ।

ਆਤਮਾ ਦਾ ਹੋਰ ਕੀ ਅਰਥ ਹੈ? —ਨਿਗੂਣੇ ਦੇ ਪਿਛੇ ਵਿਰਾਟ ਛੁਪਿਆ ਹੈ; ਕਿ ਰੂਪ ਦੇ ਪਿਛੇ ਅਰੂਪ ਛੁਪਿਆ ਹੈ; ਕਿ ਗੁਣ ਦੀਆਂ ਤਾਂ ਤਰੰਗਾਂ ਹਨ, ਸਾਗਰ ਨਿਰਗੁਣ ਦਾ ਹੈ। ਲੇਕਿਨ ਜੋ ਮਿਲਿਆ ਹੈ, ਬੀਜ ਦੀ ਤਰ੍ਹਾਂ ਮਿਲਿਆ ਹੈ। ਅਤੇ ਇਹ ਸ਼ੁਭ ਹੈ ਕਿ ਬੀਜ ਦੀ ਤਰ੍ਹਾਂ ਮਿਲਿਆ ਹੈ। ਕਿਉਂਕਿ ਜਦ ਫੁੱਲ, ਤੁਸੀਂ ਖ਼ੁਦ ਮਿਹਨਤ ਕਰੋਗੇ ਅਤੇ ਖਿੜੇਗਾ, ਤਾਂ ਅਨੰਦ ਦੀ ਵਰਖਾ ਹੋਵੇਗੀ। ਜੇਕਰ ਫੁੱਲ ਤੁਹਾਨੂੰ ਐਵੇਂ ਹੀ ਮਿਲ ਜਾਵੇ, ਮੁਫਤ ਮਿਲ ਜਾਵੇ, ਤਾਂ ਤੁਹਾਡੇ ਜੀਵਨ ਵਿਚ ਅਨੰਦ ਦੀ ਕੋਈ ਸੰਭਾਵਨਾ ਨਾ ਰਹਿ ਜਾਏਗੀ। ਪਰਮਾਤਮਾ ਨੇ ਸਿਰਫ ਮੌਕਾ ਦਿਤਾ ਹੈ।

ਇਕ ਸਮਰਾਟ ਆਪਣੇ ਤਿੰਨ ਬੇਟਿਆਂ ਵਿਚ ਸੰਪਤੀ ਵੰਡਣਾ ਚਾਹੁੰਦਾ ਸੀ। ਕਿਸਨੂੰ ਰਾਜ ਦੇਵੇ, ਕਿਸਨੂੰ ਕਿੰਨੀ ਸੰਪਤੀ ਦੇਵੇ, ਕਿਵੇਂ ਵੰਡੇ—ਬੜੀ ਉਲਝਣ ਵਿਚ ਸੀ। ਇਕ ਫ਼ਕੀਰ ਤੋਂ ਪੁਛਿਆ। ਉਸ ਬਜ਼ੁਰਗ ਨੇ ਕਿਹਾ : ਇਕ ਛੋਟਾ—ਜਿਹਾ ਉਪਾਅ ਕਰ। ਤਿੰਨਾਂ ਬੇਟਿਆਂ ਨੂੰ ਕੁਝ ਰੁਪਏ ਦੇ ਦੇ। ਤਿੰਨਾਂ ਦੇ ਅਲੱਗ—ਅਲੱਗ ਮਹਿਲ ਹਨ ਅਤੇ ਉਹਨਾਂ ਤਿੰਨਾਂ ਨੂੰ ਕਹਿ ਦੇ ਕਿ ਇਸ ਪੁੰਨਿਆਂ ਦੀ ਰਾਤ, ਮੈਂ ਆ ਕੇ ਤੁਹਾਡੇ ਮਹਿਲਾਂ ਦਾ ਨਿਰੀਖਣ ਕਰਾਂਗਾ। ਇਹਨਾਂ ਥੋੜ੍ਹੇ—ਜਿਹੇ ਰੁਪਿਆਂ ਵਿਚ ਆਪਣੀ ਬੁੱਧੀਮਾਨੀ ਦਿਖਾਉ। ਮਹਿਲ ਨੂੰ ਭਰ ਦਿਉ ਕਿਸੇ ਚੀਜ਼ ਨਾਲ।

ਰੁਪਏ ਥੋੜ੍ਹੇ ਸਨ, ਮਹਿਲ ਵੱਡੇ ਸਨ। ਪਹਿਲੇ ਨੇ ਸੋਚਿਆ ਕਿ ਇੰਨੇ—ਕੁ ਰੁਪਿਆਂ ਨਾਲ ਮਹਿਲ ਨੂੰ ਕਿਵੇਂ ਭਰਿਆ ਜਾ ਸਕਦਾ ਹੈ? ਸਸਤੀ ਤੋਂ ਸਸਤੀ ਚੀਜ਼ ਕੀ ਹੋਵੇਗੀ? ਉਸਨੂੰ ਕੁਝ ਨਾ ਸੁੱਝਿਆ। ਉਸਨੂੰ ਇਕ ਹੀ ਗੱਲ ਸੁੱਝੀ ਕਿ ਪਿੰਡ—ਭਰ ਦਾ ਜੋ ਕਚਰਾ ਪਿੰਡ ਦੇ ਬਾਹਰ ਸੁੱਟਿਆ ਜਾਂਦਾ ਹੈ, ਉਹੀ ਢੋਇਆ ਜਾ ਸਕਦਾ ਹੈ ਮਹਿਲ ਤਕ ਉੰਨੇ ਰੁਪਿਆਂ ਵਿਚ। ਸਿਰਫ ਢੁਆਈ ਲੱਗੇਗੀ। ਉਸਨੇ ਸਾਰਾ ਪਿੰਡ ਦਾ ਕਚਰਾ ਅੱਠ—ਦਸ ਦਿਨ ਤਕ ਰੋਜ਼ ਢੋਇਆ, ਸਾਰੇ ਮਹਿਲ ਨੂੰ ਭਰ ਦਿਤਾ। ...ਭਰ ਦਿਤਾ ਜ਼ਰੂਰ। ਭਿਆਨਕ ਬਦਬੋ ਅਤੇ ਦੁਰਗੰਧ ਉਠਣ ਲੱਗੀ। ਆਂਢ—ਗੁਆਂਢ

ਦੇ ਲੋਕ ਤਕ ਪਰੇਸ਼ਾਨ ਹੋ ਗਏ। ਰਾਹੀ ਨੱਕ ਬੰਦ ਕਰਕੇ ਤੁਰਨ ਲੱਗੇ ਰਾਹਾਂ ਤੋਂ।

ਦੂਜੇ ਨੇ ਸੋਚਿਆ, ਕਚਰੇ ਨਾਲ ਘਰ ਭਰਨਾ ਤਾਂ ਠੀਕ ਨਹੀਂ। ਬਾਪ ਕੀ ਕਹੇਗਾ? ਐਪਰ ਇਹਨਾਂ ਥੋੜ੍ਹੇ-ਜਿਹੇ ਰੁਪਿਆਂ ਵਿਚ ਘਰ ਨੂੰ ਭਰਿਆ ਕਿਵੇਂ ਜਾਵੇ? ਉਹ ਸੋਚ-ਵਿਚਾਰ ਵਿਚ ਹੀ ਪਿਆ ਰਿਹਾ। ਦਿਨ ਆਏ, ਅਤੇ ਬੀਤੇ, ਉਸਦੀ ਚਿੰਤਾ ਵਧਦੀ ਚਲੀ ਗਈ। ਪੁੰਨਿਆਂ ਆਈ ਤਦ ਤਕ ਉਹ ਬਿਲਕੁਲ ਪਰੇਸ਼ਾਨ-ਹਾਲ ਹੋ ਚੁਕਿਆ ਸੀ। ਇੰਨਾ ਸੋਚਿਆ, ਇੰਨਾ ਸੋਚਿਆ, ਸੁੱਤਾ ਨਹੀਂ, ਖਾਧਾ ਨਹੀਂ,ਪੀਤਾ ਨਹੀਂ। ਪੀਵੇ ਕਿਵੇਂ? ਖਾਵੇ ਕਿਵੇਂ? ਪ੍ਰੀਖਿਆ ਦਾ ਦਿਨ ਕਰੀਬ ਆ ਰਿਹਾ ਹੈ ਅਤੇ ਇੰਨੇ-ਕੁ ਰੁਪਿਆਂ ਨਾਲ ਮਹਿਲ ਭਰਿਆ ਨਹੀਂ ਜਾ ਸਕਦਾ।

ਤੀਜੇ ਬੇਟੇ ਨੇ ਸਿਰਫ ਘਿਉ ਦੇ ਦੀਵੇ ਜਗਾਏ। ਰੋਸ਼ਨੀ ਨਾਲ ਸਾਰਾ ਘਰ ਭਰ ਗਿਆ। ਘਿਉ ਦੀ ਸੁਗੰਧ ਨਾਲ ਸਾਰਾ ਘਰ ਭਰ ਗਿਆ। ਥੋੜ੍ਹੇ-ਜਿਹੇ ਫੁੱਲ ਲਿਆਇਆ, ਦੁਆਰ 'ਤੇ ਲਮਕਾਏ। ਬੇਲਾ ਦੀ ਮਹਿਕ ਸਾਰੇ ਮਹਿਲ ਵਿਚ ਭਰ ਗਈ। ਇਕ ਵੀਣਾ-ਵਾਦਕ ਨੂੰ ਸੱਦ ਲਿਆ। ਉਸ ਕੋਲੋਂ ਵੀਣਾ ਵਜਵਾਈ, ਸੰਗੀਤ ਦਾ ਸਾਗਰ ਲਹਿਰਾਉਣ ਲੱਗਿਆ।

ਬਾਪ ਉਸ ਬੁੱਢੇ ਫ਼ਕੀਰ ਨੂੰ ਲੈ ਕੇ ਚੱਲਿਆ। ਪਹਿਲੇ ਬੇਟੇ ਦੇ ਘਰ ਵਿਚ ਤਾਂ ਦਾਖ਼ਲ ਹੋਣਾ ਹੀ ਮੁਸ਼ਕਲ ਸੀ। ਬਾਪ ਨੇ ਕਿਹਾ : ਇਸਨੇ ਭਰ ਤਾਂ ਦਿਤਾ, ਐਪਰ ਕਚਰੇ ਨਾਲ। ਗਣਿਤ ਤਾਂ ਪੂਰਾ ਕਰ ਦਿਤਾ, ਪਰ ਬੁੱਧੀਮਤਾ ਦਾ ਕੋਈ ਸਬੂਤ ਨਹੀਂ ਦਿਤਾ। ਦੂਜੇ ਦੇ ਘਰ ਪਹੁੰਚਿਆ ਤਾਂ ਘਰ ਹਨੇਰਾ ਪਿਆ ਸੀ, ਖ਼ਾਲੀ ਸੀ। ਬੇਟਾ ਤਾਂ ਪਾਗਲ ਹੋ ਗਿਆ ਸੀ। ਉਹ ਤਾਂ ਪਾਗਲਾਂ ਦੀ ਤਰ੍ਹਾਂ ਚਿੱਲਾ ਰਿਹਾ ਸੀ, ਸਿਰ ਪਿੱਟ ਰਿਹਾ ਸੀ। ਉਸਨੇ ਆਪਣੇ ਪਾਗਲਪਣ ਨਾਲ ਹੀ ਮਹਿਲ ਨੂੰ ਭਰ ਦਿਤਾ ਸੀ। ਤੀਜੇ ਬੇਟੇ ਦੇ ਦੁਆਰ 'ਤੇ ਪਹੁੰਚਿਆ, ਬਾਪ ਦੀ ਕੁਝ ਸਮਝ ਵਿਚ ਨਾ ਆਇਆ। ਸੰਗੀਤ ਦੀਆਂ ਲਹਿਰਾਂ ਉਠ ਰਹੀਆਂ ਸਨ, ਘਿਉ ਦੇ ਦੀਵੇ ਜਗ ਰਹੇ ਸਨ, ਫੁੱਲਾਂ ਦੀ ਮਹਿਕ ਸੀ। ਲੇਕਿਨ ਬਾਪ ਨੇ ਕਿਹਾ : ਮਹਿਲ ਭਰਿਆ ਨਹੀਂ ਹੈ, ਮਹਿਲ ਖ਼ਾਲੀ ਹੈ। ਉਸ ਬਜ਼ੁਰਗ ਸੰਤ ਨੇ ਕਿਹਾ : ਜਿਸ ਢੰਗ ਨਾਲ ਇਸ ਨੇ ਭਰਿਆ ਹੈ, ਉਸਨੂੰ ਦੇਖਣ ਦੇ ਲਈ ਵੀ ਅੱਖਾਂ ਚਾਹੀਦੀਆਂ ਹਨ। ਤੂੰ ਵੀ ਅੰਨ੍ਹਾ ਜਾਪਦਾ ਹੈਂ। ਰੋਸ਼ਨੀ ਨਾਲ ਭਰਿਆ ਹੈ। ਹੁਣ ਰੋਸ਼ਨੀ ਉਤੇ ਮੁੱਠੀ ਨਹੀਂ ਬੰਨ੍ਹੀ ਜਾ ਸਕਦੀ, ਨਾ ਰੋਸ਼ਨੀ ਨੂੰ ਛੋਹਿਆ ਜਾ ਸਕਦਾ ਹੈ। ਲੇਕਿਨ ਭਰਿਆ ਤਾਂ ਹੈ। ਸੰਗੀਤ ਨਾਲ ਭਰਿਆ ਹੈ। ਅਤੇ ਤੂੰ ਤਾਂ ਇਕ ਚੀਜ਼ ਨਾਲ ਭਰਨ ਨੂੰ ਕਿਹਾ ਸੀ, ਇਸਨੇ ਤਿੰਨ-ਚੀਜ਼ਾਂ ਨਾਲ ਭਰ ਦਿਤਾ ਹੈ-ਰੋਸ਼ਨੀ ਨਾਲ, ਸੰਗੀਤ ਨਾਲ, ਸੁਗੰਧ ਨਾਲ। ਉੱਨੇ ਹੀ ਰੁਪਿਆਂ ਵਿਚ।

ਇਵੇਂ ਹੀ ਜੀਵਨ ਮਿਲਦਾ ਹੈ। ਤੁਸੀਂ ਕਿਸ ਨਾਲ ਭਰੋਗੇ ਖ਼ੁਦ ਨੂੰ? ਬਹੁਤੇ ਲੋਕਾਂ ਨੇ ਕੂੜ-ਕਬਾੜ ਨਾਲ ਭਰ ਲਿਆ ਹੈ। ਧਨ ਹੈ, ਸੰਪੱਤੀ ਹੈ, ਪਦਵੀ ਹੈ, ਪ੍ਰਸਿੱਧੀ ਹੈ-ਕੂੜਾ-ਕਚਰਾ ਹੈ। ਇਥੇ ਦਾ ਇਥੇ ਪਿਆ ਰਹਿ ਜਾਏਗਾ। ਤੁਹਾਥੋਂ ਪਹਿਲਾਂ ਕਿਸੇ ਹੋਰ ਦਾ ਸੀ। ਤੁਹਾਥੋਂ ਬਾਅਦ ਕਿਸੇ ਹੋਰ ਦਾ ਹੋਵੇਗਾ। ਬੜਾ ਜੂਠਾ ਹੈ। ਆਦਮੀ ਦੂਜਿਆਂ ਦੇ ਕਪੜੇ ਨਹੀਂ ਪਹਿਨਣਾ ਚਾਹੁੰਦਾ, ਲੇਕਿਨ ਜਿਨ੍ਹਾਂ ਕੁਰਸੀਆਂ ਉਤੇ ਪਤਾ ਨਹੀਂ ਕਿੰਨੇ ਲੋਕ ਬੈਠ ਚੁਕੇ, ਉਹਨਾਂ ਕੁਰਸੀਆਂ ਉਤੇ ਬੈਠਣ ਲਈ ਤਾਂਘਵਾਨ ਹੁੰਦਾ ਹੈ। ਕਿੰਨੇ ਸਮਰਾਟ ਹੋ ਚੁਕੇ, ਕਿੰਨੇ ਰਾਸ਼ਟਰਪਤੀ ਦੁਨੀਆਂ ਵਿਚ, ਐਪਰ ਲੋਕ ਪਾਗਲ ਹਨ, ਦੂਜੇ ਦਾ ਉਤਾਰਿਆ ਹੋਇਆ ਕਪੜਾ ਨਾ ਪਹਿਨੋਗੇ, ਦੂਜੇ ਦੀ ਲਾਹੀ ਹੋਈ ਜੁੱਤੀ ਨਾ ਪਹਿਨੋਗੇ, ਲੇਕਿਨ ਜਿਨ੍ਹਾਂ ਕੁਰਸੀਆਂ ਉਤੇ ਸਿਵਾਇ ਜੂਠ ਦੇ ਕੁਝ ਵੀ ਨਹੀਂ ਬਚਿਆ ਹੈ, ਉਹਨਾਂ ਖ਼ਾਤਰ ਦੀਵਾਨੇ ਹੋ, ਉਹਨਾਂ

ਲਈ ਪਾਗਲ ਹੋ। ਧਨ ਦੇ ਜਿਨ੍ਹਾਂ ਠੀਕਰਿਆਂ ਨੂੰ ਤੁਸੀਂ ਇਕੱਠ ਕਰ ਰਹੇ ਹੋ ਉਹ ਕਲ੍ਹ ਕਿਸੇ ਹੋਰ ਦੇ ਸਨ। ਉਹ ਕਿਸੇ ਦੇ ਸਕੇ ਨਹੀਂ ਹਨ।

ਧਨ ਤਾਂ ਵੇਸਵਾ ਵਰਗਾ ਹੈ। ਅੱਜ ਇਸਦਾ ਕਲ੍ਹ ਉਸਦਾ। ਧਨ ਦਾ ਭਰੋਸਾ ਕੀ ਹੈ? ਹੁਣੇ ਹੈ, ਹੁਣੇ ਨਹੀਂ ਹੋ ਜਾਏਗਾ। ਤੁਹਾਡੇ ਕੋਲ ਵੀ ਕਿਵੇਂ ਆਇਆ ਹੈ, ਜ਼ਰਾ ਗੌਰ ਨਾਲ ਦੇਖੋ। ਕਿਸੇ ਦੇ ਕੋਲੋਂ ਆਇਆ ਹੈ। ਧਨ ਨਾਲੋਂ ਜ਼ਿਆਦਾ ਗੰਦੀ ਚੀਜ਼ ਪ੍ਰਿਥਵੀ ਉਤੇ ਦੂਜੀ ਨਹੀਂ ਹੈ, ਕਿਉਂਕਿ ਕਿੰਨੇ ਹੱਥਾਂ ਵਿਚ ਫਿਰਦੀ ਹੈ। ਇਸੇਲਈ ਤਾਂ ਅੰਗਰੇਜ਼ੀ ਵਿਚ ਉਸਨੂੰ 'ਕਰੰਸੀ' ਆਖਦੇ ਹਨ। ਕਰੰਸੀ ਦਾ ਮਤਲਬ, ਜੋ ਚਲਦੀ-ਫਿਰਦੀ ਹੀ ਰਹਿੰਦੀ ਹੈ। ਇਕ ਹੱਥ ਵਿਚ ਘਸੀ, ਦੂਜੇ ਹੱਥ ਵਿਚ ਗਈ। ਦੂਜੇ ਹੱਥ ਵਿਚ ਘਸੀ, ਤੀਜੇ ਹੱਥ ਵਿਚ ਗਈ। ਦੇਖਦੇ ਹੋ, ਨੋਟ ਦੀ ਕੀ ਗਤ ਹੋ ਜਾਂਦੀ ਹੈ! ਚੀਥੜਾ ਹੋ ਜਾਂਦਾ, ਗੰਦਾ ਹੋ ਜਾਂਦਾ, ਦੁਰਗੰਧ ਦੇਣ ਲਗਦਾ ਹੈ। ਪਤਾ ਨਹੀਂ ਕਿੰਨੇ ਖੀਸਿਆਂ ਵਿਚ, ਪਤਾ ਨਹੀਂ ਕਿੰਨੀਆਂ ਤਿਜੌਰੀਆਂ ਵਿਚ, ਪਤਾ ਨਹੀਂ ਕਿੰਨੇ ਲੋਕਾਂ ਦੇ ਪਸੀਨੇ ਦੀ ਬਦਬੋ, ਪਤਾ ਨਹੀਂ ਕਿੰਨੇ ਹੱਥਾਂ ਦੀ ਮੈਲ ਉਸ ਉਤੇ ਲਗਦੀ ਹੈ। ਇਸ ਕੂੜ-ਕਬਾੜ ਨੂੰ ਅਸੀਂ ਇਕੱਠਾ ਕਰਦੇ ਹਾਂ, ਅਤੇ ਸੋਚਦੇ ਹਾਂ ਜੀਵਨ ਭਰ ਲਿਆ।

ਤੁਹਾਡੀ ਜ਼ਿੰਦਗੀ ਵਿਚ ਉਠਦੀ ਦੁਰਗੰਧ ਦੇਖੋ। ਤੁਸੀਂ ਪਹਿਲੇ ਰਾਜਕੁਮਾਰ ਦੀ ਗੱਲ ਕਰ ਲਈ ਹੈ। ਤੁਹਾਡੀ ਜ਼ਿੰਦਗੀ ਵਿਚ ਉਠਦੀ ਹੋਈ ਉਦਾਸੀ ਦੇਖੋ। ਤੁਹਾਡੀ ਜ਼ਿੰਦਗੀ ਵਿਚ ਉਠਦਾ ਹੋਇਆ ਵਿਖਾਧ ਦੇਖੋ। ਤੁਸੀਂ ਹੀ ਨਹੀ ਦੁਰਗੰਧ ਨਾਲ ਭਰ ਗਏ ਹੋ, ਤੁਹਾਡੇ ਆਂਢ-ਗੁਆਂਢ ਦੇ ਲੋਕ ਵੀ ਤੁਹਾਡੀ ਦੁਰਗੰਧ ਨਾਲ ਪੀੜਤ ਹਨ। ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਦੁਰਗੰਧ ਦਾ ਪਤਾ ਨਾ ਲਗਦਾ ਹੋਵੇ ਹੁਣ। ਕਿਉਂਕਿ ਵਿਅਕਤੀ ਜੇਕਰ ਦੁਰਗੰਧ ਵਿਚ ਰਹੇ ਤਾਂ ਨਾਸਾਂ ਫਿਰ ਦੁਰਗੰਧ ਦਾ ਅਨੁਭਵ ਨਹੀਂ ਕਰਦੀਆਂ, ਜੜ੍ਹ ਹੋ ਜਾਂਦੀਆਂ ਹਨ, ਮੁਰਦਾ ਹੋ ਜਾਂਦੀਆਂ ਹਨ। ਉਹਨਾ ਦੀ ਸੰਵੇਦਨਸ਼ੀਲਤਾ ਖੋ ਜਾਂਦੀ ਹੈ।

ਜਾਂ ਕੁਝ ਲੋਕ ਹਨ, ਜਿਹੜੇ ਇਸੇ ਪਸ਼ੋਪੇਸ਼ ਵਿਚ ਪਾਗਲ ਹੋ ਰਹੇ ਹਨ ਕਿ ਕੀ ਕਰੀਏ, ਕੀ ਨਾ ਕਰੀਏ; ਇਹ ਕਰੀਏ, ਉਹ ਕਰੀਏ। ਸੰਸਾਰੀ ਲੋਕ ਹਨ ਪਹਿਲੇ ਰਾਜਕੁਮਾਰ ਦੇ ਵਾਂਗ। ਉਹਨਾਂ ਨੇ ਜੀਵਨ ਨੂੰ ਕਚਰੇ ਨਾਲ ਭਰ ਲਿਆ ਹੈ। ਜੀਵਨ ਦੇ ਮਹਿਲ ਨੂੰ ਕਚਰੇ ਨਾਲ ਭਰ ਲਿਆ ਹੈ। ਮਹਿਲ ਕਚਰਿਆਂ ਨਾਲ ਭਰਨ ਦੇ ਲਈ ਨਹੀਂ ਹੁੰਦਾ। ਜੀਵਨ ਦੇ ਮੰਦਰ ਨੂੰ ਕਚਰੇ ਨਾਲ ਭਰ ਲਿਆ ਹੈ। ਜਿਥੇ ਪਰਮਾਤਮਾ ਬਰਾਜਮਾਨ ਹੋ ਸਕਦਾ ਸੀ, ਉਥੇ ਨਿਗੂਣੀਆ ਚੀਜ਼ਾਂ ਨੂੰ ਬਿਠਾ ਲਿਆ ਹੈ। ਕੁਝ ਥੋੜ੍ਹੇ-ਜਿਹੇ ਲੋਕ ਦੂਜੇ ਰਾਜਕੁਮਾਰ ਵਾਂਗ ਹਨ, ਅਟਕੇ ਖੜ੍ਹੇ ਹਨ, ਹੱਕੇ-ਬੱਕੇ; ਜਿਨ੍ਹਾਂ ਦੇ ਜੀਵਨ ਵਿਚ ਕੋਈ ਦਿਸ਼ਾ ਨਹੀਂ ਹੈ। ਜਿਹੜੇ ਪੈਰ ਹੀ ਨਹੀਂ ਪੁੱਟ ਸਕਦੇ; ਜਿਨ੍ਹਾਂ ਦੇ ਪੈਰਾਂ ਵਿਚ ਅਧਰੰਗ ਹੋ ਗਿਆ ਹੈ, ਕਿਉਂਕਿ ਉਹ ਤੈਅ ਹੀ ਨਹੀਂ ਕਰ ਪਾਂਦੇ-ਕੀ ਕਰਨ, ਕੀ ਨਾ ਕਰਨ? ਇੰਨੇ ਘਬਰਾਏ ਹਨ, ਇੰਨੇ ਪਰੇਸ਼ਾਨ ਹਨ। ਇਧਰ ਪੈਰ ਵਧਾਉਂਦੇ ਹਨ, ਤਾਂ ਲਗਦਾ ਹੈ ਕਿਤੇ ਗ਼ਲਤੀ ਨਾ ਹੋ ਜਾਵੇ। ਉਧਰ ਪੈਰ ਵਧਾਉਂਦੇ ਹਨ, ਤਾਂ ਲਗਦਾ ਹੈ ਕਿ ਕਿਤੇ ਭੁੱਲ ਨਾ ਹੋ ਜਾਵੇ। ਅਤੇ ਇਥੇ ਇੰਨੇ ਮਤ ਹਨ, ਇੰਨੇ ਵੱਖਰੇ-ਵੱਖਰੇ ਮਤ ਹਨ, ਇੰਨੇ ਸ਼ਾਸਤਰ ਹਨ, ਇੰਨੇ ਉਪਦੇਸ਼ਕ ਹਨ-ਕਿਸਦੀ ਮੰਨਣ, ਕਿਸਦੀ ਨਾ ਮੰਨਣ।

ਉੜਾ-ਉੜਾ ਸਾ ਰੰਗ ਹੈ
ਵੋ ਆ ਰਹੀ ਹੈ ਜਿਸ ਤਰਹ ਕਟੀ ਹੁਈ ਪਤੰਗ ਹੈ

ਨਿਢਾਲ ਅੰਗ–ਅੰਗ ਹੈ
ਅਜੀਬ ਰੰਗ–ਢੰਗ ਹੈ
ਅਯਾਗ ਹੈ, ਨਾ ਬਾਗ ਹੈ, ਰਬਾਬ ਹੈ, ਨਾ ਚੰਗ ਹੈ
ਨਦਾਮਤੋਂ ਮੇਂ ਜੰਗ ਹੈ
ਬੁਝੀ–ਬੁਝੀ ਉਮੰਗ ਹੈ
ਯੇ ਰਾਸਤਾ ਤਵੀਲ ਹੈ, ਵੋ ਰਹਗੁਜ਼ਰ ਤੰਗ ਹੈ
ਵਹ ਰਹਗੁਜ਼ਰ ਤੰਗ ਹੈ
ਇਨ ਉਲਝਨੋਂ ਪੇ ਦੰਗ ਹੈ
ਕਿਧਰ ਮੁੜੇਂ...?
ਕਹਾਂ ਚਲੇਂ...?

ਕੁਝ ਲੋਕ ਇਉਂ ਹੀ ਖੜ੍ਹੇ ਹਨ। ਚੁਰਾਹਿਆਂ 'ਤੇ ਅਟਕ ਗਏ ਹਨ। ...ਕਿਧਰ ਮੁੜੇਂ? ਕਹਾਂ ਚਲੇਂ? ਕੀ ਕਰੀਏ? ਕੁਝ ਸੁੱਝਦਾ ਨਹੀਂ। ਇਹ ਦੂਜੇ ਰਾਜਕੁਮਾਰ ਦੀ ਤਰ੍ਹਾਂ ਹਨ। ਇਹਨਾਂ ਵਿਚੋਂ ਹੀ ਦਾਰਸ਼ਨਿਕ ਪੈਦਾ ਹੁੰਦੇ ਹਨ, ਵਿਚਾਰਕ ਪੈਦਾ ਹੁੰਦੇ ਹਨ, ਚਿੰਤਕ ਪੈਦਾ ਹੁੰਦੇ ਹਨ। ਪਹਿਲੀ ਦੁਨੀਆਂ ਤੋਂ, ਪਹਿਲੇ ਰਾਜਕੁਮਾਰ ਤੋਂ, ਰਾਜਨੀਤਕ ਪੈਦਾ ਹੁੰਦੇ ਹਨ, ਰਾਜਨੇਤਾ ਪੈਦਾ ਹੁੰਦੇ ਹਨ, ਧਨ–ਦੌਲਤ ਦੇ ਭੁੱਖੇ ਪੈਦਾ ਹੁੰਦੇ ਹਨ। ਅਤੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ।

ਮੈਂ ਸੁਣਿਆ ਹੈ, ਇਕ ਇਸਤ੍ਰੀ ਆਪਣੇ ਘਰ ਦੇ ਅੰਦਰ ਕੰਮ ਕਰ ਰਹੀ ਸੀ। ਉਸਦੀ ਲੜਕੀ ਬਾਹਰ, ਜਵਾਨ ਲੜਕੀ, ਕਿਸੇ ਨਾਲ ਗੱਲਾਂ ਕਰ ਰਹੀ ਸੀ। ਗਈ ਤਾਂ ਸੀ ਗਊ ਦੀ ਸੇਵਾ ਕਰਨ, ਕਿਸੇ ਨਾਲ ਗੱਲਾਂ ਕਰ ਰਹੀ ਹੈ। ਮਾਂ ਅੰਦਰੋਂ ਚਿੱਲਾਈ ਕਿ ਦੌੜ ਜਾ, ਉਥੇ ਕੀ ਕਰ ਰਹੀ ਹੈਂ? ਕਿਸ ਲਫੰਗੇ ਨਾਲ ਗੱਲਾਂ ਕਰ ਰਹੀ ਹੈਂ? ਅੰਦਰ ਆ।

ਉਸ ਲੜਕੀ ਨੇ ਕਿਹਾ ਕਿ ਕੋਈ ਲਫੰਗਾ ਨਹੀਂ ਹੈ ਮਾਂ ਇਹ ਤਾਂ ਆਪਣੇ ਸਮਾਜਵਾਦ ਜੀ ਹਨ। ਆਪਣੇ ਨੇਤਾ ਜੀ!

ਮਾਂ ਨੇ ਕਿਹਾ: ਜੇਕਰ ਲਫੰਗਾ ਹੋਵੇ ਤਾਂ ਠੀਕ, ਨੇਤਾ ਜੀ ਹੋਣ ਤਾਂ ਗਊ ਨੂੰ ਵੀ ਅੰਦਰ ਲੈ ਆ।

ਲਫੰਗਿਆਂ ਦਾ ਵੀ ਭਰੋਸਾ ਕੀਤਾ ਜਾ ਸਕਦਾ ਹੈ, ਲੇਕਿਨ ਰਾਜਨੇਤਾ ਦਾ ਕੋਈ ਭਰੋਸਾ ਨਹੀਂ। ਜੇ ਸਮਾਜਵਾਦ ਜੀ ਹਨ, ਤਾਂ ਗਊ ਨੂੰ ਅੰਦਰ ਲੈ ਆ ਅਤੇ ਘਾਹ ਵੀ ਬਾਹਰ ਨਾ ਛੱਡ ਆਵੀਂ।

ਪਦਵੀ ਦੀ ਦੌੜ, ਧਨ ਦੀ ਦੌੜ, ਪ੍ਰਸਿੱਧੀ ਦੀ ਦੌੜ–ਸਭ ਕੂੜ–ਕਬਾੜ ਹੈ। ਦੂਜੇ ਤੋਂ ਪੈਦਾ ਹੁੰਦੇ ਹਨ–ਵਿਚਾਰਕ, ਦਾਰਸ਼ਨਿਕ। ਉਹ ਸੋਚਦੇ ਹੀ ਰਹਿੰਦੇ ਹਨ। ਪਹਿਲਾਂ ਖੂਬ ਕਰਮ ਕਰਦੇ ਹਨ। ਅਤੇ ਕਰਮ ਦਾ ਨਤੀਜਾ ਹੁੰਦਾ ਹੈ–ਕਚਰਾ ਇਕੱਠਾ ਕਰ ਲੈਂਦੇ ਹਨ। ਦੂਜੇ ਕੁਝ ਕਰਦੇ ਹੀ ਨਹੀਂ, ਨਕਰਮੇ ਹੋ ਜਾਂਦੇ ਹਨ। ਕਰਨ ਕਿਵੇਂ, ਜਦ ਤਕ ਤੈਅ ਨਾ ਹੋ ਜਾਵੇ?

ਅੱਪਰ ਤੀਜੇ ਲੋਕ ਵੀ ਹਨ। ਉਹ ਵੀ ਇਸ ਪ੍ਰਿਥਵੀ ਉਤੇ ਲੂਣ ਹਨ। ਉਹਨਾਂ ਦੇ ਕਾਰਨ ਹੀ ਇਸ ਜ਼ਿੰਦਗੀ ਵਿਚ ਕੁਝ ਸੰਗੀਤ ਹੈ, ਕੁਝ ਪ੍ਰਕਾਸ਼ ਹੈ। ਇਹੀ ਜ਼ਿੰਦਗੀ ਉਹਨਾਂ ਦੇ ਕੋਲ ਹੈ। ਸਭ ਦੇ ਕੋਲ ਬਰਾਬਰ–ਬਰਾਬਰ ਰੁਪਏ

ਹਨ। ਸਭ ਦੇ ਕੋਲ ਬਰਾਬਰ ਵੱਡੇ ਮਹਿਲ ਹਨ।

ਜ਼ਰਾ ਗੌਰ ਨਾਲ ਦੇਖਣਾ, ਤੁਸੀਂ ਆਪਣੀ ਜ਼ਿੰਦਗੀ ਨੂੰ ਰੋਸ਼ਨੀ ਨਾਲ ਭਰਿਆ ਹੈ? ਨਹੀਂ ਭਰਿਆ, ਤਾਂ ਉਂਜ ਹੀ ਬਹੁਤ ਦੇਰ ਹੋ ਗਈ, ਹੁਣ ਜਾਗੋ। ਤੁਸੀਂ ਆਪਣੀ ਜ਼ਿੰਦਗੀ ਨੂੰ ਸੰਗੀਤ ਨਾਲ ਭਰਿਆ ਹੈ? ਜੇ ਨਹੀਂ ਭਰਿਆ, ਤਾਂ ਅਜੇ ਵੀ ਜਾਗ ਜਾਉ। ਸਵੇਰ ਦਾ ਭੁੱਲਿਆ ਸ਼ਾਮ ਨੂੰ ਵੀ ਘਰ ਆ ਜਾਵੇ, ਤਾਂ ਭੁੱਲਿਆ ਨਹੀਂ ਅਖਵਾਉਂਦਾ। ਅਤੇ ਤੁਸੀਂ ਆਪਣੀ ਜ਼ਿੰਦਗੀ ਵਿਚ ਘਿਉ ਦੇ ਦੀਵੇ ਜਗਾਏ? ਨਹੀਂ ਜਗਾਏ, ਤਾਂ ਕੀ ਕਰ ਰਹੇ ਹੋ? ਹਰਿ ਬੋਲੌ ਹਰਿ ਬੋਲ।... ਤਾਂ ਘਿਉ ਦੇ ਦੀਵੇ ਜਗਣਗੇ।

ਇਹ ਸੂਤਰ ਅੱਜ ਦੇ, ਸੁੰਦਰਦਾਸ ਦੇ ਅੰਤਮ ਸੂਤਰ ਹਨ। ਖ਼ੂਬ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕਰਨਾ। ਅਤੇ ਜਦ ਮੈਂ ਕਹਿੰਦਾ ਹਾਂ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕਰਨਾ, ਤਾਂ ਮੇਰਾ ਅਰਥ ਹੁੰਦਾ ਹੈ—ਹਿਰਦੇ ਨਾਲ ਸਮਝਣ ਦੀ ਕੋਸ਼ਿਸ਼ ਕਰਨਾ। ਇਹ ਪ੍ਰੇਮ ਦੀਆਂ ਗੱਲਾਂ ਹਨ। ਤਰਕ ਅਤੇ ਬੁੱਧੀ ਨਾਲ ਇਹਨਾਂ ਦਾ ਬਹੁਤਾ ਸਬੰਧ ਨਹੀਂ ਹੈ। ਜਿਹੜੇ ਉਥੇ ਅਟਕਿਆ, ਉਹ ਖੁੰਝ ਜਾਏਗਾ। ਇਹ ਇਕ ਪ੍ਰੇਮੀ ਦੇ ਵਲਵਲੇ ਹਨ। ਅਤੇ ਜਦ ਪ੍ਰੇਮ ਤੋਂ ਵਲਵਲੇ ਉਠਦੇ ਹਨ, ਬੜੇ ਜਾਨਦਾਰ ਹੁੰਦੇ ਹਨ, ਬਲਦੇ ਹੁੰਦੇ ਹਨ, ਅੱਗ–ਵਰਗੇ ਹੁੰਦੇ ਹਨ। ਜੇ ਉਹਨਾਂ ਦੀ ਜ਼ਰਾ–ਜਿੰਨੀ ਚਿਣਗ ਵੀ ਤੁਹਾਡੇ ਹਿਰਦੇ ਵਿਚ ਉਤਰ ਆਵੇ, ਤੁਸੀਂ ਵੀ ਬਲ ਉਠੋਗੇ, ਭਬਕ ਉਠੋਗੇ। ਤੁਹਾਡੇ ਅੰਦਰ ਵੀ ਹਨੇਰਾ ਟੁੱਟਣ ਲੱਗੇਗਾ। ਸਵੇਰ ਦਾ ਜਨਮ ਹੋਣ ਲੱਗੇਗਾ। ਰਾਤ ਕੱਟਣ ਲੱਗੇਗੀ। ਪੂਰਬ ਦੀ ਦਿਸ਼ਾ ਗੈਰਿਕ ਹੋ ਉਠੇਗੀ। ਲਾਲੀ ਫੈਲ ਜਾਏਗੀ।

ਲੇਕਿਨ ਹਿਰਦੇ ਨਾਲ ਸਮਝਣਾ। ਬੁੱਧੀ ਤਾਂ ਸਿਰਫ ਸੋਚਦੀ ਹੈ, ਸਮਝਦੀ ਨਹੀਂ। ਹਿਰਦਾ ਸੋਚਦਾ ਹੈ, ਸਮਝਦਾ ਨਹੀਂ। ਬੁੱਧੀ ਵਿਚਾਰ ਕਰਨ ਵਿਚ ਬੜੀ ਕੁਸ਼ਲ ਹੈ। ਅਤੇ ਵਿਚਾਰ ਦਾ ਇਕ ਸੂਤਰ ਹੈ, ਅਧਾਰਤ ਸ਼ੱਕ। ਬਿਨਾਂ ਸ਼ੱਕ ਦੇ ਵਿਚਾਰ ਨਹੀਂ ਚਲਦਾ। ਬਿਨਾਂ ਸ਼ੱਕ ਦੇ ਵਿਚਾਰ ਲੰਗੜਾ ਹੈ। ਸ਼ੱਕ ਵਿਚਾਰ ਦੀ ਬੈਸਾਖੀ ਹੈ। ਉਸੇ ਦੇ ਸਹਾਰੇ ਚਲਦਾ ਹੈ, ਇਸਲਈ ਜੋ ਜਿੰਨਾ ਵਿਚਾਰ ਕਰਦਾ ਹੈ, ਉਨਾ ਸ਼ੱਕੀ ਹੁੰਦਾ ਚਲਿਆ ਜਾਂਦਾ ਹੈ। ਸ਼ੱਕ ਉਤੇ ਸ਼ੱਕ ਖੜ੍ਹੇ ਹੋਣ ਲਗਦੇ ਹਨ। ਹੌਲੀ–ਹੌਲੀ ਸ਼ੱਕਾਂ ਵਿਚ ਘਿਰ ਜਾਂਦਾ ਹੈ। ਫਿਰ ਸ਼ੱਕਾਂ ਵਿਚ ਹੀ ਜੀਂਦਾ ਹੈ। ਅਤੇ ਬੇਭਾਗਾ ਹੈ ਉਹ ਮਨੁੱਖ ਜਿਹੜਾ ਸ਼ੱਕਾਂ ਵਿਚ ਜੀਂਦਾ ਹੈ। ਕਿਉਂਕਿ ਸ਼ੱਕਾਂ ਵਿਚ ਜੀਣਾ ਨਰਕ ਵਿਚ ਜੀਣਾ ਹੈ। ਫਿਰ ਸ਼ੱਕ ਤੁਹਾਡੇ ਸਾਥੀ ਹਨ, ਉਹ ਹੀ ਤੁਹਾਡੇ ਸੰਗੀ ਹਨ। ਅਤੇ ਸ਼ੱਕ ਨਾਲ ਕਿਸਨੂੰ ਕਦ ਸ਼ਾਂਤੀ ਮਿਲੀ? ਸ਼ੱਕ ਨਾਲ ਕਿਵੇਂ ਮਿਲ ਸਕਦੀ ਹੈ? ਸ਼ੱਕ ਤਾਂ ਡਗਮਗਾਂਦਾ ਹੈ, ਇਸਲਈ ਅਣਕੰਬ ਕਿਵੇਂ ਹੋਵੋਗੇ? ਅਤੇ ਜਿਹੜਾ ਅਣਕੰਬ ਹੁੰਦਾ ਹੈ ਉਸੇ ਨੂੰ ਅਨੰਦ ਮਿਲਦਾ ਹੈ।

ਵਿਚਾਰ ਦਾ ਸੂਤਰ ਹੈ ਸ਼ੱਕ। ਸਮਝ ਦਾ ਸੂਤਰ ਹੈ ਸ਼ਰਧਾ। ਪ੍ਰੇਮ ਸ਼ਰਧਾ ਦਾ ਸੂਤਰ ਹੈ। ਪ੍ਰੇਮ ਸ਼ਰਧਾ ਦਾ ਰੂਪ ਹੈ। ਪ੍ਰੇਮ ਸ਼ਰਧਾ ਦੀ ਪਹਿਲੀ ਕਿਰਨ ਹੈ। ਇਹ ਸੂਤਰ ਪ੍ਰੇਮ ਨਾਲ ਸਮਝਣਾ, ਗੁਣਗੁਣਾਉਣਾ। ਇਹਨਾਂ ਨੂੰ ਅੰਦਰ ਚੁੱਪਚਾਪ ਚਲੇ ਜਾਣ ਦੇਣਾ। ਇਹਨਾਂ ਦੇ ਨਾਲ ਜੱਦੋਜਹਿਦ ਨਾ ਕਰਨਾ। ਇਹਨਾਂ ਨੂੰ ਲੱਥ ਜਾਣ ਦੇਣਾ ਹਿਰਦੇ ਵਿਚ। ਅਤੇ ਇਹ ਰੰਗ ਲਿਆਉਣਗੇ, ਇਹ ਜ਼ਰੂਰ ਰੰਗ ਲਿਆਉਣਗੇ।

ਗਿਆਨ ਕੀ ਧਰਤੀ,
ਲਗਨ ਕੀ

ਸਾਧਨਾ ਕੇ ਨੀਰ ਸੀਂਚੀ
ਭਾਵਨਾ ਕੀ ਖਾਦ ਡਾਲੀ
ਰਿਤੁ–ਸਮਯ ਸੇ
ਪ੍ਰੇਮ ਕੇ ਕੁਛ
ਬੀਜ ਬੋਏ–
ਕਲ
ਉਗੇਂਗੇ ਅਰੁਣ–ਅੰਕੁਰ
ਕਸਮਸਾ ਕਰ
ਤੋੜ ਮਿਟੀ ਕੀ
ਤਰੁਣ–ਸੋਂਧੀ ਪਰਤ ਕੋ
ਧੂਪ ਨੂਤਨ ਰੂਪ ਦੇਗੀ
ਮੇਘ ਵਰਸ਼ਾ ਮੇਂ
ਸਘਨ ਘਿਰ ਕਰ
ਬਰਸ ਕਰ
ਤਰ ਕਰੇਂਗੇ ਮੂਲ ਤਕ ਕੋ
ਗੰਧ ਫੂਟੇਗੀ ਗਮਕ ਕਰ

ਇਹ ਪ੍ਰੇਮ ਦੇ ਬੀਜ ਹਨ। ਇਹ ਸੂਤਰ ਪ੍ਰੇਮ ਦੇ ਬੀਜ ਹਨ। ਤੁਸੀਂ ਹਿਰਦਾ ਖੋਲ੍ਹੋ, ਜਿਵੇਂ ਪ੍ਰਿਥਵੀ ਖ਼ੁਦ ਨੂੰ ਖੋਲ੍ਹਦੀ ਹੈ, ਅਤੇ ਬੀਜ ਨੂੰ ਅੰਗੀਕਾਰ ਕਰ ਲੈਂਦੀ ਹੈ–ਇਉਂ ਤੁਸੀਂ ਇਹਨਾਂ ਨੂੰ ਆਪਣੇ ਅੰਦਰ ਪੈ ਜਾਣ ਦਿਉ। ਛੇਤੀ ਹੀ ਤੁਸੀਂ ਪਾਉਗੇ ਕੂੰਮਲਾਂ ਫੁੱਟੀਆਂ। ਛੇਤੀ ਹੀ ਤੁਸੀਂ ਪਾਉਗੇ ਤੁਹਾਡੇ ਅੰਦਰ ਕੁਝ ਨਵੇਂ ਦਾ ਪ੍ਰਗਟਾਅ ਹੋ ਰਿਹਾ ਹੈ, ਜਿਹੋ–ਜਿਹਾ ਤੁਸੀਂ ਕਦੇ ਨਹੀਂ ਜਾਣਿਆ ਸੀ। ਉਸ ਨਵੇਂ ਦੇ ਪ੍ਰਗਟਾਅ ਨਾਲ ਤੁਸੀਂ ਵੀ ਨਵੇਂ ਹੋ ਚੱਲੇ। ਮੁੜ–ਜੀਣਾ ਹੋਇਆ, ਨਵਾਂ–ਜਾਗਰਣ ਹੋਇਆ। ਉਸ ਨਵ–ਜਾਗਰਣ ਦਾ ਨਾਂ ਹੀ ਧਰਮ ਹੈ।

ਧਰਮ ਸ਼ਾਸਤਰਾਂ ਵਿਚ ਨਹੀਂ ਹੈ–ਉਸ ਹਿਰਦੇ ਵਿਚ ਹੈ, ਜੋ ਪ੍ਰੇਮ ਦੇ ਬੀਜ ਬੀਜਣ ਦੀ ਸਮਰੱਥਾ ਰਖਦਾ ਹੈ, ਹੌਸਲਾ ਰਖਦਾ ਹੈ। ਧਰਮ ਅੰਦਰੂਨੀ ਅਨੁਭਵ ਹੈ। ਅਤੇ ਜਦ ਤੁਹਾਡੇ ਅੰਦਰ ਪ੍ਰੇਮ ਦਾ ਫੁੱਲ ਖਿੜਦਾ ਹੈ ਤਦ ਤੁਹਾਨੂੰ ਭਰੋਸਾ ਆ ਜਾਂਦਾ ਹੈ–ਜਗਤ ਪਰਮਾਤਮਾ ਨਾਲ ਭਰਿਆ ਹੈ। ਜਦ ਤਕ ਤੁਹਾਡੇ ਅੰਦਰ ਪ੍ਰੇਮ ਦਾ ਫੁੱਲ ਨਹੀਂ ਖਿੜਦਾ ਤਦ ਤਕ ਜਗਤ ਪਰਮਾਤਮਾ ਨਾਲ ਭਰਿਆ ਨਹੀਂ ਹੈ। ਤਦ ਤੁਸੀਂ ਲੱਖ ਕਹੋ ਕਿ ਪਰਮਾਤਮਾ ਹੈ, ਤੁਸੀਂ ਕਹਿ ਹੀ ਰਹੇ ਹੋ; ਇਹ ਤੁਸੀਂ ਜਾਣਿਆਂ ਨਹੀਂ ਹੈ। ਇਹ ਅਜੇਹਾ ਹੀ ਹੈ ਜਿਵੇਂ ਤੁਸੀਂ ਅੱਗ ਦੇ ਸਬੰਧ ਵਿਚ ਸੁਣਿਆਂ ਹੋਵੇ ਕਿ ਸਾੜਦੀ ਹੈ ਅਤੇ ਤੁਸੀਂ ਦੁਹਰਾਉ ਕਿ ਅੱਗ ਸਾੜਦੀ ਹੈ। ਐਪਰ ਤੁਸੀਂ ਸੜੇ ਨਹੀਂ ਅੱਗ ਨਾਲ। ਅੱਗ ਨੂੰ ਜਾਣਨ ਦਾ ਇਕ ਹੀ ਉਪਾਅ ਹੈ–ਸੜਨਾ।

'ਆਗ' ਕੇ ਵਿਯਵਹਾਰ ਕੋ
ਸਮਝੇ ਨਾ ਥੇ ਪੜ੍ਹ ਕਰ ਕਿਤਾਬੇਂ,
ਆਗ ਛੂ ਬੈਠੇ
ਤੋ ਸਮਝੇ—'ਆਗ ਸੇ ਜਲਤੇ ਭੀ ਹੈਂ!'

ਪਰਮਾਤਮਾ ਸਾੜੇਗਾ ਅਤੇ ਨਵਾਂ ਬਣਾਏਗਾ।

ਧੀਰਜਵੰਤ ਅਡਿੰਗ ਜਿਤੇਂਦ੍ਰਯ ਨਿਰਮਲ ਗਿਆਨ ਗਹਯੌ ਦ੍ਰਿੜ੍ਹ ਆਦੂ।
ਸ਼ੀਲ ਸੰਤੋਸ਼ ਛਮਾ ਜਿਨਕੇ ਘਟ ਲਾਗਿ ਰਹਯੌ ਸੁ ਅਨਾਹਦ ਨਾਦੂ॥

ਅੱਜ ਅੰਤਮ ਸੂਤਰਾਂ ਵਿਚ ਸੁੰਦਰਦਾਸ ਆਪਣੇ ਗੁਰੂ ਦੇ ਗੀਤ ਗਾ ਰਹੇ ਹਨ। ਕਿੰਨੇ ਹੀ ਗੀਤ ਗਾਉ, ਛੋਟੇ ਪੈ ਜਾਂਦੇ ਹਨ। ਕਿਉਂਕਿ ਜੋ ਗੁਰੂ ਤੋਂ ਮਿਲਿਆ ਹੈ, ਉਸਦਾ ਕੋਈ ਮੁੱਲ ਨਹੀਂ ਚੁਕਾਇਆ ਜਾ ਸਕਦਾ। ਸ਼ਿਸ਼ ਸਦੀਆਂ ਤੋਂ ਗੁਰੂ ਦੇ ਗੀਤ ਗਾਉਂਦੇ ਰਹੇ ਹਨ। ਇਹ ਗੀਤ ਉਸਤਤੀਆਂ ਨਹੀਂ ਹਨ, ਉਸਤਤੀਆਂ ਤਾਂ ਝੂਠੀਆਂ ਹੁੰਦੀਆਂ ਹਨ। ਉਸਤਤੀਆਂ ਦੇ ਪਿਛੇ ਤਾਂ ਮਕਸਦ ਹੁੰਦਾ ਹੈ, ਮੋਟੀਵੇਸ਼ਨ ਹੁੰਦਾ ਹੈ।

ਸੁਣਿਆ ਹੈ ਮੈਂ, ਅਕਬਰ ਦੇ ਦਰਬਾਰ ਦਾ ਇਕ ਕਵੀ, ਬੈਠਾ ਕੁਝ ਲਿਖ ਰਿਹਾ ਸੀ। ਅਕਬਰ ਕੋਲੋਂ ਦੀ ਲੰਘਿਆ, ਤਾਂ ਉਸਨੇ ਉਂਜ ਹੀ ਮਜ਼ਾਕ ਵਿਚ ਪੁਛਿਆ ਕਿ ਅੱਜ ਕਿਹੜਾ ਝੂਠ ਘੜ ਰਿਹਾ ਹੈਂ? ਕਵੀ ਤਾਂ ਝੂਠ ਹੀ ਘੜਦੇ ਹਨ। ਉਂਜ ਹੀ ਮਜ਼ਾਕ ਵਿਚ ਪੁੱਛ ਲਿਆ ਸੀ ਕਿ ਅੱਜ ਕਿਹੜਾ ਝੂਠ ਘੜ ਰਿਹਾ ਹੈਂ? ਉਸ ਕਵੀ ਨੇ ਜੋ ਕਿਹਾ, ਉਹ ਅਕਬਰ ਨੂੰ ਬਹੁਤ ਚੌਂਕਾ ਗਿਆ। ਉਸਨੇ ਆਪਣੀ ਆਤਮਕਥਾ ਵਿਚ ਇਸ ਗੱਲ ਦਾ ਚੇਤਾ ਕੀਤਾ ਹੈ। ਉਸ ਕਵੀ ਨੇ ਕਿਹਾ: ਹੁਣ ਤੁਸੀਂ ਪੁੱਛ ਹੀ ਲਿਆ, ਤਾਂ ਦੱਸਣਾ ਹੀ ਪਏਗਾ। ਤੁਹਾਡੀ ਪ੍ਰਸੰਸਾ ਲਿਖ ਰਿਹਾ ਹਾਂ।

ਕਿਹੜਾ ਝੂਠ ਘੜ ਰਿਹਾ ਹੈਂ? ਅਕਬਰ ਨੇ ਪੁਛਿਆ ਸੀ।

'ਤੁਹਾਡੀ ਪ੍ਰਸੰਸਾ ਲਿਖ ਰਿਹਾ ਹਾਂ।'

ਸ਼ਿਸ਼ ਗੁਰੂ ਦੀ ਪ੍ਰਸੰਸਾ ਨਹੀਂ ਲਿਖਦਾ ਹੈ। ਸ਼ਿਸ਼ ਨੇ ਗੁਰੂ ਦੇ ਨਾਲ ਕੁਝ ਜਾਗਿਆ, ਕੁਝ ਦੇਖਿਆ, ਕੁਝ ਪਾਇਆ। ਸ਼ਿਸ਼ ਦਾ ਗੁਰੂ ਦੇ ਨਾਲ ਰੂਪ-ਪਰਤਣ ਹੋਇਆ। ਇਕ ਰਸੈਣਕ ਕ੍ਰਾਂਤੀ ਹੋ ਗਈ। ਕੁਝ ਦਾ ਕੁਝ ਹੋ ਗਿਆ। ਆਇਆ ਸੀ ਦੋ ਕੌਡੀ ਦਾ, ਬਹੁਮੁੱਲਾ ਹੋ ਗਿਆ। ਉਸਦੇ ਪਰਸ ਨਾਲ—ਮਿੱਟੀ ਸੀ, ਸੋਨਾ ਹੋ ਗਿਆ। ਪ੍ਰਸੰਸਾ ਨਹੀਂ ਹੈ ਇਹ। ਸ਼ਿਸ਼ ਨੇ ਅਨੰਦ-ਮਗਨ ਹੋ ਕੇ, ਸਦਾ ਤੋਂ, ਸਦੀਆਂ ਤੋ, ਗੁਰੂ ਦੇ ਗੀਤ ਗਾਏ ਹਨ। ਅਤੇ ਫਿਰ ਵੀ ਸ਼ਿਸ਼ ਨੂੰ ਲਗਦਾ ਰਿਹਾ ਹੈ ਕਿ ਜੋ ਕਹਿਣਾ ਸੀ ਕਿਹਾ ਨਹੀਂ ਜਾ ਸਕਿਆ।

ਸੁੰਦਰਦਾਸ ਕਹਿੰਦੇ ਹਨ : ਧੀਰਜਵੰਤ... ਅਜੇਹੇ ਧੀਰਜ ਨਾਲ ਭਰੇ ਹੋਏ ਵਿਅਕਤੀ ਨੂੰ ਪਹਿਲਾਂ ਕਦੇ ਦੇਖਿਆ ਨਹੀਂ ਸੀ। ਸਤਿਗੁਰੂ ਦਾ ਅਰਥ ਹੀ ਹੁੰਦਾ ਹੈ ਕਿ ਜਿਸਦਾ ਧੀਰਜ ਅਨੰਤ ਹੋਵੇ। ਨਹੀਂ ਤਾਂ ਸਤਿਗੁਰੂ ਨਹੀਂ ਹੋ ਸਕਦਾ। ਸ਼ਿੱਸ਼ਾਂ ਨੂੰ ਘੜਨਾ ਅਪੂਰਵ ਧੀਰਜ ਦਾ ਕੰਮ ਹੈ। ਚਿੱਤਰ ਬਨਾਉਣਾ ਅਸਾਨ ਹੈ। ਪਿਕਾਸੋ ਬਣਨਾ ਕਿੰਨਾ ਹੀ ਕਠਨ ਹੋਵੇ, ਲੇਕਿਨ ਫਿਰ ਵੀ ਕਠਨ ਨਹੀਂ ਹੈ। ਤੁਸੀਂ ਸਿੱਖ ਲੈ ਸਕਦੇ ਹੋ। ਅਤੇ ਘਟੋ-ਘਟ ਇਕ ਗੱਲ ਤਾਂ ਪੱਕੀ ਹੈ ਕਿ ਜਦ ਤੁਸੀਂ ਚਿੱਤਰ ਬਣਾਉਂਦੇ ਹੋ ਕੈਨਵਸ ਉਤੇ, ਤਾਂ ਕੈਨਵਸ ਕੋਈ ਗੜਬੜ ਨਹੀਂ ਕਰਦਾ। ਭੱਜਦਾ ਨਹੀਂ, ਦੌੜਦਾ ਨਹੀਂ,

ਉਲਟਾ-ਸਿਧਾ ਨਹੀਂ ਕਰਦਾ, ਤੁਸੀਂ ਲਾਲ ਰੰਗ ਲਾਵੋ, ਉਹ ਕਾਲਾ ਨਹੀਂ ਦਿੰਦਾ। ਕੈਨਵਸ ਨਿਸ਼ਕਰਮ ਭਾਵ ਨਾਲ ਖੜ੍ਹਾ ਰਹਿੰਦਾ ਹੈ। ਤੁਸੀਂ ਜੋ ਕਰਨਾ ਹੈ ਕਰੋ। ਮੂਰਤੀਕਾਰ ਜਦ ਮੂਰਤੀ ਘੜਦਾ ਹੈ, ਤਾਂ ਪੱਥਰ ਝੰਜਟਾਂ ਨਹੀਂ ਪਾਉਂਦਾ। ਲੇਕਿਨ ਜਦ ਗੁਰੂ ਸ਼ਿਸ਼ ਨੂੰ ਘੜਦਾ ਹੈ ਤਾਂ ਸ਼ਿਸ਼ ਦੀ ਤਰਫ ਤੋਂ ਹਜ਼ਾਰ ਝੰਜਟਾਂ ਆਉਂਦੀਆਂ ਹਨ। ਗੁਰੂ ਕੁਝ ਕਹਿੰਦਾ ਹੈ, ਸ਼ਿਸ਼ ਕੁਝ ਸਮਝਦਾ ਹੈ। ਉਹਨਾਂ ਦੀ ਭਾਸ਼ਾ ਦੇ ਲੋਕ ਅਲੱਗ ਹਨ। ਉਹ ਦੋ ਅਲੱਗ ਆਯਾਮ ਵਿਚ ਜਿਉਂ ਰਹੇ ਹਨ। ਗੁਰੂ ਕਿਸੇ ਪਰਬਤ-ਸਿਖਰ ਉਤੇ ਖੜ੍ਹਾ ਹੈ। ਅਤੇ ਸ਼ਿੱਸ਼ ਕਿਸੇ ਹਨ੍ਹੇਰੀ ਗੁਫਾ ਵਿਚ, ਖਾਈ ਵਿਚ, ਖੱਡ ਵਿਚ-ਜਿਥੇ ਕਦੇ ਰੋਸ਼ਨੀ ਨਹੀਂ ਪਹੁੰਚੀ ਹੈ, ਜਿਥੇ ਚੰਦ-ਤਾਰਿਆਂ ਦੀ ਕੋਈ ਖ਼ਬਰ ਨਹੀਂ ਪਹੁੰਚੀ। ਗੁਰੂ ਨੇ ਸੱਹਸਤ੍ਰ-ਦਲ ਕਮਲ ਨੂੰ ਖਿੜਦਿਆਂ ਦੇਖਿਆ ਹੈ। ਸ਼ਿਸ਼ ਨੂੰ ਉਸ ਕਮਲ ਦੀ ਕੋਈ ਖ਼ਬਰ ਵੀ ਨਹੀਂ ਹੈ। ਉਸ ਕਮਲ ਨੂੰ ਸਮਝਣ ਦੀ ਵੀ ਕੋਈ ਸਮਝ ਨਹੀਂ ਹੈ। ਕੋਈ ਉਪਾਅ ਵੀ ਨਹੀਂ ਹੈ।

ਗੁਰੂ ਬੋਲਦਾ ਹੈ ਕਿਸੇ ਦੂਰ ਅਕਾਸ਼ ਤੋਂ-ਅਤੇ ਸ਼ਿਸ਼ ਪ੍ਰਿਥਵੀ ਉਤੇ ਗੱਡਿਆ ਹੈ। ਜਿਵੇਂ ਅਕਾਸ਼ ਪ੍ਰਿਥਵੀ ਨਾਲ ਬੋਲੇ! ਬੜਾ ਭਾਸ਼ਾ ਦਾ ਫਰਕ ਹੋ ਜਾਏਗਾ। ਫਿਰ ਜਦ ਗੁਰੂ ਬੋਲਦਾ ਹੈ ਅਤੇ ਸ਼ਿੱਸ਼ ਸਮਝਦਾ ਹੈ ਤਾਂ ਯਕੀਨਨ ਹੀ ਕੁਝ ਦਾ ਕੁਝ ਸਮਝਦਾ ਹੈ। ਇਸੇਲਈ ਤਾਂ ਦੁਨੀਆਂ ਵਿਚ ਇੰਨਾ ਵਿਵਾਦ, ਇੰਨਾ ਉਪੱਦਰ। ਇਹ ਸ਼ਿੱਸ਼ਾਂ ਦੇ ਕਾਰਨ ਹੈ, ਇਹ ਗੁਰੂਆਂ ਦੇ ਕਾਰਨ ਨਹੀਂ ਹੈ। ਮਹਾਂਵੀਰ ਨੇ ਉਹੀ ਕਿਹਾ ਹੈ ਜੋ ਬੁੱਧ ਨੇ ਕਿਹਾ ਹੈ। ਉਹੀ ਕ੍ਰਿਸ਼ਨ ਨੇ ਕਿਹਾ ਹੈ, ਉਹੀ ਕ੍ਰਾਈਸਟ ਨੇ, ਉਹੀ ਨਾਨਕ ਨੇ, ਉਹੀ ਦਾਦੂ ਨੇ। ਕੋਈ ਫਰਕ ਨਹੀਂ। ਫਰਕ ਹੋ ਨਹੀਂ ਸਕਦਾ। ਮੈਂਪਰ ਸੁਣਨ ਵਾਲੇ ਅਲੱਗ-ਅਲੱਗ ਸਨ, ਇਸਲਈ ਫਰਕ ਹੋ ਗਿਆ। ਅਤੇ ਅਜੇਹਾ ਹੀ ਨਹੀਂ ਕਿ ਮਹਾਂਵੀਰ ਅਤੇ ਬੁੱਧ ਵਿਚ ਉਹਨਾਂ ਨੇ ਫਰਕ ਕਰ ਲਿਆ; ਬੁੱਧ ਨੂੰ ਹੀ ਜਿਨ੍ਹਾਂ ਨੇ ਸੁਣਿਆ ਸੀ ਉਹਨਾਂ ਨੇ ਵੀ ਬੜਾ ਫਰਕ ਕਰ ਲਿਆ। ਬੁੱਧ ਦੇ ਮਰਨ ਤੋਂ ਬਾਅਦ ਛੱਤੀ ਸੰਪਰਦਾ ਖੜ੍ਹੇ ਹੋ ਗਏ ਸਨ। ਕੀ ਸਨ ਇਹ ਸੰਪਰਦਾ? ਹਰੇਕ ਇਹ ਕਹਿ ਰਿਹਾ ਸੀ ਕਿ ਜਿਵੇਂ ਮੈਂ ਕਹਿ ਰਿਹਾ ਹਾਂ, ਅਜੇਹਾ ਬੁੱਧ ਨੇ ਕਿਹਾ ਹੈ। ਅਜੇਹਾ ਉਹਨਾਂ ਦਾ ਅਰਥ ਹੈ। ਅਰਥ ਤਾਂ ਤੁਸੀਂ ਆਪਣੇ ਲਾਉਗੇ। ਅਰਥ ਤੁਸੀਂ ਆਪਣੇ ਜੋੜ ਲਉਗੇ।

ਫਿਰ ਤੁਸੀਂ ਗੁਰੂ ਦੇ ਹਰ ਕੰਮ ਵਿਚ ਰੁਕਾਵਟ ਵੀ ਪਾਉਗੇ, ਕਿਉਂਕਿ ਗੁਰੂ ਤੁਹਾਨੂੰ ਤੋੜੇਗਾ। ਟੁੱਟਣਾ ਕੌਣ ਚਾਹੁੰਦਾ ਹੈ! ਤੁਸੀਂ ਗੁਰੂ ਦੇ ਕੋਲ ਆਏ ਸੀ, ਟੁੱਟਣ ਨਹੀਂ, ਮਿਟਣ ਨਹੀਂ-ਕੁਝ ਬਣਨ ਆਏ ਸੀ। ਲੇਕਿਨ ਤੁਹਾਨੂੰ ਬਣਨ ਦੀ ਪਰਕਿਰਿਆ ਦਾ ਕੋਈ ਪਤਾ ਨਹੀਂ ਹੈ। ਬਣਨ ਦੀ ਪਰਕਿਰਿਆ ਵਿਚ ਤੋੜਨਾ ਜ਼ਰੂਰੀ ਹੈ, ਮੁੱਢਲੀ ਭੂਮਿਕਾ ਹੈ। ਹੁਣ ਕੋਈ ਪੱਥਰ ਦੀ ਮੂਰਤੀ ਬਣਾਉਣਾ ਚਾਹੇ, ਤਾਂ ਛੈਣੀ ਚੁੱਕ ਕੇ ਤੋੜਨਾ ਹੀ ਪਏਗਾ। ਅਤੇ ਪੱਥਰ ਨੂੰ ਪੀੜ ਵੀ ਹੋਵੇਗੀ, ਇਹ ਵੀ ਸੱਚ ਹੈ। ਇਸਲਈ ਕਮਜ਼ੋਰ ਤਾਂ ਨੱਸ ਜਾਂਦੇ ਹਨ। ਉਹ ਕਹਿੰਦੇ ਹਨ, ਅਸੀਂ ਇਸਲਈ ਨਹੀਂ ਆਏ ਸੀ। ਅਸੀਂ ਆਏ ਸੀ ਕਿ ਕੁਝ ਸਾਜ-ਸ਼ਿੰਗਾਰ ਹੋਵੇਗਾ। ਅਸੀਂ ਆਏ ਸੀ ਕਿ ਕੁਝ ਜ਼ੇਵਰ ਸਾਨੂੰ ਹੋਰ ਮਿਲ ਜਾਣਗੇ, ਅਸੀਂ ਹੋਰ ਸਜ ਜਾਵਾਂਗੇ। ਅਸੀਂ ਇਥੇ ਛੈਣੀ ਦੀ ਚੋਟ ਸਹਿਣ ਨਹੀਂ ਆਏ ਸੀ। ਅਸੀਂ ਇਥੇ ਗਰਦਨ ਕਟਾਉਣ ਨਹੀਂ ਆਏ ਸੀ। ਅਸੀਂ ਤਾਂ ਕੁਝ ਗਿਆਨ ਅਰਜਤ ਕਰਨ ਆਏ ਸੀ। ਅਸੀਂ ਤਾਂ ਕੁਝ ਹੋਰ, ਜਿਹੋ-ਜਿਹੇ ਹਾਂ ਇਸ ਤੋਂ ਚੰਗੇ ਕਿਵੇਂ ਹੋ ਜਾਈਏ, ਇਹਦੇ ਲਈ ਆਏ ਸੀ। ਅਤੇ ਇਥੇ ਮੌਤ ਖੜ੍ਹੀ ਹੈ।

ਗੁਰੂ ਮੌਤ ਹੈ, ਅਜੇਹਾ ਪੁਰਾਣੇ ਸ਼ਾਸਤਰ ਕਹਿੰਦੇ ਹਨ। ਗੁਰੂ ਦੇ ਕੋਲ ਸ਼ਿਸ਼ ਜਦ ਆਉਂਦਾ ਹੈ, ਤਾਂ ਉਹ ਮੌਤ ਦੇ

ਕੋਲ ਹੀ ਆ ਰਿਹਾ ਹੈ। ਇਹ ਨਾ ਸੋਚਣਾ ਕਿ ਕਠੋਪਨਿਸ਼ਦ ਵਿਚ ਜਿਵੇਂ ਨਚਿਕੇਤਾ ਮੌਤ ਦੇ ਕੋਲ ਗਿਆ, ਇਕੱਲਾ ਨਚਿਕੇਤਾ ਹੀ ਗਿਆ ਸੀ। ਹਰ ਸ਼ਿਸ਼ ਮੌਤ ਦੇ ਕੋਲ ਹੀ ਜਾਂਦਾ ਹੈ। ਹਰ ਗੁਰੂ ਮੌਤ ਹੈ। ਤੁਸੀਂ ਜਿਹੋ-ਜਿਹੇ ਹੋ, ਅਜੇਹਾ ਤਾਂ ਤੁਹਾਨੂੰ ਮਿਟਾ ਹੀ ਦੇਣਾ ਹੋਵੇਗਾ-ਬਿਲਕੁਲ ਮਿਟਾ ਦੇਣਾ ਹੋਵੇਗਾ, ਸਮੁੱਚੇ ਤੌਰ 'ਤੇ ਮਿਟਾ ਦੇਣਾ ਹੋਵੇਗਾ।

ਜਿਵੇਂ ਕੋਈ ਨਵਾਂ ਬਗੀਚਾ ਲਾਵੇ ਤਾਂ ਘਾਹ-ਪੱਤ ਪੁੱਟਣਾ ਹੀ ਪਏਗਾ, ਕੰਕਰ-ਪੱਥਰ ਕੱਢਣੇ ਪੈਣਗੇ, ਜ਼ਮੀਨ ਪੁੱਟਣੀ ਪਏਗੀ, ਭੂਮ ਦਾ ਰੂਪ ਪਰਤਾਉਣਾ ਪਏਗਾ। ਫਿਰ ਹੀ ਗੁਲਾਬ ਦੇ ਪੌਦੇ ਬੀਜੇ ਜਾ ਸਕਦੇ ਹਨ। ਸ਼ਿਸ਼ ਜਦ ਆਉਂਦਾ ਹੈ, ਤਾਂ ਉਸਨੂੰ ਇਸ ਗੱਲ ਦਾ ਕੁਝ ਪਤਾ ਨਹੀਂ ਹੁੰਦਾ ਕਿ ਇੰਨੀ ਤੋੜ-ਭੰਨ ਹੋਵੇਗੀ, ਕਿ ਮੇਰੇ ਸਿਧਾਂਤ ਤੋੜੇ ਜਾਣਗੇ, ਕਿ ਮੇਰੇ ਸ਼ਾਸਤਰ ਖੋਹੇ ਜਾਣਗੇ, ਕਿ ਮੇਰਾ ਆਚਰਣ ਵਿਅਰਥ, ਕਿ ਮੇਰਾ ਜੀਵਨ ਵਿਅਰਥ, ਕਿ ਮੇਰੇ ਕੋਲ ਕੁਝ ਵੀ ਠੀਕ ਨਹੀਂ ਹੈ।

ਕਲ੍ਹ ਹੀ ਕਿਸੇ ਨੇ ਪੁਛਿਆ ਹੈ ਕਿ ਤੁਸੀਂ ਕਹਿੰਦੇ ਹੋ ਕਿ ਮਨੁੱਖ ਦੇ ਕੋਲ ਕੁਝ ਵੀ ਠੀਕ ਨਹੀਂ। ਕੁਝ ਤਾਂ ਠੀਕ ਹੋਵੇਗਾ? ਮਨੁੱਖ ਦੇ ਸਬੰਧ ਵਿਚ ਉਸਨੂੰ ਪਰੇਸ਼ਾਨੀ ਨਹੀਂ ਹੈ, ਮਨੁੱਖ ਤੋਂ ਉਸਨੇ ਕੀ ਲੈਣਾ-ਦੇਣਾ। ਉਹ ਮੂਲ ਤੌਰ 'ਤੇ ਆਪਣੇ ਸਬੰਧ ਵਿਚ ਪੁੱਛ ਰਿਹਾ ਹੈ ਕਿ ਇਹ ਮੰਨਣ ਨੂੰ ਮਨ ਨਹੀਂ ਹੁੰਦਾ ਕਿ ਮੈਂ ਬਿਲਕੁਲ ਗ਼ਲਤ ਹਾਂ। ਕੁਝ ਤਾਂ... ਥੋੜ੍ਹਾ ਹੀ ਸਹੀ। ਲੇਕਿਨ ਤੁਸੀਂ ਮੇਰੀ ਅੜਿੱਚਣ ਵੀ ਸਮਝੋ। ਜਾਂ ਤਾਂ ਕੋਈ ਪੂਰਾ ਠੀਕ ਹੁੰਦਾ ਹੈ ਜਾਂ ਪੂਰਾ ਗ਼ਲਤ ਹੁੰਦਾ ਹੈ। ਵਿਚ-ਵਿਚਾਲੇ ਕੁਝ ਹੁੰਦਾ ਹੀ ਨਹੀਂ। ਵਿਚ-ਵਿਚਾਲੇ ਕਦੇ ਕੋਈ ਨਹੀਂ ਹੋਇਆ। ਅਜੇਹਾ ਥੋੜ੍ਹਾ-ਈ ਹੈ ਕਿ ਸੱਚ ਦੀ ਵੀ ਕੋਈ ਡਿਗਰੀ ਹੁੰਦੀ ਹੈ-ਕਿ ਕਿਸੇ ਦੇ ਕੋਲ ਪੰਜਾਹ ਫੀ ਸਦੀ, ਕਿਸੇ ਦੇ ਕੋਲ ਸੱਠ ਫੀ ਸਦੀ, ਕਿਸੇ ਦੇ ਕੋਲ ਦਸ, ਕਿਸੇ ਦੇ ਕੋਲ ਪੰਜ। ਸੱਚ ਅਖੰਡ ਹੈ।

ਸੁਣਿਆ ਨਹੀਂ ਤੁਸੀਂ, ਸਾਰੇ ਸ਼ਾਸਤਰ ਚਿੱਲਾਂਦੇ ਰਹੇ ਸਦੀਆਂ ਤੋਂ ਕਿ ਸੱਚ ਅਖੰਡ ਹੈ। ਉਸਦੇ ਟੁਕੜੇ ਨਹੀਂ ਹੋ ਸਕਦੇ। ਜਾਂ ਤਾਂ ਸੱਚ ਹੁੰਦਾ ਹੈ ਤੁਹਾਡੇ ਕੋਲ, ਜਾਂ ਨਹੀਂ ਹੁੰਦਾ। ਦੋ ਵਿਚੋਂ ਇਕ ਹੀ ਹੈ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਮੇਰੇ ਕੋਲ ਥੋੜ੍ਹਾ-ਜਿਹਾ ਸੱਚ ਹੈ। ਹਾਲਾਂਕਿ ਤੁਹਾਡਾ ਹੰਕਾਰ ਇਹੀ ਮੰਨਣਾ ਚਾਹੁੰਦਾ ਹੈ ਕਿ ਮੇਰੇ ਕੋਲ ਸੱਚ ਪੂਰਾ ਨਹੀਂ ਹੋਵੇਗਾ, ਪਰ ਥੋੜ੍ਹਾ ਸੱਚ ਹੈ। ਇਸਦਾ ਮਤਲਬ ਹੋਇਆ ਕਿ ਸੱਚ ਦੀਆਂ ਮਿਕਦਾਰਾਂ ਹੁੰਦੀਆਂ ਹਨ?...'ਥੋੜ੍ਹਾ-ਜਿਹਾ ਮੇਰੇ ਕੋਲ ਹੈ।' ਥੋੜ੍ਹਾ-ਜਿਹਾ ਹੁੰਦਾ ਹੀ ਨਹੀਂ। ਸੱਚ ਨੂੰ ਵੰਡਿਆ ਨਹੀਂ ਜਾ ਸਕਦਾ, ਕੱਟਿਆ ਨਹੀਂ ਜਾ ਸਕਦਾ। ਜਾਂ ਤਾਂ ਤੁਸੀਂ ਜਿਉਂਦੇ ਹੋ ਜਾਂ ਤੁਸੀਂ ਮੁਰਦਾ ਹੋ। ਕੁਝ-ਕੁਝ ਜਿਉਂਦੇ, ਕੁਝ-ਕੁਝ ਮੁਰਦਾ, ਅਜੇਹੀ ਕੋਈ ਗੱਲ ਹੁੰਦੀ ਹੀ ਨਹੀਂ। ਐਪਰ ਸਾਡੀ ਭਾਸ਼ਾ ਅਜੇਹੀ ਹੈ, ਸਾਡੀ ਬੋਲਚਾਲ ਅਜੇਹੀ ਹੈ। ਅਸੀਂ ਤਾਂ ਲੋਕਾਂ ਨੂੰ ਵੀ ਕਹਿੰਦੇ ਹਾਂ ਇਕ-ਦੂਜੇ ਨੂੰ, ਕਿ ਮੈਨੂੰ ਤੇਰੇ ਨਾਲ ਬਹੁਤ ਪ੍ਰੇਮ ਹੋ ਗਿਆ। ਜਿਵੇਂ ਪ੍ਰੇਮ ਦੀਆਂ ਵੀ ਮਿਕਦਾਰਾਂ ਹੁੰਦੀਆਂ ਹਨ!-ਬਹੁਤ, ਥੋੜ੍ਹਾ। ਜਾਂ ਤਾਂ ਪ੍ਰੇਮ ਹੁੰਦਾ ਹੈ ਜਾਂ ਪ੍ਰੇਮ ਨਹੀਂ ਹੁੰਦਾ ਹੈ। ਬਹੁਤਾ, ਥੋੜ੍ਹਾ!... ਕੀ ਬਕਵਾਸ ਲਾ ਰੱਖੀ ਹੈ? ਕਿਤੇ ਪ੍ਰੇਮ ਦੀ ਕੋਈ ਮਿਕਦਾਰ ਹੋ ਸਕਦੀ ਹੈ? ਕੋਈ ਤਰਾਜੂ ਹੈ, ਜਿਸ ਉਤੇ ਤੋਲ ਲਵੋਗੇ ਕਿ ਕਿੰਨਾ ਹੈ, ਕਿਲੋ ਕਿ ਅੱਧਾ ਕਿਲੋ?

ਪਰਮਾਤਮਾ ਅਜੇਹਾ ਥੋੜ੍ਹਾ-ਈ ਹੈ ਕਿ ਥੋੜ੍ਹਾ-ਬਹੁਤ ਤੁਹਾਡੇ ਕੋਲ ਹੈ, ਕਿ ਲੈ ਭੱਜੇ ਇਕ ਲੰਗੋਟੀ ਪਰਮਾਤਮਾ ਦੀ। ਕੁਝ ਉਸਦੀ ਵੀ ਸੋਚੋ।... ਕਿ ਇਕ ਹੱਥ ਤੁਹਾਡੇ ਕੋਲ ਹੈ, ਉਸਦੇ ਤਾਂ ਹਜ਼ਾਰ ਹੱਥ ਹਨ, ਇਕ ਤੁਸੀਂ ਤੋੜ ਲਿਆ।...ਕਿ ਉਸਦੇ ਤਾਂ ਚਾਰ ਸਿਰ ਹਨ, ਇਕ ਤੁਸੀਂ ਤੋੜ ਲਿਆ।

ਪਰਮਾਤਮਾ ਜਦ ਜੀਵਨ ਵਿਚ ਉਤਰਦਾ ਹੈ ਤਾਂ ਪੂਰਾ ਉਤਰਦਾ ਹੈ। ਇਸਦਾ ਮਤਲਬ ਇਹ ਹੋਇਆ ਕਿ ਜਦ ਤਕ ਪਰਮਾਤਮਾ ਨਹੀਂ ਉਤਰਿਆ ਹੈ ਤਦ ਤਕ ਤੁਸੀਂ ਪੂਰੇ-ਪੂਰੇ ਹਨੇਰੇ ਵਿਚ ਹੋ ਅਤੇ ਪੂਰੇ-ਪੂਰੇ ਗ਼ਲਤ ਹੋ।

ਅਜੇਹਾ ਹੀ ਸਮਝੋ, ਪਾਣੀ ਨੂੰ ਅਸੀਂ ਗਰਮ ਕਰਦੇ ਹਾਂ, ਸੌ ਡਿਗਰੀ 'ਤੇ ਭਾਫ ਬਣਦਾ ਹੈ। ਕੀ ਤੁਸੀਂ ਸੋਚਦੇ ਹੋ ਕਿ ਨੱਬੇ ਡਿਗਰੀ 'ਤੇ ਥੋੜ੍ਹਾ-ਥੋੜ੍ਹਾ ਭਾਫ ਬਣਦਾ ਹੈ, ਅੱਧੀ ਡਿਗਰੀ 'ਤੇ ਥੋੜ੍ਹਾ ਘਟ, ਪਚੰਨਵੇਂ 'ਤੇ ਹੋਰ ਥੋੜ੍ਹਾ ਜ਼ਿਆਦਾ, ਨੜ੍ਹਿੰਨਵੇਂ 'ਤੇ ਹੋਰ ਥੋੜ੍ਹਾ ਜ਼ਿਆਦਾ? ਨਹੀਂ, ਸੌ ਡਿਗਰੀ 'ਤੇ ਹੀ ਭਾਫ ਬਣਦਾ ਹੈ। ਜ਼ਰਾ-ਜਿੰਨੀ ਵੀ ਕਮੀ ਹੁੰਦੀ ਹੈ ਸੌ ਡਿਗਰੀ ਤੋਂ, ਤਾਂ ਭਾਫ ਨਹੀਂ ਬਣਦਾ। ਗਰਮ ਪਾਣੀ ਵੀ ਭਾਫ ਨਹੀਂ ਬਣਦਾ। ਗਰਮ ਪਾਣੀ ਭਾਵੇਂ ਹੋਵੇ, ਐਪਰ ਭਾਫ ਨਹੀਂ ਬਣਦਾ। ਭਾਫ ਤਾਂ ਸੌ ਡਿਗਰੀ 'ਤੇ ਭਾਫ ਹੁੰਦਾ ਹੈ। ਐਨ ਇਵੇਂ ਹੀ।

ਲੇਕਿਨ ਸ਼ਿਸ਼ ਜਦ ਆਉਂਦਾ ਹੈ ਤਾਂ ਉਹ ਇਸੇ ਖਿਆਲ ਨਾਲ ਆਉਂਦਾ ਹੈ। ਮੇਰੇ ਕੋਲ ਲੋਕ ਆ ਜਾਂਦੇ ਹਨ। ਉਹ ਕਹਿੰਦੇ ਹਨ ਕਿ 'ਉਂਜ ਤਾਂ ਅਸੀਂ ਸਭ ਸਾਧਿਆ ਹੈ—ਯੋਗ ਵੀ ਸਾਧਿਆ, ਧਿਆਨ ਵੀ ਸਾਧਿਆ। ਹੁਣ ਕੁਝ ਕਮੀ ਰਹਿ ਗਈ ਹੋਵੇ, ਤਾਂ ਤੁਸੀਂ ਪੂਰੀ ਕਰ ਦਿਉ।'...ਕਮੀ ਰਹਿ ਗਈ ਹੋਵੇ? ਉਹ ਇਹ ਮੰਨ ਕੇ ਆਏ ਹਨ ਕਿ ਸਭ ਤਾਂ ਕਰ ਹੀ ਚੁੱਕੇ ਹਾਂ; ਥੋੜ੍ਹੀ-ਬਹੁਤ ਕੁਝ ਕਮੀ ਇਥੇ ਉਥੇ ਹੈ, ਉਹ ਠੀਕ ਹੋ ਜਾਏਗੀ। ਅਤੇ ਜਦ ਮੈਂ ਤੋੜਨਾ ਸ਼ੁਰੂ ਕਰਦਾ ਹਾਂ ਤਾਂ ਸੁਭਾਵਕ ਹੀ ਉਹਨਾਂ ਨੂੰ ਪੀੜ ਹੁੰਦੀ ਹੈ। ਫਿਰ ਜਿਸਦੇ ਕੋਲ ਜਿੰਨਾ ਹੰਕਾਰ ਹੈ, ਉਂਨੀ ਹੀ ਵਧ ਪੀੜ ਹੁੰਦੀ ਹੈ।

ਤੁਸੀਂ ਉਸ ਸੰਗੀਤਕਾਰ ਦੀ ਗੱਲ ਸੁਣੀ ਹੈ?...ਇਕ ਵੱਡਾ ਸੰਗੀਤਕਾਰ ਹੋਇਆ। ਜਦ ਉਸਦੇ ਕੋਲ ਕੋਈ ਸ਼ਿਸ਼ ਸਮਝਣ ਆਉਂਦੇ ਸਨ ਸੰਗੀਤ, ਸੰਗੀਤ ਅਧਿਐਨ ਕਰਨ ਆਉਂਦੇ ਸਨ, ਤਾਂ ਉਸਨੇ ਇਕ ਬੜਾ ਅਜੀਬ ਨਿਯਮ ਬਣਾ ਰਖਿਆ ਸੀ। ਜੇਕਰ ਕੋਈ ਬਿਲਕੁਲ ਸਿਖਤ ਆਉਂਦਾ, ਜੋ ਸੰਗੀਤ ਜਾਣਦਾ ਹੀ ਨਹੀਂ ਹੈ, ਉ-ਅ ਤੋਂ ਸ਼ੁਰੂ ਕਰਨਾ ਹੈ, ਉਸ ਕੋਲੋਂ ਉਹ ਅੱਧੀ ਫੀਸ ਲੈਂਦਾ ਸੀ। ਅਤੇ ਜਿਸਨੇ ਕੁਝ ਵਰ੍ਹਿਆਂ ਤੋਂ ਸੰਗੀਤ ਦਾ ਅਭਿਆਸ ਕੀਤਾ ਹੈ, ਕੁਝ ਸੰਗੀਤ ਦੇ ਸਬੰਧ ਵਿਚ ਜਾਣਦਾ ਹੈ, ਉਸ ਤੋਂ ਦੁੱਗਣੀ ਫੀਸ ਲੈਂਦਾ ਸੀ। ਇਕ ਆਦਮੀ ਵੀਹ ਸਾਲ ਦੀ ਸੰਗੀਤ-ਸਾਧਨਾ ਦੇ ਬਾਅਦ ਇਸ ਗੁਰੂ ਦੇ ਕੋਲ ਆਇਆ। ਅਤੇ ਉਸਨੇ ਕਿਹਾ : ਇਹ ਨਿਯਮ ਬੜਾ ਅਜੀਬ-ਜਿਹਾ ਹੈ। ਇਹ ਬਿਲਕੁਲ ਤਰਕ ਦੇ ਉਲਟ ਨਿਯਮ ਹੈ। ਜਿਹੜਾ ਸਿੱਖ ਕੇ ਆਇਆ ਹੈ, ਉਸ ਕੋਲੋਂ ਘਟ ਫੀਸ ਲੈ। ਵੀਹ ਸਾਲ ਮੈਂ ਗੰਵਾਏ ਹਨ। ਜਿਹੜਾ ਕੁਝ ਸਿੱਖ ਕੇ ਨਹੀਂ ਆਇਆ, ਉਸ ਕੋਲੋਂ ਅੱਧੀ ਅਤੇ ਜਿਹੜਾ ਸਿੱਖ ਕੇ ਆਇਆ ਹੈ, ਉਸ ਕੋਲੋਂ ਦੁੱਗਣੀ, ਇਹ ਕੀ ਪਾਗਲਪਣ ਹੈ? ਇਹ ਕਿਹੜਾ ਗਣਿਤ ਹੈ?

ਉਸ ਸੰਗੀਤਕਾਰ ਨੇ ਕਿਹਾ : ਮਿਹਨਤ ਤੇਰੇ ਨਾਲ ਮੈਨੂੰ ਵਧੇਰੇ ਕਰਨੀ ਪਏਗੀ, ਕਿਉਂਕਿ ਵੀਹ ਸਾਲ ਤੂੰ ਜੋ ਸਿੱਖਿਆ ਹੈ ਉਸਨੂੰ ਪਹਿਲਾਂ ਪੂੰਝਣਾ ਹੋਵੇਗਾ। ਦੁੱਗਣੀ ਫੀਸ ਇਸੇਲਈ ਲੈਂਦਾ ਹਾਂ। ਜਿਹੜਾ ਨਵਾਂ-ਨਵਾਂ ਆਇਆ ਹੈ, ਉਸਦੀ ਕਿਤਾਬ ਕੋਰੀ ਹੈ। ਉਸ ਉਤੇ ਲਿਖਾਈ ਸਿੱਧੀ ਆ ਜਾਏਗੀ। ਤੂੰ ਬਹੁਤ-ਕੁਝ ਉੱਕਰ ਕੇ ਆ ਗਿਆ ਹੈਂ। ਇਸਦੀ ਸਫਾਈ ਕੌਣ ਕਰੇਗਾ?

ਅਕਸਰ ਇਹ ਅਨੁਭਵ ਵਿਚ ਆਉਂਦਾ ਹੈ ਕਿ ਅਖੌਤੀ ਅਨੁਭਵੀ ਜਦ ਆਉਂਦੇ ਹਨ ਗੁਰੂ ਦੇ ਕੋਲ, ਤਾਂ ਜ਼ਿਆਦਾ ਦੇਰ ਟਿਕ ਨਹੀਂ ਪਾਂਦੇ। ਕਿਉਂਕਿ ਉਹਨਾਂ ਦੇ ਅਨੁਭਵ ਨੂੰ ਖ਼ਤਰਾ ਹੋਣ ਲਗਦਾ ਹੈ। ਉਹਨਾਂ ਨੇ ਸਾਧਨਾ

ਕੀਤੀ ਹੈ, ਪ੍ਰਾਰਥਨਾ ਕੀਤੀ ਹੈ, ਪੂਜਾ ਕੀਤੀ ਹੈ, ਅਰਾਧਨਾ ਕੀਤੀ ਹੈ। ਵਰ੍ਹਿਆਂ ਤਕ ਮੰਦਰ ਵਿਚ ਟੱਲੀਆਂ ਵਜਾਉਂਦੇ ਰਹੇ ਹਨ, ਕਿ ਹਨੂੰਮਾਨ-ਚਾਲੀਸਾ ਪੜ੍ਹਦੇ ਰਹੇ ਹਨ। ਅੱਜ ਉਹ ਉਸ ਸਭ ਨੂੰ ਛੱਡਣ ਨੂੰ ਰਾਜ਼ੀ ਨਹੀਂ ਹੁੰਦੇ। ਉਹਨਾਂ ਨੂੰ ਬੜੀ ਅੜਿੱਚਣ ਹੋ ਜਾਂਦੀ ਹੈ। ਅੰਪਰ ਜਦ ਤਕ ਗੁਰੂ ਤੁਹਾਨੂੰ ਪੂਰਾ ਨਾ ਤੋੜ ਸੁੱਟੇ, ਤੁਹਾਨੂੰ ਖੰਡ-ਖੰਡ ਨਾ ਕਰ ਦੇਵੇ, ਤਦ ਤਕ ਤੁਹਾਡੀ ਮੁੜ-ਉਸਾਰੀ ਨਹੀਂ ਹੋ ਸਕਦੀ। ਇਸਲਈ ਬਹੁਤ ਵਾਰ ਤੁਹਾਥੋਂ ਭੁੱਲ ਹੋ ਜਾਂਦੀ ਹੈ। ਜੇ ਤੁਸੀਂ ਹਿੰਦੂ ਹੋ, ਜੇ ਤੁਸੀਂ ਮੁਸਲਮਾਨ ਹੋ, ਤਾਂ ਤੁਸੀਂ ਆਪੋ-ਆਪਣੀ ਪਕੜ ਉੱਤੇ ਜ਼ੋਰ ਨਾਲ ਬੈਠੇ ਹੋਏ ਹੋ। ਗੁਰੂ ਤੁਹਾਥੋਂ ਤੁਹਾਡਾ ਹਿੰਦੂ ਧਰਮ ਵੀ ਖੋਹ ਲਵੇਗਾ ਅਤੇ ਮੁਸਲਮਾਨ ਧਰਮ ਵੀ ਖੋਹ ਲਵੇਗਾ। ਸ਼ਾਇਦ ਤੁਸੀਂ ਸੋਚੋ ਕਿ ਗੁਰੂ ਮੁਸਲਮਾਨ ਧਰਮ ਦੇ ਖਿਲਾਫ ਹੈ ਜਾਂ ਹਿੰਦੂ ਧਰਮ ਦੇ ਵਿਰੁਧ ਹੈ, ਤਾਂ ਤੁਸੀਂ ਗਲਤ ਨਿਰਨਾ ਲੈ ਲਿਆ। ਗੁਰੂ ਕਿਸੇ ਦੇ ਵਿਰੁਧ ਨਹੀਂ ਹੈ—ਸਿਰਫ ਸ਼ਿਸ਼ ਨੂੰ ਮਿਟਾਉਣ ਵਿਚ ਲੱਗਿਆ ਹੈ। ਇਸਲਈ ਤੁਹਾਡਾ ਜੋ ਵੀ ਪੱਖ ਹੈ ਉਸੇ ਨੂੰ ਤੋੜੇਗਾ।

ਇਕ ਸਵੇਰ ਇਕ ਆਦਮੀ ਨੇ ਬੁੱਧ ਤੋਂ ਪੁਛਿਆ : ਈਸ਼ਵਰ ਹੈ? ਬੁੱਧ ਨੇ ਉਸ ਆਦਮੀ ਵਲ ਦੇਖਿਆ ਅਤੇ ਕਿਹਾ : ਨਹੀਂ, ਬਿਲਕੁਲ ਨਹੀਂ! ਦੁਪਹਿਰੇ ਇਕ ਦੂਜੇ ਆਦਮੀ ਨੇ ਉਸੇ ਦਿਨ ਪੁਛਿਆ : ਈਸ਼ਵਰ ਹੈ? ਬੁੱਧ ਨੇ ਕਿਹਾ : ਹਾਂ ਹੈ, ਯਕੀਨਨ ਹੈ! ਅਤੇ ਸ਼ਾਮੀਂ ਇਕ ਤੀਜੇ ਆਦਮੀ ਨੇ ਉਸੇ ਦਿਨ ਪੁਛਿਆ ਕਿ ਈਸ਼ਵਰ ਹੈ? ਅਤੇ ਬੁੱਧ ਨੇ ਅੱਖਾਂ ਬੰਦ ਕਰ ਲਈਆਂ ਅਤੇ ਚੁੱਪ ਰਹਿ ਗਏ। ਕੁਝ ਵੀ ਨਾ ਬੋਲੇ। ਉਹਨਾਂ ਦਾ ਸ਼ਿਸ਼, ਆਨੰਦ, ਨਾਲ ਸੀ। ਉਹ ਤਿੰਨੇ ਤਾਂ ਠੀਕ, ਉਹਨਾਂ ਦੀ ਉਹ ਜਾਣਨ, ਕਿਉਂਕਿ ਉਹਨਾਂ ਨੇ ਤਾਂ ਇਕ-ਇਕ ਜਵਾਬ ਸੁਣਿਆ ਸੀ। ਸ਼ਾਇਦ ਕਦੇ ਆਪਸ ਵਿਚ ਉਹਨਾਂ ਦਾ ਮਿਲਣਾ ਵੀ ਹੋਵੇਗਾ। ਲੇਕਿਨ ਇਸ ਆਨੰਦ ਦੀ ਕੀ ਗਤਿ ਹੋਈ, ਜਿਹੜਾ ਦਿਨ-ਭਰ ਸੁਣਦਾ ਰਿਹਾ? ਸਵੇਰੇ ਸੁਣਿਆਂ 'ਨਹੀਂ', ਫਿਰ ਸੁਣਿਆ 'ਹਾਂ', ਫਿਰ ਚੁੱਪ ਵੀ ਦੇਖਿਆ ਬੁੱਧ ਨੂੰ। ਰਾਤੀਂ ਜਦ ਬੁੱਧ ਸੌਣ ਲੱਗੇ, ਉਸਨੇ ਕਿਹਾ : ਮੈਂ ਸੌਂ ਨਾ ਸਕਾਂਗਾ ਜਦ ਤਕ ਮੇਰਾ ਮਨ ਸਾਫ ਨਾ ਹੋ ਜਾਵੇ। ਮੈਨੂੰ ਬੜੀ ਦੁਵਿਧਾ ਵਿਚ ਪਾ ਦਿੱਤਾ। ਕੁਝ ਮੇਰੇ 'ਤੇ ਵੀ ਤਾਂ ਖ਼ਿਆਲ ਕਰੋ! ਇਕ ਆਦਮੀ ਨੇ ਕਿਹਾ—ਈਸ਼ਵਰ ਨਹੀਂ ਹੈ, ਬਿਲਕੁਲ ਨਹੀਂ ਹੈ! ਇਕ ਨੂੰ ਕਿਹਾ—ਹਾਂ, ਹੈ, ਯਕੀਨਨ ਹੈ, ਅਤੇ ਤੀਜੇ ਦੇ ਨਾਲ ਬਿਲਕੁਲ ਚੁੱਪ ਰਹਿ ਗਏ!

ਬੁੱਧ ਨੇ ਕਿਹਾ : ਜਿਸ ਆਦਮੀ ਨੂੰ ਮੈਂ ਕਿਹਾ 'ਈਸ਼ਵਰ ਨਹੀਂ ਹੈ' ਉਹ ਆਸਤਕ ਸੀ। ਅਤੇ ਉਸਦੀ ਆਸਤਕਤਾ ਤੋੜਨੀ ਸੀ। ਅਤੇ ਜਿਸਨੂੰ ਮੈਂ ਕਿਹਾ 'ਈਸ਼ਵਰ ਹੈ', ਉਹ ਨਾਸਤਕ ਸੀ ਅਤੇ ਉਸਦੀ ਨਾਸਤਕਤਾ ਤੋੜਨੀ ਸੀ। ਅਤੇ ਜਿਹੜਾ ਆਦਮੀ, ਤੀਜਾ ਆਦਮੀ, ਜਿਸਦੇ ਸਬੰਧ ਵਿਚ ਮੈਂ ਚੁੱਪ ਰਹਿ ਗਿਆ, ਉਹ ਨਾ ਨਾਸਤਕ ਨਾ ਆਸਤਕ ਸੀ। ਉਸਨੂੰ ਮੌਨ ਦਾ ਪਾਠ ਦੇਣਾ ਸੀ ਕਿ ਪੁੱਛ ਹੀ ਨਾ, ਚੁੱਪ ਹੋ ਜਾ। ਜਿਵੇਂ ਮੈਂ ਚੁੱਪ ਹਾਂ ਇਵੇਂ ਹੀ ਚੁੱਪ ਹੋ ਜਾ। ਚੁੱਪੀ ਵਿਚ ਜਾਣ ਲਵੇਂਗਾ। ਉਹ ਤਿੰਨੋ ਵਖੋ-ਵਖਰੀ ਤਰ੍ਹਾਂ ਦੇ ਲੋਕ ਸਨ। ਅਤੇ ਵਖੋ-ਵਖਰੀ ਤਰ੍ਹਾਂ ਦੇ ਲੋਕਾਂ ਲਈ ਮੈਨੂੰ ਵਖੋ-ਵਖਰੇ ਜਵਾਬ ਦੇਣੇ ਪਏ।

ਹੁਣ ਤੁਸੀਂ ਬੜੀ ਮੁਸ਼ਕਲ ਵਿਚ ਪਵੋਗੇ। ਹੁਣ ਕਿਵੇਂ ਨਿਰਨਾ ਕਰੋਗੇ ਕਿ ਬੁੱਧ ਈਸ਼ਵਰ ਨੂੰ ਮੰਨਦੇ ਹਨ ਜਾਂ ਨਹੀਂ? ਬੁੱਧ ਕੀ ਮੰਨਦੇ ਹਨ, ਇਹ ਬੁੱਧ ਹੋਏ ਬਿਨਾਂ ਜਾਣਨ ਦਾ ਕੋਈ ਉਪਾਅ ਨਹੀਂ। ਬੁੱਧ ਕੀ ਮੰਨਦੇ ਹਨ, ਇਹ ਬੁੱਧ ਹੋਏ ਬਿਨਾਂ ਕਦੇ ਜਾਣਿਆਂ ਹੀ ਨਹੀਂ ਜਾ ਸਕਦਾ। ਹਾਂ, ਸ਼ਿੱਸ਼ਾਂ ਨੂੰ ਕੀ ਕਹਿੰਦੇ ਹਨ, ਉਹ ਤੁਹਾਡੇ ਕੋਲ ਹੈ। ਅੰਪਰ ਉਹ ਤਾਂ ਹਜ਼ਾਰ ਗੱਲਾਂ ਹਨ। ਹਰ ਸ਼ਿੱਸ਼ ਦੇ ਮੁਤਾਬਕ ਆਖੀਆਂ ਗਈਆਂ ਹਨ।

ਕੋਈ ਪੱਥਰ ਉੱਤਰ ਵਲੋਂ ਤੋੜਨਾ ਪੈਂਦਾ ਹੈ, ਕੋਈ ਪੱਥਰ ਪੂਰਬ ਵਲੋਂ ਤੋੜਨਾ ਪੈਂਦਾ ਹੈ। ਕੋਈ ਪੱਥਰ ਹੇਠਾਂ ਤੋਂ ਤੋੜਨਾ ਪੈਂਦਾ ਹੈ, ਕੋਈ ਪੱਥਰ ਉਪਰ ਤੋਂ ਤੋੜਨਾ ਪੈਂਦਾ ਹੈ। ਕੋਈ ਪੱਥਰ ਹੇਠਾਂ ਅਣਘੜ ਹੈ। ਪੱਥਰ ਅਲੱਗ-ਅਲੱਗ ਹਨ। ਲੇਕਿਨ ਤੋੜਨਾ ਸਭ ਨੂੰ ਹੀ ਪੈਂਦਾ ਹੈ।

ਬੜਾ ਧੀਰਜ ਚਾਹੀਦਾ ਹੈ ਗੁਰੂ ਵਿਚ। ਕਿਉਂਕਿ ਸ਼ਿਸ਼ ਭੱਜਣਗੇ, ਬਚਣਗੇ, ਉਪਾਅ ਲੱਭਣਗੇ, ਤਰਕੀਬਾਂ ਕਢਣਗੇ। ਖ਼ੁਦ ਨੂੰ ਬਚਾਉਣ ਖ਼ਾਤਰ ਨਵੀਆਂ-ਨਵੀਆਂ ਢਾਲਾਂ ਬਨਾਉਣਗੇ। ਗੁਰੂ ਵਾਰ ਕਰੇਗਾ ਅਤੇ ਉਹ ਢਾਲਾਂ ਉਤੇ ਸਹਿ ਜਾਣਗੇ।

ਦੁਨੀਆਂ ਵਿਚ ਸਭ ਤੋਂ ਕਠਨ ਕੰਮ ਸਿਰਜਣਾ ਦਾ ਗੁਰੂ ਦਾ ਹੈ, ਕਿਉਂਕਿ ਜਿਸ ਮਾਧਿਅਮ ਉਤੇ ਉਹ ਕੰਮ ਕਰਦਾ ਹੈ, ਉਹ ਜਾਨਦਾਰ ਮਨੁੱਖ ਹੈ।

ਧੀਰਜਵੰਤ, ਅਡਿੱਗ... ਅਤੇ ਗੁਰੂ ਅਣਕੰਬ ਹੈ। ਅਣਕੰਬ ਹੈ, ਇਸੇਲਈ ਗੁਰੂ ਹੈ। ਇਹੀ ਉਸਦੀ ਗੁਰਿਆਈ ਹੈ। ਉਸਦੇ ਅੰਦਰ ਚੇਤਨਾ ਦੀ ਲੋਅ ਥਿਰ ਹੋ ਗਈ ਹੈ। ਕ੍ਰਿਸ਼ਨ ਨੇ ਜਿਸਨੂੰ 'ਸਥਿਤਪ੍ਰਗਯ' ਕਿਹਾ ਹੈ, 'ਸਥਿਰਧੀਹ' ਕਿਹਾ ਹੈ। ਉਸਦੀ ਚੇਤਨਾ ਦੀ ਲੋਅ ਅਡਿੱਗ ਹੋ ਗਈ ਹੈ ਹੁਣ ਤੂਫਾਨ ਵੀ ਆਵੇ, ਤਾਂ ਵੀ ਉਸਦੀ ਚੇਤਨਾ ਦੀ ਲੋਅ ਕੰਬਦੀ ਨਹੀਂ, ਅਣਕੰਬ ਹੈ। ਅਸੀਂ ਕੰਬ ਰਹੇ ਹਾਂ, ਇਸਲਈ ਸੱਚ ਨੂੰ ਨਹੀਂ ਦੇਖ ਪਾ ਰਹੇ ਹਾਂ।

ਤੁਸੀਂ ਇਉਂ ਹੀ ਸਮਝੋ ਕਿ ਇਕ ਕੈਮਰਾ ਤੁਹਾਡੇ ਹੱਥ ਵਿਚ ਹੋਵੇ ਅਤੇ ਤੁਹਾਡੇ ਦੋਵੇਂ ਹੱਥ ਕੰਬ ਰਹੇ ਹੋਣ, ਅਤੇ ਤੁਸੀਂ ਫੋਟੋ ਲਾਹੋ। ਤਾਂ ਫੋਟੋ ਵਿਚ ਕੀ ਸੱਚ ਆਏਗਾ? ਕੁਝ ਦਾ ਕੁਝ ਹੋ ਜਾਏਗਾ। ਇਕ ਦਿਨ ਕੋਸ਼ਿਸ਼ ਕਰਨਾ, ਦੌੜਦੇ ਹੋਏ ਕੈਮਰਾ ਹੱਥ ਵਿਚ ਲੈ ਕੇ ਫੋਟੋ ਲਾਹ ਲੈਣਾ। ਫੋਟੋ ਲਾਹੁਣ ਦੇ ਲਈ ਕੈਮਰੇ ਨੂੰ ਥਿਰ ਕਰਨਾ ਪੈਂਦਾ ਹੈ। ਜਦ ਕੈਮਰਾ ਜਿੰਨਾ ਜ਼ਿਆਦਾ ਥਿਰ ਹੁੰਦਾ ਹੈ, ਉਨੀ ਹੀ ਸਪੱਸ਼ਟ ਤਸਵੀਰ ਹੁੰਦੀ ਹੈ।

ਜਦ ਝੀਲ ਸ਼ਾਂਤ ਹੁੰਦੀ ਹੈ ਤਾਂ ਚੰਦ ਦਾ ਅਕਸ ਪੂਰਾ-ਪੂਰਾ ਬਣਦਾ ਹੈ। ਜਦ ਝੀਲ ਵਿਚ ਤਰੰਗ ਹੁੰਦੀ ਹੈ, ਚੰਦ ਦਾ ਅਕਸ ਖੰਡ-ਖੰਡ ਹੋ ਜਾਂਦਾ ਹੈ, ਪੂਰੀ ਝੀਲ ਉਤੇ ਫੈਲ ਜਾਂਦਾ ਹੈ। ਪਤਾ ਲਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਚੰਦ ਕਿਹੋ-ਜਿਹਾ ਹੈ। ਸਾਡਾ ਚਿੱਤ ਸ਼ੀਸ਼ਾ ਹੈ। ਇਹ ਸਾਰਾ ਸੱਚ ਮੌਜੂਦ ਹੈ ਚਾਰੇ ਪਾਸੇ, ਐਪਰ ਸਾਡਾ ਚਿੱਤ ਕੰਬ ਰਿਹਾ ਹੈ। ਅਜੇਹਾ ਕੰਬਦਾ ਹੈ, ਥਰਥਰ-ਥਰਥਰ ਹੋ ਰਿਹਾ ਹੈ। ਲਹਿਰਾਂ ਹੀ ਲਹਿਰਾਂ ਹਨ। ਜਾਗਦੇ-ਸੌਂਦੇ ਲਹਿਰਾਂ ਹੀ ਲਹਿਰਾਂ ਨਾਲ ਭਰੀ ਹੋਈ ਝੀਲ ਹੈ। ਇਸ ਵਿਚ ਕਿਵੇਂ ਤੁਸੀਂ ਪਰਮਾਤਮਾ ਨੂੰ ਜਾਣੋਗੇ?

ਲੋਕ ਮੇਰੇ ਕੋਲ ਆਉਂਦੇ ਹਨ, ਉਹ ਕਹਿੰਦੇ ਹਨ : 'ਪਰਮਾਤਮਾ ਕਿਥੇ ਹੈ। ਸਾਨੂੰ ਦਿਖਾ ਦਿਉ।' ਮੈਂ ਉਹਨਾਂ ਨੂੰ ਕਹਿੰਦਾ ਹਾਂ : ਤੁਹਾਨੂੰ ਦਿਖਾ ਤਾਂ ਦੇਈਏ, ਪਰਮਾਤਮਾ ਨੂੰ ਦਿਖਾਉਣ ਵਿਚ ਕੋਈ ਅੜਿੱਚਣ ਹੀ ਨਹੀਂ ਹੈ, ਕਿਉਂਕਿ ਪਰਮਾਤਮਾ ਹੀ ਪਰਮਾਤਮਾ ਹੈ। ਇਹ ਜਗਤ ਉਸੇ ਨਾਲ ਭਰਿਆ ਹੋਇਆ ਹੈ। ਉਸਦੇ ਅੰਬਾਰ ਲੱਗੇ ਹੋਏ ਹਨ। ਐਪਰ ਤੁਸੀਂ ਅਣਕੰਬ ਹੋ ਜਾਵੋ ਤਾਂ...।

ਲੋਕ ਬਿਨਾਂ ਧਿਆਨ ਦੇ ਪਰਮਾਤਮਾ ਨੂੰ ਦੇਖਣਾ ਚਾਹੁੰਦੇ ਹਨ। ਲੋਕ ਤਾਂ ਉਲਟੀ ਗੱਲ ਕਹਿੰਦੇ ਹਨ। ਉਹ ਕਹਿੰਦੇ ਹਨ, ਅਸੀਂ ਧਿਆਨ ਤਾਂ ਤਦੇ ਕਰਾਂਗੇ, ਜਦ ਸਾਨੂੰ ਪਰਮਾਤਮਾ ਦਿਖਾਈ ਪੈ ਜਾਵੇ। ਇਹ ਤਾਂ ਉਹਨਾਂ ਨੇ ਅਜੇਹੀ ਸ਼ਰਤ ਲਾ ਦਿਤੀ, ਜੋ ਪੂਰੀ ਨਹੀਂ ਹੋ ਸਕਦੀ। ਕਿਉਂਕਿ ਪਰਮਾਤਮਾ ਧਿਆਨ ਕਰਨ ਨਾਲ ਦਿਖਾਈ ਪੈਂਦਾ ਹੈ।

ਉਹ ਕਹਿੰਦੇ ਹਨ : ਅਸੀਂ ਧਿਆਨ ਤਦੇ ਕਰਾਂਗੇ, ਜਦ ਸਾਨੂੰ ਸਬੂਤ ਮਿਲ ਜਾਵੇ ਕਿ ਪਰਮਾਤਮਾ ਹੈ, ਜਦ ਅੱਖ ਕਹਿ ਦੇਵੇ ਕਿ ਪਰਮਾਤਮਾ ਹੈ। ਅੱਖ ਜ਼ਰੂਰ ਕਹੇਗੀ ਕਿ ਪਰਮਾਤਮਾ ਹੈ, ਲੇਕਿਨ ਅੱਖ ਦੇ ਪਿਛੇ ਥਿਰ ਤਾਂ ਹੋ ਜਾਣ ਦਿਉ ਚੇਤਨਾ ਨੂੰ।

ਜਿਸਦੀ ਚੇਤਨਾ ਥਿਰ ਹੋ ਗਈ ਹੈ, ਉਹੀ ਸਤਿਗੁਰੂ ਹੈ, ਜਿਤੇਂਨਦ੍ਰੀਯ ਹੈ। ਜਿਸਨੇ ਆਪਣੇ-ਆਪ ਨੂੰ ਸਰੀਰ ਤੋਂ ਵਖਰਾ ਜਾਣ ਲਿਆ ਹੈ, ਜਿਸਨੇ ਆਪਣੇ-ਆਪ ਨੂੰ ਇੰਦਰੀਆਂ ਨਾਲੋਂ ਭਿੰਨ ਜਾਣ ਲਿਆ ਹੈ, ਉਸੇ ਭਿੰਨਤਾ ਵਿਚ ਜਿੱਤ ਹੈ। ਹੁਣ ਸਮਝ ਲੈਣਾ, ਜਿਤੇਂਨਦ੍ਰੀਯ ਬਣਨ ਦੀ ਕੋਸ਼ਿਸ਼ ਨਾ ਕਰਨਾ। ਜਿਤੇਂਨਦ੍ਰੀਯ ਬਣਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਜਿਹੜਾ ਕਰਦਾ ਹੈ, ਉਹ ਸਿਰਫ ਦੱਬਿਆ ਹੋਇਆ ਹੋ ਜਾਂਦਾ ਹੈ। ਉਸਦਾ ਜੀਵਨ ਸਿਰਫ ਰੋਗ ਨਾਲ ਭਰ ਜਾਂਦਾ ਹੈ। ਕਿਸੇ ਇੰਦਰੀ ਨੂੰ ਦਬਾਉਣ ਦੀ ਕੋਈ ਲੋੜ ਨਹੀਂ ਹੈ। ਦਬਾਉਣ ਨਾਲ ਕੋਈ ਮੁਕਤੀ ਵੀ ਨਹੀਂ ਹੈ। ਜਿਸਨੂੰ ਦਬਾਉਗੇ, ਉਹ ਉਭਰ-ਉਭਰ ਕੇ ਉਠੇਗੀ। ਤੁਸੀਂ ਜਿਸਨੂੰ ਦਬਾਉਗੇ, ਉਹ ਮੁੜ-ਮੁੜ ਕੇ ਆਏਗੀ। ਇਹ ਕੋਈ ਜਿੱਤਣ ਦਾ ਉਪਾਅ ਨਹੀਂ ਹੈ। ਇਹ ਸ਼ੁਦਾਈ ਹੋਣ ਦੀ ਪਰਕਿਰਿਆ ਹੈ, ਮੁਕਤ ਹੋਣ ਦੀ ਨਹੀਂ। ਦਮਨ ਤੋਂ ਬਚਣਾ।

ਜਿਤੇਂਨਦ੍ਰਿਯ ਦਾ ਇਹੀ ਅਰਥ ਲੋਕਾਂ ਨੇ ਲਿਆ ਹੈ ਕਿ ਇੰਦਰੀਆਂ ਨੂੰ ਜਿੱਤੋ, ਕਿ ਜੀਭ ਵਿਚ ਸੁਆਦ ਨਾ ਰਹਿ ਜਾਵੇ। ਅਤੇ ਕੇਹੇ-ਕੇਹੇ ਉਪਾਅ ਕਰਦੇ ਹਨ, ਲੋਕ ਕਿ ਜੀਭ ਵਿਚ ਸੁਆਦ ਨਾ ਰਹਿ ਜਾਵੇ! ਜੀਭ ਨੂੰ ਮਾਰ ਸੁੱਟਣ ਦੇ ਉਪਾਅ ਕਰਦੇ ਹਨ।

ਮਹਾਤਮਾ ਗਾਂਧੀ ਆਪਣੇ ਭੋਜਨ ਦੇ ਨਾਲ-ਨਾਲ ਨਿੰਮ ਦੀ ਚਟਣੀ ਖਾਂਦੇ ਸਨ। ਹੁਣ ਨਿੰਮ ਦੀ ਚਟਣੀ, ਉਹ ਜੀਭ ਨੂੰ ਮਾਰਨ ਦਾ ਉਪਾਅ ਹੈ। ਕਿਉਂਕਿ 'ਨਾਸੁਆਦ' ਉਹਨਾਂ ਦੇ ਆਸ਼ਰਮ ਦੇ ਨਿਯਮਾਂ ਵਿਚ ਬੜਾ ਪ੍ਰਮੁਖ ਨਿਯਮ ਸੀ। ਨਾਸੁਆਦ! 'ਨਾਸੁਆਦ' ਸਾਧਣ ਦਾ ਇਹ ਕੋਈ ਢੰਗ ਹੈ? ਤਾਂ ਜਾ ਕੇ ਜੀਭ ਉਤੇ, ਡਾਕਟਰਾਂ ਨੂੰ ਕਹਿ ਕੇ ਛੋਟਾ-ਜਿਹਾ ਆੱਪਰੇਸ਼ਨ ਕਰਵਾ ਲਵੋ, ਪਲਾਸਟਿਕ ਸਰਜਰੀ। ਕਿਉਂਕਿ ਜੀਭ ਵਿਚ ਥੋੜ੍ਹੀ-ਜਿਹੀ ਹੀ ਸਮਰੱਥਾ ਹੈ ਸੁਆਦ ਦੀ। ਉਹ ਖੰਡਤ ਕੀਤੀ ਜਾ ਸਕਦੀ ਹੈ। ਜੀਭ ਦੇ ਉਪਰ ਦੀ ਪਰਤ ਕੱਢੀ ਜਾ ਸਕਦੀ ਹੈ। ਬਜਾਇ ਨਿੰਮ ਦੀ ਚਟਣੀ ਖਾਣ ਦੇ, ਜੀਭ ਦੀ ਇਕ ਛੋਟੀ-ਜਿਹੀ ਤਹਿ ਉਪਰ ਦੀ ਜਾ ਕੇ ਡਾਕਟਰ ਨੂੰ ਆਖੋ ਕਿ ਛਿੱਲ ਦੇਵੇ। ਫਿਰ ਤੁਹਾਨੂੰ ਕੋਈ ਸੁਆਦ ਪਤਾ ਨਹੀਂ ਲੱਗੇਗਾ—ਨਾ ਮਿੱਠਾ ਨਾ ਕੌੜਾ। ਅਤੇ ਜੇ ਕੌੜੇ ਦੀ ਹੀ ਬਹੁਤੀ ਚਾਹਨਾ ਹੋਵੇ ਸਿਰਫ ਜੀਭ ਦੇ ਪਿਛੇ ਦੇ ਹਿੱਸੇ ਨੂੰ ਬਚਾ ਲੈਣਾ ਅਤੇ ਬਾਕੀ ਹਿੱਸੇ ਨੂੰ ਸਾਫ ਕਰਵਾ ਦੇਣਾ। ਕਿਉਂਕਿ ਜੀਭ ਦੇ ਵਖੋ- ਵਖਰੇ ਹਿੱਸੇ ਵਖੋ-ਵਖਰੇ ਸੁਆਦ ਦਾ ਅਨੁਭਵ ਕਰਦੇ ਹਨ। ਕੌੜਾ ਅਨੁਭਵ ਜੀਭ ਦੇ ਆਖਰੀ ਹਿੱਸੇ 'ਤੇ ਹੁੰਦਾ ਹੈ। ਬਸ ਥੋੜ੍ਹੇ-ਜਿਹੇ ਹੀ ਬਿੰਦੂ ਹਨ ਉਥੇ, ਜੋ ਕੌੜੇ ਦਾ ਅਨੁਭਵ ਕਰਦੇ ਹਨ। ਉਹਨਾਂ ਨੂੰ ਛੱਡ ਰਖਣਾ, ਫਿਰ ਨਿੰਮ ਦੀ ਚਟਣੀ ਬਣਾਉਣੀ ਨਹੀਂ, ਕੋਈ ਵੀ ਚਟਣੀ ਖਾਉ, ਨਿੰਮ ਦੀ ਹੀ ਚਟਣੀ ਮਲੂਮ ਪਵੇਗੀ।

ਐਪਰ ਇਸ ਤਰ੍ਹਾਂ ਜੀਭ ਨੂੰ ਮਾਰਨ ਨਾਲ ਕੋਈ ਨਾਸੁਆਦ ਹੋਵੇਗਾ? ਇਹ ਨਾਸੁਆਦ ਦਾ ਧੋਖਾ ਹੈ। ਫਿਰ ਨਾਸੁਆਦ ਕੀ ਹੈ? ਅਸਲੀ ਨਾਸੁਆਦ ਕੀ ਹੈ? ਅਸਲੀ ਨਾਸੁਆਦ ਹੈ ਇਹ ਜਾਣਨਾ ਕਿ ਮੈਂ ਜੀਭ ਨਹੀਂ ਹਾਂ। ਅਸਲੀ ਨਾਸੁਆਦ ਹੈ ਇਹ ਜਾਣਨਾ ਕਿ ਜੀਭ ਵਿਚ ਜੋ ਸੁਆਦ ਪਰਗਟ ਹੋ ਰਿਹਾ ਹੈ, ਉਹ ਮੈਂ ਨਹੀਂ ਹਾਂ, ਮੈਂ ਚੇਤੰਨ

ਉਸਦਾ ਗਵਾਹ ਹਾਂ। ਮੈਂ ਦੇਖ ਰਿਹਾ ਹਾਂ ਕਿ ਜੀਭ ਵਿਚ ਕੌੜੇ ਦਾ ਸੁਆਦ ਹੋ ਰਿਹਾ ਹੈ। ਮੈਂ ਦੇਖ ਰਿਹਾ ਹਾਂ ਕਿ ਜੀਭ ਵਿਚ ਮਿਠਾਸ ਦਾ ਸੁਆਦ ਹੋ ਰਿਹਾ ਹੈ, ਕਿ ਜੀਭ ਵਿਚ ਲੂਣ ਦਾ ਸੁਆਦ ਹੋ ਰਿਹਾ ਹੈ। ਕੌੜਾ ਹੋਵੇ ਕਿ ਮਿੱਠਾ ਹੋਵੇ ਕਿ ਕਸੈਲਾ ਹੋਵੇ, ਮੈਂ ਗਵਾਹ ਹਾਂ। ਮਿੱਠੇ ਦੇ ਸੁਆਦ ਦੇ ਖ਼ਿਲਾਫ ਕੌੜੇ ਦੇ ਸੁਆਦ ਦਾ ਅਭਿਆਸ ਥੋੜ੍ਹਾ—ਈ ਕਰਨਾ ਹੈ। ਸਾਰੇ ਸੁਆਦਾਂ ਦੇ ਉੱਪਰ ਉਲਾਂਘ ਜਾਣਾ ਕਰਨਾ ਹੈ। ਗਵਾਹ ਦਾ ਭਾਵ ਲਿਆਉਣਾ ਹੈ। ਹੁਣ ਤੁਸੀਂ ਸੰਗੀਤ ਤੋਂ ਮੁਕਤ ਹੋਣਾ ਹੋਵੇ, ਕੰਨ ਉੱਤੇ ਜਿੱਤ ਪਾਉਣੀ ਹੋਵੇ, ਤਾਂ ਕੀ ਜਾ ਕੇ ਬਜ਼ਾਰ ਵਿਚ ਬੈਠ ਕੇ ਸ਼ੋਰ—ਸ਼ਰਾਬਾ ਸੁਣੋਗੇ? ਉਸ ਨਾਲ ਤੁਹਾਡੇ ਕੰਨ ਉੱਤੇ ਜਿੱਤ ਹੋ ਜਾਏਗੀ। ਉਸ ਨਾਲ ਜਿੱਤ ਨਹੀਂ ਹੋਵੇਗੀ। ਲੋਕ ਇਹੀ ਸੋਚਦੇ ਹਨ, ਉਸ ਨਾਲ ਜਿੱਤ ਹੋ ਜਾਏਗੀ। ਕੀ ਖੁਰਦਰੇ ਕੱਪੜੇ ਪਹਿਨ ਲਵੋਗੇ, ਤਾਂ ਛੋਹ ਦੀ ਇੰਦਰੀ ਉੱਤੇ ਜਿੱਤ ਹੋ ਜਾਏਗੀ? ਖੁਰਦਰੇ ਕੱਪੜਿਆਂ ਨਾਲ ਨਹੀਂ ਹੋ ਜਾਏਗੀ।

ਇਕ ਹੀ ਜਿੱਤ ਹੈ ਇੰਦਰੀਆਂ ਉੱਤੇ—ਉਹ ਗਵਾਹ ਦਾ ਬੋਧ ਹੈ, ਕਿ ਮੈਂ ਮਹਿਜ਼ ਦ੍ਰਸ਼ਟਾ ਹਾਂ; ਅਤੇ ਸਭ ਮੇਰੇ ਆਸੇ—ਪਾਸੇ ਵਾਪਰ ਰਿਹਾ ਹੈ, ਉਹ ਮੈਨੂੰ ਨਹੀਂ ਵਾਪਰ ਰਿਹਾ ਹੈ। ਮੈਂ ਦੂਰ ਖੜ੍ਹਾ ਦੇਖ ਰਿਹਾ ਹਾਂ।

ਤੁਸੀਂ ਅੱਜ ਜਦ ਭੋਜਨ ਕਰੋ, ਥੋੜ੍ਹਾ—ਜਿਹਾ ਪ੍ਰਯੋਗ ਕਰਨਾ। ਕਿਉਂਕਿ ਇਹ ਗੱਲਾਂ ਪ੍ਰਯੋਗ ਨਾਲ ਹੀ ਸਮਝ ਵਿਚ ਆ ਸਕਦੀਆਂ ਹਨ। ਸੁਆਦ ਆ ਰਿਹਾ ਹੋਵੇ, ਤਦ ਜ਼ਰਾ ਅੰਦਰ ਦੇਖਣਾ ਕਿ ਸੁਆਦ ਮੈਥੋਂ ਅਲੱਗ ਹੈ ਜਾਂ ਮੈਂ ਸੁਆਦ ਦੇ ਨਾਲ ਇਕ ਹਾਂ? ਅਤੇ ਤੁਸੀਂ ਪਾਉਗੇ ਕਿ ਤੁਸੀਂ ਅਲੱਗ ਹੋ, ਕਿਉਂਕਿ ਤੁਸੀਂ ਅਲੱਗ ਹੋ! ਚਮਤਕਾਰ ਤਾਂ ਇਹੀ ਹੈ ਕਿ ਕਿਵੇਂ ਤੁਸੀਂ ਖ਼ੁਦ ਨੂੰ ਇਕ ਮੰਨ ਲਿਆ ਹੈ। ਤੁਸੀਂ ਬੜੇ ਜਾਦੂਗਰ ਹੋ। ਤੁਸੀਂ ਖ਼ੁਦ ਨੂੰ ਧੋਖਾ ਅਜੇਹਾ ਦਿਤਾ ਹੈ! ਅੱਪਰ ਧੋਖਾ ਧੋਖਾ ਹੈ। ਜਿਸ ਦਿਨ ਜਾਗੋਗੇ, ਜਾਦੂ ਟੁੱਟ ਜਾਏਗਾ। ਇਹ ਜਾਦੂ ਤੋੜਿਆ ਜਾ ਸਕਦਾ ਹੈ। ਇੰਦਰੀਆਂ ਨਾਲ ਲੜਨ ਦੀ ਕੋਈ ਜ਼ਰੂਰਤ ਨਹੀਂ। ਇੰਦਰੀਆਂ ਨੂੰ ਦੁਖ ਦੇਣ ਦੀ ਕੋਈ ਜ਼ਰੂਰਤ ਨਹੀਂ। ਸਰੀਰ ਨੂੰ ਸਤਾਉਣ ਦੀ ਕੋਈ ਜ਼ਰੂਰਤ ਨਹੀਂ ਹੈ। ਜਿਹੜਾ ਬੰਦਾ ਸਰੀਰ ਨੂੰ ਸਤਾ ਰਿਹਾ ਹੈ, ਉਹ ਮਨੋਵਿਗਿਆਨਕ ਰੂਪ ਨਾਲ ਰੋਗੀ ਹੈ। ਉਹ ਤੰਦਰੁਸਤ ਨਹੀਂ ਹੈ।

ਤੰਦਰੁਸਤ ਆਦਮੀ ਤਾਂ ਇੰਨਾ ਹੀ ਜਾਣਦਾ ਹੈ—ਮੈਂ ਦੇਹ ਨਹੀਂ ਹਾਂ। ਮੈਂ ਇੰਦਰੀਆਂ ਨਹੀਂ ਹਾਂ। ਮੇਰੇ ਸੁਆਦ ਮੈਂ ਨਹੀਂ ਹਾਂ। ਮੈਂ ਪਾਰ ਹਾਂ। ਮੈਂ ਭਿੰਨ ਹਾਂ। ਮੈਂ ਅਲੱਗ ਹਾਂ। ਮੈਂ ਦੂਰ ਖੜ੍ਹਾ ਦੇਖ ਰਿਹਾ ਹਾਂ। ਨਿਰਮਲ ਸ਼ੀਸ਼ਾ ਹਾਂ ਮੈਂ।

ਧੀਰਜਵੰਤ, ਅਡਿੱਗ, ਜਿਤੇਂਦ੍ਰਿਯ, ਨਿਰਮਲ ਗਿਆਨ ਗਹਯੋ ਦ੍ਰਿੜ੍ਹ ਆਦੂ॥

ਅਤੇ ਜਿਹੜਾ ਅਜੇਹਾ ਹੋ ਜਾਵੇ, ਉਸਨੂੰ ਨਿਰਮਲ—ਗਿਆਨ ਪੈਦਾ ਹੁੰਦਾ ਹੈ। ਨਿਰਮਲ—ਗਿਆਨ ਗਵਾਹ—ਭਾਵ ਦਾ ਨਾਂ ਹੈ। ਗਿਆਨ ਵਿਚ ਨਿਰਮਲ ਕਿਉਂ ਜੋੜਿਆ? ਤੁਸੀਂ ਜੋ ਵੀ ਜਾਣਦੇ ਹੋ ਉਹ ਨਿਰਮਲ ਗਿਆਨ ਨਹੀਂ ਹੈ। ਤੁਹਾਡਾ ਜਾਣਨਾ, ਜਾਣਨ ਦਾ ਸਿਰਫ ਧੋਖਾ ਹੈ। ਤੁਹਾਡਾ ਸਭ ਜਾਣਨਾ ਉਧਾਰਾ ਹੈ, ਬਾਸਾ ਹੈ, ਦੂਜਿਆਂ ਤੋਂ ਹੈ। ਨਿਰਮਲ ਗਿਆਨ ਦਾ ਅਰਥ ਹੁੰਦਾ ਹੈ—ਜੋ ਅੰਦਰ ਜਨਮੇ; ਜੋ ਅੰਦਰ ਦੀ ਨਿਰਮਲਤਾ ਤੋਂ ਆਵੇ, ਅੰਦਰ ਦੀ ਨਿਰਦੋਸ਼ਤਾ ਤੋਂ ਆਵੇ। ਤੁਹਾਡਾ ਗਿਆਨ ਤਾਂ ਇਉਂ ਹੈ ਜਿਵੇਂ ਸ਼ੀਸ਼ੇ ਉੱਤੇ ਧੂੜ ਜੰਮੀ ਹੋਵੇ। ਨਿਰਮਲ ਗਿਆਨ ਇਉਂ ਹੈ, ਧੂੜ ਹਟ ਜਾਵੇ ਅਤੇ ਸ਼ੀਸ਼ੇ ਦੀ ਤਾਜ਼ਗੀ ਪਰਗਟ ਹੋਵੇ।

ਗਵਾਹ ਤੋਂ ਨਿਰਮਲ ਗਿਆਨ ਉੱਸਰਦਾ ਹੈ। ਅਤੇ ਤਦ ਉਸਨੂੰ ਜਾਣ ਲਿਆ ਜਾਂਦਾ ਹੈ, ਜੋ ਸਦਾ ਤੋਂ ਸੱਚ ਹੈ—

'ਨਿਰਮਲ-ਗਿਆਨ ਗਹਯੋ ਦ੍ਰਿੜ੍ਹ ਆਦੂ।' ਜੋ-ਆਦਿ ਤੋਂ ਹੀ ਸੱਚ ਹੈ।

ਇਹ ਸੂਤਰ ਮਹੱਤਵਪੂਰਨ ਹੈ। ਸੱਚ ਨੂੰ ਬਨਾਉਣਾ ਨਹੀਂ ਹੈ। ਸੱਚ ਤਾਂ ਮੌਜੂਦ ਹੈ। ਸਿਰਫ ਪਛਾਣ ਕਰਨੀ ਹੈ। ਸੱਚ ਤਾਂ ਹੈ ਹੀ। ਸਿਰਫ ਆਪਣੇ ਅੰਦਰ ਝਲਕਣ ਦੇਣਾ ਹੈ। ਆਦਿ ਤੋਂ ਹੀ ਸੱਚ ਹੈ।...ਆਦਿ ਸਚੁ, ਜੁਗਾਦਿ ਸਚੁ...। ਪਹਿਲਾਂ ਤੋਂ ਸੱਚ ਹੈ ਅਤੇ ਅੰਤ ਤਕ ਸੱਚ ਹੈ। ਸੱਚ ਤਾਂ ਸਿਰਫ ਸੱਚ ਹੈ। ਸਿਰਫ ਤੁਸੀਂ ਸੱਚ ਨਹੀਂ ਹੋ, ਤੁਸੀਂ ਝੂਠ ਹੋ। ਇਸਲਈ ਤੁਹਾਡਾ ਸਬੰਧ ਨਹੀਂ ਹੋ ਪਾ ਰਿਹਾ ਹੈ।

ਅਤੇ ਤੁਹਾਡੇ ਝੂਠ ਦਾ ਸਭ ਤੋਂ ਵੱਡਾ ਕਾਰਨ ਤੁਹਾਡਾ ਗਿਆਨ ਹੈ। ਇਹ ਗੱਲ ਤੁਹਾਨੂੰ ਉਲਟੀ ਲੱਗੇਗੀ, ਗਿਆਨ ਵਿਚ ਸਭ ਤੋਂ ਵੱਡੀ ਰੁਕਾਵਟ ਤੁਹਾਡਾ ਗਿਆਨ ਹੈ-ਤੁਹਾਡੇ ਸ਼ਾਸਤਰ, ਤੁਹਾਡੇ ਸ਼ਬਦ। ਤੁਸੀਂ ਖ਼ੂਬ ਕਚਰਾ ਇਕਠਾ ਕਰ ਲਿਆ ਹੈ।

ਮੈਂ ਸੁਣਿਆ ਹੈ, ਜੋਸੁਆ ਲੀਬਮੈਨ, ਇਕ ਯਹੂਦੀ ਮਨੀਸ਼ੀ, ਉਸਨੇ ਆਪਣੀਆਂ ਯਾਦਾਂ ਵਿਚ ਲਿਖਿਆ ਹੈ : ਜਵਾਨੀ ਦੇ ਹੁਲਾਸ ਵਿਚ ਇਕ ਵਾਰ ਮੈਂ ਜੀਵਨ ਦੀਆਂ ਕੁੱਲ ਸੰਗ੍ਰਹਿਯੋਗ ਵਸਤਾਂ ਦੀ ਇਕ ਸੂਚੀ ਬਣਾ ਛੱਡੀ-ਸਿਹਤ, ਪ੍ਰੇਮ ਰੂਪ, ਪ੍ਰਤਿਭਾ, ਐਸ਼ੋ-ਅਰਾਮ, ਯਸ਼, ਹੋਰ ਵੀ ਅਨੇਕ ਚੀਜ਼ਾਂ, ਜੋ ਜੀਵਨ ਨੂੰ ਸੰਪੂਰਨਤਾ ਦਿੰਦੀਆਂ ਹਨ। ਸੂਚੀ ਬਣਾ ਕੇ ਬੜੇ ਫਖਰ ਨਾਲ ਮੈਂ ਉਸਨੂੰ ਇਕ ਬਜ਼ੁਰਗ ਮਿੱਤਰ ਨੂੰ ਦਿਖਾਇਆ-ਜਿਨ੍ਹਾਂ ਨੂੰ ਮੈਂ ਆਪਣਾ ਆਦਰਸ਼ ਮੰਨਦਾ ਸੀ ਅਤੇ ਆਤਮਕ ਮਾਮਲਿਆਂ ਵਿਚ ਰਹਿਨੁਮਾ ਵੀ। ਸ਼ਾਇਦ ਮੈਂ ਉਹਨਾਂ ਨੂੰ ਪ੍ਰਭਾਵਤ ਕਰਨਾ ਚਾਹੁੰਦਾ ਸੀ ਕਿ ਮੈਂ ਆਪਣੀ ਉਮਰ ਦੇ ਲਿਹਾਜ਼ ਨਾਲ ਕਿੰਨਾ ਵਧ ਪੌੜ੍ਹ ਹਾਂ ਅਤੇ ਮੇਰੀਆਂ ਰੁਚੀਆਂ ਕਿੰਨੀਆਂ ਵਿਆਪਕ ਹਨ। ਬਜ਼ੁਰਗ ਮਿੱਤਰ ਦੀਆਂ ਅੱਖਾਂ ਦੇ ਕੋਰਾਂ ਵਿਚ ਮੈਨੂੰ ਹਾਸੇ ਦੀ ਝਲਕ ਨਜ਼ਰ ਆਈ। ਉਹ ਬੋਲੇ : 'ਬੜੀ ਉੱਤਮ ਸੂਚੀ ਹੈ-ਬਹੁਤ ਚੰਗੀ ਤਰ੍ਹਾਂ ਵਿਚਾਰੀ ਹੋਈ ਅਤੇ ਸੋਹਣੀ ਲਿਖੀ ਹੋਈ। ਪਰ ਤੂੰ ਇਕ ਚੀਜ਼ ਤਾਂ ਛੱਡ ਹੀ ਦਿਤੀ, ਜਿਸਦੇ ਬਿਨਾਂ ਇਹ ਸਭ ਚੀਜ਼ਾਂ ਅਸਹਿ ਬੋਝ ਬਣ ਜਾਂਦੀਆਂ ਹਨ।'

'ਉਹ ਛੁੱਟ ਗਈ ਚੀਜ਼ ਕੀ ਹੈ?' ਲੀਬਮੈਨ ਨੇ ਪੁਛਿਆ। ਤਿਰਛੀ ਲਕੀਰ ਖਿੱਚ ਕੇ ਸਾਰੀ ਸੂਚੀ ਰੱਦ ਕਰਦੇ ਹੋਏ ਉਸ ਬਜ਼ੁਰਗ ਨੇ ਲਿਖਿਆ-'ਮਨ ਦੀ ਸ਼ਾਂਤੀ।'

ਗਿਆਨ ਜਿਹੜਾ ਬਾਹਰ ਤੋਂ ਆਉਂਦਾ ਹੈ, ਤੁਹਾਡੇ ਮਨ ਦੀ ਅਸ਼ਾਂਤੀ ਨੂੰ ਵਧਾਏਗਾ, ਘਟਾਏਗਾ ਨਹੀਂ। ਪੰਡਤ ਹੋਰ ਅਸ਼ਾਂਤ ਹੋ ਜਾਂਦਾ ਹੈ। ਉਸਦੇ ਮਨ ਵਿਚ ਹੋਰ ਪਤਾ ਨਹੀਂ ਕਿੰਨੇ ਵਿਚਾਰ ਘੁੰਮਣ ਲਗਦੇ ਹਨ! ਪਤਾ ਨਹੀਂ ਕਿੰਨੀ ਭੀੜ ਇਕੱਠੀ ਹੋ ਜਾਂਦੀ ਹੈ! ਪਤਾ ਨਹੀਂ ਕਿੰਨੇ ਤਰਕ-ਜਾਲ ਉਸਨੂੰ ਘੇਰ ਲੈਂਦੇ ਹਨ। ਸ਼ਾਸਤਰ ਉਸਦੇ ਅੰਦਰ ਬੜਾ ਸ਼ੋਰ-ਸ਼ਰਾਬਾ ਮਚਾਉਣ ਲਗਦੇ ਹਨ।

ਅਸਲੀ ਚੀਜ਼ ਗਿਆਨ ਨਹੀਂ, ਅਸਲੀ ਚੀਜ਼ ਮਨ ਦੀ ਸ਼ਾਂਤੀ ਹੈ। ਅਜੇਹਾ ਸ਼ਾਂਤ ਮਨ, ਜਿਸ ਵਿਚ ਕੋਈ ਤਰੰਗ ਨਾ ਹੋਵੇ, ਜਿਸ ਵਿਚ ਕੋਈ ਵਿਚਾਰ ਹੀ ਨਾ ਹੋਵੇ-ਨਿਰਵਿਚਾਰ ਮਨ। ਫਿਰ ਉਸੇ ਨਿਰਵਿਚਾਰ ਮਨ ਵਿਚ ਗਿਆਨ ਦਾ ਜਨਮ ਹੁੰਦਾ ਹੈ। ਤਦ ਤੁਹਾਨੂੰ ਕ੍ਰਿਸ਼ਨ ਦੀ ਗੀਤਾ ਵਿਚ ਖੋਜਣ ਨਹੀਂ ਜਾਣਾ ਪੈਂਦਾ। ਤਦ ਤੁਹਾਡੇ ਅੰਦਰ ਹੀ ਕ੍ਰਿਸ਼ਨ ਦੀ ਗੀਤਾ ਜਨਮਣ ਲਗਦੀ ਹੈ। ਅਤੇ ਫਿਰ ਜੇਕਰ ਤੁਸੀਂ ਕ੍ਰਿਸ਼ਨ ਦੀ ਗੀਤਾ ਪੜ੍ਹੋਗੇ, ਤਾਂ ਸਮਝੋਗੇ ਵੀ। ਉਸ ਤੋਂ ਪਹਿਲਾਂ ਨਹੀਂ। ਉਸ ਤੋਂ ਪਹਿਲਾਂ ਤਾਂ ਤੁਸੀਂ ਉਹੀ ਸਮਝੋਗੇ ਜੋ ਤੁਸੀਂ ਸਮਝ ਸਕਦੇ ਹੋ। ਉਸਦੇ ਪਹਿਲਾਂ ਕ੍ਰਿਸ਼ਨ ਕੀ ਕਹਿ ਰਹੇ

ਹਨ. ਇਹ ਤੁਸੀਂ ਨਹੀਂ ਸਮਝੋਗੇ।

ਹਰ ਆਦਮੀ ਦੀ ਆਪੋ–ਆਪਣੀ ਭਾਸ਼ਾ ਹੈ।

ਮੈਂ ਸੁਣਿਆ ਹੈ. ਇਕ ਨੌਕਰ ਆਪਣੇ ਮਾਲਕ ਨੂੰ ਉਠਾ ਰਿਹਾ ਹੈ। ਸਵੇਰ ਹੋ ਗਈ ਹੈ। ਮਾਲਕ ਅਜੇ ਵੀ ਘੁਰਾੜੇ ਮਾਰ ਰਿਹਾ ਹੈ। ਨੌਕਰ ਉਸਨੂੰ ਉਠਾ ਰਿਹਾ ਹੈ।

ਉਠੋ. ਮੇਰੇ ਮਾਲਿਕ,
ਸੁਬਹ ਹੋ ਗਈ!

ਬੁਰੇ ਮਹੂਰਤ ਮੇਂ ਗਿਰਤੇ
ਬਾਜ਼ਾਰ–ਭਾਵ ਕੀ ਤਰਹ,
ਚਾਂਦ ਨੀਚੇ ਉਤਰ ਆਇਆ ਹੈ।
ਕੰਕੜ–ਜੋ ਤੁਮਨੇ ਮਿਲਵਾਏ ਥੇ
ਚਾਵਲ ਕੀ ਬੋਰੀਓਂ ਮੇਂ–
ਢੇਰ ਸਾਰੇ–ਤਾਰੇ
ਏਕ–ਏਕ ਕਰ ਡੂਬਨੇ ਲਗੇ ਹੈਂ
ਸਰਸੋਂ ਕੇ ਤੇਲ ਕੀ ਖ਼ੁਸ਼ਬੂਵਾਲੇ
ਭਟਕਟਈਆ ਕੇ ਤੇਲ–ਸਾਂ
ਹਲਕਾ, ਲਲਛਹੂੰ ਰੰਗ
ਪੂਰਵ ਆਕਾਸ਼ ਮੇਂ ਫੈਲਨੇ ਲਗਾ ਹੈ।
ਅਪਨੀ ਆੜ੍ਹਤ ਮੇਂ
ਮਹਿੰਗੇ ਦਾਮੋਂ ਬਿਕਨੇਵਾਲੀ
ਨਕਲੀ ਅਗਰਬੱਤੀਓਂ ਕੀ ਸਬਾਈ ਖ਼ੁਸ਼ਬੂ ਲਿਯੇ
ਪੁਰਵਈਆ ਡੋਲ ਰਹੀ ਹੈ।
ਇਸ ਬਾਰ ਸੜੇ ਗੇਹੂੰ ਕਾ ਆਟਾ
ਹਮਾਰੀ ਦੁਕਾਨ ਸੇ ਲੇ ਜਾਨੇ ਵਾਲੋਂ ਨੇ
ਜੈਸਾ ਮਚਾਇਆ ਥਾ ਸ਼ੋਰ–ਸ਼ਰਾਬਾ,
ਰਾਤ ਕਾ ਮੌਨ ਕੁਛ ਵੈਸੀ ਹੀ ਖਲਬਲੀ,
ਹੱਲੇ–ਹੰਗਾਮੇ ਮੇਂ ਡੂਬ ਗਯਾ ਹੈ।
ਜੈਸੇ ਰਿੱਕਸ਼ੇ ਪਰ ਸ਼ਹਿਰ ਕੀ ਪਰਿਕ੍ਰਮਾ ਕਰ
ਹਮਾਰਾ ਪ੍ਰਚਾਰਕ ਹਮਾਰੇ ਮਾਲੋਂ ਕੀ

ਉੱਤਮਤਾ ਕੀ ਗਾਰੰਟੀ ਦੇਤਾ ਹੈ
ਵੈਸੇ ਹੀ ਪੰਛੀ ਚਹਕ ਰਹੇ ਹੈਂ
ਔਰ ਸਬਕੇ ਊਪਰ–
ਮੰਦੀ ਕੇ ਬਾਦ ਫਿਰ ਭਾਵ ਊਂਚੇ ਚੜ੍ਹੇ ਹੈਂ
ਵੈਸੇ ਹੀ ਊਪਰ ਉਠਨੇ ਲਗਾ ਹੈ ਗੋਲ ਸੂਰਜ।
ਪ੍ਰਕ੍ਰਿਤੀ ਮੇਂ ਸਰਵੱਤ੍ਰ ਏਕ ਤਾਜਗੀ ਹੈ,
ਨਯੀ–ਨਯੀ।
ਉਠੋ, ਮੇਰੇ ਸੇਠ, ਸੁਬਹ ਹੋ ਗਈ!

ਭਾਸ਼ਾਵਾਂ ਹਨ ਲੋਕਾਂ ਦੀਆਂ। ਤੁਸੀਂ ਗੀਤਾ ਪੜ੍ਹੋਗੇ, ਤੁਸੀਂ ਹੀ ਪੜ੍ਹੋਗੇ ਨਾ! ਤੁਸੀਂ ਆਪਣਾ ਅਰਥ ਹੀ ਕਢੋਗੇ ਨਾ! ਤੁਸੀਂ ਕੁਰਾਨ ਪੜ੍ਹੋਗੇ, ਕੌਣ ਪੜ੍ਹੇਗਾ ਕੁਰਾਨ? ਉਹ ਅਰਥ ਮੁਹੰਮਦ ਦੀ ਚੇਤਨਾ ਤੋਂ ਉਤਰੇ ਸਨ। ਤੁਹਾਡੇ ਕੋਲ ਉਹੋ–ਜਿਹੀ ਚੇਤਨਾ ਹੋਵੇਗੀ, ਤਦੇ ਤੁਸੀਂ ਉਹਨਾਂ ਅਰਥਾਂ ਨੂੰ ਜਾਣ ਪਾਉਗੇ।

ਮੈਂ ਵੀ ਕਹਿੰਦਾ ਹਾਂ ਸ਼ਾਸਤਰ ਪੜ੍ਹਨਾ, ਲੇਕਿਨ ਮੈਂ ਕਹਿੰਦਾ ਹਾਂ–ਜਦ ਮਨ ਨਿਰਮਲ ਹੋ ਜਾਵੇ। ਤਦ ਤੁਸੀਂ ਅਨੋਖਾ ਅਨੁਭਵ ਕਰੋਗੇ। ਹਰ ਸ਼ਾਸਤਰ ਤੁਹਾਨੂੰ ਆਪਣੇ ਅਨੁਭਵ ਦੀ ਗਵਾਹੀ ਦੇਵੇਗਾ, ਤੁਹਾਡਾ ਗਵਾਹ ਹੋ ਜਾਵੇਗਾ। ਤੁਹਾਡੇ ਸੱਚ ਦੀ ਪ੍ਰਮਾਣਿਕਤਾ ਬਣੇਗਾ। ਹਰ ਸ਼ਾਸਤਰ! ਅਤੇ ਤਦ ਇਹ ਫਰਕ ਖੜ੍ਹਾ ਨਹੀਂ ਹੋਵੇਗਾ। ਗੀਤਾ ਵੀ ਤੁਹਾਡੀ ਗਵਾਹੀ ਹੋਵੇਗੀ ਅਤੇ ਕੁਰਾਨ ਵੀ ਅਤੇ ਬਾਈਬਲ ਵੀ। ਜਿਸ ਦਿਨ ਤੁਹਾਡੇ ਕੋਲ ਸੱਚ ਹੋਵੇਗਾ, ਸਮੁਚੇ ਜਗਤ ਦੇ ਸ਼ਾਸਤਰ ਤੁਹਾਡੀ ਗਵਾਹੀ ਹੋਣਗੇ। ਅਤੇ ਜਦ ਤਕ ਤੁਹਾਡੇ ਕੋਲ ਸੱਚ ਨਹੀਂ ਹੈ, ਤਦ ਤਕ ਤੁਹਾਨੂੰ ਉਹਨਾਂ ਸਭ ਸ਼ਾਸਤਰਾਂ ਵਿਚ ਵਿਰੋਧ ਦਿਖਾਈ ਪਏਗਾ, ਵਿਵਾਦ ਦਿਖਾਈ ਪਏਗਾ, ਕਿਉਂਕਿ ਉਹਨਾਂ ਨੂੰ ਜੋੜਨ ਵਾਲੀ ਮੂਲ ਵਸਤੂ ਹੀ ਤੁਹਾਡੇ ਕੋਲ ਨਹੀਂ ਹੈ। ਉਹਨਾਂ ਨੂੰ ਇਕ ਕਰਨ ਵਾਲਾ ਮੂਲ–ਪੁਲ ਹੀ ਤੁਹਾਡੇ ਕੋਲ ਨਹੀਂ ਹੈ। ਤੁਹਾਡੇ ਕੋਲ ਮਾਲਾ ਦੇ ਮਣਕੇ ਤਾਂ ਹਨ, ਲੇਕਿਨ ਮਾਲਾ ਦਾ ਧਾਗਾ ਨਹੀਂ ਹੈ। ਜੋ ਉਹਨਾਂ ਨੂੰ ਇਕ ਲੜੀ ਵਿਚ ਬੰਨ੍ਹ ਦੇਵੇ, ਇਕ ਮਾਲਾ ਬਣਾ ਦੇਵੇ, ਅਨਿਖੰਡ ਕਰ ਦੇਵੇ।

ਧੀਰਜਵੰਤ, ਅਡਿੰਗ, ਜਿਤੇਂਨਦ੍ਰਿਯ, ਨਿਰਮਲ ਗਿਆਨ ਗਹਯੋ ਦ੍ਰਿੜ੍ਹ ਆਦੂ।
ਸ਼ੀਲ ਸੰਤੋਸ, ਛਮਾ ਜਿਨਕੇ ਘਟ ਲਾਗਿ ਰਹਯੋ ਸੁ ਅਨਾਹਦ ਨਾਦੂ॥

ਅਤੇ ਜਿਨ੍ਹਾਂ ਦੇ ਅੰਦਰ ਗਿਆਨ ਦੀ ਜਾਗ੍ਰਤੀ ਹੁੰਦੀ ਹੈ ਉਹਨਾਂ ਦੇ ਅੰਦਰ ਅਨਾਹਤ ਨਾਦ ਵੱਜਦਾ ਹੈ। ਉਹਨਾਂ ਦੇ ਅੰਦਰ ਓਂਕਾਰ ਜਨਮਦਾ ਹੈ। ਉਹਨਾਂ ਨੂੰ ਮੰਤਰ ਰਟਣੇ ਨਹੀਂ ਪੈਂਦੇ, ਉਹਨਾਂ ਦੇ ਅੰਦਰ ਮੰਤਰ–ਉਚਾਰ ਹੁੰਦਾ ਹੈ। ਉਹ ਤਾਂ ਉਸਦੇ ਵੀ ਗਵਾਹ ਹੁੰਦੇ ਹਨ। ਉਹਨਾਂ ਦੇ ਅੰਦਰ ਇਹ ਜਗਤ ਅਪੂਰਵ ਭੰਗਮਾਵਾਂ ਵਿਚ ਪਰਗਟ ਹੋਣ ਲਗਦਾ ਹੈ–ਅਪੂਰਵ ਸੁਹੱਪਣ ਅਤੇ ਸੰਗੀਤ ਅਤੇ ਪ੍ਰਕਾਸ਼! ਉਹ ਉਸਦੇ ਵੀ ਗਵਾਹ ਹੁੰਦੇ ਹਨ। ਉਹ ਉਸ ਤੋਂ ਵੀ ਨਹੀਂ ਭਰਮਦੇ। ਉਹ ਉਸਦੇ ਨਾਲ ਵੀ ਆਪਣੀ ਇਕਮਿਕਤਾ ਨਹੀਂ ਕਰ ਲੈਂਦੇ। ਸ਼ੀਲ, ਸੰਤੋਖ, ਖਿਮਾ, ਉਹਨਾਂ ਦੇ ਅੰਦਰ ਆਪਣੇ–ਆਪ ਪੈਦਾ ਹੋ ਜਾਂਦੇ ਹਨ, ਇਹਨਾਂ ਨੂੰ ਸਾਧਣਾ ਨਹੀਂ ਪੈਂਦਾ।

ਸ਼ੀਲ, ਸੰਤੋਸ਼, ਛਮਾ ਜਿਨਕੇ ਘਟ ਲਾਗਿ... ਉਹਨਾਂ ਦੇ ਘਟ ਤੋਂ, ਉਹਨਾਂ ਦੇ ਅੰਦਰ ਤੋਂ ਪਰਗਟ ਹੋਣ ਲਗਦੀ ਹੈ।

...ਲਾਗਿ ਰਹਯੋ ਸੁ ਅਨਾਹਦ ਨਾਦੁ। ਉਹਨਾਂ ਦੇ ਅੰਦਰ ਸਦਾ, ਚੌਵੀ ਘੰਟੇ, ਉਠਦੇ-ਬੈਠਦੇ, ਜਾਗਦੇ, ਖਾਂਦੇ-ਪੀਂਦੇ, ਤੁਰਦੇ, ਉਠਦੇ, ਬੋਲਦੇ, ਸੁਣਦੇ—ਹਰ ਘੜੀ, ਦਿਨ-ਰਾਤ ਇਕ ਨਾਦ ਵੱਜਦਾ ਰਹਿੰਦਾ ਹੈ। ਉਹਨਾਂ ਦੀ ਵੀਣਾ ਉੱਤੇ ਪਰਮਾਤਮਾ ਦੀਆਂ ਉਂਗਲਾਂ ਪੈ ਗਈਆਂ।

ਐਪਰ ਵੀਣਾ ਨੂੰ ਇਸ ਯੋਗ ਤਾਂ ਬਣਾਉ ਕਿ ਪਰਮਾਤਮਾ ਵਜਾਉਣਯੋਗ ਸਮਝੇ ਉਸਨੂੰ। ਕੱਸੋ ਵੀਣਾ ਨੂੰ! ਸਾਜ਼ ਨੂੰ ਤਿਆਰ ਕਰੋ!

ਮੇਸ਼ ਨਾ ਪੱਕਛ ਨਿਰੰਤਰ ਲੱਕਛ ਜੁ ਔਰ ਨਹੀਂ ਕਛੁ ਵਾਦ-ਵਿਵਾਦੁ।

ਉਥੇ ਨਾ ਕੋਈ ਵਾਦ ਹੈ, ਨਾ ਕੋਈ ਵਿਵਾਦ ਹੈ। ਉਥੇ ਸੰਨਾਟਾ ਹੈ। ਉਸੇ ਸੰਨਾਟੇ ਵਿਚ ਅਨਾਹਤ ਨਾਦ ਹੈ। ਮੇਸ਼ ਨਾ ਪੱਕਛ... ਅਤੇ ਉਥੇ ਕੋਈ ਸੰਪਰਦਾ ਵੀ ਨਹੀਂ ਹੈ—ਕਿ ਮੈਂ ਇਸ ਸੰਪਰਦਾ ਦਾ ਕਿ ਮੈਂ ਉਸ ਸੰਪਰਦਾ ਦਾ। ਨਾ ਉਥੇ ਕੋਈ ਪੱਖ ਹੈ—ਕਿ ਮੈਂ ਇਸ ਪੱਖ ਦਾ ਕਿ ਮੈਂ ਉਸ ਪੱਖ ਦਾ। ਉਥੇ ਤਾਂ ਲਗਾਤਾਰ ਇਕ ਹੀ ਟੀਚਾ ਹੈ—ਉਹੀ ਇਕ ਪਰਮਾਤਮਾ।

ਯੇ ਸਬ ਲੱਕਛਨ ਹੈਂ ਜਿਨ ਮਾਂਹਿ ਸੁ ਸੁੰਦਰ ਕੈ ਉਰ ਹੈ ਗੁਰੂ ਦਾਦੁ।

ਅਤੇ ਇਹ ਲੱਛਣ ਹਨ, ਖ਼ਿਆਲ ਰਖਣਾ। ਇਹ ਸਾਧਨਾ ਨਹੀਂ ਕਰਨੀ ਹੈ ਤੁਹਾਨੂੰ ਇਹਨਾਂ ਚੀਜ਼ਾਂ ਦੀ। ਜਦ ਤੁਹਾਡੇ ਅੰਦਰ ਪਰਮਾਤਮਾ ਉਤਰਦਾ ਹੈ ਤਾਂ ਇਹ ਲੱਛਣ ਪਰਗਟ ਹੁੰਦੇ ਹਨ। ਜਦ ਬਸੰਤ ਆਉਂਦਾ ਹੈ ਤਾਂ ਬਿਰਛਾਂ ਉੱਤੇ ਫੁੱਲ ਲੱਗ ਜਾਂਦੇ ਹਨ। ਇਹ ਲੱਛਣ ਹਨ। ਇਸ ਤੋਂ ਉਲਟਾ ਨਾ ਕਰ ਲੈਣਾ। ਇਹ ਨਾ ਸੋਚਣਾ ਕਿ ਪੰਛੀਆਂ ਨੂੰ ਜੇ ਅਸੀਂ ਗੀਤ ਗਾਉਣਾ ਸਿਖਾ ਦੇਈਏ, ਅਤੇ ਅੱਧੀ ਰਾਤ ਨੂੰ ਪੰਛੀ ਗੀਤ ਗਾ ਦੇਣ, ਤਾਂ ਸਵੇਰ ਹੋ ਜਾਏਗੀ। ਨਹੀਂ। ਪੰਛੀਆਂ ਨੂੰ ਤੁਸੀਂ ਸਿਖਾ ਸਕਦੇ ਹੋ ਗੀਤ ਗਾਉਣਾ। ਅੱਧੀ ਰਾਤ ਨੂੰ ਗਾਉਣਗੇ। ਅਤੇ ਤੁਸੀਂ ਬਜ਼ਾਰੋਂ ਫੁੱਲ ਖ਼ਰੀਦ ਕੇ ਬਿਰਛਾਂ ਉੱਤੇ ਟੰਗ ਵੀ ਸਕਦੇ ਹੋ। ਐਪਰ ਧੋਖਾ ਕਿਸਨੂੰ ਹੋਵੇਗਾ ਇਸ ਨਾਲ? ਬਸੰਤ ਨਹੀਂ ਆ ਜਾਏਗਾ।

ਬਸੰਤ ਆਉਂਦਾ ਹੈ ਤਾਂ ਫੁੱਲ ਖਿੜਦੇ ਹਨ।

ਸਵੇਰ ਹੁੰਦੀ ਹੈ, ਤਾਂ ਪੰਛੀ ਗੀਤ ਗਾਉਂਦੇ ਹਨ। ਇਹ ਲੱਛਣ ਹਨ। ਲੱਛਣ ਨਾਲ ਤੁਸੀਂ ਮੂਲ ਨੂੰ ਪੈਦਾ ਨਹੀਂ ਕਰ ਸਕਦੇ; ਮੂਲ ਤੋਂ ਲੱਛਣ ਆਪਣੇ-ਆਪ ਪੈਦਾ ਹੁੰਦਾ ਹੈ। ਇਹ ਬਹੁਤ ਕੀਮਤੀ ਗੱਲ ਹੈ ਖ਼ਿਆਲ ਵਿਚ ਰਖਣ ਦੀ।

ਮਹਾਂਵੀਰ ਨੂੰ ਅਸੀਂ ਦੇਖਿਆ, ਉਹਨਾਂ ਦੇ ਜੀਵਨ ਵਿਚ ਪਰਮ ਅਹਿੰਸਾ ਹੈ। ਇਹ ਲੱਛਣ ਹੈ ਸਿਰਫ਼—ਸਮਾਧੀ ਦਾ ਫਲ ਹੈ। ਅਤੇ ਉਹਨਾਂ ਦੇ ਪਿਛੇ ਚੱਲਣ ਵਾਲੇ ਮੁਨੀਆਂ ਦੀ ਜਮਾਤ ਹੈ, ਉਹ ਸਮਝਦੇ ਹਨ ਕਿ ਇਹ ਸਮਾਧੀ ਦਾ ਕਾਰਨ ਹੈ। ਉਹ ਸੋਚਦੇ ਹਨ ਅਹਿੰਸਾ ਸਧੇਗੀ, ਤਾਂ ਸਮਾਧੀ ਆ ਜਾਏਗੀ।

ਭੁਲੇਖੇ ਵਿਚ ਹੋ ਤੁਸੀਂ। ਅਹਿੰਸਾ ਸਾਧਣਾ ਬਹੁਤਾ ਕਠਨ ਨਹੀਂ ਹੈ। ਪਾਣੀ ਛਾਣ ਕੇ ਪੀ ਲਵੋਗੇ, ਰਾਤੀਂ ਭੋਜਨ ਨਾ ਕਰੋਗੇ, ਤੁਰਦੇ-ਫਿਰਦੇ ਜ਼ਰਾ ਖ਼ਿਆਲ ਰਖੋ ਕਿ ਕੋਈ ਕੀੜੀ ਵਗੈਰਾ ਨਾ ਦੱਬੀ ਜਾਵੇ, ਕਿਸੇ ਦੀ ਹੱਤਿਆ ਨਾ ਕਰੋਗੇ। ਅਹਿੰਸਾ ਸਾਧ ਸਕਦੇ ਹੋ। ਮਾਂਸਾਹਾਰ ਨਾ ਕਰੋਗੇ। ਇਹ ਸਭ ਕੀਤਾ ਜਾ ਸਕਦਾ ਹੈ।

ਕਿੰਨੇ ਲੋਕਾਂ ਨੇ ਇਸ ਤਰ੍ਹਾਂ ਅਹਿੰਸਾ ਸਾਧੀ ਹੋਈ ਹੈ, ਲੇਕਿਨ ਸਮਾਧੀ ਕਿਥੇ! ਪੰਛੀਆਂ ਨੂੰ ਗਾਉਣਾ ਸਿਖਾ ਦਿਤਾ। ਅੱਧੀ ਰਾਤ ਨੂੰ ਆਗਿਆ ਦੇ ਦਿਤੀ, ਅੱਧੀ ਰਾਤ ਨੂੰ ਗਾਉਣ ਲੱਗੇ। ਔਪਰ ਸਵੇਰ ਨਹੀਂ ਉਗਦੀ, ਸਵੇਰ ਨਹੀਂ ਹੁੰਦੀ। ਪਲਾਸਟਿਕ ਦੇ ਫੁੱਲ ਖਰੀਦ ਲਿਆਏ, ਬਿਰਛਾਂ ਨੂੰ ਫੁੱਲਾਂ ਨਾਲ ਲੱਦ ਦਿਤਾ—ਬਸੰਤ ਨਹੀਂ ਆਉਂਦਾ। ਸਵੇਰ ਹੋਵੇ ਤਾਂ ਪੰਛੀ ਗੀਤ ਗਾਉਂਦੇ ਹਨ।

ਮਹਾਂਵੀਰ ਦੇ ਅੰਦਰ ਸਮਾਧੀ ਪਰਗਟ ਹੋਈ ਹੈ, ਅਨਾਹਤ ਦਾ ਨਾਦ ਹੋਇਆ। ਉਸ ਨਾਦ ਦੇ ਕਾਰਨ ਅਹਿੰਸਾ ਆਈ। ਅਹਿੰਸਾ ਲੱਛਣ ਹੈ। ਕਾਰਨ ਨਹੀਂ, ਨਤੀਜਾ ਹੈ। ਅਤੇ ਜਿਨ੍ਹਾਂ ਨੇ ਬਾਹਰ ਤੋਂ ਦੇਖਿਆ... ਸਮਾਧੀ ਤਾਂ ਦਿਸਦੀ ਨਹੀਂ। ਸਮਾਧੀ ਤਾਂ ਅੰਤਰ—ਅਨੁਭਵ ਹੈ। ਉਸਨੂੰ ਤਾਂ ਕੋਈ ਉਪਾਅ ਨਹੀਂ ਬਾਹਰ ਤੋਂ ਦੇਖਣ ਦਾ। ਉਹਨਾਂ ਨੇ ਤਾਂ ਬਾਹਰ ਤੋਂ ਲੱਛਣ ਦੇਖੇ। ਉਹਨਾਂ ਨੇ ਦੇਖਿਆ ਕਿ ਠੀਕ, ਮਹਾਂਵੀਰ ਬਹੁਤ ਸੰਭਲ—ਸੰਭਲ ਕੇ ਤੁਰਦੇ ਹਨ, ਰਾਤੀਂ ਭੋਜਨ ਨਹੀਂ ਕਰਦੇ, ਪਾਣੀ ਛਾਣ ਕੇ ਪੀਂਦੇ ਹਨ, ਕੀੜੀ ਮਾਰਦੇ ਨਹੀਂ। ਉਹਨਾਂ ਨੇ ਸੋਚਿਆ, ਅਸੀਂ ਵੀ ਅਜੇਹਾ ਹੀ ਕਰੀਏ, ਤਾਂ ਸਾਨੂੰ ਵੀ ਮਹਾਂਵੀਰ ਵਰਗਾ ਅਨੁਭਵ ਹੋ ਜਾਏਗਾ। ਉਹ ਸਦੀਆਂ ਤੋਂ ਕਰ ਰਹੇ ਹਨ, ਉਹਨਾਂ ਨੂੰ ਕੋਈ ਅਨੁਭਵ ਨਹੀਂ ਹੋਇਆ। ਉਹ ਸਦੀਆਂ ਤਕ ਕਰਦੇ ਰਹਿਣ, ਉਹਨਾਂ ਨੂੰ ਅਨੁਭਵ ਨਹੀਂ ਹੋਵੇਗਾ। ਕਿਉਂਕਿ ਉਹਨਾਂ ਨੇ ਉਲਟੀ ਗੱਲ ਪਕੜ ਲਈ ਹੈ। ਲੱਛਣ ਦਿਖਾਈ ਪੈਂਦੇ ਹਨ, ਮੂਲ ਦਿਖਾਈ ਨਹੀਂ ਪੈਂਦਾ। ਅਤੇ ਮੂਲ ਹੀ ਅਸਲੀ ਗੱਲ ਹੈ।

ਯੇ ਸਬ ਲੱਕਛਨ ਹੈਂ ਜਿਨ ਮਾਂਹਿ ਸੁ ਸੁੰਦਰ ਕੇ ਉਰ ਹੈਂ ਗੁਰੂ ਦਾਦੂ॥

ਅਜੇਹੇ ਲੱਛਣ ਵਾਲੇ ਦਾਦੂ, ਸੁੰਦਰਦਾਸ ਦੇ ਹਿਰਦੇ ਵਿਚ ਸਮਾ ਗਏ ਹਨ। ਉਹ ਸੁੰਦਰਦਾਸ ਦੇ ਗੁਰੂ ਹਨ।

ਸ਼ਿਸ਼ ਹੋਣ ਦਾ ਅਰਥ ਹੁੰਦਾ ਹੈ ਕਿ ਕਿਸੇ ਦੇ ਸਾਹਮਣੇ ਅਨੰਦ—ਮਗਨ ਹੋ ਕੇ ਆਪਣੀ ਹਾਰ ਸਵੀਕਾਰ ਕਰ ਲੈਣਾ। ਤੁਸੀਂ ਇਹ ਰਾਜ਼ ਦੇਖਿਆ ਜਾਂ ਨਹੀਂ? ਇਕ ਜਿੱਤ ਹੈ ਜਿੱਤ ਨਾਲ ਹੁੰਦੀ ਹੈ, ਇਕ ਜਿੱਤ ਹੈ ਜੋ ਹਾਰ ਨਾਲ ਹੁੰਦੀ ਹੈ। ਅਤੇ ਜੋ ਜਿੱਤ ਹਾਰ ਨਾਲ ਹੁੰਦੀ ਹੈ ਉਸਦੇ ਮੁਕਾਬਲੇ, ਪਹਿਲੀ ਜਿੱਤ ਦੀ ਕੋਈ ਕੀਮਤ ਨਹੀਂ। ਇਕ ਜਿੱਤ ਹੈ ਜੋ ਜਿੱਤ ਨਾਲ ਹੁੰਦੀ ਹੈ, ਔਪਰ ਉਹ ਕਦੇ ਪੂਰੀ ਨਹੀਂ ਹੁੰਦੀ। ਕਿਉਂਕਿ ਜਿਸਨੂੰ ਤੁਸੀਂ ਜਿੱਤ ਲਿਆ ਹੈ, ਉਹ ਹਮੇਸ਼ਾ ਤਿਆਰੀ ਕਰਦਾ ਹੈ ਕਿ ਕਦ ਬਦਲਾ ਲੈ ਲਵੇ, ਕਦ ਤੁਹਾਨੂੰ ਹਰਾ ਦੇਵੇ। ਬਦਲੇ ਦੀ ਅੱਗ ਬਲਦੀ ਰਹਿੰਦੀ ਹੈ। ਇਕ ਹੋਰ ਜਿੱਤ ਹੈ ਜੋ ਪ੍ਰੇਮ ਦੀ ਜਿੱਤ ਹੈ ਤੁਸੀਂ ਹਾਰ ਜਾਂਦੇ ਹੋ। ਤੁਸੀਂ ਕਿਸੇ ਦੇ ਸਾਹਮਣੇ ਝੁਕ ਜਾਂਦੇ ਹੋ ਅਤੇ ਉਸਨੂੰ ਜਿੱਤ ਲੈਂਦੇ ਹੋ।

ਪਿਆਰ ਕੀ ਹਾਰ ਸੇ ਡਰਨਾ ਕੈਸਾ ਪਿਆਰ ਕੀ ਹਾਰ ਭੀ ਜੀਤ ਹੈ ਪਿਆਰੇ
ਟੂਟੇ ਦਿਲ ਕੀ ਟੀਸੋਂ ਮੇਂ ਭੀ ਏਕ ਸੁਹਾਨਾ ਗੀਤ ਹੈ ਪਿਆਰੇ
ਪਿਆਰੇ ਕੇ ਟੁਕਤੇ ਕਦਮ—ਕਦਮ ਪਰ ਏਕ ਅਛੂਤੀ ਰਾਹ ਸਮਝਾਏਂ
ਵਰਨਾ ਇਸ ਅੰਧਿਆਰੇ ਜਗ ਮੇਂ ਕੌਨ ਕਿਸੀ ਕਾ ਮੀਤ ਹੈ ਪਿਆਰੇ
ਉਜਲੀ ਸੇਜ ਪੈ ਸੋਨੇ ਵਾਲੇ ਪਿਆਰ ਕੀ ਸੁੰਦਰਤਾ ਕਿਆ ਜਾਨੇ
ਪ੍ਰੇਮੀ ਕੀ ਪਲਕੋਂ ਪਰ ਮੋਤੀ ਸਾਂਸੋ ਮੇਂ ਸੰਗੀਤ ਹੈ ਪਿਆਰੇ
ਅਪਨੀ ਆਸ਼ਾਓਂ ਕੀ ਕਲੀਆਂ ਇਸ ਦੁਨੀਆਂ ਸੇ ਓਝਲ ਕਰ ਲੋ

ਫੂਲ ਪਰ ਧੂਲ ਉੜਾ ਕਰ ਹੰਸਨਾ ਇਸ ਦੁਨੀਆਂ ਕੀ ਰੀਤ ਹੈ ਪਿਆਰੇ
ਰਾਤ ਕੇ ਗਹਿਰੇ ਸੰਨਾਟੇ ਮੇਂ ਸ਼ਬਨਮ ਬਨਕਰ ਰੋਨੇ ਵਾਲੀ
ਯੇ ਚੰਦਾ ਕੀ ਢਲਤੀ ਛਾਯਾ ਯਾ ਪੰਛੀ ਕੀ ਪ੍ਰੀਤ ਹੈ ਪਿਆਰੇ
ਪਿਆਰ ਕੀ ਹਾਰ ਸੇ ਡਰਨਾ ਕੈਸਾ ਪਿਆਰ ਕੀ ਹਾਰ ਭੀ ਜੀਤ ਹੈ ਪਿਆਰੇ
ਟੂਟੇ ਦਿਲ ਕੀ ਟੀਸੋਂ ਮੇਂ ਭੀ ਏਕ ਸੁਹਾਨਾ ਗੀਤ ਹੈ ਪਿਆਰੇ।

ਦਾਦੂ ਨੂੰ ਦਿਲ ਵਿਚ ਵਸਾਇਆ, ਉਸਦਾ ਅਰਥ ਸਮਝੇ? ਉਸਦਾ ਅਰਥ ਹੋਇਆ—ਦਾਦੂ ਦੇ ਚਰਨਾਂ ਵਿਚ ਸਿਰ ਰਖਿਆ ਅਤੇ ਹਾਰ ਗਏ। ਜਿਹੜਾ ਸ਼ਿੱਸ਼ ਗੁਰੂ ਤੋਂ ਹਾਰ ਜਾਵੇ, ਉਹ ਜਿੱਤ ਦੇ ਰਾਹ 'ਤੇ ਚੱਲ ਪਿਆ। ਸ਼ਿੱਸ਼ ਦਾ ਅਰਥ ਹੀ ਹੈ ਕਿ ਖ਼ੁਸ਼ਨਸੀਬ ਹਾਂ ਕਿ ਕੋਈ ਮਿਲਿਆ, ਜਿਸਦੇ ਸਾਹਮਣੇ ਹਾਰਨ ਦੀ ਮੇਰੀ ਤਿਆਰੀ ਹੈ। ਕੋਈ ਮਿਲਿਆ, ਜਿਸਦੇ ਨਾਲ ਹਾਰਨ ਵਿਚ ਮਜ਼ਾ ਹੈ।

ਕੋਉਕ ਗੋਰਖ ਕੋਂ ਗੁਰੂ ਥਾਪਤ, ਕੋਉਕ ਦੱਤ ਦਿਗੰਬਰ ਆਦੂ।
ਕੋਉਕ ਕੰਥਰ, ਕੋਉ ਭਰਥਰ, ਕੋਊ ਕਬੀਰ ਕੋਊ ਰਾਖਤ ਨਾਦੂ।
ਕੋਈ ਕਹੇ ਹਰਿਦਾਸ ਹਮਾਰੇ ਜੁ ਯੋਂ ਕਰਿ ਠਾਨਤ ਵਾਦ-ਵਿਵਾਦੂ।
ਔਰ ਤੌ ਸੰਤ ਸਬੈ ਸਿਰਿ ਊਪਰ, ਸੁੰਦਰ ਕੈ ਉਰ ਹੈ ਗੁਰੁ ਦਾਦੂ।।

ਪਿਆਰਾ ਬਚਨ ਹੈ! ਕਹਿੰਦੇ ਹਨ, ਕਿਸੇ ਨੇ ਗੋਰਖ ਨੂੰ ਗੁਰੂ ਮੰਨਿਆਂ, ਕਿਸੇ ਨੇ ਦੱਤਾਤ੍ਰੇਯ ਨੂੰ ਗੁਰੂ ਮੰਨਿਆ, ਕਿਸੇ ਨੇ ਦਿਗੰਬਰ ਆਦਿਨਾਥ ਨੂੰ ਗੁਰੂ ਮੰਨਿਆ, ਕਿਸੇ ਨੇ ਕੰਥਰ ਨੂੰ, ਕਿਸੇ ਨੇ ਭਰਤ੍ਰਿਹਰੀ ਨੂੰ, ਕਿਸੇ ਨੇ ਕਬੀਰ ਨੂੰ, ਅਲੱਗ-ਅਲੱਗ ਲੋਕਾਂ ਨੇ ਅਲੱਗ-ਅਲੱਗ ਗੁਰੂ ਮੰਨੇ।

ਕੋਈ ਕਹੈ ਹਰਿਦਾਸ ਹਮਾਰੇ ਜੁ... ਕੋਈ ਹਰਿਦਾਸ ਨੂੰ ਮੰਨਦਾ ਹੈ। ਲੇਕਿਨ ਮਜ਼ਾ ਇਹ ਹੈ ਕਿ ਇਹ ਸਭ ਵਾਦ-ਵਿਵਾਦ ਛਾਣਦੇ ਹਨ। ਬਸ ਉਥੇ-ਈ ਚੁੱਕ ਹੋ ਰਹੀ ਹੈ।

ਗੁਰੂ ਮਿਲਿਆ, ਫਿਰ ਕੀ ਵਾਦ-ਵਿਵਾਦ! ਫਿਰ ਕਿਸਨੂੰ ਵਿਹਲ ਵਾਦ-ਵਿਵਾਦ ਦੀ! ਜੇ ਗੁਰੂ ਨੂੰ ਪਾ ਕੇ ਵੀ ਵਾਦ-ਵਿਵਾਦ ਚੱਲ ਰਿਹਾ ਹੈ, ਜੇ ਗੁਰੂ ਨੂੰ ਪਾ ਕੇ ਆਦਮੀ ਵਾਦ-ਵਿਵਾਦ ਵਿਚ ਉਲਝਿਆ ਹੈ, ਤਾਂ ਉਸਦਾ ਸਿਰਫ ਇੰਨਾ ਹੀ ਅਰਥ ਹੋਇਆ ਕਿ ਤੁਸੀਂ ਗੁਰੂ ਦੇ ਬਹਾਨੇ ਵਾਦ-ਵਿਵਾਦ ਦੇ ਲਈ ਇਕ ਨਵਾਂ ਨਮਿੱਤ ਲੱਭ ਲਿਆ, ਹੋਰ ਕੁਝ ਵੀ ਨਹੀਂ। ਤੁਸੀਂ ਉਹੀ ਪੁਰਾਣੇ ਦੇ ਪੁਰਾਣੇ ਹੋ। ਉਹੀ ਖੋਪੜੀ, ਉਹੀ ਖੋਪੜੀ ਵਿਚ ਵਿਚਾਰਾਂ ਦਾ ਜਾਲ, ਉਹੀ ਉਪੱਦਰ। ਹੁਣ ਤੁਸੀਂ ਆਪਣੇ ਉਪੱਦਰ ਦੀ ਖ਼ਾਤਰ ਇਕ ਹੋਰ ਨਵੀਂ ਤਰਕੀਬ ਲੱਭ ਲਈ। ਲੜਦੇ ਤੁਸੀਂ ਹੁਣ ਵੀ ਹੋ। ਪਹਿਲਾਂ ਕਿਸੇ ਹੋਰ ਕਾਰਨ ਨਾਲ ਲੜਦੇ ਸੀ। ਹੋ ਸਕਦਾ ਹੈ ਰਾਜਨੀਤਕ ਦਲਬਾਜੀ ਹੋਵੇ, ਉਸ ਵਿਚ ਲੜਦੇ ਸੀ। ਹੁਣ ਰਾਜਨੀਤਕ ਦਲਬਾਜੀ ਨਹੀਂ ਰਹੀ, ਹੁਣ ਧਾਰਮਕ ਦਲਬਾਜੀ ਹੈ। ਔਪਰ ਫਰਕ ਜ਼ਰਾ ਵੀ ਨਹੀਂ ਪਿਆ, ਹੁਣ ਵੀ ਲੜਦੇ ਹੋ। ਪਹਿਲਾਂ ਵੀ ਝੰਡੇ ਚੁੱਕੇ ਸੀ... ਝੰਡਾ ਉੱਚਾ ਰਹੇ ਹਮਾਰਾ! ਉਹ ਝੰਡੇ ਰਾਜਨੀਤੀ ਦੇ ਰਹੇ ਹੋਣਗੇ। ਹੁਣ ਵੀ ਝੰਡੇ ਚੁੱਕੀ ਹੋਈ ਹੋ। ਉਹ ਝੰਡੇ ਧਰਮ ਦੇ ਹੋ ਗਏ। ਔਪਰ ਤੁਹਾਡੇ ਹੱਥ ਵਿਚ ਉਹੀ ਦਾ ਉਹੀ ਝੰਡਾ ਹੈ। ਝੰਡੇ ਬੇਸ਼ਕ ਬਦਲ ਗਏ ਹੋਣ, ਤੁਸੀਂ ਨਹੀਂ ਬਦਲੇ।

ਇਸਨੂੰ ਖ਼ਿਆਲ ਰਖਣਾ, ਆਦਮੀ ਬੜੀ ਮੁਸ਼ਕਲ ਨਾਲ ਬਦਲਦਾ ਹੈ। ਸਭ ਬਦਲ ਲੈਂਦਾ ਹੈ ਅਤੇ ਉਹੀ-ਦਾ-ਉਹੀ ਰਹਿੰਦਾ ਹੈ। ਇਹ ਆਦਮੀ ਦੀ ਅਜੇਹੀ ਕੁਸ਼ਲ ਤਰਕੀਬ ਹੈ. ਧਨ ਛੱਡ ਦਿੰਦਾ ਹੈ, ਐਪਰ ਧਨ ਦੇ ਕਾਰਨ ਜੋ ਹੰਕਾਰ ਸੀ ਉਹੀ ਹੰਕਾਰ ਤਿਆਗ ਦੇ ਅੰਦਰ ਖੜ੍ਹਾ ਹੋ ਜਾਂਦਾ ਹੈ। ਉਹ ਕਹਿਣ ਲਗਦਾ ਹੈ—'ਮੈਂ ਇੰਨਾ ਤਿਆਗ ਕੀਤਾ। ਮੇਰੇ ਬਰਾਬਰ ਤਿਆਗੀ ਕੌਣ ਹੈ?' ਪਹਿਲਾਂ ਕਹਿੰਦਾ ਸੀ—ਮੇਰੇ ਬਰਾਬਰ ਧਨੀ ਕੌਣ ਹੈ? ਫਿਰ ਕਹਿੰਦਾ ਹੈ—ਮੇਰੇ ਬਰਾਬਰ ਤਿਆਗੀ ਕੌਣ ਹੈ? ਉਪਰ ਤੋਂ ਦਿਸਦਾ ਹੈ, ਬੜਾ ਫਰਕ ਪੈ ਗਿਆ ਹੈ ਇਸ ਆਦਮੀ ਵਿਚ। ਵਿਚਾਰਾ ਦੇਖੋ ਤਾਂ, ਕਿਵੇਂ ਸਭ ਛੱਡ ਕੇ ਚਲਿਆ ਗਿਆ। ਐਪਰ ਜ਼ਰਾ ਅੰਦਰ ਝਾਕੋ, ਕੋਈ ਵੀ ਫਰਕ ਨਹੀਂ ਪਿਆ।

ਹੰਕਾਰ ਬੜਾ ਸੂਖਮ ਹੈ ਅਤੇ ਬੜੇ ਬਰੀਕ ਉਸਦੇ ਰਾਹ ਹਨ। ਇਕ ਦਰਵਾਜ਼ੇ ਵਿਚੋਂ ਕਢੋ, ਦੂਜੇ ਰਾਹੀਂ ਅੰਦਰ ਆ ਜਾਂਦਾ ਹੈ। ਜ਼ਰਾ ਸੰਭਲ ਕੇ ਚੱਲਣਾ, ਨਹੀਂ ਤਾਂ ਤੁਸੀਂ ਸਾਰੇ ਉਪੱਦਰ ਧਰਮ ਦੀ ਦੁਨੀਆਂ ਵਿਚ ਲੈ ਕੇ ਪਹੁੰਚ ਜਾਂਦੇ ਹੋ। ਉਹੀ ਲੜਾਈ-ਝਗੜੇ ਜੋ ਬਜ਼ਾਰ ਵਿਚ ਸਨ, ਉਹੀ ਮੰਦਰ-ਮਸਜਿਦ ਵਿਚ ਹੋ ਗਏ। ਫਿਰ ਹੋਇਆ ਕੀ?

ਕੋਉ ਕਹੇ ਹਰਿਦਾਸ ਹਮਾਰੇ ਜੁ ਯੌਂ ਕਰਿ ਠਾਨਤ ਵਾਦ-ਵਿਵਾਦੂ।

ਸੁੰਦਰਦਾਸ ਕਹਿ ਰਹੇ ਹਨ : ਕਬੀਰ ਮਿਲ ਗਏ, ਫਿਰ ਕੀ ਵਾਦ-ਵਿਵਾਦ? ਫਿਰ ਪੀਵੋ, ਫਿਰ ਨੱਚੋ, ਫਿਰ ਉਤਸਵ ਮਨਾਉ। ਭਰਤ੍ਰਿਹਰੀ ਮਿਲ ਗਏ, ਕਿ ਆਦਿਨਾਥ, ਹੁਣ ਕਿਥੇ ਉਪੱਦਰ ਵਿਚ ਪਏ ਹੋ? ਮੰਦਰ ਆਪਣੀ ਤਾਕਤ ਲਾ ਰਿਹਾ ਹੈ ਮਸਜਿਦ ਨਾਲ ਲੜਨ ਵਿਚ। ਮਸਜਿਦ ਤਾਕਤ ਲਾ ਰਹੀ ਹੈ ਮੰਦਰ ਨਾਲ ਲੜਨ ਵਿਚ। ਨੱਚੋਗੇ ਕਦੋਂ? ਪ੍ਰਾਰਥਨਾ ਕਦੋਂ ਹੋਵੇਗੀ? ਗਾਲ੍ਹ-ਗਲੋਚ ਜਾਰੀ ਹੈ। ਮੰਦਰ ਵਾਲੇ ਮਸਜਿਦ ਨੂੰ ਗਾਲ੍ਹਾਂ ਦੇ ਰਹੇ ਹਨ, ਮਸਜਿਦ ਵਾਲੇ ਮੰਦਰ ਨੂੰ ਗਾਲ੍ਹਾਂ ਦੇਰਹੇ ਹਨ। ਪ੍ਰਾਰਥਨਾ ਕਦੋਂ ਕਰੋਗੇ। ਅਤੇ ਇਹ ਗਾਲ੍ਹਾਂ ਜਿਨ੍ਹਾਂ ਬੁੱਲ੍ਹਾਂ 'ਚੋਂ ਨਿਕਲ ਰਹੀਆਂ ਹਨ, ਇਹਨਾਂ 'ਤੇ ਪ੍ਰਾਰਥਨਾ ਆਏਗੀ ਕਿਵੇਂ? ਇਹ ਬੁਲ੍ਹ ਪ੍ਰਾਰਥਨਾ ਦੇ ਪਾਤਰ ਹੀ ਨਹੀਂ ਰਹਿ ਗਏ।

ਸੁੰਦਰਦਾਸ ਕਹਿੰਦੇ ਹਨ : ਔਰ ਤੋ ਸੰਤ ਸਬੈ ਸਿਰਿ ਊਪਰ। ਸੁੰਦਰਦਾਸ ਕਹਿੰਦੇ ਹਨ ਕਿ ਮੇਰੇ ਸਭ ਸੰਤਾਂ ਨੂੰ ਨਿਮਸਕਾਰ! ਮੇਰੇ ਸਿਰ ਉਪਰ! ਔਰ ਤੋ ਸੰਤ ਸਬੈ ਸਿਰਿ ਊਪਰ। ਮੇਰੇ ਪ੍ਰਣਾਮ ਉਹਨਾਂ ਨੂੰ। ਮੇਰੇ ਪ੍ਰਣਾਮਯੋਗ ਹਨ, ਮੇਰੇ ਵੰਦਨਯੋਗ ਹਨ, ਲੇਕਿਨ ਦੁਆਰ ਤਾਂ ਮੈਨੂੰ ਦਾਦੂ ਤੋਂ ਖੁਲ੍ਹਿਆ ਹੈ। ਸੁੰਦਰ ਕੈ ਉਰ ਹੈ ਗੁਰੁ ਦਾਦੂ। ...ਇਸਲਈ ਇੰਨਾ ਕਹਾਂਗਾ।

ਵਿਵਾਦ ਨਹੀਂ ਹੈ। ਫਰਕ ਸਮਝਣਾ ਇਸ ਗੱਲ ਦਾ। ਇਹ ਫਰਕ ਮਹੱਤਵਪੂਰਨ ਹੈ। ਉਹ ਇਹ ਨਹੀਂ ਕਹਿ ਰਹੇ ਹਨ-ਕਬੀਰ ਗ਼ਲਤ ਹਨ। ਉਹ ਕਹਿੰਦੇ ਹਨ-ਮੇਰੇ ਪ੍ਰਣਾਮਯੋਗ ਹਨ, ਮੇਰੇ ਪ੍ਰਣਾਮ ਉਹਨਾਂ ਨੂੰ। ਐਪਰ ਰਹੀ ਜਿਥੋਂ ਤਕ ਮੇਰੀ ਗੱਲ, ਮੇਰੇ ਦਾਦੂ ਨੇ ਹੀ ਮੈਨੂੰ ਪਰਮਾਤਮਾ ਨਾਲ ਮਿਲਾਇਆ। ਇਹ ਮੇਰਾ ਦਰਵਾਜ਼ਾ ਹੈ। ਜਿਨ੍ਹਾਂ ਦੇ ਲਈ ਕਬੀਰ ਦਰਵਾਜ਼ੇ ਹਨ, ਉਹ ਧੰਨਭਾਗੀ ਹਨ, ਉਹ ਉਸ ਦੁਆਰ ਰਾਹੀਂ ਪ੍ਰਵੇਸ਼ ਕਰਨ। ਮੈਨੂੰ ਮੰਦਰ ਵਿਚ ਮਿਲਿਆ, ਮੈਨੂੰ ਮਸਜਿਦ ਵਿਚ ਮਿਲਿਆ ਕਿ ਗੁਰਦੁਆਰੇ ਵਿਚ। ਜਿਨ੍ਹਾਂ ਨੂੰ ਹੋਰ ਕਿਤੇ ਮਿਲ ਗਿਆ, ਮਿਲਿਆ ਬਸ, ਇਹੀ ਗੱਲ ਸੱਚ ਹੈ। ਇਹੀ ਗੱਲ ਕੰਮ ਦੀ ਹੈ। ਵਿਵਾਦ ਕੁਝ ਵੀ ਨਹੀਂ ਹੈ।

ਸਾਧੂ-ਚਿੱਤ ਦਾ ਲੱਛਣ ਹੈ : ਵਿਵਾਦ ਦੀ ਅਣਹੋਂਦ।

ਔਰ ਤੋ ਸੰਤ ਸਬੈ ਸਿਰਿ ਉਪਰ, ਸੁੰਦਰ ਕੈ ਉਰ ਹੈ ਗੁਰੂ ਦਾਦੂ॥

ਲੇਕਿਨ ਇੰਨਾ ਨਿਵੇਦਨ ਕਰ ਦਿੰਦੇ ਹਾਂ ਕਿ ਸਭ ਦੇ ਲਈ ਮੇਰਾ ਸਿਰ ਝੁਕਿਆ ਹੈ, ਪਰ ਜਿਥੋਂ ਤਕ ਮੇਰੇ ਹਿਰਦੇ ਦੀ ਗੱਲ ਹੈ, ਉਥੇ ਦਾਦੂ ਬਰਾਜਮਾਨ ਹਨ। ਅੰਪਰ ਦਾਦੂ ਬਰਾਜਮਾਨ ਹੋ ਗਏ, ਕਿ ਦਾਦੂ ਵਿਚ ਸਭ ਬਰਾਜਮਾਨ ਹੋ ਗਏ—ਨਾਨਕ, ਕਬੀਰ, ਕ੍ਰਿਸ਼ਨ, ਕ੍ਰਾਈਸਟ—ਸਭ ਬਰਾਜਮਾਨ ਹੋ ਗਏ। ਕਿਉਂਕਿ ਗੁਰੂਆਂ ਦੇ ਰੰਗ–ਢੰਗ ਕਿੰਨੇ ਹੀ ਅਲੱਗ ਹੋਣ, ਉਹਨਾਂ ਦੀ ਗੁਰਿਆਈ ਇਕ ਹੈ, ਉਹਨਾਂ ਦੇ ਅੰਦਰ ਦੀ ਮਹਿਮਾ ਇਕ ਹੈ। ਜਿਸਨੇ ਇਕ ਨੂੰ ਜਾਣਿਆਂ, ਉਸਨੇ ਸਭ ਨੂੰ ਜਾਣ ਲਿਆ।

ਤੁਸੀਂ ਇਕ ਸਤਿਗੁਰੂ ਨਾਲ ਸਬੰਧ ਜੋੜ ਲਵੋ, ਤੁਹਾਡੇ ਸਭ ਸਤਿਗੁਰੂਆਂ ਨਾਲ ਸਬੰਧ ਜੁੜ ਗਏ। ਫਿਰ ਵਿਵਾਦ ਸੰਭਵ ਨਹੀਂ ਹੈ। ਵਿਵਾਦ ਦੀ ਵਿਹਲ ਕਿਸਨੂੰ ਹੈ! ਊਰਜਾ ਜਦ ਨੱਚਣ ਨੂੰ ਹੋ ਗਈ, ਸਮਾਂ ਜਦ ਬਸੰਤ ਦਾ ਆ ਗਿਆ, ਫਿਰ ਕੌਣ ਵਿਵਾਦ ਕਰਦਾ ਹੈ!

ਗੁਰੂ ਦਾ ਮਕਸਦ ਕੀ ਹੈ? ਕਿਉਂਕਿ ਵਿਅਕਤੀ ਗੁਰੂ ਨੂੰ ਭਾਲੇ? ਕਿਉਂ ਕਿਸੇ ਨੂੰ ਉਰ ਵਿਚ ਵਸਾਏ? ਅਤੇ ਕਿਉਂ ਕਿਸੇ ਚਰਨਾਂ ਵਿਚ ਸਿਰ ਝੁਕਾਏ?

ਪਹਾੜੋਂ ਸੇ ਊਚੇ ਸਿਰ
ਮੈਦਾਨੋਂ ਸੇ ਚੌੜੀ ਛਾਤਿਯਾਂ
ਆਸਮਾਨ ਸੇ ਬੁਲੰਦ ਜਾਤਿਯਾਂ
ਪੈਦਾ ਹੋਤੇ ਹੈਂ ਹੋਤੀ ਹੈਂ,
ਹੋਤੇ ਰਹੇਂਗੇ ਹੋਤੀ ਰਹੇਂਗੀ
ਪਹਾੜ ਇਸੀਲਿਏ ਤਨੇ ਹੈਂ
ਮੈਦਾਨ ਇਸੀਲਿਏ ਬਨੇ ਹੈਂ
ਟੇਕਤਾ ਰਹਿਤਾ ਹੈ ਆਸਮਾਨ
ਹਰ ਰਾਤ ਇਸੀਲਿਏ
ਨੀਲੇ ਸਿਤਾਰੋਂ ਸੇ
ਕਿ ਊਚੇ ਔਰ ਚੌੜੇ
ਔਰ ਬੁਲੰਦ ਇਨ ਸਹਾਰੋਂ ਸੇ
ਨਪਤੇ ਰਹੇਂ ਹਮਾਰੇ ਇਰਾਦੇ
ਔਰ ਬਨੇ ਰਹੇਂ ਫਿਰ ਭੀ
ਹਮ ਸੁੱਵਾਭਾਵਿਕ
ਔਰ ਸੀਧੇ–ਸਾਦੇ
ਰਖ ਕਰ ਅਪਨੇ ਕੋ ਵਿਰਾਟ ਕੇ
ਫਲਕ ਪਰ

ਔਰ ਵਿਰਾਟ ਹੋਤਾ ਰਹੇ ਚਕਿਤ
ਬੜੇ ਹੋਕਰ ਭੀ
ਸਾਧਾਰਣ ਬਨੇ ਰਹਿਨੇ ਕੀ
ਹਮਾਰੀ ਲਲਕ ਪਰ

ਗੁਰੂ ਨਾਲ ਸਬੰਧ ਜੋੜਨ ਦਾ ਅਰਥ ਕੀ ਹੈ? ਤਾਂ ਜੋ ਜ਼ਰਾ ਸਾਡੀਆਂ ਅੱਖਾਂ ਅਕਾਸ਼ ਦੀ ਤਰਫ ਉਠਣ, ਵਿਰਾਟ ਦੀ ਤਰਫ ਉਠਣ। ਜਿਸਦੇ ਵਿਹੜੇ ਵਿਚ ਵਿਰਾਟ ਉਤਰਿਆ ਹੋਵੇ ਉਸ ਨਾਲ ਕੁਝ ਸਾਡਾ ਸਬੰਧ ਹੋ ਜਾਵੇ, ਤਾਂ ਅਸੀ ਵੀ ਉਸਦੇ ਨਾਲ-ਨਾਲ ਜ਼ਰਾ ਖੰਭ ਫਰਕਾਈਏ, ਜ਼ਰਾ ਉਡੀਏ, ਜ਼ਰਾ ਅਸੀਂ ਵੀ ਉਚਾਈਆਂ ਛੋਹੀਏ।

ਕਿ ਊਚੇ ਔਰ ਚੌੜੇ
ਔਰ ਬੁਲੰਦ ਇਨ ਸਹਾਰੋਂ ਸੇ
ਨਪਤੇ ਰਹੇਂ ਹਮਾਰੇ ਇਰਾਦੇ

...ਕਿ ਅਸੀਂ ਗੁਰੂ ਨੂੰ ਦੇਖ ਕੇ ਨਾਪਦੇ ਰਹੀਏ ਆਪਣੇ ਇਰਾਦਿਆਂ ਨੂੰ—ਅਜੇ ਅਸੀਂ ਕਿੰਨੀ ਦੂਰ? ਅਜੇ ਕਿੰਨਾ ਫਾਸਲਾ?

ਕਿ ਊਚੇ ਔਰ ਚੌੜੇ
ਔਰ ਬੁਲੰਦ ਇਨ ਸਹਾਰੋਂ ਸੇ
ਨਪਤੇ ਰਹੇਂ ਹਮਾਰੇ ਇਰਾਦੇ
ਔਰ ਬਨੇ ਰਹੇਂ ਫਿਰ ਭੀ
ਹਮ ਸੁੱਵਾਭਾਵਿਕ
ਔਰ ਸੀਧੇ-ਸਾਦੇ

ਉਹ ਦੂਜੀ ਗੱਲ ਵੀ ਬੜੀ ਜ਼ਰੂਰੀ ਹੈ। ਸਤਿਗੁਰੂ ਨਾਲ ਸਬੰਧ ਇਸਲਈ ਜ਼ਰੂਰੀ ਹੈ ਕਿ ਅਸੀਂ ਗੈਰ-ਸਧਾਰਨ ਹੋ ਜਾਈਏ, ਤਾਂ ਵੀ ਸਾਡੀ ਸਧਾਰਨਤਾ ਨਾ ਖੋ ਜਾਵੇ। ਅਸੀਂ ਸਿਖਰ ਛੋਹ ਲਈਏ ਜੀਵਨ ਦਾ, ਲੇਕਿਨ ਕਿਤੇ ਹੰਕਾਰ ਆਕੜ ਕੇ ਬਰਾਜਮਾਨ ਨਾ ਹੋ ਜਾਵੇ ਸਿੰਘਾਸਣ ਉਤੇ।

ਸਤਿਗੁਰੂ ਦੇ ਨਾਲ ਪਹਿਲਾਂ ਤਾਂ ਸਾਡੀਆਂ ਅੱਖਾਂ ਅਕਾਸ਼ ਦੀ ਤਰਫ ਉਠਦੀਆਂ ਹਨ ਅਤੇ ਦੂਜੀ ਗੱਲ—ਸਤਿਗੁਰੂ ਦੇ ਨਾਲ ਸਾਡੇ ਪੈਰ ਜ਼ਮੀਨ ਵਿਚ ਗਡੇ ਰਹਿੰਦੇ ਹਨ। ਸਤਿਗੁਰੂ ਸਾਨੂੰ ਜੜ੍ਹਾਂ ਵੀ ਦਿੰਦਾ ਹੈ ਅਤੇ ਖੰਭ ਵੀ। ਜੜ੍ਹਾਂ ਕਿ ਅਸੀਂ ਜ਼ਮੀਨ ਨੂੰ ਕਦੇ ਛੱਡ ਨਾ ਦਈਏ, ਕਿ ਅਸੀਂ ਆਪਣੇ-ਆਪ ਨੂੰ ਉਚੇਚੇ ਨਾ ਮੰਨਣ ਲੱਗੀਏ, ਕਿ ਹੰਕਾਰ ਕਿਸੇ ਤਰ੍ਹਾਂ ਨਾਲ ਨਾ ਆ ਜਾਵੇ—ਅਤੇ ਅਕਾਸ਼ ਵਿਚ ਉੱਡਣ ਦੀ ਸਮਰੱਥਾ ਵੀ। ਇਹ ਦੋ ਕਾਰਨ ਹਨ ਸਤਿਗੁਰੂ ਨਾਲ ਜੁੜਨ ਦੇ।

ਗੋਵਿੰਦ ਕੇ ਕਿਯੇ ਜੀਵ ਜਾਤ ਹੈ ਰਸਾਤਲ ਕੌ

ਬਹੁਤ ਅਨੋਖਾ ਬਚਨ ਹੈ! ਸੁੰਦਰਦਾਸ ਕਹਿੰਦੇ ਹਨ—

ਗੋਵਿੰਦ ਕੇ ਕਿਯੇ ਜੀਵ ਜਾਤ ਹੈ ਰਸਾਤਲ ਕੌ

ਗੋਵਿੰਦ ਨੇ ਬਣਾਇਆ ਲੋਕਾਂ ਨੂੰ ਅਤੇ ਲੋਕ ਨਰਕ ਜਾ ਰਹੇ ਹਨ

ਗੁਰੁ ਉਪਦੇਸ਼ੇ ਸੁ ਤੌ ਛੂਟੈ ਜਮਫੰਦ ਤੇਂ।

ਗੁਰੂ ਦਾ ਉਪਦੇਸ਼ ਸੁਣ ਲੈਣ ਤਾਂ ਮੌਤ ਦੇ ਫੰਦੇ ਤੋਂ ਛੁੱਟ ਜਾਣ, ਫਾਂਸੀ ਕੱਟੇ।

ਗੋਵਿੰਦ ਕੇ ਕਿਯੇ ਜੀਵ ਬਸ ਪਰੇ ਕਰਮਨਿ ਕੈ

ਗੋਵਿੰਦ ਦੇ ਬਣਾਏ ਹੋਏ ਜੀਵ—ਅਤੇ ਕਰਮ ਦੇ ਚੱਕਰਾਂ ਵਿਚ ਪੈ ਗਏ ਹਨ, ਵਾਸਨਾਵਾਂ ਵਿਚ ਉਲਝ ਗਏ ਹਨ, ਇੰਦਰੀਆਂ ਵਿਚ ਉਲਝ ਗਏ ਹਨ, ਹਜ਼ਾਰ ਤਰ੍ਹਾਂ ਦੇ ਜੇਲਖਾਨਿਆਂ ਵਿਚ ਪੈ ਗਏ ਹਨ!

ਗੁਰੁ ਕੇ ਨਿਵਾਜੇ ਸੋ ਫਿਰਤ ਹੈਂ ਸੁੱਚਛੰਦ ਤੇਂ।

ਲੇਕਿਨ ਜਿਸਨੂੰ ਗੁਰੂ ਨੇ ਉਭਾਰਿਆ, ਉਹ ਮੁਕਤ ਹੋ ਕੇ, ਉਹ ਮੁਕਤੀ ਹੋ ਕੇ, ਸੁਤੰਤਰਤਾ ਹੋ ਕੇ, ਆਪ–ਮੁਹਾਰਾ ਬਣ ਕੇ ਵਿਚਰਦਾ ਹੈ। ਉਹ ਇਹ ਕਹਿ ਰਹੇ ਹਨ ਕਿ ਜ਼ਰਾ ਦੇਖੋ ਤਾਂ, ਗੋਵਿੰਦ ਦੇ ਬਣਾਏ ਹੋਏ ਜੀਵ ਦੀ ਅਜੇਹੀ ਗਤਿ ਹੋ ਰਹੀ ਹੈ! ਜਿਸ ਉਤੇ ਗੋਵਿੰਦ ਦੇ ਹੱਥ ਦੀ ਛਾਪ ਹੈ, ਉਹ ਭਟਕ ਰਿਹਾ ਹੈ। ਪਰ ਜਿਸਦੇ ਉਪਰ ਗੁਰੂ ਦਾ ਹੱਥ ਪਿਆ, ਉਹ ਸੰਭਲ ਗਿਆ ਹੈ।

ਅਜੇਹਾ ਨਾ ਸੋਚਣਾ ਕਿ ਸੁੰਦਰਦਾਸ ਕੁਝ ਗੋਵਿੰਦ ਦੀ ਨਿੰਦਿਆ ਕਰ ਰਹੇ ਹਨ। ਉਹ ਬੜੀ ਮਿੱਠੀ ਗੱਲ ਕਹਿ ਰਹੇ ਹਨ। ਉਸ ਮਿੱਠੀ ਗੱਲ ਦੀ ਗਹਿਰਾਈ ਵਿਚ ਉਤਰਨਾ ਜ਼ਰੂਰੀ ਹੈ।

ਪਰਮਾਤਮਾ ਸੁਤੰਤਰਤਾ ਦਿੰਦਾ ਹੈ। ਇਹ ਉਸਦੀ ਸੁਗਾਤ ਹੈ। ਸੁਤੰਤਰਤਾ ਵਿਚ ਬੁਰੇ ਹੋਣ ਦੀ ਸੁਤੰਤਰਤਾ ਵੀ ਸ਼ਾਮਲ ਹੈ। ਕਿਉਂਕਿ ਉਹ ਸੁਤੰਤਰਤਾ ਤਾਂ ਕੀ ਸੁਤੰਤਰਤਾ ਹੋਵੇਗੀ, ਜਿਸ ਵਿਚ ਚੰਗੇ ਹੀ ਹੋਣ ਦੀ ਸੁਤੰਤਰਤਾ ਹੋਵੇ? ਉਹ ਤਾਂ ਸੁਤੰਤਰਤਾ ਨਾ ਹੋਵੇਗੀ। ਉਹ ਤਾਂ ਪਰਤੰਤਰਤਾ ਹੀ ਹੋਵੇਗੀ। ਅਤੇ ਪਰਤੰਤਰਤਾ ਕਿਵੇਂ ਚੰਗੀ ਹੋ ਸਕਦੀ ਹੈ? ਤਾਂ ਗੁਰੂ ਕੁਝ ਹੋਰ ਦਿੰਦਾ ਹੈ, ਪਰਮਾਤਮਾ ਕੁਝ ਹੋਰ। ਪਰਮਾਤਮਾ ਸੁਤੰਤਰਤਾ ਦਿੰਦਾ ਹੈ ਕਿ ਤੁਸੀਂ ਜੋ ਹੋਣਾ ਹੈ ਹੋ ਜਾਉ। ਤੁਹਾਡੀ ਕਿਤਾਬ ਨੂੰ ਕੋਰੀ ਛੱਡ ਦਿੰਦਾ ਹੈ, ਤੁਸੀਂ ਜੋ ਲਿਖਣਾ ਹੋਵੇ ਲਿਖ ਲਵੋ। ਤੁਸੀਂ ਪਾਪ ਕਰਨਾ ਹੋਵੇ ਪਾਪ ਕਰੋ, ਪੁੰਨ ਕਰਨਾ ਹੋਵੇ ਪੁੰਨ। ਤੁਸੀਂ ਪੂਰੇ ਸੁਤੰਤਰ ਹੋ।

ਅਤੇ ਸੁਭਾਵਕ ਹੀ ਹੇਠਾਂ ਉਤਰਨਾ ਸੌਖਾ ਹੈ, ਉਪਰ ਚੜ੍ਹਨਾ ਕਠਨ ਹੈ। ਲੋਕ ਹੇਠਾਂ ਉਤਰਦੇ ਹਨ। ਲੋਕ ਪਾਪ ਵਿਚ ਉਤਰਦੇ ਹਨ। ਪਾਪ ਵਿਚ ਤਕੜੀ ਖਿੱਚ ਮਲੂਮ ਹੁੰਦੀ ਹੈ, ਕਿਉਂਕਿ ਸਰਲ ਮਲੂਮ ਹੁੰਦਾ ਹੈ। ਪਰਮਾਤਮਾ ਨੇ ਸੁਤੰਤਰਤਾ ਦਿਤੀ ਹੈ ਅਤੇ ਸਿੱਟਾ ਇਹ ਹੈ ਕਿ ਲੋਕ ਗ਼ੁਲਾਮ ਹੋ ਗਏ ਹਨ—ਵਾਸਨਾਵਾਂ ਦੇ, ਸੰਸਾਰ ਦੇ।

ਗੁਰੂ ਦਾ ਕੰਮ ਐਨ ਉਲਟਾ ਹੈ। ਗੁਰੂ ਅਨੁਸ਼ਾਸਨ ਦਿੰਦਾ ਹੈ। ਗੁਰੂ ਤੁਹਾਡੇ ਜੀਵਨ ਨੂੰ ਜੀਣ ਦਾ ਢੰਗ, ਸ਼ੈਲੀ ਦਿੰਦਾ ਹੈ। ਗੁਰੂ ਸ਼ਾਸਤਾ ਹੈ, ਸ਼ਾਸਨ ਦਿੰਦਾ ਹੈ। ਤੁਹਾਡੇ ਜੀਵਨ ਨੂੰ ਇਕ ਰੰਗ–ਰੂਪ ਦਿੰਦਾ ਹੈ। ਤੁਹਾਡੇ ਅਨਘੜ ਪੱਥਰ ਨੂੰ ਢਾਲਦਾ ਹੈ। ਉਪਰ ਤੋਂ ਇਹ ਗੱਲ ਠੀਕ ਵੀ ਮਲੂਮ ਪੈਂਦੀ ਹੈ, ਕਿਉਂਕਿ ਹੁਣ ਗੁਰੂ ਜੋ ਕਹੇਗਾ ਉਵੇਂ ਉਹ ਜੀਣਗੇ। ਗੁਰੂ ਦਾ ਇਸ਼ਾਰਾ ਹੁਣ ਉਹਨਾਂ ਦਾ ਜੀਵਨ ਹੋਵੇਗਾ। ਗੁਰੂ ਦੇ ਸਹਾਰੇ ਚੱਲਣਗੇ। ਗੁਰੂ ਦੀ ਕਿਸ਼ਤੀ ਵਿਚ ਯਾਤਰਾ ਹੋਵੇਗੀ। ਗੁਰੂ ਦੀਆਂ ਸ਼ਰਤਾਂ ਸਵੀਕਾਰ ਕਰਨੀਆਂ ਹੋਣਗੀਆਂ। ਗੁਰੂ ਦੇ ਪ੍ਰਤੀ ਸਮਰਪਣ ਕਰਨਾ ਹੋਵੇਗਾ।

ਸੋ ਬੜਾ ਵਿਰੋਧ–ਭਾਸ ਹੈ। ਪਰਮਾਤਮਾ ਸੁਤੰਤਰਤਾ ਦਿੰਦਾ ਹੈ ਅਤੇ ਨਤੀਜਾ ਹੈ ਕਿ ਸਾਰੇ ਲੋਕ ਪਰਤੰਤਰ ਹੋ ਗਏ ਹਨ। ਅਤੇ ਗੁਰੂ ਅਨੁਸ਼ਾਸਨ ਦਿੰਦਾ ਹੈ ਅਤੇ ਨਤੀਜੇ ਵਿਚ ਸੁਤੰਤਰਤਾ ਹਾਸਲ ਹੁੰਦੀ ਹੈ। ਕਿਉਂਕਿ ਜਿਵੇਂ–ਜਿਵੇਂ ਵਿਅਕਤੀ ਅਨੁਸ਼ਾਸਤ ਹੁੰਦਾ ਹੈ, ਜਿਵੇਂ–ਜਿਵੇਂ ਵਿਅਕਤੀ ਦੇ ਜੀਵਨ ਵਿਚ ਇਕ ਵਿਵਸਥਾ, ਇਕ ਤੰਤਰ ਪੈਦਾ ਹੁੰਦਾ ਹੈ; ਜਿਵੇਂ–ਜਿਵੇਂ ਵਿਅਕਤੀ ਦੇ ਜੀਵਨ ਵਿਚ ਹੋਸ਼ ਸੰਭਲਦਾ ਹੈ; ਜਿਵੇਂ–ਜਿਵੇਂ ਵਿਅਕਤੀ ਦਾ ਜੀਵਨ ਜਾਗਰੂਪ ਜੀਵਨ ਹੋਣ ਲਗਦਾ ਹੈ–ਉਵੇਂ–ਉਵੇਂ ਸੁਤੰਤਰਤਾ ਦਾ ਨਵਾਂ ਆਯਾਮ ਖੁਲ੍ਹਦਾ ਹੈ, ਖੁਲ੍ਹ ਪੈਦਾ ਹੁੰਦੀ ਹੈ।

'ਖੁਲ੍ਹ' ਦਾ ਅਰਥ ਆਪ–ਹੁਦਰਪਾਣ ਨਾ ਕਰ ਲੈਣਾ। ਖੁਲ੍ਹ ਦਾ ਠੀਕ ਉਹੀ ਅਰਥ ਹੁੰਦਾ ਹੈ, ਜੋ ਸੁਤੰਤਰਤਾ ਦਾ। ਸੁਤੰਤਰਤਾ ਨਾਲੋਂ ਵੀ ਬਹੁਮੁੱਲਾ ਸ਼ਬਦ ਹੈ ਖੁਲ੍ਹ। ਖੁਲ੍ਹ ਯਾਨੀ 'ਸ੍ਵੈਛੰਦ' ਦਾ ਅਰਥ ਹੁੰਦਾ ਹੈ, ਜਿਸਦੇ ਅੰਦਰ ਦਾ ਛੰਦ ਜਾਗ ਗਿਆ, ਜਿਸਦੇ ਅੰਦਰ ਦਾ ਗੀਤ ਜਾਗ ਗਿਆ। ਜੋ ਆਪਣਾ ਗੀਤ ਗਾਉਣ ਦੇ ਯੋਗ ਹੋ ਗਿਆ। ਜਿਹੜਾ ਗੀਤ ਗਾਉਣ ਦੇ ਲਈ ਪਰਮਾਤਮਾ ਨੇ ਤੁਹਾਨੂੰ ਭੇਜਿਆ ਸੀ, ਅਤੇ ਤੁਸੀਂ ਭਟਕ ਗਏ ਸੀ। ਜੋ ਬਣਨ ਤੁਹਾਨੂੰ ਪਰਮਾਤਮਾ ਨੇ ਭੇਜਿਆ ਸੀ, ਲੇਕਿਨ ਤੁਸੀਂ ਉਲਟ ਚਲੇ ਗਏ ਸੀ, ਕਿਉਂਕਿ ਹੋਰ ਹਜ਼ਾਰ ਆਕਰਸ਼ਣ ਸਨ। ਅਤੇ ਤੁਹਾਨੂੰ ਕੋਈ ਹੋਸ਼ ਨਹੀਂ ਸੀ।

ਅਜੇਹਾ ਹੀ ਸਮਝੋ ਕਿ ਛੋਟੇ ਬੱਚੇ ਨੂੰ ਤੁਸੀਂ ਵੱਡੀ ਤੋਂ ਵੱਡੀ ਬਹੁਮੁੱਲੀ ਕਿਤਾਬ ਲੈ ਕੇ ਦੇ ਦਿਤੀ ਅਤੇ ਉਸਨੇ ਉਸ ਉਤੇ ਬੇਅਰਥੀਆਂ ਲੀਕਾਂ ਵਾਹ ਛੱਡੀਆਂ। ਅਜੇ ਉਸਨੂੰ ਲਿਖਣਾ ਆਉਂਦਾ ਹੀ ਨਹੀਂ। ਕੁਝ ਅਰਥਪੂਰਨ ਗੱਲ ਤਾਂ ਕਦੇ ਲਿਖ ਸਕੇਗਾ ਜਦ ਲਿਖਣਾ ਆਵੇ। ਲੇਕਿਨ ਲਿਖਣ ਤੋਂ ਪਹਿਲਾਂ ਗੁਰੂ ਦੀ ਪਰਕਿਰਿਆ ਵਿਚੋਂ ਦੀ ਲੰਘਣਾ ਹੋਵੇਗਾ। ਕਿਸੇ ਪਾਠਸ਼ਾਲਾ ਵਿਚੋਂ ਲੰਘਣਾ ਹੋਵੇਗਾ। ਫਿਰ ਇਹੀ ਲੀਕਾਂ ਵਾਹੁਣਾ, ਲਿਖਣਾ ਬਣ ਜਾਂਦਾ ਹੈ। ਹੈ ਤਾਂ ਉਹ ਵੀ ਲੀਕਾਂ ਵਾਹੁਣਾ, ਅੱਪਰ ਉਸ ਵਿਚ ਅਰਥ ਆ ਜਾਂਦਾ ਹੈ, ਉਸ ਵਿਚ ਭਾਵ ਆ ਜਾਂਦੇ ਹਨ। ਇਹੀ ਲੀਕਾਂ ਵਾਹੁਣਾ ਹੌਲੀ–ਹੌਲੀ ਸਹੀ ਰੂਪ ਲੈ ਲੈਂਦਾ ਹੈ, ਸ਼ਕਲ ਲੈ ਲੈਂਦਾ ਹੈ। ਅਤੇ ਇਸੇ ਲੀਕਾਂ ਵਾਹੁਣ ਵਿਚੋਂ ਮਹਾਂਕਾਵਿ ਪੈਦਾ ਹੋ ਸਕਦਾ ਹੈ।

ਅਸੀਂ ਗੀਤ ਲੈ ਕੇ ਆਏ ਹਾਂ ਆਪਣੇ ਪ੍ਰਾਣਾਂ ਵਿਚ, ਜੋ ਗਾਉਣਾ ਹੈ, ਜਿਸਨੂੰ ਬਿਨਾਂ ਗਾਇਆਂ ਤ੍ਰਿਪਤੀ ਨਹੀਂ ਮਿਲੇਗੀ; ਜਿਸਨੂੰ ਗਾਵੋ, ਤਾਂ ਹੀ ਤ੍ਰਿਪਤੀ ਹੈ; ਜਿਸ ਦਿਨ ਗਾ ਲਉਗੇ... ਜਿਵੇਂ ਇਹ ਕੋਇਲ ਸੁਣਦੇ ਹੋ, ਕੁਹੂ–ਕੁਹੂ ਕਹੀ ਜਾ ਰਹੀ ਹੈ। ਇਹ ਉਸਦੇ ਪ੍ਰਾਣਾਂ ਦਾ ਗੀਤ ਹੈ। ਬਿਰਛਾਂ ਵਿਚ ਫੁੱਲ ਖਿੜੇ ਹਨ, ਇਹ ਉਹਨਾਂ ਦੇ ਪ੍ਰਾਣਾਂ ਦਾ ਗੀਤ ਹੈ। ਮਨੁੱਖ ਦੇ ਅੰਦਰ ਵੀ ਕੋਈ ਗੀਤ ਛੁਪਿਆ ਹੈ। ਉਸ ਗੀਤ ਦਾ ਨਾਂ ਹੀ ਨਿਰਵਾਣ ਹੈ, ਮੋਕੱਛ ਹੈ। ਜਦ ਤੁਸੀਂ ਆਪਣਾ ਗੀਤ ਗਾ ਲਉਗੇ, ਉਸੇ ਗੀਤ ਦੇ ਗਾਉਣ ਵਿਚ ਤੁਸੀਂ ਪਾਉਗੇ–ਤ੍ਰਿਪਤੀ ਬਰਸ ਗਈ, ਸੰਤੋਸ਼ ਬਰਸ ਗਿਆ। ਅਨੰਦ ਹੀ ਅਨੰਦ ਹੈ ਫਿਰ।

ਬਸੰਤ ਵਿਚ ਫੁੱਲਾਂ ਨਾਲ ਭਰੇ ਬਿਰਛ ਨੂੰ ਦੇਖਿਆ ਹੈ? ਉਹੀ ਸਿੱਧ ਦੀ ਦਸ਼ਾ ਹੈ। ਉਸਦੇ ਫੁੱਲ ਤੁਹਾਨੂੰ ਦਿਖਾਈ ਨਹੀਂ ਪੈਂਦੇ, ਕਿਉਂਕਿ ਉਸ ਫੁੱਲ ਨੂੰ ਦੇਖਣ ਦੇ ਲਈ ਅੰਦਰ ਦੀਆਂ ਅੱਖਾਂ ਚਾਹੀਦੀਆਂ ਹਨ। ਬਸੰਤ ਵਿਚ ਨੱਚਦੇ ਹੋਏ, ਵਹੁਟੀ ਵਾਂਗ ਸਜੇ ਹੋਏ ਬਿਰਛ ਦੇ ਕੋਲ ਦੀ ਲੰਘੇ ਹੋ? ਉਸਦੀ ਮਹਿਕ ਮਹਿਸੂਸ ਕੀਤੀ ਹੈ? ਲੇਕਿਨ ਉਹ ਮਹਿਕ ਤੁਹਾਨੂੰ ਮਹਿਸੂਸ ਹੋ ਜਾਂਦੀ ਹੈ, ਕਿਉਂਕਿ ਤੁਹਾਡੀਆਂ ਨਾਸਾਂ ਕੰਮ ਕਰ ਰਹੀਆਂ ਹਨ। ਜੇ ਤੁਹਾਨੂੰ ਸਰਦੀ–ਜ਼ੁਕਾਮ ਹੋਵੇ,

ਤਾਂ ਤੁਹਾਨੂੰ ਪਤਾ ਨਹੀਂ ਲੱਗੇਗਾ ਉਸ ਸੁਗੰਧ ਦਾ। ਫੁੱਲਾਂ-ਭਰਿਆ ਬਿਰਛ ਹੋਵੇ, ਪਰ ਤੁਸੀਂ ਅੰਨ੍ਹੇ ਹੋਵੋ, ਤਾਂ ਸ਼ਾਇਦ ਤੁਹਾਨੂੰ ਪਤਾ ਨਹੀਂ ਲੱਗੇਗਾ।

ਇਵੇਂ ਹੀ ਅੰਦਰ ਅਸੀਂ ਅੰਨ੍ਹੇ ਹਾਂ ਅਤੇ ਬੋਲ਼ੇ ਹਾਂ ਅਤੇ ਅੰਦਰ ਸਾਡੇ ਹਿਰਦੇ ਵਿਚ ਅਜੇ ਅਨੁਭਵ ਕਰਨ ਦੀ ਸਮਰੱਥਾ ਨਹੀਂ ਹੈ। ਇਸਲਈ ਗੁਰੂ ਦੇ ਕੋਲ ਇਕਦਮ ਨਾਲ ਪਤਾ ਨਹੀਂ ਲਗਦਾ ਕਿ ਕੀ ਹੋਇਆ ਹੈ। ਲੇਕਿਨ ਇਹੀ ਹੋਇਆ ਹੈ—ਬਸੰਤ ਆ ਗਿਆ ਹੈ। ਫੁੱਲ ਖਿੜ ਗਏ ਹਨ। ਮਹਿਕ ਉੱਡ ਰਹੀ ਹੈ। ਜਿਹੜੇ ਥੋੜ੍ਹੇ-ਕੁ ਕਰੀਬ ਆਉਣ ਲੱਗਣਗੇ, ਜਿਹੜੇ ਕੋਲ ਸਰਕਨ ਲੱਗਣਗੇ ਗੁਰੂ ਦੇ, ਜਿਹੜੇ ਗੁਰੂ ਦੇ ਹੱਥ ਵਿਚ ਹੱਥ ਆਪਣਾ ਦੇਣ ਲੱਗਣਗੇ, ਹੌਲੀ-ਹੌਲੀ ਇਹ ਤਰੰਗਾਂ ਉਹਨਾਂ ਉਤੇ ਛਾ ਜਾਣਗੀਆਂ, ਇਹ ਮਸਤੀ ਉਹਨਾਂ ਦੀਆਂ ਅੱਖਾਂ ਵਿਚ ਭਰ ਜਾਏਗੀ। ਇਹ ਲਾਗ ਲੱਗਣ ਵਾਲੀ ਹੈ ਮਸਤੀ। ਉਹ ਵੀ ਬੇਹੋਸ਼ ਹੋਣ ਲੱਗਣਗੇ। ਉਹ ਵੀ ਮਦਹੋਸ਼ ਹੋਣ ਲੱਗਣਗੇ।

ਗੁਰੂ ਨਾਲ ਸਬੰਧ ਤੁਹਾਨੂੰ ਅਨੁਸ਼ਾਸਨ ਦੇਵੇਗਾ, ਇਕ ਜੀਵਨ ਦੀ ਸ਼ੈਲੀ ਦੇਵੇਗਾ। ਧਿਆਨ ਦੇਵੇਗਾ, ਪ੍ਰੇਮ ਦੇਵੇਗਾ, ਅੰਤਰਯਾਤਰਾ ਦੇ ਉਪਾਅ ਦੇਵੇਗਾ।

ਪਰਮਾਤਮਾ ਨੇ ਸੁਤੰਤਰਤਾ ਦਿਤੀ; ਨਤੀਜਾ ਹੈ ਕਿ ਤੁਸੀਂ ਗ਼ੁਲਾਮ ਹੋ ਗਏ ਹੋ। ਗੁਰੂ ਤੁਹਾਨੂੰ ਇਕ ਤਰ੍ਹਾਂ ਦੀ ਗ਼ੁਲਾਮੀ ਦਿੰਦਾ ਮਲੂਮ ਪੈਂਦਾ ਹੈ ਅਤੇ ਨਤੀਜੇ ਵਿਚ ਸੁਤੰਤਰਤਾ ਹੱਥ ਆਉਂਦੀ ਹੈ। ਅਜੇਹਾ ਵਿਰੋਧ-ਭਾਸ ਹੈ।

ਗੋਵਿੰਦ ਕੇ ਕਿਯੇ ਜੀਵ ਜਾਤ ਹੈਂ ਰਸਾਤਲ ਕੌਂ,
ਗੁਰ ਉਪਦੇਸ਼ ਸੁ ਤੋ ਛੂਟੇ ਜਮਫੰਦ ਤੇਂ।
ਗੋਵਿੰਦ ਕੇ ਕਿਯੇ ਜੀਵ ਬਸ ਪਰੈ ਕਰਮਨਿ ਕੇ
ਗੁਰ ਕੇ ਨਿਵਾਜੇ ਸੋ ਫਿਰਤ ਹੈ ਸੁਚੱਛੰਦ ਤੇਂ।
ਗੋਵਿੰਦ ਕੇ ਕਿਯੇ ਜੀਵ ਬੂੜਤ ਭੌਸਾਗਰ ਮੇਂ

ਉਸਦੇ ਬਣਾਏ ਹੋਏ, ਪਰਮਾਤਮਾ ਦੇ ਬਣਾਏ ਹੋਏ ਲੋਕ, ਅਤੇ ਭਵ-ਸਾਗਰ ਵਿਚ ਡੁੱਬ ਰਹੇ ਹਨ!

ਗੋਵਿੰਦ ਕੇ ਕਿਯੇ ਜੀਵ ਬੂੜਤ ਭੌਸਾਗਰ ਮੇਂ,
ਸੁੰਦਰ ਕਹਤ ਗੁਰੁ ਕਾੜ੍ਹੇ ਦੁਖਦ੍ਵੰਦ ਤੇਂ।

ਲੇਕਿਨ ਜਿਸਨੇ ਗੁਰੂ ਦਾ ਸਾਥ ਪਕੜਿਆ ਉਹ ਦੁਖ ਤੋਂ ਅਤੇ ਦ੍ਵੰਧ ਦੇ ਬਾਹਰ ਹੋ ਗਿਆ। ਉਹ ਦੋ ਦੇ ਬਾਹਰ ਹੋ ਗਿਆ, ਦੁਈ ਦੇ ਬਾਹਰ ਹੋ ਗਿਆ, ਦ੍ਵੰਧ ਦੇ ਬਾਹਰ ਹੋ ਗਿਆ, ਇਸਲਈ ਦੁਖ ਦੇ ਬਾਹਰ ਹੋ ਗਿਆ। ਦੁਖ ਅਤੇ ਦ੍ਵੰਧ ਬਦਲਵੇਂ ਸ਼ਬਦ ਹਨ। ਤੁਸੀਂ ਦੁਖ ਵਿਚ ਹੋ ਕਿਉਂਕਿ ਤੁਸੀਂ ਦੋ ਹੋ। ਜਦ ਤਕ ਤੁਸੀਂ ਦੋ ਹੋ ਤਦ ਤਕ ਤੁਸੀਂ ਦੁਖ ਵਿਚ ਰਹੋਗੇ। ਦੋ ਵਿਚ ਖਿਚੋਤਾਣੀ ਚਲਦੀ ਰਹੇਗੀ—ਬਾਹਰ ਕਿ ਅੰਦਰ, ਇਹ ਕਿ ਉਹ, ਪ੍ਰਿਥਵੀ ਕਿ ਅਕਾਸ਼। ਚੋਣ ਹੀ ਚੋਣ ਅਤੇ ਚੋਣ ਵਿਚ ਖਿਚੋਤਾਣੀ ਹੈ। ਅਤੇ ਚੋਣ ਵਿਚ ਤਣਾਅ ਹੈ। ਇਕ ਹੀ ਬਚੇ, ਮੈਂ ਨਾ ਰਹਾਂ, ਤੂੰ ਹੀ ਰਹੇਂ। ਜਾਂ ਮੈਂ ਹੀ ਰਹਿ ਜਾਵਾਂ, ਤੂੰ ਨਾ ਰਹੇਂ। ਇਕ ਹੀ ਬਚੇ। ਫਿਰ ਸਾਰਾ ਦ੍ਵੰਧ ਗਿਆ, ਫਿਰ ਸਾਰਾ ਦੁਖ ਗਿਆ। ਫਿਰ ਵਿਰਾਮ ਹੈ, ਫਿਰ ਵਿਸਰਾਮ ਹੈ।

ਗੋਵਿੰਦ ਕੇ ਕਿਯੇ ਜੀਵ ਬੂੜਤ ਭੌਸਾਗਰ ਮੇਂ
ਸੁੰਦਰ ਕਹਤ ਗੁਰੁ ਕਾੜ੍ਹੇ ਦੁਖਦ੍ਵੰਦ ਤੇਂ।
ਔਰਊ ਕਹਾਂਲੌਂ ਕਛੁ ਮੁਖ ਤੈਂ ਕਹੈ ਬਤਾਇ

ਸੁੰਦਰਦਾਸ ਕਹਿੰਦੇ ਹਨ : ਬੜੀ ਮੁਸ਼ਕਲ ਹੈ, ਜੋ ਕਹਿਣਾ ਚਾਹੁੰਦਾ ਹਾਂ, ਕਹਿ ਨਹੀਂ ਪਾ ਰਿਹਾ ਹਾਂ। ਜੋ ਕਿਹਾ, ਉਹ ਕਾਫੀ ਨਹੀਂ ਹੈ। ਗੁਰੂ ਦੀ ਪ੍ਰਸੰਸਾ ਕਿਵੇਂ ਕਰਾਂ? ਕਿਸ ਮੂੰਹ ਨਾਲ ਕਰਾਂ? ਮੇਰੀ ਬਾਣੀ ਸਮਰੱਥ ਨਹੀਂ ਹੈ।

ਔਰਊ ਕਹਾਂ ਲੌ ਕਛੁ ਮੁਖ ਤੈਂ ਕਹੈ ਬਤਾਇ
ਗੁਰੁ ਕੀ ਤੋ ਮਹਿਮਾ ਅਧਿਕ ਹੈ ਗੋਵਿੰਦ ਤੇਂ।

ਗੁਰੂ ਦੀ ਮਹਿਮਾ ਗੋਵਿੰਦ ਤੋਂ ਜ਼ਿਆਦਾ ਹੈ। ਇਸਲਈ ਜਿਨ੍ਹਾਂ ਨੇ ਮਹਾਂਵੀਰ ਵਿਚ ਗੁਰੂ ਨੂੰ ਦੇਖਿਆ, ਮਹਾਂਵੀਰ ਨੂੰ ਭਗਵਾਨ ਕਿਹਾ। ਜਿਨ੍ਹਾਂ ਨੇ ਬੁੱਧ ਵਿਚ ਗੁਰੂ ਨੂੰ ਦੇਖਿਆ, ਬੁੱਧ ਨੂੰ ਭਗਵਾਨ ਕਿਹਾ। ਅਤੇ ਤੁਸੀਂ ਜਾਣਦੇ ਹੋ, ਬੁੱਧ ਭਗਵਾਨ ਵਿਚ ਮੰਨਦੇ ਨਹੀਂ। ਅਤੇ ਮਹਾਂਵੀਰ ਨੇ ਕਿਹਾ ਹੈ : ਕੋਈ ਭਗਵਾਨ ਨਹੀਂ। ਲੇਕਿਨ ਫਿਰ ਵੀ ਸ਼ਿਸ਼ ਨਹੀਂ ਰੁਕ ਸਕਿਆ ਭਗਵਾਨ ਕਹਿਣ ਤੋਂ। ਸ਼ਿਸ਼ ਕੀ ਕਰੇ? ਉਸਦੀ ਕਠਨਾਈ ਸਮਝੋ। ਉਸਦੀ ਮਜਬੂਰੀ, ਉਸਦੀ ਬੇਆਸਰਾ ਹਾਲਤ! ਉਸਨੂੰ ਇਕ ਗੱਲ ਸਮਝ ਵਿਚ ਆ ਗਈ ਹੈ ਕਿ ਪਰਮਾਤਮਾ ਦਾ ਬਣਾਇਆ ਹੋਇਆ ਮੈਂ ਤਾਂ ਭਟਕ ਰਿਹਾ ਸੀ, ਡੁੱਬਦਾ ਜਾਂਦਾ ਸੀ—ਹੋਰ ਹਨੇਰਿਆਂ ਵਿਚ, ਹੋਰ ਵਿਖਾਧ ਵਿਚ, ਹੋਰ ਤਮਸ ਵਿਚ। ਗੁਰੂ ਨੇ ਹੱਥ ਵਧਾਇਆ, ਉਭਾਰਿਆ। ਇਹ ਹੱਥ... ਭਗਵਾਨ ਦੇ ਹੋਣ ਦਾ ਪਹਿਲਾ ਸਬੂਤ ਮਿਲਿਆ।

ਕਬੀਰ ਦਾ ਬਚਨ ਹੈ ਨਾ—

ਗੁਰੁ ਗੋਵਿੰਦ ਦੋਊ ਖੜੇ, ਕਾਕੇ ਲਾਗੂੰ ਪਾਂਯ। ਬੜੀ ਮੁਸ਼ਕਲ ਖੜ੍ਹੀ ਹੋ ਗਈ ਹੈ, ਕਬੀਰ ਕਹਿੰਦੇ ਹਨ। ਗੁਰੂ ਵੀ ਸਾਹਮਣੇ, ਗੋਵਿੰਦ ਵੀ ਸਾਹਮਣੇ, ਪਰਮਾਤਮਾ ਵੀ ਆ ਗਿਆ ਸਾਹਮਣੇ, ਗੁਰੂ ਵੀ ਖੜ੍ਹੇ ਹਨ—ਹੁਣ ਮੈਂ ਕਿਸ ਦੇ ਪੈਰੀਂ ਪਵਾਂ ਪਹਿਲਾਂ? ਭੁੱਲ ਨਾ ਹੋ ਜਾਵੇ। ਜੇ ਗੁਰੂ ਦੇ ਪੈਰੀਂ ਪਹਿਲਾਂ ਪਵਾਂ, ਤਾਂ ਕਿਤੇ ਅਜੇਹਾ ਨਾ ਹੋਵੇ ਕਿ ਪਰਮਾਤਮਾ ਦਾ ਮੈਥੋਂ ਅਪਮਾਨ ਹੋਇਆ। ਅਤੇ ਪਰਮਾਤਮਾ ਦੇ ਪੈਰੀਂ ਤਾਂ ਕਿਵੇਂ ਪਵਾਂ ਪਹਿਲਾਂ, ਕਿਉਂਕਿ ਬਿਨਾਂ ਗੁਰੂ ਦੇ ਪਰਮਾਤਮਾ ਸੀ ਹੀ ਕਿਥੇ।

ਗੁਰੁ ਗੋਵਿੰਦ ਦੋਊ ਖੜੇ, ਕਾਕੇ ਲਾਗੂੰ ਪਾਂਯ
ਬਲਿਹਾਰੀ ਗੁਰੁ ਆਪਨੇ ਗੋਵਿੰਦ ਦਿਯੋ ਬਤਾਯ।

ਲੇਕਿਨ ਉਹ ਕਹਿੰਦੇ ਹਨ ਕਿ ਗੁਰੂ ਦੀ ਬਲਿਹਾਰੀ ਹੈ ਕਿ ਉਸਨੇ ਛੇਤੀ ਨਾਲ ਇਸ਼ਾਰਾ ਕਰ ਦਿਤਾ ਗੋਵਿੰਦ ਦੀ ਤਰਫ। ਗੁਰੂ ਦਾ ਸਾਰਾ ਇਸ਼ਾਰਾ ਗੋਵਿੰਦ ਦੀ ਤਰਫ ਹੈ। ਗੁਰੂ ਦਾ ਉਠਣਾ, ਬੈਠਣਾ, ਬੋਲਣਾ, ਨਾ ਬੋਲਣਾ, ਤੁਹਾਡੇ ਪ੍ਰਤੀ ਕਠੋਰ ਹੋਣਾ, ਕਰੁਣਾਵਾਨ ਹੋਣਾ, ਸਭ ਦੇ ਪਿਛੇ ਇਕ ਹੀ ਵਿਰਾਟ ਅਯੋਜਨ ਹੈ ਕਿ ਤੁਸੀਂ ਜਾਗ ਜਾਓ, ਗੋਵਿੰਦ ਤੁਹਾਨੂੰ ਦਿਖਾਈ ਪੈ ਜਾਵੇ।

ਇਸਲਈ ਕਹਿੰਦੇ ਹਨ ਸੁੰਦਰਦਾਸ :

ਗੁਰੂ ਕੀ ਤੋ ਮਹਿਮਾ ਅਧਿਕ ਹੈ ਗੋਵਿੰਦ ਤੇਂ।

ਇਸ ਜਗਤ ਵਿਚ ਗੁਰੂ ਨੂੰ ਜਿਸਨੇ ਪਾ ਲਿਆ, ਉਸਨੇ ਗੋਵਿੰਦ ਨੂੰ ਪਾ ਲਿਆ। ਗੁਰੂ ਨੂੰ ਪਾ ਲਿਆ ਤਾਂ ਗੋਵਿੰਦ ਹੁਣ ਜ਼ਿਆਦਾ ਦੂਰ ਨਹੀਂ ਹੈ। ਪਹੁੰਚ ਹੀ ਗਏ। ਮੰਦਰ ਦੇ ਦੁਆਰ ਤਕ ਪਹੁੰਚ ਗਏ, ਤਾਂ ਮੰਦਰ ਹੁਣ ਕਿੰਨੀ ਦੂਰ ਹੈ! ਜਿਸਨੇ ਗੁਰੂ ਨੂੰ ਪਾ ਲਿਆ, ਜਿਸਨੇ ਗੁਰੂ ਨੂੰ ਪਛਾਣ ਲਿਆ, ਉਸਨੇ ਇਹ ਗੱਲ ਪਛਾਣ ਲਈ ਕਿ ਇਹ ਜਗਤ ਪਦਾਰਥ 'ਤੇ ਖ਼ਤਮ ਨਹੀਂ ਹੁੰਦਾ। ਇਥੇ ਹੋਰ ਵੀ ਮਹਿਮਾਵਾਂ ਹਨ, ਹੋਰ ਵੀ ਰਹੱਸ ਹਨ। ਇਥੇ ਬੜੇ ਛੁਪੇ ਹੋਏ ਰਾਜ਼ ਹਨ। ਇਥੇ ਮਿੱਟੀ ਹੀ ਮਿੱਟੀ ਨਹੀਂ ਹੈ। ਇਥੇ ਮਰ ਹੀ ਜਾਣ ਵਾਲੇ ਵਿਚ ਸਦਾ ਰਹਿਣ ਵਾਲਾ ਵੀ ਛੁਪਿਆ ਹੈ। ਇਥੇ ਮ੍ਰਿਤ ਵਿਚ ਅੰਮ੍ਰਿਤ ਦਾ ਵਾਸਾ ਹੈ। ਜਿਸਨੇ ਗੁਰੂ ਨੂੰ ਪਛਾਣ ਲਿਆ, ਉਸਨੇ ਕਿਸ਼ਤੀ ਛੱਡ ਦਿਤੀ ਪਰਮਾਤਮਾ ਦੀ ਤਰਫ। ਉਹ ਚੱਲ ਪਿਆ। ਉਸਦਾ ਤੀਰ ਨਿਕਲ ਗਿਆ ਕਮਾਣ ਤੋਂ। ਨਿਸ਼ਾਨਾ-ਵਿੰਨ੍ਹਣ ਹੋ ਹੀ ਜਾਏਗਾ। ਅਸਲੀ ਸਵਾਲ ਕਮਾਣ ਤੋਂ ਤੀਰ ਦਾ ਨਿਕਲ ਜਾਣਾ ਹੈ।

ਗੁਰੂ ਦੇ ਚਰਨਾਂ ਵਿਚ ਜਿਹੜਾ ਝੁਕਿਆ, ਉਹ ਝੁਕ ਹੀ ਗਿਆ ਪਰਮਾਤਮਾ ਦੇ ਚਰਨਾਂ ਵਿਚ—ਅਸਿੱਧੇ ਰੂਪ ਨਾਲ। ਗੁਰੂ ਤਾਂ ਬਹਾਨਾ ਹੈ, ਗੁਰੂ ਤਾਂ ਨਿਮਿੱਤ ਹੈ।

ਜੀਵਨ ਵਿਚ ਤੁਹਾਨੂੰ ਜਿਥੇ ਵੀ ਕਿਸੇ ਜੀਂਦੇ ਵਿਅਕਤੀ ਦੇ ਕੋਲ ਸ਼ਾਂਤੀ ਮਿਲੇ, ਸੁਗੰਧੀ ਮਿਲੇ, ਪ੍ਰੇਮ ਮਿਲੇ, ਤੁਹਾਡਾ ਰੂਪ-ਪਰਤਣ ਕਰਨ ਦੀ ਕੀਮਿਯਾ ਮਿਲੇ, ਫਿਰ ਸੰਕੋਚ ਨਾ ਕਰਨਾ। ਫਿਰ ਰੁਕਣਾ ਨਾ। ਫਿਰ ਕਿਸੇ ਡਰਾਂ ਦੇ ਕਾਰਨ ਠਹਿਰ ਨਾ ਜਾਣਾ। ਫਿਰ ਹੌਸਲਾ ਰਖਣਾ। ਝੁਕ ਜਾਣਾ। ਦਾਅ ਉਤੇ ਸਭ ਲਾ ਦੇਣਾ।

ਅਤੇ ਧਿਆਨ ਰਹੇ, ਹੋਰ ਕੋਈ ਕਸੌਟੀ ਨਹੀਂ ਹੈ ਗੁਰੂ ਨੂੰ ਜਾਣਨ ਦੀ। ਤੁਹਾਡਾ ਹਿਰਦਾ ਹੀ ਕਹੇਗਾ। ਹਿਰਦਾ ਹਮੇਸ਼ਾ ਕਹਿ ਦਿੰਦਾ ਹੈ, ਐਪਰ ਤੁਸੀਂ ਸੁਣਦੇ ਹੀ ਨਹੀਂ ਹਿਰਦੇ ਦੀ। ਤੁਸੀਂ ਕਹਿੰਦੇ ਹੋ, ਕਿਵੇਂ ਗੁਰੂ ਨੂੰ ਪਛਾਣੀਏ? ਕੀ ਕਸੌਟੀ ਹੈ? ਬੁੱਧੀ ਕਸੌਟੀ ਮੰਗਦੀ ਹੈ, ਹਿਰਦਾ ਨਾਲ-ਦੀ-ਨਾਲ ਕਹਿ ਦਿੰਦਾ ਹੈ। ਹਿਰਦੇ ਦੀ ਸੁਣੋ, ਬੁੱਧੀ ਨੂੰ ਇਕ ਪਾਸੇ ਰਖ ਦਿਉ। ਹਿਰਦੇ ਤੋਂ ਕਦੇ ਭੁੱਲ ਨਹੀਂ ਹੋਈ ਹੈ।

ਹਿਰਦਾ ਇਉਂ ਹੀ ਹੈ, ਜਿਵੇਂ ਤੁਸੀਂ ਦਿਸ਼ਾਸੂਚਕ-ਯੰਤਰ ਦੇਖਿਆ ਹੈ?—ਜੋ ਸਦਾ ਹੀ ਦੱਸਦਾ ਰਹਿੰਦਾ ਹੈ ਪੂਰਬ ਦੇ ਵਲ, ਸੂਰਜ ਦੇ ਉੱਗਣ ਵਲ। ਹਿਰਦਾ ਸਦਾ ਹੀ ਪਰਮਾਤਮਾ ਦੀ ਤਰਫ ਇਸ਼ਾਰਾ ਕਰਦਾ ਹੈ, ਐਪਰ ਤੁਸੀਂ ਹਿਰਦੇ ਦੀ ਸੁਣਦੇ ਨਹੀਂ ਹੋ, ਤੁਸੀਂ ਬੁੱਧੀ ਦੀ ਸੁਣਦੇ ਹੋ। ਅਤੇ ਬੁੱਧੀ ਦੀ ਸੁਣਨ ਦੇ ਕਾਰਨ ਅਕਸਰ ਤੁਸੀਂ ਭੁਲੇਖੇ ਵਿਚ ਪੈਂਦੇ ਹੋ।

ਸੱਚ ਤਾਂ ਇਹ ਹੈ ਬੁੱਧੀ ਦੀ ਸੁਣਦੇ ਰਹੋਗੇ, ਤਦ ਤਕ ਗੁਰੂ ਤੁਹਾਨੂੰ ਮਿਲੇਗਾ ਹੀ ਨਹੀਂ। ਅਤੇ ਜਿਹੜੇ ਮਿਲਣਗੇ ਉਹ ਗੁਰੂ ਦੇ ਧੋਖੇ ਹੋਣਗੇ। ਗੁਰੂ ਦੇ ਧੋਖੇ ਤੁਹਾਡੀ ਬੁੱਧੀ ਨੂੰ ਰਾਜ਼ੀ ਕਰ ਲੈਣਗੇ, ਕਿਉਂਕਿ ਗੁਰੂ ਦੇ ਧੋਖੇ ਦਾ ਮਤਲਬ ਹੁੰਦਾ ਹੈ—ਜਿਹੜਾ ਤੁਹਾਨੂੰ ਰਾਜ਼ੀ ਹੀ ਕਰਨ ਨੂੰ ਬੈਠਾ ਹੈ। ਤੁਸੀਂ ਜਿਹੋ-ਜਿਹਾ ਚਾਹੁੰਦੇ ਹੋ ਉਹੋ-ਜਿਹਾ ਬਣ ਕੇ ਬੈਠਾ ਹੈ।

ਧਿਆਨ ਰਖਣਾ, ਸਤਿਗੁਰੂ ਕਦੇ ਵੀ ਤੁਹਾਡੀਆਂ ਅਭਿਲਾਖਾਵਾਂ, ਚਾਹਨਾਵਾਂ, ਉਮੀਦਾਂ ਦੇ ਮੁਤਾਬਕ ਨਹੀਂ ਹੁੰਦਾ, ਹੋ ਹੀ ਨਹੀਂ ਸਕਦਾ। ਨਹੀਂ ਤਾਂ ਜੀਸਸ ਨੂੰ ਲੋਕ ਸੂਲੀ ਟੰਗਦੇ? ਬੁੱਧ ਨੂੰ ਲੋਕ ਪੱਥਰ ਮਾਰਦੇ? ਮਹਾਂਵੀਰ ਨੂੰ ਪਿੰਡ 'ਚੋਂ ਡੱਕ ਕੇ ਕੱਢਦੇ? ਸੁਕਰਾਤ ਨੂੰ ਜ਼ਹਿਰ ਪਿਆਉਂਦੇ? ਅਤੇ ਤੁਸੀਂ ਇਹ ਨਾ ਸੋਚਣਾ ਕਿ ਉਹ ਸਭ ਲੋਕ ਪਾਗਲ ਸਨ ਅਤੇ ਤੁਸੀਂ ਹੀ ਪਹਿਲੀ ਦਫੇ ਬੁੱਧੀਮਾਨ ਹੋ। ਤੁਹਾਡੇ ਹੀ ਵਰਗੇ ਲੋਕ ਸਨ, ਤੁਸੀਂ ਹੀ ਸੀ—ਜਿਨ੍ਹਾਂ ਨੇ ਜੀਸਸ ਨੂੰ ਸੂਲੀ ਦਿਤੀ, ਸੁਕਰਾਤ ਨੂੰ ਜ਼ਹਿਰ ਪਿਆਇਆ, ਬੁੱਧ ਨੂੰ ਪੱਥਰ ਮਾਰੇ, ਮਹਾਂਵੀਰ ਦੇ ਕੰਨਾਂ ਵਿਚ ਕਿੱਲ ਠੋਕ ਦਿਤੇ। ਤੁਸੀਂ ਹੀ ਹੋ ਉਹ। ਉਹ ਤੁਹਾਥੋਂ ਭਿੰਨ ਲੋਕ ਨਹੀਂ ਸਨ, ਤੁਹਾਥੋਂ ਜ਼ਰਾ ਵੀ ਭਿੰਨ ਨਹੀਂ ਸਨ। ਕੀ ਮਾਮਲਾ ਸੀ?

ਅਤੇ ਅਜੇਹਾ ਨਹੀਂ ਹੈ ਕਿ ਗੁਰੂਆਂ ਦੀ ਪੂਜਾ ਉਸ ਦਿਨ ਨਹੀਂ ਹੋ ਰਹੀ ਸੀ। ਜਦ ਬੁੱਧ ਨੂੰ ਲੋਕ ਪੱਥਰ ਮਾਰ ਰਹੇ

ਸਨ, ਤਦ ਵੀ ਪੰਡਤ, ਪੁਜਾਰੀ, ਪੋਂਗਾਪੰਥੀ, ਪੂਜੇ ਜਾ ਰਹੇ ਸਨ। ਜਦ ਜੀਸਸ ਨੂੰ ਲੋਕ ਸੂਲੀ ਚਾੜ੍ਹ ਰਹੇ ਸਨ, ਤਦ ਵੀ ਧਰਮਗੁਰੂ ਦਾ ਸਨਮਾਨ ਕੀਤਾ ਜਾ ਰਿਹਾ ਸੀ।

ਬੜੇ ਮਜ਼ੇ ਦੀ ਗੱਲ ਹੈ ਕਿ ਤੁਹਾਡੀ ਬੁੱਧੀ ਜਿਸ ਤੋਂ ਰਾਜ਼ੀ ਹੋ ਜਾਂਦੀ ਹੈ, ਉਹ ਅਕਸਰ ਧੋਖਾ ਹੁੰਦਾ ਹੈ। ਉਸਦੇ ਪਿਛੇ ਕਾਰਨ ਹਨ, ਕਿਉਂਕਿ ਉਹ ਧੋਖੇ ਦੀ ਪੂਰੀ ਤਿਆਰੀ ਕਰਦਾ ਹੈ। ਤੁਸੀਂ ਜੇਕਰ ਮੰਨਦੇ ਹੋ ਕਿ ਸਤਿਗੁਰੂ ਨਗਨ ਹੋਣਾ ਚਾਹੀਦਾ ਹੈ ਤਾਂ ਉਹ ਨਗਨ ਖੜ੍ਹਾ ਹੁੰਦਾ ਹੈ। ਤੁਸੀਂ ਜੇਕਰ ਮੰਨਦੇ ਹੋ ਕਿ ਸਤਿਗੁਰੂ ਅੱਖਾਂ ਬੰਦ ਕੀਤਾ ਹੋਇਆ ਹੋਣਾ ਚਾਹੀਦਾ ਹੈ, ਤਾਂ ਉਹ ਅੱਖ ਬੰਦ ਕਰਕੇ ਖੜ੍ਹਾ ਹੁੰਦਾ ਹੈ। ਤੁਸੀਂ ਜੇਕਰ ਮੰਨਦੇ ਹੋ ਕਿ ਸਤਿਗੁਰੂ ਇੰਜ ਹੋਣਾ ਚਾਹੀਦਾ ਹੈ, ਉਂਜ ਹੋਣਾ ਚਾਹੀਦਾ ਹੈ, ਤਾਂ ਉਹੋ-ਜਿਹਾ ਹੋ ਜਾਂਦਾ ਹੈ। ਉਪਵਾਸ ਆਖੋ, ਤਾਂ ਉਪਵਾਸ ਕਰਦਾ ਹੈ। ਕੰਡਿਆਂ ਉਤੇ ਲੇਟੋ, ਤਾਂ ਕੰਡਿਆਂ ਉਤੇ ਲੇਟ ਜਾਂਦਾ ਹੈ। ਉਸਨੇ ਤੈਅ ਕਰ ਰਖਿਆ ਹੈ ਕਿ ਤੁਹਾਡਾ ਗੁਰੂ ਬਣਨਾ ਹੈ। ਉਹ ਗੁਰੂ ਨਹੀਂ ਹੈ। ਉਹ ਇਕ ਗਹਿਰੇ ਅਰਥ ਵਿਚ ਸਿਰਫ ਰਾਜਨੇਤਾ ਹੈ।

ਰਾਜਨੇਤਾ ਦੀ ਕਲਾ ਦਾ ਸਾਰ ਇਹੀ ਹੈ ਕਿ ਉਹ ਦੇਖਦਾ ਰਹਿੰਦਾ ਹੈ ਲੋਕ ਕਿਥੇ ਜਾਣਾ ਚਾਹੁੰਦੇ ਹਨ। ਲੋਕ ਜਿਥੇ ਜਾਣਾ ਚਾਹੁੰਦੇ ਹਨ, ਉਹ ਛੇਤੀ ਨਾਲ ਉਛਲ ਕੇ ਅੱਗੇ ਹੋ ਜਾਂਦਾ ਹੈ। ਬਸ ਉਸੇ ਨੂੰ ਕੁਸ਼ਲ ਰਾਜਨੇਤਾ ਆਖਦੇ ਹਨ ਜੋ ਹਵਾ ਦੇ ਬਦਲਣ ਤੋਂ ਪਹਿਲਾਂ ਤਾੜ ਲਵੇ, ਰੁਖ਼ ਦੇਖ ਲਵੇ ਹਵਾ ਦਾ। ਲੋਕ ਪੂਰਬ ਜਾ ਰਹੇ ਹਨ ਤਾਂ ਉਹ ਕਹਿੰਦਾ ਹੈ ਪੂਰਬ ਜਾਣਾ ਹੈ। ਲੋਕ ਪੱਛਮ ਜਾਣ ਲੱਗਣ ਤਾਂ ਉਹ ਕਹਿੰਦਾ ਹੈ: ਮੈਂ ਤਾਂ ਹਮੇਸ਼ਾ ਹੀ ਕਹਿ ਰਿਹਾ ਸੀ ਕਿ ਪੱਛਮ ਜਾਣਾ ਹੈ। ਅਤੇ ਲੋਕਾਂ ਨੂੰ ਇਹ ਸਮਝ ਵਿਚ ਹੀ ਨਹੀਂ ਆ ਪਾਂਦਾ ਕਿ ਉਹ ਸਾਡੀਆਂ ਨਜ਼ਰਾਂ ਪਰਖ ਰਿਹਾ ਹੈ, ਸਾਡੇ ਭਾਵ ਪਰਖ ਰਿਹਾ ਹੈ, ਹਵਾ ਦੇ ਢੰਗ ਪਰਖ ਰਿਹਾ ਹੈ। ਅਤੇ ਸਦਾ ਚਿੱਲਾ ਕੇ ਕਹਿਣ ਲਗਦਾ ਹੈ ਉਹੀ ਗੱਲ ਜੋ ਤੁਹਾਨੂੰ ਚਾਹੀਦੀ ਹੈ। ਅਤੇ ਤੁਹਾਨੂੰ ਲਗਦਾ ਹੈ ਕਿ ਠੀਕ ਹੈ, ਇਹ ਆਦਮੀ ਸਾਡੀਆਂ ਮਨੋਇਛਿਆਵਾਂ ਪੂਰੀਆਂ ਕਰੇਗਾ। ਕਿਸੇ ਨੇ ਕਦੇ ਕਿਸੇ ਦੀਆਂ ਮਨੋਇਛਿਆਵਾਂ ਪੂਰੀਆਂ ਨਹੀਂ ਕੀਤੀਆਂ।

ਸਤਿਗੁਰੂ ਤੁਹਾਡੀਆਂ ਮਨੋਇਛਿਆਵਾਂ ਪੂਰੀਆਂ ਨਹੀਂ ਕਰਦਾ, ਤੁਹਾਡੇ ਮਨ ਨੂੰ ਮਿਟਾਉਂਦਾ ਹੈ। ਮਨੋਇਛਿਆਵਾਂ ਕਿਵੇਂ ਪੂਰੀਆਂ ਕਰੇਗਾ? ਸਤਿਗੁਰੂ ਤੁਹਾਡੇ ਹਿਸਾਬ ਨਾਲ ਨਹੀਂ ਚੱਲ ਸਕਦਾ—ਪਰਮਾਤਮਾ ਦੇ ਹਿਸਾਬ ਨਾਲ ਚਲਦਾ ਹੈ—ਆਪਣੇ ਹਿਸਾਬ ਨਾਲ ਚਲਦਾ ਹੈ। ਉਸਦੇ ਨਾਲ ਤਾਂ ਜਿਸਨੇ ਰਾਜ਼ੀ ਹੋਣਾ ਹੋਵੇ, ਉਸੇ ਨੂੰ ਹੀ ਰਾਜ਼ੀ ਹੋਣਾ ਪੈਂਦਾ ਹੈ। ਉਹ ਤੁਹਾਡੇ ਨਾਲ ਰਾਜ਼ੀ ਨਹੀਂ ਹੁੰਦਾ। ਸਮਝ ਲੈਣਾ, ਜਿਹੜਾ ਤੁਹਾਡੇ ਨਾਲ ਰਾਜ਼ੀ ਹੈ, ਉਹ ਤੁਹਾਨੂੰ ਬਦਲ ਨਹੀਂ ਪਾਏਗਾ। ਉਸ ਡਾਕਟਰ ਦੇ ਕੋਲ ਤੁਸੀਂ ਇਲਾਜ ਕਰਾਉਣ ਜਾਓਗੇ, ਜੋ ਤੁਹਾਡੇ ਨਾਲ ਰਾਜ਼ੀ ਹੈ? ਤੁਸੀਂ ਕਹੋ ਕਿ ਮੈਨੂੰ ਟੀ.ਬੀ. ਹੈ ਤਾਂ ਉਹ ਕਹਿੰਦਾ ਹੈ : ਹਾਂ ਟੀ.ਬੀ. ਹੈ। ਤੁਸੀਂ ਕਹੋ ਕਿ ਮੈਨੂੰ ਇਹ ਦਵਾਈ ਚਾਹੀਦੀ ਹੈ ਕਿਉਂਕਿ ਉਹ ਦਵਾਈ ਮਿੱਠੀ ਹੈ; ਉਹ ਕਹਿੰਦਾ ਹੈ ਇਹੀ ਦਵਾਈ ਤਾਂ ਮੈਂ ਲਿਖ ਹੀ ਰਿਹਾ ਸੀ। ਅਜੇਹਾ ਡਾਕਟਰ ਤੁਹਾਨੂੰ ਤੰਦਰੁਸਤੀ ਦੇ ਸਕੇਗਾ? ਤੁਸੀਂ ਬੀਮਾਰ ਹੋ ਅਤੇ ਤੁਹਾਡਾ ਡਾਕਟਰ ਪਖੰਡੀ ਹੈ। ਤੁਸੀਂ ਲੱਖ ਕਹੋ ਕਿ ਮੈਨੂੰ ਇਹ ਦਵਾਈ ਚਾਹੀਦੀ ਹੈ, ਇਲਾਜ-ਕਰਤਾ ਜੇਕਰ ਇਲਾਜ-ਕਰਤਾ ਹੈ ਤਾਂ ਉਹ ਕਹੇਗਾ—ਇਹ ਦਵਾਈ ਨਹੀਂ ਹੈ ਤੇਰੇ ਕੰਮ ਦੀ, ਦਵਾਈ ਤਾਂ ਜਿਹੜੀ ਮੈਂ ਦਿੰਦਾ ਹਾਂ ਉਹ ਹੈ ਤੇਰੇ ਕੰਮ ਦੀ। ਅਤੇ ਮਿੱਠੀ ਦਵਾਈ ਦੇਣ ਦਾ ਸਵਾਲ ਨਹੀਂ ਹੈ। ਕਿੰਨੀ ਹੀ ਕੌੜੀ ਹੋਵੇ, ਦਵਾਈ ਕੰਮ ਦੀ ਹੈ ਤਾਂ ਪੀਣੀ ਪਏਗੀ। ਇਲਾਜ-ਕਰਤਾ ਤੁਹਾਡੀ ਗੱਲ ਮੰਨ ਕੇ ਨਹੀਂ ਚੱਲ ਸਕਦਾ, ਤਾਂ ਹੀ ਤੁਹਾਡੀ ਮਦਦ ਕਰ ਸਕਦਾ ਹੈ।

ਸਤਿਗੁਰੂ ਦੇ ਸਬੰਧ ਵਿਚ ਇਕ ਗੱਲ ਖ਼ਿਆਲ ਰਖਣਾ : ਬੁੱਧੀ ਦੇ ਕੋਲ ਕੋਈ ਉਪਾਅ ਨਹੀਂ ਹੈ ਸਤਿਗੁਰੂ ਨੂੰ

ਜਾਂਚਣ ਦਾ। ਬੁੱਧੀ ਜਦ ਵੀ ਜਾਂਚਦੀ ਹੈ, ਗ਼ਲਤ ਪਕੜ ਲੈਂਦੀ ਹੈ। ਬੁੱਧੀ ਗ਼ਲਤ ਨੂੰ ਪਕੜਨ ਦੀ ਪਰਕਿਰਿਆ ਹੈ। ਬੁੱਧੀ ਅਗਿਆਨ ਹੈ। ਬੁੱਧੀ ਨੂੰ ਹਟਾਉ, ਹਿਰਦੇ ਨੂੰ ਬੋਲਣ ਦਿਉ। ਉਠਣ ਦਿਉ ਹਿਰਦੇ ਦੀ ਬਾਣੀ ਨੂੰ। ਇਕ ਪਾਸੇ ਬੁੱਧੀ ਨੂੰ ਸਰਕਾ ਕੇ ਰਖ ਦਿਉ ਅਤੇ ਤੁਸੀਂ ਹੈਰਾਨ ਹੋ ਜਾਉਗੇ : ਜੋ ਵਿਅਕਤੀ ਤੁਹਾਡਾ ਗੁਰੂ ਹੋਣ ਨੂੰ ਹੈ, ਉਸ ਤੋਂ ਤੁਹਾਡੇ ਹਿਰਦੇ ਦੇ ਤਾਰ ਇਕਦਮ ਝਣਝਣਾ ਉਠਣਗੇ। ਤੁਸੀਂ ਅਚਾਨਕ ਪਾਉਗੇ, ਕੁਝ ਹੋ ਗਿਆ, ਕੋਈ ਗੱਲ ਜੁੜ ਗਈ, ਕੋਈ ਤਾਲਮੇਲ ਬੈਠ ਗਿਆ। ਸਰਗਮ ਵੱਜਣ ਲੱਗੀ। ਪੈਰਾਂ ਵਿਚ ਨਾਚ ਦਾ ਭਾਵ ਆਉਣ ਲਗਿਆ। ਇਕ ਕੰਪਨ ਦਾਖ਼ਲ ਹੋ ਗਿਆ।

ਸਤਿਗੁਰੂ ਦੇ ਕੋਲ ਹੋਣਾ ਊਰਜਾ ਦਾ ਇਕ ਸਬੰਧ ਹੈ, ਸ਼ਕਤੀ ਦਾ ਇਕ ਸਬੰਧ ਹੈ। ਜਿਹੜਾ ਵੀ ਬੁੱਧੀ ਨੂੰ ਇਕ ਪਾਸੇ ਸਰਕਾ ਕੇ ਰਖ ਦਿੰਦਾ ਹੈ ਉਸਨੂੰ ਜ਼ਰਾ ਵੀ ਅੜਿੱਚਣ ਨਹੀਂ ਆਉਂਦੀ ਸਤਿਗੁਰੂ ਨੂੰ ਖੋਜਣ ਵਿਚ।

ਅਤੇ ਇਹ ਵੀ ਖ਼ਿਆਲ ਰਖਣਾ, ਜੋ ਤੁਹਾਡੇ ਲਈ ਸਤਿਗੁਰੂ ਹੈ, ਜ਼ਰੂਰੀ ਨਹੀਂ ਹੈ ਕਿ ਸਾਰਿਆਂ ਦੇ ਲਈ ਸਤਿਗੁਰੂ ਹੋਵੇ। ਜੋ ਕਿਸੇ ਹੋਰ ਦੇ ਲਈ ਸਤਿਗੁਰੂ ਹੈ, ਜ਼ਰੂਰੀ ਨਹੀਂ ਕਿ ਤੁਹਾਡੇ ਲਈ ਸਤਿਗੁਰੂ ਹੋਵੇ। ਲੋਕ ਭਿੰਨ ਹਨ, ਲੋਕਾਂ ਦੀ ਜ਼ਰੂਰਤਾਂ ਭਿੰਨ ਹਨ। ਲੋਕਾਂ ਨੂੰ ਅਲੱਗ-ਅਲੱਗ ਸੰਗੀਤ ਭਾਉਂਦੇ ਹਨ। ਪਰਮਾਤਮਾ ਬਹੁਤ ਰੂਪਾਂ ਵਿਚ ਪਰਗਟ ਹੁੰਦਾ ਹੈ।

ਇਸਲਈ ਸੁੰਦਰਦਾਸ ਕਹਿੰਦੇ ਹਨ : ਔਰ ਤੋ ਸੰਤ ਸਬੈ ਸਿਰਿ ਊਪਰ ! ਇਸ ਤੋਂ ਇਹ ਨਾ ਸੋਚ ਲੈਣਾ ਕਿ ਤੁਸੀਂ ਇਕ ਸਤਿਗੁਰੂ ਚੁਣ ਲਿਆ, ਤਾਂ ਸਾਰੇ ਸਤਿਗੁਰੂ ਗ਼ਲਤ ਹੋਣੇ ਚਾਹੀਦੇ ਹਨ। ਇੰਨਾ ਹੀ ਕਹਿਣਾ : ਔਰ ਤੋ ਸੰਤ ਸਬੈ ਸਿਰਿ ਊਪਰ, ਸੁੰਦਰ ਕੇ ਉਰ ਹੈ ਗੁਰੁ ਦਾਦੂ।

ਬਸ ਇੰਨਾ ਹੀ ਕਹਿਣਾ ਕਿ ਮੇਰਾ ਹਿਰਦਾ ਇਥੇ ਰੰਗਿਆ ਗਿਆ, ਬਾਕੀ ਸਭ ਸੰਤਾਂ ਨੂੰ ਮੇਰੇ ਨਿਮਸਕਾਰ ਹਨ। ਜਿਨ੍ਹਾਂ ਦਾ ਹਿਰਦਾ ਉਥੇ ਰੰਗਿਆ ਗਿਆ, ਉਹ ਵੀ ਸੁਭਾਗ ਦੀ ਗੱਲ ਹੈ। ਹਿਰਦਾ ਰੰਗਿਆ ਜਾਣਾ ਚਾਹੀਦਾ ਹੈ। ਪਰਮਾਤਮਾ ਦਾ ਰੰਗ ਸਭ ਉਤੇ ਬਰਸੇ ਅਤੇ ਸਾਰੇ ਰੰਗੇ ਜਾਣ। ਕਿਥੇ ਰੰਗ ਜਾਂਦੇ ਹਨ, ਕਿਸ ਰੰਗਰੇਜ ਦੇ ਕੋਲ ਰੰਗੇ ਜਾਂਦੇ ਹਨ, ਇਸ ਨਾਲ ਕੀ ਫਰਕ ਪੈਂਦਾ ਹੈ ? ਰੰਗ ਉਸਦਾ ਹੈ। ਇਸਲਈ ਇਹ ਵੀ ਨਾ ਸੋਚਣਾ ਭੁੱਲ ਕੇ ਕਿ ਮੇਰਾ ਸਤਿਗੁਰੂ ਸਭ ਦਾ ਸਤਿਗੁਰੂ ਹੋਣਾ ਚਾਹੀਦਾ ਹੈ। ਇਸ ਨਾਲ ਵਿਵਾਦ ਪੈਦਾ ਹੁੰਦਾ ਹੈ, ਸੰਪਰਦਾ ਪੈਦਾ ਹੁੰਦੇ ਹਨ, ਹਿੰਸਾ ਪੈਦਾ ਹੁੰਦੀ ਹੈ, ਵੈਰ-ਵਿਰੋਧ ਪੈਦਾ ਹੁੰਦਾ ਹੈ ਅਤੇ ਧਰਮ ਤੋਂ ਪ੍ਰੇਮ ਪੈਦਾ ਹੋਣਾ ਚਾਹੀਦਾ ਹੈ। ਹੋਰ ਕੁਝ ਵੀ ਧਰਮ ਤੋਂ ਪੈਦਾ ਹੋਵੇ, ਤਾਂ ਧਰਮ ਧਰਮ ਨਹੀਂ ਰਿਹਾ, ਰਾਜਨੀਤੀ ਹੋ ਗਈ।

ਹਟਾਉ ਬੁੱਧੀ ਨੂੰ, ਹਿਰਦੇ ਨੂੰ ਬੋਲਣ ਦਿਉ। ਹਿਰਦਾ ਸਦਾ ਹੀ ਸੱਚ ਬੋਲਦਾ ਹੈ। ਹਿਰਦੇ ਦੀ ਸੁਣ ਕੇ ਚੱਲੋ। ਤੁਹਾਡੇ ਜੀਵਨ ਵਿਚ ਵੀ ਅਜੇਹਾ ਸੂਰਜਉਦੈ ਹੋਵੇ।

ਗਿਆਨ ਕੀ ਧਰਤੀ
ਲਗਨ ਕੇ
ਸਾਧਨਾ ਕੀ ਨੀਰ ਸੀਂਚੀ
ਭਾਵਨਾ ਕੀ ਖਾਦ ਡਾਲੀ
ਰਿਤੁ-ਸਮਯ ਸੇ
ਪ੍ਰੇਮ ਕੇ ਕੁਛ

ਬੀਜ ਬੋਏ—
ਕਲ
ਉਗੇਂਗੇ ਅਰੁਣ ਅੰਕੁਰ
ਕਸਮਸਾ ਕਰ
ਤੋੜ ਮਿੱਟੀ ਕੀ
ਤਰੁਣ ਸੌਂਧੀ ਪਰਤ ਕੋ
ਧੂਪ ਨੂਤਨ ਰੂਪ ਦੇਗੀ
ਮੇਘ ਵਰਸ਼ਾ ਮੇਂ
ਸਘਨ ਘਿਰ ਕਰ
ਬਰਸ ਕਰ
ਤਰ ਕਰੇਂਗੇ ਮੂਲ ਤਕ ਕੋ
ਗੰਧ ਫੂਟੇਗੀ ਗਮਕ ਕਰ
ਗਾਂਵ ਵਨ ਉਪਵਨ—
ਹੰਸੇਂਗੇ
ਘਰ ਨਯੇ ਉਜੜੇ ਬਸੇਂਗੇ
ਪ੍ਰਾਣ ਪ੍ਰਾਣੋਂ ਸੇ ਜੁੜੇਂਗੇ
ਮੁਕਤਿ ਕਣ—ਕਣ ਕੋ ਛੁਏਗੀ
ਸ਼ਰਦ ਕੀ ਗੀਲੀ ਹਵਾਓਂ
ਕੇ ਪਰਸ ਸੇ
ਨਯੇ ਪੱਤੇ, ਨਯੇ ਕੱਲੇ
ਨਈ ਕਲੀਆਂ, ਖਿਲ ਉਠੇਂਗੀ
ਰੰਗ ਫੂਟੇਂਗੇ ਧਰਾ ਪਰ
ਇੰਦਰਧਨੁਸ਼ੀ—
ਸੁਰਭਿ ਸੇ ਉਦਯਾਨ ਮਹਿਕੇਗਾ ਅਨਵਰਤ—
ਕਰਮ—ਸ਼੍ਰਮ ਨਿਸ਼ਫਲ ਕਭੀ ਹੋਤਾ ਨਹੀਂ ਹੈ—
ਹੈ ਅਟਲ ਵਿਸ਼ਵਾਸ ਸੁਖ ਕੇ
ਸ਼ਾਂਤਿ ਕੇ ਆਨੰਦ ਕੇ ਫਲ—ਫੂਲ
ਨਿਸ਼ਚਯ ਹੀ ਮਿਲੇਂਗੇ।

ਅੱਜ ਇੰਨਾ ਹੀ।

10

ਜਾਗੋ—ਨੱਚਦੇ ਹੋਏ

ਜਬ ਸੇ ਤੁਝੇ ਪਾਇਆ, ਤੇਰੀ ਮਹਿਫਿਲ ਮੇਂ ਦੌੜਾ ਆਇਆ।
ਤੂ ਹੀ ਜਾਨੇ ਤੂ ਕਿਆ ਪਿਲਾਤਾ, ਹਮ ਤੋ ਜਾਨੇਂ
ਤੇਰੀ ਮਹਿਫਿਲ ਮੇਂ ਸਬ ਕੋ ਮਧੂ ਪਿਲਾਤਾ,
ਜਹਾਂ ਪੱਕਛੀ ਭੀ ਗੀਤ ਗਾਏਂ ਔਰ ਪੌਧੇ ਭੀ ਲਹਿਰਾਏਂ।
ਹਮ ਨਾ ਜਾਨੇਂ ਪ੍ਰਭੂ-ਪ੍ਰਾਰਥਨਾ, ਨਹੀਂ ਸਮਝੇਂ ਸਵਰਗ-ਨਰਕ ਕੀ ਭਾਸ਼ਾ
ਅਬ ਹਮੇਂ ਨਾ ਕਹੀਂ ਜਾਨਾ, ਨਾ ਕੁਛ ਪਾਨਾ;
ਹਮੇਂ ਤੋ ਲਗੇ ਯਹੀ ਸੰਸਾਰ ਪਿਆਰਾ!..

ਪਿਆਰ ਪਰ ਬਸ ਤੋ ਨਹੀਂ ਹੈ ਮੇਰਾ ਲੇਕਿਨ ਫਿਰ ਭੀ,
ਤੂ ਬਤਾ ਦੇ ਕਿ ਤੁਝੇ ਪਿਆਰ ਕਰੂੰ ਯਾ ਨਾ ਕਰੂੰ?

ਤੁਸੀਂ ਪ੍ਰੇਮ ਕਰਨ ਨੂੰ ਕਹਿੰਦੇ ਹੋ। ਪ੍ਰੇਮ ਮੈਂ ਵੀ ਕੀਤਾ ਸੀ ਹਾਰ ਖਾਧੀ ਅਤੇ ਜ਼ਖਮ ਅਜੇ ਵੀ ਭਰੇ ਨਹੀਂ ਹਨ। ਸਮਾਜ ਨੂੰ ਉਹ ਪ੍ਰੇਮ ਭਾਇਆ ਨਹੀਂ ਅਤੇ ਮੇਰੀ ਪ੍ਰੇਮਿਕਾ ਕਮਜ਼ੋਰ ਸੀ; ਉਹ ਸਮਾਜ ਦੇ ਸਾਹਮਣੇ ਝੁਕ ਗਈ। ਮੈਂ ਉਸਨੂੰ ਮਾਫ ਨਹੀਂ ਕਰ ਪਾਂਦਾ ਹਾਂ। ਅਤੇ ਫਿਰ ਵੀ ਤੁਸੀਂ ਪ੍ਰੇਮ ਕਰਨ ਨੂੰ ਕਹਿੰਦੇ ਹੋ?

ਸਿਧਾਂਤਕ ਰੂਪ ਨਾਲ ਸਭ-ਕੁਝ ਸਮਝ ਆਉਂਦੇ ਹੋਏ ਵੀ ਚੀਜ਼ਾਂ ਵਿਵਹਾਰ ਵਿਚ ਕਿਉਂ ਨਹੀਂ ਆ ਪਾਂਦੀਆਂ? ਕਿਰਪਾ ਕਰਕੇ ਸਮਝਾਉ।

ਪਹਿਲਾ ਸਵਾਲ—

ਜਬ ਸੇ ਤੁਝੇ ਪਾਇਆ, ਤੇਰੀ ਮਹਿਫਿਲ ਮੇਂ ਦੌੜਾ ਆਇਆ।
ਤੂ ਹੀ ਜਾਨੇ ਤੂ ਕਿਆ ਪਿਲਾਤਾ, ਹਮ ਤੋ ਜਾਨੇਂ
ਤੇਰੀ ਮਹਿਫਿਲ ਮੇਂ ਸਬ ਕੋ ਮਧੂ ਪਿਲਾਤਾ,
ਜਹਾਂ ਪੱਕਛੀ ਭੀ ਗੀਤ ਗਾਏਂ ਔਰ ਪੌਧੇ ਭੀ ਲਹਿਰਾਏਂ।
ਹਮ ਨਾ ਜਾਨੇਂ ਪ੍ਰਭੁ—ਪ੍ਰਾਰਥਨਾ, ਨਹੀਂ ਸਮਝੇਂ ਸਵਰਗ—ਨਰਕ ਕੀ ਭਾਸ਼ਾ
ਅਬ ਹਮੇਂ ਨਾ ਕਹੀਂ ਜਾਨਾ, ਨਾ ਕੁਛ ਪਾਨਾ;
ਹਮੇਂ ਤੋ ਲਗੇ ਯਹੀ ਸੰਸਾਰ ਪਿਆਰਾ!..
ਅਬ ਨਾ ਜਾਨੇ ਕਾ ਗ਼ਮ ਹੈ, ਨਾ ਮੌਤ ਕਾ ਡਰ ਹੈ
ਹਮ ਇਨਸਾਨ ਬਨੇਂ ਯਾ ਹੈਵਾਨ, ਯਹੀ ਹਮ ਜੋ ਭੀ ਹੈਂ ਕਿਆ ਕਮ ਹੈਂ।
ਹਮ ਚਲੇ ਤੇਰੇ ਸਾਥ ਜਹਾਂ ਚਾਹੇ ਲੇ ਚਲ।...

ਸਤਿਸੰਗ! ਮੈਂ ਜਾਣਦਾ ਹਾਂ ਤੇਰੇ ਹਿਰਦੇ ਵਿਚ ਕੀ ਵਾਪਰ ਰਿਹਾ ਹੈ। ਇਕ ਕ੍ਰਾਂਤੀ! ਅਤੇ ਇਹ ਕ੍ਰਾਂਤੀ ਅੱਜ ਅਚਾਨਕ ਨਹੀਂ ਵਾਪਰ ਰਹੀ ਹੈ—ਹੌਲੀ—ਹੌਲੀ ਵਾਪਰਦੀ ਜਾ ਰਹੀ ਹੈ। ਇਹ ਅੱਗ ਹੌਲੀ—ਹੌਲੀ ਸੁਲਗਦੀ ਰਹੀ ਹੈ। ਤੈਨੂੰ ਇਸਦਾ ਪਤਾ ਵੀ ਨਹੀਂ ਲੱਗਿਆ। ਜਦ ਕ੍ਰਾਂਤੀ ਇਕਦਮ ਨਾਲ ਵਾਪਰਦੀ ਹੈ ਤਾਂ ਪਤਾ ਲਗਦਾ ਹੈ ਅਤੇ ਜਦ ਹੌਲੀ—ਹੌਲੀ ਵਾਪਰਦੀ ਹੈ, ਸਹਿਜੇ—ਸਹਿਜੇ ਜਿਵੇਂ ਉਮਰ ਵਧਦੀ ਹੈ ਜਾਂ ਰੋਜ਼ ਰਾਤ ਦਾ ਚੰਦ ਵਧਦਾ ਹੈ, ਇਉਂ ਜਦ ਵਾਪਰਦੀ ਹੈ, ਤਾਂ ਪਤਾ ਵੀ ਨਹੀਂ ਲਗਦਾ। ਇਵੇਂ ਹੀ ਤੇਰੇ ਜੀਵਨ ਵਿਚ ਕ੍ਰਾਂਤੀ ਵਾਪਰ ਰਹੀ ਹੈ—ਸਹਿਜੇ—ਸਹਿਜੇ, ਇਕ—ਇਕ ਕਦਮ, ਇੰਚ—ਇੰਚ। ਮੈਂ ਤੈਨੂੰ ਹਨੇਰੇ ਤੋਂ ਹੌਲੀ—ਹੌਲੀ ਰੋਸ਼ਨੀ ਦੀ ਤਰਫ ਵਧਦਿਆਂ ਦੇਖਿਆ ਹੈ, ਸ਼ੁਦਾਅਪੁਣੇ ਤੋਂ ਹੌਲੀ—ਹੌਲੀ ਮੁਕਤੀ ਦੀ ਤਰਫ ਕਦਮ ਰਖਦਿਆਂ ਦੇਖਿਆ ਹੈ।

ਅਤੇ ਸਤਿਸੰਗ ਨੇ ਪਹਿਲੀ ਦਫਾ ਸਵਾਲ ਪੁਛਿਆ ਹੈ, ਸਬੰਧ ਉਹਨਾਂ ਦਾ ਮੇਰੇ ਨਾਲ ਪੁਰਾਣਾ ਹੈ। ਇਸ ਜਨਮ ਵਿਚ ਵੀ ਕਾਫੀ ਵਰ੍ਹਿਆਂ ਤੋਂ ਮੇਰਾ ਸਬੰਧ ਹੈ। ਅਤੇ ਸਬੰਧ ਇਸੇ ਜਨਮ 'ਤੇ ਖ਼ਤਮ ਨਹੀਂ ਹੋ ਜਾਂਦਾ—ਜਨਮ—ਜਨਮ ਦੀ ਪ੍ਰੀਤ ਪੁਰਾਣੀ? ਪਹਿਲੇ ਹੀ ਛਿਨ ਜਦ ਉਹ ਮੈਨੂੰ— ਇਸ ਜਨਮ ਵਿਚ ਮਿਲੇ, ਤਾਂ ਮੇਰੇ ਅਤੇ ਉਹਨਾਂ ਦੇ ਤਾਰ ਜੁੜ ਗਏ। ਉਹਨਾਂ ਨੂੰ ਸ਼ਾਇਦ ਹੁਣ ਹੌਲੀ—ਹੌਲੀ ਖ਼ਬਰ ਹੋਵੇਗੀ, ਲੇਕਿਨ ਮੇਰੀਆਂ ਉਂਗਲਾਂ ਉਹਨਾਂ ਦੀ ਵੀਣਾ ਉਤੇ ਬਹੁਤ ਦੇਰ ਹੋਈ ਤਦ ਤੋਂ ਪੈ ਗਈਆਂ ਹਨ। ਸ਼ਾਇਦ ਉਹ ਸੁੱਤੇ ਹੀ ਰਹੇ ਅਤੇ ਕਦ ਉਹਨਾਂ ਦੀ ਵੀਣਾ ਵਿਚੋਂ ਸੰਗੀਤ ਉਠਣ ਲੱਗਿਆ, ਉਹਨਾਂ ਨੂੰ ਚੇਤਾ ਵੀ ਨਾ ਹੋਵੇ; ਐਪਰ ਹੁਣ ਸੰਗੀਤ ਜ਼ੋਰ ਨਾਲ ਉਠ ਰਿਹਾ ਹੈ। ਨੀਂਦ ਟੁੱਟਣ ਲੱਗੀ

ਹੈ।

ਇਹ ਸਵਾਲ ਸ਼ੁਭ ਹੈ। ਠੀਕ ਤੂੰ ਸਮਝਿਆ ਹੈ। ਇਥੇ ਮੈਂ ਕੋਈ ਸ਼ਾਸਤਰ ਸਮਝਾਉਣ ਨਹੀਂ ਬੈਠਾ ਹਾਂ, ਨਾ ਸਿਧਾਂਤਾਂ ਦੀ ਕੋਈ ਚਿੰਤਾ ਹੈ। ਤੈਨੂੰ ਕਿਸੇ ਮਤ ਵਿਚ ਨਹੀਂ ਬਦਲਾਉਣਾ ਹੈ। ਮਤਾਂ ਤੋਂ ਤਾਂ ਤੁਸੀਂ ਉਂਜ ਹੀ ਪੀੜਿਤ ਹੋ। ਤੁਹਾਨੂੰ ਉਹਨਾਂ ਤੋਂ ਮੁਕਤ ਕਰਨਾ ਹੈ। ਇਹ ਕੋਈ ਮੰਦਰ ਨਹੀਂ ਬਣ ਰਿਹਾ ਹੈ। ਇਹ ਕੋਈ ਨਵੀਂ ਮਸਜਿਦ ਨਹੀਂ ਖੜ੍ਹੀ ਹੋ ਰਹੀ ਹੈ। ਮੰਦਰ-ਮਸਜਿਦ ਨੇ ਤਾਂ ਤੁਹਾਨੂੰ ਖ਼ੂਬ ਸਤਾਇਆ ਹੈ। ਇਥੇ ਤਾਂ ਮੰਦਰ ਅਤੇ ਮਸਜਿਦ ਢਾਹੁਣ ਦਾ ਕੰਮ ਚੱਲ ਰਿਹਾ ਹੈ।

ਤੂੰ ਠੀਕ ਹੀ ਕਹਿੰਦਾ ਹੈਂ। ਇਥੇ ਤਾਂ ਅਸੀਂ ਇਕ ਮਧੁਸ਼ਾਲਾ ਬਣਾ ਰਹੇ ਹਾਂ। ਉਹੀ ਬੁੱਧ ਨੇ ਕੀਤਾ ਸੀ, ਉਹੀ ਮਹਾਂਵੀਰ ਨੇ, ਉਹੀ ਕ੍ਰਿਸ਼ਨ ਨੇ, ਉਹੀ ਕ੍ਰਾਈਸਟ ਨੇ। ਜਦ ਵੀ ਕੋਈ ਵਿਅਕਤੀ ਜਗਿਆ ਹੈ, ਜਾਗਿਆ ਹੈ, ਉਸਦੇ ਅੰਦਰ ਰੋਸ਼ਨੀ ਪਰਗਟ ਹੋਈ ਹੈ, ਜਦ ਵੀ ਕਿਸੇ ਵਿਅਕਤੀ ਦੇ ਮੰਦਰ ਦੇ ਸੰਗੀਤ ਨੂੰ ਝਣਕਾਰ ਮਿਲੀ ਹੈ—ਤਾਂ ਮਧੁਸ਼ਾਲਾ ਬਣੀ ਹੈ। ਮਧੁਸ਼ਾਲਾਵਾਂ ਜਦ ਮਰ ਜਾਂਦੀਆਂ ਹਨ ਤਾਂ ਮੰਦਰ ਬਣਦੇ ਹਨ। ਮੰਦਰ ਮਧੁਸ਼ਾਲਾਵਾਂ ਦੀਆਂ ਲਾਸ਼ਾਂ ਹਨ। ਜਦ ਬੁੱਧ ਚਲਦੇ ਹਨ, ਜੀਂਦੇ ਹਨ, ਉਹਨਾਂ ਦੇ ਨਾਲ ਜਿਹੜਾ ਸਬੰਧ ਜੋੜ ਲੈਂਦਾ, ਉਹ ਤਾਂ ਮਤਵਾਲਾ ਹੀ ਹੋ ਜਾਂਦਾ ਹੈ, ਉਹ ਤਾਂ ਦੀਵਾਨਾ ਹੀ ਹੋ ਜਾਂਦਾ ਹੈ।

ਬੁੱਧ ਦੇ ਨਾਲ ਸਬੰਧ ਜੋੜਨਾ ਇਸ ਜਗਤ ਵਿਚ ਜੋ ਗਹਿਰੀ ਤੋਂ ਗਹਿਰੀ ਸ਼ਰਾਬ ਹੈ, ਉਸਨੂੰ ਪੀ ਲੈਣਾ ਹੈ। ਫਿਰ ਸਭ ਸ਼ਰਾਬਾਂ ਪਾਣੀ ਵਰਗੀਆਂ ਫਿਕੀਆਂ ਹੋ ਜਾਂਦੀਆਂ ਹਨ। ਉਸ ਜਗਤ ਦੀ ਜਿਹੜਾ ਸ਼ਰਾਬ ਪੀ ਲਵੇ, ਇਸ ਜਗਤ ਦੀ ਕੋਈ ਸ਼ਰਾਬ ਕਿਸੇ ਕੰਮ ਦੀ ਨਹੀਂ ਰਹਿ ਜਾਂਦੀ।

ਅਤੇ ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਜਗਤ ਦੀਆਂ ਸ਼ਰਾਬਾਂ ਵਿਚ ਇੰਨਾ ਰਸ ਹੈ, ਕਿਉਂਕਿ ਤੁਹਾਨੂੰ ਉਸ ਜਗਤ ਦੀ ਸ਼ਰਾਬ ਦਾ ਕੋਈ ਪਤਾ ਨਹੀਂ। ਅਤੇ ਇਹ ਰਸ ਕਾਇਮ ਰਹੇਗਾ। ਇਹ ਰਸ ਮਿਟਣ ਵਾਲਾ ਨਹੀਂ ਹੈ। ਸਦੀਆਂ ਤੋਂ ਹੈ। ਨੀਤੀਵਾਨ ਅਤੇ ਸਿਆਸਤਦਾਨ ਅਤੇ ਮਹਾਤਮਾ ਅਤੇ ਸਾਧੂ ਸਮਝਾਉਂਦੇ ਰਹੇ ਹਨ—ਸ਼ਰਾਬ ਨਾ ਪੀਵੋ, ਕੌਣ ਸੁਣਦਾ ਹੈ! ਨਿਯਮ ਬਣਦੇ ਹਨ ਅਤੇ ਤੋੜੇ ਜਾਂਦੇ ਹਨ। ਨਿਯਮ ਬਨਾਉਣ ਦੇ ਲਈ ਹੀ ਸਾਧੂ-ਸੰਤ ਚੇਸ਼ਟਾ ਕਰਦੇ ਰਹਿੰਦੇ ਹਨ। ਨਿਯਮ ਬਨਾਉਣ ਦਾ ਮਤਲਬ ਹੀ ਇਹ ਹੁੰਦਾ ਹੈ, ਕਾਨੂੰਨ ਬਨਾਉਣ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਲੋਕਾਂ ਦੇ ਅੰਦਰ ਬੇਹੋਸ਼ ਹੋਣ ਦੀ ਜ਼ੋਰਦਾਰ ਕਾਮਨਾ ਹੈ। ਜਿੰਨੇ ਮਜ਼ਬੂਤ ਕਾਨੂੰਨ ਬਣਾਏ ਜਾਂਦੇ ਹਨ ਉਹ ਇਸੇ ਦੀ ਖ਼ਬਰ ਦਿੰਦੇ ਹਨ, ਕਿ ਉਂਨੀ ਹੀ ਜ਼ੋਰਦਾਰ ਕਾਮਨਾ ਹੈ। ਤਦੇ ਕਾਨੂੰਨ ਬਣਾਇਆ ਜਾਂਦਾ ਹੈ। ਲੇਕਿਨ ਕਾਮਨਾ ਇੰਨੀ ਜ਼ੋਰਦਾਰ ਕਿ ਕਾਨੂੰਨਾਂ ਨੂੰ ਤੋੜ ਦਿੰਦੀ ਹੈ, ਮਿਟਾ ਦਿੰਦੀ ਹੈ। ਸਾਰੇ ਕਾਨੂੰਨ ਤੋੜੇ ਜਾਣ ਦੇ ਲਈ ਹੀ ਬਣਦੇ ਹਨ।

ਸਦੀਆਂ ਬੀਤ ਗਈਆਂ ਹਨ, ਆਦਮੀ ਨਵੀਆਂ-ਨਵੀਆਂ ਸ਼ਰਾਬਾਂ ਭਾਲਦਾ ਹੈ। ਇਸਨੂੰ ਜ਼ਰਾ ਅਸੀਂ ਖੋਜੀਏ—

ਕਿਉਂ? ਕਿਤੇ ਅੰਦਰ ਮਨੁੱਖ ਦੇ ਕੋਈ ਡੂੰਘਾ ਜ਼ਖਮ ਹੈ ਜਿਸਦੀ ਤਲਾਸ਼ ਹੈ, ਕੋਈ ਗਹਿਰੀ ਪਿਆਸ ਹੈ। ਮਨੁੱਖ ਮਸਤ ਹੋਣਾ ਚਾਹੁੰਦਾ ਹੈ। ਬਿਨਾਂ ਮਸਤ ਹੋਏ ਵੀ ਜੀਵਨ ਕੋਈ ਜੀਵਨ ਹੈ? ਅਤੇ ਕਿਉਂਕਿ ਪਰਮਾਤਮਾ ਦੀ ਸ਼ਰਾਬ ਨਹੀਂ ਮਿਲਦੀ ਤਾਂ ਫਿਰ ਪੂਰਕ ਸ਼ਰਾਬਾਂ ਲੱਭ ਲੈਂਦਾ ਹੈ। ਫਿਰ ਕੁਝ ਵੀ ਬਣਾ ਲੈਂਦਾ ਹੈ। ਅਸਲੀ ਸਿੱਕੇ ਨਾ ਮਿਲਣ ਤਾਂ ਆਦਮੀ ਕਰੇ ਕੀ? ਨਕਲੀ ਸਿੱਕੇ ਇਕੱਠੇ ਕਰ ਲੈਂਦਾ ਹੈ। ਨਕਲੀ ਨਾਲ ਹੀ ਮਨ ਨੂੰ ਸਮਝਾਉਂਦਾ ਹੈ, ਤਸੱਲੀ ਕਰਦਾ ਹੈ।

ਇਸਲਈ ਮੇਰੀ ਦ੍ਰਿਸ਼ਟੀ ਹੋਰ ਹੈ। ਮੇਰ ਦ੍ਰਿਸ਼ਟੀ ਇਹ ਹੈ ਕਿ ਤੁਸੀਂ ਜੇਕਰ ਪਰਮਾਤਮਾ ਨੂੰ ਪੀ ਕੇ ਮਸਤ ਹੋ ਜਾਉ, ਤੁਹਾਡੀ ਜ਼ਿੰਦਗੀ ਤੋਂ ਇਸ ਜਗਤ ਦੀਆਂ ਸ਼ਰਾਬਾਂ ਆਪਣੇ-ਆਪ ਚਲੀਆਂ ਜਾਣਗੀਆਂ। ਕਿਸੇ ਕਾਨੂੰਨ ਨੂੰ ਬਨਾਉਣ ਨਾਲ ਕੁਝ ਹੋਣ ਵਾਲਾ ਵੀ ਨਹੀਂ ਹੈ। ਅਤੇ ਇਕ ਤਰ੍ਹਾਂ ਦੀ ਸ਼ਰਾਬ ਬੰਦ ਕਰ ਦਿਉਗੇ ਤਾਂ ਦੂਜੀ ਤਰ੍ਹਾਂ ਦੀ ਸ਼ਰਾਬ ਪੀਉਗੇ। ਪਦਵੀ ਦੀ ਵੀ ਸ਼ਰਾਬ ਹੁੰਦੀ ਹੈ—ਭਿਆਨਕ ਸ਼ਰਾਬ ਹੁੰਦੀ ਹੈ! ਧਨ ਦੀ ਵੀ ਸ਼ਰਾਬ ਹੁੰਦੀ ਹੈ—ਗਹਿਰੀ ਸ਼ਰਾਬ ਹੁੰਦੀ ਹੈ! ਉਹ ਜੋ ਦੁਕਾਨਾਂ 'ਤੇ ਵਿਕਦੀ ਹੈ ਸ਼ਰਾਬ, ਉਹ ਤਾਂ ਕੁਝ ਵੀ ਨਹੀਂ ਹੈ। ਉਹ ਤਾਂ ਰਾਤੀਂ ਪੀਤੀ, ਸਵੇਰੇ ਉਤਰ ਜਾਂਦੀ ਹੈ। ਪਦਵੀ ਦੀ ਸ਼ਰਾਬ ਚੜ੍ਹਦੀ ਹੈ ਤਾਂ ਚੜ੍ਹੀ ਰਹਿੰਦੀ ਹੈ, ਉਤਰਦੀ ਹੀ ਨਹੀਂ। ਤੁਸੀਂ ਭਾਵੇਂ ਪਦਵੀ ਤੋਂ ਉਤਰ ਜਾਵੋ, ਐਪਰ ਸ਼ਰਾਬ ਨਹੀਂ ਉਤਰਦੀ। ਫਿਰ ਪਦਵੀ ਉੱਤੇ ਚੜ੍ਹਾਉਣ ਦੀ ਕੋਸ਼ਿਸ਼ ਵਿਚ ਲੱਗੀ ਰਹਿੰਦੀ ਹੈ।

ਮੈਂ ਤੁਹਾਨੂੰ ਸ਼ਰਾਬ ਪਿਆ ਰਿਹਾ ਹਾਂ, ਤਾਂ ਜੋ ਸ਼ਰਾਬਾਂ ਛੁੱਟ ਜਾਣ। ਇਹ ਮਧੂਸ਼ਾਲਾ ਹੀ ਹੈ। ਇਥੇ ਅਸੀਂ ਉਸ ਰਸ ਨੂੰ ਤਲਾਸ਼ ਕਰ ਰਹੇ ਹਾਂ, ਜਿਸਦੀ ਬੂੰਦ ਵੀ ਡਿੱਗ ਜਾਵੇ ਤਾਂ ਸਾਰੇ ਸਾਗਰ ਛੋਟੇ ਪੈ ਜਾਂਦੇ ਹਨ। ਫਿਰ ਉਹ ਰਸ ਕਿਵੇਂ ਮਿਲੇ... ਕਿਸੇ ਨੂੰ ਧਿਆਨ ਨਾਲ ਮਿਲਦਾ ਹੈ, ਕਿਸੇ ਨੂੰ ਪ੍ਰੇਮ ਨਾਲ ਮਿਲਦਾ ਹੈ। ਕਿਸੇ ਨੂੰ ਸਤਿਸੰਗ ਤੋਂ ਮਿਲਦਾ ਹੈ, ਕਿਸੇ ਨੂੰ ਗੁਰੂ ਦੇ ਨਾਲ ਬੈਠ ਕੇ ਹੀ ਮਿਲ ਜਾਂਦਾ ਹੈ, ਕਿਸੇ ਨੂੰ ਗੁਰੂ ਦੀ ਬਾਣੀ ਸੁਣ-ਸੁਣ ਕੇ ਮਿਲਦਾ। ਕਿਸੇ ਨੂੰ ਸਿਰਫ ਗੁਰੂ ਦੇ ਪ੍ਰੇਮ ਨਾਲ ਮਿਲ ਜਾਂਦਾ ਹੈ। ਕਿਵੇਂ ਮਿਲੇ, ਇਹ ਗੱਲ ਹੋਰ ਹੈ। ਉਸ ਪਰਮਾਤਮਾ ਦੇ ਦੁਆਰ ਅਨੇਕ ਹਨ। ਐਪਰ ਮਿਲਣਾ ਚਾਹੀਦਾ ਹੈ। ਨਹੀਂ ਤਾਂ ਜੀਵਨ ਫਜ਼ੂਲ ਗਿਆ। ਨਹੀਂ ਤਾਂ ਜੀਵਨ ਵਿਚ ਕੋਈ ਅਰਥ ਨਹੀਂ ਸੀ। ਨਹੀਂ ਤਾਂ ਐਵੇਂ ਹੀ ਜੀਵੇ—ਹਵਾ ਦੇ ਥਪੇੜੇ ਖਾਂਦੇ ਰਹੇ; ਇਥੋਂ ਤੋਂ ਉਥੇ ਭਟਕਦੇ ਰਹੇ; ਠੋਕਰਾਂ ਖਾਂਦੇ ਰਹੇ। ਜਨਮ ਅਤੇ ਮੌਤ ਦੇ ਵਿਚਾਲੇ ਫਿਰ ਠੋਕਰਾਂ ਦੇ ਇਲਾਵਾ ਕੁਝ ਵੀ ਨਹੀਂ ਹੈ।

ਤਾਂ ਤੂੰ ਠੀਕ ਹੀ ਕਹਿੰਦਾ ਹੈਂ, ਕਿ ਇਥੇ ਮਧੂ ਹੀ ਪਿਆਇਆ ਜਾ ਰਿਹਾ ਹੈ। ਇਥੇ ਸਿਧਾਂਤ, ਸ਼ਾਸਤਰ, ਸ਼ਬਦ, ਇਹਨਾਂ ਦਾ ਕੋਈ ਮੁੱਲ ਨਹੀਂ ਹੈ। ਇਹਨਾਂ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ ਪੌੜੀਆਂ ਦੀ ਤਰ੍ਹਾਂ। ਐਪਰ ਲੈ ਚੱਲਣਾ ਹੈ ਇਹਨਾਂ ਦੇ ਪਾਰ—ਇਕ ਅਜੇਹੀ ਮਸਤ ਦਸ਼ਾ ਵਿਚ, ਜਿਥੇ ਤੁਹਾਡੇ ਅੰਦਰ ਤੋਂ ਹੀ ਤੁਹਾਡਾ ਰਸ ਵਗਣ ਲੱਗੇ। ਰਸ ਭਰੇ ਹੋ ਤੁਸੀਂ। ਸੋਮਾ ਤੁਹਾਡੇ ਅੰਦਰ ਹੈ। ਚੋਟ ਪੈਣ ਦੀ ਜ਼ਰੂਰਤ ਹੈ। ਇਹ ਮੇਰਾ ਤੀਰ ਤੁਹਾਨੂੰ ਛੇਕ ਦੇਵੇ, ਤਾਂ ਤੁਹਾਡੇ ਅੰਦਰ ਝਰਨਾ ਫੁੱਟ ਉਠੇ। ਫਿਰ ਤੁਸੀਂ ਕਿਤੇ ਵੀ ਨਾ ਖੋਜੋਗੇ। ਤੁਸੀਂ ਕਿਤੇ ਬਾਹਰ ਨਾ ਜਾਉਗੇ। ਫਿਰ ਤੁਸੀਂ ਅੱਖਾਂ ਬੰਦ

ਕਰੋਗੇ ਅਤੇ ਅੰਦਰ ਟੁੱਭੀ ਲਾਉਗੇ। ਉਸ ਟੁੱਭੀ ਦਾ ਨਾਂ ਹੀ ਸੰਨਿਆਸ ਹੈ।

'ਸਤਿਸੰਗ' ਬਹੁਤ ਦਿਨ ਤਕ ਸੰਗ ਤਾਂ ਕਰਦੇ ਰਹੇ, ਲੇਕਿਨ ਸੰਨਿਆਸ ਟਾਲਦੇ ਰਹੇ, ਬਚਦੇ ਰਹੇ। ਮੈਂ ਉਹਨਾਂ ਨੂੰ ਕਦੇ ਕਿਹਾ ਵੀ ਨਹੀਂ, ਕਿਉਂਕਿ ਮੈਂ ਜਾਣਦਾ ਸੀ ਅੱਜ ਨਹੀਂ ਕਲ੍ਹ ਇਹ ਘਟਨਾ ਵਾਪਰਨ ਹੀ ਵਾਲੀ ਹੈ, ਕਹਿਣ ਦੀ ਕੋਈ ਜ਼ਰੂਰਤ ਨਹੀਂ। ਮੈਂ ਪਿਆਈ ਗਿਆ। ਮੈਨੂੰ ਪਿਆਉਣ ਉਤੇ ਭਰੋਸਾ ਹੈ, ਸਮਝਾਉਣ ਉਤੇ ਨਹੀਂ। ਫਿਰ ਇਕ ਦਿਨ ਆ ਗਏ। ਅੱਖਾਂ ਵਿਚ ਸ਼ਰਾਬ ਦਾ ਨਸ਼ਾ। ਅਤੇ ਇਕ ਦਿਨ ਸੰਨਿਆਸ ਵਿਚ ਟੁੱਭੀ ਮਾਰ ਲਈ। ਵਰ੍ਹਿਆਂ ਤੀਕ ਬਚੇ। ਕੰਢੇ 'ਤੇ ਖੜ੍ਹੇ ਦੇਖਦੇ ਰਹੇ। ਐਪਰ ਕਦ ਤਕ ਕੰਢੇ 'ਤੇ ਰੁਕੋਗੇ! ਮਝਧਾਰ ਦਾ ਸੱਦਾ ਮਿਲਣਾ ਸ਼ੁਰੂ ਹੋ ਜਾਵੇ ਤਾਂ ਕਿੰਨੀ ਦੇਰ! ਥੋੜ੍ਹੀ ਦੇਰ ਕਰ ਸਕਦਾ ਹੈ ਕੋਈ, ਲੇਕਿਨ ਜ਼ਿਆਦਾ ਦੇਰ ਨਹੀਂ ਕਰ ਸਕਦਾ। ਜਦ ਉਸ ਪਾਰ ਦਾ ਨਿਉਂਦਾ ਆ ਜਾਂਦਾ ਹੈ ਤਾਂ ਜਾਣਾ ਹੀ ਹੋਵੇਗਾ।

ਇਥੇ ਜੋ ਵਿਅਕਤੀ ਆਉਂਦੇ ਹਨ, ਉਹਨਾਂ ਵਿਚੋਂ ਦੇਰ ਨਹੀਂ ਲਗਦੀ ਮੈਨੂੰ ਛਾਂਟ ਲੈਣ ਵਿਚ ਕਿ ਕੌਣ ਉਸ ਪਾਰ ਜਾਣ ਦੀ ਤਿਆਰੀ ਰਖੇਗਾ। ਫਿਰ ਉਸ ਉਤੇ ਮੈਂ ਆਪਣਾ ਪ੍ਰੇਮ ਬਰਸਾਈ ਜਾਂਦਾ ਹਾਂ ਅਤੇ ਉਡੀਕ ਕਰਦਾ ਹਾਂ— ਕਦ...ਕਦ ਉਹ ਹੌਂਸਲਾ ਜੁਟਾ ਪਾਏਗਾ।

ਸਤਿਸੰਗ ਨੇ ਕਿਹਾ : ਜਬ ਸੇ ਤੁਝੇ ਪਾਇਆ ਤੇਰੀ ਮਹਿਫਿਲ ਮੇਂ ਦੌੜਾ ਆਇਆ।

ਇਹ ਸੱਚ ਹੈ। ਕਈ ਵਰ੍ਹੇ ਪਹਿਲਾਂ ਪੂਨਾ ਵਿਚ ਜਦ ਮੈਂ ਪਹਿਲੀ ਵਾਰ ਆਇਆ ਸੀ ਤਦ ਤੋਂ ਹੀ ਉਹ ਦੌੜੇ ਆਉਂਦੇ ਰਹੇ ਹਨ। ਕਦੇ ਉਹਨਾਂ ਨੇ ਕੋਈ ਸਿਧਾਂਤਕ ਸਵਾਲ ਮੈਥੋਂ ਪੁਛਿਆ ਨਹੀਂ। ਬਸ ਮੇਰੇ ਕੋਲ ਹੋਣ ਦਾ ਰਸ ਲੈਂਦੇ ਰਹੇ ਹਨ। ਬਹੁਤ ਮੁਸ਼ਕਲ ਹੁੰਦਾ ਹੈ—ਮੇਰੇ ਕੋਲ ਹੋਣਾ ਅਤੇ ਸਵਾਲ ਨਾ ਪੁੱਛਣਾ। ਮੇਰੇ ਕੋਲ ਘੰਟਿਆਂ-ਬੱਧੀ ਬੈਠੇ ਹਨ। ਸਵੇਰ ਤੋਂ ਲੈ ਕੇ ਸ਼ਾਮ ਤਕ ਮੇਰੇ ਨਾਲ ਰਹੇ ਹਨ। ਲੇਕਿਨ ਕਦੇ ਕੋਈ ਸਿਧਾਂਤਕ ਸਵਾਲ ਨਹੀਂ ਪੁਛਿਆ। ਇਹ ਗੱਲ ਮੈਨੂੰ ਪਿਆਰੀ ਲੱਗੀ ਹੈ। ਬਹੁਤ ਘਟ ਲੋਕ ਹਨ ਜਿਹੜੇ ਸਿਧਾਂਤਕ ਸਵਾਲ ਪੁੱਛਣ ਦੀ ਉਤੇਜਨਾ ਤੋਂ ਬਚ ਪਾਣ। ਇਸ ਗੱਲ ਦਾ ਮੇਰੇ ਮਨ ਵਿਚ ਯੋਗ ਆਦਰ ਰਿਹਾ ਹੈ। ਅਤੇ ਇਸਲਈ ਜਦ ਉਹਨਾਂ ਨੇ ਸੰਨਿਆਸ ਲਿਆ ਤਾਂ ਮੈਂ ਉਹਨਾਂ ਨੂੰ 'ਸਤਿਸੰਗ' ਨਾਂ ਦਿਤਾ। 'ਸਤਿਸੰਗ' ਦਾ ਅਰਥ ਇਹ ਹੁੰਦਾ ਹੈ : ਬਿਨਾਂ ਪੁਛੇ ਸਾਥ ਹੋਣਾ। ਚੁੱਪਚਾਪ ਸਾਥ ਹੋਣਾ। ਰਸ ਪੀਣਾ, ਜਿਵੇਂ ਭੌਰਾ ਰਸ ਪੀਂਦਾ ਹੈ।

'ਤੂ ਹੀ ਜਾਨੇ ਤੂ ਕਿਆ ਪਿਲਾਤਾ।'

ਹੁਣ ਤਾਂ ਤੁਸੀਂ ਵੀ ਜਾਣਦੇ ਹੋ। ਹੁਣ ਤਾਂ ਜੋ ਵੀ ਪੀ ਰਹੇ ਹਨ ਉਹ ਸਾਰੇ ਹੀ ਜਾਣਦੇ ਹਨ ਕਿ ਇਥੇ ਸ਼ਰਾਬ-ਬੰਦੀ ਦਾ ਨਿਯਮ ਤੋੜਿਆ ਜਾ ਰਿਹਾ ਹੈ। 'ਜਹਾਂ ਪੱਕਛੀ ਭੀ ਗੀਤ ਗਾਏਂ ਔਰ ਪੌਧੇ ਭੀ ਲਹਿਰਾਏਂ।' ਹੁਣ ਤੇਰੇ ਵੀ ਲਹਿਰਾਉਣ ਅਤੇ ਗੀਤ ਗਾਉਣ ਦਾ ਛਿਨ ਕਰੀਬ ਆ ਗਿਐ ਸਤਿਸੰਗ! ਹੁਣ ਪੰਛੀਆਂ ਨੂੰ ਮਾਤ ਦੇਣੀ ਹੈ। ਹੁਣ ਪੌਦਿਆਂ ਨੂੰ ਹਰਾਉਣਾ ਹੈ। ਅਤੇ ਤਦੇ ਆਦਮੀ ਆਪਣੇ ਪੂਰੇ ਰੂਪ ਵਿਚ ਪਰਗਟ ਹੁੰਦਾ ਹੈ, ਆਪਣੀ ਪੂਰੀ ਮਹਿਮਾ

ਵਿਚ—ਜਦ ਪੰਛੀ ਈਰਖਾ ਕਰਨ ਲੱਗਣ, ਜਦ ਪੌਦੇ ਸਾੜੇ ਨਾਲ ਭਰ ਜਾਣ।

ਮੀਰਾ ਜਦ ਨੱਚੀ ਹੋਵੇਗੀ ਤਾਂ ਤੁਸੀਂ ਸੋਚਦੇ ਹੋ, ਪੌਦੇ ਅਤੇ ਪੰਛੀ ਈਰਖਾ ਨਾਲ ਨਾ ਭਰ ਗਏ ਹੋਣਗੇ? ਅਤੇ ਜਦ ਕ੍ਰਿਸ਼ਨ ਨੇ ਬੰਸਰੀ ਵਜਾਈ ਹੋਵੇਗੀ, ਤਾਂ ਤੁਸੀਂ ਸੋਚਦੇ ਹੋ ਜਾਂ ਨਹੀਂ, ਸਾਰੀ ਪ੍ਰਕ੍ਰਿਤੀ ਛਿਨ-ਭਰ ਨੂੰ ਠਠੰਬਰ ਨਹੀਂ ਗਈ ਹੋਵੇਗੀ? ਮਨੁੱਖ ਜਿਹੋ-ਜਿਹੀ ਬੰਸਰੀ ਵਜਾ ਸਕਦਾ ਹੈ, ਨਾ ਕੋਈ ਪੰਛੀ ਵਜਾ ਸਕਦਾ ਹੈ, ਨਾ ਕੋਈ ਹਵਾ ਦੀ ਲਹਿਰ ਪੌਦਿਆਂ ਵਿਚੋਂ ਦੀ ਲੰਘਦੀ ਹੋਈ ਉਹੋ-ਜਿਹਾ ਸੁਰ-ਨਾਦ ਪੈਦਾ ਕਰ ਸਕਦੀ ਹੈ। ਉਹ ਉਹਨਾਂ ਦੀ ਸਮਰੱਥਾ ਨਹੀਂ ਹੈ। ਉਹ ਮਨੁੱਖ ਦੀ ਹੀ ਸਮਰੱਥਾ ਹੈ। ਜਿਹੋ-ਜਿਹਾ ਨਾਚ ਮਨੁੱਖ ਵਿਚ ਪੈਦਾ ਹੋ ਸਕਦਾ ਹੈ ਉਹੋ-ਜਿਹਾ ਕਿਸੇ ਵਿਚ ਪੈਦਾ ਨਹੀਂ ਹੋ ਸਕਦਾ।

ਪੁਰਾਣੇ ਸ਼ਾਸਤਰ ਕਹਿੰਦੇ ਹਨ ਕਿ ਦੇਵਤਾ ਵੀ ਮਨੁੱਖ ਹੋਣ ਨੂੰ ਤਰਸਦੇ ਹਨ। ਜਦ ਬੁੱਧ ਨੂੰ ਗਿਆਨ ਹੋਇਆ ਤਾਂ ਕਹਾਣੀਆਂ ਕਹਿੰਦੀਆਂ ਹਨ ਕਿ ਸਭ ਤੋਂ ਪਹਿਲਾਂ ਜਿਹੜੇ ਲੋਕ ਉਹਨਾਂ ਦੇ ਚਰਨਾਂ ਵਿਚ ਆ ਕੇ ਝੁਕੇ, ਉਹ ਸਵਰਗ ਦੇ ਦੇਵਤੇ ਸਨ। ਕਿਉਂ ਇਕ ਆਦਮੀ ਦੇ ਚਰਨਾਂ ਵਿਚ ਝੁਕੇ ਹੋਣਗੇ? ਇਸ ਦੇਸ਼ ਨੇ ਜਿੰਨਾ ਸਨਮਾਨ ਮਨੁੱਖ ਨੂੰ ਦਿਤਾ ਹੈ ਉਂਨਾ ਕਿਸੇ ਦੇਸ਼ ਨੇ ਨਹੀਂ ਦਿਤਾ। ਦੇਵਤਿਆਂ ਨੂੰ ਮਨੁੱਖ ਦੇ ਚਰਨਾਂ ਵਿਚ ਝੁਕਾਇਆ ਹੈ। ਕਿਉਂ? ਦੇਵਤਾ ਸੁਖ ਵਿਚ ਹੋਣਗੇ ਬੇਸ਼ਕ, ਬੜੀ ਮੌਜ ਵਿਚ ਰਹਿ ਰਹੇ ਹੋਣਗੇ, ਬੜੀ ਸਹੂਲਤ ਵਿਚ, ਖ਼ੁਸ਼ਹਾਲੀ ਵਿਚ, ਐਸ਼ੋ-ਅਰਾਮ ਵਿਚ, ਉਥੇ ਕੋਈ ਕਸ਼ਟ ਨਹੀਂ ਹੋਵੇਗਾ, ਗ਼ਰੀਬੀ ਨਹੀਂ ਹੋਵੇਗੀ, ਬੀਮਾਰੀ ਨਹੀਂ ਹੋਵੇਗੀ, ਦੁਖ-ਦੁਰਬਲਤਾ ਨਹੀਂ ਹੋਵੇਗੀ—ਐਪਰ ਇਹ ਨਾਚ ਉਹਨਾਂ ਵਿਚ ਪੈਦਾ ਨਹੀਂ ਹੋ ਸਕਦਾ, ਜੋ ਬੁੱਧ ਵਿਚ ਪੈਦਾ ਹੁੰਦਾ ਹੈ, ਜੋ ਕ੍ਰਿਸ਼ਨ ਵਿਚ ਪੈਦਾ ਹੁੰਦਾ ਹੈ।

ਮਨੁੱਖ ਚੁਰਾਹਾ ਹੈ। ਇਸਦੇ ਪਿਛੇ ਪਸ਼ੂਆਂ ਦਾ ਜਗਤ ਹੈ; ਉਹ ਇਕ ਰਾਹ ਹੈ। ਇਸਦੇ ਅੱਗੇ ਦੇਵਤਿਆਂ ਦਾ ਜਗਤ ਹੈ; ਉਹ ਇਕ ਰਾਹ ਹੈ। ਅਤੇ ਮਨੁੱਖ ਦੇ ਅੰਦਰ ਇਕ ਤੀਜਾ ਰਾਹ ਹੈ—ਨਰਕ ਅਤੇ ਸਵਰਗ ਦੋਹਾਂ ਦੇ ਉਪਰ ਉਠ ਜਾਣ ਦਾ। ਉਸ ਹਾਲਤ ਨੂੰ ਅਸੀਂ ਮੋਕੱਛ ਕਹਿੰਦੇ ਹਾਂ। ਉਸਨੂੰ ਹੀ ਮੈਂ ਸ਼ਰਾਬ ਕਹਿ ਰਿਹਾ ਹਾਂ। ਨਰਕ ਵਿਚ ਪਏ ਹੋਣ ਦਾ ਮਤਲਬ ਹੈ—ਦੁਖ ਵਿਚ ਪਏ। ਸਵਰਗ ਵਿਚ ਪਏ ਹੋਣ ਦਾ ਮਤਲਬ ਹੈ—ਸੁਖ ਵਿਚ ਪਏ। ਲੇਕਿਨ ਸੁਖ ਮੁੱਕ ਜਾਂਦਾ ਹੈ। ਅਤੇ ਸੁਖ ਵੀ ਬਹੁਤੇ ਦਿਨ ਭੋਗਣ 'ਤੇ ਦੁਖ ਜਿਹਾ ਹੋ ਜਾਂਦਾ ਹੈ। ਸੁਖ ਵੀ ਬਾਸਾ ਹੋ ਜਾਂਦਾ ਹੈ। ਤੁਸੀਂ ਸੋਚੋ, ਅੱਜ ਵੀ ਉਹੀ ਸੁਖ, ਕਲ੍ਹ ਵੀ ਉਹੀ ਸੁਖ, ਪਰਸੋਂ ਵੀ ਉਹੀ ਸੁਖ ਕਿੰਨੇ ਦਿਨ ਤਕ ਤੁਸੀਂ ਰਸ ਲਵੋਗੇ ਉਸ ਵਿਚ? ਛੇਤੀ ਹੀ ਅੱਕ ਜਾਉਗੇ। ਦੇਵਤਾ ਬਿਲਕੁਲ ਅੱਕੇ ਹੋਏ ਹਨ। ਸਵਰਗ ਵਿਚ ਜੇਕਰ ਕੋਈ ਸਭ ਤੋਂ ਵੱਡਾ ਸਵਾਲ ਹੈ, ਜੋ ਸਵਰਗ ਦੇ ਨਿਵਾਸੀ ਪੁੱਛਦੇ ਹਨ, ਤਾਂ ਉਹ ਬੋਰਡਮ ਹੈ, ਅਕਾਅ ਹੈ। ਅੱਕੇ ਹੋਏ ਹਨ।

ਤੁਸੀਂ ਧਨੀ ਆਦਮੀਆਂ ਨੂੰ ਦੇਖਦੇ ਹੋ, ਉਹਨਾਂ ਵਿਚ ਥੋੜ੍ਹੀ-ਜਿਹੀ ਝਲਕ ਮਿਲੇਗੀ ਤੁਹਾਨੂੰ ਅਕਾਅ ਦੀ। ਜੇ ਅਮਰੀਕਾ ਵਿਚ, ਯੂਰਪ ਵਿਚ, ਜਿਥੇ ਖ਼ੁਸ਼ਹਾਲੀ ਵਧੀ ਹੈ, ਕੋਈ ਸਵਾਲ ਸਭ ਤੋਂ ਵੱਡਾ ਦਾਰਸ਼ਨਿਕ ਮੁੱਲ ਰਖਦਾ ਹੈ ਤਾਂ ਉਹ ਅਕਾਅ ਦਾ ਹੈ। ਤੁਸੀਂ ਜੇਕਰ ਆਧੁਨਿਕ ਦਰਸ਼ਨ-ਸ਼ਾਸਤਰ ਦੀਆਂ ਕਿਤਾਬਾਂ ਪੜ੍ਹੋਗੇ ਤਾਂ ਤੁਸੀਂ ਬਹੁਤ

ਹੈਰਾਨ ਹੋਵੋਗੇ, ਉਹਨਾਂ ਵਿਚ ਈਸ਼ਵਰ ਦਾ ਜ਼ਿਕਰ ਨਾ ਵੀ ਹੋਵੇ, ਆਤਮਾ ਦਾ ਜ਼ਿਕਰ ਨਾ ਵੀ ਹੋਵੇ, ਅੰਪਰ ਅਕਾਅ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਅਕਾਅ ! ਇਹ ਵੀ ਕੋਈ ਅਧਿਆਤਮਕ ਸਵਾਲ ਹੈ ? ਇਹ ਹੈ। ਇਹ ਖ਼ੁਸ਼ਹਾਲ ਆਦਮੀ ਦਾ ਸਵਾਲ ਹੈ।

ਤੁਸੀਂ ਹੀ ਜ਼ਰਾ ਸੋਚੋ, ਸੋਹਣੀਆਂ ਤੋਂ ਸੋਹਣੀਆਂ ਇਸਤ੍ਰੀਆਂ ਹੋਣ, ਸੁੰਦਰ ਤੋਂ ਸੁੰਦਰ ਭਵਨ ਹੋਣ, ਵਧੀਆ ਤੋਂ ਵਧੀਆ ਭੋਜਨ ਹੋਣ, ਚੰਗੇ ਤੋਂ ਚੰਗੇ ਵਸਤਰ ਹੋਣ—ਕਿੰਨੇ ਦਿਨ ਤਕ ਅਟਕੇ ਰਹੋਗੇ ? ਛੇਤੀ ਹੀ ਅਕਾਅ ਪੈਦਾ ਹੋ ਜਾਏਗਾ। ਹੁਣ ਹੋਰ ਅੱਗੇ ਕੀ ਹੈ ? ਗ਼ਰੀਬ ਆਦਮੀ ਵਿਚ ਅਕਾਅ ਪੈਦਾ ਨਹੀਂ ਹੁੰਦਾ, ਉਸਦੀ ਆਸ ਰਹਿੰਦੀ ਹੈ ਜੀਂਦੀ। ਉਹ ਸੋਚਦਾ ਹੈ : ਕਲ੍ਹ ਇਸ ਤੋਂ ਬਿਹਤਰ ਹੋਵੇਗਾ, ਪਰਸੋਂ ਉਸ ਤੋਂ ਬਿਹਤਰ; ਛੇਤੀ ਹੀ ਮੈਂ ਵੀ ਚੰਗਾ ਮਕਾਨ ਬਣਾਵਾਂਗਾ, ਸੁਖ-ਸਹੂਲਤ ਨਾਲ ਰਹਾਂਗਾ। ਉਸਦੀ ਆਸ ਉਸਨੂੰ ਜਿਵਾਈ ਰਖਦੀ ਹੈ।

ਅਮੀਰ ਆਦਮੀ ਦੀ ਤਕਲੀਫ ਇਕ ਹੈ ਕਿ ਉਸਦੀ ਆਸ ਮਰ ਜਾਂਦੀ ਹੈ। ਅੱਗੇ ਹੁਣ ਹੋਰ ਕੀ ਹੈ ? ਜੇਕਰ ਰਾੱਕਫੇਲਰ ਇਹ ਸੋਚੇ ਕਿ ਕਲ੍ਹ ਚੰਗਾ ਹੋਵੇਗਾ, ਤਾਂ ਕਿਵੇਂ ਸੋਚੇ ? ਕਲਪਨਾ ਦੀ ਸਹੂਲਤ ਨਹੀਂ ਰਹੀ। ਅਮੀਰ ਆਦਮੀ ਦੀ ਕਲਪਨਾ ਆਤਮਘਾਤ ਕਰ ਲੈਂਦੀ ਹੈ। ਅਤੇ ਕਲਪਨਾ ਹੀ ਤੁਹਾਡਾ ਜੀਵਨ ਹੈ। ਕਲਪਨਾ ਨਾਲ ਹੀ ਤੁਸੀਂ ਜਿਉਂ ਰਹੇ ਹੋ। ਕਲ੍ਹ ਚੰਗਾ ਹੋ ਜਾਏਗਾ, ਇਸਦੇ ਆਸਰੇ ਅੱਜ ਨੂੰ ਗੁਜ਼ਾਰ ਰਹੇ ਹੋ। ਅਮੀਰ ਆਦਮੀ ਦੀ ਤਕਲੀਫ ਸਮਝੋ। ਕਲ੍ਹ ਚੰਗੇ ਹੋਣ ਦਾ ਕੋਈ ਉਪਾਅ ਨਹੀਂ ਹੈ। ਕਿਉਂਕਿ ਚੰਗੀ ਤੋਂ ਚੰਗੀ ਕਾਰ ਹੋ ਸਕਦੀ ਸੀ, ਉਹ ਹੈ। ਚੰਗੇ ਤੋਂ ਚੰਗਾ ਹਵਾਈ ਜਹਾਜ਼ ਹੋ ਸਕਦਾ ਸੀ, ਉਹ ਹੈ। ਚੰਗੇ ਤੋਂ ਚੰਗਾ ਮਕਾਨ, ਚੰਗੀ ਤੋਂ ਚੰਗੀ ਪਤਨੀ, ਪਤੀ ਜੋ ਵੀ ਹੋ ਸਕਦਾ ਸੀ, ਹੈ। ਕਲ੍ਹ ਇਸ ਤੋਂ ਬਿਹਤਰ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਅੱਗੇ ਜਾਣ ਦਾ ਕੋਈ ਉਪਾਅ ਨਹੀਂ ਹੈ। ਅੰਤ 'ਤੇ ਆ ਗਿਆ।

ਅਮੀਰ ਆਦਮੀ ਅੱਕ ਜਾਂਦਾ ਹੈ। ਅਮੀਰ ਆਦਮੀ ਪਰੇਸ਼ਾਨ ਹੋ ਜਾਂਦਾ ਹੈ। ਅਤੇ ਇਹ ਤਾਂ ਕੁਝ ਵੀ ਨਹੀਂ ਹੈ, ਸਵਰਗ ਵਿਚ ਤਾਂ ਇਸ ਨਾਲੋਂ ਬਹੁਤ ਜ਼ਿਆਦਾ ਗੁਣਾ ਸੁਖ ਹੋਵੇਗਾ। ਉਥੇ ਅਕਾਅ ਹੈ। ਨਰਕ ਵਿਚ ਅਕਾਅ ਨਹੀਂ ਹੈ। ਨਰਕ ਵਿਚ ਆਸ ਹੈ। ਨਰਕ ਵਿਚ ਆਸ ਦੇ ਦੀਵੇ ਜਗਦੇ ਹਨ। ਆਦਮੀ ਦੁਖ ਭੋਗਦਾ ਹੈ ਤਾਂ ਸੋਚਦਾ ਹੈ ਅੱਜ ਨਹੀਂ ਕਲ੍ਹ ਨਰਕ 'ਚੋਂ ਨਿਕਲ ਜਾਵਾਂਗਾ। ਲੇਕਿਨ ਜਿਥੇ ਸੁਖ ਹੀ ਸੁਖ ਹੈ, ਆਦਮੀ ਸੋਚਦਾ ਹੈ : ਹੁਣ ਕੀ ਹੋਵੇਗਾ ? ਹੁਣ ਅੱਗੇ ਕੀ ਹੈ ? ਕੀ ਇਥੇ-ਈ ਜੀਣਾ ਪਏਗਾ, ਇਵੇਂ ਹੀ ਜੀਣਾ ਪਏਗਾ ? ਇਵੇਂ ਹੀ ਜੀਵਾਂਗਾ ਹਮੇਸ਼ਾ। ਹੁਣ ਮੇਰੀ ਜ਼ਿੰਦਗੀ ਵਿਚ ਨਵਾਂ ਕੁਝ ਵੀ ਨਹੀਂ ਹੋਵੇਗਾ ?

ਇਸਲਈ ਭਾਰਤ ਨੇ, ਸਿਰਫ ਭਾਰਤ ਨੇ... ਦੁਨੀਆਂ ਵਿਚ ਹੋਰ ਵੀ ਧਰਮ ਹਨ—ਈਸਾਇਅਤ ਹੈ, ਯਹੂਦੀ ਧਰਮ ਹੈ, ਇਸਲਾਮ ਹੈ—ਇਹਨਾਂ ਤਿੰਨਾਂ ਧਰਮਾਂ ਵਿਚ ਮੋਕੱਛ ਦੀ ਕੋਈ ਧਾਰਨਾ ਨਹੀਂ ਹੈ। ਉਸ ਲਿਹਾਜ਼ ਨਾਲ ਉਹ ਧਰਮ ਕੁਝ ਅਧੂਰੇ ਪੈ ਜਾਂਦੇ ਹਨ। ਸਵਰਗ ਦੀ ਧਾਰਨਾ ਹੈ, ਨਰਕ ਦੀ ਧਾਰਨਾ ਹੈ, ਮੋਕੱਛ ਸ਼ਬਦ ਨੂੰ ਅਨੁਵਾਦਤ

ਕਰਨ ਦੇ ਲਈ ਦੁਨੀਆਂ ਦੀਆਂ ਭਾਸ਼ਾਵਾਂ ਵਿਚ ਕੋਈ ਸਬਦ ਨਹੀਂ ਹੈ। ਕਿਉਂਕਿ ਜਦ ਧਾਰਨਾ ਹੀ ਨਹੀਂ ਤਾਂ ਸ਼ਬਦ ਕਿਵੇਂ ਹੋਵੇਗਾ? ਮੋਕਸ਼ ਸਾਡਾ ਬਹੁਮੁੱਲਾ ਸ਼ਬਦ ਹੈ। ਉਹ ਸਾਡੀ ਸਭ ਤੋਂ ਵੱਡੀ ਖੋਜ ਹੈ : ਦੁਖ ਹੈ, ਉਸ ਤੋਂ ਵੀ ਛੁੱਟਣਾ ਹੈ। ਸੁਖ ਹੈ, ਉਸ ਤੋਂ ਵੀ ਛੁੱਟਣਾ ਹੈ। ਦੁਖ ਅਤੇ ਸੁਖ ਦੇ ਦ੍ਵੰਧ ਤੋਂ ਪਾਰ ਜਾਣਾ ਹੈ—ਨਾ ਜਿਥੇ ਦੁਖ ਰਹਿ ਜਾਵੇ, ਨਾ ਜਿਥੇ ਸੁਖ ਰਹਿ ਜਾਵੇ। ਉਸ ਅਵਸਥਾ ਨੂੰ ਅਸੀਂ ਮੋਕਸ਼ ਕਹਿੰਦੇ ਹਾਂ। ਮਨੁੱਖ ਹੀ ਉਸ ਅਵਸਥਾ ਵਿਚ ਉਠ ਸਕਦਾ ਹੈ। ਮਨੁੱਖ ਹੀ ਉਸ ਅੰਤਰਯਾਤਰਾ 'ਤੇ ਜਾ ਸਕਦਾ ਹੈ।

ਨਰਕ ਵਿਚ ਲੋਕ ਬਹੁਤ ਦੁਖੀ ਹਨ, ਅੰਤਰਯਾਤਰਾ ਕਰਨ ਦੀ ਸਹੂਲਤ ਨਹੀਂ ਹੈ। ਸਵਰਗ ਵਿਚ ਲੋਕ ਬਹੁਤ ਸੁਖੀ ਹਨ, ਅੰਤਰਯਾਤਰਾ ਤਕ ਉਠਣ ਦੀ ਸੰਭਾਵਨਾ ਨਹੀਂ ਹੈ। ਅਕਾਅ ਹੀ ਉਹਨਾਂ ਨੂੰ ਮਾਰ ਸੁੱਟੀ ਜਾ ਰਿਹਾ ਹੈ। ਉਹ ਨਵੀਆਂ-ਨਵੀਆਂ ਉਤੇਜਨਾਵਾਂ ਭਾਲਣ ਵਿਚ ਲੱਗੇ ਰਹਿੰਦੇ ਹਨ। ਮਨੁੱਖ ਚੁਰਾਹਾ ਹੈ, ਜਿਥੇ ਸਾਰੀ ਪ੍ਰਕਿਰਤੀ ਦੇ ਸਾਰੇ ਰਾਹ ਆ ਕੇ ਮਿਲਦੇ ਹਨ। ਮਨੁੱਖ ਵਿਚ ਜੀਵਨ ਦਾ ਸਭ ਤੋਂ ਵੱਡਾ ਫੁੱਲ ਖਿੜ ਸਕਦਾ ਹੈ—ਮੋਕਸ਼ ਆਖੋ, ਨਿਰਵਾਣ ਆਖੋ। ਇਹ ਫੁੱਲ ਜਦ ਖਿੜਦਾ ਹੈ ਤਾਂ ਬਿਰਛਾਂ ਵਿਚ ਖਿੜੇ ਫੁੱਲ ਫਿੱਕੇ ਪੈ ਜਾਂਦੇ ਹਨ। ਇਹ ਫੁੱਲ ਜਦ ਖਿੜਦਾ ਹੈ, ਪੰਛੀਆਂ ਦੇ ਗੀਤ ਫਿੱਕੇ ਪੈ ਜਾਂਦੇ ਹਨ। ਇਹ ਫੁੱਲ ਜਦ ਖਿੜਦਾ ਹੈ, ਚੰਦ-ਤਾਰਿਆਂ ਦੀ ਰੋਸ਼ਨੀ ਫਿੱਕੀ ਅਤੇ ਮੱਧਮ ਮਲੂਮ ਪੈਂਦੀ ਹੈ।

ਤੂੰ ਕਹਿੰਦਾ ਹੈਂ : ਜਹਾਂ ਪੱਕਛੀ ਗੀਤ ਗਾਤੇ, ਪੌਦੇ ਲਹਿਰਾਤੇ।' ਹੁਣ ਸਤਿਸੰਗ! ਤੂੰ ਵੀ ਲਹਿਰਾ ਅਤੇ ਤੂੰ ਵੀ ਗੀਤ ਗਾ। ਛੱਡ ਲੱਜਿਆ-ਸੰਕੋਚ। ਛੱਡ ਸਭ ਸੰਸਕਾਰ। ਛੱਡ ਬੰਨ੍ਹੀਆਂ-ਬੰਨ੍ਹਾਈਆਂ ਧਾਰਨਾਵਾਂ। ਮਸਤੀ ਅੰਦਰ ਆ ਰਹੀ ਹੈ, ਉਸਨੂੰ ਬਾਹਰ ਵੀ ਵਗਣ ਦੇ।

ਲੋਕ ਬੜੇ ਕੰਜੂਸ ਹਨ। ਇਕ ਮਿੱਤਰ ਨੇ ਚਾਰ-ਛੇ ਦਿਨ ਪਹਿਲਾਂ ਹੀ ਮੈਨੂੰ ਆ ਕੇ ਪੁਛਿਆ ਕਿ ਅਸੀਂ ਸਤਿਗੁਰੂਆਂ ਦੇ ਕੋਲ ਵੀ ਰਹੇ ਹਾਂ, ਉਥੇ ਤਾਂ ਹਮੇਸ਼ਾ ਇਹੀ ਕਿਹਾ ਗਿਆ ਕਿ ਜਦ ਅੰਦਰ ਊਰਜਾ ਉਠੇ, ਕੁੰਡਲਿਨੀ ਜਾਗੇ, ਤਾਂ ਉਸਨੂੰ ਅੰਦਰ ਹੀ ਸੰਭਾਲ ਲੈਣਾ ਅਤੇ ਤੁਸੀਂ ਏਥੇ ਕਹਿੰਦੇ ਹੋ: ਪ੍ਰਗਟਾਅ ਦਿਉ, ਪਰਗਟ ਹੋਣ ਦਿਉ। ਇਹ ਗੱਲ ਬੜੀ ਉਲਟੀ ਹੈ।

ਮੈਂ ਉਹਨਾਂ ਨੂੰ ਕਿਹਾ : ਤੂੰ ਕਿਸੇ ਕੰਜੂਸਾਂ ਦੇ ਕੋਲ ਰਿਹਾ ਹੋਵੇਂਗਾ। ਅੰਦਰ ਹੀ ਸੰਭਾਲ ਲੈਣਾ! ਆਦਮੀ ਦੀ ਕੰਜੂਸੀ ਜਾਂਦੀ ਹੀ ਨਹੀਂ। ਜੋ ਅੰਦਰ ਉਠੇ ਬਾਹਰ ਪਰਗਟ ਕਰੋ। ਅਤੇ ਜਿੰਨਾ ਤੁਸੀਂ ਵੰਡੋਗੇ ਉਨਾ ਵਧੇਗਾ। ਅਤੇ ਕੀ ਬਾਹਰ-ਅੰਦਰ ਦਾ ਫਰਕ ਕੀਤਾ ਹੈ? ਸਾਹ ਅੰਦਰ ਜਾਂਦਾ ਹੈ, ਫਿਰ ਉਸਨੂੰ ਬਾਹਰ ਜਾਣ ਦਿੰਦੇ ਹੋ ਕਿ ਨਹੀਂ? ਨਹੀਂ ਜਾਣ ਦਿਉਗੇ, ਉਸੇ ਛਿਨ ਮਰ ਜਾਉਗੇ। ਇਸਲਈ ਤੁਹਾਡੇ ਅਖੌਤੀ ਮਹਾਤਮਾ ਮੁਰਦੇ ਹਨ। ਫੜੀ ਬੈਠੇ ਹਨ। ਥੋੜ੍ਹੀ-ਜਿਹੀ ਕਿਰਨ ਆ ਗਈ ਹੈ, ਥੋੜ੍ਹੀ-ਜਿਹੀ ਜੋਤੀ ਆ ਗਈ ਹੈ, ਥੋੜ੍ਹੀ-ਜਿਹੀ ਝਲਕ ਆ ਗਈ ਹੈ—ਇਉਂ ਝਪੱਟਾ ਮਾਰ ਕੇ ਬੈਠ ਗਏ ਹਨ, ਕਿ ਹੁਣ ਉਸੇ ਨਾਲ ਅਟਕ ਗਏ ਹਨ।

ਲੁਟਾਓ! ਹੋਰ ਬਹੁਤ ਆਏਗਾ। ਇੰਨੀ ਛੇਤੀ ਫੜਨ ਦੀ ਗੱਲ ਹੀ ਨਾ ਕਰੋ। ਜਿਸ ਖੂਹ 'ਚੋਂ ਪਾਣੀ ਭਰਿਆ ਜਾਂਦਾ ਹੈ, ਉਸ ਵਿਚ ਤਾਜ਼ੀ ਧਾਰ ਵਹਿੰਦੀ ਰਹਿੰਦੀ ਹੈ, ਉਸਦਾ ਜਲ ਨਿਰਮਲ ਰਹਿੰਦਾ ਹੈ। ਜਿਸ ਖੂਹ ਤੋਂ ਲੋਕ ਪਾਣੀ ਨਹੀਂ ਭਰਦੇ, ਕੰਜੂਸ ਕੋਈ ਹੋਵੇ ਤਾਂ ਢਕ ਕੇ ਰਖ ਦੇਵੇ ਖੂਹ ਨੂੰ, ਕਿ ਕੋਈ ਪਾਣੀ ਨਾ ਭਰੇ, ਖ਼ੁਦ ਵੀ ਨਾ ਭਰੇ; ਪਿਆਸਾ ਮਰੇ, ਐਪਰ ਪਾਣੀ ਨਾ ਭਰੇ, ਕਿਉਂਕਿ ਖਰਚ ਕਿਤੇ ਨਾ ਹੋ ਜਾਵੇ! ਉਹ ਖੂਹ ਮਰ ਜਾਏਗਾ। ਉਸ ਖੂਹ ਦਾ ਜਲ ਮੁਰਦਾ ਹੋ ਜਾਏਗਾ। ਉਸ ਖੂਹ ਦੇ ਝਰਨੇ ਸੁੱਕ ਜਾਣਗੇ। ਉਸਦੀ ਜ਼ਰੂਰਤ ਹੀ ਨਹੀਂ ਰਹੇਗੀ। ਉਸ ਖੂਹ ਦਾ ਪਾਣੀ ਛੇਤੀ ਹੀ ਜ਼ਹਿਰ ਨਾਲ ਭਰ ਜਾਏਗਾ, ਪੀਣ-ਯੋਗ ਨਹੀਂ ਰਹਿ ਜਾਏਗਾ।

ਕੁਝ ਰੋਕਣਾ ਨਹੀਂ ਹੈ, ਵੰਡਣਾ ਹੈ। ਪਾਓ ਅਤੇ ਲੁਟਾਓ। ਦੋਨੋਂ ਹਾਥ ਉਲੀਚਿਯੇ! ਜ਼ਰਾ ਵੀ ਕੰਜੂਸੀ ਨਾ ਕਰਨਾ। ਉਸੇ ਨੂੰ ਮੈਂ ਨਾਚ ਕਹਿ ਰਿਹਾ ਹਾਂ, ਉਸੇ ਨੂੰ ਫੁੱਲ ਕਹਿ ਰਿਹਾ ਹਾਂ। ਜਦ ਤੁਸੀਂ ਅੰਦਰ ਮਸਤੀ ਨਾਲ ਭਰੋ ਤਾਂ ਛਲਕਣ ਦੇਣਾ। ਲਬਾਲਬ ਭਰੋਗੇ ਤਾਂ ਮਸਤੀ ਛਲਕੇਗੀ ਹੀ। ਛਲਕਣੀ ਹੀ ਚਾਹੀਦੀ ਹੈ। ਅਤੇ ਤੁਸੀਂ ਹੈਰਾਨ ਹੋਵੋਗੇ ਇਹ ਗੱਲ ਜਾਣ ਕੇ : ਜਿੰਨੀ ਛਲਕੇਗੀ ਉਂਨਾ ਜ਼ਿਆਦਾ ਤੁਸੀਂ ਭਰੋਗੇ। ਜਿੰਨਾ ਵੰਡੋਗੇ ਉਂਨਾ ਮਿਲੇਗਾ। ਏਥੇ ਵੰਡਣ ਵਾਲਿਆਂ ਨੂੰ ਮਿਲਦਾ ਹੈ।

ਨਚੋ ਬਿਰਛਾਂ ਦੇ ਵਾਂਗ! ਗਾਉ ਪੰਛੀਆਂ ਦੇ ਵਾਂਗ। ਮੁਕਤ-ਭਾਵ ਨਾਲ ਲੁਟਾਓ!

ਜੀਸਸ ਨੇ ਆਖਿਆ ਹੈ: ਜੋ ਬਚਾਏਗਾ ਉਹ ਖੋ ਦੇਵੇਗਾ ਅਤੇ ਜੋ ਖੋ ਦੇਵੇਗਾ ਉਸਨੂੰ ਮਿਲ ਜਾਏਗਾ। ਠੀਕ ਆਖਿਆ ਹੈ।

ਇਥੇ ਮੈਂ ਚਾਹੁੰਦਾ ਹਾਂ ਤੁਹਾਨੂੰ ਇਕ ਅਜੇਹਾ ਨਾਚ ਦੇਣਾ, ਇਕ ਅਜੇਹਾ ਗੀਤ... ਲੇਕਿਨ ਤੁਹਾਡੀਆਂ ਹਜ਼ਾਰਾਂ-ਹਜ਼ਾਰਾਂ ਸਾਲਾਂ ਦੀਆਂ ਧਾਰਨਾਵਾਂ ਹਨ, ਜੋ ਤੁਹਾਡੇ ਪਿਛੇ ਖੜ੍ਹੀਆਂ ਹਨ। ਮੇਰੇ ਕੋਲ ਵੀ ਆ ਜਾਂਦੇ ਹੋ ਤਾਂ ਉਹ ਧਾਰਨਾਵਾਂ ਪਿਛੇ ਅਟਕੀਆਂ ਰਹਿੰਦੀਆਂ ਹਨ। ਉਹ ਕਹਿੰਦੀਆਂ ਹਨ : ਠੀਕ ਹੈ, ਸੁਖ ਮਿਲਿਆ ਤਾਂ ਆਪਣਾ ਸੰਭਾਲ ਕੇ ਰਖੋ। ਦੱਸਣਾ ਕੀ ਹੈ? ਦਿਖਾਉਣਾ ਕੀ ਹੈ? ਦਿਖਾਉਣ ਦੇ ਲਈ ਨਹੀਂ ਦਿਖਾਉਣਾ ਹੈ। ਦੱਸਣ ਦੇ ਲਈ ਨਹੀਂ ਦੱਸਣਾ ਹੈ। ਐਪਰ ਲੁਟਾਉਣਾ ਜ਼ਰੂਰ ਹੈ। ਉਹ ਲੁਟਾਉਣ ਵਿਚ ਦਿਖਾਈ ਪਏਗਾ, ਉਹ ਵਖਰੀ ਗੱਲ ਹੈ।

ਮੇਰੇ ਕੋਲ ਕੰਜੂਸੀ ਨਾ ਰਖਣਾ। ਇਸੇਲਈ ਹਰ ਧਿਆਨ ਦੇ ਬਾਅਦ ਮੈਂ ਲਾਜ਼ਮੀ ਰੂਪ ਨਾਲ ਇਹ ਅੰਗ ਮੰਨਦਾ ਹਾਂ ਧਿਆਨ ਦਾ ਕਿ ਜਦ ਤੁਸੀਂ ਅਨੰਦ ਨਾਲ ਭਰੋ ਤਾਂ ਨੱਚ ਕੇ ਉਸਨੂੰ ਪਰਗਟ ਕਰ ਦੇਣਾ। ਸਾਹ ਅੰਦਰ ਲਿਆ, ਉਸਨੂੰ ਬਾਹਰ ਛੱਡ ਦੇਣਾ। ਕੀ ਬਾਹਰ ਕੀ ਅੰਦਰ। ਸਭ ਉਸਦਾ ਹੈ ਬਾਹਰ ਵੀ ਉਹੀ, ਅੰਦਰ ਵੀ ਉਹੀ। ਉਸੇ ਤੋਂ ਲੈਂਦੇ ਹੋ, ਉਸੇ ਨੂੰ ਦਿੰਦੇ ਹੋ। ਤੱਵਦੀਯੰ ਵੱਸਤੂ ਤੁੱਭਯਮੇਵ ਸਮਰਪਯੇ! ਤੇਰੀ ਚੀਜ਼ ਤੈਨੂੰ ਮੋੜ ਦਿਤੀ, ਤੈਨੂੰ ਹੀ ਭੇਟਾ ਕਰ ਦਿਤੀ!

ਇਹ ਜੋ ਫੁੱਲ ਖਿੜਦੇ ਹਨ, ਕਿਥੋਂ ਆਉਂਦੇ ਹਨ? ਇਹ ਪ੍ਰਿਥਵੀ ਤੋਂ ਆਉਂਦੇ ਹਨ। ਇਹ ਅਕਾਸ਼ ਤੋਂ ਆਉਂਦੇ

ਹਨ। ਇਹ ਸੂਰਜ ਦੀਆਂ ਕਿਰਨਾਂ ਤੋਂ ਆਉਂਦੇ ਹਨ। ਇਹ ਚੰਦ ਦੇ ਅੰਮ੍ਰਿਤ ਤੋਂ ਆਉਂਦੇ ਹਨ। ਇਹ ਹਵਾਵਾਂ ਤੋਂ ਆਉਂਦੇ ਹਨ। ਫਿਰ ਇਸੇ ਵਿਚ ਖਿੱਲਰ ਜਾਂਦੇ ਹਨ, ਇਸੇ ਵਿਚ ਸੁਗੰਧ ਨੂੰ ਲੁਟਾ ਦਿੰਦੇ ਹਨ, ਇਸੇ ਮਿੱਟੀ ਵਿਚ ਡਿੱਗ ਕੇ ਫਿਰ ਮਿੱਟੀ ਹੋ ਜਾਂਦੇ ਹਨ। ਸੂਰਜ ਦੀ ਕਿਰਨ ਸੂਰਜ ਵਿਚ ਗਈ, ਪਾਣੀ ਸਾਗਰ ਵਿਚ ਗਿਆ, ਹਵਾ ਹਵਾ ਵਿਚ ਉੱਡ ਗਈ, ਮਿੱਟੀ ਮਿੱਟੀ ਵਿਚ ਮਿਲ ਗਈ। ਫਿਰ ਉੱਠੇਗਾ ਫੁੱਲ, ਫਿਰ ਜਾਗੇਗਾ ਫੁੱਲ। ਜੇ ਬਿਰਛ ਕੰਜੂਸ ਹੋ ਜਾਣ ਅਤੇ ਫੁੱਲ ਖਿੜ ਜਾਣ ਤਾਂ ਉਹਨਾਂ ਨੂੰ ਫੜ ਕੇ ਬੈਠ ਜਾਣ ਤਾਂ ਉਹ ਫੁੱਲ ਪਲਾਸਟਿਕ ਦੇ ਹੋ ਜਾਣਗੇ, ਅਸਲੀ ਨਹੀਂ ਰਹਿ ਜਾਣਗੇ। ਅਸਲੀ ਤਾਂ ਆਉਂਦਾ ਹੈ, ਜਾਂਦਾ ਹੈ। ਅਸਲੀ ਵਿਚ ਤਾਂ ਗਤੀ ਹੁੰਦੀ ਹੈ, ਅਸਲੀ ਵਿਚ ਪ੍ਰਵਾਹ ਹੁੰਦਾ ਹੈ। ਅਸਲੀ ਵਿਚ ਬਦਲਾਅ ਹੁੰਦਾ ਹੈ।

ਨੱਚੋ ! ਗਾਓ ! ਹਰਿ ਬੋਲੌ ਹਰਿ ਬੋਲ !

ਪੁੱਛਿਆ ਹੈ : 'ਹਮ ਨਾ ਜਾਨੇਂ ਪ੍ਰਭੂ ਪ੍ਰਾਰਥਨਾ।' ਇਹੀ ਤਾਂ ਹੈ ਪ੍ਰਭੂ-ਪ੍ਰਾਰਥਨਾ। ਇਹੀ ਨੱਚਣਾ, ਇਹੀ ਗੁਣਗੁਣਾਉਣਾ, ਇਹੀ ਕੁਦਰਤ ਦੇ ਪ੍ਰਤੀ ਪ੍ਰਸੰਨਤਾ ਦਾ ਭਾਵ—ਬਸ ਇਹੀ ਹੈ ਪ੍ਰਾਰਥਨਾ। ਮੰਦਰਾਂ ਵਿਚ ਜੋ ਹੋ ਰਹੀ ਹੈ, ਮਸਜਿਦਾਂ ਵਿਚ ਜੋ ਹੋ ਰਹੀ ਹੈ, ਉਹ ਪ੍ਰਾਰਥਨਾ ਨਹੀਂ ਹੈ, ਪ੍ਰਾਰਥਨਾ ਦੀ ਪਿਟੀ ਹੋਈ ਲਕੀਰ ਹੈ; ਪ੍ਰਾਰਥਨਾ ਦਾ ਨਾਂ ਹੈ, ਪ੍ਰਾਰਥਨਾ ਨਹੀਂ ਹੈ। ਮਸਤੀ ਹੈ ਪ੍ਰਾਰਥਨਾ। ਸ਼ਬਦਾਂ ਨਾਲ ਕੋਈ ਸਬੰਧ ਨਹੀਂ ਹੈ। ਕਦੇ ਸ਼ਬਦ ਉੱਠਣਗੇ ਵੀ ਅਤੇ ਨਹੀਂ ਵੀ ਉੱਠਣਗੇ। ਉੱਠ ਜਾਣ ਤਾਂ ਠੀਕ, ਨਾ ਉੱਠਣ ਤਾਂ ਠੀਕ। ਪ੍ਰਾਰਥਨਾ ਕੋਈ ਰਸਮੀ ਗੱਲ ਨਹੀਂ ਹੈ—ਹਿੰਦੂ ਦੀ ਅਤੇ ਈਸਾਈ ਦੀ ਅਤੇ ਜੈਨੀ ਦੀ। ਪ੍ਰਾਰਥਨਾ ਤਾਂ ਸ਼ੁਕਰਾਨੇ ਦਾ ਬੋਧ ਹੈ। ਪਰਮਾਤਮਾ ਨੂੰ ਧੰਨਵਾਦ ਹੈ।

ਅਤੇ ਸਾਡੇ ਕੋਲ ਸ਼ਬਦ ਵੀ ਕੀ ਹਨ ਕਿ ਅਸੀਂ ਉਸਨੂੰ ਧੰਨਵਾਦ ਦੇਈਏ। ਇਸਲਈ ਤਾਂ ਅਸੀਂ ਝੁਕਦੇ ਹਾਂ। ਸ਼ਬਦ ਨਾਲ ਕਿਵੇਂ ਕਹੀਏ ? ਝੁਕ ਕੇ ਆਪਣੇ ਪ੍ਰਾਣਾਂ ਨਾਲ ਕਹਿ ਦਿੰਦੇ ਹਾਂ।

'ਹਮ ਨਾ ਜਾਨੇਂ ਪ੍ਰਭੂ ਪ੍ਰਾਰਥਨਾ, ਨਹੀਂ ਸਮਝੇਂ ਸਵਰਗ-ਨਰਕ ਕੀ ਭਾਸ਼ਾ।

ਅਬ ਹਮੇਂ ਨਾ ਕਹੀਂ ਜਾਨਾ। ਨਾ ਕੁਛ ਪਾਨਾ, ਹਮੇ ਤੋਂ ਯਹੀ ਸੰਸਾਰ ਪਿਆਰਾ।'

ਇਹੀ ਮੇਰਾ ਸਮਝਾਉਣਾ ਹੈ। ਕਿਤੇ ਕਿਸੇ ਨੇ ਨਹੀਂ ਜਾਣਾ ਹੈ। ਮੋਕੱਛ ਕਿਤੇ ਹੋਰ ਨਹੀਂ ਹੈ, ਮੋਕੱਛ ਇਸੇ ਸੰਸਾਰ ਵਿਚ ਹੋਣ ਦਾ ਇਕ ਢੰਗ ਹੈ। ਨਰਕ ਵੀ ਇਸੇ ਸੰਸਾਰ ਵਿਚ ਹੋਣ ਦਾ ਇਕ ਢੰਗ ਹੈ, ਸਵਰਗ ਵੀ ਇਸੇ ਸੰਸਾਰ ਵਿਚ ਹੋਣ ਦਾ ਇਕ ਢੰਗ ਹੈ। ਇਹ ਹੋਣ ਦੇ ਢੰਗਾਂ ਦੇ ਨਾਂ ਹਨ। ਯਾਤਰਾਵਾਂ ਨਹੀਂ ਹਨ। ਕਿਤੇ ਜਾਣਾ ਨਹੀਂ ਹੈ। ਇਥੇ-ਹੀ ਸਭ ਹੋ ਜਾਂਦਾ ਹੈ। ਜਿਵੇਂ ਤੁਸੀਂ ਰੇਡੀਓ ਉਤੇ ਸਟੇਸ਼ਨ ਲਾਉਂਦੇ ਹੋ ਨਾ, ਕਿਤੇ ਜਾਣਾ-ਆਉਣਾ ਥੋੜ੍ਹਾ-ਹੀ ਹੁੰਦਾ ਹੈ ਕਿ ਦਿੱਲੀ ਲਾਇਆ ਕਿ ਲੰਡਨ ਲਾਇਆ ਕਿ ਨਿਊਯਾਰਕ, ਤਾਂ ਤੁਹਾਨੂੰ ਕਿਤੇ ਜਾਣਾ-ਆਉਣਾ ਤਾਂ ਨਹੀਂ ਪੈਂਦਾ। ਬਸ ਜ਼ਰਾ ਰੇਡੀਓ ਦੀ ਸੂਈ ਘੁਮਾਉਣੀ ਪੈਂਦੀ ਹੈ। ਰੇਡੀਓ ਦੀ ਸੂਈ ਉਸ ਤਰੰਗ ਨਾਲ ਜੋੜ ਦੇਣੀ ਹੁੰਦੀ ਹੈ ਜਿਥੇ ਦਿੱਲੀ, ਅਤੇ ਨਾਲ-ਦੀ-ਨਾਲ ਤੁਸੀਂ ਜੁੜ ਗਏ।

ਇਵੇਂ ਹੀ ਵਿਅਕਤੀ ਦੇ ਅੰਦਰ ਚਿੱਤ ਹੈ ਅਤੇ ਚਿੱਤ ਵਿਚ ਤਰੰਗਾਂ ਹਨ। ਉਹਨਾਂ ਤਰੰਗਾਂ ਨੂੰ ਜੋੜਨ ਦੀ ਗੱਲ ਹੈ।

ਤੁਸੀਂ ਕਦੇ ਦੇਖਿਐ? ਦੁਖ ਵਿਚ ਬੈਠੇ ਹੋ, ਪ੍ਰਯੋਗ ਕਰਨਾ। ਦੁਖ ਵਿਚ ਬੈਠੇ ਹੋ, ਅਚਾਨਕ ਇਸਨੂੰ ਇਕ ਅਵਸਰ ਬਣਾ ਲੈਣਾ ਅਤੇ ਸੋਚਣਾ ਕਿ ਕਿਵੇਂ ਸੁਖ ਨਾਲ ਜੁੜ ਜਾਵਾਂ। ਪਹਿਲਾਂ ਤਾਂ ਬਹੁਤ ਮੁਸ਼ਕਲ ਹੋਵੇਗੀ ਕਿਉਂਕਿ ਪੁਰਾਣੀ ਆਦਤ, ਪੁਰਾਣਾ ਢੰਗ ਇਹ ਹੈ ਕਿ ਦੁਖੀ ਆਦਮੀ ਕਿਵੇਂ ਸੁਖੀ ਹੋ ਸਕਦੇ ਹੋ? ਅਜੇ ਤਾਂ ਦਿੱਲੀ ਲੱਗੀ ਹੈ, ਲੰਡਨ ਕਿਵੇਂ ਲੱਗ ਸਕਦਾ ਹੈ? ਹਮੇਸ਼ਾ ਲੱਗ ਸਕਦਾ ਹੈ। ਜ਼ਰਾ ਕੋਸ਼ਿਸ਼ ਕਰਨਾ। ਦੁਖ ਵਿਚ ਬੈਠੇ ਹੋ, ਖੜ੍ਹੇ ਹੋ ਕੇ ਗੀਤ ਗੁਣਗੁਣਾਉਣ ਲੱਗਣਾ। ਪਹਿਲਾਂ ਤਾਂ ਹਾਸਾ ਆਏਗਾ। ਪਹਿਲਾਂ ਤਾਂ ਆਪਣੇ-ਆਪ ਉਤੇ ਭਰੋਸਾ ਨਹੀਂ ਆਏਗਾ। ਪਹਿਲਾਂ ਤਾਂ ਸੋਚੋਗੇ : 'ਕੀ ਮੈਂ ਪਾਗਲ ਹੋ ਰਿਹਾ ਹਾਂ? ਇਹ ਕੋਈ ਵੇਲਾ ਹੈ? ਅਜੇ ਦੁਖ ਦਾ ਸਮਾਂ ਹੈ।' ਫਿਰ ਜ਼ਰਾ ਹੱਸਣ ਲੱਗਣਾ ਅਤੇ ਤੁਸੀਂ ਹੈਰਾਨ ਹੋ ਜਾਉਗੇ। ਛੇਤੀ ਹੀ ਇਸ ਘਟਨਾ ਨੂੰ ਤੁਸੀਂ ਅੰਦਰ ਵਾਪਰਦਿਆਂ ਦੇਖੋਗੇ ਕਿ ਦੁਖ ਦੀ ਬੱਦਲੀ ਛੰਡੀ ਗਈ, ਸੁਖ ਦਾ ਸੂਰਜ ਨਿਕਲਿਆ। ਅਤੇ ਜਦ ਤੁਸੀਂ ਬਹੁਤ ਦੁਖੀ ਹੋ ਰਹੇ ਹੋ, ਤਦ ਵੀ ਬਦਲ ਕੇ ਦੇਖਣਾ। ਬੜੇ ਸੁਖ ਵਿਚ ਹੋ, ਬੜੇ ਪ੍ਰਸੰਨ ਬੈਠੇ ਹੋ, ਬਦਲ ਕੇ ਦੇਖਣਾ ਹਵਾ ਨੂੰ। ਸੋਚਣ ਲੱਗਣਾ ਦੁਖ ਦੀਆਂ ਗੱਲਾਂ—ਫਲਾਣੇ-ਫਲਾਣੇ ਆਦਮੀ ਨੇ ਗਾਲ੍ਹ ਦਿਤੀ ਅਤੇ ਫਲਾਣੇ ਆਦਮੀ ਨੇ ਧੋਖਾ ਦਿਤਾ ਅਤੇ ਫਲਾਣੇ ਆਦਮੀ ਨੇ ਅਜੇਹਾ ਮਾੜਾ ਸਲੂਕ ਕੀਤਾ। ਜ਼ਰਾ ਸੋਚਣ ਵਿਚ ਉਤਰਨਾ। ਤਰੰਗ ਨੂੰ ਲੈ ਜਾਣਾ ਉਸ ਪਾਸੇ, ਸੂਈ ਘੁਮਾਉਣਾ ਉਸ ਤਰਫ—ਅਤੇ ਛੇਤੀ ਹੀ ਤੁਸੀਂ ਪਾਉਗੇ, ਵਿਦਾ ਹੋ ਗਿਆ ਸਵਰਗ, ਭੁੱਲ ਗਏ ਸੁਖ, ਚਿੱਤ ਕ੍ਰੋਧ ਨਾਲ ਭਰਿਆ ਹੈ, ਵੈਰ-ਵਿਰੋਧ ਭਰਿਆ ਹੈ। ਈਰਖਾ-ਹਿੰਸਾ ਨਾਲ ਭਰਿਆ ਹੈ, ਬਦਲਾ ਲੈਣ ਦਾ ਭਾਵ ਉਠਿਆ ਹੈ। ਹੱਥ ਤਲਵਾਰ ਲੱਭ ਰਹੇ ਹਨ।

ਇਕ ਝੇਨ ਫ਼ਕੀਰ ਦੇ ਕੋਲ ਜਪਾਨ ਦਾ ਸਮਰਾਟ ਮਿਲਣ ਗਿਆ। ਪੁਰਾਣੀ ਕਹਾਣੀ ਹੈ, ਜਦ ਬਾਦਸ਼ਾਹ ਫ਼ਕੀਰਾਂ ਦੇ ਕੋਲ ਜਾਂਦੇ ਸਨ। ਹੁਣ ਤਾਂ ਦੋ ਕੌਡੀ ਦੇ ਫ਼ਕੀਰ ਹਨ, ਉਹ ਚਲੇ ਜਾਂਦੇ ਹਨ, ਕੁਝ ਨਹੀਂ ਚਲੋ ਮੋਰਾਰਜੀ ਦੇਸਾਈ ਦਾ ਦਰਸ਼ਨ ਕਰਨ ਚਲੇ ਜਾਂਦੇ ਹਨ। ਅਜੇ ਕੁਝ ਦਿਨ ਪਹਿਲਾਂ ਖ਼ਬਰ ਸੀ : ਗਣੇਸ਼ਪੁਰੀ ਦੇ ਗੋਬਰਨਰੇਸ਼ ਮੁਕਤਾਨੰਦ ਮੋਰਾਰਜੀ ਦੇਸਾਈ ਦੇ ਦਰਸ਼ਨ ਕਰਨ ਗਏ... ਮੋਰਾਰਜੀ ਦੇਸਾਈ ਦੇ ਦਰਸ਼ਨ ਕਰਨ? ਤੈਨੂੰ ਦਰਸ਼ਨ ਲਈ ਕੋਈ ਹੋਰ ਦਰਸ਼ਣ-ਯੋਗ ਥਾਂ ਨਾ ਮਿਲਿਆ? ਜ਼ਮਾਨੇ ਬਦਲ ਗਏ ਹਨ। ਅਤੇ ਨਾ ਸਿਰਫ ਦਰਸ਼ਨ ਕੀਤਾ, ਬਲਕਿ ਮੋਰਾਰਜੀ ਦੇਸਾਈ ਨੂੰ ਕਹਿ ਕੇ ਆਏ ਕਿ ਅਸੀਂ ਖ਼ੁਸ਼ਨਸੀਬ ਹਾਂ ਕਿ ਤੁਹਾਡੇ ਜਿਹਾ ਸਾਧੂ-ਪੁਰਸ਼ ਭਾਰਤ ਦਾ ਪ੍ਰਧਾਨ ਮੰਤਰੀ ਹੈ! ਪ੍ਰਧਾਨ ਮੰਤਰੀ ਸਾਧੂ-ਪੁਰਸ਼ ਹੋ ਸਕਦਾ ਹੈ? ਸਾਧੂ-ਪੁਰਸ਼ ਨੂੰ ਤੁਸੀਂ ਪ੍ਰਧਾਨ ਮੰਤਰੀ ਹੋਣ ਦਿਉਗੇ? ਪ੍ਰਧਾਨ ਮੰਤਰੀ ਹੋਣ ਦੇ ਲਈ ਅਸਾਧੂਤਾ ਲਾਜ਼ਮੀ ਸ਼ਰਤ ਹੈ। ਹਾਂ, ਸਾਧੂਤਾ ਦਾ ਦਿਖਾਵਾ ਜ਼ਰੂਰੀ ਹੈ। ਅੰਦਰ ਸਭ ਚਾਲਬਾਜੀਆਂ, ਸਬ ਜਾਲਸਾਜੀਆਂ। ਅੰਦਰ ਸਬ ਬੇਈਮਾਨੀਆਂ। ਉਪਰ ਸਭ ਚੁੱਕਣ-ਪਟਕਣ। ਉਪਰ-ਉਪਰ ਸਾਧੂਤਾ ਦਾ ਭੇਖ ਜ਼ਰੂਰੀ

ਹੈ। ਬਗਲਾ ਭਗਤ ਹੋਣਾ ਜ਼ਰੂਰੀ ਹੈ।

ਦੇਖਦੇ ਹੋ ਬਗਲਾ ਭਗਤ ਨੂੰ! ਬਿਲਕੁਲ ਇਕ ਲੱਤ ਉਤੇ ਖੜ੍ਹਾ ਰਹਿੰਦਾ ਹੈ ਯੋਗਾਸਣ ਸਾਧੀ! ਅਣਕੰਬ! ਸਭ ਸੇਵੜੇ ਯੋਗੀ ਮਾਤ ਹੋ ਜਾਣ! ਬਿਲਕੁਲ ਅੱਖਾਂ ਮੀਟੀ, ਹਿਲਦਾ ਨਹੀਂ, ਡੁਲਦਾ ਨਹੀਂ, ਇਸਲਈ ਇਸਨੂੰ 'ਬਗਲਾ ਭਗਤ' ਕਹਿੰਦੇ ਹਨ। ਕਿੰਨੀ ਭਗਤੀ ਨਾਲ ਖੜ੍ਹਾ ਹੈ! ਫਿਰ ਆਈ ਮੱਛੀ ਅਤੇ ਉਸਨੇ ਝਪੱਟਾ ਮਾਰਿਆ।

ਰਾਜਨੀਤੀ ਦੀ ਦੌੜ ਵਿਚ ਜੋ ਲੱਗਿਆ ਹੋਵੇ ਉਹ ਸਾਧੂ ਤਾਂ ਹੋ ਹੀ ਨਹੀਂ ਸਕਦਾ। ਰਾਜਨੀਤੀ ਦੀ ਦੌੜ ਹੀ ਅਸਾਧੂ ਚਿੱਤ ਤੋਂ ਪੈਦਾ ਹੁੰਦੀ ਹੈ। ਪਦਵੀ ਦੀ ਚਾਹਨਾ ਹੀਣ ਗ੍ਰੰਥਲ ਨਾਲ ਪੀੜਤ ਲੋਕਾਂ ਵਿਚ ਹੁੰਦੀ ਹੈ। ਪੱਦ ਮਦ ਹੈ।

ਪੁਰਾਣੀ ਕਹਾਣੀ ਹੈ। ਸਮਰਾਟ ਝੇਨ ਫ਼ਕੀਰ ਦੇ ਦਰਸ਼ਨ ਨੂੰ ਗਿਆ। ਫ਼ਕੀਰ ਬੈਠਾ ਖੰਜਰੀ ਵਜਾ ਰਿਹਾ ਸੀ। ਸਮਰਾਟ ਨੇ ਪੁਛਿਆ ਕਿ ਮੈਂ ਇਕ ਸਵਾਲ ਲੈ ਕੇ ਆਇਆ ਹਾਂ—ਸਵਰਗ ਕੀ ਹੈ, ਨਰਕ ਕੀ ਹੈ? ਉਸ ਫ਼ਕੀਰ ਨੇ ਖੰਜਰੀ ਹੇਠਾਂ ਰਖ ਦਿਤੀ ਅਤੇ ਉਸਨੇ ਕਿਹਾ : ਸਵਾਲ ਤਾਂ ਵੱਡਾ ਲੈ ਆਇਐਂ ਅਤੇ ਚੇਹਰਾ ਬਿਲਕੁਲ ਬੁੱਧੂ ਵਰਗਾ ਹੈ। ਖੋਪੜੀ ਵਿਚ ਗੋਬਰ ਭਰਿਆ ਹੈ।

ਹੁਣ ਸਮਰਾਟ ਨੂੰ ਅਜੇਹੀ ਗੱਲ ਕਹੋਗੇ...। ਸਮਰਾਟ ਨੇ ਤਾਂ ਸੋਚਿਆ ਵੀ ਨਹੀਂ ਸੀ ਕਿ ਕੋਈ ਫ਼ਕੀਰ ਅਜੇਹਾ ਬੋਲੇਗਾ। ਅਤੇ ਇਹ ਪਰਮ-ਗਿਆਨੀ ਸੀ। ਅਤੇ ਇਸਦੀ ਦੂਰ-ਦੂਰ ਤਕ ਪ੍ਰਸਿੱਧੀ ਸੀ। ਅਤੇ ਵਜ਼ੀਰਾਂ ਨੇ ਬੜੀ ਪ੍ਰਸੰਸਾ ਕੀਤੀ ਸੀ ਕਿ ਆਦਮੀ ਜਾਣ-ਯੋਗ ਜੇਕਰ ਕੋਈ ਹੈ ਤਾਂ ਇਹ। ਸਮਰਾਟ ਤਾਂ ਭੁੱਲ ਹੀ ਗਿਆ। ਉਸਨੇ ਤਾਂ ਤਲਵਾਰ ਖਿੱਚ ਲਈ। ਅਤੇ ਜਦ ਉਸਨੇ ਤਲਵਾਰ ਖਿੱਚੀ ਅਤੇ ਤਲਵਾਰ ਚੁੱਕ ਕੇ ਫ਼ਕੀਰ ਨੂੰ ਮਾਰਨ ਹੀ ਵਾਲਾ ਸੀ, ਫ਼ਕੀਰ ਖਿੜਖਿੜਾ ਕੇ ਹੱਸਿਆ ਅਤੇ ਉਸਨੇ ਕਿਹਾ : ਇਹ ਰਿਹਾ ਨਰਕ ਦਾ ਦੁਆਰ।

ਇਕ ਛਿਨ ਨੂੰ ਚੌਂਕਿਆ। ਇਕ ਹੋਸ਼ ਆਇਆ ਕਿ ਇਹ ਮੈਂ ਕੀ ਕਰ ਰਿਹਾ ਹਾਂ! ਇਹ ਮੈਥੋਂ ਕੀ ਹੋ ਗਿਆ! ਇਕ ਛਿਨ ਵਿਚ ਇਸ ਫ਼ਕੀਰ ਨੇ ਚਾਬੀ ਘੁਮਾ ਦਿਤੀ, ਹਟਾ ਦਿਤੀ ਸੂਈ! ਹੁਣੇ ਆਇਆ ਸੀ ਬੜੀ ਸ਼ਾਨ ਨਾਲ, ਸਤਿਸੰਗ ਕਰਨ ਆਇਆ ਸੀ, ਬੜਾ ਭਾਵ-ਭਿੰਨਾ ਹੋ ਕੇ ਆਇਆ ਸੀ, ਹੁਣੇ ਚਰਨਾਂ ਵਿਚ ਝੁਕਿਆ ਸੀ—ਅਤੇ ਤਲਵਾਰ ਕੱਢ ਲਈ! ਅਤੇ ਜਦ ਫ਼ਕੀਰ ਨੇ ਹੱਸ ਕੇ ਕਿਹਾ ਕਿ ਇਹ ਨਰਕ ਦਾ ਦੁਆਰ ਹੈ, ਚੋਟ ਲੱਗੀ ਹੋਵੇਗੀ ਗਹਿਰੀ, ਤਲਵਾਰ ਮਿਆਨ ਵਿਚ ਵਾਪਸ ਚਲੀ ਗਈ, ਸ਼ਾਸ਼ਟਾਂਗ ਜ਼ਮੀਨ ਉਤੇ ਡਿੱਗ ਪਿਆ, ਫ਼ਕੀਰ ਦੇ ਚਰਨ ਫੜ ਲਏ, ਅੱਖਾਂ ਵਿਚ ਹੰਝੂ ਵਗਣ ਲੱਗੇ। ਫ਼ਕੀਰ ਨੇ ਕਿਹਾ : ਇਹ ਸਵਰਗ ਦਾ ਦੁਆਰ ਹੈ।

ਸਵਰਗ ਅਤੇ ਨਰਕ ਚਿੱਤ ਦੀਆਂ ਦੋ ਹਾਲਤਾਂ ਹਨ। ਜ਼ਰਾ ਵਿਚ ਸਵਰਗ, ਜ਼ਰਾ ਵਿਚ ਨਰਕ ਹੋ ਜਾਂਦਾ ਹੈ। ਅਤੇ ਅਜੇਹੀ ਹੀ ਜੋ ਪਰਮ-ਅਵਸਥਾ ਹੈ, ਮੋਕੱਛ, ਉਹ ਵੀ ਹੈ—ਜਿਥੇ ਦੋਹਾਂ ਤੋਂ ਮੁਕਤ ਹੋ ਗਏ, ਜਿਥੇ ਦੋਹਾਂ ਦੇ ਵਿਚਾਲੇ ਠਹਿਰ ਗਏ; ਜਿਥੇ ਸਭ ਇਕਮਿਕਤਾਂਵਾਂ ਛੂਪਨ ਹੋ ਗਈਆਂ; ਜਿਥੇ ਗਵਾਹ ਦਾ ਪ੍ਰਗਟਾਅ ਹੋਇਆ; ਨਾ ਤਾਂ ਜਿਥੇ ਇਹ ਰਿਹਾ ਕਿ ਮੈਂ ਦੁਖ ਹਾਂ, ਨਾ ਮੈਂ ਸੁਖ; ਜਿਥੇ ਕਿਸੇ ਚੀਜ਼ ਨਾਲ ਕੋਈ ਸਬੰਧ ਜੋੜਨ ਦੀ ਗੱਲ ਹੀ ਨਾ ਰਹੀ, ਸਾਰੇ

ਸਬੰਧ ਟੁੱਟ ਗਏ, ਅਸੰਗ–ਭਾਵ ਹੋਇਆ–ਉਥੇ–ਈ ਮੁਕਤੀ, ਉਥੇ–ਈ ਮੋਕਸ਼।

ਇਹੀ ਸੰਸਾਰ ਮੋਕਸ਼ ਹੋ ਜਾਂਦਾ ਹੈ, ਲੇਕਿਨ ਤੁਸੀਂ ਆਪਣੇ ਢੰਗ ਨਾਲ ਸਮਝਦੇ ਹੋ। ਜਦ ਤੁਹਾਨੂੰ ਕਿਹਾ ਜਾਂਦਾ ਹੈ ਮੋਕਸ਼, ਤਾਂ ਤੁਸੀਂ ਸੋਚਦੇ ਹੋ ਕਿਤੇ ਦੂਰ–ਦੂਰ, ਬਹੁਤ–ਦੂਰ ਅਕਾਸ਼ ਵਿਚ! ਮੋਕਸ਼ ਇਥੇ–ਈ ਹੈ, ਜਿਥੇ ਤੁਸੀਂ ਹੋ। ਅਤੇ ਜਦ ਤੁਹਾਨੂੰ ਕਿਹਾ ਜਾਂਦਾ ਹੈ ਨਰਕ, ਤੁਸੀਂ ਕਹਾਣੀਆਂ ਘੜ ਲਈਆਂ ਹਨ ਕਿ ਦੂਰ–ਦੂਰ, ਬਹੁਤ–ਦੂਰ ਪਤਾਲ ਵਿਚ। ਕਿਥੇ ਜਾਉਗੇ? ਪਤਾਲ ਵਿਚ ਅਮਰੀਕਾ ਮਿਲੇਗਾ। ਪੁੱਟਦੇ ਚਲੇ ਗਏ, ਚਲੇ ਗਏ। ਅਤੇ ਅਮਰੀਕਾ ਦੇ ਲੋਕ ਵੀ ਸੋਚ ਰਹੇ ਹਨ ਕਿ ਪਤਾਲ ਵਿਚ ਨਰਕ ਹੈ। ਜੇ ਅਮਰੀਕਾ ਦੇ ਲੋਕ ਪੁੱਟਦੇ–ਪੁੱਟਦੇ ਚਲੇ ਆਉਣ ਤਾਂ ਤੁਸੀਂ ਮਿਲੋਗੇ। ਧਰਤੀ ਗੋਲ ਹੈ। ਕਿਥੇ ਖੋਜੋਗੇ? ਅਤੇ ਉਪਰ ਕਿਥੇ ਜਾਉਗੇ? ਇਸ ਜਗਤ ਵਿਚ ਨਾ ਕੁਝ ਉਪਰ ਹੈ ਨਾ ਕੁਝ ਹੇਠਾਂ, ਕਿਉਂਕਿ ਇਸਦੀ ਕੋਈ ਸੀਮਾ ਨਹੀਂ ਹੈ। ਸੀਮਾ ਹੁੰਦੀ ਤਾਂ ਉਪਰ–ਹੇਠਾਂ ਹੋ ਸਕਦਾ ਸੀ। ਕੋਈ ਛੱਪਰ ਥੋੜ੍ਹਾ–ਈ ਹੈ ਅਕਾਸ਼ ਵਿਚ ਕਿਤੇ। ਛੱਪਰ ਕਿਤੇ ਵੀ ਨਹੀਂ ਹੈ। ਅੰਤਹੀਣ ਵਿਸਥਾਰ ਹੈ। ਤਾਂ ਕਿਸਨੂੰ ਉਪਰ ਕਹੋਗੇ, ਕਿਸਨੂੰ ਹੇਠਾਂ ਕਹੋਗੇ? ਇਥੇ ਹਰੇਕ ਚੀਜ਼ ਵਿਚਕਾਰ ਵਿਚ ਹੈ। ਉਪਰ–ਹੇਠਾਂ ਦੀ ਤੁਲਣਾ ਦਾ ਉਪਾਅ ਨਹੀਂ ਹੈ।

ਨਹੀਂ; ਉਹ ਧਾਰਨਾਵਾਂ ਬਚਕਾਨੀਆਂ ਹਨ, ਛੋਟੇ ਬੱਚਿਆਂ ਨੂੰ ਸਮਝਾਉਣ ਦੇ ਲਈ ਹਨ। ਬੱਚਿਆਂ ਨੂੰ ਸਮਝਾਉਣਾ ਹੁੰਦਾ ਹੈ ਤਾਂ ਪ੍ਰਤੀਕ ਚੁਣਨੇ ਪੈਂਦੇ ਹਨ। ਅਜੇਹੇ ਪ੍ਰਤੀਕ ਤੁਹਾਡੇ ਲਈ ਚੁਣ ਲਏ ਗਏ ਹਨ। ਸੱਚਾਈ ਕੁਝ ਹੋਰ। ਸੱਚਾਈ ਸਿਰਫ ਇੰਨੀ ਹੈ ਕਿ ਸਵਰਗ–ਨਰਕ ਮਨੋਵਿਗਿਆਨਕ ਅਵਸਥਾਵਾਂ ਹਨ, ਤੁਹਾਡੇ ਹੋਣ ਦੇ ਢੰਗ ਹਨ। ਜੇਕਰ ਤੁਸੀਂ ਇਥੇ ਸ਼ਾਂਤ ਬੈਠੇ ਹੋ, ਅਨੰਦ–ਮਗਨ ਮੇਰੇ ਕੋਲ, ਤੁਸੀਂ ਸਵਰਗ ਵਿਚ ਹੋ। ਘਰ ਪਰਤੋਗੇ, ਭੁੱਲ–ਭੁੱਲ ਜਾਏਗਾ ਸਭ ਅਨੰਦ, ਪਹੁੰਚ ਜਾਉਗੇ ਆਪਣੀ ਪੁਰਾਣੀ ਦੁਨੀਆਂ ਵਿਚ, ਉਹੀ ਉਪੱਦਰ ਫਿਰ ਤੁਹਾਨੂੰ ਪਕੜ ਲੈਣਗੇ–ਤੁਸੀਂ ਨਰਕ ਵਿਚ ਆ ਗਏ। ਜੇ ਸਮਝ ਜਾਗਣ ਲੱਗੇਗੀ ਤਾਂ ਹੌਲੀ–ਹੌਲੀ ਤੁਸੀਂ ਇਥੇ ਜੋ ਪੈਦਾ ਹੁੰਦਾ ਹੈ ਉਸਨੂੰ ਘਰ ਤਕ ਸੰਭਾਲ ਕੇ ਲੈ ਜਾਉਗੇ, ਉਸਨੂੰ ਘਰ ਵਿਚ ਵੀ ਸੰਭਾਲੀ ਰਖੋਗੇ। ਤੁਸੀਂ ਹਰ ਮੌਕੇ ਨੂੰ ਇਕ ਪ੍ਰੀਖਿਆ ਬਣਾ ਲਵੋਗੇ ਕਿ ਪਤਨੀ ਖ਼ਫਾ ਹੋ ਰਹੀ ਹੈ, ਐਪਰ ਤੁਸੀਂ ਆਪਣਾ ਸਵਰਗ ਸੰਭਾਲਿਆ ਹੋਇਆ ਹੈ; ਤੁਸੀਂ ਕਹਿੰਦੇ ਹੋ ਕਿ ਵਿਗੜਨ ਨਹੀਂ ਦਿਆਂਗੇ ਸਵਰਗ। ਤੁਸੀਂ ਹੋਸ਼ ਸੰਭਾਲਿਆ ਹੋਇਆ ਹੈ, ਕਿ ਕਰਨ ਦਿਉ ਪਤਨੀ ਨੂੰ ਸ਼ੋਰ–ਸ਼ਰਾਬਾ, ਪਟਕਣ ਦਿਉ ਪਲੇਟਾਂ, ਖੜਕਾਉਣ ਦਿਉ ਦਰਵਾਜ਼ੇ, ਕਰਨ ਦਿਉ ਜੋ ਕਰਨਾ ਹੈ–ਮੈਂ ਆਪਣਾ ਸਵਰਗ ਸੰਭਾਲਾਂ। ਇਕ ਦਿਨ ਤੁਸੀਂ ਪਾਉਗੇ ਕਿ ਤੁਸੀਂ ਉਥੇ ਵੀ ਸੰਭਾਲ ਸਕਦੇ ਹੋ। ਦੁਕਾਨ 'ਤੇ ਵੀ ਸੰਭਾਲ ਸਕਦੇ ਹੋ। ਹੌਲੀ–ਹੌਲੀ ਇਹ ਅਨੁਭਵ ਗਹਿਰਾ ਹੁੰਦਾ ਜਾਏਗਾ ਅਤੇ ਤੁਸੀਂ ਜਿਥੇ ਚਾਹੋ ਉਥੇ ਸੰਭਾਲ ਸਕਦੇ ਹੋ।

ਨਰਕ ਤੋਂ ਸਵਰਗ ਅਤੇ ਫਿਰ ਸਵਰਗ ਤੋਂ ਮੋਕਸ਼ ਤਕ ਉਠ ਜਾਣਾ। ਐਪਰ ਹੈ ਸਭ ਇਥੇ–ਈ। ਇਸ ਸੰਸਾਰ ਦੇ ਇਲਾਵਾ ਹੋਰ ਕੋਈ ਸੰਸਾਰ ਨਹੀਂ।

ਰੁਕੀ–ਰੁਕੀ ਸੀ ਸ਼ਬੇ–ਮਰਗ ਖ਼ਤਮ ਪਰ ਆਈ।

ਵੋ ਪੌ ਫਟੀ ਵੋ ਨਈ ਜ਼ਿੰਦਗੀ ਨਜ਼ਰ ਆਈ॥

ਸਤਿਸੰਗ, ਜਾਗ! ਸਵੇਰ ਕੋਲ ਹੀ ਹੈ, ਹੱਥ ਵਧਾ ਅਤੇ ਫੜ ਲੈ।

ਰੁਕੀ-ਰੁਕੀ ਸੀ ਸ਼ਬੇ ਮਰਗ ਖ਼ੱਤਮ ਪਰ ਆਈ।

ਮੌਤ ਦੀ ਰਾਤ ਖ਼ਤਮ ਹੋਣ ਨੂੰ ਆ ਗਈ।

ਵੋ ਪੌ ਫਟੀ ਵੋ ਨਈ ਜ਼ਿੰਦਗੀ ਨਜ਼ਰ ਆਈ॥

ਸਵੇਰ ਹੋਣ ਵਾਲੀ ਹੈ। ਉਹ ਨਵੀਂ ਜ਼ਿੰਦਗੀ ਪੈਦਾ ਹੋਣ ਵਾਲੀ ਹੈ। ਲੇਕਿਨ ਨਵੀਂ ਜ਼ਿੰਦਗੀ ਕੋਈ ਦੂਜੀ ਜ਼ਿੰਦਗੀ ਨਹੀਂ ਹੈ। ਨਵੀਂ ਜ਼ਿੰਦਗੀ ਇਸੇ ਜ਼ਿੰਦਗੀ ਦਾ ਨਵਾਂ ਰੂਪ ਹੈ, ਇਕ ਨਵਾਂ ਨਿਖਾਰ, ਇਕ ਨਵੀਂ ਸ਼ੈਲੀ, ਇਕ ਨਵਾਂ ਅੰਦਾਜ਼।

ਰੁਕੀ-ਰੁਕੀ-ਸੀ ਸ਼ਬੇ-ਮਰਗ ਖ਼ੱਤਮ ਪਰ ਆਈ।
ਵੋ ਪੌ ਫਟੀ ਵੋ ਨਈ ਜ਼ਿੰਦਗੀ ਨਜ਼ਰ ਆਈ॥
ਯੇ ਮੌਤ ਵੋ ਹੈ ਕਿ ਪਰਛਾਈਆਂ ਭੀ ਦੇਂਗੀ ਨਾ ਸਾਥ।
ਮੁਸਾਫਿਰੋਂ ਸੇ ਕਹੋ ਉਨਕੀ ਰਹਿਗੁਜ਼ਰ ਆਈ॥
ਫ਼ਜ਼ਾ ਤੱਬਸੁਮੇ-ਸੁਬਹੇ-ਬਹਾਰ ਥੀ ਲੇਕਿਨ।
ਪਹੁੰਚ ਕੇ ਮੰਜ਼ਿਲੇ-ਜਾਨਾਂ ਪੇ ਆਂਖ ਭਰ ਆਈ॥
ਕਿਸੀ ਕੀ ਬਜ਼ਮੇ-ਤਰਬ ਮੇਂ ਹਯਾਤ ਬਟਤੀ ਥੀ।
ਉਮੀਦਵਾਰੋਂ ਮੇਂ ਕਲ ਮੌਤ ਭੀ ਨਜ਼ਰ ਆਈ॥
ਕਹਾਂ ਹਰ ਏਕ ਸੇ ਇਨਸਾਨਿਅਤ ਕਾ ਭਾਰ ਉਠਾ!
ਕਿ ਯੇ ਬਲਾ ਭੀ ਤੇਰੇ ਆਸ਼ਿਕੋਂ ਕੇ ਸਰ ਆਈ॥
ਦਿਲੋਂ ਮੇਂ ਆਜ ਤੇਰੀ ਯਾਦ ਮੁੱਦਤੋਂ ਕੇ ਬਾਦ।
ਬਾ-ਚੇਹਰਾ-ਏ-ਤਬੱਸੁਮ ਵਾ ਚੱਸ਼ਮੇ-ਤਰ ਆਈ॥
ਨਯਾ ਨਹੀਂ ਹੈ ਮੁਝੇ ਮਰਗੇ-ਨਾਗਹਾਂ ਕਾ ਪਯਾਮ।
ਹਜ਼ਾਰ ਰੰਗ ਸੇ ਅਪਨੀ ਮੁਝੇ ਖ਼ਬਰ ਆਈ॥
ਫ਼ਜ਼ਾ ਕੋ ਜੈਸੇ ਕੋਈ ਰਾਗ ਚੀਰਤਾ ਜਾਏ।
ਤੇਰੀ ਨਿਗਾਹ ਦਿਲੋਂ ਮੇਂ ਯੂੰ ਹੀ ਉਤਰ ਆਈ॥
ਜ਼ਰਾ ਵਿਸਾਲ ਕੇ ਬਾਅਦ ਆਈਨਾ ਤੋ ਦੇਖ ਐ ਦੋਸਤ!

ਤੇਰੇ ਜਮਾਲ ਕੀ ਦੋਸ਼ੀਜ਼ਗੀ ਨਿਖਰ ਆਈ॥

ਅਜਬ ਨਹੀਂ ਕਿ ਚਮਨ–ਪਰ–ਚਮਨ ਬਨੇ ਹਰ ਫੂਲ।

ਕਲੀ–ਕਲੀ ਕੀ ਸਬਾ ਜਾ ਕੇ ਗੋਦ ਭਰ ਆਈ॥

ਸ਼ਬੇ–'ਫ਼ਿਰਾਕ਼' ਉਠੇ ਦਿਲ ਮੇਂ ਔਰ ਭੀ ਕੁਛ ਦਰਦ।

ਕਹੂੰ ਮੈਂ ਕੈਸੇ ਤੇਰੀ ਯਾਦ ਰਾਤ ਭਰ ਆਈ॥

ਪਰਮਾਤਮਾ ਨੂੰ ਯਾਦ ਕਰਨ ਦਾ ਛਿਨ ਸਤਿਸੰਗ! ਕਰੀਬ ਆ ਗਿਆ। ਨੱਚ! ਗੁਣਗੁਣਾ! ਮਸਤ ਹੋ! ਵੰਡ!

ਇਹੀ ਹੈ, ਜਿਵੇਂ ਤੂੰ ਪੁਛਿਆ ਹੈ। ਅਜੇਹਾ ਹੀ ਸੱਚ ਹੈ। ਨਾ ਸਵਰਗ ਹੈ ਕੋਈ, ਨਾ ਨਰਕ ਹੈ ਕੋਈ, ਨਾ ਮੋਕਸ਼ ਹੈ ਕਿਤੇ। ਸਭ ਇਥੇ–ਈ ਹੈ–ਤੁਹਾਡੇ ਹੋਣ ਦੇ ਢੰਗ, ਤੁਹਾਡੇ ਹੋਣ ਦੀਆਂ ਸ਼ੈਲੀਆਂ।

ਪ੍ਰਾਰਥਨਾ ਕੀ ਹੈ, ਨਹੀਂ ਸਮਝ ਵਿਚ ਆਇਆ। ਕੋਈ ਜ਼ਰੂਰਤ ਨਹੀਂ ਹੈ। ਪ੍ਰਾਰਥਨਾ ਭਾਵ ਦੀ ਦਸ਼ਾ ਹੈ, ਸਮਝਣ ਦੀ ਕੋਈ ਲੋੜ ਵੀ ਨਹੀਂ ਹੈ। ਪ੍ਰਾਰਥਨਾ ਝੁਕਣ ਦਾ ਅਨੰਦ ਹੈ, ਨਿਮਨ ਹੈ, ਧੰਨਵਾਦ ਹੈ, ਸ਼ੁਕਰਾਨੇ ਦਾ ਭਾਵ ਹੈ।

ਅਤੇ ਤੂੰ ਕਿਹਾ : 'ਨਾ ਕਿਤੇ ਜਾਣਾ ਹੈ ਨਾ ਕੁਝ ਹੋਣਾ ਹੈ।' ਬਸ ਮੇਰੀ ਗੱਲ ਸਮਝ ਵਿਚ ਆਉਣ ਲੱਗੀ। ਇਹੀ ਤਾਂ ਮੈਂ ਕਹਿ ਰਿਹਾ ਹਾਂ। ਨਾ ਕਿਤੇ ਜਾਣਾ ਹੈ, ਨਾ ਕੁਝ ਹੋਣਾ ਹੈ। ਜਾਗਣਾ ਹੈ। ਤੁਸੀਂ ਜੋ ਹੋਣਾ ਚਾਹੀਦਾ ਹੈ, ਹੋ ਹੀ। ਅਤੇ ਤੁਹਾਨੂੰ ਜਿਥੇ ਹੋਣਾ ਚਾਹੀਦਾ ਹੈ, ਉਥੇ–ਈ ਤੁਸੀਂ ਹੋ। ਸਿਰਫ ਤੁਸੀਂ ਸੁੱਤੇ ਹੋਏ ਹੋ। ਜਾਗੋ! ਅਤੇ ਨੱਚਣ ਲੱਗੋ ਤਾਂ ਜਾਗ ਹੀ ਜਾਓਗੇ।

ਜ਼ਰਾ ਸੋਚੋ, ਕੋਈ ਸੁੱਤਾ ਹੋਇਆ ਆਦਮੀ ਉਠ ਕੇ ਨੱਚਣ ਲੱਗੇ, ਕਿੰਨੀ ਦੇਰ ਸੁੱਤਾ ਰਹੇਗਾ? ਨੱਚਿਆ ਕਿ ਜਾਗਿਆ। ਜਾਗਿਆ ਕਿ ਨੱਚਿਆ। ਦੋਹਾਂ ਪਾਸਿਆਂ ਤੋਂ ਯਾਤਰਾ ਹੁੰਦੀ ਹੈ। ਜਿਹੜੇ ਜਾਗਣ ਲਗਦੇ ਹਨ ਉਹ ਨੱਚਣ ਲਗਦੇ ਹਨ। ਜਿਹੜੇ ਨੱਚਣ ਲਗਦੇ ਹਨ ਉਹ ਜਾਗਣ ਲਗਦੇ ਹਨ। ਇਹ ਇਕ ਹੀ ਘਟਨਾ ਦੇ ਦੋ ਹਿੱਸੇ ਹਨ। ਨੱਚਦਾ ਹੋਇਆ ਆਦਮੀ ਕਿਵੇਂ ਸੌਂਵੇਗਾ? ਗਾਉਂਦਾ ਹੋਇਆ ਆਦਮੀ ਕਿਵੇਂ ਸੌਂਵੇਗਾ?

ਗੀਤ ਨੂੰ ਜ਼ੋਰ ਨਾਲ ਉਠਣ ਦਿਓ! ਪ੍ਰਾਣ ਦੇ ਸੰਗੀਤ ਨੂੰ ਜ਼ੋਰ ਨਾਲ ਗੂੰਜਣ ਦਿਓ।

ਰੁਕੀ ਰੁਕੀ ਸੀ ਸ਼ਬੇ–ਮਰਗ ਖ਼ਤਮ ਪਰ ਆਈ।

ਵੋ ਪੌ ਫਟੀ ਵੋ ਨਈ ਜ਼ਿੰਦਗੀ ਨਜ਼ਰ ਆਈ॥

ਦੂਜਾ ਸਵਾਲ–

ਪਿਆਰ ਪਰ ਬਸ ਤੋ ਨਹੀਂ ਹੈ ਮੇਰਾ ਲੇਕਿਨ ਫਿਰ ਭੀ

ਤੂ ਬਤਾ ਦੇ ਕਿ ਤੁਝੇ ਪਿਆਰ ਕਰੂੰ ਯਾ ਨਾ ਕਰੂੰ?

ਮਾਲਾ! ਪੁੱਛਣ ਦੀ ਸਹੂਲਤ ਕਿਥੇ ਹੈ? ਪ੍ਰੇਮ ਹੋ ਜਾਂਦਾ ਹੈ ਤਾਂ ਹੋ ਜਾਂਦਾ ਹੈ, ਨਹੀਂ ਹੁੰਦਾ ਤਾਂ ਨਹੀਂ ਹੁੰਦਾ। ਕਰਨ

ਦੀ ਗੱਲ ਕਿਥੇ? ਨਿਰਨੇ ਦੀ ਸਹੂਲਤ ਕਿਥੇ ਪ੍ਰੇਮ ਵਿਚ? ਪ੍ਰੇਮ ਮੌਕਾ ਕਿਥੇ ਦਿੰਦਾ ਹੈ ਕਿ ਚੁਣੋ? ਪ੍ਰੇਮ ਤਾਂ ਪਕੜ ਲੈਂਦਾ ਹੈ। ਤੁਹਾਡੇ ਹੱਥ ਵਿਚ ਥੋੜ੍ਹਾ-ਈ ਪ੍ਰੇਮ ਹੈ-ਤੁਸੀਂ ਪ੍ਰੇਮ ਦੇ ਹੱਥ ਵਿਚ ਹੋ। ਪ੍ਰੇਮ ਤੁਹਾਥੋਂ ਵੱਡਾ ਹੈ। ਅਤੇ ਜਦ ਆਉਂਦਾ ਹੈ ਤਦ ਆ ਜਾਂਦਾ ਹੈ ਅਤੇ ਤੁਹਾਨੂੰ ਵਹਾ ਲੈ ਜਾਂਦਾ ਹੈ। ਜਿਵੇਂ ਹੜ੍ਹ ਆ ਜਾਵੇ, ਜਿਵੇਂ ਤੂਫਾਨ ਆ ਜਾਵੇ-ਇਉਂ ਪ੍ਰੇਮ ਆਉਂਦਾ ਹੈ।

ਤੂੰ ਪੁਛਿਆ-

ਪਿਆਰ ਪਰ ਬਸ ਤੋ ਨਹੀਂ ਹੈ ਮੇਰਾ ਲੇਕਿਨ ਫਿਰ ਭੀ
ਤੂ ਬਤਾ ਦੇ ਕਿ ਤੁਝੇ ਪਿਆਰ ਕਰੂੰ ਯਾ ਨਾ ਕਰੂੰ?

ਪ੍ਰੇਮ ਉਤੇ ਵੱਸ ਨਹੀਂ ਹੈ, ਇਹ ਜੇਕਰ ਸਮਝ ਵਿਚ ਆ ਗਿਆ, ਤਾਂ ਫਿਰ 'ਲੇਕਿਨ, ਫਿਰ ਭੀ' ਦੀ ਗੁੰਜਾਇਸ਼ ਕਿਥੇ? ਫਿਰ ਤੋਂ ਵਾਪਸ 'ਵੱਸ' ਦੀ ਗੱਲ ਨਾ ਉਠਾ। ਅਤੇ ਪ੍ਰੇਮ ਪੁੱਛਦਾ ਥੋੜ੍ਹਾ-ਈ ਹੈ। ਅਤੇ ਜਿਸ ਪ੍ਰੇਮ ਵਿਚ ਤੁਸੀਂ ਮੇਰੇ ਨਾਲ ਬੱਝ ਰਹੇ ਹੋ, ਇਸ ਵਿਚ ਪੁੱਛਣ ਦੀ ਕੋਈ ਜ਼ਰੂਰਤ ਹੀ ਨਹੀਂ ਹੈ। ਕਿਉਂਕਿ ਇਹ ਪ੍ਰੇਮ ਬੰਧਨ ਨਹੀਂ ਹੈ, ਇਹ ਪ੍ਰੇਮ ਸੁਤੰਤਰਤਾ ਹੈ।

ਪ੍ਰੇਮ ਦੇ ਦੋ ਰੂਪ ਹਨ। ਇਕ ਤਾਂ ਪ੍ਰੇਮ ਦਾ ਰੂਪ ਹੈ-ਬੰਧਨ ਦਾ। ਉਸ ਨਾਲ ਹੀ ਤਾਂ ਲੋਕ ਪੀੜਤ ਹਨ, ਪਰੇਸ਼ਾਨ ਹਨ, ਥੱਕ ਗਏ ਹਨ, ਬੁਰੀ ਤਰ੍ਹਾਂ ਥੱਕ ਗਏ ਹਨ।

ਕਲ੍ਹ ਹੀ ਮੈਂ ਇਕ ਕਹਾਣੀ ਸੁਣਾ ਰਿਹਾ ਸੀ। ਇਕ ਆਦਮੀ ਆਪਣੇ ਵਿਆਹ ਦੀ ਪੰਝੀਵੀਂ ਵਰ੍ਹੇਗੰਢ ਮਨਾ ਰਿਹਾ ਸੀ। ਨਾਚ, ਗੀਤ ਚੱਲ ਰਿਹਾ ਸੀ, ਸ਼ਰਾਬ ਵਰਤਾਈ ਜਾ ਰਹੀ ਸੀ। ਮਿੱਤਰ ਇਕੱਠੇ ਹੋਏ ਸਨ। ਅਮਰੀਕਾ ਦੀ ਗੱਲ ਹੈ, ਜਿਥੇ ਕਿ ਪੰਝੀ ਸਾਲ ਇਕ ਹੀ ਵਿਆਹ ਵਿਚ ਰਹਿ ਆਉਣਾ ਬੜੀ ਲਾਸਾਨੀ ਘਟਨਾ ਹੈ। ਤਿੰਨ-ਚਾਰ ਸਾਲ ਵਿਚ ਲੋਕ ਜਿਵੇਂ ਹੋਰ ਸਭ ਚੀਜ਼ਾਂ ਬਦਲ ਲੈਂਦੇ ਹਨ ਉਵੇਂ ਪਤਨੀ ਵੀ ਬਦਲ ਲੈਂਦੇ ਹਨ। ਪੰਝੀ ਸਾਲ! ਸਿਲਵਰ-ਜੁਬਲੀ ਮਨਾ ਰਿਹਾ ਸੀ। ਲੇਕਿਨ ਅਚਾਨਕ ਇਕ ਮਿੱਤਰ ਨੇ ਦੇਖਿਆ ਕਿ ਉਹ ਇਕਦਮ ਨਾਲ ਉਦਾਸ ਹੋ ਗਿਆ ਅਤੇ ਫਿਰ ਬਾਹਰ ਚਲਿਆ ਗਿਆ। ਤਾਂ ਉਹ ਮਿੱਤਰ ਵੀ ਉਸਦੇ ਪਿਛੇ ਹੋ ਲਿਆ। ਬਾਕੀ ਤਾਂ ਆਪਣੀ ਮਸਤੀ ਵਿਚ ਸਨ, ਨਾਚ-ਗੀਤ ਚੱਲ ਰਿਹਾ ਸੀ, ਸ਼ਰਾਬ ਵਰਤਾਈ ਜਾ ਰਹੀ ਸੀ, ਭੋਜਨ ਹੋ ਰਿਹਾ ਸੀ। ਉਹ ਮਿੱਤਰ ਉਸਦੇ ਪਿਛੇ-ਪਿਛੇ ਬਾਹਰ ਚਲਿਆ ਗਿਆ। ਉਹ ਆਦਮੀ ਬਾਹਰ ਗਿਆ, ਜਿਸਦੇ ਵਿਆਹ ਦੀ ਰਜਤ-ਜਯੰਤੀ ਮਨਾਈ ਜਾ ਰਹੀ ਸੀ, ਅਤੇ ਇਕ ਬਿਰਛ ਦੇ ਹੇਠਾਂ ਖੜ੍ਹਾ ਹੋ ਕੇ ਰੋਣ ਲੱਗਿਆ। ਅੱਖਾਂ ਵਿਚੋਂ ਹੰਝੂ ਟਪਕਣ ਲੱਗੇ। ਉਸ ਮਿੱਤਰ ਨੇ ਉਸ ਤੋਂ ਪੁਛਿਆ ਕਿ ਕੀ ਗੱਲ ਹੈ? ਇਸ ਖ਼ੁਸ਼ੀ ਦੇ ਮੌਕੇ 'ਤੇ ਰੋ ਕਿਉਂ ਰਿਹਾ ਹੈਂ?

ਉਸਨੇ ਕਿਹਾ: ਰੋਣ ਦਾ ਕਾਰਨ ਹੈ। ਵਿਆਹ ਦੇ ਪੰਜ ਸਾਲ ਬਾਅਦ ਮੈਂ ਅੱਕ ਗਿਆ ਇਸ ਵਿਆਹ ਤੋਂ, ਇਸਦੇ ਬੰਧਨ ਤੋਂ ਮੈਂ ਇੰਨਾ ਅੱਕ ਗਿਆ ਕਿ ਮੈਂ ਸੋਚਿਆ ਕਿ ਇਸ ਇਸਤ੍ਰੀ ਦੀ ਹੱਤਿਆ ਹੀ ਕਰ ਦਿਆਂ। ਮੈਂ ਆਪਣੇ ਵਕੀਲ

ਕੋਲ ਗਿਆ—ਪੁੱਛਣ ਕਿ ਜੇ ਮੈਂ ਹੱਤਿਆ ਕਰਾਂ ਤਾਂ ਕੀ ਹੋਵੇਗਾ? ਜੇ ਫੜਿਆ ਜਾਵਾਂ ਤਾਂ ਕੀ ਹੋਵੇਗਾ?

ਤਾਂ ਵਕੀਲ ਨੇ ਕਿਹਾ ਕਿ ਘਟ-ਤੋਂ-ਘਟ ਵੀਹ ਸਾਲ ਦੀ ਸਜ਼ਾ ਹੋਵੇਗੀ। ਘਟ-ਤੋਂ-ਘਟ! ਇੰਨਾ ਤਾਂ ਪੱਕਾ ਹੀ ਹੈ। ਵਧ ਵੀ ਹੋ ਸਕਦੀ ਹੈ, ਪਰ ਘਟ-ਤੋਂ-ਘਟ ਵੀਹ ਸਾਲ ਦੀ ਸਜ਼ਾ ਹੋਵੇਗੀ। ਤਾਂ ਮੈਂ ਡਰ ਗਿਆ ਅਤੇ ਮੈਂ ਹੱਤਿਆ ਨਹੀਂ ਕੀਤੀ।

ਤਾਂ ਉਸਨੇ ਪੁਛਿਆ ਕਿ ਫਿਰ ਹੁਣ ਰੋ ਕਿਉਂ ਰਿਹਾ ਹੈਂ?

ਉਸਨੇ ਕਿਹਾ ਕਿ ਹੁਣ ਰੋ ਰਿਹਾ ਹਾਂ ਕਿ ਜੇ ਮੈਂ ਉਸ ਮੂਰਖ ਵਕੀਲ ਦੀ ਗੱਲ ਨਾ ਮੰਨੀ ਹੁੰਦੀ ਤਾਂ ਅੱਜ ਜੇਲ੍ਹ ਤੋਂ ਛੁਟ ਜਾਂਦਾ, ਅਜ਼ਾਦ ਹੋ ਜਾਂਦਾ। ਅੱਜ ਦਾ ਦਿਨ ਅਨੰਦ ਦਾ ਦਿਨ ਹੁੰਦਾ, ਪਰ ਉਸ ਮੂਰਖ ਵਕੀਲ ਦੀ ਗੱਲ ਮੰਨ ਕੇ ਮੈਂ ਅਟਕ ਗਿਆ ਸੋ ਅਟਕ ਗਿਆ।

ਇਕ ਪ੍ਰੇਮ ਤੁਸੀਂ ਸੰਸਾਰ ਵਿਚ ਜਾਣਿਆ ਹੈ, ਜੋ ਬੰਧਨ ਹੈ। ਇਸਲਈ ਉਸ ਵਿਚ ਦੂਜੇ ਦੀ ਆਗਿਆ ਲੈਣੀ ਜ਼ਰੂਰੀ ਹੁੰਦੀ ਹੈ। ਸੁਭਾਵਿਕ ਹੀ। ਜਦ ਕਿਸੇ ਨੂੰ ਬੰਨ੍ਹਣ ਚੱਲੇ ਤਾਂ ਉਸ ਤੋਂ ਪੁੱਛਣਾ ਪਏਗਾ ਕਿ ਭਰਾ ਜੀ, ਤੁਸੀਂ ਬੰਨ੍ਹੇ ਜਾਣ ਨੂੰ ਰਾਜ਼ੀ ਹੋ ਜਾਂ ਨਹੀਂ? ਇਸਲਈ ਆਖਦੇ ਹਨ : ਪ੍ਰੇਮ-ਬੰਧਨ, ਵਿਆਹ-ਬੰਧਨ। ਸਾਡੇ ਪੁੱਤਰ ਅਤੇ ਪੁੱਤਰੀਆਂ ਵਿਆਹ ਦੇ ਬੰਧਨ ਵਿਚ ਬੱਝ ਰਹੇ ਹਨ—ਸੱਦਾ-ਪੱਤਰਾਂ ਵਿਚ ਲਿਖਿਆ ਹੁੰਦਾ ਹੈ। ਬੰਧਨ! ਇਸਲਈ ਸੁਭਾਵਕ ਹੀ ਦੂਜੇ ਦੀ ਮਰਜ਼ੀ ਵੀ ਘਟੋ-ਘਟ ਸ਼ੁਰੂ ਵਿਚ ਇਕ ਵਾਰ ਤਾਂ ਪੁੱਛ ਲੈਣੀ ਜ਼ਰੂਰੀ ਹੈ। ਇਕ ਵਾਰ ਬੱਝ ਗਏ ਤਾਂ ਫਿਰ ਬੱਝ ਗਏ, ਫਿਰ ਨਿਕਲਣਾ ਕੋਈ ਅਸਾਨ ਥੋੜ੍ਹਾ-ਈ ਹੈ। ਫਿਰ ਤਾਂ ਦੋਵੇਂ ਨਿੱਬੜ ਲੈਣਗੇ ਆਪਸ ਵਿਚ। ਐਪਰ ਸ਼ੁਰੂ ਵਿਚ ਤਾਂ ਘਟ-ਤੋਂ-ਘਟ ਮੰਜ਼ੂਰੀ, ਇਕ ਸਮਝੌਤਾ ਤਾਂ ਹੋਣਾ ਹੀ ਚਾਹੀਦਾ ਹੈ।

ਮੇਰੇ ਨਾਲ ਪ੍ਰੇਮ ਉਹੋ-ਜਿਹਾ ਪ੍ਰੇਮ ਤਾਂ ਨਹੀਂ। ਮੇਰੇ ਨਾਲ ਤੁਸੀਂ ਬੱਝ ਤਾਂ ਨਹੀਂ ਰਹੇ ਹੋ। ਮੈਂ ਤੁਹਾਨੂੰ ਮੁਕਤ ਕਰ ਰਿਹਾ ਹਾਂ। ਅਤੇ ਜਦ ਮੈਂ ਤੁਹਾਨੂੰ ਮੁਕਤ ਕਰ ਰਿਹਾ ਹਾਂ, ਤਾਂ ਸੁਭਾਵਕ ਹੀ ਇਕ ਹੋਰ ਹੀ ਢੰਗ ਦਾ ਪ੍ਰੇਮ ਹੈ। ਇਹੀ ਪ੍ਰੇਮ ਹੈ। ਪ੍ਰੇਮ ਦੀ ਪਰਿਭਾਸ਼ਾ ਇਹੀ ਹੈ—ਜੋ ਮੁਕਤ ਕਰੇ। ਜੋ ਬੰਧਨ ਵਿਚ ਲੈ ਜਾਵੇ, ਉਹ ਵੈਰ ਹੋਵੇਗਾ, ਮਿੱਤਰਤਾ ਕੇਹੀ? ਜੋ ਤੁਹਾਡੇ ਜੀਵਨ ਦੀ ਸੁਤੰਤਰਤਾ ਨੂੰ ਖੰਡਤ ਕਰ ਦੇਵੇ, ਜੋ ਤੁਹਾਡੇ ਪੈਰਾਂ ਵਿਚ ਜੰਜ਼ੀਰਾਂ ਪਾ ਦੇਵੇ, ਹੱਥਾਂ ਵਿਚ ਹਥਕੜੀਆਂ ਪਾ ਦੇਵੇ, ਜੋ ਤੁਹਾਡੀ ਗਰਦਨ ਵਿਚ ਫਾਹ ਬਣ ਜਾਵੇ, ਉਸਦਾ ਨਾਂ ਪ੍ਰੇਮ ਹੈ, ਤਾਂ ਫਿਰ ਘਿਰਣਾ ਕਿਸਦਾ ਨਾਂ ਹੈ? ਜੇਕਰ ਜੇਲਖਾਨੇ ਦਾ ਨਾਂ ਪ੍ਰੇਮ ਹੈ ਤਾਂ ਫਿਰ ਮੰਦਰ... ਫਿਰ ਮੰਦਰ ਕਿਥੇ ਬਣੇਗਾ?

ਪ੍ਰੇਮ ਮੰਦਰ ਹੈ—ਬੰਦੀਘਰ ਨਹੀਂ ਹੈ। ਅਤੇ ਪ੍ਰੇਮ ਸੁਤੰਤਰਤਾ ਹੁੰਦਾ ਹੈ। ਪ੍ਰੇਮ ਸੁਤੰਤਰਤਾ ਵਿਚ ਹੀ ਸਾਹ ਲੈਂਦਾ ਹੈ। ਪ੍ਰੇਮ ਖੰਭ ਖਿਲਾਰਦਾ ਹੈ ਸੁਤੰਤਰਤਾ ਦੇ ਹੀ ਅਕਾਸ਼ ਵਿਚ।

ਤਾਂ ਇਥੇ ਤਾਂ ਤੁਸੀਂ ਸੁਤੰਤਰਤਾ ਦਾ ਪਾਠ ਸਿਖਣ ਮੇਰੇ ਕੋਲ ਆਏ ਹੋ। ਜੇ ਤੁਸੀਂ ਮੇਰੇ ਪ੍ਰੇਮ ਵਿਚ ਵੀ ਪੈ ਰਹੇ ਹੋ ਤਾਂ ਇਸਲਈ ਕਿ ਤੁਹਾਨੂੰ ਸੁਤੰਤਰਤਾ ਨਾਲ ਪ੍ਰੇਮ ਹੈ; ਹੋਰ ਕੋਈ ਕਾਰਨ ਨਹੀਂ। ਮੇਰੇ ਨਾਲ ਤੁਸੀਂ ਸਬੰਧ ਵੀ ਜੋੜ ਰਹੇ ਹੋ

ਤਾਂ ਇਸੇਲਈ ਤਾਂ ਜੋ ਮੁਕਤ ਹੋ ਸਕੋ। ਮੁਕਤੀ ਯਾਨੀ ਸੁਤੰਤਰਤਾ। ਪਰਮ ਮੁਕਤੀ ਅਨੁਭਵ ਵਿਚ ਆ ਸਕੇ।

ਮੈਥੋਂ ਪੁੱਛਣ ਦੀ ਕੋਈ ਜ਼ਰੂਰਤ ਨਹੀਂ। ਤੂੰ ਮੈਨੂੰ ਕੋਈ ਬੰਨ੍ਹਣ ਤਾਂ ਮਾਲਾ ਜਾ ਨਹੀਂ ਰਹੀ, ਨਾ ਮੈਂ ਤੈਨੂੰ ਬੰਨ੍ਹ ਰਿਹਾ ਹਾਂ। ਇਥੇ ਤਾਂ ਸਾਰੇ ਬੰਧਨ ਡੇਗਣੇ ਹਨ। ਦਿਲ ਭਰ ਕੇ ਕਰ, ਜਿੰਨਾ ਕਰ ਸਕੇਂ ਉਂਨਾ ਪ੍ਰੇਮ ਕਰ। ਅਤੇ ਮੈਂ ਤੈਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਹੀ ਕਿਉਂ ਪ੍ਰੇਮ ਕਰੇਂ! ਉਸਨੂੰ ਇਕ ਹੀ ਦਿਸ਼ਾ ਵਿਚ ਕਿਉਂ ਬਹਾਵੇਂ। ਜਦ ਇਕ ਦਿਸ਼ਾ ਵਿਚ ਵਹਾਉਣ ਤੋਂ ਇੰਨਾ ਅਨੰਦ ਮਿਲਦਾ ਹੈ ਤਾਂ ਸਾਰੀਆਂ ਦਿਸ਼ਾ ਵਿਚ ਕਿਉਂ ਨੂੰ ਵਹਾਓ? ਅਨੰਤਗੁਣਾ ਅਨੰਦ ਹੋਵੇਗਾ।

ਇਸਲਈ ਬਜਾਇ ਵਿਅਕਤੀਆਂ ਦੇ ਪ੍ਰਤੀ ਪ੍ਰੇਮ ਦੀ ਧਾਰਾ ਬਨਾਉਣ ਦੇ, ਸਿਰਫ ਪ੍ਰੇਮ ਦੀ ਅਵਸਥਾ ਬਨਾਉਣੀ ਚਾਹੀਦੀ ਹੈ। ਚਾਰੇ ਪਾਸੇ ਵਹਿੰਦੀ ਰਹੇ। ਜਿਸ ਨਾਲ ਮਿਲੋ, ਜਿਸਦੇ ਕੋਲ ਬੈਠੋ, ਜਿਥੇ ਖੜ੍ਹੇ ਹੋ ਜਾਉ, ਉਥੇ-ਈ ਪ੍ਰੇਮ ਦੀ ਸੁਗੰਧ ਉੱਡਣੀ ਚਾਹੀਦੀ ਹੈ। ਕਾਸ਼, ਮੈਂ ਤੁਹਾਨੂੰ ਅਜੇਹਾ ਪ੍ਰੇਮ ਸਿਖਾ ਸਕਾਂ ਤਾਂ ਮੇਰਾ ਕੰਮ ਪੂਰਾ ਹੋਇਆ।

ਪਰ ਖਿਆਲ ਰਖਣਾ, ਬੰਨ੍ਹਣ ਵਾਲੇ ਪ੍ਰੇਮ ਵਿਚ ਹੰਕਾਰ ਨੂੰ ਮਰਨ ਦੀ ਜ਼ਰੂਰਤ ਨਹੀਂ ਪੈਂਦੀ। ਸੱਚ ਤਾਂ ਇਹ ਹੈ, ਜਿੰਨੇ ਬੰਧਨ ਹੁੰਦੇ ਹਨ, ਹੰਕਾਰ ਦਾ ਉਂਨਾ ਹੀ ਬਚਾਅ ਹੁੰਦਾ ਹੈ। ਬੰਧਨ ਹੰਕਾਰ ਦੇ ਲਈ ਜ਼ੇਵਰ ਹੈ। ਅਤੇ ਜਿਥੇ ਸੁਤੰਤਰਤਾ ਪ੍ਰੇਮ ਦਾ ਅਰਥ ਹੁੰਦਾ ਹੈ ਉਥੇ ਹੰਕਾਰ ਨੂੰ ਮਰਨਾ ਹੁੰਦਾ ਹੈ। ਸੁਤੰਤਰਤਾ ਹੰਕਾਰ ਦੇ ਲਈ ਮੌਤ ਹੈ। ਉਹ ਉਸਦੀ ਕਬਰ ਹੈ। ਇਸਲਈ ਤਾਂ ਲੋਕ ਬੰਧਨ ਵਾਲੇ ਪ੍ਰੇਮ ਨੂੰ ਪਸੰਦ ਕਰਦੇ ਹਨ; ਬੰਧਨ-ਮੁਕਤ ਪ੍ਰੇਮ ਨੂੰ ਨਹੀਂ, ਕਿਉਂਕਿ ਉਥੇ ਹੰਕਾਰ ਗੰਵਾਉਣਾ ਪਏਗਾ। ਜੇਕਰ ਕੋਈ ਚੀਜ਼ ਬੰਨ੍ਹਣ ਨੂੰ ਨਾ ਹੋਵੇ ਤਾਂ ਹੰਕਾਰ ਬਚ ਹੀ ਨਹੀਂ ਸਕਦਾ, ਕਿਉਂਕਿ ਹੰਕਾਰ ਨੂੰ ਸੀਮਾ ਚਾਹੀਦੀ ਹੈ ਅਤੇ ਬੰਧਨ ਤੋਂ ਸੀਮਾ ਮਿਲਦੀ ਹੈ। ਮੈਂ ਪਤੀ, ਮੈਂ ਪਤਨੀ, ਮੈਂ ਬਾਪ ਮੈਂ ਮਾਂ, ਮੈਂ ਬੇਟਾ, ਭਰਾ, ਮਿੱਤਰ-ਇਹਨਾਂ ਸਭ ਤੋਂ ਸੀਮਾ ਮਿਲਦੀ ਹੈ। ਨਾ ਮੈਂ ਪਤੀ, ਨਾ ਮੈਂ ਭਾਈ, ਨਾ ਮੈਂ ਬੇਟਾ, ਨਾ ਮੈਂ ਬਾਪ, ਨਾ ਮੈਂ ਪਤਨੀ-ਸਭ ਸੀਮਾਵਾਂ ਗਈਆਂ, ਸਭ ਸੀਮਾਵਾਂ ਅਲੋਪ ਹੋ ਗਈਆਂ। ਹੁਣ ਜੋ ਬਚਿਆ, ਉਸਨੂੰ ਤੁਸੀਂ 'ਮੈਂ' ਨਹੀਂ ਕਹਿ ਸਕਦੇ। ਹੁਣ 'ਮੈਂ' ਕਿਵੇਂ ਕਹੋਗੇ ਉਸਨੂੰ? 'ਮੈਂ' ਦੀਆਂ ਤਾਂ ਸਾਰੀਆਂ ਇੱਟਾਂ ਨਿਕਲ ਗਈਆਂ, ਜਿਨ੍ਹਾਂ ਨਾਲ 'ਮੈਂ' ਦਾ ਭਵਨ ਬਣਿਆ ਸੀ। ਹੁਣ ਤਾਂ ਅਹੰ ਬ੍ਰਹਮਾਸਮਿ! ਹੁਣ ਤਾਂ ਤੱਤ੍ਵਮਸਿ! ਹੁਣ ਤਾਂ ਉਹ ਹੀ ਹੈ। ਹੁਣ ਤੁਸੀਂ ਤਾਂ ਮਿਟ ਗਏ।

ਮਿਟਣ ਦੀ ਤਿਆਰੀ ਕਰ ਮਾਲਾ! ਮੇਰੇ ਪ੍ਰੇਮ ਵਿਚ ਪੈਣ ਦਾ ਮਤਲਬ ਹੁੰਦਾ ਹੈ: ਮਿਟਣ ਦੀ ਤਿਆਰੀ।

ਮੁਝਕੋ ਮਾਰਾ ਹੈ ਹਰ ਇਕ ਦਰਦੋ-ਦਵਾ ਸੇ ਪਹਿਲੇ।
ਦੀ ਸਜ਼ਾ ਇਸ਼ਕ ਨੇ ਹਰ ਜੁਰਮੋ-ਖ਼ਤਾ ਸੇ ਪਹਿਲੇ॥
ਆਤਿਸ਼ੇ-ਇਸ਼ਕ ਭੜਕਤੀ ਹੈ ਹਵਾ ਸੇ ਪਹਿਲੇ।
ਓਂਠ ਜਲਤੇ ਹੈਂ ਮੋਹੱਬਤ ਮੇਂ ਦੁਆ ਸੇ ਪਹਿਲੇ॥
ਅਬ ਕਮੀ ਕਿਆ ਹੈ ਤੇਰੇ ਬੇ-ਸਰੋ-ਸਾਮਾਨੋਂ ਕੋ।

ਕੁਛ ਨਾ ਥਾ ਤੇਰੀ ਕਸਮ ਤਰਕੇ-ਫ਼ਨਾ ਸੇ ਪਹਿਲੇ॥
ਖ਼ੁਦ-ਬ-ਖ਼ੁਦ ਚਾਕ ਹੁਏ ਪੈਰਹਨੇ-ਤਾਲਾ-ਓ-ਗੁਲ।
ਚਲ ਗਈ ਕੌਨ ਹਵਾ ਬਾਦੇ-ਸਬਾ ਸੇ ਪਹਿਲੇ॥
ਮੌਤ ਕੇ ਨਾਮ ਸੇ ਡਰਤੇ ਥੇ ਹਮ ਐ ਸ਼ੌਕੇ-ਹਯਾਤ।
ਤੂਨੇ ਤੋ ਮਾਰ ਹੀ ਡਾਲਾ ਥਾ ਕ਼ਜ਼ਾ ਸੇ ਪਹਿਲੇ॥
ਗ਼ਫ਼ਲਤੇਂ ਹਸਤੀ-ਏ-ਫ਼ਾਨੀ ਕੀ ਬਤਾ ਦੇਂਗੀ ਤੁਝੇ।
ਜੋ ਮੇਰਾ ਹਾਲ ਥਾ ਅਹਿਸਾਸੇ-ਫ਼ਨਾ ਸੇ ਪਹਿਲੇ॥

ਪ੍ਰੇਮ ਮਹਾਂਮਿਰਤੂ ਹੈ। ਮੌਤ ਤੋਂ ਪਹਿਲਾਂ ਮੌਤ! ਅਤੇ ਮੌਤ ਨਹੀਂ ਹੈ; ਜੇਕਰ ਠੀਕ ਤਰ੍ਹਾਂ ਨਾਲ ਸਮਝੋ ਤਾਂ ਆਤਮਘਾਤ ਹੈ। ਕਿਉਂਕਿ ਹੰਕਾਰ ਨੂੰ ਆਪਣੇ ਹੱਥੀਂ ਮਾਰਨਾ ਆਤਮਘਾਤ ਹੈ। ਬੜੀ ਹਿੰਮਤ ਚਾਹੀਦੀ ਹੈ, ਬੜਾ ਜੋਖਮ ਉਠਾਉਣ ਦਾ ਹੌਸਲਾ ਚਾਹੀਦਾ ਹੈ। ਦਲੇਰੀ ਚਾਹੀਦੀ ਹੈ।

ਮਾਲਾ! ਜੇ ਪ੍ਰੇਮ ਨੇ ਪਕੜਿਆ ਹੈ ਤਾਂ ਉਠ ਅਤੇ ਚੱਲ ਇਸ ਦਲੇਰੀ ਵਿਚ। ਖ਼ੁਦ ਨੂੰ ਮਿਟਾ। ਮੇਰੇ ਨਾਲ ਪ੍ਰੇਮ ਦੀ ਸ਼ਰਤ ਪੂਰਾ ਕਰਨ ਦਾ ਇਕ ਹੀ ਉਪਾਅ ਹੈ: ਖ਼ੁਦ ਨੂੰ ਮਿਟਾਓ। ਮੈਂ ਮਿਟ ਗਿਆ ਹਾਂ, ਤੁਸੀਂ ਵੀ ਮਿਟ ਜਾਉ ਤਾਂ ਹੀ ਮੇਰੇ ਨਾਲ ਜੁੜ ਸਕੋ। ਇਕ ਸ਼ੂੰਨਯ ਹੋ ਗਏ ਵਿਅਕਤੀ ਨਾਲ ਜੁੜਨ ਲਈ ਸ਼ੂਨਯ ਹੋ ਜਾਣ ਦੇ ਇਲਾਵਾ ਹੋਰ ਕੋਈ ਸ਼ਰਤ ਨਹੀਂ ਹੈ। ਮੈਂ ਤਾਂ ਫਨ੍ਹਾ ਹੋਇਆ, ਮੈਂ ਤਾਂ ਮਿਟਿਆ। ਹੁਣ ਇਥੇ ਕੋਈ ਹੈ ਨਹੀਂ। ਇਵੇਂ ਹੀ ਤੁਹਾਡੇ ਅੰਦਰ ਵੀ ਕੋਈ ਨਾ ਬਚੇ, ਸੰਨਾਟਾ ਹੋ ਜਾਵੇ, ਸ਼ੂੰਨਯ ਹੋ ਜਾਵੇ, ਤਾਂ ਮਿਲਣਾ ਹੋ ਸਕਦਾ ਹੈ। ਮੇਰੇ ਨਾਲ ਹੋਣਾ ਹੋਵੇ ਤਾਂ ਕੁਝ ਮੇਰੇ-ਜਿਹਾ ਹੋ ਜਾਣਾ ਜ਼ਰੂਰੀ ਹੈ।

ਇਹ ਪ੍ਰੇਮ ਮਹਿੰਗਾ ਸੌਦਾ ਹੈ। ਐਪਰ ਜੇ ਹੋਣਾ ਸ਼ੁਰੂ ਹੋਇਆ ਹੈ ਤਾਂ ਹੁਣ ਰੁਕਣ ਦਾ ਕੋਈ ਉਪਾਅ ਨਹੀਂ। ਅਤੇ ਮੈਂ ਤਾਂ ਰੋਕਾਂਗਾ ਕਿਉਂ?

ਤੂੰ ਮੈਥੋਂ ਪੁੱਛਦੀ ਹੈਂ—

ਪਿਆਰ ਪਰ ਬਸ ਤੋ ਨਹੀਂ ਹੈ ਮੇਰਾ ਲੇਕਿਨ ਫਿਰ ਭੀ,
ਤੂ ਬਤਾ ਦੇ ਕਿ ਤੁਝੇ ਪਿਆਰ ਕਰੂੰ ਯਾ ਨਾ ਕਰੂੰ।

ਮੈਂ ਤਾਂ ਨਿਉਂਦਾ ਹੀ ਦੇ ਰਿਹਾ ਹਾਂ। ਇਸਲਈ ਤੁਹਾਨੂੰ ਸੱਦਿਆ ਹੈ ਅਤੇ ਤੁਸੀਂ ਸੱਦਾ ਸੁਣਿਆ ਅਤੇ ਆਏ। ਇਸਲਈ ਤੁਹਾਨੂੰ ਪੁਕਾਰ ਰਿਹਾ ਹਾਂ। ਇਹ ਸਾਰੇ ਡੋਰੇ ਇਸੇਲਈ ਸੁੱਟ ਰਿਹਾ ਹਾਂ ਕਿ ਪ੍ਰੇਮ ਜਨਮੇਂ। ਤੁਸੀਂ ਹੌਲੀ-ਹੌਲੀ ਮੇਰੇ ਵਲੋਂ ਪ੍ਰੇਮ ਦੇ ਭੇਜੇ ਗਏ ਸੰਦੇਸ਼ਿਆਂ ਨੂੰ ਸੁਣ-ਸੁਣ ਕੇ ਸਰਕਦੇ ਆਉ, ਸਰਕਦੇ ਆਉ, ਮਿਟਦੇ ਜਾਉ। ਇਕ ਦਿਨ ਉਹ ਸ਼ੁਭ-ਘੜੀ ਆਏ, ਜਦ ਤੁਸੀਂ ਆਪਣੇ ਅੰਦਰ ਕੋਈ ਵੀ ਨਾ ਪਾਉ। ਸੰਨਾਟਾ ਹੋਵੇ, ਸ਼ੂੰਨਯ ਹੋਵੇ। ਉਸੇ ਦਿਨ

ਅਸੀਮ ਹੋ ਗਏ। ਅਤੇ ਉਸ ਦਿਨ ਤੁਸੀਂ ਮੇਰੇ ਨਾਲ ਹੀ ਨਹੀਂ ਮਿਲ ਜਾਉਗੇ, ਉਸ ਦਿਨ ਆਪਣੇ-ਆਪ ਨਾਲ ਵੀ ਮਿਲੇ। ਬਸ ਉਸੇ ਦਿਨ ਖ਼ੁਦ ਨਾਲ ਮਿਲੇ!

ਗੁਰੂ ਤਾਂ ਉਹੀ ਜੋ ਤੁਹਾਨੂੰ ਨਾਲ ਮਿਲਾ ਦੇਵੇ ਅਤੇ ਤੁਸੀਂ ਖ਼ੁਦ ਨਾਲ ਹੀ ਨਹੀਂ ਮਿਲ ਜਾਉਗੇ, ਉਸੇ ਦਿਨ ਪਰਮਾਤਮਾ ਨਾਲ ਵੀ ਮਿਲ ਜਾਉਗੇ। ਕਿਉਂਕਿ ਪਰਮਾਤਮਾ ਤੁਹਾਡਾ 'ਸ੍ਵੈ' ਹੈ, ਤੁਹਾਡਾ ਅੰਤਰਮਨ ਹੈ।

ਤੀਜਾ ਸਵਾਲ—

ਤੁਸੀਂ ਪ੍ਰੇਮ ਕਰਨ ਨੂੰ ਕਹਿੰਦੇ ਹੋ। ਪ੍ਰੇਮ ਮੈਂ ਵੀ ਕੀਤਾ ਸੀ; ਹਾਰ ਖਾਧੀ ਅਤੇ ਜ਼ਖ਼ਮ ਅਜੇ ਵੀ ਭਰੇ ਨਹੀਂ ਹਨ। ਸਮਾਜ ਨੂੰ ਉਹ ਪ੍ਰੇਮ ਭਾਇਆ ਨਹੀਂ ਅਤੇ ਪ੍ਰੇਮਿਕਾ ਕਮਜ਼ੋਰ ਸੀ; ਉਹ ਸਮਾਜ ਦੇ ਸਾਹਮਣੇ ਝੁਕ ਗਈ। ਮੈਂ ਉਸਨੂੰ ਮਾਫ ਵੀ ਨਹੀਂ ਕਰ ਪਾਂਦਾ ਹਾਂ। ਅਤੇ ਫਿਰ ਵੀ ਤੁਸੀਂ ਪ੍ਰੇਮ ਕਰਨ ਨੂੰ ਕਹਿੰਦੇ ਹੋ?

• ਮੈਂ ਪ੍ਰੇਮ ਕਰਨ ਨੂੰ ਨਹੀਂ ਕਹਿੰਦਾ—ਮੈਂ ਪ੍ਰੇਮ ਹੋਣ ਨੂੰ ਕਹਿੰਦਾ ਹਾਂ। ਕਰਨਾ ਛੋਟੀ ਗੱਲ ਹੈ, ਨਿਗੁਣੀ ਗੱਲ ਹੈ। ਉਥੇ ਤਾਂ ਹਾਰ ਹੀ ਹੱਥ ਲੱਗੇਗੀ ਅਤੇ ਜ਼ਖ਼ਮ ਹੀ ਹੱਥ ਲੱਗਣਗੇ।

ਅਤੇ ਚੰਗਾ ਹੀ ਹੋਇਆ ਕਿ ਸਮਾਜ ਨੇ ਰੁਕਾਵਟ ਪਾ ਦਿਤੀ; ਨਹੀਂ ਤਾਂ ਹੁਣੇ ਮੈਂ ਤੁਹਾਨੂੰ ਜੋ ਕਹਾਣੀ ਸੁਣਾਈ, ਉਹੀ ਦਸ਼ਾ ਹੁੰਦੀ। ਹੁਣ ਤਕ ਰਜਤ-ਜਯੰਤੀ ਮਨਾ ਰਹੇ ਹੁੰਦੇ। ਸਮਾਜ ਦੀ ਬੜੀ ਕਿਰਪਾ ਸੀ। ਧੰਨਵਾਦ ਦੇ ਸਮਾਜ ਨੂੰ! ਸ਼ੁਕਰਾਨਾ ਮੰਨ।

ਅਤੇ ਤੂੰ ਉਸ ਇਸਤ੍ਰੀ ਨੂੰ ਮਾਫ ਨਹੀਂ ਕਰ ਪਾ ਰਿਹਾ ਹੈਂ! ਕੇਹਾ ਇਹ ਪ੍ਰੇਮ, ਜੋ ਮਾਫ ਵੀ ਨਾ ਕਰ ਸਕੇ! ਕੇਹਾ ਇਹ ਪ੍ਰੇਮ, ਜੋ ਬਦਲੇ ਦੀ ਭਾਵਨਾ ਨਾਲ ਭਰਿਆ ਹੋਵੇ! ਅਤੇ ਇਹ ਜ਼ਖ਼ਮ ਬਹੁਤੇ ਮੁੱਲਵਾਨ ਜ਼ਖ਼ਮ ਨਹੀਂ ਹਨ। ਇਹ ਕੋਈ ਬਹੁਤਾ ਅੰਦਰ ਨਹੀਂ ਜਾਂਦੇ। ਇਹ ਉਪਰ-ਉਪਰ ਹਨ, ਜਿਵੇਂ ਚਮੜੀ ਛਿੱਲੀ ਗਈ। ਚਮੜੀ ਤੋਂ ਜ਼ਿਆਦਾ ਇਹਨਾਂ ਦੀ ਗਹਿਰਾਈ ਨਹੀਂ ਹੈ। ਇਹ ਸਭ ਭਰ ਜਾਂਦੇ ਹਨ। ਸਮਾਂ ਭਰ ਦਿੰਦਾ ਹੈ। ਇਹਨਾਂ ਨੂੰ ਲਈ ਬੈਠਾ ਨਾ ਰਹਿ।

ਦੋਸਤ ਮਾਯੂਸ ਨਾ ਹੋ
ਸਿਲਸਿਲੇ ਬਨਤੇ-ਬਿਗੜਤੇ ਹੀ ਰਹੇ ਹੈਂ ਅਕਸਰ
ਤੇਰੀ ਪਲਕੋਂ ਪਰ ਸਰ ਅੱਸ਼ਕੋਂ ਕੇ ਸਿਤਾਰੇ ਕੈਸੇ
ਤੁਝਕੋ ਗ਼ਮ ਹੈ ਤੇਰੀ ਮਹਿਬੂਬ ਤੁਝੇ ਮਿਲ ਨਾ ਸਕੀ
ਔਰ ਜੋ ਜੀਸਤ ਤਰਾਸ਼ੀ ਥੀ ਤੇਰੇ ਖ਼੍ਵਾਬੋਂ ਨੇ
ਆਜ ਵੋ ਠੋਸ ਹਕ਼ਾਇਕ ਮੇਂ ਕਹੀਂ ਟੂਟ ਗਈ
ਤੁਝਕੋ ਮਾਲੂਮ ਹੈ ਮੈਂਨੇ ਭੀ ਮੁਹੱਬਤ ਕੀ ਥੀ

ਔਰ ਅੰਜਾਮੇ-ਮੁਹੱਬਤ ਭੀ ਹੈ ਮਾਲੂਮ ਤੁਝੇ
ਅਨਗਿਣਤ ਲੋਕ ਜ਼ਮਾਨੇ ਮੇਂ ਰਹੇ ਹੈਂ ਨਾਕਾਮ
ਤੇਰੀ ਨਾਕਾਮੀ ਨਈ ਬਾਤ ਨਹੀਂ ਹੈ ਦੋਸਤ ਮੇਰੇ
ਕਿਸਨੇ ਪਾਈ ਹੈ ਭਲਾ ਜੀਸਤ ਕੀ ਤਲਖ਼ੀ ਸੇ ਨਜਾਤ
ਚਾਰ-ਓ-ਨਾਚਾਰ ਯੇ ਜ਼ਹਿਰਾਬ ਸਭੀ ਪੀਤੇ ਹੈਂ
ਜਾਂ-ਸੁਪਾਰੀ ਕੇ ਫ਼ਰੇਬਿੰਦਾਂ ਫ਼ਸਾਨੋਂ ਪੇ ਨਾ ਜਾ
ਕੌਨ ਮਰਤਾ ਹੈ ਮੁਹੱਬਤ ਮੇਂ ਸਭੀ ਜੀਤੇ ਹੈਂ
ਵਕਤ ਹਰ ਜ਼ਖ਼ਮ ਕੋ, ਹਰ ਗ਼ਮ ਕੋ ਮਿਟਾ ਦੇਤਾ ਹੈ
ਔਰ ਯੇ ਬਾਤੇਂ ਜੋ ਦੋਹਰਾਈ ਹੈਂ ਮੈਂਨੇ ਇਸ ਵਕਤ
ਤੂ ਭੀ ਇਕ ਰੋਜ਼ ਇਨ੍ਹੀਂ ਬਾਤੋਂ ਕੋ ਦੋਹਰਾਏਗਾ
ਦੋੱਸਤ ਮਾਯੂਸ ਨਾ ਹੋ!

ਇਹ ਤਾਂ ਸਮਾਂ ਭਰ ਦਿੰਦਾ ਹੈ ਜ਼ਖ਼ਮ। ਅਤੇ ਜਿਨ੍ਹਾਂ ਜ਼ਖ਼ਮਾਂ ਨੂੰ ਸਮਾਂ ਭਰ ਦਿੰਦਾ ਹੈ ਉਹਨਾਂ ਦਾ ਕੋਈ ਮੁੱਲ ਨਹੀਂ। ਜ਼ਖ਼ਮ ਤਾਂ ਉਹ ਹੀ ਮੁੱਲਵਾਨ ਹਨ ਜਿਨ੍ਹਾਂ ਨੂੰ ਸਦੀਵਤਾ ਹੀ ਭਰ ਸਕੇ। ਅਜੇ ਤੂੰ ਉਹ ਜ਼ਖ਼ਮ ਖਾਧਾ ਨਹੀਂ ਅਤੇ ਤੂੰ ਮੇਰੀ ਗੱਲ ਵੀ ਨਹੀਂ ਸਮਝ ਪਾ ਰਿਹਾ ਹੈਂ। ਤੂੰ ਸਮਝ ਨਹੀਂ ਪਾਏਂਗਾ, ਕਿਉਂਕਿ ਤੂੰ ਪ੍ਰੇਮ ਦਾ ਇਕ ਅਨੁਭਵ ਲਈ ਬੈਠਾ ਹੈਂ ਅਤੇ ਤੂੰ ਸਮਝਦਾ ਹੈਂ ਕਿ ਉਹੀ ਅਨੁਭਵ ਸਾਰੇ ਪ੍ਰੇਮ ਦਾ ਅਰਥ ਹੈ।

ਮੈਂ ਸੁਣਿਆ ਹੈ : ਇਕ ਨੇਤਾ ਜੀ ਅਜਾਇਬ ਘਰ ਦੇਖਣ ਗਏ। ਉਥੇ ਮਿਸਰ ਤੋਂ ਲਿਆਂਦੀ ਗਈ ਇਕ ਮਮੀ ਰਖੀ ਹੋਈ ਸੀ। ਉਸਦੇ ਹੇਠਾਂ ਲਿਖਿਆ ਹੋਇਆ ਸੀ : 539 ਬੀ.ਸੀ.। ਗਾਈਡ ਬੋਲਿਆ : ਇਹ...। ਨੇਤਾ ਜੀ ਬੋਲੇ : ਮੈਂ ਜਾਣਦਾ ਹਾਂ। ਇਹ ਧੰਨੋ ਦੀ ਲਾਸ਼ ਹੈ।

ਗਾਈਡ ਹੈਰਾਨੀ ਨਾਲ ਬੋਲਿਆ : ਧੰਨੋ ਦੀ ਲਾਸ਼! ਇਹ ਤੁਸੀਂ ਕਹਿ ਕੀ ਰਹੇ ਹੋ?

ਨੇਤਾ ਜੀ ਬੋਲੇ : ਹਾਂ ਬਈ, ਮੇਰੇ ਜਿਸ ਟ੍ਰੱਕ ਦੇ ਹੇਠ ਆ ਕੇ ਉਹ ਮਰੀ ਸੀ ਉਸਦਾ ਨੰਬਰ ਬੀ.ਸੀ. 539 ਹੀ ਸੀ।

ਮੈਂ ਜਿਸ ਪ੍ਰੇਮ ਦੀ ਗੱਲ ਕਰ ਰਿਹਾ ਹਾਂ, ਉਹ ਕੁਝ ਹੋਰ ਹੈ—ਤੂੰ ਦੱਸ ਰਿਹਾ ਹੈਂ ਧੰਨੋ ਦੀ ਲਾਸ਼, ਜੋ ਤੇਰੇ ਟ੍ਰੱਕ ਦੇ ਹੇਠਾਂ ਆਉਣ ਕਰਕੇ ਮਰ ਗਈ। ਤੂੰ ਆਪਣੀ ਹੀ ਲਾ ਰੱਖੀ ਹੈ, ਮੈਂ ਕਿਸੇ ਹੋਰ ਪ੍ਰੇਮ ਦੀ ਗੱਲ ਕਰ ਰਿਹਾ ਹਾਂ। ਔਪਰ ਪ੍ਰੇਮ ਸ਼ਬਦ ਸੁਣਦਿਆਂ ਹੀ ਤੇਰੇ ਅੰਦਰ ਤੇਰੇ ਅਨੁਭਵ ਤੋਂ ਅਰਥ ਆ ਜਾਂਦੇ ਹੋਣਗੇ, ਤੇਰੇ ਅਰਥ ਖੜ੍ਹੇ ਹੋ ਜਾਂਦੇ ਹੋਣਗੇ। ਤੂੰ ਫਿਰ ਸੋਚਣ ਲਗਦਾ ਹੋਵੇਂਗਾ—ਉਹ ਪ੍ਰੇਮ ਜੋ ਸਫਲ ਨਹੀਂ ਹੋਇਆ।

ਇਥੇ ਜਿਹੜੇ ਸਫਲ ਹੋ ਜਾਂਦੇ ਹਨ ਉਹ ਵੀ ਕਿਥੇ ਸਫਲ ਹੁੰਦੇ ਹਨ! ਜ਼ਰਾ ਗੌਰ ਨਾਲ ਤਾਂ ਦੇਖੋ। ਇਹ ਸਾਰੇ ਹੀ

ਅਸਫਲ ਹੁੰਦੇ ਹਨ। ਅਸਫਲ ਜਿਹੜੇ ਹੁੰਦੇ ਹਨ, ਉਹ ਤਾਂ ਹੁੰਦੇ ਹੀ ਹਨ; ਜਿਹੜੇ ਸਫਲ ਹੁੰਦੇ ਹਨ, ਉਹ ਵੀ ਅਸਫਲ ਹੁੰਦੇ ਹਨ। ਇਸ ਜਗਤ ਦੇ ਪ੍ਰੇਮ ਕੰਮ ਨਹੀਂ ਆਉਂਦੇ। ਇਸ ਜਗਤ ਦਾ ਕੋਈ ਸਬੰਧ ਕੰਮ ਨਹੀਂ ਆਉਂਦਾ। ਕਿਉਂਕਿ ਇਸ ਜਗਤ ਦੇ ਸਾਰੇ ਸਬੰਧ ਅਸੀਂ ਅਗਿਆਨ ਅਤੇ ਮੂਰਛਾ ਵਿਚ ਬਣਾਉਂਦੇ ਹਾਂ, ਬੇਹੋਸ਼ੀ ਵਿਚ।

ਇਕ ਹੋਰ ਵੀ ਪ੍ਰੇਮ ਹੈ, ਜੋ ਜਾਗ੍ਰਤੀ ਵਿਚ ਪਰਗਟ ਹੁੰਦਾ ਹੈ। ਇਕ ਹੋਰ ਫੁੱਲ ਹੈ। ਮੈਂ ਉਸ ਪ੍ਰੇਮ ਦੀ ਗੱਲ ਕਰ ਰਿਹਾ ਹਾਂ। ਮੈਂ ਤੁਹਾਨੂੰ ਇਹ ਨਹੀਂ ਕਹਿ ਰਿਹਾ ਹਾਂ ਕਿ ਤੁਸੀਂ ਪ੍ਰੇਮ ਕਰੋ, ਮੈਂ ਕਹਿ ਰਿਹਾ ਹਾਂ : 'ਤੁਸੀਂ ਪ੍ਰੇਮ ਹੋ ਜਾਓ।' ਅਤੇ ਇਹ ਬੜੀ ਵਖਰੀ ਗੱਲ ਹੈ। ਪ੍ਰੇਮ 'ਕਰਨ ਵਿਚ' ਦੂਜੇ ਦੀ ਜ਼ਰੂਰਤ ਪੈਂਦੀ ਹੈ, ਪ੍ਰੇਮ 'ਹੋਣ ਵਿਚ', ਦੂਜੇ ਦਾ ਕੋਈ ਸਵਾਲ ਨਹੀਂ ਹੈ। ਜਿਵੇਂ ਇਕਾਂਤ ਵਿਚ ਕਿਤੇ ਕੋਈ ਫੁੱਲ ਖਿੜਦਾ ਹੈ, ਕੋਈ ਰਾਹ 'ਚੋਂ ਲੰਘੇ ਕਿ ਨਾ ਲੰਘੇ, ਕੋਈ ਫੁੱਲ ਨੂੰ ਖਿੜਿਆ ਦੇਖੇ ਕਿ ਨਾ ਦੇਖੇ, ਕੀ ਫਰਕ ਪੈਂਦਾ ਹੈ? ਫੁੱਲ ਖਿੜਿਆ ਹੀ ਰਹਿੰਦਾ ਹੈ। ਫੁੱਲ ਆਪਣੀ ਮਸਤੀ ਵਿਚ ਮਸਤ ਰਹਿੰਦਾ ਹੈ। ਕੋਈ ਅਜੇਹਾ ਥੋੜ੍ਹਾ–ਈ ਹੈ ਕਿ ਅੱਜ ਕੋਈ ਦੇਖਣ ਵਾਲਾ ਨਹੀਂ ਲੰਘਿਆ, ਤਾਂ ਫੁੱਲ ਬੜਾ ਉਦਾਸ ਹੋ ਜਾਂਦਾ ਹੈ, ਕੁਮਲ੍ਹਾ ਜਾਂਦਾ ਹੈ; ਕਿ ਅੱਜ ਕੋਈ ਚਿੱਤਰਕਾਰ ਨਹੀਂ ਆਏ, ਕੋਈ ਫੋਟੋਗ੍ਰਾਫਰ ਨਹੀਂ ਆਏ, ਅਖ਼ਬਾਰਨਵੀਸ ਨਹੀਂ ਆਏ, ਤਾਂ ਫੁੱਲ ਇਕਦਮ ਸਿਰ ਢਕ ਕੇ ਰੋਣ ਲਗਦਾ ਹੈ। ਕੁਝ ਅਜੇਹਾ ਥੋੜ੍ਹਾ–ਈ ਹੈ ਕਿ ਅੱਜ ਜਨਤਾ–ਜਨਾਰਦਨ ਦੀ ਆਮਦ ਨਹੀਂ ਹੋਈ, ਤਾਂ ਅੱਜ ਕੀ ਮੁਸਕਰਾਉਣਾ! ਅੱਜ ਕੀ ਹਵਾਵਾਂ ਵਿਚ ਨੱਚਣਾ! ਅੱਜ ਕੀ ਸੁਗੰਧੀ ਲੁਟਾਉਣੀ! ਨਹੀਂ; ਫੁੱਲ ਤਾਂ ਆਪਣੀ ਮਸਤੀ ਵਿਚ ਉਹੋ–ਜਿਹਾ ਹੀ ਹੁੰਦਾ ਹੈ; ਕੋਈ ਲੰਘੇ ਤਾਂ ਠੀਕ; ਕੋਈ ਨਾ ਲੰਘੇ ਤਾਂ ਠੀਕ।

ਕਿਸੇ ਨੇ ਗ਼ਾਲਿਬ ਨੂੰ ਕਿਹਾ ਕਿ ਤੁਹਾਡੇ ਕਾਵਿ ਵਿਚ ਲੋਕਾਂ ਨੂੰ ਅਰਥ ਨਹੀਂ ਮਲੂਮ ਹੁੰਦਾ। ਤਾਂ ਗ਼ਾਲਿਬ ਨੇ ਕਿਹਾ—

ਨਾ ਸਤਾਇਸ਼ ਕੀ ਤਮੰਨਾ ਨਾ ਸਿਲੇ ਕੀ ਪਰਵਾਹ
ਗਰ ਨਹੀਂ ਹੈਂ ਮੇਰੇ ਅਸ਼ਆਰ ਮੇਂ ਮਾਨੀ, ਨਾ ਸਹੀ

—ਨਾ ਤਾਂ ਮੈਨੂੰ ਪ੍ਰਸੰਸਾ ਦੀ ਕੋਈ ਇੱਛਿਆ ਹੈ, ਨਾ ਇਨਾਮ ਦੀ ਕੋਈ ਚਾਹਨਾ ਹੈ। ਜੇ ਮੇਰੇ ਗੀਤਾਂ ਵਿਚ ਕੋਈ ਅਰਥ ਨਹੀਂ ਹੈ ਤਾਂ ਨਾ ਸਹੀ।

ਨਾ ਸਤਾਇਸ਼ ਕੀ ਤਮੰਨਾ ਨਾ ਸਿਲੇ ਕੀ ਪਰਵਾਹ
ਗਰ ਨਹੀਂ ਹੈਂ ਮੇਰੇ ਅਸ਼ਆਰ ਮੇਂ ਮਾਨੀ, ਨਾ ਸਹੀ

ਜਦ ਕਿਸੇ ਦੇ ਅੰਦਰ ਗੀਤ ਉਠਦਾ ਹੈ ਤਾਂ ਗਾਉਣ ਦਾ ਮਜ਼ਾ ਹੈ—ਸਵਾਂਤਹ ਸੁਖਾਯ! ਜਦ ਨਾਚ ਉਠਦਾ ਹੈ ਤਾਂ ਨੱਚਣ ਦਾ ਮਜ਼ਾ ਹੈ—ਸਵਾਂਤਹ ਸੁਖਾਯ। ਅਤੇ ਜਦ ਪ੍ਰੇਮ ਉਠਦਾ ਹੈ ਤਾਂ ਪ੍ਰੇਮ ਲੁਟਾਉਣ ਦਾ ਮਜ਼ਾ ਹੈ—ਸਵਾਂਤਹ ਸੁਖਾਯ।

ਮੈਂ ਤੁਹਾਨੂੰ ਪ੍ਰੇਮ 'ਹੋਣ' ਨੂੰ ਕਹਿ ਰਿਹਾ ਹਾਂ, 'ਕਰਨ' ਨੂੰ ਨਹੀਂ। ਕਰਨ ਵਾਲਾ ਪ੍ਰੇਮ ਤਾਂ ਬਹੁਤ ਛੋਟਾ ਪ੍ਰੇਮ ਹੈ। ਅਤੇ

ਜਦ ਤਕ ਤੁਸੀਂ ਪ੍ਰੇਮ ਨਹੀਂ ਹੋ, ਤੁਸੀਂ ਪ੍ਰੇਮ ਕਰੋਗੇ ਕਿਵੇਂ ? ਤੁਹਾਡਾ ਪ੍ਰੇਮ ਧੋਖਾ ਹੋਵੇਗਾ, ਝੂਠਾ ਹੋਵੇਗਾ, ਅਭਿਨੈ ਹੋਵੇਗਾ, ਪਖੰਡ ਹੋਵੇਗਾ, ਦਿਖਾਵਾ ਹੋਵੇਗਾ।

ਪ੍ਰੇਮ ਕਰਨ ਤੋਂ ਪਹਿਲਾਂ ਪ੍ਰੇਮ ਹੋ ਜਾਣਾ ਜ਼ਰੂਰੀ ਹੈ। ਸੁਗੰਧ ਦੇਣ ਤੋਂ ਪਹਿਲਾਂ ਸੁਗੰਧ ਹੋ ਜਾਣਾ ਜ਼ਰੂਰੀ ਹੈ। ਤੁਸੀਂ ਉਹੀ ਦੇ ਸਕੋਗੇ ਜੋ ਤੁਹਾਡੇ ਅੰਦਰ ਵਾਪਰ ਗਿਆ ਹੈ।

ਤਾਂ ਮੈਂ ਤੁਹਾਨੂੰ ਕੁਝ ਹੋਰ ਕਿਹਾ। ਮੈਂ ਰੋਜ਼ ਹੀ ਪ੍ਰੇਮ ਦੇ ਲਈ ਕਹਿ ਰਿਹਾ ਹਾਂ, ਕਿਉਂਕਿ ਮੇਰੇ ਲਈ ਪ੍ਰੇਮ ਪਰਮਾਤਮਾ ਹੈ। ਲੇਕਿਨ ਇਹ ਪ੍ਰੇਮ ਤੁਸੀਂ ਸਦਾ ਖਿਆਲ ਰਖਣਾ, ਭੁਲੇਖਾ ਨਾ ਪਾ ਲੈਣਾ, ਭੁੱਲ–ਚੁੱਕ ਨਾ ਕਰ ਲੈਣਾ। ਤੁਸੀਂ ਆਪਣੇ ਪ੍ਰੇਮ ਨਾਲ ਇਸਨੂੰ ਨਾ ਜੋੜ ਲੈਣਾ, ਨਹੀਂ ਤਾਂ ਤੁਸੀਂ ਅਰਥ ਦਾ ਅਨਰਥ ਕਰ ਦਿਉਗੇ। ਤੁਸੀਂ ਕੁਝ ਦਾ ਕੁਝ ਸਮਝ ਲਵੋਗੇ। ਅਤੇ ਬਜਾਇ ਇਸਦੇ ਕਿ ਮੈਥੋਂ ਤੁਹਾਨੂੰ ਰਾਹ ਮਿਲਦਾ, ਤੁਸੀਂ ਕੁਰਾਹ ਲੱਭ ਲਵੋਗੇ।

ਤੂੰ ਕਿਹਾ ਕਿ ਮੈਂ ਪ੍ਰੇਮ ਕੀਤਾ ਅਤੇ ਅਜੇ ਤਕ ਮੈਂ ਮਾਫ ਨਹੀਂ ਕਰ ਪਾ ਰਿਹਾ ਹਾਂ। ਪ੍ਰੇਮ ਵਿਚ ਮੁਆਫੀ ਤਾਂ ਆਉਣੀ ਹੀ ਚਾਹੀਦੀ ਹੈ। ਪ੍ਰੇਮ ਦੇ ਪਿਛੇ ਮੁਆਫੀ ਇਉਂ ਹੀ ਚਲਦੀ ਹੈ, ਜਿਵੇਂ ਤੁਹਾਡੇ ਪਿਛੇ ਛਾਂ ਚਲਦੀ ਹੈ। ਪ੍ਰੇਮ ਅਤੇ ਮਾਫ ਨਾ ਕਰ ਸਕੇ, ਤਾਂ ਉਹ ਪ੍ਰੇਮ ਨਹੀਂ ਸੀ, ਕੁਝ ਹੋਰ ਰਿਹਾ ਹੋਵੇਗਾ। ਤੂੰ ਕਬਜ਼ਾ ਕਰਨਾ ਚਾਹੁੰਦਾ ਸੀ ਕਿਸੇ ਇਸਤ੍ਰੀ ਉਤੇ। ਤੂੰ ਮਾਲਕ ਹੋਣਾ ਚਾਹੁੰਦਾ ਸੀ ਕਿਸੇ ਇਸਤ੍ਰੀ ਦਾ। ਤੂੰ ਕਿਸੇ ਇਸਤ੍ਰੀ ਦੀ ਗਰਦਨ ਉਤੇ ਆਪਣੇ ਹੱਥ ਚਾਹੁੰਦਾ ਸੀ। ਤੂੰ ਕਿਸੇ ਅਸਮਾਨ ਦੇ ਪੰਛੀ ਨੂੰ ਆਪਣੇ ਪਿੰਜਰੇ ਵਿਚ ਬੰਦ ਕਰ ਲੈਣਾ ਚਾਹੁੰਦਾ ਸੀ। ਤੇਰੀ ਉਹ ਮਨੋਕਾਮਨਾ ਪੂਰੀ ਨਹੀਂ ਹੋਈ। ਤੂੰ ਕਿਸੇ ਦੇ ਖੰਭ ਕੱਟਣੇ ਚਾਹੁੰਦਾ ਸੀ, ਨਹੀਂ ਕੱਟ ਪਾਇਆ, ਤੂੰ ਤੜਫ ਰਿਹਾ ਹੈਂ। ਤੂੰ ਕਿਸੇ ਨੂੰ ਜੰਜੀਰਾਂ ਪਹਿਨਾ ਦੇਣਾ ਚਾਹੁੰਦਾ ਸੀ, ਨਹੀਂ ਪਹਿਨਾ ਪਾਇਆ। ਤੇਰੀ ਮਾਲਕੀਅਤ ਦੀ ਇਕ ਯਾਤਰਾ ਟੁੱਟ ਗਈ। ਤੇਰੀ ਇਕ ਮੁਹਿੰਮ ਖਿੱਲਰ ਗਈ। ਤੂੰ ਕਿਸੇ ਉਤੇ ਹਮਲਾ ਕਰਨ ਨਿਕਲਿਆ ਸੀ, ਇਸਲਈ ਤੂੰ 'ਹਾਰ' ਸ਼ਬਦ ਦੀ ਵਰਤੋਂ ਕਰ ਰਿਹਾ ਹੈਂ। ਤੂੰ ਕਹਿੰਦਾ ਹੈਂ : ਲੇਕਿਨ ਮੈਂ ਹਾਰ ਗਿਆ।

ਪ੍ਰੇਮ ਵਿਚ ਵੀ ਕਦੇ ਕੋਈ ਹਾਰਿਐ ? ਪ੍ਰੇਮ ਵਿਚ ਤਾਂ ਜਿੱਤ ਹੀ ਜਿੱਤ ਹੈ। ਪ੍ਰੇਮ ਵਿਚ ਹਾਰ ਹੁੰਦੀ ਹੀ ਨਹੀਂ। ਤੂੰ ਪ੍ਰੇਮ ਕੀਤਾ, ਗੱਲ ਪੂਰੀ ਹੋ ਗਈ। ਪ੍ਰਤੀਕਾਰ ਦੀ ਚਾਹਨਾ ਪ੍ਰੇਮ ਵਿਚ ਨਹੀਂ ਹੁੰਦੀ। ਪ੍ਰਤੀਫਲ ਦੀ ਚਾਹਨਾ ਪ੍ਰੇਮ ਵਿਚ ਨਹੀਂ ਹੁੰਦੀ। ਤੂੰ ਪ੍ਰੇਮ ਨਹੀਂ ਕੀਤਾ, ਤੂੰ ਕੁਝ ਹੋਰ ਕੀਤਾ। ਤੂੰ ਚਾਹੁੰਦਾ ਸੀ ਉਹ ਇਸਤ੍ਰੀ ਵੀ ਤੈਨੂੰ ਪ੍ਰੇਮ ਕਰੇ। ਤੂੰ ਚਾਹੁੰਦਾ ਸੀ ਕਿ ਤੈਨੂੰ ਪ੍ਰੇਮ ਦਾ ਪ੍ਰਤੀਫਲ ਮਿਲੇ। ਤੂੰ ਚਾਹੁੰਦਾ ਸੀ, ਜਵਾਬ ਨਹੀਂ ਮਿਲ ਪਾਇਆ। ਤੂੰ ਅਰਜ਼ ਕੀਤੀ ਅਤੇ ਤੇਰੀ ਅਰਜੋਈ ਖ਼ਲਾਅ ਵਿਚ ਖੋ ਗਈ। ਤੂੰ ਨਰਾਜ਼ ਹੈਂ। ਤੇਰੀ ਅਣਗੌਲੀ ਹੋਈ ਹੈ। ਤੇਰੀ ਅਣਗਹਿਲੀ ਹੋਈ ਹੈ।

ਅਜੇਹਾ ਆਦਮੀ ਪ੍ਰਾਰਥਨਾ ਤਾਂ ਕੀ ਕਰ ਪਾਏਗਾ, ਕਿਉਂਕਿ ਪ੍ਰਾਰਥਨਾ ਵਿਚ ਇਹੀ ਤਾਂ ਇਕ ਖ਼ਾਸ ਗੱਲ ਹੈ : ਉਹੀ ਪ੍ਰਾਰਥਨਾ ਕਰ ਸਕਦਾ ਹੈ, ਜੋ ਮੋੜਵਾਂ–ਜਵਾਬ ਨਾ ਮੰਗਦਾ ਹੋਵੇ। ਕਿਉਂਕਿ ਜਵਾਬ ਥੋੜ੍ਹਾ–ਈ ਆਏਗਾ। ਤੁਸੀਂ ਕਹੋਗੇ : ਹੇ ਪ੍ਰਭੂ ! ਅਤੇ ਉਥੋਂ ਤੋਂ ਕੋਈ ਨਹੀਂ ਬੋਲੇਗਾ, ਕਿ ਹਾਂ ਜੀ, ਦੱਸੋ ਕੀ ਹੁਕਮ ਹੈ ? ਕੋਈ ਜਵਾਬ ਕਦੇ ਨਹੀਂ

ਆਏਗਾ। ਜੇਕਰ ਤੁਸੀਂ ਜਵਾਬ ਦੀ ਚਾਹਨਾ ਰੱਖੀ ਤਾਂ ਪ੍ਰਾਰਥਨਾ ਅਸੰਭਵ ਹੋ ਜਾਏਗੀ।

ਪ੍ਰਾਰਥਨਾ ਉਹੀ ਕਰ ਸਕਦਾ ਹੈ ਜਿਹੜਾ ਜਵਾਬ ਮੰਗਦਾ ਹੀ ਨਹੀਂ। ਜਿਹੜਾ ਕਹਿੰਦਾ ਹੈ : ਮੈਨੂੰ ਤਾਂ ਪ੍ਰਾਰਥਨਾ ਕਰਨ ਵਿਚ ਹੀ ਜਵਾਬ ਮਿਲ ਗਿਆ। ਮੇਰੀਆਂ ਅੱਖਾਂ ਗਿੱਲੀਆਂ ਹੋ ਗਈਆਂ, ਹੋਰ ਕੀ ਚਾਹੀਦਾ ਹੈ? ਮੇਰਾ ਸਿਰ ਝੁਕ ਗਿਆ, ਹੋਰ ਕੀ ਚਾਹੀਦਾ ਹੈ? ਮੇਰਾ ਹਿਰਦਾ ਗਦਗਦ ਹੋਇਆ, ਹੋਰ ਕੀ ਚਾਹੀਦਾ ਹੈ? ਮੈਨੂੰ ਕੋਈ ਜਵਾਬ ਨਹੀਂ ਚਾਹੀਦਾ।

ਅਕਾਸ਼ ਤੋਂ ਕੋਈ ਜਵਾਬ ਆਉਂਦੇ ਵੀ ਨਹੀਂ। ਅਤੇ ਜਿੰਨੇ ਜਵਾਬਾਂ ਦੀਆਂ ਤੁਸੀਂ ਗੱਲਾਂ ਸੁਣੀਆਂ ਹਨ, ਸਭ ਕਹਾਣੀਆਂ ਹਨ ਅਤੇ ਬੇਈਮਾਨਾਂ ਨੇ ਘੜੀਆਂ ਹਨ। ਜਦ ਤੁਸੀਂ ਸੁਣਦੇ ਹੋ ਕਿਸੇ ਆਦਮੀ ਨੇ ਪ੍ਰਾਰਥਨਾ ਕੀਤੀ ਅਤੇ ਭਗਵਾਨ ਬੋਲਿਆ, ਉਹ ਸਿਰਫ ਕਹਾਣੀ ਹੈ। ਭਗਵਾਨ ਕਦੇ ਨਹੀਂ ਬੋਲਿਆ ਹੈ। ਐਪਰ ਆਦਮੀ ਚਾਹੁੰਦਾ ਹੈ ਕਿ ਬੋਲੇ। ਅਸਲ ਵਿਚ ਤਾਂ ਨਹੀਂ ਬੁਲਵਾ ਪਾਂਦਾ ਤਾਂ ਕਹਾਣੀਆਂ ਵਿਚ ਬੁਲਵਾ ਲੈਂਦਾ ਹੈ। ਕਹਾਣੀਆਂ ਪੂਰਕ ਹਨ। ਸੋਚ ਲੈਂਦਾ ਹੈ ਕਿ ਚਲੋ ਕਹਾਣੀ ਵਿਚ ਤਾਂ ਕੁਝ ਨਹੀਂ ਕਰ ਸਕਦਾ, ਬੇਵੱਸ ਹੈ, ਬੋਲਣਾ ਹੀ ਪਏਗਾ। ਜੋ ਬੁਲਵਾਉਣਾ ਹੈ ਉਹੀ ਬੁਲਵਾ ਲੈਂਦਾ ਹੈ।

ਅਕਾਸ਼ ਚੁੱਪ ਹੈ। ਵਜੂਦ ਚੁੱਪ ਹੈ। ਉਥੇ ਮੁਕੰਮਲ ਸੰਨਾਟਾ ਹੈ। ਤੁਸੀਂ ਜੋ ਪ੍ਰਾਰਥਨਾ ਕੀਤੀ ਉਹ ਗਈ, ਅਨੰਤ ਵਿਚ ਖੋ ਗਈ। ਉਹ ਅਨੰਤ ਦੇ ਨਾਲ ਇਕ ਹੋ ਗਈ। ਉਸਦਾ ਕੋਈ ਜਵਾਬ ਕਦੇ ਨਹੀਂ ਆਏਗਾ। ਐਪਰ ਇਸਦਾ ਇਹ ਅਰਥ ਨਹੀਂ ਹੈ ਕਿ ਉਸਦਾ ਕੋਈ ਲਾਭ ਨਹੀਂ ਹੈ। ਲਾਭ ਤਾਂ ਉਸਦੇ ਕਰਨ ਦੇ ਅੰਦਰ ਹੀ ਹੈ। ਲਾਭ ਤਾਂ ਉਸਦੇ ਹੋਣ ਦੇ ਪਹਿਲਾਂ ਹੀ ਹੈ। ਉਹ ਜੋ ਤੁਸੀਂ ਝੁਕੇ...।

ਸੂਫ਼ੀ ਫ਼ਕੀਰ ਅਲਹਿੱਲਾਸ ਤੋਂ ਕਿਸੇ ਨੇ ਪੁਛਿਆ ਕਿ ਤੂੰ ਇੰਨੀ ਪ੍ਰਾਰਥਨਾ ਕਰਦਾ ਹੈਂ, ਇੰਨਾ ਪਰਮਾਤਮਾ ਨੂੰ ਪੁਕਾਰਦਾ ਹੈਂ, ਤੈਨੂੰ ਕਦੇ ਜਵਾਬ ਮਿਲਦਾ ਹੈ ਜਾਂ ਨਹੀਂ? ਉਸਨੇ ਕਿਹਾ : ਤੂੰ ਵੀ ਪਾਗਲ ਹੈਂ! ਜਵਾਬ ਕੌਣ ਚਾਹੁੰਦਾ ਹੈ? ਮੈਂ ਉਸਨੂੰ ਕਸ਼ਟ ਦੇਣਾ ਚਾਹੁੰਦਾ ਹਾਂ? ਜਵਾਬ ਤਾਂ ਮੇਰੇ ਸਵਾਲ ਤੋਂ ਪਹਿਲਾਂ ਮੈਨੂੰ ਮਿਲ ਗਿਆ ਹੈ। ਪ੍ਰਾਰਥਨਾ ਤਾਂ ਮੇਰਾ ਧੰਨਵਾਦ ਹੈ; ਮੇਰੀ ਮੰਗ ਨਹੀਂ। ਮੇਰੀ ਵਾਸਨਾ ਨਹੀਂ। ਉਸ ਕੋਲੋਂ ਮੈਨੂੰ ਕੁਝ ਚਾਹੀਦਾ ਥੋੜ੍ਹਾ–ਈ ਐ! ਉਸਨੇ ਇੰਨਾ ਦਿਤਾ ਮੇਰੇ ਮੰਗਣ ਤੋਂ ਪਹਿਲਾਂ, ਇਸਦਾ ਧੰਨਵਾਦ ਹੈ। ਉਸਦੇ ਪ੍ਰਸਾਦ ਦੀ ਕਬੂਲਗੀ ਹੈ। ਦੇ ਤਾਂ ਚੁਕਿਆ ਹੈ, ਮੇਰੇ ਮੰਗਣ ਤੋਂ ਪਹਿਲਾਂ ਹੀ। ਉਸ ਕੋਲੋਂ ਮੈਨੂੰ ਚਾਹੀਦਾ ਨਹੀਂ ਹੈ। ਕੋਈ ਜਵਾਬ ਵੀ ਨਹੀਂ ਚਾਹੀਦਾ।

ਕੀ ਤੁਸੀਂ ਸੋਚਦੇ ਹੋ, ਤੁਹਾਡੀ ਪ੍ਰਾਰਥਨਾ ਪਰਮਾਤਮਾ ਦੇ ਹਿਰਦੇ ਨੂੰ ਬਦਲਣ ਦੇ ਲਈ ਹੈ? ਅਕਸਰ ਲੋਕ ਇਹੀ ਸੋਚਦੇ ਹਨ। ਜਦ ਤੁਸੀਂ ਮੰਦਰ ਜਾਂਦੇ ਹੋ ਅਤੇ ਕਹਿੰਦੇ ਹੋ 'ਹੇ ਪ੍ਰਭੂ, ਨੌਕਰੀ ਨਹੀਂ ਮਿਲਦੀ, ਕਿ ਪਤਨੀ ਬੀਮਾਰ ਹੈ, ਕਿ ਬੇਟਾ ਨਾਲਾਇਕ ਹੁੰਦਾ ਜਾ ਰਿਹਾ ਹੈ, ਕੁਝ ਕਰ', ਤਦ ਤੁਸੀਂ ਕੀ ਕਰ ਰਹੇ ਹੋ? ਤੁਸੀਂ ਇਹ ਕਰ ਰਹੇ ਹੋ ਕਿ ਪ੍ਰਾਰਥਨਾ ਨਾਲ ਪਰਮਾਤਮਾ ਦਾ ਹਿਰਦਾ ਬਦਲਣ ਦੀ ਕੋਸ਼ਿਸ਼ ਕਰ ਰਹੇ ਹੋ। ਨਹੀਂ; ਇਹ ਪ੍ਰਾਰਥਨਾ ਨਹੀਂ ਹੈ। ਦਰਅਸਲ

ਪ੍ਰਾਰਥਨਾ ਵਿਚ ਪ੍ਰਾਰਥਨਾ ਕਰਨ ਵਾਲੇ ਦਾ ਹਿਰਦਾ ਬਦਲਦਾ ਹੈ; ਪਰਮਾਤਮਾ ਦਾ ਹਿਰਦਾ ਬਦਲਣ ਦਾ ਕੋਈ ਸਵਾਲ ਨਹੀਂ ਹੈ। ਪ੍ਰਾਰਥਨਾ ਕਰਨ ਵਿਚ ਹੀ ਹਿਰਦਾ ਬਦਲ ਜਾਂਦਾ ਹੈ।

ਵਿਵੇਕਾਨੰਦ ਦੇ ਜੀਵਨ ਵਿਚ ਜ਼ਿਕਰ ਹੈ। ਵਿਵੇਕਾਨੰਦ ਦੇ ਪਿਤਾ ਮਰੇ। ਪਿਤਾ ਮੌਜੀ ਆਦਮੀ ਸਨ। ਮੌਜੀ ਰਹੇ ਹੋਣਗੇ, ਤਦੇ ਵਿਵੇਕਾਨੰਦ ਜਿਹਾ ਬੇਟਾ ਪੈਦਾ ਹੋ ਸਕਿਆ। ਕੁਝ ਬਚਾਇਆ ਨਹੀਂ, ਜ਼ਿੰਦਗੀ-ਭਰ ਲੁਟਾਉਂਦੇ ਰਹੇ। ਕਮਾਇਆ ਬਹੁਤ, ਪਰ ਲੁਟਾਉਂਦੇ ਰਹੇ। ਜਦ ਮਰੇ ਤਾਂ ਕਰਜਾ ਛੱਡ ਕੇ ਮਰੇ। ਜੋ ਕੁਝ ਸੀ ਉਹ ਕਰਜ਼ਾ ਮੋੜਨ ਵਿਚ ਜਾਂਦਾ ਰਿਹਾ। ਘਰ ਦੀ ਹਾਲਤ ਅਜੇਹੀ ਹੋ ਗਈ ਕਿ ਖਾਣ ਲਈ ਵੀ ਦੋ ਰੋਟੀਆਂ ਜੁਟਾਉਣੀਆਂ ਮੁਸ਼ਕਲ। ਵਿਵੇਕਾਨੰਦ ਆਪਣੀ ਮਾਂ ਨੂੰ ਇਹ ਕਹਿ ਕੇ ਚਲੇ ਜਾਂਦੇ ਕਿ ਅੱਜ ਮੈਨੂੰ ਕਿਸੇ ਦੇ ਘਰੋਂ ਨਿਉਂਦਾ ਮਿਲਿਆ ਹੈ ਅਤੇ ਰਾਹਾਂ ਵਿਚ ਭੁੱਖੇ ਘੁੰਮਦੇ ਰਹਿੰਦੇ। ਵਾਪਸ ਮੁੜਦੇ ਢਿੱਡ ਉੱਤੇ ਹੱਥ ਫੇਰਦੇ ਹੋਏ, ਢਕਾਰ ਲੈਂਦੇ ਹੋਏ। ਕਿਤੇ ਕਿਸੇ ਮਿੱਤਰ ਨੇ ਨਿਉਂਦਾ ਨਹੀਂ ਦਿਤਾ ਹੈ। ਮਾਂ ਨੂੰ ਦੱਸਣ ਦੀ ਖ਼ਾਤਰ ਕਿ ਪੇਟ ਭਰ ਗਿਆ ਹੈ, ਤੂੰ ਫਿਕਰ ਨਾ ਕਰ, ਜੋ ਥੋੜ੍ਹਾ-ਬਹੁਤ ਹੈ ਘਰ ਵਿਚ, ਤੂੰ ਹੁਣ ਭੋਜਨ ਕਰ ਲੈ। ਕਿਉਂਕਿ ਉਹ ਇੰਨਾ ਥੋੜ੍ਹਾ-ਹੁੰਦਾ ਕਿ ਜਾਂ ਤਾਂ ਵਿਵੇਕਾਨੰਦ ਖਾ ਲੈਣ ਜਾਂ ਮਾਂ ਖਾ ਲਵੇ। ਮਸਤ ਨਰੋਏ ਆਦਮੀ ਸਨ, ਕਾਫ਼ੀ ਖ਼ੁਰਾਕ ਚਾਹੀਦੀ ਸੀ। ਮਾਂ ਇਹ ਸੋਚ ਕੇ ਕਿ ਬੇਟਾ ਭੋਜਨ ਕਰ ਆਇਆ ਹੈ, ਆਪ ਖਾ ਛੱਡਦੀ ਜੋ ਵੀ ਰੁੱਖਾ-ਸੁੱਕਾ ਹੁੰਦਾ।

ਰਾਮਕ੍ਰਿਸ਼ਨ ਨੂੰ ਖ਼ਬਰ ਲੱਗੀ ਤਾਂ ਰਾਮਕ੍ਰਿਸ਼ਨ ਨੇ ਇਕ ਦਿਨ ਵਿਵੇਕਾਨੰਦ ਨੂੰ ਕਿਹਾ ਕਿ ਤੂੰ ਪਾਗਲ ਹੈਂ! ਤੂੰ ਜਾ ਕੇ ਮੰਦਰ ਵਿਚ ਕਾਲੀ ਨੂੰ ਕਿਉਂ ਨਹੀਂ ਕਹਿੰਦਾ? ਇਥੇ-ਉਥੇ ਕੀ ਭਟਕ ਰਿਹਾ ਹੈਂ? ਇਕ ਦਫ਼ਾ ਜਾ ਕੇ ਦੇਖ, ਸਾਰਾ ਮਾਮਲਾ ਹੱਲ ਹੋ ਜਾਏਗਾ। ਤੂੰ ਜਾ ਪ੍ਰਾਰਥਨਾ ਕਰ।

ਹੁਣ ਰਾਮਕ੍ਰਿਸ਼ਨ ਆਖਣ ਤਾਂ ਵਿਵੇਕਾਨੰਦ ਇਨਕਾਰ ਕਿਵੇਂ ਕਰਨ? ਗਏ। ਘੰਟਾ-ਭਰ ਲੱਗ ਗਿਆ। ਬਾਹਰ ਰਾਮਕ੍ਰਿਸ਼ਨ ਬੈਠੇ ਹਨ ਚਬੂਤਰੇ ਉੱਤੇ, ਰਾਹ ਤੱਕ ਰਹੇ ਹਨ। ਜਦ ਨਿਕਲੇ ਵਿਵੇਕਾਨੰਦ, ਗਦਗਦ, ਅੱਖਾਂ 'ਚੋ ਹੰਝੂਆਂ ਦੀ ਧਾਰ ਵਗ ਰਹੀ ਹੈ, ਮਸਤੀ ਦੀ ਤਰੰਗ ਛਾਈ ਹੋਈ। ਤਿੰਨ ਦਿਨ ਦੇ ਭੁੱਖੇ ਹਨ, ਇਹ ਤਾਂ ਭੁੱਲ ਹੀ ਗਏ ਹਨ। ਬੜੇ ਅਨੰਦ-ਮਗਨ ਹਨ। ਆ ਕੇ ਰਾਮਕ੍ਰਿਸ਼ਨ ਦੇ ਚਰਨਾਂ ਵਿਚ ਢਹਿ ਪਏ। ਰਾਮਕ੍ਰਿਸ਼ਨ ਨੇ ਕਿਹਾ : ਦੂਜੀ ਗੱਲ ਪਿਛੋਂ ਹੋਵੇਗੀ, ਤੂੰ ਆਖ ਦਿਤਾ ਨਾ? ਤੂੰ ਪ੍ਰਾਰਥਨਾ ਕਰ ਲਈ ਨਾ?

ਵਿਵੇਕਾਨੰਦ ਨੇ ਕਿਹਾ : ਓਹ! ਮੈਂ ਤਾਂ ਭੁੱਲ ਹੀ ਗਿਆ। ਮੈਂ ਪ੍ਰਾਰਥਨਾ ਵਿਚ ਅਜੇਹਾ ਮਸਤ ਹੋ ਗਿਆ।

ਰਾਮਕ੍ਰਿਸ਼ਨ ਨੇ ਕਿਹਾ : ਫਿਰ ਤੋਂ ਜਾ।

ਅਜੇਹਾ ਤਿੰਨ ਵਾਰ ਹੋਇਆ ਅਤੇ ਤੀਜੀ ਵਾਰ ਵਿਵੇਕਾਨੰਦ ਬਾਹਰ ਅਤੇ ਰਾਮਕ੍ਰਿਸ਼ਨ ਨੂੰ ਦੇਖਿਆ ਅਤੇ ਕਿਹਾ ਕਿ ਮਾਫ਼ ਕਰੋ, ਇਹ ਸ਼ਾਇਦ ਨਹੀਂ ਹੋ ਸਕੇਗਾ। ਜਿਵੇਂ ਹੀ ਮੈਂ ਉਥੇ ਜਾਂਦਾ ਹਾਂ, ਪ੍ਰਾਰਥਨਾ ਇਉਂ ਘੇਰ ਲੈਂਦੀ ਹੈ ਕਿ ਛੋਟੀਆਂ-ਛੋਟੀਆਂ ਗੱਲਾਂ ਕਰਨ ਦਾ ਸਵਾਲ ਹੀ ਨਹੀਂ ਉਠਦਾ। ਅਤੇ ਛੋਟੀਆਂ-ਛੋਟੀਆਂ ਗੱਲਾਂ ਕਰਾਂ, ਇਹ ਗੱਲ

ਬੇਹੂਦੀ ਲਗਦੀ ਹੈ, ਅਭੱਦਰ ਲਗਦੀ ਹੈ। ਇਹ ਮੈਥੋਂ ਨਹੀਂ ਹੋ ਸਕੇਗਾ ਰਾਮਕ੍ਰਿਸ਼ਨ! ਪਰਮਹੰਸਦੇਵ, ਖਿਮਾ ਕਰ ਦਿਉ! ਇਹ ਮੈਥੋਂ ਨਹੀਂ ਹੋ ਸਕੇਗਾ।

ਰਾਮਕ੍ਰਿਸ਼ਨ ਨੇ ਹਿੱਕ ਨਾਲ ਲਾ ਲਿਆ ਵਿਵੇਕਾਨੰਦ ਨੂੰ ਅਤੇ ਕਿਹਾ : ਇਸੇਲਈ ਤਿੰਨ ਵਾਰ ਭੇਜਿਆ। ਮੈਂ ਦੇਖਣਾ ਚਾਹੁੰਦਾ ਸੀ, ਕੀ ਪ੍ਰਾਰਥਨਾ ਵਿਚ ਤੂੰ ਕੁਝ ਮੰਗ ਸਕਦਾ ਹੈ ਹੁਣ ਵੀ ਜਾਂ ਨਹੀਂ? ਜੇ ਨਹੀਂ ਮੰਗ ਸਕਦਾ ਤਾਂ ਤੂੰ ਪ੍ਰਾਰਥਨਾ ਦੀ ਕਲਾ ਸਿੱਖ ਗਿਆ। ਹੁਣ ਮੈਂ ਨਿਸਚਿੰਤ ਹਾਂ। ਤੈਨੂੰ ਪ੍ਰਾਰਥਨਾ ਆ ਗਈ। ਪ੍ਰਾਰਥਨਾ ਮੰਗ ਨਹੀਂ ਹੈ, ਹਾਲਾਂਕਿ ਪ੍ਰਾਰਥਨਾ ਸ਼ਬਦ ਦਾ ਅਰਥ ਹੀ ਅਸਾਂ ਨੇ ਮੰਗਣਾ ਕਰ ਲਿਆ ਹੈ। ਮੰਗਣ ਵਾਲੇ ਨੂੰ ਪ੍ਰਾਰਥੀ ਕਹਿੰਦੇ ਹਾਂ। ਉਹ ਸ਼ਬਦ ਦਾ ਅਰਥ ਹੀ ਅਸੀਂ ਭ੍ਰਿਸ਼ਟ ਕਰ ਲਿਆ।

ਪ੍ਰਾਰਥੀ ਦਾ ਅਰਥ ਮੰਗਣਵਾਲਾ ਨਹੀਂ, ਪ੍ਰਾਰਥੀ ਦਾ ਅਰਥ ਝੁਕਣ ਵਾਲਾ ਹੈ। ਪ੍ਰਾਰਥਨਾ ਦਾ ਅਰਥ ਮੰਗਣਾ ਨਹੀਂ ਹੈ, ਪ੍ਰਾਰਥਨਾ ਦਾ ਅਰਥ ਸ਼ੁਕਰਾਨਾ, ਧੰਨਵਾਦ।

ਤੁਸੀਂ ਜੇਕਰ ਪ੍ਰੇਮ ਵਿਚ ਮੰਗਿਆ ਕੁਝ ਤਾਂ ਤੁਸੀਂ ਪ੍ਰੇਮ ਤੋਂ ਵੀ ਚੁੱਕ ਗਏ। ਅਤੇ ਹੁਣ ਤੁਸੀਂ ਮੇਰੇ ਕੋਲ ਆਏ ਹੋ। ਅਤੇ ਜੇਕਰ ਤੁਸੀਂ ਉਸ ਪ੍ਰੇਮ ਦਾ ਅਨੁਭਵ ਅਜੇ ਵੀ ਆਪਣੇ ਅੰਦਰ ਸੰਜੋ ਕੇ ਰਖਿਆ ਹੈ, ਤਾਂ ਤੁਸੀਂ ਪ੍ਰਾਰਥਨਾ ਤੋਂ ਵੀ ਖੁੰਝੋਗੇ।

ਤੂੰ ਕਹਿੰਦਾ ਹੈਂ : 'ਮੈਂ ਮਾਫ ਨਹੀਂ ਕਰ ਪਾਂਦਾ।' ਤੂੰ ਪ੍ਰੇਮ ਕੀਤਾ ਸੀ। ਇਹ ਤੇਰੀ ਤਰਫ ਤੋਂ ਗੱਲ ਪੂਰੀ ਹੋ ਗਈ। ਦੂਜੇ ਪਾਸੇ ਤੋਂ ਪ੍ਰੇਮ ਦਾ ਜਵਾਬ ਆਇਆ ਜਾਂ ਨਹੀਂ ਆਇਆ, ਸਮਾਜ ਨੇ ਰੁਕਾਵਟ ਪਾਈ ਜਾਂ ਕੀ ਹੋਇਆ—ਇਸ ਤੋਂ ਕੀ ਲੈਣਾ-ਦੇਣਾ ਹੈ? ਕੀ ਤੂੰ ਪ੍ਰੇਮ ਕੀਤਾ, ਇੰਨੇ ਨਾਲ ਹੀ ਤੂੰ ਧੰਨਵਾਦੀ ਨਹੀਂ ਹੋ ਗਿਆ? ਸ਼ੁਕਰਾਨਾ-ਭਾਵ ਰਖ!

ਅਬ ਤੁਮ ਆਗੋਸ਼ੇ—ਤਸੱਵੁਰ ਮੇਂ ਭੀ ਆਇਆ ਨਾ ਕਰੋ
ਮੁਝਸੇ ਬਿਖਰੇ ਹੁਏ ਗੇਸੂ ਨਹੀਂ ਦੇਖੇ ਜਾਤੇ
ਸੁਰਖ਼ ਆਂਖੋਂ ਕੀ ਕਸਮ, ਕਾਂਪਤੀ ਪਲਕੋਂ ਕੀ ਕਸਮ
ਥਰਥਰਾਤੇ ਹੁਏ ਆਂਸੂ ਨਹੀਂ ਦੇਖੇ ਜਾਤੇ
ਅਬ ਤੁਮ ਆਗੋਸ਼ੇ—ਤਸੱਵੁਰ ਮੇਂ ਭੀ ਆਇਆ ਨਾ ਕਰੋ
ਛੂਟ ਜਾਨੇ ਦੋ ਜੋ ਦਾਮਾਨੇ—ਵਫ਼ਾ ਛੂਟ ਗਯਾ
ਕਿਊਂ ਯਹ ਨਾਜੀਦਾ—ਖਿਰਾਮੋ ਯੇ ਪਸ਼ੀਮਾਂ—ਨਜ਼ਰੀ
ਤੁਮਨੇ ਤੋੜਾ ਤੋ ਨਹੀਂ ਰਿਸ਼ਤਏ—ਦਿਲ ਟੂਟ ਗਯਾ
ਅਬ ਤੁਮ ਆਗੋਸ਼ੇ—ਤਸੱਵੁਰ ਮੇਂ ਭੀ ਆਇਆ ਨਾ ਕਰੋ
ਮੇਰੀ ਆਹੋਂ ਸੇ ਯੇ ਰੁਖਸਾਰ ਨਾ ਕੁਮ੍ਹਲਾ ਜਾਏਂ

ਢੂੰਡ੍ਹਤੀ ਹੋਂਗੀ ਤੁਮ੍ਹੇ ਰਸ ਮੇਂ ਨਹਾਈ ਹੁਈ ਰਾਤੇਂ
ਜਾਓ ਕਲੀਆਂ ਨਾ ਕਹੀਂ ਸੇਜ ਕੀ ਮੁਰਝਾ ਜਾਏਂ
ਅਬ ਤੁਮ ਆਗੋਸ਼ੇ–ਤਸੱਵੁਰ ਮੇਂ ਭੀ ਆਇਆ ਨਾ ਕਰੋ
ਮੈਂ ਇਸ ਉਜੜੇ ਹੁਏ ਪਹਿਲੂ ਮੇਂ ਬਿਠਾ ਲੂੰ ਨਾ ਕਹੀਂ
ਲਬੇ–ਸ਼ੀਰੀਂ ਕਾ ਨਮਕ ਆਰਿਜ਼ੇ–ਨਮਕੀਂ ਕੀ ਮਿਠਾਸ
ਅਪਨੇ ਤਰਸੇ ਹੁਏ ਹੋਟੋਂ ਪੇ ਚੁਰਾ ਲੂੰ ਨਾ ਕਹੀਂ
ਅਬ ਤੁਮ ਆਗੋਸ਼ੇ–ਤਸੱਵੁਰ ਮੇਂ ਭੀ ਆਇਆ ਨਾ ਕਰੋ
ਤੁਮਕੋ ਯਹ ਰਸਮ ਭੀ ਦੁਨੀਆਂ ਨਾ ਨਿਭਾਨੇ ਦੇਗੀ
ਬੜ੍ਹ ਕੇ ਦਾਮਨ ਸੇ ਲਿਪਟ ਜਾਏਗੀ ਯੂੰ ਯੇ ਤਾਜ਼ਾ ਬਹਾਰ
ਮੇਰੇ ਆਗੋਸ਼ੇ–ਤਸੱਵੁਰ ਮੇਂ ਭੀ ਆਨੇ ਨਾ ਦੇਗੀ।

ਪ੍ਰੇਮੀ ਤਾਂ ਹਰ ਹਾਲ ਵਿਚ ਰਾਜ਼ੀ ਹੋ ਜਾਂਦਾ ਹੈ। ਉਹ ਕਹਿੰਦਾ ਹੈ : ਅਬ ਤੁਮ ਆਗੋਸ਼ੇ–ਤੱਸੁਵਰ ਮੇਂ ਆਇਆ ਨਾ ਕਰੋ। ਮੇਰੀ ਕਲਪਨਾ ਦੀ ਬੁੱਕਲ ਵਿਚ ਵੀ ਨਾ ਆਇਆ ਕਰ। ਅਸਲੀ ਬੁੱਕਲ ਵਿਚ ਆਉਣਾ ਤਾਂ ਨਹੀਂ ਹੋ ਸਕਿਆ, ਤੂੰ ਮੇਰੀ ਕਲਪਨਾ ਦੀ ਬੁੱਕਲ ਵਿਚ ਵੀ ਨਾ ਆਇਆ ਕਰ।

ਅਬ ਤੁਮ ਆਗੋਸ਼ੇ–ਤਸੱਵੁਰ ਮੇਂ ਆਇਆ ਨਾ ਕਰੋ
ਮੁਝਸੇ ਬਿਖਰੇ ਹੋਏ ਗੇਸੂ ਨਹੀਂ ਦੇਖੇ ਜਾਤੇ

ਇਹ ਤੇਰੇ ਖਿੱਲਰੇ ਹੋਏ ਵਾਲ ਮੈਥੋਂ ਦੇਖ ਨਹੀਂ ਹੁੰਦੇ।

ਸੁਰਖ਼ ਆਂਖੋਂ ਕੀ ਕਸਮ, ਕਾਂਪਤੀ ਪਲਕੋਂ ਕੀ ਕਸਮ
ਥਰਥਰਾਤੇ ਹੁਏ ਆਂਸੂ ਨਹੀਂ ਦੇਖੇ ਜਾਤੇ

ਪ੍ਰੇਮੀ ਖਿਮਾ ਕਰਨ ਨੂੰ ਸਦਾ ਤਿਆਰ ਹੈ; ਨਾ ਸਿਰਫ ਖਿਮਾ ਕਰਨ ਨੂੰ, ਬਲਕਿ ਪ੍ਰੇਮੀ ਖ਼ੁਦ ਨੂੰ ਵਿਦਾ ਕਰ ਲੈਣ ਨੂੰ ਵੀ ਤਿਆਰ ਹੈ। ਜੇਕਰ ਉਸਦੇ ਕਾਰਨ ਅੜਿੱਚਣ ਹੋਣ ਵਾਲੀ ਹੈ, ਜੇ ਕਿਤੇ ਉਸ ਤੋਂ ਪੀੜ ਹੋਣ ਵਾਲੀ ਹੈ ਤਾਂ ਉਹ ਚੁੱਪਚਾਪ ਖਿਸਕ ਜਾਏਗਾ, ਹਟ ਜਾਏਗਾ। ਉਹ ਰਾਹ ਛੱਡ ਦੇਵੇਗਾ। ਅਤੇ ਤੂੰ ਬੈਠਾ ਹੈਂ ਜ਼ਖ਼ਮ ਨੂੰ ਸਾਂਭੀ! ਅਤੇ ਤੂੰ ਜ਼ਖ਼ਮ ਨੂੰ ਖੁਰਚ ਰਿਹਾ ਹੈਂ! ਤੂੰ ਸ਼ਾਇਦ ਉਸਨੂੰ ਭਰਨ ਵੀ ਨਹੀਂ ਦਿੰਦਾ। ਸ਼ਾਇਦ ਹੁਣ ਤੂੰ ਜ਼ਖ਼ਮ ਦੇ ਪ੍ਰੇਮ ਵਿਚ ਪੈ ਗਿਆ ਹੈਂ।

ਅਜੇਹਾ ਅਕਸਰ ਹੋ ਜਾਂਦਾ ਹੈ, ਲੋਕ ਬੀਮਾਰੀਆਂ ਦੇ ਪ੍ਰੇਮ ਵਿਚ ਪੈ ਜਾਂਦੇ ਹਨ। ਫਿਰ ਬੀਮਾਰੀਆਂ ਨੂੰ ਪਕੜ ਲੈਂਦੇ ਹਨ। ਹੁਣ ਸ਼ਾਇਦ ਇਹ ਜ਼ਖ਼ਮ ਹੀ ਤੇਰਾ ਇਕੋ–ਇਕ ਸੰਗੀ–ਸਾਥੀ ਹੈ। ਹੁਣ ਤੂੰ ਇਕਾਂਤ ਵਿਚ ਬੈਠ ਕੇ ਇਸੇ ਨੂੰ

ਸਿੱਖਿਆ, ਪਰਿਵਾਰ, ਸਮਾਜ, ਗਰੀਬੀ, ਜਨਸੰਖਿਆ-ਵਿਸਫੋਟ, ਵਾਤਾਵਰਨ, ਅਤੇ ਸੰਭਾਵਤ ਪਰਮਾਣੂੰ ਯੁੱਧ ਦੇ ਅਤੇ ਉਸ ਤੋਂ ਵੀ ਵਧ ਕੇ ਏਡਸ ਮਹਾਂਮਾਰੀ ਦੇ ਵਿਸ਼ਵ-ਸੰਕਟ ਜਿਹੇ ਅਨੇਕਾਂ ਵਿਸ਼ਿਆਂ ਉੱਤੇ ਵੀ ਉਹਨਾਂ ਦੀ ਕ੍ਰਾਂਤੀਕਾਰੀ ਜੀਵਨ-ਦ੍ਰਿਸ਼ਟੀ ਉਪਲਬੱਧ ਹੈ।

ਸ਼ਿੱਸ਼ਾਂ ਅਤੇ ਸਾਧਕਾਂ ਦੇ ਦਰਮਿਆਨ ਦਿਤੇ ਗਏ ਉਹਨਾਂ ਦੇ ਇਹ ਪ੍ਰਵਚਨ ਛੇ ਸੌ ਪੰਜਾਹ ਤੋਂ ਵੀ ਵੱਧ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਤੀਹ ਤੋਂ ਵੱਧ ਭਾਸ਼ਾਵਾਂ ਵਿਚ ਅਨੁਵਾਦਿਤ ਹੋ ਚੁੱਕੇ ਹਨ। ਉਹ ਕਹਿੰਦੇ ਹਨ, "ਮੇਰਾ ਸੰਦੇਸ਼ ਕੋਈ ਸਿਧਾਂਤ, ਕੋਈ ਸੋਚ-ਵਿਚਾਰ ਨਹੀਂ ਹੈ। ਮੇਰਾ ਸੰਦੇਸ ਤਾਂ ਰੂਪ-ਪਰਤਨ ਦੀ ਇਕ ਕੀਮੀਆ ਹੈ, ਇਕ ਵਿਗਿਆਨ ਹੈ।"

ਓਸ਼ੋ ਦਾ ਜਨਮ ਮੱਧ ਪ੍ਰਦੇਸ਼ ਦੇ ਕੁਚਵਾੜਾ ਪਿੰਡ ਵਿਚ11 ਦਸੰਬਰ 1931 ਨੂੰ ਹੋਇਆ, 21 ਮਾਰਚ 1953 ਨੂੰ ਉਹਨਾਂ ਦੇ ਜੀਵਨ ਵਿਚ ਪਰਮ ਸੰਬੋਧਿ ਦਾ ਵਿਸਫੋਟ ਹੋਇਆ, ਉਹ ਬੁੱਧਤਵ ਨੂੰ ਪਹੁੰਚੇ ਅਤੇ 19 ਜਨਵਰੀ 1990 ਨੂੰ, ਓਸ਼ੋ ਕਮਿਊਨ ਇੰਟਰਨੈਸ਼ਨਲ ਵਿਖੇ ਦੇਹ-ਤਿਆਗ ਹੋਇਆ।

OSHO
Never Born
Never Died
Only Visited this
Planet Earth between
Dec 11 1931—Jan 19 1990

ਧਿਆਨ ਅਤੇ ਸਿਰਜਣਾ ਦਾ ਇਹ ਨਿਆਰਾ ਨਵ-ਸੰਨਿਆਸ ਬਗੀਚਾ, ਓਸ਼ੋ ਕਮਿਊਨ, ਓਸ਼ੋ ਦੀ ਨਿਰਾਕਾਰ ਮੌਜੂਦਗੀ ਵਿਚ ਅੱਜ ਵੀ ਪੂਰੀ ਦੁਨੀਆਂ ਦੇ ਲਈ ਇਕ ਅਜੇਹਾ ਜਬਰਦਸਤ ਚੁੰਬਕੀ ਆਕਰਸ਼ਣ ਕੇਂਦਰ ਬਣਿਆ ਹੋਇਆ ਹੈ ਜਿਥੇ ਲਗਾਤਾਰ ਨਵੇਂ-ਨਵੇਂ ਲੋਕ ਆਤਮ ਰੂਪ-ਪਰਤਣ ਦੇ ਲਈ ਆ ਰਹੇ ਹਨ ਅਤੇ ਓਸ਼ੋ ਦੀ ਘਣੀ ਜਾਨਦਾਰ ਮੌਜੂਦਗੀ ਵਿਚ ਸੇਧ ਪ੍ਰਾਪਤ ਕਰ ਰਹੇ ਹਨ।

ਇਕ ਨਿਉਂਦਾ

ਓਸ਼ੋ ਦੇ ਪ੍ਰਵਚਨਾਂ ਨੂੰ ਪੜ੍ਹਨਾ, ਉਹਨਾਂ ਨੂੰ ਸੁਣਨਾ ਆਪਣੇ-ਆਪ 'ਚ ਇਕ ਅਨੰਦ ਹੈ। ਇਹਨਾਂ ਦੇ ਜ਼ਰੀਏ ਤੁਸੀਂ ਆਪਣੇ ਜੀਵਨ ਵਿਚ ਇਕ ਨਿਆਰੀ ਕ੍ਰਾਂਤੀ ਦੀ ਪੈੜਚਾਲ ਸੁਣ ਸਕਦੇ ਹੋ। ਲੇਕਿਨ ਇਹ ਸਿਰਫ ਸ਼ੁਰੂਆਤ ਹੈ, ਸ਼ੁਭ-ਆਰੰਭ ਹੈ। ਇਹਨਾਂ ਪ੍ਰਵਚਨਾਂ ਨੂੰ ਪੜ੍ਹਦੇ ਹੋਏ ਤੁਸੀਂ ਮਹਿਸੂਸ ਕੀਤਾ ਹੋਵੇਗਾ ਕਿ ਓਸ਼ੋ ਦਾ ਮੂਲ ਸਿਧਾਂਤ ਹੈ : ਧਿਆਨ। ਧਿਆਨ ਦੀ ਭੂਮੀ 'ਤੇ ਹੀ ਪ੍ਰੇਮ ਦੇ, ਅਨੰਦ ਦੇ, ਉਤਸਵ ਦੇ ਫੁੱਲ ਖਿੜਦੇ ਹਨ। ਧਿਆਨ ਬੁਨਿਆਦੀ ਕ੍ਰਾਂਤੀ ਹੈ।

ਨਿਸ਼ਚਿਤ ਹੀ ਤੁਸੀਂ ਵੀ ਚਾਹੋਗੇ ਕਿ ਤੁਹਾਡੇ ਜੀਵਨ ਵਿਚ ਅਜੇਹੀ ਬੁਨਿਆਦੀ ਕ੍ਰਾਂਤੀ ਹੋਵੇ; ਤੁਸੀਂ ਵੀ ਇਕ ਅਜੇਹੇ ਵਾਤਾਵਰਨ ਨੂੰ ਪ੍ਰਾਪਤ ਕਰੋ ਜਿਥੇ ਤੁਸੀਂ ਆਪਣੇ-ਆਪ ਨਾਲ ਵਾਕ਼ਫ ਹੋ ਸਕੋ, ਆਤਮ-ਅਹਿਸਾਸ ਦੀ ਦਿਸ਼ਾ 'ਚ ਕੁਝ ਕਦਮ ਚੁੱਕ ਸਕੋ, ਕੋਈ ਅਜੇਹੀ ਥਾਂ ਜਿਥੇ ਹੋਰ ਵੀ ਕੁਝ ਲੋਕ ਇਸ ਦਿਸ਼ਾ ਵਿਚ ਗਤੀਮਾਨ ਹੋਣ।

ਓਸ਼ੋ ਨੇ ਇਕ ਅਜੇਹੇ ਹੀ ਧਿਆਨਪੂਰਨ, ਉਤਸਵਪੂਰਨ ਵਾਤਾਵਰਨ ਵਾਲਾ ਊਰਜਾ-ਖੇਤਰ ਤਿਆਰ ਕੀਤਾ ਹੈ ਪੂਨਾ ਵਿਚ : ਓਸ਼ੋ ਕਮਿਊਨ ਇੰਟਰਨੈਸ਼ਨਲ। ਇਥੇ ਓਸ਼ੋ ਦੀ ਮੌਜੂਦਗੀ ਵਿਚ ਹਜ਼ਾਰਾਂ ਲੋਕਾਂ ਨੇ ਧਿਆਨ ਦੀਆਂ ਗਹਿਰਾਈਆਂ ਨੂੰ ਛੂਹਿਆ ਹੈ। ਲਗਾਤਾਰ ਧਿਆਨ ਦੇ ਦੁਆਰਾ ਇਹ ਅਸਥਾਨ ਧਿਆਨ ਦੀ ਇਕ ਅਜੇਹੀ ਘਣੀ ਊਰਜਾ ਨਾਲ ਭਰ ਗਿਆ ਹੈ ਕਿ ਓਸ਼ੋ ਦੇ ਦੇਹ-ਤਿਆਗ ਤੋਂ ਬਾਅਦ, ਅੱਜ ਵੀ ਤੁਸੀਂ ਉਹਨਾਂ ਦੀ ਊਰਜਾ ਨਾਲ ਥਿਰਕਦੇ ਇਸ ਬੁੱਧ ਖੇਤਰ ਵਿਚ ਰੂਪ ਵਟਾ ਸਕਦੇ ਹੋ।

ਵਿਸ਼ਵ ਦੇ ਲਗਪਗ ਸੌ ਦੇਸ਼ਾਂ ਤੋਂ ਲੋਕ ਇਥੇ ਆ ਕੇ ਇਸ ਅੰਤਰਰਾਸ਼ਟਰੀ ਵਾਤਾਵਰਨ ਵਿਚ ਧਿਆਨ ਦਾ ਰਸ ਮਾਣਦੇ ਹਨ। ਦੁਨੀਆਂ ਵਿਚ ਜਿੰਨੀਆਂ ਵੀ ਕਿਸਮਾਂ ਦੇ ਲੋਕ ਹਨ-ਆਪਣੀ ਬੁਨਿਆਦੀ ਸ਼੍ਰੇਣੀਆਂ ਵਿਚ-ਓਸ਼ੋ ਨੇ ਉਹਨਾਂ ਸਾਰਿਆਂ ਲਈ ਵਿਸ਼ੇਸ਼ ਤਰ੍ਹਾਂ ਦੀਆਂ ਧਿਆਨ-ਵਿਧੀਆਂ ਨੂੰ ਈਜ਼ਾਦ ਕੀਤਾ ਹੈ। ਅੱਜ ਵਿਸ਼ਵ ਦੀਆਂ ਕੁੱਲ ਸਾਧਨਾ-ਪ੍ਰਣਾਲੀਆਂ ਦੀਆਂ ਵਿਧੀਆਂ ਇਥੇ ਇਕ ਹੀ ਛੱਤ ਹੇਠ ਮੌਜੂਦ ਹਨ। ਓਸ਼ੋ ਕਮਿਊਨ ਇੰਟਰਨੈਸ਼ਨਲ ਸੰਸਾਰ-ਭਰ ਵਿਚ ਇਕੋ-ਇਕ ਅਜੇਹਾ ਕੇਂਦਰ ਹੈ ਜਿਥੇ ਸਾਰੀਆਂ ਕੌਮਾਂ ਅਤੇ ਧਰਮਾਂ ਦੇ ਲੋਕ ਆਪਣੇ ਲਈ ਢੁਕਵੇਂ ਧਿਆਨ ਪ੍ਰਯੋਗਾਂ ਦੁਆਰਾ ਇਕੱਠੇ ਰੂਪ ਵਟਾ ਸਕਦੇ ਹਨ। ਓਸ਼ੋ ਕਮਿਊਨ ਅਜੇਹੇ ਹੀ ਇਕ ਨਵੇਂ ਮਨੁੱਖ ਦੀ ਜਨਮਭੂਮੀ ਹੈ, ਇਕ ਕ੍ਰਾਂਤੀ ਅਸਥਾਨ ਹੈ।

ਇਸ ਵਿਚ ਤੁਹਾਡਾ ਸਵਾਗਤ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ-ਸੂਤਰ

ਓਸ਼ੋ ਕਮਿਊਨ ਇੰਟਰਨੈਸ਼ਨਲ

17, ਕੋਰੇਗਾਂਵ ਪਾਰਕ, ਪੁਣੇ-41001, ਮਹਾਂਰਾਸ਼ਟਰ

ਫੋਨ : 0212-628562, ਫੈਕਸ : 0212-624181

ਕੀ ਈਸ਼ਵਰ ਮਰ ਗਿਆ ਹੈ ?

—ਓਸ਼ੋ

ਇਕ ਸੱਚੀ ਖ਼ਬਰ!

ਈਸ਼ਵਰ ਮਰ ਗਿਆ ਹੈ। ਅਤੇ ਹੁਣ ਡਰ ਇਹ ਹੈ ਕਿ ਕਿਤੇ ਆਦਮੀ ਵੀ ਨਾ ਮਰ ਜਾਵੇ। ਇਸ ਤੋਂ ਪਹਿਲਾਂ ਕਿ ਆਦਮੀ ਮਰੇ, ਇਸ ਮਰੇ ਹੋਏ ਈਸ਼ਵਰ ਨੂੰ ਦਫ਼ਨਾ ਦਿਉ ਅਤੇ ਜਦ ਤਕ ਇਸਨੂੰ ਦਫ਼ਨਾਇਆ ਨਹੀਂ ਜਾ ਸਕੇਗਾ, ਉਦੋਂ ਤਕ ਈਸ਼ਵਰ ਨੂੰ ਪਾਇਆ ਨਹੀਂ ਜਾ ਸਕਦਾ ਜੋ ਕਿ ਨਾ ਕਦੇ ਜੰਮਦਾ ਹੈ ਨਾ ਕਦੇ ਮਰਦਾ ਹੈ। ਇਹ ਮਨੁੱਖ ਦੇ ਬਣਾਏ ਹੋਏ ਧਰਮ ਹਨ ਜਿਹੜੇ ਬਣਦੇ ਹਨ ਅਤੇ ਮਿਟ ਜਾਂਦੇ ਹਨ। ਇਹ ਮਨੁੱਖ ਦੇ ਬਣਾਏ ਹੋਏ ਗ੍ਰੰਥ ਹਨ, ਜੋ ਲਿਖੇ ਜਾਂਦੇ ਹਨ ਅਤੇ ਵਿੱਸਰ ਜਾਂਦੇ ਹਨ। ਇਹ ਮਨੁੱਖ ਦੀਆਂ ਬਣਾਈਆਂ ਹੋਈਆਂ ਮੂਰਤੀਆਂ ਹਨ ਜੋ ਘੜੀਆਂ ਜਾਂਦੀਆਂ ਹਨ ਅਤੇ ਖਿੱਲਰ ਜਾਂਦੀਆਂ ਹਨ। ਉਹ ਈਸ਼ਵਰ ਨਹੀਂ ਹੋ ਸਕਦਾ ਜੋ ਮਰ ਜਾਵੇ। ਤਾਂ ਸੱਚ ਕੀ ਹੈ ?—ਇਸੇ ਵਿਸ਼ੇ ਉੱਤੇ ਓਸ਼ੋ ਦੇ ਚਾਰ ਬੇਮਿਸਾਲ ਪ੍ਰਵਚਨ!

ਇਹ ਚਾਰ ਪ੍ਰਵਚਨ ਇਸ ਪੁਸਤਕ ਦੇ ਚਾਰ ਭਾਗਾਂ ਵਿਚ ਦਿਤੇ ਗਏ ਹਨ :

1. ਜੋ ਮਰ ਜਾਵੇ ਉਹ ਈਸ਼ਵਰ ਨਹੀਂ 2. ਜੋ ਮਿਟੂਗਾ ਉਹ ਪਾਊਗਾ
3. ਗਿਆਨ ਦੀ ਪਹਿਲੀ ਕਿਰਨ 4. ਪ੍ਰੇਮ ਦੀ ਭਾਸ਼ਾ

ਪਹਿਲੇ ਭਾਗ ਵਿਚ ਉਹ ਆਪਣੇ ਪ੍ਰਵਚਨ ਰਾਹੀਂ ਇਹ ਸਿੱਧ ਕਰਦੇ ਹਨ ਕਿ ਪਰਮਾਤਮਾ ਅਮਰ ਜੀਵਨ ਹੈ, ਉਹ ਕਦੇ ਮਰ ਨਹੀਂ ਸਕਦਾ।

ਦੂਜਾ ਪ੍ਰਵਚਨ 'ਜੋ ਮਿਟੂਗਾ ਉਹ ਪਾਊਗਾ' ਰਾਹੀਂ ਉਹ ਸਪੱਸ਼ਟ ਕਰਦੇ ਹਨ ਕਿ ਦੁਨੀਆਂ ਵਿਚ ਸੱਚਾ ਧਰਮ ਪੈਦਾ ਕਰਨ ਲਈ ਮਨੁੱਖ ਨੂੰ ਉਸ ਦੀਆਂ ਕਮਜ਼ੋਰੀਆਂ ਤੋਂ ਮੁਕਤ ਕਰਨਾ ਜ਼ਰੂਰੀ ਹੈ। ਓਸ਼ੋ ਆਪਣੇ ਇਸ ਅਨਮੋਲ ਬਚਨ ਵਿਚ ਆਖਦੇ ਹਨ : ...ਮਨੁੱਖ ਨੂੰ ਨਿਡਰਤਾ, ਰੋਸ਼ਨੀ, ਸੁਤੰਤਰਤਾ, ਵਿਚਾਰ ਸਭ ਦੇਣੇ ਹੋਣਗੇ ਤਾਂ ਜੋ ਉਹ ਆਪਣੇ ਅੰਦਰ ਇਕ ਬਗਾਵਤ, ਇਕ ਵਿੱਦਰੋਹ ਖੜ੍ਹਾ ਕਰ ਸਕੇ। ਅਜੇਹੇ ਨਿਰਭਉ ਅਤੇ ਨਿਰਵੈਰ ਲੋਕ ਹੀ ਧਾਰਮਕ ਦੁਨੀਆਂ ਦਾ ਮੁੱਢ ਬੰਨ੍ਹਣਗੇ। ਡਰੇ ਹੋਏ ਡੈਮਾਨ ਲੋਕ ਨਹੀਂ।

ਤੀਜੇ ਭਾਗ 'ਗਿਆਨ ਦੀ ਪਹਿਲੀ ਕਿਰਨ' ਵਿਚ ਉਹ ਦਿਲਚਸਪ ਕਹਾਣੀਆਂ ਰਾਹੀਂ ਸਾਬਤ ਕਰਦੇ ਹਨ ਕਿ ਮਨੁੱਖ ਆਪਣੇ—ਆਪ ਨੂੰ ਦੂਜਿਆਂ ਦੀ ਮਾਰਫ਼ਤ ਹੀ ਪਛਾਣਦਾ ਹੈ, ਸਿੱਧਾ ਕੋਈ ਵੀ ਖ਼ੁਦ ਨੂੰ ਨਹੀਂ ਪਛਾਣਦਾ।

ਪੁਸਤਕ ਦੇ ਅੰਤਲੇ ਸੂਤਰ 'ਪ੍ਰੇਮ ਦੀ ਭਾਸ਼ਾ' ਵਿਚ ਉਹ ਤੱਤਸਾਰ ਇਉਂ ਪ੍ਰਗਟਾਉਂਦੇ ਹਨ ਕਿ ਸਿਰਜਣਾ ਅਤੇ ਸਿਰਜਣਹਾਰ ਯਾਨੀ 'ਕ੍ਰੀਏਟਰ ਅਤੇ ਕ੍ਰੀਏਸ਼ਨ' ਦੋ ਵੱਖ—ਵੱਖ ਚੀਜ਼ਾਂ ਨਹੀਂ ਹਨ। ਅਣਪਰਗਟ ਸਿਰਜਣਾਤਮਕਤਾ ਹੀ ਪਰਮਾਤਮਾ ਹੈ ਅਤੇ ਪਰਗਟ ਹੋ ਕੇ ਉਹੀ ਸ੍ਰਿਸ਼ਟੀ ਹੈ। ਹਿਰਦੇ ਵਿਚ ਪਿਆ ਗੀਤ ਪਰਮਾਤਮਾ ਹੈ ਅਤੇ ਪਰਗਟ ਹੋ ਜਾਵੇ ਤਾਂ ਸ੍ਰਿਸ਼ਟੀ ਹੈ।

ਹਰ ਗੱਲ ਨੂੰ ਦਲੀਲਪੂਰਨ ਢੰਗ ਨਾਲ ਸੂਤਰਬੱਧ ਕਰਕੇ ਰੌਚਕ ਕਹਾਣੀਆਂ ਦੀਆਂ ਮਿਸਾਲਾਂ ਨਾਲ ਤੋਰਦੇ ਹੋਏ, ਆਪਣੀ ਹੱਸਦੀ—ਖਿੜਦੀ ਬੋਲ—ਬਾਣੀ ਨਾਲ ਬੰਨ੍ਹੀ ਰਖਣਾ ਓਸ਼ੋ ਸਾਹਿੱਤ ਦਾ ਨਿਵੇਕਲਾ ਗੁਣ ਹੈ। ਓਸ਼ੋ ਦੀ ਕੋਈ ਵੀ ਪੁਸਤਕ ਕਿਸੇ ਵੀ ਥਾਂ ਤੋਂ ਖੋਲ੍ਹ ਕੇ ਪੜ੍ਹਨੀ ਸ਼ੁਰੂ ਕਰ ਦਿਉ, ਉਥੋਂ ਹੀ ਉਸਦੀ ਗੱਲ ਆਪਣੀ ਪੂਰਨਤਾ ਵਿਚ ਪਾਠਕ ਨੂੰ ਜਕੜ ਕੇ ਆਪਣੇ ਨਾਲ ਤੋਰਨ ਦੇ ਸਮਰੱਥ ਹੋ ਜਾਂਦੀ ਹੈ। ਉਹਨਾਂ ਦੀ ਹਥਲੀ ਪੁਸਤਕ—'ਕੀ ਈਸ਼ਵਰ ਮਰ ਗਿਆ ਹੈ ?' ਵੀ ਉਹਨਾਂ ਦੀਆਂ ਦੂਸਰੀਆਂ ਅਨੇਕਾਂ ਪੁਸਤਕਾਂ ਵਾਂਗ ਕਈ ਵਹਿਮਾਂ—ਭਰਮਾਂ ਤੋਂ ਪਰਦਾ ਹਟਾ ਕੇ ਮਨੁੱਖ ਨੂੰ ਇਕ ਨਵੀਂ, ਨਰੋਈ, ਨਵੇਕਲੀ ਸੇਧ ਦੇ ਕੇ ਸਦੀਵਤਾ ਦੇ ਜਗਤ ਵਿਚ ਪ੍ਰਵੇਸ਼ ਕਰਾਉਂਦੀ ਹੈ।

ਕੀ ਈਸ਼ਵਰ ਮਰ ਗਿਆ ਹੈ ?
ਓਸ਼ੋ, ਪ੍ਰਕਾਸ਼ਕ : ਜ਼ੋਰਬਾ ਪਬਲੀਕੇਸ਼ਨਜ਼, ਲੁਧਿਆਣਾ
ਪੰਨੇ : 112, ਮੁੱਲ : 40 ਰੁਪਏ

ਪੰਡਤ, ਪ੍ਰੋਹਿਤ ਅਤੇ ਰਾਜਨੇਤਾ

ਮਾਨਵ–ਆਤਮਾ ਦੇ ਲੁਟੇਰੇ

—ਓਸ਼ੋ

ਇਸ ਯੁਗ ਦੇ ਮਹਾਨ ਚਿੰਤਕ, ਦਾਨਿਸ਼ਵਰ ਦਾਰਸ਼ਨਿਕ ਅਤੇ ਕੁਸ਼ਲ ਵਕਤਾ ਓਸ਼ੋ ਨੇ ਹਮੇਸ਼ਾ ਪਖੰਡਵਾਦ, ਦੰਭ, ਰੂੜ੍ਹੀਵਾਦੀ ਵਿਚਾਰਾਂ ਅਤੇ ਧਾਰਮਕ ਤੁਅੱਸਬ ਵਿਰੁੱਧ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਜਿਸ ਬਦਲੇ ਉਹਨਾਂ ਨੂੰ ਅਕਸਰ ਹੀ ਅਖੌਤੀ ਧਾਰਮਕ ਦਿੱਗਜ਼ਾਂ ਦੀ ਨੁਕਤਾਚੀਨੀ ਦਾ ਸ਼ਿਕਾਰ ਹੋਣਾ ਪਿਆ ਹੈ। ਪਰ ਇਹ ਵੀ ਸੱਚ ਹੈ ਕਿ ਦੁਨੀਆਂ ਭਰ ਦੇ ਤਰਕਸ਼ੀਲ, ਵਿਚਾਰਸ਼ੀਲ ਅਤੇ ਸੋਝੀਵਾਨ ਮਨੁੱਖ ਨੂੰ ਉਹਨਾਂ ਦੇ ਵਿਚਾਰ ਸਾਰੇ ਸਮਿਆਂ ਲਈ ਢੁਕਵੇਂ ਅਤੇ ਸਾਰਥਕ ਪ੍ਰਵਾਨ ਕਰਨਾ ਪਿਆ ਹੈ।

ਚਰਚਾ–ਗੋਚਰੀ ਪੁਸਤਕ 'ਪੰਡਤ ਪ੍ਰੋਹਿਤ ਤੇ ਰਾਜਨੇਤਾ–ਮਾਨਵ–ਆਤਮਾ ਦੇ ਲੁਟੇਰੇ' ਧਾਰਮਕ ਮੂਲਵਾਦ ਅਤੇ ਸਿਆਸਤ ਤੇ ਧਰਮ ਦੇ ਨਾਂ ਹੇਠ ਹੁੰਦੀ ਮਨੁੱਖੀ ਆਤਮਾ ਦੀ ਲੁੱਟ–ਖਸੁੱਟ ਦੀਆਂ ਲੁਕੀਆਂ ਜ਼ਾਹਰ ਚਾਲਾਂ ਉੱਤੇ ਤਕੜਾ ਪ੍ਰਹਾਰ ਹੈ। ਇਹ ਪੁਸਤਕ ਆਪਣੇ ਢੰਗ ਦੀ ਇਕ ਬੇਬਾਕ ਰਚਨਾ ਹੈ ਜੋ ਮਨੁੱਖੀ–ਮਨ ਦੀਆਂ ਪਰਤਾਂ ਖੋਲ੍ਹਦੀ ਹੈ ਅਤੇ ਉਹਨੂੰ ਗਿਆਨ ਦੀ ਰੋਸ਼ਨੀ ਨਾਲ ਮੁਨੱਵਰ ਕਰਦੀ ਹੈ।

ਇਸ ਪੁਸਤਕ ਦੇ ਦੋ ਭਾਗ ਹਨ, ਪਹਿਲੇ ਭਾਗ ਵਿਚ ਓਸ਼ੋ ਨੂੰ ਰਾਜਨੀਤੀ, ਧਰਮ ਅਤੇ ਮਨੁੱਖ ਦੇ ਆਤਮ–ਵਿਨਾਸ਼ ਬਾਰੇ ਪੁਛੇ ਗਏ ਸਵਾਲਾਂ ਦੇ ਵਿਸਥਾਰਿਤ ਜਵਾਬ ਦਰਜ ਹਨ ਅਤੇ ਦੂਜਾ ਭਾਗ ਇਹਨਾਂ ਹੀ ਵਿਸ਼ਿਆਂ ਉੱਤੇ ਖੋਜ–ਭਰਪੂਰ ਗੱਲ ਨੂੰ ਅਗਾਂਹ ਤੋਰਦਾ ਹੈ। ਓਸ਼ੋ ਦੀਆਂ ਦਲੀਲਾਂ ਵਿਚ ਅਨੰਤ ਗਹਿਰਾਈ, ਰਸ, ਵਿਦਵਤਾ, ਵਿਸ਼ੇ ਦੀ ਪਕੜ, ਕਟਾਖਸ਼ ਅਤੇ ਅਸੀਮ ਗਿਆਨ ਲੁਕਿਆ ਹੋਇਆ ਹੈ। ਬਹੁਤ ਥਾਈਂ ਰੌਚਕਤਾ ਪੈਦਾ ਕਰਨ ਲਈ ਉਹਨਾਂ ਨੇ ਪੁਰਾਤਨ ਕਥਾਵਾਂ, ਇਤਿਹਾਸਕ ਹਵਾਲੇ ਅਤੇ ਦੰਦ–ਕਥਾਵਾਂ ਦਾ ਸਹਾਰਾ ਵੀ ਲਿਆ ਹੈ। ਇਸ ਨਾਲ ਉਹਨਾਂ ਦੀ ਡੂੰਘੀ ਅਤੇ ਗੂੜ੍ਹੀ ਗੱਲ ਵੀ ਸਹਿਜਤਾ ਨਾਲ ਸਮਝ ਆ ਜਾਂਦੀ ਹੈ।

ਓਸ਼ੋ ਅਖੌਤੀ ਧਰਮਾਂ ਦੇ ਅਡੰਬਰਾਂ ਦਾ ਪਰਦਾਫਾਸ਼ ਕਰਦੇ ਹੋਏ ਆਖਦੇ ਹਨ–'ਮੈਂ ਕਿਸੇ ਦੇ ਖਿਲਾਫ ਨਹੀਂ ਹਾਂ–ਪਰ ਯਕੀਨਨ ਹੀ ਮੈਂ ਸੱਚ ਦੇ ਹੱਕ ਵਿਚ ਹਾਂ ਅਤੇ ਜੋ ਵੀ ਸੱਚ ਦੇ ਖਿਲਾਫ ਜਾਂਦਾ ਹੈ ਉਸ ਦੀ ਆਲੋਚਨਾ ਲਈ ਮੈਂ ਦ੍ਰਿੜ੍ਹ ਹਾਂ ਕਿਉਂਕਿ ਇਹ ਮੇਰਾ ਪਵਿੱਤਰ ਫਰਜ਼ ਹੈ।'

ਪੁਸਤਕ ਦੇ ਦੂਜੇ ਭਾਗ ਵਿਚ ਵੀ ਪਹਿਲੇ ਭਾਗ ਵਾਲੇ ਸਵਾਲਾਂ ਵਿਚਲੀ ਮੂਲ ਗੱਲ ਦੀ ਵਿਆਖਿਆ ਨੂੰ ਵਖ–ਵਖ ਅੱਠ ਸਿਰਲੇਖਾਂ ਤਹਿਤ ਅੱਗੇ ਤੋਰਿਆ ਗਿਆ ਹੈ। ਉਹਨਾਂ ਨੇ ਬੜੀ ਹੀ ਬਰੀਕੀ, ਗਹਿਰਾਈ ਅਤੇ ਨਾਲ ਹੀ ਨਾਲ ਸਹਿਜਤਾਪੂਰਵਕ ਇਹ ਸਮਝਾਇਆ ਹੈ ਕਿ ਸੱਤਾ, ਸਿਆਸਤਦਾਨ, ਪ੍ਰੋਹਿਤ ਦੇ ਤਾਣੇ–ਬਾਣੇ ਵਿਚ ਉਲਝ ਕੇ ਰਾਹ ਤੋਂ ਭਟਕੀ ਮਨੁੱਖਤਾ ਲਈ ਬਚਣ ਦਾ ਅਤੇ ਅਨੰਦ ਦੇ ਰਾਹ ਤੇ ਅੱਗੇ ਵਧਣ ਦਾ ਇਕੋ–ਇਕ ਢੰਗ ਆਪਣੇ ਹੀ ਅੰਦਰ ਵਲ ਮੁੜਨਾ ਹੈ। ਇਹੀ ਉਹੀ ਢੰਗ ਹੈ ਜੋ ਕਮਲ ਵਾਂਗ ਚਿੱਕੜ ਵਿਚੋਂ ਖਿੜ ਕੇ, ਪਾਣੀ ਵਿਚ ਰਹਿ ਕੇ ਵੀ ਅਣਛੋਹ ਰਹਿਣ ਵਾਂਗ ਸੰਸਾਰ ਵਿਚ ਰਹਿੰਦੇ ਹੋਏ ਇਸ ਦੀਆਂ ਮੈਲਾਂ ਤੋਂ ਨਿਰਲੇਪ ਰਹਿਣ ਦੀ ਜਾਂਚ ਸਿਖਾਉਂਦਾ ਹੈ।

ਸਮੁੱਚੇ ਤੌਰ 'ਤੇ ਓਸ਼ੋ ਦੇ ਪ੍ਰਵਚਨਾਂ 'ਤੇ ਅਧਾਰਤ ਇਹ ਪੁਸਤਕ ਅੱਜ ਦੀਆਂ ਮੁੱਖ ਸਮੱਸਿਆਵਾਂ ਦਾ ਹੱਲ ਮਨੁੱਖ ਨੂੰ ਉਸਦੀ ਆਪ–ਪਛਾਣ ਦੀ ਸੂਝ ਹਾਸਲ ਕਰਾਉਣ ਵਲ ਇਕ ਅਮੁੱਲੀ ਪ੍ਰੇਰਨਾ ਹੈ ਅਤੇ ਓਸ਼ੋ ਦੇ ਮਾਣਕ–ਮੋਤੀ ਰੂਪੀ ਵਿਚਾਰਾਂ ਦੀ ਖਾਣ ਹੈ।

ਪੰਡਤ, ਪ੍ਰੋਹਿਤ ਤੇ ਰਾਜਨੇਤਾ,
ਓਸ਼ੋ, ਪ੍ਰਕਾਸ਼ਕ : ਜ਼ੋਰਬਾ ਪਬਲੀਕੇਸ਼ਨਜ਼, ਲੁਧਿਆਣਾ
ਪੰਨੇ : 141, ਮੁੱਲ : 45 ਰੁਪਏ

ਮੈਂ ਮੌਤ ਸਿਖਾਉਂਦਾ ਹਾਂ

—ਓਸ਼ੋ

ਸਿਰਫ ਜ਼ਿੰਦਗੀ ਦੀ ਪੂਜਾ ਕਰਨ ਵਾਲੇ, ਸੁਖ–ਸਹੂਲਤਾਂ ਦੀ ਕਾਮਨਾ ਕਰਨ ਵਾਲੇ, ਮੌਤ ਨੂੰ ਜ਼ਿੰਦਗੀ ਦਾ ਦੁਸ਼ਮਣ ਸਮਝ ਕੇ ਉਸਦੇ ਵਿਰੋਧ ਵਿਚ ਬੋਲਦੇ ਹਨ ਅਤੇ ਜਿਥੋਂ ਤਕ ਸੰਭਵ ਹੋਵੇ ਮੌਤ ਨੂੰ ਆਪਣੇ–ਆਪ ਕੋਲੋਂ ਦੂਰ ਰਖਣ ਦੀ ਕੋਸ਼ਿਸ਼ ਕਰਦੇ ਹਨ। ਲੇਕਿਨ ਓਸ਼ੋ ਕਹਿੰਦੇ ਹਨ—'ਮੈਂ ਮੌਤ ਸਿਖਾਉਂਦਾ ਹਾਂ, ਪਰ ਇਸਦਾ ਇਹ ਮਤਲਬ ਨਹੀਂ ਕਿ ਮੈਂ ਜ਼ਿੰਦਗੀ ਦਾ ਵਿਰੋਧੀ ਹਾਂ।' ਓਸ਼ੋ ਦੇ ਲਈ ਜ਼ਿੰਦਗੀ ਅਤੇ ਮੌਤ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ, ਇਕ ਹੀ ਤਰਾਜੂ ਦੇ ਦੋ ਪਾਲਤੇ ਹਨ। ਮੌਤ ਦੇ ਭੈ ਤੋਂ ਡਰੇ ਹੋਏ ਲੋਕਾਂ ਨੇ ਜ਼ਿੰਦਗੀ ਦੇ ਪਾਲਤੇ ਵਿਚ ਭੱਜ–ਭੱਜ ਕੇ ਵੜਨ ਅਤੇ ਉਸੇ ਵਿਚ ਸਵਾਰ ਰਹਿਣ ਦੀ ਕੋਸ਼ਿਸ਼ ਨੂੰ ਆਪਣੇ ਜੀਵਨ ਦਾ ਟੀਚਾ ਬਣਾ ਲਿਆ ਹੈ ਜਿਸ ਕਾਰਨ ਜ਼ਿੰਦਗੀ ਦਾ ਪਾਲੜਾ ਭਾਰੀ ਹੋ ਗਿਆ ਅਤੇ ਸੰਤੁਲਨ ਵਿਗੜ ਗਿਆ।

ਮੌਤ ਤੋਂ ਬਚਣ ਲਈ ਮਨੁੱਖ ਨੇ ਕੀ–ਕੀ ਅਪਰਾਧ ਨਹੀਂ ਕੀਤੇ। ਆਪਣੇ–ਆਪ ਨੂੰ ਜਿਉਂਦੇ ਰਖਣ ਖ਼ਾਤਰ ਹੀ ਤਾਨਾਸ਼ਾਹਾਂ ਨੇ ਹਜ਼ਾਰਾਂ–ਲੱਖਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ, ਲੱਖਾਂ ਲੋਕਾਂ ਨੂੰ ਅਣਮਨੁੱਖੀ ਤਸੀਹੇ ਦਿਤੇ, ਲੇਕਿਨ ਆਪਣੇ–ਆਪ ਨੂੰ ਮੌਤ ਕੋਲੋਂ ਫਿਰ ਵੀ ਨਾ ਬਚਾ ਸਕੇ।

ਮੌਤ ਦੇ ਇਸੇ ਰਹੱਸ ਨੂੰ ਮਨੁੱਖ ਸਮਝ ਲਵੇ ਤਾਂ ਜ਼ਿੰਦਗੀ ਸੌਖੀ–ਸਹਿਜ ਹੋ ਜਾਵੇ। ਜ਼ਿੰਦਗੀ ਦੇ ਮੋਹ ਨਾਲ ਚੁੰਬੜਨਾ ਜੇਕਰ ਘਟ ਹੋ ਜਾਵੇ ਤਾਂ ਅਪਰਾਧ ਵੀ ਘਟ ਹੋਣ। ਜੇ ਤੁਸੀਂ ਮੌਤ ਦਾ ਰਹੱਸ ਜਾਣ ਲਵੋ ਤਾਂ ਤੁਸੀਂ ਵੀ ਉਸੇ ਅਵਸਥਾ ਵਿਚ ਹੋਵੋਗੇ ਜਿਥੇ ਸਿੱਧ ਲੋਕ ਹੁੰਦੇ ਹਨ। ਇਸਲਈ ਜਦ ਓਸ਼ੋ ਕਹਿੰਦੇ ਹਨ ਕਿ ਮੈਂ ਮੌਤ ਸਿਖਾਉਂਦਾ ਹਾਂ ਤਾਂ ਮੈਂ ਸਮਝਦਾ ਹਾਂ ਕਿ ਇਹੀ ਸੱਚਾ ਜੀਵਨ–ਦਰਸ਼ਨ ਹੈ। ਜੇ ਜ਼ਿੰਦਗੀ ਨੂੰ ਸਹਿਜ, ਅਨੰਦ, ਮੁਕਤੀ ਅਤੇ ਪ੍ਰੇਮ ਦੇ ਨਾਲ ਜੀਣਾ ਹੈ ਤਾਂ ਉਹਦੇ ਲਈ ਮੌਤ ਦਾ ਰਹੱਸ ਜਾਣਨਾ ਜ਼ਰੂਰੀ ਹੈ। ਇਹ ਪੁਸਤਕ ਤੁਹਾਨੂੰ ਜ਼ਿੰਦਗੀ ਅਤੇ ਮੌਤ ਦਾ ਰਹੱਸ ਸਮਝਾਉਣ ਲਈ ਓਸ਼ੋ ਦੀ ਇਕ ਲਾਸਾਨੀ ਰਚਨਾ ਹੈ।

ਮੈਂ ਮੌਤ ਸਿਖਾਉਂਦਾ ਹਾਂ,
ਓਸ਼ੋ, ਪ੍ਰਕਾਸ਼ਕ : ਜੇਰਬਾ ਪਬਲੀਕੇਸ਼ਨਜ਼, ਲੁਧਿਆਣਾ
ਮੁੱਲ : 200 ਰੁਪਏ

ਧਿਆਨ–ਯੋਗ

—ਓਸ਼ੋ

'ਧਿਆਨ–ਯੋਗ' ਓਸ਼ੋ ਦੀ ਇਕ ਅਜੇਹੀ ਸਦਾ–ਨਵੀਨ ਪੁਸਤਕ ਹੈ ਜੋ ਧਿਆਨ ਦੇ ਵਿਸ਼ੇ ਉੱਤੇ ਹੈ। ਧਿਆਨ ਦੀ ਜੋ ਪਰਿਭਾਸ਼ਾ ਓਸ਼ੋ ਨੇ ਦਿਤੀ ਹੈ ਉਹ ਰਵਾਇਤੀ ਪਰਿਭਾਸ਼ਾਵਾਂ ਨਾਲੋਂ ਵੱਖਰੀ ਹੈ। ਓਸ਼ੋ ਦੇ ਲਈ ਧਿਆਨ ਦਾ ਉਦੇਸ਼ ਹੈ ਅਤੀਤ ਨੂੰ ਮਿਟਾਉਣਾ ਅਤੇ ਭਵਿਖ ਨੂੰ ਵੀ। ਕਿਉਂਕਿ ਵਿਚਾਰਾਂ ਦੀ ਗਤੀ ਭਵਿੱਖ ਅਤੇ ਅਤੀਤ ਦੇ ਦਰਮਿਆਨ ਹੀ ਸੀਮਿਤ ਹੈ। ਇਸਲਈ ਧਿਆਨ ਦਾ ਮਤਲਬ ਦਿਮਾਗ ਨੂੰ ਵਿਚਾਰਾਂ ਤੋਂ ਵੀ ਮੁਕਤ ਕਰਨਾ ਹੈ। ਧਿਆਨ ਦਾ ਇਹੀ ਛਿਨ, ਧਿਆਨ ਦੀ ਇਹੀ ਅਵਸਥਾ ਓਸ਼ੋ ਦੇ ਮੁਤਾਬਕ ਨਿੱਤ–ਜੀਵਨ ਦਾ ਸਦੀਵੀਂ–ਨਵੀਨ ਛਿਨ ਹੈ ਜੋ ਕਦੇ ਪੁਰਾਣਾ ਨਹੀਂ ਹੁੰਦਾ।

ਧਿਆਨ–ਯੋਗ ਵਿਚ ਓਸ਼ੋ ਦੇ ਪੂਰੇ ਸਾਹਿੱਤ ਤੋਂ ਧਿਆਨ–ਵਿਧੀਆਂ ਅਤੇ ਸਾਧਨਾ–ਸਮੱਗ੍ਰੀ ਨੂੰ ਸੰਜੋਇਆ ਗਿਆ ਹੈ। ਓਸ਼ੋ ਦੀ ਸ਼ੈਲੀ ਦੀ ਖ਼ਾਸੀਅਤ ਇਹ ਹੈ ਕਿ ਉਹ ਜਟਲ ਤੋਂ ਜਟਲ ਵਿਸ਼ੇ ਨੂੰ ਵੀ ਸਰਸ ਅਤੇ ਮਨੋਰੰਜਕ ਤਰੀਕੇ ਨਾਲ ਪੇਸ਼ ਕਰ ਸਕਣ ਵਿਚ ਸਫਲ ਹੁੰਦੇ ਹਨ। ਧਿਆਨ ਦਾ ਮਨੋਵਿਗਿਆਨਕ ਮਹੱਤਵ, ਅੱਜ ਦੇ ਕਠਨ ਸੰਜਮ ਦੀ ਜ਼ਿੰਦਗੀ ਨੂੰ ਸਰਲ ਬਣਾਉਣ ਵਿਚ ਧਿਆਨ ਦੀ ਉਪਯੋਗਤਾ ਅਤੇ ਇਸ ਵਿਸ਼ੇ ਦੇ ਬਾਰੇ ਵਿਚ ਸਵਾਲਾਂ ਦੇ ਬਾਬਤ ਓਸ਼ੋ ਦੀ ਡੂੰਘੇ ਲੇਕਿਨ ਸਰਲ ਵਿਆਖਿਆ ਕਰਦੀ ਹੈ ਇਹ ਪੁਸਤਕ।

ਓਸ਼ੋ ਦੀਆਂ ਹੋਰਨਾਂ ਪੁਸਤਕਾਂ ਵਾਂਗ ਇਸ ਪੁਸਤਕ ਦਾ ਵੀ ਉਦੇਸ਼ ਲੋਕਾਂ ਦੇ ਮਨ ਵਿਚ ਉਹਨਾਂ ਦੀ ਜ਼ਿੰਦਗੀ ਬਾਬਤ ਜਿਗਿਆਸੂ ਤਾਂਘ ਪੈਦਾ ਕਰਨਾ ਅਤੇ ਫਿਰ ਉਹਨਾਂ ਨੂੰ ਆਪਣੀ ਜ਼ਿੰਦਗੀ ਵਿਚ ਉਤਰਨ ਲਈ ਪ੍ਰੇਰਤ ਕਰਨਾ ਹੈ।

ਧਿਆਨ ਯੋਗ
ਓਸ਼ੋ, ਪ੍ਰਕਾਸ਼ਕ : ਜ਼ੋਰਬਾ ਪਬਲੀਕੇਸ਼ਨਜ਼, ਲੁਧਿਆਣਾ
ਪੰਨੇ : 270, ਮੁੱਲ : 75 ਰੁਪਏ



ਓਸ਼ੋ ਦਾ ਸਹਿਤ ਵਰਤਮਾਨ ਯੁੱਗ ਦੀ ਜ਼ਰੂਰਤ ਹੈ,
ਇਸਨੂੰ ਇਕ-ਇਕ ਲਾਇਬਰੇਰੀ ਵਿਚ ਪਹੁੰਚਾਉਣ
ਦਾ ਜਤਨ ਹੋਣਾ ਚਾਹੀਦਾ ਹੈ।

—ਸਵਰਗੀ ਸ੍ਰੀ ਬੇਅੰਤ ਸਿੰਘ

(ਸਾਬਕਾ ਮੁੱਖ ਮੰਤਰੀ, ਪੰਜਾਬ)

ਅਜੀਤ - ੨੦ ਜਨਵਰੀ ੨੦੦5

ਬਰਸੀ 'ਤੇ ਵਿਸ਼ੇਸ਼

ਓਸ਼ੋ, ਇਕ ਮਹਾਨ ਦਾਰਸ਼ਨਿਕ

ਪ੍ਰੋ: ਹਰਜੀਤ ਸਿੰਘ

ਸੁਕਰਾਤ, ਪਲੈਟੋ ਅਤੇ ਅਰਸਤੂ ਵਾਂਗ ਓਸ਼ੋ ਵੀ ਦੁਨੀਆ ਦਾ ਇਕ ਮਹਾਨ ਦਾਰਸ਼ਨਿਕ ਸੀ। ਅਜਿਹੇ ਦਾਰਸ਼ਨਿਕ ਉਸ ਪ੍ਰਮਾਤਮਾ ਵੱਲੋਂ ਸਮੇਂ-ਸਮੇਂ 'ਤੇ ਇਸ ਦੁਨੀਆ 'ਤੇ ਛਾਏ ਭਰਮ-ਭੁਲੇਖੇ ਅਤੇ ਅੰਧਕਾਰ ਨੂੰ ਖ਼ਤਮ ਕਰਨ ਲਈ ਭੇਜੇ ਜਾਂਦੇ ਹਨ। ਅਜਿਹੀਆਂ ਰੂਹਾਂ ਜਿਥੇ ਜ਼ਿੰਦਗੀ ਦੀਆਂ ਗੰਭੀਰ ਚੁਣੌਤੀਆਂ ਨੂੰ ਸਵੀਕਾਰ ਕਰਦੀਆਂ ਹਨ ਉਥੇ ਮਨੁੱਖ ਜਾਤੀ ਨੂੰ ਦਰਪੇਸ਼ ਮੁਸ਼ਕਿਲਾਂ ਦਾ ਸਮਾਧਾਨ ਵੀ ਦਿੰਦੀਆਂ ਹਨ। ਓਸ਼ੋ ਦੇ ਆਗਮਨ ਨਾਲ ਇਕ ਨਵੇਂ ਮਨੁੱਖ ਦਾ, ਇਕ ਨਵੇਂ ਜਗਤ ਦਾ ਅਤੇ ਨਵੇਂ ਯੁੱਗ ਦਾ ਆਰੰਭ ਹੋਇਆ ਹੈ। ਓਸ਼ੋ ਖੁਦ ਆਪਣੇ-ਆਪ ਵਿਚ ਇਕ ਖ਼ੁਦਮੁਖ਼ਤਿਆਰ ਸੰਸਥਾ ਸਨ, ਜਿਸ ਨੇ ਸਾਫ਼-ਸੁਥਰੀ ਧਾਰਮਿਕਤਾ ਦੀ ਰਾਹ ਦੀ ਅਗਵਾਈ ਕੀਤੀ ਅਤੇ ਮਨੁੱਖ ਲਈ ਹਮੇਸ਼ਾ ਹੀ ਮਾਰਗ-ਦਰਸ਼ਨ ਦਾ ਕੰਮ ਕੀਤਾ।

ਇਸ ਮਹਾਨ ਵਿਦਰੋਹੀ ਆਤਮਾ ਦਾ ਜਨਮ ਮੱਧ ਪ੍ਰਦੇਸ਼ ਦੇ ਕੁਚਵਾੜਾ ਪਿੰਡ ਵਿਚ 11 ਦਸੰਬਰ 1931 ਨੂੰ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਂਅ ਰਜਨੀਸ਼ ਚੰਦਰ ਮੋਹਨ ਸੀ। ਜੀਵਨ ਦੇ ਮੁਢਲੇ ਸਾਲਾਂ ਵਿਚ ਹੀ ਆਪ ਇਕ ਨਿਡਰ ਅਤੇ ਸਵੈਤੰਤਰ ਸੋਚ ਅਤੇ ਸਿਧਾਂਤਾਂ ਦੇ ਮਾਲਕ ਸਨ। ਖ਼ਤਰਿਆਂ ਨਾਲ ਖੇਡਣ ਦੀ ਗੁੜ੍ਹਤੀ ਆਪ ਜੀ ਨੂੰ ਜਨਮ ਤੋਂ ਹੀ ਮਿਲੀ ਸੀ। ਇਕ ਸੌ ਫੁੱਟ ਉੱਚੇ ਪੁਲ ਤੋਂ ਛਾਲ ਮਾਰ ਕੇ ਠਾਠਾਂ ਮਾਰਦੀ ਨਦੀ ਨੂੰ ਤਰ ਕੇ ਪਾਰ ਕਰਨਾ ਆਪ ਲਈ ਇਕ ਸਾਧਾਰਨ ਜਿਹੀ ਖੇਡ ਸੀ। ਓਸ਼ੋ ਨੇ ਆਪਣੇ ਵਕਤ ਦੇ ਸੰਤ-ਮਹਾਤਮਾ, ਮੁੱਲਾਂ ਪਾਦਰੀਆਂ, ਪੰਡਿਤ ਪਰੋਹਿਤਾਂ ਦੀਆਂ ਮੂਰਖਤਾਵਾਂ ਅਤੇ ਪਖੰਡਤਾਂ ਦਾ ਪਰਦਾ ਫ਼ਾਸ਼ ਆਪਣੀ ਤੀਖਣ ਅਤੇ ਅਲੌਕਿਕ ਬੁੱਧੀ ਨਾਲ ਕੀਤਾ। ਮਾਨਵ ਜਾਤੀ ਨੂੰ ਇਨ੍ਹਾਂ ਪਾਖੰਡੀ ਸਾਧੂਆਂ ਦੀਆਂ ਮੰਦਬੁੱਧੀ ਧਾਰਨਾਵਾਂ ਤੋਂ ਨਿਜਾਤ ਦਿਵਾਈ।

'ਹੁਣ ਮੈਂ ਕਿਸੇ ਵੀ ਤਰ੍ਹਾਂ ਦੀ ਖੋਜ ਵਿਚ ਨਹੀਂ ਹਾਂ।' ਇਹ ਅਲਫ਼ਾਜ਼ ਓਸ਼ੋ ਨੇ ਉਸ ਵਕਤ ਕਹੇ ਜਦੋਂ 21 ਮਾਰਚ, 1953 ਨੂੰ ਲਗਭਗ 21 ਵਰ੍ਹੇ ਦੀ ਉਮਰ ਵਿਚ ਉਹ ਪਰਮ ਜਾਗਰਣ ਨੂੰ ਉਪਲਬਧ ਹੋਏ। ਉਹ ਕਹਿੰਦੇ ਸਨ ਕਿ ਅਸਤਿਤਵ ਨੇ ਮੇਰੇ ਲਈ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਆਪ ਉਨ੍ਹਾਂ ਦਿਨਾਂ ਵਿਚ ਜੱਬਲਪੁਰ ਦੇ ਇਕ ਕਾਲਜ ਵਿਚ ਫਿਲਾਸਫੀ ਦੇ ਵਿਦਿਆਰਥੀ ਸਨ। 1957 ਵਿਚ ਆਪ ਨੇ ਸਾਗਰ ਵਿਸ਼ਵ ਵਿਦਿਆਲੇ ਤੋਂ ਦਰਸ਼ਨ ਸ਼ਾਸਤਰ ਵਿਚ ਗੋਲਡ ਮੈਡਲ ਪ੍ਰਾਪਤ ਕਰਕੇ ਐਮ. ਏ. ਦੀ ਡਿਗਰੀ ਪ੍ਰਾਪਤ ਕੀਤੀ। ਇਸੇ ਹੀ ਵਿਸ਼ਵ ਵਿਦਿਆਲੇ ਵਿਚ ਆਪ ਦਰਸ਼ਨ ਸ਼ਾਸਤਰ ਦੇ ਅਧਿਆਪਕ ਵਜੋਂ ਕੰਮ ਕਰਨ ਲੱਗੇ। ਸਹਿਯੋਗੀ ਅਧਿਆਪਕਾਂ, ਦੋਸਤਾਂ-ਮਿੱਤਰਾਂ ਅਤੇ ਵਿਦਿਆਰਥੀਆਂ ਵਿਚ ਓਸ਼ੋ ਏਨੇ ਜ਼ਿਆਦਾ ਮਕਬੂਲ ਹੋਏ ਕਿ ਉਹ ਆਪ ਜੀ ਨੂੰ ਅਚਾਰੀਆ ਰਜਨੀਸ਼ ਕਹਿਣ ਲੱਗੇ।

ਬਚਪਨ ਤੋਂ ਹੀ ਆਪ ਜੀ ਨੂੰ ਘੁੰਮਣ ਦਾ ਬਹੁਤ ਸ਼ੌਕ ਸੀ। ਆਪਣੇ ਅਧਿਆਪਨ ਕਾਲ ਦੌਰਾਨ ਵੀ ਆਪ ਵੱਖ-ਵੱਖ ਥਾਵਾਂ 'ਤੇ ਪੂਰੇ ਭਾਰਤ ਵਿਚ ਘੁੰਮਦੇ ਰਹੇ। ਆਪ ਜੀ ਦੀਆਂ ਸਭਾਵਾਂ ਵਿਚ ਹਰ ਤਰ੍ਹਾਂ ਦੇ ਸਰੋਤੇ ਮੌਜੂਦ ਹੁੰਦੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਬੈਠੇ ਆਪਣੇ ਸ਼ਰਧਾਲੂਆਂ ਨੂੰ ਆਪਣੇ ਬੇਮਿਸਾਲ ਅਤੇ ਅਲੌਕਿਕ ਵਚਨਾਂ ਨਾਲ ਨਿਹਾਲ ਕਰਦੇ ਰਹੇ। ਆਪ ਨੇ ਪੂਰਨ ਭਾਰਤ ਵਿਚ ਇਕ ਅਧਿਆਤਮਿਕ ਜਾਗਰਣ ਦੀ ਸੁਗੰਧਤ ਲਹਿਰ ਫੈਲਾਅ ਦਿੱਤੀ ਸੀ।

ਕੁਦਰਤ ਵੱਲੋਂ ਬਖਸ਼ਿਆ ਇਹ ਅਨਮੋਲ ਖ਼ਜ਼ਾਨਾ, ਮਾਨਵਤਾ ਲਈ ਲੁਟਾਉਣ ਹਿਤ ਆਪ ਨੇ 1966 ਵਿਚ ਵਿਸ਼ਵਵਿਦਿਆਲੇ ਦੇ ਪ੍ਰਧਾਨ ਅਧਿਆਪਕ ਪਦ ਤੋਂ ਅਸਤੀਫ਼ਾ ਦੇ ਦਿੱਤਾ। ਇਸ ਤੋਂ ਬਾਅਦ ਪਰਮ ਭਗਵੱਤਾ ਦਾ ਖਜ਼ਾਨਾ ਵੰਡਣ ਲਈ ਅਤੇ ਮਨੁੱਖ ਦੀਆਂ ਜਨਮ ਜਨਮਾਂਤਰਾਂ ਦੀ ਅਗਿਆਨਤਾ ਨੂੰ ਨਸ਼ਟ ਕਰਨ ਵਿਚ ਜੁਟ ਗਏ।


ਓਸ਼ੋ 1970 ਵਿਚ ਬੰਬਈ ਆ ਗਏ। ਪੂਰਬ ਪੱਛਮ ਤੋਂ ਉਹ ਲੋਕ ਜਿਹੜੇ ਭੌਤਿਕ ਐਸ਼ਪ੍ਰਸਤੀ ਤੋਂ ਥੱਕ ਚੁੱਕੇ ਸਨ, ਸੱਚ ਦੀ ਖੋਜ ਵਿਚ ਆ ਕੇ ਓਸ਼ੋ ਨੂੰ ਮਿਲਣ ਲੱਗੇ। ਧਿਆਨ ਦੇ ਸਿਧਾਂਤ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਧਿਆਨ ਇਨਸਾਨ ਦੀ ਜੀਵਨ ਰੂਪੀ ਫੁਲਵਾੜੀ ਵਿਚ ਫੁੱਲਾਂ ਦੀ ਖੁਸ਼ਬੂ ਬਿਖੇਰੇਗਾ। 1970 ਦਾ ਇਹ ਉਹ ਵਰ੍ਹਾ ਸੀ, ਜਦੋਂ ਓਸ਼ੋ ਦੇ ਵਿਚਾਰ ਪੂਰੀ ਦੁਨੀਆ ਵਿਚ ਗੂੰਜਣ ਲੱਗ ਪਏ ਸਨ। ਹੁਣ ਅਚਾਰੀਆ ਰਜਨੀਸ਼ ਤੋਂ ਭਗਵਾਨ ਸ੍ਰੀ ਰਜਨੀਸ਼ ਦੇ ਤੌਰ 'ਤੇ ਜਾਣੇ ਜਾਣ ਲੱਗੇ।

ਰਜਨੀਸ਼ ਨੇ ਆਪਣੇ ਜੀਵਨ ਕਾਲ ਦੌਰਾਨ ਮਾਨਵ ਚੇਤਨਾ ਦੇ ਵਿਕਾਸ ਲਈ ਜ਼ਿੰਦਗੀ ਦੇ ਹਰ ਪੱਖ ਨੂੰ ਉਜਾਗਰ ਕੀਤਾ। ਜਿਥੇ ਸਮਾਜ ਵੱਲੋਂ ਵਰਜਿਤ ਵਿਸ਼ੇ, ਕਾਮਵਾਸਨਾ, ਸੰਭੋਗ ਆਦਿ ਨੂੰ ਛੂਹਿਆ, ਉਥੇ ਆਪ ਨੇ ਬੁੱਧ, ਮਹਾਂਵੀਰ, ਕ੍ਰਿਸ਼ਨ, ਮੀਰਾ ਬਾਈ, ਕਬੀਰ, ਨਾਰਦ, ਗੋਰਖ, ਨਾਨਕ, ਸ਼ਿਵ, ਮਲੂਕ ਦਾਸ, ਰਵਿਦਾਸ, ਦਰਿਦਾਸ, ਲਾਓਤਸ, ਯਾਰੀ, ਰਜਬ, ਜਗਜੀਵਨ, ਗੁਲਾਲ, ਸ਼ੰਕਰਾਚਾਰੀਆ, ਪਰਮਦਾਸ, ਸੁੰਦਰ ਦਾਸ, ਬਲਾਵਸਕੀ, ਅਸ਼ਟਾਵਕਰ, ਸਹਿਜੋ ਬਾਈ, ਦਾਇਆ ਬਾਈ ਅਤੇ ਉਪਨਿਸ਼ਦਾਂ ਆਦਿ ਉੱਪਰ ਵੀ ਹਜ਼ਾਰਾਂ ਦੇ ਕਰੀਬ ਪ੍ਰਵਚਨ ਕੀਤੇ। ਸਮਕਾਲੀ ਵਿਸ਼ਿਆਂ ਨੂੰ ਛੂੰਹਦੇ ਹੋਏ ਆਪ ਨੇ ਜੈਨ, ਹਸੀਦ, ਸੂਫ਼ੀ, ਜ਼ੈਨ, ਤਾਓ ਵਰਗੀਆਂ ਵੱਖ-ਵੱਖ ਪ੍ਰੰਪਰਾਵਾਂ ਦੇ ਗੁੜ੍ਹੇ ਭੇਦਾਂ ਨੂੰ ਵੀ ਖੋਲ੍ਹ ਕੇ ਮਾਨਵ ਜਾਤੀ ਲਈ ਬਿਆਨ ਕੀਤਾ।

ਆਪ ਸਰੀਰਕ ਤੌਰ 'ਤੇ ਬਿਮਾਰ ਹੋਣ ਉਪਰੰਤ 1981 ਦੀ ਸੁਹਾਵਣੀ ਰੁੱਤ ਵਿਚ ਅਚਾਨਕ ਮੌਨ ਵਿਚ ਚਲੇ ਗਏ। ਆਪ ਦੇ ਸ਼ਰਧਾਲੂਆਂ ਤੇ ਡਾਕਟਰਾਂ ਦੇ ਕਹਿਣ 'ਤੇ ਆਪ ਨੂੰ ਇਲਾਜ ਲਈ ਅਮਰੀਕਾ ਲਿਜਾਇਆ ਗਿਆ, ਪ੍ਰੰਤੂ 1985 ਵਿਚ ਅਮਰੀਕਾ ਸਰਕਾਰ ਨੇ ਉਨ੍ਹਾਂ ਖਿਲਾਫ਼ ਬਗੈਰ ਕਿਸੇ ਦੋਸ਼ ਤੋਂ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਅਤੇ ਆਪ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਹੱਥਾਂ-ਪੈਰਾਂ ਵਿਚ ਬੇੜੀਆਂ ਪਾ ਕੇ ਉਨ੍ਹਾਂ ਨੂੰ ਇਕ ਜੇਲ੍ਹ ਤੋਂ ਦੂਜੀ ਜੇਲ੍ਹ ਘੁਮਾਇਆ ਗਿਆ। ਉਸ ਵਕਤ ਦੀ ਸਰਕਾਰ ਨੇ ਜੇਲ੍ਹ ਵਿਚ ਆਪ ਨਾਲ ਬਹੁਤ ਹੀ ਮਾੜਾ ਸਲੂਕ ਕੀਤਾ ਅਤੇ ਇਹ ਵੀ ਦੋਸ਼ ਲਗਾਏ ਹਨ ਕਿ ਇਥੇ ਹੀ ਆਪ ਨੂੰ ਹੌਲੀ ਅਸਰ ਕਰਨ ਵਾਲੀ ਜ਼ਹਿਰ ਥੈਲੀਅਮ ਦਿੱਤੀ ਗਈ, ਜਿਸ ਨਾਲ ਆਪ ਦਾ ਸਰੀਰ ਦਿਨੋ-ਦਿਨ ਘਟਣਾ ਸ਼ੁਰੂ ਹੋ ਗਿਆ। ਅੰਤ 14 ਨਵੰਬਰ, 1985 ਨੂੰ ਅਮਰੀਕਾ ਛੱਡ ਕੇ ਮੁੜ ਭਾਰਤ ਪਹੁੰਚ

ਗਏ ਪਰ ਸਮੇਂ ਦੀ ਸਰਕਾਰ ਨੇ ਆਪ ਦੀ ਇਸ ਪਹੁੰਚ ਨੂੰ ਸਵੀਕਾਰ ਨਾ ਕੀਤਾ। ਮਜਬੂਰੀ ਵੱਸ ਓਸ਼ੋ ਨੂੰ ਨਿਪਾਲ ਜਾਣਾ ਪਿਆ ਪਰ ਉਥੇ ਵੀ ਸਰਕਾਰੀ ਦਬਾਅ ਕਾਰਨ ਬਹੁਤਾ ਸਮਾਂ ਨਾ ਰੁਕ ਸਕੇ। ਦੁਨੀਆ ਦਾ ਦੌਰਾ ਕਰਨ ਦਾ ਸੰਕਲਪ ਲੈ ਕੇ ਆਪ 1986 ਵਿਚ ਦੁਨੀਆ ਘੁੰਮਣ ਲਈ ਨਿਕਲ ਪਏ ਪਰ ਬਹੁਤ ਸਾਰੇ ਦੇਸ਼ਾਂ ਨੇ ਅਮਰੀਕਾ ਦੇ ਦਬਾਅ ਹੇਠ ਆ ਕੇ ਆਪ ਨੂੰ ਆਪੋ-ਆਪਣੇ ਮੁਲਕਾਂ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਨਾ ਦਿੱਤੀ, ਜਿਸ ਕਰਕੇ ਆਪ 1987 ਵਿਚ ਓਸ਼ੋ ਕਮਿਊਨ ਇੰਟਰਨੈਸ਼ਨਲ ਪੂਨੇ ਸਥਿਤ ਆਪਣੇ ਆਸ਼ਰਮ ਵਿਚ ਆ ਬਿਰਾਜੇ। 26 ਦਸੰਬਰ, 1988 ਨੂੰ ਓਸ਼ੋ ਨੇ ਆਪਣੇ ਨਾਮ ਅੱਗੋਂ 'ਭਗਵਾਨ' ਸ਼ਬਦ ਹਟਾ ਦਿੱਤਾ ਅਤੇ ਹੁਣ ਉਨ੍ਹਾਂ ਦੇ ਸ਼ਰਧਾਲੂ ਆਪ ਨੂੰ ਪਿਆਰ ਨਾਲ ਓਸ਼ੋ ਸ਼ਬਦ ਨਾਲ ਬੁਲਾਉਣ ਲੱਗੇ, ਜਿਸ ਦਾ ਅਰਥ ਸੀ ਵਿਦਰੋਹੀ ਆਤਮਾ।

ਥੈਲੀਅਮ ਜ਼ਹਿਰ ਦਿੱਤੇ ਜਾਣ ਕਰਕੇ ਆਪ ਦੀ ਸਰੀਰਕ ਸਮਰੱਥਾ ਦਿਨੋ-ਦਿਨ ਘਟਦੀ ਗਈ। ਆਪ ਬਿਮਾਰ ਰਹਿਣ ਲੱਗੇ। ਅੰਤ ਇਹ ਮਹਾਨ ਆਤਮਾ 19 ਜਨਵਰੀ, 1990 ਨੂੰ ਸ਼ਾਮ ਦੇ 5 ਵਜੇ ਦੇ ਕਰੀਬ ਹਮੇਸ਼ਾ-ਹਮੇਸ਼ਾ ਦੇ ਲਈ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ ਅਤੇ ਇਹ ਬੂੰਦ ਸਦਾ ਲਈ ਅਸੀਮ ਦੇ ਸਾਗਰ ਵਿਚ ਅਭੇਦ ਹੋ ਗਈ।



ਉਨ੍ਹਾਂ ਦੇ ਪ੍ਰਵਚਨਾਂ ਦੀਆਂ 650 ਤੋਂ ਵੱਧ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਜਿਨ੍ਹਾਂ ਦਾ ਅਨੁਵਾਦ ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਹੋ ਚੁੱਕਾ ਹੈ। ਓਸ਼ੋ ਦੁਆਰਾ ਬਖਸ਼ਿਆ ਇਹ ਵਡਮੁੱਲਾ ਅਤੇ ਬੇਮਿਸਾਲ ਖਜ਼ਾਨਾ ਸਦੀਆਂ ਤੱਕ ਮਨੁੱਖ ਜਾਤੀ ਦੀ ਚੇਤਨਾ ਦਾ ਵਿਕਾਸ ਕਰਦਾ ਰਹੇਗਾ ਅਤੇ ਮਨੁੱਖ ਨੂੰ ਰੂਪਾਂਤਰਣ ਦਾ ਵਿਗਿਆਨ ਵੀ ਸਿਖਾਉਂਦਾ ਰਹੇਗਾ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,
[illegible] (ਲੁਧਿਆਣਾ)।